
ਦਸ ਪਾਤਸ਼ਾਹੀਆਂ ਦੇ ਜੀਵਨ ਸਬੰਧੀ

ਬਵਿੰਜਾ ਲੈਕਚਰ



ਗਿਆਨੀ ਸਰਦੂਲ ਸਿੰਘ

Relating Lives of Ten Gurus
Fiftytwo Lectures (Bawinja Lecture)
by
Giani Sardool Singh

ISBN : 81-7601-264-5

ਦੂਜੀ ਵਾਰ 1999

ਭੇਟਾ : 125-00

ਭਾ: ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। (ਇੰਡੀਆ)

ਫੋਨ : (0183) 542346, 547974, 557973.

ਫੈਕਸ : (0183) 542346

E-mail : csjs@del3.vsnl.net.in

ਛਾਪਕ : ਜੀਵਨ ਪ੍ਰਿੰਟਰਜ਼, ਬਜ਼ਾਰ ਧੋਬੀਆਂ, ਅੰਮ੍ਰਿਤਸਰ। ਫੋਨ : 543478

ੴ ਸਤਿਗੁਰ ਪ੍ਰਸਾਦਿ॥

ਤਤਕਰਾ

ਸ੍ਰੀ ਗੁਰੂ ਨਾਨਕ ਦੇਵ ਜੀ

ਸ੍ਰੀ ਗੁਰੂ ਅੰਗਦ ਦੇਵ ਜੀ

ਸ੍ਰੀ ਗੁਰੂ ਅਮਰ ਦਾਸ ਜੀ

ਸ੍ਰੀ ਗੁਰੂ ਰਾਮਦਾਸ ਜੀ

ਸ੍ਰੀ ਗੁਰੂ ਅਰਜਨ ਦੇਵ ਜੀ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਖਾਲਸਾ ਧਰਮ

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦਾ ਕਾਰਨ

ਦੋਹਰਾ–

ਸ੍ਰੀ ਗੁਰੂ ਨਾਨਕ ਜਗਤ ਗੁਰੂ ਨਰ ਤਨ ਧਰ ਧਰ ਮਾਂਹਿ ॥
ਤਾਰਯੋ ਜਗ ਹਰਿ ਨਾਮ ਦੇ ਕਰ ਜੁਰ ਬੰਦਹੁ ਤਾਹਿ ॥ ੧ ॥

(੧) ਸੰਗਤ ਜੀ! ਸਤਿਯੁਗ ਤਰੇਤਾ ਦ੍ਵਾਪਰ ਜਦ ਏਹ ਤੀਨੋ ਜੁਗ ਬੀਤੇ, ਅਰ ਚੌਥਾ ਕਲਿਯੁਗ ਦਾ ਪਹਿਰਾ ਆਇਆ, ਤਾਂ ਧਰਮ ਲੋਪ ਹੋਯਾ, ਅਰ ਅਧਰਮ ਦਾ ਪਰਕਾਸ਼ ਹੋਯਾ, ਜੈਸੇ ਅਮਾਵਸ ਦੀ ਸੰਧਯਾ ਸਮੇਂ ਸੂਰਜ ਦਾ ਪ੍ਰਕਾਸ਼ ਘਟਦਾ ਅਰ ਰਾਤ ਦਾ ਅੰਧੇਰ ਪਸਰਦਾ ਹੈ। ਰਾਜਾ ਜੋ ਪਰਜਾ ਦੇ ਤਨ ਅਰ ਧਰਮ ਦੇ ਰਖਿਆਕ, ਚੋਰੀ ਯਾਰੀ ਜੁਆਰੀ ਦੁਰਾਚਾਰੀ, ਬੁਰਿਆਈ ਦੇ ਬਾਧਕ; ਅਰ ਸਚਿਆਰੀ ਸੁਭਾਚਾਰੀ ਦੇ ਸਾਧਕ ਹੁੰਦੇ ਹਨ ਸੋ ਕਲਹ ਦੀ ਕਾਤੀ (ਛੁਰੀ) ਫੜਕੇ ਨੀਤੀ ਦੇ ਵਿਰੁਧ ਪਰਜਾ ਦੇ ਤਨ ਧਨ ਦੇ ਹਿਰਨ ਲੇਵਾ ਕਸਾਈ ਸਮਾਨ ਕਠੋਰ ਚਿਤ ਹੋ ਗਏ। *ਈਸ਼ਰ ਉਪਾਸ਼ਨਾ ਭਜਨ ਸਿਮਰਨ ਦਇਆ ਉਪਕਾਰ ਰੂਪ ਧਰਮ ਧਰਤੀ ਉਤੋਂ ਪੰਛੀ ਦੀ ਤਰਾਂ ਖੰਭ ਲਗਾਕੇ ਉਡ ਗਿਆ, ਅਰ ਸਰਬ ਦੁਖਾਂ ਦੇ ਸਾਗਰ ਅਗਿਆਨ ਅਰ ਸਰਬ ਪਾਪਾਂ ਦੀ ਖਾਨ ਝੂਠ ਨੇ ਘੋਰ ਅੰਧੇਰੇ ਦੇ ਸਮਾਨ ਸਾਰੇ ਸੰਸਾਰ ਨੂੰ ਛਾਇ ਲਿਆ, ਅਰ ਧਰਮ ਦਾ ਮੂਲ ਸੱਚ ਅਮਾਵਸ ਦਾ ਚੰਦ੍ਰਮਾਂ ਬਣਕੇ ਅਜਿਹਾ ਲੋਪ ਹੋਯਾ ਜੋ ਯਤਨ ਕਰਕੇ ਢੂੰਡਿਆਂ ਭੀ ਦਿਖਾਈ ਨਹੀਂ ਦਿੰਦਾ ਸੀ। ਅਗਿਆਨ ਅਰ

---

*ਗੁਰੂ ਨਾਨਕ ਜੀ ਕੇ ਸਮਯ ਸੇ ਪਹਿਲੇ ਅਨਯਾਈ ਰਾਜਾ ਵਾ ਪਾਤਸ਼ਾਹ–੧ ਮਹਿਮੂਦ ਗਜ਼ਨਵੀ, ੨ ਰੁਕਨ ਦੀਨ, ਫੀਰੋਜ਼ਸ਼ਾਹ, ੩ ਅਲਾਉਦੀਨ ਮਸਊਦਸ਼ਾਹ, ੪ ਕੁਤਬ ਦੀਨ ਮੁਬਾਰਕ ਸ਼ਾਹ, ੫ ਸਿਕੰਦਰ ਲੋਧੀ, ੬ ਮੁਹੰਮਦ ਸ਼ਾਹ ਅਬਦਾਲੀ ਤੇ ਔਰੰਗਜ਼ੇਬ ਆਦਿ ਜਾਣਨੇ।

ਕੂੜ ਨੇ ਵਰਖਾ ਰਿਤੂ ਦੇ ਜਲ ਵਾਂਗ ਬੁੱਧੀ ਰੂਪੀ ਧਰਤੀ ਪੁਰ ਖਿਲਰਕੇ ਈਸ਼ਰ ਮਿਲਾਪ ਦੇ ਮਾਰਗ ਛਪਾਇ ਲਏ, ਜਿਸ ਕਰਕੇ ਜਗਿਆਸੂਆਂ ਦੀ ਬੁੱਧੀ ਭਰਮ ਵਿਖੇ ਪੈਕੇ ਵਿਆਕੁਲ ਹੋਈ ਰਹੀ।

ਯਥਾ ਸ੍ਰੀ ਮੁਖ ਵਾਕ–

'ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥
ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥ ਵਿਚਿ
ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥"

[ਵਾਰ ਮਾਝ ਕੀ ਸਲੋਕ ਸੋਲਵਾਂ

(੨) ਸਤੀ, ਸਤਯਵਾਦੀ, ਦਾਤਾਰ ਝੂਠ ਬੋਲਕੇ ਕਪਟ ਕਰਕੇ ਪਾਪ ਨਾਲ ਧਨ ਸੰਚਣ ਅਰ ਲੋਕਾਂ ਵਿਚ ਦਿਖਾਵੇ ਦਾ ਧਰਮ ਕਰਨ ਲਗੇ। ਸਤਯ ਉਪਦੇਸ਼ਕ ਗੁਰੂ ਧਨ ਦੇ ਲੋਭੀ ਹੋਏ, ਸਿਖਾਂ ਦੇ ਘਰ ਤੁਰਕੇ ਦੀਖਿਆ ਦੇਣ ਲਗੇ। ਇਸਤਰੀ ਭਰਤਾ ਦੀ ਪ੍ਰੀਤ ਕੇਵਲ ਧਨ ਕਮਾਇ ਲਿਆਉਣ ਦੀ ਹੋ ਗਈ, ਜੇ ਖਟਕੇ ਨਾ ਲਿਆਵੇ ਤਾਂ ਆਵੇ ਭਾਵੇਂ ਨਾ ਆਵੇ, ਇਸਤਰੀ ਪਤੀ ਜਾਨਕੇ ਸੇਵਾ ਨਹੀਂ ਕਰਦੀ ਸੀ। ਵੇਦ ਸ਼ਾਸਤ੍ਰਾਂ ਦੇ ਉਪਦੇਸ਼ ਲੋਕ ਆਪਣੇ ਪ੍ਰਯੋਜਨ ਦੇ ਮੰਨਣ ਲਗੇ। ਕਾਜੀ ਤਸਬੀ ਫੇਰਦੇ ਅੱਲਾ ਖੁਦਾ ਦਾ ਨਾਮ ਲੈਂਦੇ ਪਰ ਵਢੀ ਲੈਕੇ ਆਪਣੇ ਧਰਮ ਨੂੰ ਨਾਸ ਕਰਨ ਵੇਲੇ ਪਰਮੇਸ਼ਰ ਦਾ ਭਯ ਨਹੀਂ ਰਖਦੇ ਸੀ। ਹਿੰਦੂ ਵੇਦ ਮੰਤ੍ਰਾਂ ਨੂੰ ਛਡਕੇ ਮੁਸਲਮਾਨਾਂ ਦੀਆਂ ਕਲਾਮਾਂ ਦੇ ਝਾੜੇ ਅਰ ਤਵੀਜ ਗਲ ਪਾਉਣ ਲਗੇ, ਅਰ ਦੇਵੀ ਦੇਵਤਾ ਆਪਣੇ ਇਸ਼ਟ ਨੂੰ ਤਿਆਗ ਕੇ ਗੋਰਾਂ ਮੜ੍ਹੀਆਂ ਨੂੰ ਮੰਨਦੇ ਅਰ ਸਰਵਰ ਸੁਲਤਾਨ ਆਦਿ ਪੀਰਾਂ ਦੀਆਂ ਯਾਤ੍ਰਾ ਕਰਦੇ, ਅਰ ਵੈਸ਼ਨਵ ਸ਼ੈਵ ਆਦਿ ਧਰਮ ਨੂੰ ਤਜਕੇ ਸ਼ੰਮਸੀ ਹੋ ਗਏ, ਜੋ ਨਾ ਹਿੰਦੂ ਰਹੇ ਅਰ ਨਾ ਮੁਸਲਮਾਨ ਬਣੇ। ਚੁਗਲੀਆਂ ਕਰਨੀਆਂ ਅਰ ਲੋਕਾਂ ਨੂੰ ਲੁਟਾਉਣਾ ਇਤਿ ਆਦਿ ਪਾਪ ਕਰਮ ਕਰਨ ਲਗੇ, ਹਿੰਦੂ ਪਵਿਤ੍ਰਤਾ, ਸੁਚਮਤਾਈ ਛਡ ਬੈਠੇ। ਸਾਧੂਆਂ ਦਾ ਨਿਰਾ ਜਟਾਂ ਬਿਭੂਤ ਦਾ ਚਿੰਨ੍ਹ ਰਹਿ ਗਿਆ, ਹੋਰ ਸਾਧਨਾਂ ਕੋਈ ਨਾ ਰਹੀ, ਪੁਤ੍ਰ ਇਸਤ੍ਰੀ ਧਨ ਬਿਵਹਾਰ ਗ੍ਰਿਹਸਤੀਆਂ ਨਾਲੋਂ ਵਧੀਕ ਹੋ ਗਏ। ਵਰਨ ਆਸ਼ਰਮ ਆਪੋ ਆਪਣੇ ਤਯਾਗ ਕੇ ਭ੍ਰਿਸ਼ਟ ਹੋਏ ਇਕ ਅਕਾਲ ਪੁਰਖ ਦੀ ਉਪਾਸ਼ਨਾ ਧਰਮ ਤੇ ਬਹੁਤੇ ਦੇਵੀ ਦੇਵਤੇ ਮੰਨਣ ਪੂਜਣ ਲਗੇ। ਨਾ ਕੋਈ ਕਿਸੇ ਨੂੰ ਮਨਮਤ ਤੋਂ ਵਰਜਣ ਵਾਲਾ ਰਿਹਾ, ਅਰ ਨਾ ਕੋਈ ਕਿਸੇ ਦੀ ਮੰਨਣ ਵਾਲਾ। ਪਤ ਪਿਤਾ ਦੀ, ਸਿਖ ਗੁਰੂ ਦੀ, ਇਸਤ੍ਰੀ ਭਰਤਾ ਦੀ ਆਗਿਆ ਮੰਨਣੋ ਰਹਿ ਗਈ; ਆਪੋ ਆਪਣੀ ਮਨ ਦੀ ਇਛਾ ਪਰ ਚਲਨੇ ਲਗੇ। ਕੋਈ ਪਾਖਾਣ ਪੂਜਣ ਲਗੇ, ਕੋਈ ਗੋਰਾਂ ਮੜ੍ਹੀਆਂ

ਬਿਰਛ ਟੋਭੜੀਆਂ ਕੋਈ ਜੇਨੂੰ ਮੰਤ੍ਰ ਧਾਗੇ ਝਾੜੇ ਭੂਤ ਪ੍ਰੇਤ ਪੀਰ ਪੈਗੰਬਰ, ਅਰ ਕੋਈ ਚੰਦ੍ਰਮਾਂ ਸੂਰਜ ਕਾਲੀ ਭੈਰਉ ਸੀਤਲਾ ਗਣੇਸ਼ ਨੌਂ ਗਰੈਹ ਪੌਣ ਪਾਣੀ ਖੂਹ ਦਰਯਾ ਸੱਪਾਂ ਨੂੰ ਮੰਨਦੇ, ਅਰ ਅਗਨੀ ਵਿਚ ਹੋਮ ਕਰਦੇ, ਧਰਮ ਰਾਜ ਯਮਰਾਜ ਦੇ ਵਰਤ ਰਖਦੇ, ਅਰ ਦੀਵੇ ਜਗਾਉਂਦੇ ਗੁਗੇ ਮਨਾਉਂਦੇ ਹੋਏ ਪ੍ਰਲੋਕ ਦੀ ਸਹਾਇਤਾ ਮੰਗਣ ਲਗੇ, ਮੈਤ੍ਰੀ ਭਾਵ ਦੂਰ ਹੋ ਗਿਆ, ਸਨਯਾਸੀਆਂ ਵਿਚ ਦਸ ਭੇਦ, ਜੋਗੀਆਂ ਦੇ ਬਾਰਾਂ ਪੰਥ, ਬੈਰਾਗੀਆਂ ਦੇ ਬੀ ਵੈਸ਼ਨਵ, ਸ਼ੈਵ ਅਰ ਚਾਰ ਸੰਪਰਦਾਵਾਂ ਭੇਦ ਬ੍ਰਾਹਮਣਾਂ ਵਿਚ ਵੀ ਵਾਦ ਵਿਵਾਦ ਉਠ ਖੜੋਤੇ, ਖਟ ਦਰਸ਼ਨਾ ਵਿਚ ਚਰਚਾ ਹੋਣ ਲਗੀਆਂ ਤਾਂ ਇਨ੍ਹਾਂ ਸਭਨਾਂ ਮਤਾਂ ਦੇ ਵਿਰੁਧ ਮੁਹੰਮਦੀ ਮਤ ਪ੍ਰਚਲਤ ਹੋਇਆ, ਜਿਨਾਂ ਨੇ ਠਾਕਰ ਦ੍ਵਾਰਿਆਂ ਦੇ ਵਿਰੁੱਧ ਮਸੀਤਾਂ ਅਰ ਵੇਦਾਂ ਦੇ ਵਿਰੁਧ ਕੁਰਾਨ, ਐਸੇ ਹੀ ਰੋਜੇ ਨਿਮਾਜਾਂ ਈਦ ਬਕਰੀਦ ਸੁੰਨਤ ਆਦਿ ਚਲਾਕੇ ਗਊ ਗਰੀਬ ਦੇ ਘਾਤ ਕੀਤੇ । ਅੰਤ ਨੂੰ ਇਨਾਂ ਦੇ ਵੀ ੭੨ ਫਿਰਕੇ ਹੋ ਗਏ,

ਯਥਾ ਸ੍ਰੀ ਮੁਖਵਾਕ:-

ਸਤੀ ਪਾਪੁ ਕਰਿ ਸਤੁ ਕਮਾਹਿ ॥ ਗੁਰ ਦੀਖਿਆ ਘਰਿ
ਦੇਵਣ ਜਾਹਿ ॥ ਇਸਤਰੀ ਪੁਰਖੈ ਖਟਿਐ ਭਾਉ ॥
ਭਾਵੈ ਆਵਉ ਭਾਵੈ ਜਾਉ ॥ ਸਾਸਤੁ ਬੇਦੁ ਨ ਮਾਨੈ ਕੋਇ ॥
ਆਪੋ ਆਪੈ ਪੂਜਾ ਹੋਇ ॥ ਕਾਜੀ ਹੋਇਕੈ ਬਹੈ ਨਿਆਇ ॥
ਫੇਰੇ ਤਸਬੀ ਕਰੇ ਖੁਦਾਇ ॥ ਵਢੀ ਲੈਕੇ ਹਕੁ ਗਵਾਏ ॥
ਜੇਕੋ ਪੁਛੈ ਤਾ ਪੜ ਸੁਣਾਏ ॥ ਤੁਰਕ ਮੰਤ੍ਰ ਕੰਨਿ ਰਿਦੈ ਸਮਾਹਿ ॥
ਲੋਕ ਮੁਹਾਵਹਿ ਚਾੜੀ ਖਾਹਿ ॥ ਚਉਕਾ ਦੇਕੈ ਸੁਚਾ ਹੋਇ ॥
ਐਸਾ ਹਿੰਦੂ ਵੇਖਹੁ ਕੋਇ ॥ ਜੋਗੀ ਗਿਰਹੀ ਜਟਾ ਬਿਭੂਤ ॥
ਆਗੈ ਪਾਛੈ ਰੋਵਹਿ ਪੂਤ ॥ ਜੋਗੁ ਨ ਪਾਇਆ ਜੁਗਤਿ
ਗਵਾਈ ॥ ਕਿਤੁ ਕਾਰਣਿ ਸਿਰਿ ਛਾਈ ਪਾਈ ॥ ਇਤਯਾਦਿ ॥

[੧ ਵਾਰ ਰਾਮਕਲੀ ਸਲੋਕ ਯਾਰਵਾਂ

ਪੁਨਾ: (ਵਾਰ ੧ ਪੌੜੀ ੧੯ ਸੇ ੨੩ ਤਕ ਭਾਈ ਗੁਰਦਾਸ ਜੀ)

ਜਿਧਰ ਕਿਧਰ ਵਾਦ ਵਿਰੋਧ ਝਗੜੇ ਵਧ ਗਏ, ਇਕ ਦੂਸਰਾ ਇਕ ਦੂਸਰੇ ਦੇ ਮਤ ਦਾ ਖੰਡਨ ਅਰ ਨਿੰਦਾ ਕਰਨ ਲਗਾ, ਕਈ ਨਾਸਤਕ ਅਰ ਸਤਯਾ ਦੇ ਵਿਰੋਧੀ ਹੋਏ ਹਠ ਵਧ ਗਿਆ, ਸ਼ਰਧਾ ਭਗਤੀ ਨਿੰਮ੍ਰਤਾ ਨਾਮ ਜਪਨਾ ਉਪਾਸ਼ਨਾ ਸੰਤ ਸੇਵਾ ਉਪਕਾਰ ਦਾ ਤ੍ਰਿਸਕਾਰ ਹੋ ਗਿਆ, ਤਦ ਕੁਕ੍ਰਿਤ ਕਰਮੀਆਂ ਦਈਤਾਂ ਦੇ ਦੁਖਾਏ ਹੋਏ, ਸਤਯ ਕਰਮੀ ਸੁਸ਼ੀਲ ਸੁਭਾਵ ਦੇਵਤਾ

ਇਕ ਮਨ ਹੋ ਕੇ ਵਿਸਪਾਲ ਦੀਨਦਯਾਲ ਅਕਾਲ ਪੁਰਖ ਪਰਮੇਸ਼ਰ ਦੇ ਅਗੇ ਪੁਕਾਰੇ। ਇਨ੍ਹਾਂ ਦੀ ਦੁਖ ਭਰੀ ਪੁਕਾਰ ਸੁਣਕੇ ਦਯਾ ਸਿੰਧੁ ਦ੍ਰਵੇ, ਉਸ ਦ੍ਰਵਣ ਤੇ ਨਾਮ ਨਿੰਮ੍ਰਤਾ ਦਯਾ ਉਪਕਾਰ ਜੋਤ ਮਯ ਇਕ ਸਰੂਪ ਬਣ ਗਿਆ, ਜੈਸੇ ਸਮੁੰਦ੍ਰ ਤੇ ਮੋਤੀ ਉਪਜਦਾ ਹੈ, ਜੈਸੇ ਬ੍ਰਹਸਪਤ ਜੀ ਤੇ ਰੁਦ੍ਰ ਉਪਜੇ ਸੇ।

ਜੋਤ ਰੂਪ ਹਰਿ ਆਪਿ ਗੁਰੂ ਨਾਨਕ ਕਹਾਇਅਉ ॥

[ਸਵੱਯੇ ਮ: ਪੰਜਵੇਂ ਕੇ

ਸਰਬ ਸ਼ਕਤਿਮਾਨ ਨੇ ਆਪਣੀ ਸ਼ਕਤੀ ਅਰ ਪੂਰਬੋਕਤ ਨਿੰਮ੍ਰਤਾ ਆਦਿਕਾਂ ਨਾਲ ਭਰਪੂਰ ਕਰਕੇ ਤਿਸ ਨੂੰ ਇਹ ਗੁਰੂ ਪਦਵੀ ਦੇਕੇ ਸੰਸਾਰ ਵਿਚ ਭੇਜਿਆ।

ਯਥਾ ਭਾਈ ਗੁਰਦਾਸ ਜੀ ਲਿਖਦੇ ਹਨ:-

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁਨਾਨਕ ਜਗਮਾਹਿ ਪਠਾਇਆ।
ਚਰਨ ਧੋਇ ਰਹਿਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ।
ਪਾਰਬ੍ਰਹਮੁ ਪੂਰਨ ਬ੍ਰਹਮੁ ਕਲਿਜੁਗਿ ਅੰਦਰਿ ਇਕੁ ਦਿਖਾਇਆ।
ਚਾਰੇ ਪੈਰ ਧਰੱਮ ਦੇ ਚਾਰਿ ਵਰਨਿ ਇਕੁ ਵਰਨੁ ਕਰਾਇਆ।
ਰਾਣਾ ਰੰਕੁ ਬਰਾਬਰੀ ਪੈਰੀ ਪਾਵਣਾ ਜਗਿ ਵਰਤਾਇਆ।
ਉਲਟਾ ਖੇਲੁ ਪਿਰੰਮ ਦਾ ਪੈਰਾ ਉਪਰਿ ਸੀਸੁ ਨਿਵਾਇਆ।
ਕਲਿਜੁਗ ਬਾਬੇ ਤਾਰਿਆ ਸਤਿਨਾਮ ਪੜਿ ਮੰਤ੍ਰ ਸੁਣਾਇਆ।
ਕਲਿ ਤਾਰਣਿ ਗੁਰੁ ਨਾਨਕੁ ਆਇਆ। [੨੩ ਪੌੜੀ ਵਾਰ ੧

ਇਨ੍ਹਾਂ ਨੇ ਆਪਣੀ ਬਹੁਤ ਛੋਟੀ ਅਵਸਥਾ ਦੇ ਉਪਦੇਸ਼ਾਂ ਅਰ ਅਚੰਭਿਆਂ ਨਾਲ ਸਾਬਤ ਕਰ ਦਿਖਾਯਾ ਜੋ ਅਸੀਂ ਕਰਤਾਰ ਦੇ ਭੇਜੇ ਹੋਏ ਸੱਚੇ ਗੁਰੂ ਹਾਂ ਅਰ ਸਾਡੇ ਉਪਦੇਸ਼ ਸਾਰੇ ਸੰਸਾਰ ਦੇ ਉਧਾਰ ਵਾਸਤੇ ਅਰ ਸਭ ਦੇ ਸਾਂਝੇ ਹਨ, ਜੇਹਾ ਕੁ ਈਸ਼੍ਵਰੀ ਪਦਾਰਥ ਸੂਰਜ ਦੀ ਧੁਪ ਅਰ ਪ੍ਰਕਾਸ਼, ਚੰਦ੍ਰਮਾਂ ਦੀਆਂ ਕਿਰਨਾਂ ਦਾ ਅੰਮ੍ਰਿਤ ਅਰ ਵਿਕਾਸ਼, ਅਕਾਸ਼ ਤਾਂ ਪੁਲਾੜ ਅਰ ਤਿਸਦਾ ਅਵਿਕਾਸ਼ ਪਉਣ ਦਾ ਵਗਣਾ ਅਰ ਸਾਸ ਅਗਨ ਦੀ ਉਸਨਤਾ ਉਜਾਲਾ ਅਰ ਸਰੀਰਾਂ ਵਿਚ ਨਿਵਾਸ ਬਨਸਪਤੀ ਦੀ ਲਹਿਲਹਾਉਂਦੀ ਹਰਿਆਉਲ ਪਤ ਪੁਸ਼ਪ ਅਰ ਘਾਸ, ਜਲ ਪੌਣ, ਧਰਤੀ ਵਰਖਾ ਸਰਦੀ ਗਰਮੀ ਸਰਬ ਜੀਵਾਂ ਦੇ ਸਾਂਝੇ ਹਨ ਐਸੇ ਹੀ ਗੁਰ ਉਪਦੇਸ਼ ਸਭ ਦੇ ਸਾਂਝੇ ਅਰ ਵਿਸਵਾਸ ਦੇ ਯੋਗ ਹਨ।

ਯਥਾ:-

੧ ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ ਜਪੁ ॥ ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

ਇਹ ਵਿਚ ਕੌਣ ਹੈ ਜੋ ਵਿਰੁਧ ਜਾਣੇ ਅਥਵਾ ਕੁਛ ਬੋਲੇ।

ਪੁਨਾ:-

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥ ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥

[ਵਾਰ ਮਾਝ

ਸਤਿਗੁਰੂ ਨੇ ਹਿੰਦੂਆਂ ਨੂੰ ਗੰਗਾ ਗਿਆ ਪ੍ਰਯਾਗ ਕੁਰਖੇਤ੍ਰ ਬਨਾਰਸ ਜਗਨ ਨਾਥ ਮਥਰਾ ਬਿੰਦ੍ਰਾਬਨ ਅਜੁਧਯਾ ਰਾਮੇਸ਼ਵਰ ਆਦਿ ਤੀਰਥਾਂ ਵਿਚ ਅਰ ਮੁਸਲਮਾਨਾਂ ਨੂੰ ਮੱਕੇ ਮਦੀਨੇ, ਅਰਬ ਬਗਦਾਦ, ਅਰ ਰੂਮ ਵਿਚ ਜਾਇਕੇ ਸਚੇ ਉਪਦੇਸ਼ ਦਿਤੇ ਅਰ ਸਚਾ ਮਾਰਗ ਦਿਖਾਇਆ, ਅਰ ਉਸ ਪੁਰ ਚਲਾਇਆ।

ਸਤਿਗੁਰੂ ਜੀ ਨੇ ਜ਼ਹੀਰੁ ਦੀਨ ਬਾਬਰ ਜੈਸੇ ਮੁਗਲ ਪਾਤਸ਼ਾਹ ਅਰ ਸੰਗਲਾ ਦੀਪ ਪਤੀ ਸ਼ਿਵਨਾਭ ਜੈਸੇ ਰਾਜਾ, ਅਰ ਸਜਣ ਜੈਸਾ ਠਗ ਅਰ ਸਾਲਸਰਾਇ ਜੈਸੇ ਜਵਾਹਰੀ ਅਭੈ ਚੰਦ ਜੈਸੇ ਸਤਘਰੇ ਨਗਰ ਦੇ ਅਰ ਕ੍ਰੋੜੀ ਮਲ ਜੈਸੇ ਭਾਬੜੇ ਲਾਹੌਰ ਦੇ ਸ਼ਾਹ ਅਰ ਮਰਦਾਨੇ ਜੈਸੇ ਡੂੰਮ ਅਰ ਬੂੜੇ (ਬਾਬਾ ਬੁਢਾ ਜੀ) ਜੈਸੇ ਬਕਰੀਆਂ ਚਰਾਉਂਦੇ ਰੰਕਾਂ ਨੂੰ ਇਕ ਸਮਾਨ ਉਪਦੇਸ਼ ਦਿਤੇ।

ਸਤਿਗੁਰੂ ਜੀ ਨੇ ਸ਼ੇਖ ਇਬਰਾਹੀਮ, ਵਲੀ ਕੰਧਾਰੀ, ਸ਼ੇਖ ਮਿਠਾ, ਪੀਰ ਦਸਤਗੀਰ ਕਾਜ਼ੀ ਰੁਕਨਦੀਨ,ਸ਼ਾਹ ਸ਼ਰਫ ਆਦਿ,ਮੁਸਲਮਾਨਾਂ ਦੇ ਮੁਖੀਆਂ ਨੂੰ ਅਰ ਗੋਰਖਨਾਥ ਭਰਥਰੀਨਾਥ ਆਦਿ ਸਿਧਾਂਨੂੰ ਅਰ ਨਾਨੂ ਨਾਨਕਚੰਦ ਆਦਿ ਕਾਂਸ਼ੀ ਦੇ ਪੰਡਤਾਂ ਨੂੰ ਆਪਣੇ ਸਚੇ ਉਪਦੇਸ਼ਾਂ ਨਾਲ ਪਾਖੰਡ ਹਠ ਪਖ ਪਾਤ ਕਠੋਰਤਾ ਨਿਰਦਯਤਾ ਸਰੀਰਕ ਸਾਧਨਾਂ ਤੇ ਅਰ ਜਗਤ ਦੀਆਂ ਚਾਰ ਦਿਨ ਦੀਆਂ ਝੂਠੀਆਂ ਵਡਿਆਈਆਂ ਤੋਂ ਛੁਡਾਇਕੇ ਕਰਤਾਰ ਦੀ ਉਪਾਸ਼ਨਾ ਅਰ ਭਗਤੀ ਦਾ ਸਚ ਅਰ ਸੂਧਾ ਰਾਹ (ਤਰੀਕਾ) ਦਸਿਆਂ।

ਸਤਿਗੁਰੂ ਮੁਲਤਾਨ ਵਿਚ ਗਏ ਤਾਂ ਮੁਲਤਾਨ ਦੇ ਸਭ ਪੀਰ ਕੰਬੇ, ਉਨ੍ਹਾਂ ਨੇ ਕਟੋਰਾ ਦੁਧ ਦਾ ਨਕੋ ਨਕ ਭਰਕੇ ਗੁਰੂ ਜੀ ਦੇ ਅਗੇ ਆਣ ਧਰਿਆ, ਉਨ੍ਹਾਂ ਦਾ ਭਾਵ ਇਹ ਸੀ ਜੋ ਮੁਲਤਾਨ ਪਹਿਲੇ ਹੀ ਪੀਰੀ ਦਾ ਪੁਰ ਹੈ, ਤੁਸੀਂ ਕਿਸ ਤਰ੍ਹਾਂ ਵਿਚ ਸਮਾਉਗੇ ? ਸਮਾਈ ਹੈ ਨਹੀਂ, ਅਰ ਜੇ ਸਮਾਓਗੇ ਤਾਂ ਪਹਿਲੇ ਪੀਰਾਂ ਦੇ ਦਿਲ ਦੁਖਾਉਗੇ, ਗੁਰੂ ਸਾਹਿਬ ਜੀ ਨੇ ਇਕ ਚੰਬੇਲੀ ਦਾ ਫੂਲ ਕਢਕੇ ਦੁਧ ਦੇ ਉਪਰ ਰਖ ਦਿਤਾ ਜੋ ਇਸ ਫੂਲ ਦੀ ਤਰਾਂ ਸਭ ਦੇ ਉਪਰ ਭੀ ਰਹਾਂਗੇ ਅਰ ਕਿਸੇ ਨੂੰ ਦੁਖਾਵਾਂਗੇ ਭੀ ਨਹੀਂ, ਇਹ ਦੇਖਕੇ ਸਭਨਾਂ ਨੇ ਸਲਾਮ ਕੀਤੀ।

ਮਕੇ ਵਿਚ ਗਏ ਜੋ ਅਰਬ ਦੇਸ ਦਾ ਇਹ ਇਕ ਵਡਾ ਨਾਮੀ ਸ਼ਹਿਰ ਅਰ ਰਾਜਧਾਨੀ ਅਰ ਮੁਸਲਮਾਨਾਂ ਦੇ ਮਤ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਦੀ

ਜਨਮ ਭੂਮਕਾ ਹੈ ਇਨਾਂ ਦੀ ਸ਼ਕਤੀ ਅਰ ਤੇਜ ਅਰ ਨਿਰਾਲੇ ਢੰਗ ਦੀ ਬੋਲੀ ਅਰ ਵਿਸ਼ਵਾਸ ਦੇਖਕੇ ਕਾਜੀ ਮੌਲਾਣੇ ਉਲਮਾ ਇਕਠੇ ਹੋਏ, ਚਰਚਾ ਕਰਕੇ ਇਹ ਜਾਣਿਆ ਚਾਹੁੰਦੇ ਸੇ ਕਿ ਏਹ ਹਿੰਦੂ ਹੈ ਯਾ ਮੁਸਲਮਾਨ ? ਅਰ ਕਿਸ ਮਤ ਨੂੰ ਚੰਗਾ ਜਾਣਦਾ ਹੈ ? ਇਸ ਲਈ ਤਿਨਾਂ ਨੇ ਪੁਛਿਆ ਕਿ ਤੁਸੀਂ ਕਿਸ ਨੂੰ ਚੰਗਾ ਜਾਣਦੇ ਹੋ, ਹਿੰਦੂ ਚੰਗੇ ਹਨ ਯਾ ਮੁਸਲਮਾਨ ? ਗੁਰੂ ਜੀ ਉਤਰ ਦਿਤਾ। ਹੇ ਹਾਜੀ ਅਰ ਹੇ ਕਾਜੀ ਜੀ ਉਸ ਕਰਤਾ ਪੁਰਖ ਦੇ ਦਰਬਾਰ ਵਿਚ ਕਿਦੂ ਮੁਸਲਮਾਨ ਹੋਣੇ ਕਰਕੇ ਕੋਈ ਵਡਾ ਯਾ ਛੋਟਾ ਨਹੀਂ ਹੋ ਸਕਦਾ ਜਿਸਨੇ ਸ਼ੁਭ ਕਰਮ ਕੀਤੇ ਓਹੋ ਉਥੇ ਚੰਗੇ ਕਹੇ ਜਾਣਗੇ। (ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ॥ ਤਿਥੈ ਸੋਹਨਿ ਪੰਚ ਪਰਵਾਣੁ॥ ਨਦਰੀ ਕਰਮਿ ਪਵੈ ਨੀਸਾਣੁ ॥ ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ ॥)

ਭਾਈ ਗੁਰਦਾਸ ਜੀ ਲਿਖਦੇ ਹਨ:-

ਪੁੱਛਣ ਗਲ ਈਮਾਨ ਦੀ ਕਾਜੀ ਮੁਲਾਂ ਇਕਠੇ ਹੋਈ। ਵੱਡਾ ਸਾਂਗ ਵਰਤਿਆ ਲਖ ਨ ਸਕੈ ਕੁਦਰਤ ਕੋਈ । ਪੁੱਛਣ ਫੋਲ ਕਿਤਾਬ ਨੂੰ ਹਿੰਦੂ ਵੱਡਾ ਕਿ ਮੁਸਲਮਾਨੋਈ। ਬਾਬਾ ਆਖੇ ਹਾਜੀਆਂ ਸੁਭ ਅਮਲਾਂ ਬਾਝਹੁ ਦੋਨੋਂ ਰੋਈ।

ਚਰਚਾ ਬਹੁਤ ਹੋਈ, ਜੋ ਮਕੇ ਮਦੀਨੇ ਦੀ ਗੋਸ਼ਟ ਨਾਮੇ ਪੋਥੀ ਵਿਚ ਲਿਖੀ ਹੈ। ਅੰਤ ਨੂੰ ਸਚੇ ਉਪਦੇਸ਼ ਸੁਣਕੇ ਸਤਯ ਅਸਤ ਦੇ ਗ੍ਰਾਹਕ ਗੁਰੂ ਜੀ ਦੀ ਸ਼ਰਨ ਹੋਏ ਅਰ ਇਕ ਕਰਤਾਰ ਸਿਰਜਨਹਾਰ ਦੇ ਪੂਜਕ ਬਣੇ।

ਸੱਤਿਗੁਰੂ ਦੇ ਗੁਣ ਅਰ ਉਪਕਾਰ, ਸਮੁੰਦਰ ਦੇ ਤਰੰਗ ਅਰ ਬਨਾਸਪਤੀ ਦੇ ਪਤ੍ਰਾਂ ਸਮਾਨ ਅਪਰ ਅਪਾਰ ਹਨ। ਮੈਂ ਤੁਛ ਬੁੱਧੀ ਕੌਣ ਕਥਨਹਾਰ ਹਾਂ; ਪਰ ਧੰਨ ਹਨ ਓਹ ਜੋ ਉਨ੍ਹਾਂ ਦੇ ਉਪਰੋਂ ਬਲਿਹਾਰ ਹਨ, ਲੋਕ ਪਰਲੋਕ ਦਾ ਸੁਧਾਰ, ਅਰ ਜੀਵਾਂ ਦੇ ਨਿਸਤਾਰ, ਜਨਮ ਮਰਣਾਦਿ ਦੁਖਾਂ ਦਾ ਪ੍ਰਹਾਰ, ਕਰਤਾ ਪੁਰਖ ਦਾ ਦਰਬਾਰ ਦਿਵਯ ਜੋਤਮਯ ਆਗਾਰ ਅਰ ਲੋਅ ਲੋਅ ਅਕਾਰ, ਸਚਖੰਡ ਨਿਵਾਸੀ ਨਿਰੰਕਾਰ ਜਿਵੇਂ ਨਿਰੰਤਰ ਤਿਸਦੇ ਜਸ ਦਾ ਉਚਾਰ ਅਰ ਤਿਸਦੀ ਕੀਰਤੀ ਦਾ ਪ੍ਰਚਾਰ ਸੋ ਉਨ੍ਹਾਂ ਹੀ ਪ੍ਰੇਮੀ ਪੁਰਸ਼ਾਂ ਵਾਸਤੇ ਹੈ ਐਸੇ ਸਤਿਗੁਰਾਂ ਦਾ ਸਤ ਉਪਦੇਸ਼ ਸੁਣੇ ਅਰ ਮਨ ਵਿਚ ਧਾਰੋ, ਜਨਮ ਸਵਾਰੋ ਸਤਿਗੁਰੂ ਦੇ ਬਚਨ ਅਨੁਸਾਰ ਹੁਣ ਸਭ ਹਨੇਰ ਗਰਦੀਆਂ ਜ਼ੁਲਮ ਅਨਯਾਯ ਅਰ ਭ੍ਰਮ ਸੰਦੇਹ ਮਿਟ ਗਏ ਹਨ, ਸਾਰੇ ਸੰਸਾਰ ਵਿਚ ਪ੍ਰਕਾਸ਼ ਹੋ ਆਯਾ ਹੈ।

ਭਾਈ ਗੁਰਦਾਸ ਜੀ-

ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ ॥
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।

ਸਿੰਘੁ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ।
ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ।
ਸਿੱਧਾਸਣਿ ਸਭਿ ਜਗਤਿ ਦੇ ਨਾਨਕ ਆਦਿ ਮਤੇ ਜੇ ਕੋਆ।
ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ।
ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਵੀ ਸਚਾ ਢੋਆ।
ਗੁਰਮੁਖਿ ਕਲਿ ਵਿਚਿ ਪਰਗਟੁ ਹੋਆ ॥ ੨੭ ॥

❋

ਸ੍ਰੀ ਗੁਰੂ ਨਾਨਕ ਜੀ ਨਨਕਾਣੇ ਪ੍ਰਗਟੇ ਅਰ ਕਰਾਮਾਤਾਂ

ਦੋਹਰਾ–

ਗੁਰ ਨਾਨਕ ਧਰ ਰੂਪ ਹਰਿ ਖਰ ਨਰ ਸੁਰ ਸਰ ਕੀਨ।
ਅੱਜਰ ਜਰ ਧਰ ਫਿਰ ਸਗਰ ਤਜ ਘਰ ਜਨ ਸੁਖ਼ ਦੀਨ ॥੧॥

ਪ੍ਰੇਮੀ ਜਨੋ–ਧਰਮ ਦੇ ਚਾਰ ਪੈਰ ਹਨ, ਕਲਯੁਗ ਦੇ ਆਯਾਂ ਸਤਯ ਯੱਗ ਪੂਜਨ ਹੋਣ ਰਹਿ ਗਏ, ਕੇਵਲ ਇੱਕ ਸ੍ਰੀ ਵਾਹਿਗੁਰੂ ਦਾ ਨਾਮ ਹੀ ਜਗਤ ਦੇ ਉਧਾਰ ਦਾ ਸਾਧਨ ਰਿਹਾ ਸੋ ਓਹ ਭੀ ਅਜਿਹਾ ਦੁਰਲਭ ਹੋ ਗਿਆ ਕਿ ਬੜੇ ਬੜੇ ਮੰਦਰਾਂ ਦੇ ਦਰਸ਼ਨ ਮੂਰਤੀ ਪੂਜਾ ਸੰਖ ਘੰਟੇ ਨਰਸਿੰਗੇ ਛੈਣੇ ਢੋਲਕਾਂ ਅਥਾਹ ਵਜਦੇ ਪਰ ਪਰਮੇਸ਼ਰ ਦਾ ਨਾਮ ਨਹੀਂ ਸੁਨਾਈ ਦਿੰਦਾ। ਤੀਰਥਾਂ ਪਰ ਜਾਓ ਤਾਂ ਪਖੰਡ ਅਰ ਲੋਭ, ਪੰਡਿਤਾਂ ਪਾਸ ਜਾਓ ਤਾਂ ਪਾਠ ਪੂਜਾ ਪ੍ਰਜੋਗ ਦਾਨ ਪੁਰਾਨ ਪੂਜਾ ਦਾ ਪ੍ਰਚਾਰ ਹਉਮੈ ਅਹੰਕਾਰ, ਸਨਯਾਸੀ ਬੈਰਾਗੀ ਜੋਗੀ ਪਰਮਹੰਸ ਆਦਿ ਆਪੋ ਆਪਣੇ ਭੇਖਾਂ ਦੇ ਵਾਦ ਵਿਵਾਦ ਵਿਚ ਅਜਿਹੇ ਉਲਝੇ ਹਨ ਜੋ ਨਾਮ ਜਪਣਾ ਨਾਮ ਮਾਤਰ ਵੀ ਨਹੀਂ ਜਾਣਦੇ। ਕੋਈ ਜਟਾਂ ਵਧਾਉਣ ਵਿਚ ਅਰ ਕੋਈ ਨਿਤ ਨਵੇਂ ਸੂਰਜ ਸੀਸ ਮੁੰਡਾਉਣ ਵਿਚ ਸਮਾਂ ਬਿਤਾਉਂਦੇ ਹਨ, ਰੋੜਾਂ ਦੀ ਸੇਜ ਪਰ ਸੌਣਾ, ਧੂਣੀਆਂ ਤਪਨੀਆਂ, ਵਰਖਾ ਗੜੇ ਅਰ ਸੀਤ ਸਹਾਰਨੀ, ਭਗਵੇਂ ਬਸਤਰ ਅਰ ਗੋਦੜੀ ਪਹਿਨਣੀ, ਵਰਤ ਰਖਣੇ ਇਹ ਸਭ ਕੰਮ ਉਨ੍ਹਾਂ ਨੂੰ ਸੁਖਾਲੇ,ਪਰ ਨਾਮ ਜਪਣਾ ਅਜਿਹਾ ਕਠਨ ਹੈ ਜੋ ਗੁਰੂ ਸਾਹਿਬ ਦਾ ਬਚਨਹੈ(ਸਾਰੇ ਦਿਨਸੁ ਮਜੂਰੀ ਕਰੈ॥ਹਰਿ ਸਿਮਰਨ ਕੀ ਵੇਲਾ ਬਜਰ ਸਿਰਿਪਰੈ॥) ਪੁਨਾ–(ਆਖਣਿ ਅਉਖਾ ਸਾਚਾ ਨਾਉ) ਕਾਮ ਕ੍ਰੋਧ ਲੋਭ ਮੋਹ ਹੰਕਾਰ, ਝੂਠ ਝੂਠ

ਦੰਭ ਪਖੰਡ ਛਲ ਛਿਦਰ ਬਿਕਾਰ ਮਿੱਤਰ ਦਰੋਹ ਵਿਸਵਾਸ਼ਘਾਤ ਤ੍ਰਿਸ਼ਨਾਂ ਦੁਰਾਚਾਰ ਹਿੰਸਾ ਹਤਿਆ ਹਉਮੈ ਅਪਵਿਤਰਤਾ ਅਣਾਚਾਰ ਆਦਿਕਾਂ ਦੇ ਦੁਖੇ ਹੋਏ ਧਰਮਾਤਮਾਂ ਦੀ ਪੁਕਾਰ ਸੁਣਕੇ ਜਗਤ ਦੇ ਸੁਧਾਰ ਵਾਸਤੇ ਸ੍ਰਿਸ਼ਟੀ ਦੇ ਸਿਰਜਨਹਾਰ ਕਰਤਾਰ ਨੇ ਸ੍ਰੀ ਗੁਰੂ ਨਾਨਕ ਰੂਪ ਧਾਰਿਆ ਜਿਸਦਾ ਹੋਣਾ ਅਰ ਜਿਸ ਭਵਿਸ਼ਦ ਪੂਰਾਨ ਤੇ ਬ੍ਰਹਮ ਪਰਬ ਦੇ ਚੌਥੇ ਕਲਪ ਮੈਂ ਸ੍ਰੀ ਵੇਦ ਬਿਆਸ ਰਿਖੀ ਪਹਿਲੇ ਲਿਖ ਚੁਕੇ ਸੇ, ਅਰ ਸਰੋਤਰੀ ਬ੍ਰਹਮ ਨੇਸ਼ਟੀ ਸਤਿਗੁਰੂ ਦੀ ਪਦਵੀ ਦੇਕੇ ਸਰਬ ਰਿਸ਼ੀ ਪ੍ਰਾਚੀਨ ਸਮੇਂ ਤੇ ਕਥਨ ਕਰਦੇ ਆਉਂਦੇ ਸੇ, ਸੋ ਉਹ ਸਤਿਗੁਰੂ ਨਾਨਕ ਸਾਹਿਬ ਬਿਕ੍ਰਮ ਸੰਮਤ ੧੫੨੬, ਜਗਤ ਵਿਚ ਪ੍ਰਸਿਧ ਹੋ ਰਿਹਾ ਹੈ ਕਿ ਕਾਤਕ ਸ਼ੁਕਲ ਪੁੰਨਯਾਂ* ਬੁਧਵਾਰ ਅੱਧੀ ਰਾਤ ਪਰ ਦੋ ਘੜੀ ਬੀਤੀਆਂ ਸਿੰਘ ਲਗਨ ਮੈਂ ਮਨੁਖ ਰੂਪ ਧਾਰਕੇ ਆਏ। ਸ਼ਿਵਰਾਮ ਦੇ ਪੋਤਰੇ ਅਰ ਕਾਲੂ ਬੇਦੀ ਖਤਰੀ ਦੇ ਘਰ ਜ਼ਿਲਾ ਲਾਹੌਰ ਤਸੀਲ ਸ਼ਕਰਪੁਰ ਰਾਇ ਭੋਇ ਦੀ ਤਲਵੰਡੀ ਨਾਮੇ ਨਗਰ ਵਿਖੇ ਰਹਿੰਦਾ ਸੀ, ਪੁਤਰ ਬਣਕੇ ਜਨਮੇ, ਯਥਾ:-

ਨਿਸ ਆਧ ਬਿਤੀ ਭੁਨਸਾਰ ਭਏ ਨਹੀਂ ਖੇਦ ਕਛੂ ਜਨਨੀ ਉਰ ਜਾਨੇ। ਸਤ ਪੰਦਰਹ ਸਾਲ ਛਬੀਸ ਪਰੈ ਪਖ ਸੇਤ ਤੁਲਾ ਬੁਧਿ ਪੂਰਨ ਮਾਨੇ। ਦੂਖ ਦੂਰ ਗਏ ਸੁਖ ਪੂਰ ਭਏ ਸੁਭ ਅੰਮ੍ਰਿਤਕਾਲ ਸੁਧਾ ਬਰਸਾਨੇ। ਸੁਰ ਮੰਡਲ ਮੰਗਲ ਆਨ ਕਰਿਓ ਗੁਰ ਨਾਨਕ ਜੂ ਪ੍ਰਗਟੇ ਨਨਕਾਨੇ। ਸ਼ਾਹਨਸ਼ਾਹ ਭਏ ਗੁਰੂ ਨਾਨਕ ਪੀਰਨ ਤੇ ਨਿਜ ਪੀਰ ਪਛਾਨੇ। ਸਿੱਧਨ ਤੌ ਗੁਰੂ ਸਿਧ ਲਖੇ ਤਬ ਜੋਗਨ ਹੀਯ ਜੋਗੇਸ਼ਰ ਜਾਨੇ। ਸਾਧਨ ਸਾਧ ਅਗਾਧ ਲਖੇ ਸਭ ਬੇਦੀਅਨ ਬੰਸ ਸੁ ਬੰਸ ਪਛਾਨੇ। ਮਧ ਜੰਗਲ ਮੰਗਲ ਆਨ ਕੀਓ ਗੁਰੂ ਨਾਨਕ ਜੂ ਪ੍ਰਗਟੇ ਨਨਕਾਨੇ ॥੨॥ ਰਿਧ ਸਿਧ ਔ ਨਿਧ ਸ੍ਰੀ ਆਨ ਬਸੀ ਪੁਰ ਸ਼ੋਕ ਔ ਦਾਰਦ ਦੋਖ ਪਲਾਨੇ। ਅਬ ਬਾਰ ਮੈਂ ਬਾਰ ਅਨੰਦ ਅਨੰਦ ਭਯੋ ਨਹਿ ਬਾਰ ਸੁ ਸਾਰ ਸੁਖੰ ਸਰਮਾਨੇ। ਸ਼ੇਸ਼ ਸੁਰੇਸ਼ ਮਹੇਸ਼ ਭਜੇ ਜਿਹ ਦੇਵ ਦਿਨੇਸ਼ ਨਿਸ਼ੇਸ਼ ਪ੍ਰਮਾਨੇ। ਪ੍ਰਭ ਜੰਗਲ ਮੰਗਲ ਥਾਨ ਕੀਓ ਗੁਰੂ ਨਾਨਕ ਜੀ ਪ੍ਰਗਟੇ ਨਨਕਾਨੇ।

---

*ਭਾਈ ਮਨੀ ਸਿੰਘ ਜੀ ਦੀ ਜਨਮ ਸਾਖੀ ਮਿਸਟਰ ਮੈਕਾਲਫ ਸਾਹਿਬ ਸੰਗਰਹੀਤ ਸਾਖੀ ਸੰਮਤ ੧੭੯੦ ਦੀ ਲਿਖੀ ਜੋ ਵਲਾਇਤ ਵਾਲੀ ਜਨਮ ਸਾਖੀ ਕਹਾਉਂਦੀ ਹੈ। ਗਿਆਨੀ ਰਤਨਾਕਰ ਗੁਰ ਸੰਹਿਤਾ ਹਾਫਿਜ਼ਾਬਾਦ- ਵਾਲੀ ਪੁਰਾਤਨੀ ਜਨਮ ਸਾਖੀਆਂ ਵਿਸਾਖ ਤ੍ਰਿਤੀਆ ਮਾਹਿ ਚਾਨਣ ਰਾਤ ਅੰਮ੍ਰਿਤ ਵੇਲੇ ਪਹਿਰ ਰਾਤ ਰਹਿੰਦੀ ਦਾ ਜਨਮ ਲਿਖਾ ਹੈ।

੧–ਦੋ ਤਿੰਨਾਂ ਵਾਰਿਹਾਂ ਦੀ ਅਵਸਥਾ ਵਿਚ ਜਦ ਬੋਲਨ ਲਗੇ ਤਾਂ ਮਾਤਾ ਨੂੰ ਇਹ ਸ਼ਬਦ ਸੁਣਾਇਆ:–

"ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ
ਨਾਉ ॥ ਸਾਚੇ ਨਾਮ ਕੀ ਲਾਗੈ ਭੂਖ ॥ ਉਤੁ ਭੂਖੈ ਖਾਇ
ਚਲੀਅਹਿ ਦੂਖ ॥ ੧ ॥ ਸੋ ਕਿਉ ਵਿਸਰੈ ਮੇਰੀ ਮਾਇ ॥ਸਾਚਾ
ਸਾਹਿਬੁ ਸਾਚੈ ਨਾਇ" ॥ ੧ ॥ ਰਹਾਉ ॥

੨–ਬਾਲਕੇ ਆਪਣੇ ਨਾਲ ਖੇਲਨ ਲੈ ਗਏ ਤਿਨਾਂ ਨੂੰ ਮਿਟੀ ਦੇ ਟੋਭੇ ਵਿਚੋਂ ਮਿਟੀ ਦੀ ਮਠਿਆਈ ਬਣਾਇਕੇ ਖਵਾਈ।

੩–ਪਿਤਾ ਨੇ ਬ੍ਰਿਜਨਾਥ ਨਾਮੇ ਪਾਂਧੇ ਪਾਸ ਪੜ੍ਹਨ ਬੈਠਾਇਆ, ਪਾਂਧਾ ਸੱਸਾ ਧੱਧਾ ਙੰਙਾ ਆਦਿ ਅੱਖਰ ਸਿਖਾਉਣ ਲਗਾ, ਗੁਰੂ ਸਾਹਿਬ ਨੇ ਤਿਸ ਨੂੰ ਇਹ ਪੱਟੀ ਸੁਣਾਈ–

ਰਾਗੁ ਆਸਾ ਮਹਲਾ ੧ ਪੱਟੀ ਲਿਖੀ

ਸਸੈ ਸੋਇ ਸ੍ਰਿਸਟਿਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ॥
ਸੇਵਤ ਰਹੇ ਚਿਤੁ ਜਿਨ ਕਾ ਲਾਗਾ ਆਇਆ ਤਿਨ੍ ਕਾ
ਸਫਲੁ ਭਇਆ ॥ ੧ ॥ ਮਨ ਕਾਹੇ ਭੂਲੇ ਮੂੜ ਮਨਾ ॥
ਜਬ ਲੇਖਾ ਦੇਵਹਿ ਬੀਰਾ ਤਉ ਪੜਿਆ ॥ ੧ ॥ ਰਹਾਉ ॥
ਈਵੜੀ ਆਦਿ ਪੁਰਖੁ ਹੈ ਦਾਤਾ ਆਪੇ ਸਚਾ ਸੋਈ ॥ ਏਨਾ
ਅਖਰਾ ਮਹਿ ਜੋ ਗੁਰਮੁਖਿ ਬੂਝੈ ਤਿਸੁ ਸਿਰਿ ਲੇਖੁ ਨ
ਹੋਈ ॥ ੨ ॥ ਊੜੈ ਉਪਮਾ ਤਾ ਕੀ ਕੀਜੈ ਜਾ ਕਾ ਅੰਤੁ ਨ
ਪਾਇਆ ॥ ਸੇਵਾ ਕਰਹਿ ਸੇਈ ਫਲੁ ਪਾਵਹਿ ਜਿਨੀ੍ ਸਚੁ
ਕਮਾਇਆ ॥ ੩ ॥ ਇਤਯਾਦੀ

ਜਦ ਪਾਂਧੇ ਨੇ ਕਹਿਆ ਕਾਲੂ ਤੇਰੇ ਪੁਤ੍ਰ ਨੂੰ ਮੈਂ ਕੀ ਪੜਾਉਣਾ ਹੈ ! ਏਹ ਤਾਂ ਉਲਟਾ ਮੈਨੂੰ ਪੜਾਉਂਦਾ ਹੈ। ਤਾਂ ਕਾਲੂ ਜੀ ਗੋਪਾਲ ਪਾਂਧੇ ਪਾਸ ਲੈ ਗਏ ਜੋ ਲੇਖਾ ਸਿਖਾਵੇ, ਗੁਰੂ ਜੀ ਕਹਿਆ ਪਾਂਧਾ ਜੀ ਏਹ ਪਹਾੜੇ ਸਵਾਏ ਡੇਉਢੇ ਢੌਂਚੇ ਦਰਾਂ ਅਰ ਵਿਆਜ ਆਦਿ ਸਭ ਮਾਯਾ ਦਾ ਪ੍ਰਪੰਚ ਹੈ, ਸਾਨੂੰ ਓਹ ਲੇਖਾ ਦਸੋ ਜਿਸ ਨਾਲ ਅਸੀਂ ਕਰਤਾਰ ਦੇ ਸਾਹਮਣੇ ਪੂਰੇ ਉਤਰੀਏ ਅਰ ਤਿਸਦੇ ਪਰਥਾਇ ਇਹ ਸ਼ਬਦ ਉਚਾਰਿਆ:–

ਸ੍ਰੀ ਰਾਗੁ ਮਹਲਾ ੧ ॥ ਜਾਲਿ ਮੋਹੁ ਘਸਿ ਮਸੁ ਕਰਿ ਮਤਿ
ਕਾਗਦੁ ਕਰਿ ਸਾਰੁ ॥ ਭਾਉ ਕਲਮ ਕਰਿ ਚਿਤੁ ਲਿਖਾਰੀ
ਗੁਰ ਪੁਛਿ ਲਿਖੁ ਵੀਚਾਰੁ ॥ ਲਿਖੁ ਨਾਮੁ ਸਾਲਾਹ ਲਿਖੁ ਲਿਖੁ
ਅੰਤੁ ਨ ਪਾਰਾਵਾਰ ॥ ੧ ॥ ਬਾਬਾ ਏਹੁ ਲੇਖਾ ਲਿਖਿ ਜਾਣੁ ॥

ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥੧॥ਰਹਾਉ॥

(੫) ਇਸੇ ਤਰਾਂ ਕਾਜੀ ਕੁਤਬਦੀਨ ਪਾਸ ਫ਼ਾਰਸੀ ਪੜ੍ਹਨ ਗਏ ਤਾਂ ਤਿਸ ਨੂੰ ਕਾਇਦਾ ਸੁਣਾਇਆ:-

ਅਲਫ ਅਲਾ ਨੂੰ ਯਾਦ ਕਰ ਗਫਲਤ ਮਨਹੁ ਵਿਸਾਰ ॥
ਸਾਸ ਪਲਟੇ ਨਾਮ ਬਿਨ ਧ੍ਰਿਗ ਜੀਵਣ ਸੰਸਾਰ ॥੧॥
ਬੇ ਬਿਦਾਯਤ ਦੂਰ ਕਰ ਕਦਮ ਤਰੀਕਤ ਰਾਖ ॥
ਸਭ ਕਿਸੇ ਨੂੰ ਨਿਵ ਚਲੇ ਮੰਦਾ ਕਿਸੇ ਨਾ ਆਖੁ ॥
ਇਤ ਯਾਦਿ ਸੋ ਏਹ ਬੀ ਸ਼ਰਨ ਹੋਯਾ।

(੬) ਨੌਂ ਬਰਸ ਦੀ ਉਮਰ ਵਿਚ ਮਰਦਾਨੇ ਨੂੰ ਨਾਲ ਲੈਕੇ ਪਾਕਪਟਨ ਵਿਚ ਪਹੁੰਚੇ, ਉਥੇ ਸ਼ੇਖ ਫਰੀਦ ਜੀ ਦੇ ਪੋਤਰੇ ਸ਼ੇਖ ਇਬਰਾਹੀਮ ਨੂੰ ਨੌਂ ਪੌੜੀਆਂ ਆਸਾ ਦੀ ਵਾਰ ਦੀਆਂ ਕਹੀਆਂ।

(੭) ਰਾਇ ਬੁਲਾਰ ਨੂੰ ਜੋ ਤਲਵੰਡੀ ਨਗਰ ਦਾ ਹਾਕਮ ਸੀ ਵੈਰਾਗ ਮਈ ਉਪਦੇਸ਼ ਆਸਾ ਦੀ ਵਾਰ ਦੀ ਦਸਵੀਂ ਪੌੜੀ ਕਹੀ।

(੮) ਵਣ ਦੇ ਬ੍ਰਿਛ ਹੇਠ ਬਿਰਾਜੇ ਤਾਂ ਤਿਸਦੀ ਛਾਯਾ ਸਥਿਰ ਰਹੀ।

(੯) ਗਊਆਂ ਚਰਾਉਣ ਗਏ ਆਪ ਬਿਰਾਜੇ ਰਹੇ ਤਾਂ ਸ਼ੇਸ਼ਨਾਗ ਨੇ ਆਪਨੇ ਫਣ ਨੂੰ ਖਿਲੇਰ ਕੇ ਛਾਯਾ ਕੀਤੀ।

(੧੦) ਗਊਆਂ ਮਹੀਆਂ ਨੇ ਜੇਹੜਾ ਖੇਤ ਉਜਾੜਿਆ ਸੀ ਸੋ ਹਰਿਆ ਭਰਿਆ ਫਲਵੰਤਾ ਕਰ ਦਿਤਾ, ਏਹ ਤਿੰਨੇ ਅਚੰਭੇ ਨਗਰ ਦੇ ਹਾਕਮ ਨੇ ਡਿਠੇ।

(੧੧) ਵਟਾਲੇ ਵਿਚ ਵਿਆਹ ਹੋਯਾ ਤਾਂ ਖਤ੍ਰੀਆਂ ਦੀਆਂ ਦੋ ਜਾਤਾਂ ਨੂੰ ਵਰ ਦੋਹੂੰ ਨੂੰ ਸਰਾਪ ਹੋਯਾ, ਜੋ ਚੋਣੇ ਚੁਣੇ ਗਏ, ਟੇਰੀ ਟਿਰ ਗਏ, ਅਤੇ ਪਰੀ ਪੂਰਨ ਰਹਿਣਗੇ ਭੰਡਾਰੀਆਂ ਦੇ ਭੰਡਾਰੇ ਭਰਪੂਰ ਸੋ ਐਸਾ ਹੀ ਹੋਯਾ ॥

(੧੨) ਖਰਾ ਸੌਦਾ ਕਰਕੇ ਸੰਤ ਸੇਵਾ ਕਰਨੀ ਦਸੀ।

(੧੩) ਅਰ ਸੁਲਤਾਨਪੁਰ ਵਿਚ ਮੋਦੀ ਬਣਕੇ ਅਨੇਕ ਗਰੀਬਾਂ ਤੇ ਉਪਕਾਰ ਕੀਤੇ।

(੧੪) ਅਰ ਪਾਉ ਦੇ ਵਟੇ ਨੂੰ ਸੀਸ ਨਿਵਾਇਕੇ ਨਿੰਮ੍ਰਤਾ ਦਾ ਉਪਦੇਸ਼ ਸਿਖਾਯਾ। ਜੋ ਧੰਨ ਹੈ ਜਿਸਨੇ ਆਪਣੇ ਆਪ ਨੂੰ ਪਾਉ ਕਹਾਯਾ ਹੈ, ਸੇਰ ਸਭ ਕੋਈ ਬਣਦਾ ਹੈ ਪਰ ਕਰਤਾਰ ਦੇ ਘਰ ਵਿਚ ਜੇਹੜੇ ਨਿਉਂ ਚਲਦੇ ਹਨ ਵਡਿਆਈ ਪਾਉਂਦੇ ਹਨ ॥

ਯਥਾ-ਭਾਉ ਭਗਤਿ ਕਰਿ ਨੀਚੁ ਸਦਾਏ ॥ ਤਉ ਨਾਨਕ ਮੋਖੰਤਰੁ ਪਾਏ ॥ [ਵਾਰ ਆਸਾ ਕੀ ਮਹਲਾ ੧

(੧੫) ਜਦ ਮੁਨਸ਼ੀ ਨੇ ਦੌਲਤ ਖਾਂ ਲੋਦੀ ਨਗਰ ਦੇ ਹਾਕਮ ਪਾਸ

ਏਹ ਚੁਗਲੀ ਕੀਤੀ ਕਿ ਮੋਦੀ ਗਰੀਬਾਂ ਕੰਗਾਲਾਂ ਨੂੰ ਬਿਨਾਂ ਤੋਲੇ ਮਿਣੇ ਬੇਅੰਦਾਜ਼ ਦੇਈ ਚਲਾ ਜਾਂਦਾ ਹੈ ਕਿਸੇ ਦਿਨ ਸਰਕਾਰ ਦਾ ਨੁਕਸਾਨ ਹੋਵੇਗਾ, ਹੁਣ ਲੇਖਾ ਸਮਝ ਲਵੋ, ਸੋ ਭਾਵੇਂ ਇਕਰਾਰ ਪਹਿਲੇ ਹੀ ਹੋ ਚੁਕਾ ਸੀ ਕਿ ਚੁਗਲੀ ਨਹੀਂ ਸੁਣਾਂਗੇ, ਪ੍ਰੰਤੂ ਕੁਸੰਗੀਆਂ ਦੇ ਕਹਿਣੇ ਤੇ ਰਾਇ ਨੇ ਲੇਖਾ ਮੰਗਿਆ, ਗੁਰੂ ਜੀ ਅਗੇ ਹੀ ਤਿਆਰ ਸੇ, ਪਹਿਲੀ ਵਾਰ ਲੇਖਾ ਹੋਇਆ ਤਾਂ ੩੨੧) ਰੁਪਏ ਲੈਣੇ ਨਿਕਲੇ, ਦੂਜੀ ਵੇਰੀ ਲੇਖਾ ਹੋਇਆ ਤਾਂ ੭੩੫) ਰੁਪਏ ਗੁਰੂ ਸਾਹਿਬ ਦੇ ਨਿਕਲੇ ਅਤੇ ਗੁਰੂ ਜੀ ਨੇ ਮੋਦੀਖਾਨਾ ਛਡ ਦਿਤਾ। ਰਾਇ ਨੇ ਪੁਛਿਆ, ਇਹ ਜੇਹੜੇ ਰੁਪਏ ਵਧੇ ਹਨ ਕਿਸ ਨੂੰ ਦਿਤੇ ਜਾਣ? ਬਚਨ ਹੋਇਆ ਪ੍ਰਮੇਸ਼ਰ ਦੇ ਨਾਮ ਪਰ ਗਰੀਬ ਅਨਾਥਾਂ ਨੂੰ ਵੰਡ ਦਿਓ, ਗੁਰੂ ਜੀ ਦਾ ਮਨੋਂ ਧਨੋਂ ਪ੍ਰੇਮ ਗਰੀਬਾਂ ਨਾਲ ਪਰਗਟ ਹੋਇਆ, ਆਪਣੀ ਇਸਤ੍ਰੀ ਪੁਤ੍ਰ ਪਰਵਾਰ ਨਾਲੋਂ ਗਰੀਬਾਂ ਨਾਲ ਅਰ ਪਰਮੇਸ਼ਰ ਨਾਲ ਪਿਆਰ ਵਧੀਕ ਹੋਇਆ।

(੧੬) ਵੇਈਂ ਨਦੀ ਵਿਚ ਟੁੱਭੀ ਮਾਰਕੇ ਸੱਚ ਖੰਡ ਦਰਬਾਰ ਵਿਚ ਗਏ, ਉਥੇ ਸਿਰਜਨਹਾਰ ਸਤਿਕਰਤਾਰ ਦਾ ਦਰਸ਼ਨ ਪਾਇਆ, ਅਰ ਤਿਸਦੇ ਜਸ ਦੀ ਬਾਣੀ ਸੋਦਰ ਉਚਾਰ ਕੇ ਪ੍ਰਭੂ ਨੂੰ ਰਿਝਾਯਾ ਅਰ ਜਗਤ ਗੁਰੂ ਦੀ ਪਦਵੀ ਪਾਇਕੇ ਤੀਜੇ ਦਿਨ ਜਲ ਵਿਚੋਂ ਆਣ ਮੂੰਹ ਦਿਖਾਇਆ।

(੧੭) ਦਾਤਨ ਗੱਡ ਦਿਤੀ ਸੋ ਹਰਿਆ ਬ੍ਰਿਛ ਹੋ ਆਇਆ ਜੋ ਅੱਜ ਤਕ ਹਰਿਆ ਹੈ।

(੧੮) ਵੈਦ ਹਕੀਮ ਅਰ ਕਈ ਸਿਆਣੇ ਝਾੜੇ ਕਰਨ ਦੇ ਮੰਤਰੀ ਆਏ, ਪਰ ਗੁਰੂ ਸਾਹਿਬ ਦੇ ਬਚਨ ਸੁਣਕੇ ਤਿਨਾਂ ਮੰਨਿਆਂ ਕਿ ਅਸੀਂ ਬੀ ਮਾਨਸਿਕ ਰੋਗਾਂ ਨਾਲ ਗ੍ਰਸੇ ਅਰ ਡਸੇ ਹੋਏ ਹਾਂ, ਤਾਂ ਉਪਦੇਸ਼ ਦੇਕੇ ਤਿਨਾਂ ਦਾ ਮਨ ਅਰੋਗ ਕੀਤਾ।

(੧੯) ਦੌਲਤ ਖਾਨ ਲੋਦੀ ਨਾਲ ਨਿਮਾਜ਼ ਦੇ ਸਮਯ ਮਸਜਿਦ ਵਿਚ ਜਾਇਕੇ ਤਿਨਾਂ ਦਾ ਮਨ ਦੇ ਸੰਕਲਪਾਂ ਨੂੰ ਪ੍ਰਗਟ ਕਰਕੇ ਦਸਿਆ ਜੋ ਮਨ ਦੀ ਇਕਾਗ੍ਰਤਾ ਅਰ ਸਚਿ ਆਈ ਬਿਨਾਂ ਵਹਯ ਨਿਮਾਜ ਪਰਮੇਸ਼ਰ ਨਾ ਕਬੂਲ ਕਰਦਾ ਅਰ ਨਾ ਲੇਖੇ ਪਾਉਂਦਾ ਹੈ।

(੨੦) ਪਸਰੂਰੋਂ ਤੁਰਕੇ ਸਤਿਗੁਰੂ ਮੀਏਂ ਮਿਠੇ ਦੇ ਕੋਟਲੇ ਗਏ ਤਾਂ ਮੀਏ ਮਿਠੇ ਕਹਿਆ [ਅਵਲ ਨਾਮ ਖੁਦਾਇ ਕਾ ਦੂਜਾ ਨਬੀ ਰਸੂਲ॥ ਨਾਨਕ ਕਲਮਾ ਜੇ ਪੜਹਿ ਦਰਗਹਿ ਪਵਹਿ ਕਬੂਲ] ਤਾਂ ਗੁਰੂ ਜੀ ਉੱਤਰ ਦਿਤਾ [ਅਵਲ ਨਾਮ ਖੁਦਾਇ ਕਾ ਦਰ ਕੇਤੜੇ ਰਸੂਲ॥ ਸ਼ੇਖਾ ਨੀਯਤ ਰਾਸ ਕਰ ਦਰਗਹ ਪਵਹਿ ਕਬੂਲ] ਬਾਬੇ ਕਹਿਆ ਸ਼ੇਖ ਜੀ ਉਸ ਦਰ ਦੂਜੇ ਦੀ ਥਾਂ

ਨਹੀਂ ਹੈ, ਜੇ ਕੋਈ ਰਹਿੰਦਾ ਹੈ ਤਾਂ ਇਕੋ ਹੋਇ ਰਹਿੰਦਾ ਹੈ।

(੨੧) ਸ਼ੇਖ ਇਬਰਾਹੀਮ ਨੇ ਬੀ ਕਹਿਆ ਸੀ। [ਇਕ ਸਾਹਿਬ ਤੇ ਦੋਇ ਹਦੀਂ। ਕੇਹੜੀ ਸੇਵੀਂ ਤੇ ਕੇਹੜਾ ਰਦੀਂ] ਗੁਰੂ ਸਾਹਿਬ ਨੇ ਅਗੋਂ ਉੱਤਰ ਦਿਤਾ ਸੀ (ਇਕੋ ਸਾਹਿਬ ਇਕੋ ਹਦ ॥ ਇਕੋ ਸੇਵਹੁ ਦੂਜਾ ਰਦ) ਇਤਯਾਦਿਕ ਸਚੇ ਬਚਨ ਸੁਣਕੇ ਸਭ ਪੀਰ ਫਕੀਰ ਸਿਧ ਨਾਥ ਗੁਰੂ ਜੀ ਦੀ ਸਰਨ ਹੋਏ।

ਸਤਿਗੁਰੂ ਦੇ ਗੁਣ ਅਰ ਉਪਕਾਰ ਅਸੰਖਯਾਤ ਅਪਾਰ ਹਨ, ਕਥਨ ਕਰਨ ਨੂੰ ਕੋਈ ਸਮਰਥ ਨਹੀਂ ਪ੍ਰੰਤੂ "ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥ ਬਿਨਵੰਤਿ ਨਾਨਕੁ ਗੁਰ ਚਰਨ ਲਾਗੇ ਵਾਜੇ ਅਨਹਦ ਤੂਰੇ ॥"

ਦੋਹਰਾ

ਤਿਨ ਬੇਦੀਅਨ ਕੀ ਕੁਲ ਬਿਖੇ ਪ੍ਰਗਟੇ ਨਾਨਕ ਰਾਇ।
ਸਭ ਸਿਖਨ ਕੋ ਸੁਖ ਦੀਓ ਜਹ ਤਹਿ ਭਏ ਸਹਾਇ।

ਪ੍ਰਿਯ ਜਨੋ! ਸ੍ਰੀ ਸਤਿਗੁਰੂ ਨਾਨਕ ਸਾਹਿਬ ਨੇ ਜਗਤ ਦੇ ਤਾਰਨ ਨੂੰ ਕਾਲੂ ਬੇਦੀ ਦੇ ਘਰ ਪ੍ਰਗਟ ਹੋਕੇ ਪਾਰਬ੍ਰਹਮ ਪਰਮੇਸ਼੍ਵਰ ਦੀ ਨਿਜ ਭਗਤੀ ਕੀਤੀ। ਜਿਸ ਤਰਾਂ ਸੂਰਜ ਆਪਣੀਆਂ ਕਿਰਨਾਂ ਨਾਲ ਅੰਧਕਾਰ ਨਾਸ ਕਰਦਾ ਅਰ ਉਜਾਲਾ ਦਿੰਦਾ ਹੈ ਜਿਸ ਨਾਲ ਸੰਸਾਰ ਦੇ ਸਭ ਪਦਾਰਥ ਆਪੋ ਆਪਣੀ ਸੋਭਾ ਅਰ ਚਮਕ ਦਮਕ ਦਿਖਾਉਂਦੇ, ਅਰ ਲਹਿ ਲਹਾਉਂਦੀਆਂ ਹਰਿਆਉਲਾਂ ਅਰ ਚਹ ਚਹਾਉਂਦੀਆਂ ਲਾਲੀਆਂ ਅਰ ਤਿੰਨਾਂ ਦੇ ਨੀਲੇ ਪੀਲੇ ਕਿਰਮਚੀ ਰੰਗ ਛਬ ਪਾਉਂਦੇ ਹਨ, ਤੇਹਾ ਹੀ ਗੁਰੂ ਸਾਹਿਬ ਜੀ ਦੇ ਬਚਨਾਂ ਨਾਲ ਅਵਿਦਯਾ ਅਗਯਾਨ ਨਾਸ ਹੋਏ ਅਰ ਸਤਯ ਗਿਆਨ ਦਾ ਪ੍ਰਕਾਸ਼ ਆਇਆ, ਜਿਸ ਨਾਲ ਗੁਰਮੁਖਾਂ ਦੇ ਮਨ ਕਮਲਾਂ ਦੀ ਨਿਆਈਂ ਵਿਕਾਸ਼ ਆਏ, ਅਰ ਆਤਮਿਕ ਪਦਾਰਥ ਦੈਵੀ ਸੰਪ੍ਰਦਾਯ ਦੇ ਸੱਤ ਸੰਤੋਖ ਧੀਰਜ ਧਰਮਾਦਿ ਗੁਣਾਂ ਨੇ ਆਪਣੀ ਸੋਭਾ ਦਿਖਾਈ। ਗੁਰੂ ਸਾਹਿਬ ਨੇ ਜਨਮ ਤੋਂ ਲੈਕੇ ਅੰਤ ਪ੍ਰਯੰਤ ਆਪਣੀ ਸਾਰੀ ਅਵਸਥਾ ਪਰਉਪਕਾਰ ਵਿਚ ਹੀ ਬਿਤਾਈ। ਬਲਕਿ ਅਵਸਥਾ ਵਿਚ ਈਸ਼੍ਵਰੀਯ ਕਰਮ ਕੀਤੇ ਇਨਾਂ ਅਚੰਭੇ ਦੇ ਕੰਮਾਂ ਨੂੰ ਦੇਖਣ ਵਾਲੇ ਵਿਸਮਾਦ ਹੋਏ ਕਹਿੰਦੇ ਸੇ ਜੋ ਏਹ ਕੈਸਾ ਮਨੁਖ ਹੈ ਯਥਾ (ਵਡਾ ਸਾਂਗ ਵਰਤਾਇਆ ਲਖ ਨ ਸਕੈ ਕੁਦਰਤ ਕੋਈ) ਇਕ ਦਿਨ ਗੁਰੂ ਸਾਹਿਬ ਨੇ ਮਨ ਇਕਾਗਰ ਚਿਤ ਬਿਰਤੀ ਸਥਿਰ ਕਰਕੇ ਈਸ਼੍ਵਰੀਯ ਸ਼ਕਤਿ ਨਾਲ ਡਿਠਾ, ਤਾਂ ਹਿੰਸਾ ਮੋਹ, ਲੋਭ, ਕਰੋਧ ਤ੍ਰਿਸ਼ਨਾਂ, ਈਰਖਾ ਕਲਹ ਆਦਿ ਅਗਨੀਆਂ ਵਿਚ ਸਾਰੀ ਵਿਸ਼੍ਵ ਜਲਦੀ

ਬਲਦੀ ਦਿਸੀ। ਇਸ ਕਾਰਨ ਦਯਾ ਭਰੇ ਚਿਤ ਸੇ ਰਹਿ ਨਾ ਸਕੇ, ਉਦਾਸੀ ਦਾ ਭੇਖ ਬਣਾਇਕੇ ਸਾਰੀ ਧਰਤੀ ਵਿਚ ਗੁਰਮੁਖਾਂ ਨੂੰ ਢੂੰਢ ੨ ਕੇ ਧੀਰਜ ਅਰ ਸਰਬ ਸ੍ਰਿਸ਼ਟੀ ਵਿਖੇ ਸਤਯ ਉਪਦੇਸ਼ ਸ਼ਾਂਤਿ ਸੰਤੋਖ ਪਰਦਾਨ ਕੀਤਾ, ਅਰ ਸਤਯ ਮਾਰਗ ਵਿਖੇ ਚਲਾਯਾ।

> ਪਹਿਲਾ ਬਾਬੇ ਪਾਯਾ ਬਖਸੁ ਦਰਿ ਪਿਛੋ ਦੇ ਫਿਰਿ ਘਾਲਿ ਕਮਾਈ। ਰੇਤ ਅਕ ਆਹਾਰੁ ਕਰਿ ਰੋੜਾ ਦੀ ਗੁਰ ਕੀਆ ਵਿਛਾਈ। ਭਾਰੀ ਕਰੀ ਤਪਸਿਆ ਵਡੇ ਭਾਗਿ ਹਰਿ ਸਿਉ ਬਣਿ ਆਈ। ਬਾਬਾ ਪੈਧਾ ਸਚਿਖੰਡ ਨਉਨਿਧਿ ਨਾਮੁ ਗਰੀਬੀ ਪਾਈ। ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ। ਬਾਝੁ ਗੁਰੂ ਗੁਬਾਰੁ ਹੈ, ਹੈ ਹੈ ਕਰਦੀ ਸੁਣੀ ਲੁਕਾਈ। ਬਾਬੇ ਭੇਖ ਬਣਾਇਆ ਉਦਾਸੀ ਦੀ ਰੀਤ ਚਲਾਈ। ਚੜ੍ਹਿਆ ਸੋਧਣ ਧਰਤ ਲੁਕਾਈ।

(੧) ਪਹਿਲੇ ਕੁਰਖੇਤਰ ਸੂਰਜ ਗਰੈਹਨ ਦੇ ਮੇਲੇ ਪੁਰ ਗਏ, ਇਥੇ ਕਰਮ ਕਾਂਡ ਵਿਚ ਲਗੇ ਹੋਏ ਲੋਕਾਂ ਨੂੰ ਡਿਠਾ ਜੋ ਪ੍ਰੇਮਾ ਭਗਤੀ ਤੇ ਬਿਨਾਂ ਘੰਟੇ ਵਜਾਉਂਦੇ ਅਰ ਭਜਨ ਗਾਉਂਦੇ, ਪਰ ਤਿੰਨ੍ਹਾਂ ਦੇ ਮਨ ਲੋਭ ਲਾਲਚ ਦੇ ਮਾਰੇ ਬਿਗਾਨਾ ਤਨ ਧਨ ਤਕਾਉਂਦੇ ਸੇ, ਤਾਂ ਗੁਰੂ ਸਾਹਿਬ ਨੇ ਮਗਧ ਦੇਸ ਦੇ ਰਾਜਕੁਮਾਰ ਨੂੰ ਜੋ ਰਾਜ ਗਵਾਇਕੇ ਦੁਖੀ ਫਿਰਦਾ ਸੀ, ਆਗਿਆ ਦੇ ਕੇ ਕਲੇ ਮਿਰਗ ਦਾ ਮਾਸ ਬਣਵਾਇਕੇ ਬ੍ਰਾਹਮਣਾਂ ਨੂੰ ਯੱਗ ਦਾ ਨਿਓਤਾ ਦਿਵਾਇਆ ਸੋ ਕਾਂਸ਼ੀ ਦੇ ਪੰਡਤ ਨਾਨੂ ਨੂੰ ਮੁਖੀ ਕਰਕੇ ਦੇਸਾਂਤਰਾਂ ਦੇ ਬ੍ਰਾਹਮਣ ਆਏ ਅਰ ਚਰਚਾ ਵਿਖੇ ਮਾਸ ਦਾ ਨਿਰਨਾ, ਯਥਾ–

> ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰ ਵਾਸੁ॥ ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ॥ ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸ॥ ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸਿ ॥ ਵਡਾ ਹੋਇਆ ਵੀਆਹਿਆ ਘਰਿ ਲੈ ਆਇਆ ਮਾਸੁ ॥ ਮਾਸਹੁ ਹੀ ਮਾਸੁ ਉਪਜੈ ਮਾਸਹੁ ਸਭੋ ਸਾਕੁ ॥ ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂਕੋ ਆਵੈ ਰਾਸਿ ॥ ਆਪਿ ਛੁਟੇ ਨਹ ਛੂਟੀਐ ਨਾਨਕ ਬਚਨਿ ਬਿਣਾਸੁ ॥ ੧ ॥

> ਯਥਾ– ਮ: ੧ ॥

> ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ॥ ਕਉਨੁ ਮਾਸ ਕਉਨੁ ਸਾਗ ਕਹਾਵੈ ਕਿਸੁ ਮਹਿ

ਪਾਪ ਸਮਾਣੇ ॥ ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ ॥ ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ ॥ ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ ॥ ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ ॥

[ਇਹ ਸਾਰਾ ਸਲੋਕ ੨੫ਵਾਂ ਵਾਰ ਮਲਾਰ ਕਾ ਅਰ ਨਾਮ ਜਪਣ ਨਾਲ ਸਭ ਦੇ ਭਰਮ ਨਵਿਰਤ ਹੋਏ।

(੨) ਹਰਿਦਵਾਰ ਪੁਰ ਲੋਕ ਪੂਰਬ ਮੁਖ ਪਿਤਰਾਂ ਨੂੰ ਪਾਣੀ ਦਿੰਦੇ ਦੇਖਕੇ ਗੁਰੂ ਸਾਹਿਬ ਪਸਚਮ ਮੁਖ ਆਪਣੇ ਬਾਗ ਨੂੰ ਪਾਣੀ ਦੇਣ ਲਗੇ, ਚਕ੍ਰਿਤ ਚਿਤ ਹੋਏ ਯਾਤ੍ਰੀਆਂ ਨੇ ਇਕਠੇ ਹੋਕੇ ਪੁਛਿਆ ਇਤਨੀ ਦੂਰ ਪਾਣੀ ਕਿਸਤਰਾਂ ਪਹੁੰਚੇਗਾ ? ਇਸੇ ਬਹਾਨੇ ਸਤਿਗੁਰੂ ਨੇ ਤਿਨਾਂ ਨੂੰ ਸਤਿ ਉਪਦੇਸ਼ ਦਿਤਾ:-

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥

(੩) ਪਾਣੀਪਤ ਕਰਨਾਲ ਵਿਚ ਸ਼ਾਹ ਸ਼ਰਫ ਦਾ ਮਨ ਸ਼ਾਂਤਿ ਕੀਤਾ। ਦਿਲੀ ਵਿਚ ਮੋਯਾ ਹੋਯਾ ਹਾਥੀ ਜਿਵਾ ਕੇ ਲੋਕਾਂ ਦੇ ਮੁਰਦਾ ਮਨ ਪਰਮੇਸ਼ਰ ਵਿਚ ਜੀਊਂਦੇ ਕੀਤੇ।

(੪) ਮਥਰਾ ਵਿਚ ਪ੍ਰੇਮ ਵਿਹੂਣੀਆਂ ਝੂਠੀਆਂ ਰਾਸਾਂ ਵਲੋਂ ਹਟਾਇਕੇ ਸਚੀ ਰਾਸ ਪ੍ਰੇਮਾ ਭਗਤੀ ਦੀ ਲੋਕਾਂ ਨੂੰ ਦਿਖਾਈ।

(੫) ਹਸਤਨਾਪੁਰ ਵਿਖੇ ਘੋਰ ਹਤਿਆਰੇ ਸਜਨ ਠੱਗ ਵਰਗੇ ਤਾਰੇ।

(੬) ਗੋਰਖ ਮਤੇ ਵਿਚ ਸਿਧਾਂ ਨੂੰ ਚਰਚਾ ਕਰਕੇ ਐਸਾ ਜਿਤਿਆ, ਜੋ ਉਸ ਸਥਾਨ ਦਾ ਨਾਮ ਹੀ ਹੁਣ ਤਕ ਨਾਨਕ ਮਤਾ ਪਰਸਿਧ ਹੈ।

(੭) ਜਿਸ ਬਿਰਛ ਨਾਲੋਂ ਮਰਦਾਨੇ ਨੂੰ ਫਲ ਖਵਾਏ ਉਹ ਰੀਠੇ ਦੇ ਫਲ ਹੁਣ ਤਕ ਮਿਸਰੀ ਵਰਗੇ ਮਿਠੇ ਹਨ।

(੮) ਗਯਾ ਵਿਚ (ਦੀਵਾ ਮੇਰਾ ਏਕ ਨਾਮ ਦੁਖ ਵਿਚ ਪਾਇਆ ਤੇਲ) ਏਹ ਸ਼ਬਦ ਉਚਾਰਕੇ ਜੀਵ ਦੀ ਮੋਖ ਦਾ ਸੱਚਾ ਉਪਾਵ ਦਸਿਆ।

(੯) ਕਾਂਸ਼ੀ ਵਿਚ ਮੋਏ ਕੁਤੇ ਨੂੰ ਜਿਵਾਇਕੇ ਤਿਸਦੇ ਮੂੰਹੋਂ ਵਾਦੀਆਂ ਦੇ ਪ੍ਰਸ਼ਨਾਂ ਦੇ ਉੱਤਰ ਦਿਵਾਏ।ਇਸ ਅਚੰਭੇ ਨੂੰ ਦੇਖਕੇ ਪੰਡਿਤ ਭੀ ਸਿਖ ਹੋਏ।

(੧੦) ਪਟਨੇ ਵਿਚ ਸਾਲਸ ਰਾਇ ਜਵਾਹਰੀ ਨੂੰ ਤਾਰਿਆ ਅਰ ਸਚੇ ਲਾਲ ਸ੍ਰੀ ਵਾਹਿਗੁਰੂ ਨਾਮ ਦੀ ਮਹਿਮਾ ਕਹੀ।

(੧੧) ਜਗੰਨਾਥ ਵਿਚ ਸਰਬ ਬਿਆਪੀ ਕਰਤਾਰ ਨਿਰਾਕਾਰ ਦੀ

ਨਿਰਗੁਣੀ ਮਾਨਸੀ ਆਰਤੀ ਪੂਜਾ ਵਰਣਨ ਕੀਤੀ।

(੧੨) ਜਿਸ ਬਘਿਆੜ ਨੇ ਸੰਤ ਸੇਵਾ ਤੇ ਹੀਨ ਹਰਿ ਬੇਮੁਖ ਦਾ ਮਾਸ ਨਹੀਂ ਖਾਧਾ ਸੀ, ਤਿਸਨੂੰ ਦੇਵਤਾ ਰੂਪ ਕੀਤਾ।

(੧੩) ਕਲਿਯੁਗ ਨੂੰ ਕੜਾਹ ਪ੍ਰਸਾਦਿ ਵਰਤਨ ਵੇਲੇ ਸੰਗਤ ਵਿਚ ਔਣ ਦੀ ਆਗਿਆ ਦਿਤੀ। ਅਰ ਤਿਸਦੇ ਮੋਤੀ ਮੰਦਰ ਆਦਿ ਪਦਾਰਥਾਂ ਦਾ ਲੋਭ ਤਿਆਗਕੇ ਇਹ ਸ਼ਬਦ ਉਚਾਰਿਆ:-

ਸ੍ਰੀ ਰਾਗ ਮਹਲਾ ੧ ॥

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥
ਕਸਤੂਰਿ ਕੁੰਗੂ ਅਗਰਿ ਚੰਦਨ ਲੀਪਿ ਆਵੈ ਚਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੧ ॥

(੧੪) ਗੁਰੂ ਤੋਂ ਬੇਮੁਖ ਹੋ ਜਾਣੇ ਤੇ ਮਰਦਾਨੇ ਨੂੰ ਕੌਡਾ ਰਾਖਸ਼ ਮਿਲਿਆ ਅਰ ਮਾਰਨ ਲਗਾ ਤਾਂ ਮਰਦਾਨੇ ਨੂੰ ਛੁਡਾਇਆ ਅਰ ਰਾਖਸ਼ ਨੂੰ ਸਵਰਗ ਦਾ ਅਧਿਕਾਰੀ ਬਣਾਇਆ।

(੧੫) ਜਾਪਾਪਟਮ ਵਿਚ ਤਪੀ ਨੂੰ ਪਖੰਡ ਕਰਨੇ ਤੇ ਛੁਡਾਇਕੇ ਸਚਾ ਭਗਤ ਬਣਾਇਆ।

(੧੬) ਰਾਜਾ ਸ਼ਿਵਨਾਭ ਜੀ ਦੀ ਸਚੀ ਪ੍ਰੀਤੀ ਜਾਣਕੇ ਸੰਗਲਾ ਦੀਪ ਵਿਖੇ ਗਏ, ਤਿਸਕਾ ਸੁੱਕਾ ਬਾਗ ਹਰਿਆ ਕੀਤਾ, ਅਰ ਪ੍ਰੀਖਿਆ ਵਾਸਤੇ ਤਿਸਨੇ ਰਾਤ ਨੂੰ ਇਕਾਂਤ ਸਮਯ ਪਦਮਨੀਆਂ ਇਸਤ੍ਰੀਆਂ ਭੇਜੀਆਂ ਜਿਨਾ ਨੇ ਅਨੇਕ ਪ੍ਰਕਾਰ ਦੇ ਹਾਵ ਭਾਵ ਕਟਾਖਯ ਕਰਕੇ ਰਿਝਾਉਣਾ ਚਾਹਿਆ, ਪ੍ਰੰਤੂ ਗੁਰੂ ਸਾਹਿਬ ਨੇ ਤਿਨਾਂ ਨੂੰ ਪੁਤ੍ਰੀ ਕਹਿਕੇ ਪਤਿਬ੍ਰਤ ਧਰਮ ਪਾਲਨ ਅਰ ਨਾਮ ਜਪਣ ਦਾ ਉਪਦੇਸ਼ ਕੀਤਾ (ਜਗ ਕਊਆ ਮੁਖ ਚੁੰਚ ਗਿਆਨ ਅਰ ਗਾਛਹੁ ਪੁਤ੍ਰੀ ਰਾਜ ਕੁਮਾਰ ॥ ਨਾਮ ਭਣਹੁ ਸਚ ਦੋਤ ਸਵਾਰ) ਅਰ ੭ ਰਯਾਸਤਾਂ ਵਿਚੋਂ ਰਾਜਾ ਸ਼ਿਵਨਾਭ ਦਾ ਇਕ ਛਤ੍ਰ ਰਾਜ ਕੀਤਾ।

(੧੭) ੭ ਰਾਜੇ ਜੋ ਆਪ ਵਿਚ ਨਿਤ ਲੜਦੇ ਮਰਦੇ ਰਹਿੰਦੇ ਸੀ, ਤਿਨਾਂ ਦਾ ਮੇਲ ਕਰਾਇਕੇ ਇਕ ਰਾਜ ਕਰ ਦਿਤਾ। ਇਨ੍ਹਾਂ ਨੂੰ ਪ੍ਰੇਮਾ ਭਗਤੀ ਸਿਖੀ ਦਾਨ ਦੇਕੇ ਤ੍ਰਿਯਾ ਰਾਜ ਵਿਚ ਕਰਤਾਰ ਦੀ ਉਪਾਸ਼ਨਾਂ ਕਰਾਈ।

(੧੮) ਕਦਲੀ ਬਣ ਵਿਚ ਸਿਧ ਮੰਡਲੀ ਨਾਲ ਚਰਚਾ ਹੋਈ, ਅਰ ਹਾਰੂੰਪੁਰ ਵਿਚ ਨਾਸਤਕ ਜੈਨੀਆਂ ਨੂੰ ਆਸਤਕ ਬਣਾਯਾ।

ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ
ਖਾਹੀ ॥ ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਨੀ
ਦੇਖਿ ਸਗਾਹੀ ॥ ਭੇਡਾ ਵਾਗੀ ਸਿਰ ਖੋਹਾਇਨਿ ਭਰੀਅਨਿ

ਹਥ ਸੁਆਹੀ ॥ ਮਾਊ ਪੀਊ ਕਿਰਤੁ ਗਵਾਇਨਿ ਟਬਰ
ਰੋਵਨੁ ਧਾਹੀ ॥

[ਵਾਰ ਮਾਝ ਕੀ ਸਲੋਕ ੨੬ ਵਾਂ

ਬੀਕਾਨੇਰ ਦੇਸ ਵਿਚ ਨਾਮ ਜਪਾਉਂਦੇ ਆਪਣੇ ਦੇਸ ਵਿਚ ਆਏ।

(੧੯) ਦਿਪਾਲ ਪੁਰ ਵਿਚ ਕੁਸ਼ਟੀ ਨੂੰ ਪੁਨੀਤ (ਅਰੋਗ) ਕੀਤਾ। ਜਾਮਨ ਨਾਮੇ ਨਗਰ ਨੂੰ ਨਾਮ ਜਪਾਉਂਦੇ ਚਾਹਲਾਂ ਦੇ ਨਗਰ ਹੋਕੇ ਹਜਰੇ ਵਿਖੇ ਮੁਸਲਮਾਨਾਂ ਦੇ ਪੀਰ ਨੂੰ ਇਕ ਕਰਤਾਰ ਦਾ ਨਾਮ ਦ੍ਰਿੜਾਯਾ।

[੨੦] ਪਟੀ ਵਿਚ ਭਾਬੜੇ ਨੂੰ ਤਾਰਿਆ।

[੨੧] ਮਲਕ ਭਾਗੋ ਦੀਵਾਨ ਨੂੰ ਧਰਮ ਦੀ ਕਿਰਤ ਦਸਾਂ ਨਹੁੰਵਾਂ ਦੀ ਕਮਾਈ ਦੇ ਪ੍ਰਸ਼ਾਦ ਭੋਜਨ ਕੋਧਰੇ ਦੀਆਂ ਰੋਟੀਆਂ ਵਿਚੋਂ ਅੰਮ੍ਰਿਤ ਦੁਧ ਅਰ ਪਰਾਈ ਅੰਸ ਦੇ ਪ੍ਰਸ਼ਾਦ ਲੁਚੀ ਕਚੌਰੀ ਪੂੜੀ ਕੜਾਹ ਵਿਚੋਂ ਲਹੂ ਚੋਂਦਾ ਦਿਖਾਇਕੇ ਪਰ ਤਨ ਧਨ ਵਢੀ ਲੈਣੇ ਤੇ ਤਰਕ ਕਰਵਾਈ।

[੨੨] ਦੁਨੀ ਚੰਦ ਸ਼ਾਹ ਦਾ ਪਿਤਾ ਬਘਿਆੜ ਬਣਿਆ ਹੋਯਾ ਤਿੰਨਾਂ ਦਿਨਾਂ ਦਾ ਭੁਖਾ ਤਾਰਿਆ, ਅਰ ਸਰਾਧ ਤੇ ਬਿਨਾਂ ਦਿਖਲਾਵੇ ਦੇ ਸਰਾਧ ਖਯਾਹ ਆਦਿ ਕਰਨ ਦੇ ਦੋਖ ਦਿਖਾਏ।

[੨੩] ਪ੍ਰਮੇਸ਼ਰ ਤੇ ਬੇਮੁਖ ਅਤਿਥ ਅਭਯਾਗਤ ਦੇ ਨਿਰਾਦਰ ਕਰਨੇ ਵਾਲੇ ਰਾਜਯ ਮਦ ਵਿਚ ਮਸਤ ਹੋਏ ਪਠਾਣਾਂ ਨੇ ਸੈਦਪੁਰ (ਏਮਨਾਵਾਦ) ਵਿਚ ਭਾਈ ਮਰਦਾਨੇ ਨੂੰ ਧਕੇ ਮਾਰੇ। ਤਿਸ ਪਰਥਾਇ ਸਤਿਗੁਰੂ ਨੇ ਪਰਮੇਸ਼ਰ ਦੇ ਕ੍ਰੋਧ ਵਿਖੇ ਭਾਈ ਲਾਲੋ ਨੂੰ ਭਵਿਸ਼ਤ ਵਾਕ ਏਹ ਸ਼ਬਦ ਸੁਣਾਇਆ:-

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ
ਵੇ ਲਾਲੋ ॥ ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ ॥ ਸਰਮੁ ਧਰਮੁ ਦੁਇ
ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥ ਕਾਜੀਆ
ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥

(ਇਤਯਾਦਿ)

[੨੪] ਸੋ ਸੰਮਤ ੧੫੭੯ ਵਿਚ ਜ਼ਹੀਰੁਲਦੀਨ ਬਾਬਰ ਮੁਗਲ ਪਾਤਸ਼ਾਹ ਆਯਾ, ਜਿਸਨੇ ਕਤਲ ਆਮ ਕਰਕੇ ਪਠਾਣਾਂ ਨੂੰ ਮਾਰਿਆ ਅਰ ੭ ਮੁੱਠਾਂ ਭੰਗ ਦੀਆਂ ਮਰਦਾਨੇ ਨੂੰ ਦੇਕੇ ਸਤਿਗੁਰੂ ਤੋਂ ੭ ਪੀੜੀਆਂ ਤਕ ਹਿੰਦੁਸਤਾਨ ਦੀ ਪਾਤਸ਼ਾਹੀ ਲਈ।

[੨੫] ਏਹ ਪਾਤਸ਼ਾਹ ਇਸ ਵੇਲੇ ਅਤਿ ਕ੍ਰੋਧ ਵਿਚ ਆਇਆ

ਹੋਇਆ ਆਪਣਾ ਦਬਦਬਾ ਬੈਠਾਉਣ ਦੇ ਕਾਰਨ ਬਹੁਤਿਆਂ ਨੂੰ; ਕਤਲ ਦਾ ਹੁਕਮ ਦਿੰਦਾ ਸੀ, ਪਰੰਤੂ ਗੁਰੂ ਨਾਨਕ ਸਾਹਿਬ ਦੀਆਂ ਸ਼ਕਤੀਆਂ ਦੇਖ ਸੁਣਕੇ ਦਰਸ਼ਨ ਨੂੰ ਆਇਆ, ਤਾਂ ਕਿਹਾ ਜੋ ਕੁਛ ਤੁਸੀਂ ਮੰਗੋ ਮੈਂ ਤੁਹਾਨੂੰ ਦੇਵਾਂ, ਤਾਂ ਗੁਰੂ ਸਾਹਿਬ ਨੇ ਬਚਨ ਕੀਤਾ ਸਾਡਾ ਦਾਤਾ ਕਰਤਾਰ ਹੈ ਜੋ (ਦੇਦਾ ਦੇ ਲੈਦੇ ਥਕ ਪਾਹਿ ॥ ਜੁਗਾ ਜੁਗੰਤਰਿ ਖਾਹੀ ਖਾਹਿ ॥) ਪਰ ਪਾਤਸ਼ਾਹ ਨੇ ਫੇਰ ਭੀ ਓਹੋ ਗਲ ਕਹੀ, ਜੋ ਕੁਛ ਮੰਗੋ! ਤਾਂ ਬਚਨ ਹੋਯਾ:-

ਇਮਾ ਦੀਆ ਏਕ ਖੁਦਾਇ ॥ ਜਿਸ ਕਾ ਦੀਆ ਸਭਕੋ
ਖਾਇ ॥ ੧ ॥ ਇਕ ਦਾਤਾ ਸਭ ਜਗਤ ਭਿਖਾਰੀ ॥
ਤਿਸ ਕਉ ਛਾਡ ਅਵਰ ਕਉ ਮਾਂਗੈ ਤਿਨ ਅਪਣੀ
ਸਗਲੀ ਪਤਿ ਹਾਰੀ ॥੧॥ਰਹਾਉ॥ ਸ਼ਾਹ ਪਾਤਸ਼ਾਹ ਸਭ
ਤਿਸਕੇ ਕੀਏ ॥ ਤਿਸਕੇ ਸਾਥ ਨ ਕੋਇ ਰਲੀਏ ॥ ੨ ॥
ਮਾਨੁਖ ਕੀ ਜੋ ਲੇਵੈ ਓਟ ॥ ਦੀਨ ਦੁਨੀਆਂ ਹੈ ਤਾਂਕੋ
ਤੋਟਿ ॥ ੩ ॥ ਕਹਿ ਨਾਨਕ ਸੁਣ ਬਾਬਰ ਮੀਰ ॥ ਤੁਝ
ਤੇ ਮਾਂਗੈ ਸੋ ਅਹਿਮਕ ਫਕੀਰ ॥ ੪ ॥

ਫੇਰ ਪਾਤਸ਼ਾਹ ਨੇ ਕਿਹਾ ਤੁਸੀਂ ਫਕੀਰ ਪੂਰੇ ਹੋ, ਪਰ ਏਹ ਦਸੋ ਜੋ ਕਯਾਮਤ ਦੇ ਦਿਨ ਜਦ ਖੁਦਾ ਤਾਲਾ ਸਾਰੀਆਂ ਰੂਹਾਂ ਤੋਂ ਹਿਸਾਬ ਮੰਗੇਗਾ ਤਾਂ ਮੁਸਲਮਾਨ ਦਾ ਛੁਟਕਾਰਾ ਹਜ਼ਰਤ ਮੁਹੰਮਦ ਰਸੂਲ ਅੱਲਾ ਕਰਾਵੇਗਾ, ਅਤੇ ਤੁਹਾਡਾ ਭਰੋਸਾ ਕਿਸ ਉੱਤੇ ਹੈ? ਤਾਂ ਬਚਨ ਹੋਯਾ:-

ਏਕੋ ਸਾਹਿਬ ਏਕ ਖੁਦਾਇ ॥ ਮਾਲਕ ਸਚਾ ਬੇ ਪਰਵਾਹੁ
॥ ੧ ॥ ਕਈ ਮੁਹੰਮਦ ਖੜੇ ਦਰਬਾਰ ॥ ਪਾਰ ਨ
ਪਾਵਹਿ ਬੇਸ਼ੁਮਾਰ ॥ ੨ ॥ ਰਸੂਲ ਰਸਾਲ ਦੁਨੀਆਂ ਮੇਂ
ਆਯਾ ॥ ਜਬ ਚਾਹਿਆ ਤਬ ਪਕੜ ਮੰਗਾਯਾ ॥ ਇਉਂ
ਸਹੀ ਕੀਆ ਹੈ ਨਾਨਕ ਬੰਦੇ ॥ ਪਾਕ ਖੁਦਾਇ ਔਰ
ਸਭ ਗੰਦੇ ॥ ੪ ॥ ੧ ॥

ਹੇ ਪਾਤਸ਼ਾਹ ਕਰਤਾਰ ਕਿਸੇ ਦੀ ਸਿਫਾਰਸ਼ ਨਹੀਂ ਮੰਨਦਾ ਨਾ ਕਿਸੇ ਦੀ ਸਮਰਥਾ ਹੈ ਉਥੇ ਸਿਫਾਰਸ਼ ਕਰੇ, ਪੁਨਾ:-

ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ ॥
ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ ॥
ਹਰਿ ਕੀ ਵਡਿਆਈ ਵਡੀ ਹੈ ਜਾ ਨਿਆਉ ਹੈ ਧਰਮ ਕਾ ॥

ਹਰਿ ਕੀ ਵਡਿਆਈ ਵਡੀ ਹੈ ਜਾ ਫਲੁ ਹੈ ਜੀਅ ਕਾ ॥

ਐਸੇ ਸਚੇ ਨਿਰਪਖਯ ਨਿਰਭਯਤਾ ਦੇ ਨਿਧੜਕ ਬਚਨ ਸੁਣਕੇ ਬਾਬਰ ਪਾਤਸ਼ਾਹ ਸ਼ਰਨ ਹੋਇਆ, ਅਤ ਆਪਣੇ ਅਪਰਾਧ ਦੀ ਮੁਆਫੀ ਮੰਗੀ, ਕਿਥੋਂ ਤਕ ਕੋਈ ਗਿਣੇ ਮਥਰਾ ਜੀ ਦੇ ਚੋਬੇ ਬ੍ਰਾਹਮਣ ਕਵਿ ਗਵਾਲ ਜੀ ਨੇ ਲਿਖਿਆ ਹੈ:-

ਕਬਿਤ ॥ ਵਿਸਨੂੰ ਮਯ ਆਦਿ ਗੁਰੂ ਨਾਨਕ ਜੀ ਮਹਾਰਾਜ ਤਾਕੇ ਸੀਸ ਸ਼ੇਸ ਕਰੀ ਛਾਯਾ ਉਤਕਟ ਹੈ। ਗਊਅਨ ਖਵਾਯੋ ਖੇਤ ਜਿਉਂ ਕੇ ਤਿਉਂ ਦਿਖਾਇਓ ਫੇਰ ਰੀਠੇ ਕੀਏ ਮੀਠੇ ਸੋ ਭਏ ਅਜੋ ਘਟ ਹੈ। ਗਵਾਲ ਕਵਿ ਪੀਪਰ ਉਡਾਯੋ ਹੋਤੋ ਸਿਧਨ ਨੈ ਰਾਖਿਓ ਸੋ ਤਹਾਈ ਅਜੋ ਪੰਜਾ ਬੇਪਲਟ ਹੈ। ਤਪ ਪੁੰਜ ਤੇਜ ਪੁੰਜ ਗਿਆਨ ਪੁੰਜ ਜਸ ਪੁੰਜ ਕਰਾਮਾਤ ਪੁੰਜਨ ਕੋ ਪੁੰਜ ਭਯੋ ਪ੍ਰਗਟ ਹੈ ॥ ੧ ॥

੨. ਮੁਕਤਿ ਮਗ ਬੋਧਕ ਅਨੂਪ ਗੁਰੂ ਨਾਨਕ ਜੂ ਸੈਨ ਤੁਰ ਛਾਯਾ ਅਬਾਲ ਨ ਬਢੇ ਘਟ ਹੈ। ਕਾਬਲ ਮੈਂ ਜਾਕੇ ਪਗ ਸੰਗ ਹੀ ਮਸੀਤ ਘੁਮੀ ਤਯੋਂ ਹੀ ਪਦ ਸੰਗੇ ਫਿਰਯੋ ਮੱਕਾ ਝਟਪਟ ਹੈ। ਗ੍ਵਾਲ ਕਵਿ ਕਹੈ ਕੌੜਾ ਅਸੁਰ ਕੜਾਹੋ ਉਸਨੇ ਨਿਜ ਜਨ ਹੇਤ ਕੀਓ ਸੀਤਲ ਨਿਪਟ ਹੈ। ਤਪ ਪੁੰਜ ਤੇਜ ਪੁੰਜ ਗਯਾਨ ਪੁੰਜ ਜਸ ਪੁੰਜ ਕਰਾਮਾਤ ਪੁੰਜਨ ਕੋ ਪੁੰਜ ਭਯੋ ਪ੍ਰਗਟ ਹੈ ॥੨॥

੩. ਪੂਰਨ ਪਰਤੱਛ ਕਰਾਮਾਤ ਗੁਰੂ ਨਾਨਕ ਕੀ ਅਬ ਲੌ ਦਬੀ ਨਾ ਦੇਖੋ ਐਸੀ ਉਤਕਟ ਹੈ। ਕਾਬਲ ਮੈਂ ਕਰਤ ਕੜਾਹ ਭੋਗ ਜਾਕੇ ਲੀਏ ਤਾਪਰ ਕਬੂਲ ਕੋ ਲਗਤ ਪੰਜਾ ਪਟ ਹੈ। ਗਵਾਲ ਕਵਿ ਕਹੈ ਸਭ ਗੁਣ ਕੌਣ ਗਾਇ ਸਕੈ ਧਿਆਇ ਸਕੈ ਤਾਹਿ ਸੋ ਡਰੇ ਗੋ ਝਟ ਪਟ ਹੈ। ਤਪ ਪੁੰਜ ਤੇਜ ਪੁੰਜ ਗਯਾਨ ਪੁੰਜ ਜਸ ਪੁੰਜ ਕਰਾਮਾਤ ਪੁੰਜਨ ਕੋ ਪੁੰਜ ਭਯੋ ਪ੍ਰਗਟ ਹੈ ॥ ੩ ॥

੪. ਏਕ ਠੌਰ ਜਲ ਪੈ ਫਕੀਰ ਜਲ ਯੁਕਤਿ ਰਾਜੇ ਕਰੇ ਤੇ ਅਵਗਯਾ ਜਲ ਖੇਂਚਯੋ ਨਿਜ ਤਟ ਹੈ । ਐਸੇ ਗੁਰੂ ਨਾਨਕ ਜੀ ਤਿਨ ਪੈ ਰਿਸਾਇ ਕਰ ਪੇਲਯੋ ਵਾ ਫਕੀਰ ਨੇ ਪਹਾਰ ਆਯ ਝਟ ਹੈ। ਗਵਾਲ ਕਵਿ ਤਹਾਂ ਸ੍ਰੀ ਗੁਰੂ ਨੇ ਰੋਕਯੋ ਹਾਥ ਲਾਇ ਪੰਜਾ ਗਡ ਗਯੋ ਅਜੋ ਦਰਸ ਉਤ ਕਟ ਹੈ। ਤਪ ਪੁੰਜ ਤੇਜ ਪੁੰਜ ਗਿਆਨ ਪੁੰਜ ਜਸ ਪੁੰਜ ਕਰਾਮਾਤ ਪੁੰਜਨ ਕੋ ਪੁੰਜ ਭਯੋ ਪ੍ਰਗਟ ਹੈ ॥ ੪ ॥

੫-ਪਰਬਤ ਪੈ ਪਾਨੀ ਕੀ ਜਲੂਸ ਕੋ ਜਗੈਯਾ ਪੀਰ ਤਾਕੀ ਕਰਾਮਾਤ

ਖੈਂਚ ਦਾਬ ਕੋ ਸਿਕੰਜਾ ਹੈ। ਸਿਖਨ ਕੇ ਪਾਲਨ ਕੋ ਵਿਸ਼ਨੂੰ ਪਾਨ ਪਦਮ ਜੈਸੋ ਦਾਰਦ ਔ ਦੁਖਨ ਕੇ ਤ੍ਰਿਸ਼ੂਲ ਸਮ ਗੰਜਾ ਹੈ। ਗਵਾਲ ਕਵਿ ਅਰਜ ਕਰੇਯਨ ਕੀ ਪੂਰੇ ਅਰਜ ਤੁਰਕਨ ਕੋ ਤੇਜ ਤੂਲ ਤੁਗ ਸਮ ਗੰਜਾ ਹੈ। ਗਿਰ ਕੋ ਗਿਰਤ ਥਾਭ ਲੀਓ ਸੋ ਪ੍ਰਤੱਖ ਅਜੋਂ ਦੇਖੋ ਸੂਛ ਐਸੇ ਗੁਰੂ ਨਾਨਕ ਕੋ ਪੰਜਾ ਹੈ॥੫॥

ਪੁਨਾ: ਸ੍ਰੀ ਮੁਖਵਾਕ-''ਮੈਂ ਮੂਰਖ ਕੀ ਕੇਤਕ ਬਾਤ ਹੈ ਕੋਟਿ ਅਪਰਾਧੀ ਤਰਿਆ ਰੇ॥ ਗੁਰੁ ਨਾਨਕੁ ਜਿਨ ਸੁਨਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ॥'' ਐਸੇ ਸਚੇ ਗੁਰੂ ਦੀ ਸ਼ਰਨ ਆਓ, ਮੁਕਤਿ ਦੇ ਭਾਗੀ ਅਰ ਉੱਜਲ ਮਸਤਕ ਹੋਕੇ ਪਰਮੇਸ਼ਰ ਦੇ ਸਨਮੁਖ ਜਾਓ ਗੁਰੂ ਕੇ ਸ਼ਬਦ ਕਮਾਓ ਤਾਂ ਜਨਮ ਮਰਨ ਤੋ ਛੁਟਕਾਰਾ ਪਾਓ ਸਤਿਗੁਰੂ ਦੇ ਗੁਰਪੁਰਬ ਮਨਾਓ ਜੋੜ ਮੇਲ ਕਰਕੇ ਸਤਿਗੁਰਾਂ ਦੇ ਗੁਣ ਸੰਗਤ ਨੂੰ ਸੁਣਾਓ 'ਆਪ ਜਪਹੁ ਅਵਰਹ ਨਾਮੁ ਜਪਾਵਹੁ॥ ਸੁਨਤ ਕਹਿਤ ਰਹਿਤ ਗਤਿ ਪਾਵਹੁ॥

ਗੁਰੂ ਨਾਨਕ ਦੇਵ ਗੋਬਿੰਦ ਰੂਪ

ਦੋਹਰਾ- ਸਿਧ ਸਾਧ ਜੋਗੀ ਸਤੀ ਨਾਥ ਜਿਤਕ ਜਗ ਮਹਿ।
ਗੁਰੂ ਨਾਨਕ ਦਿਨ ਮਣਿ ਦਰਸ ਉਡਗਨ ਸਮ ਛਿਪ ਜਾਹਿ।੧।

ਪਯਾਰੇ ਭਾਈਓ! ਏਹ ਗਲ ਸਭ ਕੋਈ ਜਾਣਦਾ ਹੈ ਕਿ ਗੁਰੂ ਬਿਨਾਂ ਗਤਿ ਨਹੀਂ, ਅਰ ਗੁਰੂ ਸਾਹਿਬ ਦਾ ਭੀ ਬਚਨ ਹੈ (ਬਿਨ ਗੁਰ ਮੁਕਤਿ ਨ ਪਾਈਐ ਭਾਈ) ਪਰੰਤੂ ਇਥੇ ਇਹ ਇਕ ਬੜੀ ਕਠਨਾਈ ਦਿਖਾਈ ਦਿੰਦੀ ਹੈ ਕਿ ਮਨ ਦੇ ਭੀੜੇ, ਕਾਮ ਕ੍ਰੋਧ ਲੋਭ ਮੋਹ ਦੇ ਨਿਪੀੜੇ ਹੋਏ ਅਗਯਾਨੀ ਲੋਕ ਆਪ ਸ੍ਰੀ ਗੁਰੂ ਬਣ ਬੈਠਦੇ ਹਨ, ਜਿਸ ਪਰ ਗੁਰੂ ਸਾਹਿਬ ਕਥਨ ਕਰਦੇ ਹਨ।

ਸਤਿਗੁਰੁ ਭੇਟੇ ਤਾ ਪਾਰਸੁ ਹੋਵੈ ਪਾਰਸੁ ਹੋਇ ਤ ਪੂਜ ਕਰਾਏ॥ ਜੋ ਉਸੁ ਪੂਜੇ ਸੋ ਫਲੁ ਪਾਏ॥ ਦੀਖਿਆ ਦੇਵੈ ਸਾਚੁ ਬੁਝਾਏ ॥੨॥ ਵਿਣੁ ਪਾਰਸੈ ਪੂਜ ਨ ਹੋਵਈ ਵਿਣੁ ਮਨ ਪਰਚੇ ਅਵਰਾ ਸਮਝਾਏ ॥ ਗੁਰੂ ਸਦਾਏ ਅਗਿਆਨੀ ਅੰਧਾ ਕਿਸੁ ਓਹੁ ਮਾਰਗਿ ਪਾਏ ॥੩॥

ਸੋ ਏਹ ਗੁਰੂ ਉਸ ਵੇਲੇ ਕਿਥੇ ਰਹਿੰਦੇ ਸਨ ਕਿ ਜਦ ਦੇਸ਼ ਦੀ ਦੁਰਦਸ਼ਾ ਹੋ ਰਹੀ ਸੀ, ਮੁਸਲਮਾਨ ਪਾਤਸ਼ਾਹਾਂ ਨੇ ਹਿੰਦੂਆਂ ਨਾਲ ਕੀ ਕੀ ਵਰਤਾਓ ਕੀਤੇ। *ਸੁਲਤਾਨ ਮਹਿਮੂਦ ਗਜ਼ਨਵੀ ਦੀ ਚੜ੍ਹਾਈ ਜਦ ਮਥਰਾ

*ਦੇਖੋ ਇਤਿਹਾਸ ਤਿਮਰ ਨਾਸ਼ਕ ੧ ਖੰਡ।

ਪੂਰ ਹੋਈ ਤਦ ਪਿਸ਼ੋਰ ਦੇ ਪਾਸ ਲੜਾਈ ਹੋਈ, ਰਾਜਾ ਅਨੰਦ ਪਾਲ ਇਸਨੂੰ ਰੋਕ ਨਾ ਸਕਿਆ, ਮਹਿਮੂਦ ਨੇ ਮੈਦਾਨ ਸੁੰਨਾ ਦੇਖਕੇ ਨਗਰ ਕੋਟ ਨੂੰ ਜਾ ਲੁਟਿਆ, ਸਾਰੀ ਲੁਟ ਸਤ ਲੱਖ ਮੋਹਰ ਸਤ ਸੈ ਮਣ ਸੋਨੇ ਚਾਂਦੀ ਦਾ ਅਸਬਾਬ ਤੇ ਸੈ ਮਣ ਨਿਰਾ ਸੋਨਾ ਦੋ ਹਜ਼ਾਰ ਮਣ ਨਿਰੀ ਚਾਂਦੀ ਅਰ ੨੦ ਮਣ ਹੀਰਾ ਮੋਤੀ ਚੂਨੀ ਪੰਨਾ ਆਦਿ ਜਵਾਹਰਾਤ ਸੀ। ਹਜ਼ਾਰਹਾ ਹਿੰਦੂ ਇਸਤਰੀਆਂ ਪੁਰਖ ਇਹ ਲੌਂਡੀਆ ਅਰ. ਗੁਲਾਮ ਬਣਾਇਕੇ ਆਪਣੇ ਦੇਸ ਨੂੰ ਲੈ ਗਿਆ, ਕਹਿੰਦੇ ਹਨ ਕਿ ਗਜ਼ਨੀ ਵਿਚ ਟਕੇ ੨ ਨੂੰ ਪਰਮੇਸ਼ਰ ਦੇ ਬੰਦੇ ਵਿਕੇ, ਅਰ ਗਜ਼ਨੀ ਦੀ ਗਲੀ ਗਲੀ ਵਿਚ ਬਜ਼ਾਰ ਬਜ਼ਾਰ ਹਿੰਦੁਸਤਾਨੀਆਂ ਦੀਆਂ ਅਵਾਜ਼ਾਂ ਸੁਣਾਈ ਦਿੰਦੀਆਂ ਸਨ। ਮਥਰਾ ਨੂੰ ੨੦ ਦਿਨ ਤਕ ਲੁਟਿਆ, ਮੰਦਰਾਂ ਵਿਚ ਬਹੁਤ ਬੁਰੇ ੨ ਕੰਮ ਕੀਤੇ, ਸੈ ਊਠ ਨਿਰੀਆਂ ਚਾਂਦੀਆਂ ਸੋਨੇ ਦੀਆਂ ਤੋੜੀਆਂ ਹੋਈਆਂ ਖੰਡਤ ਮੂਰਤਾਂ ਦਾ ਲਦ ਕੇ ਲੈ ਗਿਆ, ਅਰ ਸੋਲਾਂ ਮਣ ਪੱਕੇ ਤੋਲ ਦੀਆਂ ਚਾਰ ਮੂਰਤਾਂ ਭੰਨ ਤੋੜਕੇ ਲੈ ਗਿਆ, ਹਜ਼ਾਰਾਂ ਹਿੰਦੂ ਇਸਤ੍ਰੀਆਂ ਪੁਰਸ਼ ਕਤਲ ਕੀਤੇ।

ਸ਼ਹਾਬ ਦੀਨ ਗੋਰੀ ਪਾਤਸ਼ਾਹ ਨੇ ਬਨਾਰਸ ਵਿਚ ਘਟੋ ਘਟ ਇਕ ਹਜ਼ਾਰ ਮੰਦਰ ਢਹਾਏ। ਕਿਨਾਂ ਪਾਤਸ਼ਾਹਾਂ ਨੇ ਹਿੰਦੂਆਂ ਨੂੰ ਜ਼ੋਰ ਨਾਲ ਮੁਸਲਮਾਨ ਬਣਾਯਾ, ਕਿਨਾਂ ਨੇ ਇਨ੍ਹਾਂ ਦੇ ਧਾਰਮਕ ਪੁਸਤਕ ਜਲਾਇ ਦਿਤੇ, ਕਿਨਾਂ ਨੇ ਹਿੰਦੂਆਂ ਸਤਰ ਭੰਨੇ, ਕਿਨਾਂ ਨੇ ਹਿੰਦੂਆਂ ਨੂੰ ਗੋਲੇ ਬਣਾਇਕੇ ਬੜੇ ਭਾਰੇ ੨ ਦੁਖ ਦਿਤੇ ਅਰ ਸਤਾਯਾ। ਹਿੰਦੂ ਬੇਚਾਰੇ ਮੁਸਲਮਾਨਾਂ ਦੇ ਜ਼ੁਲਮ ਦੇ ਮਾਰੇ, ਦੁਖੇ ਹੋਏ, ਬੜੇ ਭਾਰੇ ਦੁਖੀ ਹੋ ਰਹੇ, ਪੂਜਾ, ਪਾਠ, ਇਸ਼ਟ ਉਪਾਸ਼ਨਾ, ਇਨਾਂ ਦੀ ਅਜੇਹੀ ਬੰਦ ਹੋਈ ਜੋ ਸੰਖ ਤਕ ਨਾਂ ਬਜਾਇ ਸਕਣ। ਬਹੂ ਬੇਟੀਆਂ ਆਪਣੀਆਂ ਸੰਭਾਲਣੀਆਂ ਇਨਾਂ ਨੂੰ ਅਤਿ ਕਠਨ ਹੋ ਗਈਆਂ। ਵਿਧਵਾਂ ਨੂੰ ਜੀਊਂਦਿਆਂ ਜਲਾਇਕੇ/ਸਤੀ ਕਰ ਦੇਣਾ ਅਰ ਸਤ ਅਠ ਬਰਸ ਦੀ ਕੰਨਯਾਂ ਨੂੰ ਵਿਆਹ ਦੇਣਾ ਅਰ ਜਿਨਹਾਂ ਦੇ ਬਡੇ ਮਰੀਚ, ਕਾਸ਼ਪ, ਵਸ਼ਿਸ਼ਟ, ਨਾਰਦ ਬਿਸ੍ਵਾਮਿਤ੍ਰ ਆਦਿਕ ਰਿਖੀ ਮੁਨੀਆਂ ਦੇ ਸਿਰ ਕੇ ਕੇਸਾਂ ਦਾ ਜੂੜੇ ਅਰ ਅਵਤਾਰਾਂ ਦੇ ਸਿਰ ਪਰ ਬੀ ਕੇਸ ਸੇ, ਉਨਹਾਂ ਦੀਆਂ ਸੰਤਾਨਾਂ ਦੇ ਮੁੰਡਨ ਕਰਾਉਣੇ ਅਰ ਧੂੰਏਂ ਉਡਾਉਣੇ ਮੰਨ ਲਏ, ਅਰ ਜਿਨਾਂ ਨੂੰ ਸਿਰ ਉਤਾਰਨ ਦੇ ਬਦਲੇ ਸਿਰ ਮੁੰਡਨ ਦਾ ਦੰਡ ਦਿਤਾ ਜਾਂਦਾ ਸੀ, ਹੁਣ ਆਪੇ ਹੀ ਨਾਈ ਦੇ ਅਗੇ ਸਿਰ ਰਖਣ ਲਗੇ। ਇਤਯਾਦਿਕ ਅਨੇਕ ਕੁਰੀਤੀਆਂ ਸਭ ਮੁਸਲਮਾਨਾਂ ਦੇ ਜ਼ੁਲਮ ਦੇ ਭਯ ਤੇ ਹੀ ਹਿੰਦੂਆਂ ਵਿਚ ਜਾਰੀ ਹੋ ਗਈਆਂ। ਮੁਸਲਮਾਨਾਂ ਦੇ

ਸਮਯ ਕਾਨੂੰਨ ਜਾਰੀ ਹੋਇਆ ਕਿ ਜੇ ਕੋਈ ਸਿਰ ਤੇ ਢਾਈ. ਵਾਲ ਬੋਦੀ ਦੇ ਨਸ਼ਾਨੀ ਮਾਤ੍ਰ ਬੀ ਰਖੇ ਤਾਂ ਸਰਕਾਰ ਦਾ ਜੇਜ਼ੀਆ ਦੇਵੇ ਅਰ ਤੀਰਥਾਂ ਦੇ ਸ਼ਨਾਨ ਪਰ ਭੀ ਗਇਆ ਦੇ ਪਿੰਡ ਭਰਾਉਣ ਪਰ ਬੀ ਜੇਜ਼ੀਆ ਅਰ ਕਰ ਲਗਦਾ ਸੀ। ਕੁਰੂਖੇਤਰ, ਅਯੁਧਯਾ, ਬਨਾਰਸ ਵਿਸ਼ਵੇਸ਼ਰ ਨਾਥ ਆਦਿ ਤੀਰਥ ਸਥਾਨ ਦੇਵ ਮੰਦਰ ਜੇਹੜੇ ਨਾਮ ਮਾਤਰ ਰੈਹ ਭੀ ਗਏ ਤਾਂ ਉਨਾਂ ਦੇ ਸਿਰ ਪੁਰ ਮਸੀਤਾਂ ਬਣਵਾਈਆ ਗਈਆਂ। ਸੰਖ ਧੁਨਾਂ ਬੰਦ, ਅਰ ਬਾਂਗਾਂ ਮਿਲਨ, ਰਾਜਕੁਮਾਰ ਆਦਿ ਨਾਮ ਛਡਕੇ ਰਾਜਪੂਤ ਮੀਏਂ ਕਹਾਉਣ ਲਗੇ, ਉੱਤਮ ਦਿਨਾਂ ਪੁਰਬਾਂ ਵਿਚ ਹਿੰਦੂਆਂ ਦੇ ਦਿਲ ਦੁਖਾਉਣ ਵਾਸਤੇ ਬਜ਼ਾਰਾਂ ਚੌਕਾਂ ਵਿਚ ਗਊਆਂ ਦੇ ਬਧ ਕੀਤੇ ਜਾਣ, ਖੂਹਾਂ ਵਿਚ ਚਮੜੇ ਦੇ ਬੋਕੇ ਪਾਏ ਗਏ, ਰਾਜ ਕੁਮਾਰੀਆਂ ਮੁਸਲਮਾਨ ਪਾਤਸ਼ਾਹਾਂ ਨੇ ਵਿਆਹੀਆਂ। ਹਿੰਦੁਸਤਾਨੀ ਲੋਕ ਗੋਲੇ ਬਣਾਉਣੇ ਵਾਸਤੇ ਤਾਤਾਰ ਨੂੰ ਲੈ ਚਲੇ, ਰਾਹ ਵਿਚ ਜਦ ਰਸਦ ਸਮਾਨ ਮੁਕ ਗਿਆ ਤਾਂ ਪੰਦਰਾਂ ਹਜ਼ਾਰ ਜ਼ਿੰਦਾ ਕਤਲ ਕਰਵਾ ਦਿਤੀਆਂ। ਚੰਗੇਜ ਖਾਨ ਨੇ ਫੌਜ ਨੂੰ ਹੁਕਮ ਦਿਤਾ, ਰਯਤ ਦਾ ਸ਼ਕਾਰ ਖੇਲੋ ਅਰ ਪਸੂਆਂ ਦੀ ਤਰਾਂ ਮਨੁਖ ਕਤਲ ਕੀਤੇ ਗਏ। ਐਸੇ ਐਸੇ ਅੰਧੇਰ ਪਾਤਸ਼ਾਹਾਂ ਵਲੋਂ ਹੋ ਰਹੇ ਸੇ, ਅਰ ਪਰਜਾ ਵਿਚ ਧਰਮ ਦਾ ਨਾਸ ਦਯਾ ਤੇ ਹੀਨ ਲੋਕ ਹੋ ਗਏ, ਪੁਤ੍ਰੀਆਂ ਦਾ ਮੁਲ ਪਾਉਣ ਲਗੇ, ਝੂਠ ਜੂਆ ਪਖੰਡ ਆਤਮ ਘਾਤ ਅਤੇ ਬ੍ਰਹਮ ਹਤਿਆ ਗਊ ਘਾਤ ਤੇ ਕੰਨਜਾਂ ਘਾਤ ਅਭਖ ਭਖਨ ਦੁਰਾਚਾਰ ਅਨਾਚਾਰ ਬਿਸ਼ਯ ਵਿਕਾਰ ਪ੍ਰਵਿਰਤ ਹੋਏ। ਭਾਈ ਗੁਰਦਾਸ ਜੀ ਲਿਖਦੇ ਹਨ:-

ਚਾਰਿ ਵਰਨਿ ਚਾਰਿ ਮਜ਼ਹਬਾਂ ਜਗਿ ਵਿਚਿ ਹਿੰਦੂ ਮੁਸਲਮਾਣੇ।
ਖੁਦੀ ਬਖੀਲਿ ਤੱਕਬਰੀ ਖਿੰਚੋਤਾਣਿ ਕਰੇਨਿ ਧਿਙਾਣੇ।
ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ।
ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ।
ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ।
ਬੇਦ ਕਤੇਬ ਭੁਲਾਇਕੈ ਮੋਹੇ ਲਾਲਚ ਦੁਨੀ ਸੈਤਾਣੇ।
ਸਚੁ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਮ੍ਹਣ ਮੌਲਾਣੇ।
ਸਿਰੋਂ ਨਾ ਮਿਟੇ ਆਵਣ ਜਾਣੇ। [੨੧ ਪੌੜੀ ਵਾਰ ੧

ਐਸੇ ਘੋਰ ਸਮਯ ਵਿਖੇ ਦੀਨ ਦੁਖੀ ਧਰਮਾਤਮਾ ਦੀ ਪੁਕਾਰ ਸੁਣਕੇ ਕਰਤਾਰ ਨੇ ਸੰਸਾਰ ਦਾ ਉਧਾਰ ਕਰਨਾ ਚਿਤਵ ਕੇ ਗੁਰੂ ਨਾਨਕ ਜੀ ਨੂੰ ਭੂਮੰਡਲ ਵਿਚ ਭੇਜਿਆ। ਗੁਰੂ ਸਾਹਿਬ ਨੇ ਐਸੀਆਂ ਰੀਤਾਂ

ਚਲਾਈਆਂ, ਜਿਨ੍ਹਾਂ ਕਰਕੇ ਵੈਰ ਵਿਰੋਧ ਦੁਬਿਧਾ ਫਸਾਦ ਦਾ ਨਾਮ ਨਿਸ਼ਾਨ ਹੀ ਨਾ ਰਹੇ, ਜਿਹਾ ਕੂ ਚਰਨ ਧਣੇ ਚਰਨਾਮ੍ਰਿਤ ਲੈਣਾ, ਚਰਨ ਬੰਦਨਾ ਕਰਨੀ ਹੁਣ ਜੇਹੜੇ ਚਰਨ ਧੋਣਗੇ ਓਹ ਲੜਾਈ ਫਸਾਦ ਕਿਸ ਤਰਾਂ ਕਰਨਗੇ । ਅਰ ਜੇਹੜੇ ਧੁਉਣਗੇ ਓਹ ਕਿਸ ਤਰਾਂ ਉਨ੍ਹਾਂ ਨਾਲ ਵੈਰ ਕਮਾਉਣਗੇ ? ਬੋਲਾ "ਪੈਰੀ ਪਏ ਚਲਾਯਾ," ਜੋ ਪੈਰੀ ਪਏਗਾ, ਓਹ ਹਥੀਂ ਕਿਸ ਤਰਾਂ ਪਏਗਾ, ਰੰਕ ਰਾਜਾ ਦੇ ਅਰ ਰਾਜਾ ਰੰਕ ਦੀ ਪੈਰੀਂ ਪਏ, ਬੋਲ਼ੇ ਵਿਚ ਸਮ ਹੋ ਗਏ। ਸਤਿਨਾਮ ਮੰਤ੍ਰ ਦਾ ਜਾਪ ਦਸਕੇ ਚਾਰ ਵਰਨਾਂ ਦਾ ਸੰਗਤ ਵਿਖੇ ਇਕ ਵਰਨ ਕਰ ਦਿਤਾ, ਜਿਸ ਕਰਕੇ ਆਪ ਵਿਚ ਮੈਤ੍ਰੀ ਮਿਲਾਪ ਵਧੇ, ਪਰਮੇਸ਼ਰ ਦਾ ਪ੍ਰੇਮ ਨਾਲ ਜਪਣ ਦਾ ਨੇਮ ਪਿਛਲੀ ਰਾਤ ਜਾਗਣਾ ਨਿਤ ਸ਼ਨਾਨ ਯਥਾ ਸ਼ਕਤ ਦਾਨ, ਵਾਹਿਗੁਰੂ ਦੇ ਚਰਨਾਂ ਦਾ ਧਿਆਨ, ਅਤਿਥ ਅਭਯਾਗਤ ਨੂੰ ਸਨਮਾਨ, ਸਚ ਬੋਲਣਾ ਪੂਰਾ ਤੋਲਨਾ ਧਰਮ ਦੀ ਕਿਰਤ ਕਰਨੀ, ਕਮਾਈ ਵਿਚੋਂ ਦਸਵੰਧ ਗੁਰੂ ਕਾ ਦੇਣਾ, ਪਰਾਈ ਇਸਤ੍ਰੀ ਪਰਾਏ ਧੰਨ ਦਾ ਤਯਾਗ, ਮਨ ਵਿਚ ਸਦਾ ਵੈਰਾਗ, ਮੁਖ ਵਿਚ ਭਗਤੀ ਲੂਣ ਖਾਕੇ ਬੁਰਾ ਨਾ ਕਰਨਾ, ਸ੍ਵਾਮੀ ਦਾ ਕ੍ਰਿਤਗਯ ਰਹਿਣਾ, ਦੀਨ ਦੁਖੀ ਪਰ ਦਯਾ ਕਰਨੀ ਵੰਡ ਖਾਣਾ, ਗੁਰਬਾਣੀ ਨਾਲ ਪਿਆਰ ਭਗਵਤ ਭਾਣੇ ਵਿਚ ਪਰਸੰਨ ਰਹਿਣਾ, ਇਤਯਾਦਿਕ ਰਹਿਤਾਂ ਦਸਕੇ ਪਰਜਾ ਦਾ ਉਧਾਰ ਕੀਤਾ, ਜ਼ਾਲਮ ਰਾਜਿਆਂ ਦੀ ਥਾਂ ਸਤਿਗੁਰੂ ਦੇ ਬਚਨਾਂ ਨਾਲ ਨਯਾਕਾਰੀ ਨਿਰਪਖਯ ਰਾਜਾ ਆਏ, ਜਿਸ ਬ੍ਰਿਟਸ਼ ਰਾਜ ਦੇ ਅਨੰਤ ਸੁਖ ਪਰਜਾ ਨੇ ਪਾਏ, ਸਬਰ ਅੰਧੇਰ ਮਿਟਾਏ, ਯਥਾ ਸ੍ਰੀ ਮੁਖਵਾਕ (ਹੁਣ ਹੁਕਮ ਹੋਯਾ ਮਿਹਰਵਾਨ ਦਾ ਪੈ ਕੋਇ ਨ ਕਿਸੈ ਰਞਾਣਦਾ ॥ ਸਭ ਸੁਖਾਲੀ ਵੁਠੀਆ ਇਹ ਹੋਆ ਹਲੇਮੀ ਰਾਜ ਜੀਉ) ਸੁਣ ਸਭ ਦੇ ਮਨ ਸ਼ਾਂਤ ਹੋ ਗਏ ਕਲਿਜੁਗ ਦੇ ਕਲੇਸ਼ ਮਿਟ ਗਏ, ਜੈਸੇ ਲਿਖਿਆ ਹੈ—

> ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ । ਚਰਨ ਧੋਇ ਰਹਿਰਾਸਿ ਕਰ ਚਰਨਾਮ੍ਰਿਤੁ ਸਿਖਾਂ ਪੀਲਾਇਆ। ਪਾਰਬ੍ਰਹਮੁ ਪੂਰਨ ਬ੍ਰਹਮੁ ਕਲਿਜੁਗਿ ਅੰਦਰਿ ਇਕੁ ਦਿਖਾਇਆ । ਚਾਰੇ ਪੈਰ ਧੱਰਮ ਦੇ ਚਾਰਿ ਵਰਨਿ ਇਕੁ ਵਰਨੁ ਕਰਾਇਆ। ਰਾਣਾ ਰੰਕੁ ਬਰਾਬਰੀ ਪੈਰੀ ਪਾਵਣਾ ਜਗਿ ਵਰਤਾਇਆ। ਉਲਟਾ ਖੇਲੁ ਪਿਰੰਮ ਦਾ ਪੈਰਾ ਉਪਰ ਸੀਸੁ ਨਿਵਾਇਆ । ਕਲਿਜੁਗੁ ਬਾਬੇ

ਤਾਰਿਆ ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ। ਕਲਿ ਤਾਰਨਿ
ਗੁਰ ਨਾਨਕੁ ਆਇਆ। [੨੩ ਪੌ: ੧ ਵਾਰ

ਇਕ ਕਰਤਾਰ ਦੀ ਉਪਾਸ਼ਨਾ ਦ੍ਰਿੜ ਕਰਾਈ।

ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ ॥
ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ ॥

ਅੰਨਯਮਤਾ ਵਲ ਬੀ ਆਪਣੇ ਸੰਮਤ ਦੇ ਪ੍ਰਤਿਪਾਦਨ ਕਰਦੇ ਹੋਰਨਾਂ ਸਭਨਾਂ ਮਤਾਂ ਦੇ ਵਿਰੁਧ ਬੋਲਦੇ ਅਰ ਖੰਡਤ ਕਰਦੇ ਹਨ ਪ੍ਰੰਤੂ ਗੁਰੂ ਨਾਨਕ ਸਾਹਿਬ ਨੇ ਇਹ ਆਗਿਆ ਦਿਤੀ ਕਿ–

ਨਿੰਦਿਆ ਭਲੀ ਕਿਸੀ ਕੀ ਨਾਹੀ ਮਨਮੁਖਿ ਮੁਗਧੁ ਕਰੰਨ ॥
ਮੂੰਹ ਕਾਲੇ ਤਿਨ ਨਿੰਦਕਾਂ ਨਰਕੇ ਘੋਰ ਪਵੰਨ ॥

ਪੁਨਾ: ਸਭ ਕੋ ਆਖੈ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ ॥
ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ ॥
ਜਾ ਰਹਿਣਾ ਨਾਹੀ ਐਤੁ ਜਗਿ ਤਾਂ ਕਾਇਤੁ ਗਾਰਬਿ ਹੰਢੀਐ ॥
ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ਮੂਰਖੈ
ਨਾਲਿ ਨ ਲੁਝੀਐ ॥੧੯॥ [੧੯ ਪੌੜੀ ਆਸਾ ਦੀ ਵਾਰ

ਪਿਆਰੇ ਭਾਈਓ ! ਜੇ ਤੁਸੀਂ ਵਿਦਿਆ ਪੜ੍ਹੇ ਹੋ, ਅਰ ਜੇ ਤੁਹਾਨੂੰ ਕੁਛ ਸਮਝ ਆਈ ਹੈ ਤਾਂ ਕਿਸੇ ਨੂੰ ਮੰਦਾ ਨਾ ਆਖੋ,

ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥

ਅਰ ਸਤਿਗੁਰੂ ਦੇ ਮੂਲ ਮੰਤ੍ਰ ਜਪੁਜੀ ਦੀ ਆਦਿ ਪੌੜੀ ਹੈ–

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ॥ ਆਦਿ ਸਚੁ ਜੁਗਾਦਿ
ਸਚੁ ਹੈਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥

ਇਸ ਮੰਤ੍ਰ ਨਾਲ ਰਲਾਓ, ਜੇ ਕਿਸੇ ਦਾ ਮੰਤ੍ਰ ਰਲਦਾ ਹੈ ? ਸ਼ੀਸ਼ ਮਹਲ ਵਿਚ ਜਾਕੇ ਬੀ ਕੀੜੀ ਛਿਦ੍ਰ ਹੀ ਢੂੰਡਦੀ ਹੈ, ਐਸੇ ਹੀ ਦਵੇਸ਼ੀਆਂ ਨੇ ਇਸ ਵਿਚੋਂ ਇਹੁ ਦੋਸ਼ ਚੁਣਿਆਂ ਕਿ ਨਿਰਭਉ ਪਦ ਲਿਖਿਆ ਹੈ ਅਸ਼ੁੱਧ ਹੈ, ਸੰਸਕ੍ਰਿਤ ਮੇਂ ਨਿਰਭਯ ਸੁਧ ਹੈ। ਪਰ ਇਹ ਨਹੀਂ ਜਾਣਦੇ ਕਿ ਗੁਰੂ ਸਾਹਿਬ ਨੇ ਜੋ ਨਿਰਭਉ ਲਿਖਿਆ ਹੈ ਇਸਦਾ ਕੀ ਭਾਵ ਹੈ। ਸਤਿਗੁਰੂ ਦਾ ਉਪਦੇਸ਼ ਸਭ ਸੰਸਾਰ ਦੇ ਵਾਸਤੇ ਹੈ, ਸਭ ਦਾ

ਸਾਂਝਾ ਹੈ, ਅਸੀਂ ਇਹ ਗਲ ਦਾਵੇ ਨਾਲ ਕਹਿ ਸਕਦੇ ਹਾਂ ਜੋ ਲੋਕ ਗੁਰੂ ਨਾਨਕ ਜੀ ਦੇ ਉਪਦੇਸ਼ ਅਰ ਸਿਖਯਾ ਤੋਂ ਅਗਯਾਤ ਹੈ, ਉਹ ਪ੍ਰਮੇਸ਼ਰ ਦੇ ਦਰਬਾਰ ਵਿਚ ਪਰਵੇਸ਼ ਨਹੀਂ ਕਰ ਸਕਦੇ। ਗੁਰੂ ਨਾਨਕ ਸਾਹਿਬ ਸੂਰਜ ਚਮਕੇ ਉਨਾਂ ਦੇ ਬਚਨ ਕਿਰਨਾਂ ਪ੍ਰਕਾਸ਼ੀਆਂ, ਪਰ ਓਹ ਉਲੂਆਂ ਦੀ ਤਰ੍ਹਾਂ ਅੰਧੇ ਰਹੇ। ਮੁਕਤੀ ਦਾ ਦਵਾਰਾ ਸੰਸਾਰ ਦੇ ਉਧਾਰ ਵਾਸਤੇ ਖੁਲਾ ਪਰ ਅੰਧਿਆਂ ਨੂੰ ਨਾ ਦਿਸਿਆ। ਅਜੇ ਬੀ ਸਮਯ ਹੈ, ਜਦ ਤਕ ਨਕ ਵਿਚ ਸਵਾਸ ਹਨ, ਜਦ ਤਕ ਮੁਖ ਗ੍ਰਾਸ ਵਿਚ ਹਨ, ਤਦ ਤਕ ਜਨਮ ਸਫਲ ਕਰਨ ਦਾ ਵੇਲਾ ਹੈ। ਸਤਿਗੁਰੂ ਦੀ ਸਰਨ ਆਓ, ਸਚੇ ਉਪਦੇਸ਼ ਸੁਣੋ, ਵਿਚਾਰੋ, ਕਮਾਓ, ਹਿਰਦੇ ਵਿਚ ਧਾਰੋ, ਅਰ ਸੁਖ ਪਾਓ ਕਿਉਂਕਿ ਲਿਖਿਆ ਹੈ–

ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥
ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥

*

ਨੰਬਰ ੫

ਧੰਨ ਧੰਨ ਗੁਰੁ ਨਾਨਕ ਸਮਦਰਸੀ ਜਿਨ ਨਿੰਦਾ ਉਸਤਤਿ ਤਰੀ ਤਰਾਤ ॥

ਦੋਹਰਾ ॥ ਨਭ ਮੰਡਲ ਉਪਜੀ ਘਟਾ ਲੀਓ ਗਗਨਿ ਤਿਨ ਛਾਇ।
ਤੈਸੇ ਗੁਰੂ ਹਰਿ ਮਹਿ ਮਿਲੇ ਤਨ ਉਪਦੇਸ਼ ਬਤਾਇ।

ਪ੍ਰੇਮੀ ਪੁਰਸ਼ੋ ! ਨਾਮ ਦੇ ਉਚਾਰ, ਸਤਜ ਧਰਮ ਦੇ ਪ੍ਰਚਾਰ, ਭੂਖੰਡ ਮੰਡਲ ਸੰਸਾਰ ਦੇ ਉਧਾਰ ਕਰਨ ਵਾਸਤੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਆਏ, ਜਿਨਾਂ ਨੇ ਆਪਣੇ ਘਰ ਦੇਸ ਕੁਟੰਬ ਇਸਤ੍ਰੀ ਪੁਤਰ ਪਰਵਾਰ ਤਿਆਗ ਕੇ ਸਤ ਦੀਪ ਨੌਂ ਖੰਡ ਧਰਤੀ ਪੂਰਬ ਪਛਮ ਉਤਰ ਦਖਣ ਚਾਰੇ ਕੁੰਟਾਂ ਵਿਚ ਫਿਰਕੇ ਸਤਯ ਉਪਦੇਸ਼ ਦਿਤੇ, ਅਰ ਮਹਾਂ ਜੜ੍ਹ ਬੁਧੀ ਪਸ਼ੂ ਸਮਾਨ ਜਹਾਨ ਨੂੰ ਕਰਤਾਰ ਦੇ ਧਿਆਨ ਅਰ ਭਗਤੀ ਵਿਖੇ ਲਾਇਆ।

੧. ਸੁਮੇਰ ਪਰਬਤ ਪਰ ਸਿਧਾਂ ਨੂੰ ਸ੍ਰੀ ਜਪੁਜੀ ਸਾਹਿਬ ਸੁਣਾਇਆ। ਦਸਤਗੀਰ ਪੀਰ ਨੂੰ ਮਿਲ ਕੇ ਤਿਸਨੂੰ ਅੱਖ ਦੇ ਫਰਕਨ ਵਿਚ ਲਖਾਂ ਅਕਾਸ ਪਤਾਲ ਦਿਖਾਏ।

੨. ਮੱਕੇ ਮਦੀਨੇ ਵਿਚ ਰਹਿੰਦਿਆਂ ਇਮਾਮਾਂ ਨੂੰ ਹੀ ਸਤਿਨਾਮ ਦਾ ਉਪਦੇਸ਼ ਸੁਣਾਇਆ ਅਰ ਸਚੀਆਂ ਨਿਮਾਜਾਂ ਸਚੇ ਰੋਜੇ ਦਸੇ।

੩. ਅਰ ਮੁਹੰਮਦ ਸਾਹਿਬ ਦੀ ਕਬਰ ਨੂੰ ਬੁਲਾਇਆ ਜਿਸ ਵਿਚੋਂ ਭੀ ਉਹੋ ਅਵਾਜ਼ ਆਈ ਜੋ ਗੁਰੂ ਸਾਹਿਬ ਕਹਿੰਦੇ ਸੇ ਕਿ (ਜੇਹਾ ਬੀਜੇ ਸੋ ਲੁਣੇ॥ ਯਥਾ–ਬੀਰ ਸਲਾਮਾਲੇਕ ਬਰਾ ਖੁਦਾਈ ਸਚ ਚਉ। ਦਰਗਹਿ ਕਿਤ ਵਸੇਖ ਜੇਹਾ ਬੀਜੇ ਸੋ ਲੁਣੇ) ਉਪਰੰਤ ਸਤ-ਘਰੇ ਨਾਮੇ ਨਗਰ ਵਿਖੇ ਅਭੈ ਚੰਦ ਸ਼ਾਹ ਦੇ ਪਰਥਾਇ–(ਨਾਨਕ ਦੁਖੀਆ ਸਭੁ ਸੰਸਾਰੁ) ਏਹ ਸਲੋਕ ਉਚਾਰਕੇ ਸਭ ਨੂੰ ਧੀਰਜ ਦਿਤਾ ਅਰ ਸ਼ਾਹ ਨੂੰ ਅਰੋਗ ਕੀਤਾ।

੪. ਫੇਰ ਕਰਤਾਰ ਪੁਰ ਨਗਰ ਵਸਾਇਆ, ਧਰਮਸਾਲਾ ਬਣਵਾਇਕੇ ਸੰਸਾਰੀ ਪੋਸ਼ਾਕ ਪਹਿਨਕੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਸੂਰਯੋਦਯ ਸੇ ਕਰਤਾਰ ਦੇ ਗੁਣਾਂ ਦਾ ਬੀਚਾਰ ਚਾਰ ਘੜੀ ਦਿਨ ਰਹੇ ਦੀਵਾਨ ਵਿਖੇ ਸ਼ਬਦ ਕੀਰਤਨ ਦਾ ਉਚਾਰ ਸਤਯ ਉਪਦੇਸ਼ ਦਾ ਪ੍ਰਚਾਰ ਇਤਿਆਦਿ ਮਰਯਾਦਾਂ ਚਲਾਈਆਂ।

੫. ਇਥੇ ਰਹਿੰਦਿਆਂ ਸੁਣਿਆ ਜੋ ਸ਼ਿਵਰਾਤ ਦਾ ਮੇਲਾ ਵਟਾਲੇ ਦੇ ਪਾਸ਼ ਅਚਲ ਨਾਮ ਸ਼ਿਵਜੀ ਦੇ ਸਥਾਨ ਪਰ ਬੜਾ ਭਾਰੀ ਹੁੰਦਾ ਹੈ, ਅਰ ਸਭ ਸਿਧ ਨਾਥ ਇਕਤ੍ਰ ਹੁੰਦੇ ਹਨ, ਸੋ ਬਾਬਾ ਜੀ ਬਾਲੇ ਮਰਦਾਨੇ ਨੂੰ ਨਾਲ ਲੈਕੇ ਇਕ ਬ੍ਰਿਛ ਹੇਠ ਆਇ ਬੈਠੇ। ਮਰਦਾਨੇ ਨੇ ਰਬਾਬ ਵਜਾਇਆ ਅਰ ਸ਼ਬਦ ਗਾਵਿਆ।

ਗਉੜੀ ਮਹਲਾ ੧ ॥

ਪਉਣੈ ਪਾਣੀ ਅਗਨੀ ਕਾ ਮੇਲੁ॥ ਚੰਚਲ ਚਪਲ ਬੁਧਿ ਕਾ ਖੇਲੁ॥ ਨਉ ਦਰਵਾਜੇ ਦਸਵਾਂ ਦੁਆਰੁ॥ ਬੁਝੁ ਰੇ ਗਿਆਨੀ ਏਹੁ ਬੀਚਾਰੁ ॥੧॥ ਕਥਤਾ ਬਕਤਾ ਸੁਨਤਾ ਸੋਈ ॥ ਆਪੁ ਬੀਚਾਰੇ ਸੁ ਗਿਆਨੀ ਹੋਈ ॥੧॥ ਰਹਾਉ॥ ਦੇਹੀ ਮਾਟੀ ਬੋਲੈ ਪਉਣੁ ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ॥ ਮੂਈ ਸੁਰਤਿ ਬਾਦੁ ਅਹੰਕਾਰੁ॥ ਓਹੁ ਨ ਮੂਆ ਜੋ ਦੇਖਣਹਾਰੁ ॥੨॥ ਜੈ ਕਾਰਣਿ ਤਟਿ ਤੀਰਥ ਜਾਹੀ॥ ਰਤਨ ਪਦਾਰਥ ਘਟ ਹੀ ਮਾਹੀ॥ ਪੜਿ ਪੜਿ ਪੰਡਿਤੁ ਬਾਦੁ ਵਖਾਣੈ॥ ਭੀਤਰਿ ਹੋਦੀ ਵਸਤੁ ਨ ਜਾਣੈ ॥੩॥ ਹਉ ਨਾ ਮੂਆ ਮੇਰੀ ਮੁਈ ਬਲਾਇ॥ ਓਹੁ ਨ ਮੂਆ ਜੋ ਰਹਿਆ ਸਮਾਇ ॥ ਕਹੁ ਨਾਨਕ ਗੁਰਿ

ਬ੍ਰਹਮੁ ਦਿਖਾਇਆ ॥ ਮਰਤਾ ਜਾਤਾ ਨਦਰਿ ਨ ਆਇਆ ॥੪॥੪॥

ਗੁਰੂ ਸਾਹਿਬ ਦੀ ਮਨੋਹਰ ਮੂਰਤਿ ਸੁੰਦਰ ਸੂਰਤਿ ਮਧੁਰ ਬਾਣੀ ਯਾਤਰੀਆਂ ਦੇ ਮਨਾਂ ਨੂੰ ਅਜੇਹੀ ਭਾਈ, ਜੋ ਸਾਰੀ ਲੋਕਾਈ, ਸਤਿਗੁਰੂ ਜੀ ਦੇ ਦਰਸ਼ਨ ਨੂੰ ਦੌੜੀ ਆਈ ਅਰ ਸਤਿਗੁਰੂ ਭਾਵੇਂ ਵਿਰਕਤ ਚਿਤ ਪਰਮ ਤਿਆਗੀ ਸੇ, ਪਰ ਮਾਯਾ ਲਛਮੀ ਦੀ ਲੋਕਾਂ ਨੇ ਬਰਖਾ ਬਰਸਾਈ, ਰਿੱਧ ਸਿਧ ਨਿੱਧ ਦੌੜੀ ਚਲੀ ਆਈ, ਏਹ ਦੇਖਕੇ ਸਿਧਾਂ ਦੇ ਮਨ ਵਿਚ ਈਰਖਾ ਆਈ, ਤਿਨਾਂ ਦੇ ਹਿਰਦੇ ਜਲੇ। ਸਾਰਾ ਮੇਲਾ ਗੁਰੂ ਸਾਹਿਬ ਦੀ ਵਲ ਉਲਟਿਆ ਵੇਖਕੇ ਭਗਤੀਆਂ ਨੇ ਭੀ ਗੁਰੂ ਸਾਹਿਬ ਦੇ ਹਜ਼ੂਰ ਹੀ ਆਣ ਅਖਾੜਾ ਲਾਇਆ ਅਰ ਸਾਜ ਵਜਾਦਿਕੇ ਭਗਤੀ ਕਰਨ ਲਗੇ ਸਿਧਾਂ ਨੇ ਈਰਖਾ ਨਾਲ ਤਿੰਨਾਂ ਦਾ ਲੋਟਾ ਜਿਸ ਵਿਚ ਲੋਕ ਪੈਸੇ ਰੁਪਏ ਪਾਈ ਜਾਂਦੇ ਸਨ, ਛਿਪਾਇ ਲੀਆ, ਇਹ ਭਗਤੀਏ ਕੇਵਲ ਮਾਯਾ ਦੇ ਲੋਭੀ ਅਰ ਨਾਮ ਮਾਤਰ ਹੀ ਭਗਤ ਸੇ, ਇਨ੍ਹਾਂ ਦੀ ਸੁਰਤੀ ਉਡ ਗਈ ਭਗਤੀ ਛਡ ਲੋਟੇ ਦੀ ਭਾਲ ਵਿਚ ਲਗੇ, ਅਰ ਸਤਿਗੁਰੂ ਦਾ ਅਧਾਰ ਅਰ ਅਹਾਰ ਕੇਵਲ ਨਾਮ ਸੀ, ਇਸ ਕਾਰਨ ਗੁਰੂ ਜੀ ਬੋਲੇ ਭਾਈ ਸਚੇ ਧਨ ਨੂੰ ਛਡਕੇ ਤੁਸੀਂ ਕਿਸ ਨਾਸਵੰਤ ਪਦਾਰਥ ਵਿਖੇ ਮਨ ਲਾਯਾ ਹੈ। 'ਜਿਸਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸ਼ਾਹੀ ਪਤਿਸਾਹੁ' ਤਾਂ ਭਗਤੀਏ ਬੋਲੇ, ਸਚੇ ਪਾਤਸ਼ਾਹ ਅਸੀਂ ਤੁਛ ਜੀਵ ਹਾਂ ਅਸੀਂ ਤਾਂ ਮਾਇਆ ਦੀ ਭਗਤੀ ਕਰਨ ਵਾਲੇ ਹਾਂ ਜਦ ਤਕ ਸਾਡਾ ਲੋਟਾ ਨਾ ਆਵੇ ਸਾਡਾ ਮਨ ਮਾਯਾ ਵਿਚ ਲਗਾ ਰਹੇਗਾ ਭਗਤੀ ਨਹੀਂ ਕਰ ਸਕਦੇ। ਸਰਬਗ ਸਤਿਗੁਰੂ ਨੇ ਆਪਨਾ ਹਥ ਲੰਮਾ ਕੀਤਾ ਅਰ ਸਿਧਾਂ ਦਾ ਲੁਕਾਯਾ ਹੋਇਆ ਲੋਟਾ ਤਿਨ੍ਹਾਂ ਦੇ ਅਗੇ ਰਖ ਦਿਤਾ, ਦੇਖਣ ਵਾਲਿਆਂ ਨੇ ਅਚੰਭਾ ਕੀਤਾ ਪਰੰਤੂ ਜੋਗੀਆਂ ਨੇ ਬੜੀ ਖੁਨਸ ਖਾਧੀ, ਗੁਰੂ ਕੀ ਵਡਿਆਈ ਵਧੀ ਦੇਖ ਨ ਸਕੇ।

ਇਕਠੇ ਹੋਇਕੇ ਚਰਚਾ ਕਰਨ ਆਏ। ਭੰਗਰ ਨਾਥ ਬੋਲਿਆ ਹੇ ਨਾਨਕ ਤਪਾ ਜਿਥੇ ਜਿਥੇ ਅਸੀਂ ਜੋਗ ਦੇ ਬਲ ਪਹੁੰਚੇ ਤੂੰ ਭੀ ਉਥੇ ਉਥੇ ਸਾਡੇ ਕੋਲ ਪਹੁੰਚਾ ਅਰ ਤੈਂ ਸਾਰੇ ਤੀਰਥ ਕੀਤੇ ਪਰੰਤੂ ਜਿਸ ਤਰਾਂ ਕੋਈ ਦੁਧ ਦੇ ਮਟ ਵਿਚ ਕਾਂਜੀ ਪਾਇ ਦੇਵੇ ਤਾਂ ਦੁਧ ਫਿਟ ਜਾਂਦਾ ਹੈ, ਫੇਰ ਭਾਵੇਂ ਕੋਈ ਕਿਤਨਾ ਰਿੜਕੇ ਬਾਹਾਂ ਥਕ ਜਾਣ ਪਰ ਮਖਣ ਨਹੀਂ ਨਿਕਲਦਾ। ਸੋ ਤੈਂ ਉਦਾਸੀ ਭੇਖ ਉਤਾਰਕੇ ਹੁਣ ਸੰਸਾਰੀ ਕਪੜੇ ਪਹਿਨ ਲਏ, ਆਤਮ ਗਿਆਨ ਕਿਸ ਤਰਾਂ ਹੋਵੇਗਾ ? ਸਤਿਗੁਰੂ ਕਹਿਆ ਨਾਥ ਜੀ ਤੇਰੀ ਮਾਂ ਕੁਚਜੀ

ਸੀ ਉਸਨੂੰ ਭਾਂਡਾ ਧੋਣ ਦਾ ਵਲ ਨਾ ਆਇਆ ਤਾਂ ਹੀ ਦੁਧ ਫਿਟਯਾ ਅਰਥਾਤ ਹਿਰਦਾ ਰੂਪ ਭਾਂਡਾ ਮਾਂਜਕੇ ਸੁਧ ਨਾ ਕੀਤਾ ਇਸੇ ਕਾਰਨ ਜੋਗ ਰੂਪੀ ਦੁਧ ਫਿਟ ਗਿਆ। ਜਿਸ ਗ੍ਰਿਹਸਥ ਨੂੰ ਤਜਕੇ ਅਤੀਤ ਜੋਗੀ ਬਣੇ ਹੁਣੇ ਉਹਨਾਂ ਹੀ ਗ੍ਰਹਸਥੀਆਂ ਦੇ ਬੂਹੇ ਬੂਹੇ ਮੰਗਦੇ ਫਿਰਦੇ ਅਰ ਉਹਨਾਂ ਦੇ ਆਸਰੇ ਪੇਟ ਪਾਲਦੇ ਹੋ ਅਰ ਲੈਣੀ ਖਾਣੀ ਭੰਗਣੀ ਤੁਸਾਂ ਆਪਣੀ ਪਰਾਲਬਧ ਹੈ। ਭਾਈ ਗੁਰਦਾਸ ਜੀ ਲਿਖਦੇ ਹਨ।

ਮੇਲਾ ਸੁਣਿ ਸਿਵਰਾਤਿ ਦਾ ਬਾਬਾ ਅਚਲ ਵਟਾਲੇ ਆਈ।
ਦਰਸਨ ਵੇਖਣਿ ਕਾਰਨੇ ਸਗਲੀ ਉਲਟਿ ਪਈ ਲੋਕਾਈ।
ਲਗੀ ਬਰਸਨਿ ਲਛਮੀ ਰਿਧਿ ਸਿਧਿ ਨਉਨਿਧਿ ਸਵਾਈ।
ਜੋਗੀ ਦੇਖਿ ਚਲਿਤ੍ਰ ਨੋ ਮਨ ਵਿਚਿ ਰਿਸਕਿ ਘਨੇਰੀ ਖਾਈ। ਭਗਤੀਆਂ ਪਾਈ ਭਗਤਿ ਆਣ ਲੋਟਾ ਜੋਗੀ ਲਇਆ ਛਪਾਈ। ਭਗਤੀਆ ਗਈ ਭਗਤਿ ਭੁਲਿ ਲੋਟੇ ਅੰਦਰਿ ਸੁਰਤਿ ਭੁਲਾਈ। ਬਾਬਾ ਜਾਣੀਜਾਣ ਪੁਰਖ ਕਢਿਆ ਲੋਟਾ ਜਹਾ ਲੁਕਾਈ। ਵੇਖਿ ਚਲਿਤ੍ਰ ਜੋਗੀ ਖੁਣਿਸਾਈ ॥ ੯ ॥

ਖਾਧੀ ਖੁਨਸਿ ਜੋਗੀਸਰਾਂ ਗੋਸਟਿ ਕਰਨਿ ਸਭੇ ਉਠਿ ਆਈ।
ਪੁਛੇ ਜੋਗੀ ਭੰਗਰ ਨਾਥੁ ਤੁਹਿ ਦੁਧ ਵਿਚਿ ਕਿਉ ਕਾਂਜੀ ਪਾਈ? ਫਿਟਿਆ ਚਾਟਾ ਦੁਧ ਦਾ ਰਿੜਕਿਆ ਮਖਣੁ ਹਥਿ ਨ ਆਈ। ਭੇਖ ਉਤਰਿ ਉਦਾਸਿ ਦਾ ਵਤਿ ਕਿਉ ਸੰਸਾਰੀ ਰੀਤਿ ਚਲਾਈ। ਨਾਨਕ ਆਖੇ ਭੰਗਰਿ ਨਾਥ ਤੇਰੀ ਮਾਉ ਕੁਚਜੀ ਆਹੀ। ਭਾਂਡਾ ਧੋਇ ਨ ਜਾਤਿਉਨਿ ਭਾਇ ਕੁਚਜੇ ਫੁਲੁ ਸੜਾਈ। ਹੋਇ ਅਤੀਤੁ ਗ੍ਰਿਸਤਿ ਤਜਿ ਫਿਰਿ ਉਨਹੁ ਕੇ ਘਰਿ ਮੰਗਣਿ ਜਾਈ।
ਬਿਨੁ ਦਿਤੇ ਕਿਛੁ ਹਥਿ ਨ ਆਈ ॥ ੪੦ ॥

ਗੁਰੂ ਸਾਹਿਬ ਦੇ ਇਹ ਬਚਨ ਸੁਣਕੇ ਜੋਗੀਆਂ ਨੇ ਕਿਲਕਾਂ ਮਾਰਕੇ ਕਈ ਰੂਹਾਂ (ਆਤਮੇ) ਭੂਤ ਪ੍ਰੇਤਾਦਿ ਪ੍ਰਗਟ ਕੀਤੇ ਅਰ ਬੋਲੇ ਇਸ ਨਾਨਕ ਬੇਦੀ ਨੇ ਖਟ ਦਰਸ਼ਨਾਂ ਸਾਧੂਆਂ ਨੂੰ ਕਸ਼ਟ ਦਿਤਾ ਹੈ, ਅਰ ਤਪਾਇਆ ਹੈ ਅਰ ਮੰਤਰ ਤੰਤਰ ਕਰਕੇ ਸ਼ੇਰ ਬਘਿਆੜ ਬਣਕੇ ਭਿਆਨਕ ਰੂਪ ਧਾਰ ਅਚਾਨਕ ਨਾਨਕ ਨਾਨਕ ਕਰਦੇ ਆਏ ਕੋਈ ਪਰ ਲਾਇ ਫੈਲਾਇਕੇ ਪਰੀਆਂ ਦੀ ਤਰਾਂ ਉਡਨ ਲਗੇ, ਕੋਈ ਸੱਪਾਂ ਦਾ ਰੂਪ ਧਾਰ ਫੁੰਕਾਰੇ ਮਾਰਨ,

ਕੋਈ ਅੱਗ ਦੇ ਅੰਗਿਆਰਿਆਂ ਦੀ ਵਰਖਾ ਵਸਾਉਣਾ ਕੋਈ ਮ੍ਰਿਗਾਨ ਵਿਛਾਇਕੇ ਮਾਯਾਵੀ ਨਦੀ ਦੇ ਜਲ ਪੁਰ ਤਾਰੀਆਂ ਲੈਨ ਲਗੇ। ਭੰਗਰਨਾਥ ਕਰੋਧ ਵਿਚ ਅਕਾਸ਼ ਦੇ ਤਾਰੇ ਲਗਾ ਤੋੜਨ, ਈਰਖਾ ਕਰੋਧ ਕਲਹਾ ਦੀ ਅਗ ਅਜਿਹੀ ਭੜਕੀ ਜੋ ਬੁਝਣ ਵਿਚ ਨਾ ਆਈ। ਅਰ ਬੋਲੇ ਹੇ ਨਾਨਕ ਤਪਾ ਅਸਾਂ ਤੈਨੂੰ ਆਪਣੀਆਂ ਸ਼ਕਤੀਆਂ ਦਿਖਾਈਆਂ ਹਨ ਤੂੰ ਭੀ ਸਾਨੂੰ ਕੋਈ ਕਰਾਮਾਤ ਦਿਖਾਲ? ਸਤਿਗੁਰੂ ਬਚਨ ਕੀਤਾ ਇਹ ਕਰਾਮਾਤਾਂ ਭਗਵੰਤ ਭਗਤਾਂ ਨੂੰ ਨਹੀਂ ਭਾਉਂਦੀਆਂ ਇਨਾਂ ਵਿਚ ਕੋਈ ਵਧੀਕ ਪਦਵੀ ਕਦੇ ਨਹੀਂ ਪਾਇ ਸਕਦੇ ਬੜੀ ਵਡਿਆਈ ਨਹੀਂ। ਜੇ ਅਕਾਸ਼ ਵਿਚ ਉਡੇ ਤਾਂ ਪੰਛੀ, ਜੇ ਜਲ ਵਿਚ ਤਰੇ ਤਾਂ ਪੰਛੀਆਂ ਨਾਲੋਂ ਵਧੀਕ ਪਦਵੀ ਕਦੇ ਨਹੀਂ ਪਾਇ ਸਕਦੇ ਬੜੀ ਵਡਿਆਈ ਪਰਮੇਸ਼ਰ ਦੇ ਨਾਮ ਜਪਣ ਅਰ ਮਨ ਸ਼ਾਂਤ ਕਰਨ ਦੀ ਹੈ। ਸਾਨੂੰ ਉਸ ਪਰਮੇਸ਼ਰ ਦੇ ਨਾਮ ਦੀ ਵਡਿਆਈ ਭਾਉਂਦੀ ਹੈ, ਨਾਮ ਬਿਨਾਂ ਹੋਰ ਸਭੇ ਕਰਮ ਤੁਛ ਅਰ ਨਿਰਾਰਥਕ ਹਨ ਅਰ ਸਿਧ ਗੋਸ਼ਟ ਉਚਾਰਕੇ ਤਿਨਾਂ ਦੇ ਮਨ ਸ਼ਾਂਤ ਕੀਤੇ।

ਸਲੋਕੁ ਮ: ੧ ॥

ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ ॥
ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ ॥
ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ ॥
ਏਵਡੁ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ ॥ ਏਤਾ
ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ ॥
ਜੇਵਡੁ ਸਾਹਿਬੁ ਤੇਵਡੁ ਦਾਤਿ ਦੇ ਦੇ ਕਰੇ ਰਜਾਈ ॥
ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ ॥ ੧ ॥

[ਵਾਰ ਮਾਝ ਸਲੋਕ ੧੯

ਭਾਈ ਗੁਰਦਾਸ ਜੀ ਲਿਖਦੇ ਹਨ:-

ਇਹਿ ਸੁਣਿ ਬਚਨਿ ਜੋਗੀਸਰਾਂ ਮਾਰਿ ਕਿਲਕ ਬਹੁ ਰੂਇ
ਉਠਾਈ। ਖਟਿ ਦਰਸਨ ਕਉ ਖੇਦਿਆ ਕਲਿਜੁਗਿ
ਨਾਨਕ ਬੇਦੀ ਆਈ। ਸਿਧਿ ਬੋਲਨਿ ਸਭਿ ਅਵਖਧੀਆ
ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ। ਰੂਪ ਵਟਾਏ ਜੋਗੀਆਂ
ਸਿੰਘ ਬਾਘਿ ਬਹੁ ਚਲਿਤਿ ਦਿਖਾਈ। ਇਕਿ ਪਰਿ ਕਰ ਕੈ
ਉਡਰਨਿ ਪੰਖੀ ਜਿਵੈ ਰਹੇ ਲੀਲਾਈ। ਇਕ ਨਾਗ ਹੋਇ
ਪਉਣ ਛੋੜਿਆ ਇਕਨਾ ਵਰਖਾ ਅਗਨਿ ਵਸਾਈ। ਤਾਰੇ

ਤੋੜੇ ਭੰਗਰਿ ਨਾਥ ਇਕ ਚੜਿ ਮ੍ਰਿਗਾਨੀ ਜਲੁ ਤਰਿ ਜਾਈ।
ਸਿਧਾ ਅਗਨਿ ਨ ਬੁਝੈ ਬੁਝਾਈ ॥ ੪੧ ॥ ਸਿਧਿ ਬੋਲਨਿ
ਸੁਣਿ ਨਾਨਕਾ! ਤੁਹਿ ਜਗ ਨੋ ਕਿਆ ਕਰਾਮਾਤਿ
ਦਿਖਾਈ। ਕੁਝੁ ਵਿਖਾਲੇ ਅਸਾਂ ਨੋ ਤੁਹਿ ਕਿਉਂ ਢਿਲ
ਅਵੇਹੀ ਲਾਈ? ਬਾਬਾ ਬੋਲੇ ਨਾਥ ਜੀ! ਅਸਿ ਵੇਖਣਿ
ਜੋਗੀ ਵਸਤੁ ਨ ਕਾਈ। ਗੁਰੁ ਸੰਗਤਿ ਬਾਣੀ ਬਿਨਾ
ਦੂਜੀ ਓਟਿ ਨਹੀ ਹੈ ਰਾਈ। ਸ਼ਿਵ ਰੂਪੀ ਕਰਤਾ ਪੁਰਖੁ
ਚਲੇ ਨਾਹੀ ਧਰਤਿ ਚਲਾਈ। ਸਿਧ ਤੰਤ੍ਰ ਮੰਤ੍ਰਿ ਕਰਿ
ਝੜ ਪਏ ਸਬਦਿ ਗੁਰੂ ਕੇ ਕਲਾ ਛਪਾਈ। ਇਤਯਾਦਿ

ਇਸ ਪ੍ਰਕਾਰ ਸਾਰੇ ਬ੍ਰਹਮੰਡ ਵਿਚ ਫਿਰਕੇ ਸਤਿ ਮਾਰਗ ਜਗਤ ਨੂੰ ਦਿਖਾਯਾ, ਇਹ ਅਕਾਲ ਪੁਰਖ ਪਰਮੇਸ਼ਰ ਦਾ ਨਾਮ ਦ੍ਰਿੜਾਯਾ, ਅੰਮ੍ਰਿਤ ਵੇਲੇ ਸ਼ਨਾਨ, ਯਥਾ ਸ਼ਕਤਿ ਗਰੀਬ ਨਿਰਧਨਾਂ, ਅਨਾਥਾਂ, ਦੀਨਾਂ, ਅੰਗ ਹੀਨਾਂ ਨੂੰ ਦਾਨ, ਸਵਾਸ ਸਵਾਸ ਜਪਣਾ ਭਾਣੇ ਵਿਚ ਰਾਜੀ ਰੈਹਣਾ, ਅਰ ਨਿਸ਼ਕਾਮ ਕ੍ਰੋਧ ਲੋਭ ਮੋਹ ਹੰਕਾਰ ਨਿੰਦਾ ਜੂਠ ਝੂਠ ਦਾ ਤਯਾਗ, ਸਤਸੰਗਤ ਨਿਤ ਕਰਨੀ, ਸ਼ਬਦ ਬਾਣੀ ਦਾ ਅਭਯਾਸ, ਮਨ ਨੀਵਾਂ, ਵੇਸ ਗਰੀਬੀ ਦਾ, ਸਚ ਬੋਲਨਾ ਇਤਯਾਦਿ ਰੀਤਾਂ ਦਸਕੇ ਕਲਿਜੁਗੀ ਜੀਵਾਂ ਨੂੰ ਦੇਵਤਾ ਅਰ ਮੁਕਤੀ ਦਾ ਅਧਿਕਾਰੀ ਬਣਾਇ ਦਿਤਾ।

ਆਸਾ ਮ: ੫ ॥

ਅਗਮ ਅਗੋਚਰੁ ਦਰਸੁ ਤੇਰਾ ਸੋ ਪਾਏ ਜਿਸੁ ਮਸਤਕਿ
ਭਾਗੁ ॥ ਆਪਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ ਸਤਿਗੁਰਿ
ਬਖਸਿਆ ਹਰਿ ਨਾਮੁ ॥ ੧ ॥ ਕਲਿਜੁਗੁ ਉਧਾਰਿਆ
ਗੁਰਦੇਵ ॥ ਮਲ ਮੂਤ ਮੂੜ ਜਿ ਮੁਘਧ ਹੋਤੇ ਸਭ ਲਗੇ
ਤੇਰੀ ਸੇਵ ॥ ੧ ॥ ਰਹਾਉ ॥

॥ ਸ਼ਬਦ ੧੪੦ ॥

ਐਸੇ ਸਤਿਗੁਰੂ ਦੀ ਸ਼ਰਨ ਆਓ, ਕਲਿਜੁਗ ਵਿਚ ਮੁਕਤਿ ਦਾ ਦਵਾਰਾ ਆਪ ਨਿਰੰਕਾਰ ਨੇ ਸਤਿਗੁਰੂ ਦੇ ਹਥ ਸੌਂਪਿਆ ਹੈ ਸਤਿਗੁਰੂ ਦੇ ਸਚੇ ਉਪਦੇਸ਼ ਕਮਾਓ ਅਰ ਸਿਧੇ ਸਚਖੰਡ ਵਿਚ ਨਿਵਾਸ ਪਾਓ।

ਗੁਰੂ ਨਾਨਕ ਦੇਵ ਗੋਬਿੰਦ ਰੂਪ

ਦੋਹਰਾ–ਉਦਯ ਅਸਤ ਤੇ ਰਹਿਤ ਰਵਿ ਪਿਖਿਯਤ ਸੰਝ ਪ੍ਰਭਾਤਿ ॥
ਜਨਮ ਮਰਨ ਦੁਖ ਰਹਿਤ ਗੁਰ ਤੈਸੇ ਹੀ ਦਰਸਾਤਿ ॥ ੧ ॥

ਪ੍ਰਿਯ ਜਨੋ ! ਜਿਸ ਗੁਰੂ ਦੀ ਮਹਿਮਾ ਵੇਦ ਮੇਂ (ਬ੍ਰਹਮ ਵੇਦ ਬ੍ਰਹਮੈਵ ਭਵਤਿ) ਅਰਥਾਤ ਬ੍ਰਹਮ ਕੇ ਜਾਨਣੇ ਵਾਲਾ ਬ੍ਰਹਮ ਹੀ ਹੋ ਜਾਤਾ ਹੈ। ਅਰ ਤੈਤ੍ਰੀਯ ਉਪਨਿਸ਼ਦ ਮੇਂ ਲਿਖਾ ਹੈ (ਬ੍ਰਹਮ ਵਿਦਨੋਪਤਿ ਪਰਮ) ਅਰਥਾਤ ਬ੍ਰਹਮ ਕੇ ਜਾਨਣੇ ਵਾਲਾ ਪਰ ਜੋ ਹੈ ਸਭ ਸੇ ਪਰੇ ਸੁਧ ਬ੍ਰਹਮ ਉਸਕੋ ਮਿਲ ਜਾਤਾ ਹੈ ਇਨ੍ਹਾਂ ਬਚਨਾਂ ਤੇ ਗੁਰੂ ਪਰਮੇਸ਼ਰ ਦਾ ਸਰੂਪ ਹੈ ਅਰ ਉਸਦਾ ਉਪਦੇਸ਼ ਮਰਮ ਗਿਆਨ ਹੈ। ਜੈਸੇ ਵੇਦ ਦੀਆਂ ਰਿਚਾਂ ਕਹਿੰਦੀਆਂ ਹਨ ਪੰਨੇ ੫੧੨ ਟੀ: ਜਾ: ਮੁਡਕੋਪਨਿਸ਼ਦ ਮੇਂ ਆਇਆ ਹੈ (ਸਾ ਜੋਹਵੈ ਤਤ ਪਰਮੰ ਬ੍ਰਹਮ ਵੇਦ ਬ੍ਰਹਮੈਵ ਭਵਤਿ ਨਾਸਯਾ ਬ੍ਰਹਮ ਵਿਤਕੁਲੇ ਭਵਤਿ ਤਰਤਿ ਸੋਕੇ ਤਰਤਿ ਪਾਪ ਮਾਨੰ ਗੁਹਾ ਗ੍ਰੰਥ ਭਯੋ ਵਿਮੁਕਤੋ ਮ੍ਰਿਤ ਭਵਤਿ) ਅਰਥਾਤ ਜਿਸਨੇ ਨਿਸਚੇ ਕਰਕੇ ਉਸ ਪਰਮ ਬ੍ਰਹਮ ਨੂੰ ਜਾਣਿਆ ਓਹ ਬ੍ਰਹਮ ਹੀ ਹੋਂਦਾ ਹੈ ਅਰ ਨਾ ਇਸ ਦੀ ਕੁਲ ਵਿਖੇ ਅਬ੍ਰਹਮ ਵਿਤ ਅਰਥਾਤ ਬ੍ਰਹਮ ਨੂੰ ਨਾ ਜਾਣਨੇ ਵਾਲਾ ਹੁੰਦਾ ਹੈ, (ਉਸ ਦੀ ਕੁਲ ਹੀ ਬ੍ਰਹਮ ਵੇਤਾ ਹੁੰਦੀ ਹੈ) ਸ਼ੋਕ ਨੂੰ ਤਰ ਜਾਂਦਾ ਹੈ, ਅਰ ਪਾਪਾਂ ਨੂੰ ਤਰ ਜਾਂਦਾ ਹੈ, ਅੰਤਸ਼ਕਰਣ ਦੀਆਂ ਗਢਾਂ ਥੋਂ ਛੁਟਕੇ ਅਮ੍ਰਿਤ ਹੁੰਦਾ ਹੈ। ਅਰ ਹੋਰਨਾਂ ਗ੍ਰੰਥਾਂ ਮੇਂ ਲਿਖਿਆ ਹੈ :–

ਆਖੰਡ ਮੰਡਲਾਕਾਰੰ ਬਯਾਪਤੰ ਯੇਨ ਚਰਾਚਰੰ ॥ ਤਤ
ਪਦੰ ਦਰਸਤੰ ਯੇਨ ਤਸਮਯ ਸ੍ਰੀ ਗੁਰੂ ਵੇ ਨਮ: ॥ ੧ ॥
ਅਗਯਾਨ ਤਿਮਰਾਂਧਸਯ ਗਯਨਾਂਜਨ ਸ਼ਲਾਕਯਾ ॥
ਚਖਯੁਰੁਨ ਮੀਲਤੰ ਯੇਨ ਤਸਮਯ ਸ੍ਰੀ ਗੁਰੂ ਵੇ ਨਮ: ॥ ੨ ॥
ਗੁਰੂਰ ਬ੍ਰਹਮਾ ਗੁਰਰ ਵਿਸਨੂ ਗੁਰਰ ਦੇਵ ਮਹੇਸ਼ੁਰਾ ਗੁਰੂ
ਰੇਵਸਾਂਖ ਯਾਤ ਬ੍ਰਹਮ ਤਸਮਯ ਸ੍ਰੀ ਗੁਰੂ ਵੇ ਨਮ: ॥ ੩ ॥
ਨ ਗੁਰੋ ਅਧਿਕੋ ਤਤ੍ਰੰ ਨ ਗੁਰੋ ਅਧਿ ਕੋ ਤਪਾ ਤਤ
ਗਯਾਨਾ ਤਪ ਰੋਨਾ ਸਤਿ ਤਸਮਯ ਸ੍ਰੀ ਗੁਰੂ ਵੇ ਨਮ: ॥

'ਗੁਰੂ' ਸ਼ਬਦ ਦੇ ਅਰਥ ਅਨੇਕ ਹੈਂ ਯਥਾ–ਉਪਦੇਸ਼ ਕਰਤਾ ੧,

ਖਟ ਅੰਕ ਸਹਿਤ ਵੇਦ ਪੜ੍ਹਾਉਣੇ ਵਾਲਾ ੨, ਮਾਤਾ ਪਿਤਾ ਅਚਾਰਯਾਦਿ ੩, ਸ਼ਾਸਤ੍ਰ ਕਾ ਉਪਦੇਸ਼ਕ ੪, ਸੰਪ੍ਰਦਾਯ ਚਲਾਉਣੇ ਵਾਲਾ ੫, ਗਰਭਾਧਾਨਾਦਿ ਕਰਮੋਂ ਕੇ ਕਰਾਉਣੇ ਵਾਲਾ ੬, ਸਮਦਮ ਵਾਨ ਕੁਲੀਨ ਸੁਧ ਵੇਸ ਵਾਲਾ ਸ੍ਰੇਸ਼ਟਾਚਾਰ ਵਾਲਾ ਸਰੇਸ਼ਟ ਪ੍ਰਤਿਸਠਾਵਾਨ ਚਤਰ ਸਰੇਸ਼ਟ ਬੁਧਿਵਾਨ, ਧਯਾਨ ਧਾਰੀ ਮੰਤ੍ਰ ਤੰਤ੍ਰ ਵਿਖੇ ਚਤੁਰ ਵਰ ਸ੍ਰਾਪ ਦੇਣੇ ਮੇਂ ਸਮਰਥ ੭, ਬ੍ਰਹਸਪਤਿ ੮, ਦਰੋਣਾਚਾਰਯ ੯, ਦੋ ਮਾਤ੍ਰਾ ਵਾਲਾ ਅੱਖਰ ੧੦, ਦੀਰਘ ਅਖਰ ੧੧, ਗੰਭੀਰ ਅਰਥ ਵਾਲਾ ੧੨, ਬਲਵਾਨ ੧੩, ਪੂਜਯ ੧੪, ਮਹਾਨ ੧੫, ਦੁਰਜਨ ਵਸਤੂ ਜੋ ਨ ਪਚੇ ੧੬, ਇਸ ਗੁਰੂ ਸ਼ਬਦ ਦੀ ਸਿਧੀ ਬਯਾਕਰਣ ਮੈਂ ਗ੍ਰੀ ਧਾਤੂ ਸੇ ਕਰੀ ਹੈ, ਗ੍ਰੀ ਧਾਤੂ ਚਾਰ ਹਨ, ਚੌਹਾਂ ਵਿਚੋਂ ਇਕ ਗ੍ਰੀ ਧਾਤੂ ਸ਼ਬਦ ਅਰਥ ਵਿਖੇ ਹੈ ਉਸ ਨਾਲ ਗੁਰੂ ਸ਼ਬਦ ਸਿਧ ਕਰੀਏ ਤਾਂ ਜੇਹੜਾ ਧਰਮਾਦਿਕਾਂ ਦਾ ਸਿਖਯ ਨੂੰ ਉਪਦੇਸ਼ ਕਰੇ ਉਸਦਾ ਨਾਉਂ ਗੁਰੂ ਹੈ। ਦੂਜੀ ਗ੍ਰੀ ਧਾਤੂ ਨਿਗਲਨੇ ਦੇ ਅਰਥ ਵਿਖੇ ਹੈ, ਇਸ ਨਾਲ ਸਿਧ ਕਰੀਏ ਤਾਂ ਜੇਹੜਾ ਆਪਣੇ ਉਪਦੇਸ਼ ਨਾਲ ਸਿਖ ਦੇ ਅਗਿਆਨ ਨੂੰ ਭਛਨ ਕਰ ਲਵੇ ਉਸਦਾ ਨਾਮ ਗੁਰੂ। ਤੀਜੀ ਗ੍ਰੀ ਧਾਤੂ ਸਿੰਚਣ ਅਰਥ ਵਿਖੇ ਹੈ, ਇਸ ਨਾਲ ਸਿਧ ਕਰੀਏ ਤਾਂ ਜੇਹੜਾ ਸਿਖ ਦੇ ਹਿਰਦਯ ਰੂਪ ਧਰਤੀ ਵਿਚ ਉਪਦੇਸ਼ ਰੂਪ ਜਲ ਸਿੰਚੇ ਉਸਦਾ ਨਾਮ ਗੁਰੂ ਹੈ। ਚੌਥੀ ਗ੍ਰੀ ਧਾਤੂ ਦਾ ਅਰਥ ਵਗਯਾਨ ਹੈ; ਇਸ ਨਾਲ ਸਿਧ ਕਰੀਏ ਤਾਂ ਜੇਹੜਾ ਸਿਖਯ ਨੂੰ ਨਿਜ ਸਰੂਪ ਦੇ ਅਗਿਆਨ ਰੂਪ ਨਿੰਦਰਾ ਤੇ ਜਗਾਵਨ ਹਿਤ ਵਿਗਯਾਨ ਦੇਵੇ ਤਿਸਦਾ ਨਾਮ ਗੁਰੂ ਹੈ।

ਗੁਰੂ ਗੀਤਾਦਿ ਗਰੰਥਾਂ ਵਿਖੇ ਗੁਰੂ ਸ਼ਬਦ ਦੇ ਅਖਯਰਾਨੁਸਾਰੀ ਅਰਥ ਲਿਖੇ ਹਨ। ਯਥਾ-

ਗੁਕਾਰਸਤ੍ਵੰ ਧਕਾਰਸਤੂ ਰੁਕਾਰਸਤਨ ਨਿਰੋਧਕਾ॥
ਅੰਧਕਾਰ ਵਿਨ ਸਾਯ ਗੁਰੂ ਦਵ ਨ ਸ਼ੰਸਯਾ॥

ਅਰਥਾਤ 'ਗੁ' ਨਾਮ ਅੰਧੇਰੇ ਦਾ ਹੈ ਅਰ 'ਰੂ' ਨਾਮ ਪ੍ਰਕਾਸ਼ ਦਾ, ਅਗਿਆਨ ਅੰਧੇਰੇ ਨੂੰ ਗਯਾਨ ਰੂਪ ਪ੍ਰਕਾਸ਼ ਨਾਲ ਦੂਰ ਕਰਨੇ ਵਾਲੇ ਮਹਾਤਮਾ ਦਾ ਨਾਮ ਗੁਰੂ ਹੈ। ਇਹ ਸ਼ਬਦ ਗਣੇਸ਼, ਬ੍ਰਹਸਪਤੀ, ਦਰੋਣਾ-ਚਾਰਯ ਗੋਰਖ ਨਾਥਦਿ ਸਭਨਾਂ ਵਿਚ ਯੋਗ ਸ਼ਕਤੀ ਨਾਲ ਵਰਤਦਾ ਹੈ, ਪਰੰਤੂ ਗੁਰੂ ਨਾਨਕ ਜੀ ਵਿਚ ਇਹ ਯੋਗ ਸ਼ਕਤੀ ਨਾਲ ਬੀ ਵਰਸਦਾ ਹੈ ਅਰ ਇਸ ਦੀ ਰੂੜੀ ਹੈ ਇਸ ਕਾਰਨ ਗੁਰੂ ਨਾਨਕ ਸਾਹਿਬ ਸਰਬੱਤ ਪ੍ਰਸਿੱਧ ਹੋਏ ਜਿਹਾ ਕਿ ਇਨਾਂ ਦੇ ਉਪਦੇਸ਼ੀਆਂ ਦਾ ਨਾਮ ਸਿਖ ਪ੍ਰਸਿਧ ਹੈ।

ਪ੍ਰਥਮ ਸਮਯ ਮੇਂ ਗੌਰੀ ਪੁਤਰ ਗਣੇਸ ਜੀ ਗੁਰੂ ਪਦਵੀ ਪਰ ਸਥਾਪਤ ਹੋਏ ਪਰ ਇਨਾਂ ਦਾ ਵਿਸ਼ੇਸ਼ ਕਰਕੇ ਕੋਈ ਉਲੇਖ ਨਹੀਂ ਦੇਖਣ ਵਿਚ ਆਇਆ ਜੋ ਇਨਹਾਂ ਨੇ ਕਿਸੇ ਦੇਸ ਵਿਚ ਯਾ ਕਿਨਾਂ ਲੋਕਾਂ ਨੂੰ ਕੋਈ ਧਰਮੱਪਦੇਸ਼ ਕੀਤਾ ਹੋਵੇ, ਬਿਨਾਂ ਇਸਦੇ ਕਿ ਹਰੇਕ ਸੰਸਕ੍ਰਿਤ ਗ੍ਰੰਥ ਦੇ ਆਦਿ ਵਿਚ ਲਿਖਿਆ ਹੁੰਦਾ ਹੈ ਕਿ ਓਂ ਗਣੇਸ਼ਾਯਨਮ :

ਅਰ ਇਨਾਂ ਦੇ ਦਵਾਦਸ ਨਾਮਾਂ ਵਿਚ ਸਤਯ ਵਕਤਾ ਵਾ ਉਪਦੇਸ਼ਟਾ ਜਾਂ ਸੰਪਰਦਾਯ ਚਲਾਉਣੇ ਵਾਲਾ ਕਿਸੇ ਨਾਮ ਦਾ ਅਰਥ ਨਹੀਂ ਹੈ ਕੇਵਲ ਏਕ ਦੰਦ ਵਾਲਾ ੧ ਕਪਿਲ ਰੰਗ ਵਾਲਾ ੨ ਹਾਥੀ ਦੇ ਕੰਨਾਂ ਵਾਲਾ ੩ ਲੰਮੇ ਪੇਟ ਵਾਲਾ ੪ ਵਿਘਨਾਂ ਦੇ ਨਾਸ ਕਰਨੇ ਵਾਲਾ ੫ ਧੂਏਂ ਜੈਸੇ ਰੰਗ ਵਾਲਾ ੬ ਗੁਣਾਂ ਸਮੂਹਾਂ ਦਾ ਪਤੀ ੭ ਮਥੇ ਵਿਚ ਜਿਸਦੇ ਚੰਦ੍ਰਮਾਂ ੮ ਹਾਥੀ ਦੇ ਮੂੰਹ ਵਾਲਾ ੯ ਸਰੇਸ਼ਟ ਸੁੰਦਰ ਮੁਖ ੧੦ ਵਿਨਾਇਕ ਨੇਮ੍ਰਿਤ ਸੁਭਾਵ ੧੧ ਵਿਘਟ ਪੂਰੇਨ ਕੀਏ ਹੁਏ ੧੨ (ਸੁਮੁਖ ਸਚਕ ਏਂਦਸਚ ਕਪਿਲੋ ਗਜ ਕਰਣਕਾ । ਲੰਬੋਦਰੋ ਵਿਘਟੋ ਵਿਘਨ ਨਾਸੋ ਵਿਨਾਯਕਾ । ਧੂਮਰ ਕੇਸੋ ਗੁਣਾ ਧਖਯੋ ਭਾਲ ਚੰਦਰੋ ਗਜਾਨਨਾ। ਦਵਾਦਸੈ ਤਾਨਿ ਨਾਮਾਨਿ ਯਾ ਪਠਤਿ ਸ੍ਰਣਯਲਪਿ ਬਿਦਯਾਰੰਭੇ ਵਿਵਾਹਚ ਪ੍ਰਵੇਸ ਨ੍ਰਿਗਮੇ ਤਥਾ । ਸੰਗ੍ਰਾਮ ਸੰਕਟਸਚੇਵ ਵਿਘਨ ਸਤਸਯ ਨ ਜਾਯਤੇ । ੧ ।)

ਇਹਨਾਂ ਵਿਚ ਕੋਈ ਉਪਕਾਰ ਯਾ ਵਿਦਯਾ ਦੇ ਪ੍ਰਚਾਰ ਦਾ ਭਾਵ ਨਹੀਂ ਪਰਗਟ ਹੁੰਦਾ ਅਰ ਗੁਰੂ ਹੋਏ ਕੇਵਲ ਭਗਵਤ ਨਾਮ ਪਰ ਭਰੋਸਾ ਕਰਨ ਸੇ ਜੈਸਾ ਕਿ ਪਦਮ ਪੁਰਾਨ ਅਖਯੇ ਨੌਮੀ ਦੇ ਮਹਾਤਮ ਵਿਖੇ ਲਿਖਿਆ ਹੈ -ਸ੍ਰੀ ਰਾਮ ਇਹ ਨਾਮ ਤੁਲਸੀ ਦਲ ਪਰ ਲਿਖਕੇ ਗਣੇਸ਼ ਜੀ ਨੇ ੪ ਪਰਕਰਮਾਂ ਕਰਕੇ ਨਮਸਕਾਰ ਕੀਤੀ ਤਾਂ ਭਗਵਾਨ ਵਿਸ਼ਨੂੰ ਨੇ ਗੁਰੂ ਪਦਵੀ ਦਿਤੀ* ਅਰ ਬ੍ਰਹਸਪਤ ਜੀ ਕੇਵਲ ਦੇਵਤਿਆਂ ਦੇ ਅਰ ਦਰੋਣਾਚਾਰਯ ਕੇਵਲ ਕੋਰਵਾਂ ਦੇ ਅਚਾਰਯ ਹੋਏ । ਗੋਰਖ ਨਾਥ ਜੀ ਦਾ ਉਪਦੇਸ਼ ਗੋਰਖ ਜੀ ਦੇ ਚੇਲੇ ਕੰਨ-ਪਾਟੇ ਜੋਗੀ ਭੀ ਪੂਰਨ ਤਾਂ ਨਹੀਂ ਥੋਹੜਾ ਭੀ ਨਹੀਂ ਕਮਾਇ ਸਕਦੇ ਅਰ ਕੋਈ ਕਮਾਵੇ ਤਾਂ ਇਸ ਕਲਿਯੁਗ ਵਿਖੇ ਪ੍ਰਾਣ ਅੰਨ ਵਿਚ ਹਨ ਤਾਂਤੇ ਯਗ ਦੀ ਰੁਤਿ ਨਹੀਂ ਅਰ ਓਹ ਸੰਸਾਰ ਦੇ ਕਾਰ ਵਿਹਾਰ ਨੂੰ ਕਿਸੇ ਤਰਾਂ ਬੀ ਪੂਰਨ

---

*ਗਣੇਸ਼ ਜੀ ਦੇ ਗੁਰੂ ਹੋਣੇ ਦੀ ਕਥਾ ਪਰਕਰਮਾ ਨੌਮੀ ਦੇ ਮਹਾਤਮ ਦੇ ਪਦਮ ਪੁਰਾਨ ਵਿਖੇ ਹੈ ।

ਨਹੀਂ ਕਰ ਸਕਦਾ ਇਸਕਾਰਨ ਸਭ ਗੁਣਾਂ ਕਰਕੇ ਯੁਕਤ ਲੋਕਪ੍ਰਲੋਕਦੇਸੁਧਾਰਕ ਸਤਵਕਤਾ ਉਪਦੇਸ਼ ਕਰਤਾ ਸੰਪਰਦਾਯ ਦੇ ਚਲਾਉਣੇ ਵਾਲੇ ਸਮ ਦਮਾਦਿ ਸਾਧਨਸੰਪੰਨਯ, ਸੁਧਵੇਸ, ਕੁਲੀਨ, ਸਰੇਸ਼ਟਾਚਾਰੀ ਸਰੋਤੀ ਬ੍ਰਹਮ ਨੇਸਟੀ ਪੂਰਨ ਗੁਰੂ ਸ੍ਰੀ ਗੁਰੂ ਨਾਨਕ ਨਿਰੰਕਾਰੀ ਜੀ ਹੀ ਹਨ ਇਹਨਾਂ ਨੇ ੭੦ ਵਰਹ ੫ ਮਹੀਨੇ ੭ ਦਿਨ ਸੰਸਾਰ ਵਿਚ ਰਹਿਕੇ ਸਚਾ ਉਪਕਾਰ ਅਰ ਅਗੇ ਵਾਸਤੇ ਪ੍ਰਬੰਧ ਕਰ ਗਏ ਅਰ ਚਾਰ ਕੁੰਟ ਚੌਦਹ ਭਵਨ ਬ੍ਰਹਮੰਡ ਵਿਚ ਨਾਮ ਦਾ ਪਰਚਾਰ ਕਰਕੇ ਸਭ ਲੋਕਾਂ ਨੂੰ ਸਤਯ ਧਰਮ ਦੇ ਮਾਰਗ ਵਿਖੇ ਚਲਾਇਆ ਜਿਸ ਵਿਚ ਉਹਨਾਂ ਦਾ ਲੋਕ ਪਰਲੋਕ ਸੁਧਰੇ ਅਰ ਸਿਖਾਂ ਦੇ ਮਨ ਵਿਚੋਂ ਅਗਿਆਤ ਅੰਧੇਰ ਮਿਟਾਯਾ।

ਤਾਂਤੇ ਇਹੋ ਪੂਰਨ ਗੁਰੂ ਹਨ ਜਿਨ੍ਹਾਂ ਦੇ ਆਉਣੇ ਤਕ ਤਾਰਿਆਂ ਦੀ ਤਰ੍ਹਾਂ ਅਨੇਕਾਂ ਗੁਰੂਆਂ ਨੇ ਆਪਣੀ ਚਮਕ ਦਿਖਾਈ ਹੁਣ ਕੁਦਰਤੀ ਜੋਤ ਦਾ ਸੂਰਜ ਗੁਰੂ ਨਾਨਕ ਸਾਹਿਬ ਉਦਯ ਹੋਇਆ ਜਿਸਦੇ ਪਕਾਸ਼ ਅਗੇ ਹੋਰ ਸਭ ਗੁਰੂ ਨਿਰਾਸ ਹੋਏ ਛਿਪ ਗਏ ਅਰ ਜਿਨ੍ਹਾਂ ਨੂੰ ਆਪ ਨਿਰੰਕਾਰ ਨੇ ਸਚਖੰਡ ਸੱਦਕੇ ਗੁਰੂ ਪਦਵੀ ਪਰ ਸਥਾਪਨ ਕੀਤਾ (ਬਾਬਾ ਪੈਧਾ ਸਚਖੰਡ ਨਉਨਿਧਿ ਨਾਮ ਗਰੀਬੀ ਪਾਈ।) ਇਸ ਕਾਰਨ ਏਹ ਸਚੇ ਸਤਿਗੁਰੂ ਸਮਗਰ ਸੰਸਾਰ ਦੇ ਉਧਾਰ ਕਰਨ ਵਾਲੇ, ਅਰ ਪਾਪੀਆਂ ਦੇ ਤਾਰਨਹਾਰ ਹਨ। (ਗੁਰੂ ਨਾਨਕ ਜਿਨ ਸੁਣਿਆ ਪੇਖਿਆ ਸੇ ਫਿਰ ਗਰਭਾਸ ਨ ਪਰਿਆ ਰੇ) ਪੁਨ: (ਨਾਨਕ ਜਿਨ ਕਉ ਸਤਿਗੁਰ ਮਿਲਿਆ ਤਿਨ ਕਾ ਲੇਖਾ ਨਿਬੜਿਆ।)

ਵਯਾਖਯਾਨ ਸੱਤਵਾ

(ਗੁਰੂ ਨਾਨਕ ਜੀ ਜੋਤੀ ਜੋਤ ਸਮਾਏ)

ਸ੍ਰੀ ਮੁਖਵਾਕ ॥ ਦੋਹਰਾ–

ਹਰਿ ਹਰਿ ਜਨ ਦੋਊ ਏਕ ਹੈ ਬਿਬ ਬਿਚਾਰ ਕਿਛੁ ਨਾਹਿ।
ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ ॥੧॥

ਦੋਹਰਾ ॥

ਧਾਨਦ ਪਰ ਉਪਕਾਰ ਹਿਤ ਪ੍ਰਗਟਤ ਨਭ ਦੁਰਜਾਤ।
ਅਧਮ ਉਧਾਰਨ ਹਿਤ ਗੁਰੂ ਤੈਸੇ ਹੀ ਦ੍ਰਿਸਟਾਂਤ ॥੧॥

ਸਜਨ ਪੁਰਸ਼ੋ ! ਸ੍ਰੀ ਗੁਰੂ ਨਾਨਕ ਸਾਹਿਬ ਸਚੇ ਸਤਿ ਗੁਰੂ ਨੇ ੭੦ ਬਰਸ ੫ ਮਹੀਨੇ ੭ ਦਿਨ ਸੰਸਾਰ ਵਿਚ ਰਹਿਕੇ ਜੋ ਜੋ ਉਪਕਾਰ ਕੀਤੇ ਕੌਣ ਉਨ੍ਹਾਂ ਨੂੰ ਸ਼ੁਮਾਰ ਕਰ ਸਕਦਾ ਹੈ, ਮਹਾਂ ਮੂੜ੍ਹ ਪਾਤੀਆਂ ਨੂੰ ਅਗਿਆਨ ਅਵਿਦਿਆ ਦੇ ਦੁਖ ਤੇ ਛੁਡਾਇਕੇ ਜੋ ਜਨਮ ਮਰਨ ਆਦਿ ਕਲੇਸ਼ੋਂ ਕਾ ਕਾਰਨ ਹਨ ਪਰਮੇਸ਼ਰ ਦੀ ਪ੍ਰਾਪਤੀ ਦਾ ਰਸਤਾ ਦਿਖਾਇਆ ਅਰ ਲੋਕ ਪਰਲੋਕ ਦੇ ਸੁਧਾਰ ਦਾ ਉਪਦੇਸ਼ ਦੇਕੇ ਅਸਾਂ ਜੀਵਾਂ ਨੂੰ ਮਨੁਖੋਂ ਦੇਵੰਤਾ ਬਣਾਯਾ ਜਦ ਸਮਯ ਅੰਤ ਦਾ ਆਇਆ ਅਰ ਗੁਰੂ ਬਾਬਾ ਨਾਨਕ ਸਾਹਿਬ ਨੇ ਰਾਇ ਬੁਲਾਰ ਪਿਤਾ ਕਾਲੂ ਮਾਤਾ ਤ੍ਰਿਪਤਾ ਭਾਈ ਮਰਦਾਨਾ ਆਦਿਕਾਂ ਦੇ ਪਰਲੋਕ ਗਮਨ ਤੇ ਉਪਰੰਤ ਪੁਤਰਾਂ ਕਰ ਸਿਖਾਂ ਨੂੰ ਚੰਗੀ ਤਰਾਂ ਅਜ਼ਮਾਯਾ ਤਾਂ ਪਰੀਖਿਆ ਵਿਚ ਪੂਰੇ ਅੰਗਦ ਜੀ ਨਿਕਲੇ, ਇਸ ਕਾਰਨ ਪਰਉਪਕਾਰ ਅਰ ਜਗਤ ਦੇ ਉਧਾਰ ਦਾ ਭਾਰ ਗੁਰਿਆਈ ਦੀ ਗੱਦੀ ਦਾ ਤਿਲਕ ਪੰਜ ਪੈਸੇ ਨਲਯੇਰ ਨਾਲ ਅੰਗਦ ਜੀ ਨੂੰ ਦੇਕੇ ਖਡੂਰ ਵਿਖੇ ਰਹਿਣ ਦੀ ਆਗਿਆ ਦਿਤੀ ਅਰ ਅੱਸੂ ਵਦੀ ਪੰਚਮੀ ਦੇ ਦਿਨ ਯੱਗ ਕਰਕੇ ਅਨਗਿਣਤ ਲੋਕਾਂ ਨੂੰ ਤ੍ਰਿਪਤ ਕੀਤਾ ਅਰ ਰਾਵੀ ਦੇ ਕੰਢੇ ਬੈਠਕੇ ਸੰਗਤ ਨੂੰ ਵੈਰਾਗ ਅਰ ਧੀਰਜ ਅਰ ਪਰਵਿਰਤੀ ਦੇ ਤਿਆਗ ਦੇ ਬਚਨ ਕਹੇ ਤਾਂ ਪਰਵਾਰ ਅਰ

ਸਿਖ ਸੰਗਤ ਸਰਬੱਤ ਲੋਕਾਂ ਵਿਚ ਇਹ ਖਬਰ ਪਸਰ ਗਈ ਇਹ ਖਬਰ ਪਸਰ ਗਈ ਜੋ ਗੁਰੂ ਬਾਬਾ ਅਸਾਰ ਸੰਸਾਰ ਤੋਂ ਉਦਾਸ ਹੋਏ ਚਲਾਣੇ ਦੇ ਘਰ ਹਨ। ਤਾਂ ਜਿਥੇ ਜਿਤਨੀ ਦੂਰ ਤਕ ਖਬਰ ਪਹੁੰਚੀ ਸਭ ਸਿਖ ਸੰਗਤਾਂ ਦਰਸ਼ਨ ਕਰਨੇ ਨੂੰ ਆਈਆਂ ਬਚਨ ਹੋਯਾ ਜੋ ਪਰਸੋਂ ਸਤਮੀ ਨੂੰ ਚਲਾਣਾ ਹੋਵੇਗਾ। ਤਾਂ ਸ੍ਰੀ ਚੰਦ ਜੀ ਦੀ ਮਾਤਾ ਸੁਲਖਨੀ ਜੀ ਨੇ ਬੇਨਤੀ ਕ੍ਰੀਤੀ ਸਵਾਮੀ ਜੀ ਆਪ ਅਸ਼ਟਮੀ ਨੂੰ ਪਿਤਾ ਦੇ ਚਲਾਣੇ ਦੇ ਦਿਨ ਯਗ ਕਰਦੇ ਹੁੰਦੇ ਹੋ, ਓਹ ਤਾਂ ਕਰ ਲਵੋ। ਬਚਨ ਹੋਯਾ ਅਸ਼ਟਮੀ ਨੂੰ ਯਗ ਕਰਕੇ ਨੌਮੀ ਨੂੰ ਹੀ ਚਲਾਂਗੇ ਅਤੇ ਫੇਰ ਅਸ਼ਟਮੀ ਨੂੰ ਯਗ ਕੀਤਾ। ਇਹ ਸਮਝ ਸੰਗਤ ਅਪਾਰ ਬੇਸੁਮਾਰ ਕਈ ਹਜ਼ਾਰ ਆਣ ਜੁੜੀ। ਪਰੰਤੂ ਸ੍ਰੀ ਚੰਦ ਲਖਮੀ ਚੰਦ ਦੋਵੇਂ ਪੁਤਰ ਨਾ ਆਏ। ਬਚਨ ਹੋਇਆ ਸਦ ਲਿਆਓ ਪਰ ਗੁਰਿਆਈ ਦੀ ਗੱਦੀ ਅੰਗਦ ਜੀ ਨੂੰ ਦੇਕੇ ਸਭ ਸਿਖ ਉਸਦੇ ਚਰਨੀਂ ਲਾਏ ਅਰ ਇਹ ਸੁਣਕੇ ਇਹਨਾਂ ਦਾ ਮਨ ਕਰੋਧ ਵਿਚ ਸੀ। ਬੋਲੇ ਜਿਸਨੂੰ ਗੁਰਿਆਈ ਦੀ ਗੱਦੀ ਦਿਤੀ ਹੈ, ਉਹ ਓਹਨਾਂ ਦੇ ਕੋਲ ਹੈ ਸਾਡੀ ਉਹਨਾਂ ਨੂੰ ਕੀ ਲੋੜ ਹੈ, ਅਰ ਅਗੇ ਸਤਮੀ ਨੂੰ ਸਰੀਰ ਤਿਆਗ ਗਏ ਸੇ, ਹੁਣ ਨੌਮੀ ਕਹਿੰਦੇ ਹਨ ਅਜੇ ਖਬਰੇ ਕੀ ਕੀ ਬਚਨ ਕਰਨਗੇ। ਸਿਖਾਂ ਨੇ ਬਹੁਤ ਸਮਝਾਇਆ, ਅੰਤ ਹਾਰਕੇ ਮੁੜ ਆਏ। ਗੁਰੂ ਜੀ ਸਤਿਨਾਮ ਸ੍ਰੀ ਵਾਹਿਗੁਰੂ ਦਾ ਜਾਪ ਕਰਦੇ ਸਮਾਏ ਗਏ ਅਰ ਭਾਵੇਂ ਇਹ ਹੁਕਮ ਸੀ ਜੋ ਸਾਡੇ ਪਿਛੋਂ ਰੁਦਨ ਨਹੀਂ ਕਰਨਾ, ਪਰ ਸਿਖਾਂ ਦੇ ਮਨ ਇਸ ਵਿਯੋਗ ਨਾਲ ਅਤਿ ਦੁਖੀ ਹੋ ਰਹੇ ਸੇ, ਸ੍ਰੀ ਵਾਹਿਗੁਰੂ ਵਾਹਿਗੁਰੂ ਦੀ ਅਖੰਡ ਧੁਨ ਲਾ ਦਿਤੀ, ਅਰ ਨੇਤਰਾਂ ਵਿਚੋਂ ਹੰਝੂਆਂ ਦੇ ਪਰਵਾਹ ਚਲੇ ਜਾਣ। ਸ਼ੋਰ ਸੁਣਕੇ ਆਂਦਰਾਂ ਦਾ ਮੋਹ ਰਹਿ ਨ ਸਕੇ, ਦੋਵੇਂ ਸਾਹਿਬਜ਼ਾਦੇ ਰੋਂਦੇ ਆਏ, ਹਾਂ ਪਿਤਾ ਜੀ ਸਾਨੂੰ ਪਰਤੀਤ ਨਹੀਂ ਸੀ ਜੋ ਆਪ ਸਚਮੁਚ ਸਾਨੂੰ ਛਡ ਜਾਓਗੇ ਤੁਸਾਂ ਸਾਡੇ ਨਾਲ ਅਠ ਪਹਿਰ ਗਲਾਂ ਭੀ ਨਾਂ ਕੀਤੀਆਂ। ਐਸਾ ਕਹਿਕੇ ਜੋ ਰੋਏ ਅਰ ਤਿਨਾਂ ਦੇ ਮਨ ਪਰੇਮੀ ਅਰ ਸਰਧਾਵਾਨ ਬੀ ਹੋਏ, ਤਦ ਤਤ-ਖਿਨ ਸਤਿਗੁਰੂ ਉਠ ਖੜੇ ਹੋਏ, ਗਲ ਨਾਲ ਲਾਇਆ ਅਰ ਧੀਰਜ ਦਿਤਾ ਅਰ ਕਹਿਆ ਅਸੀਂ ਤਾਂ ਤੁਹਾਨੂੰ ਕਈ ਵਾਰ ਸਦਿਆ ਪਰ ਤੁਸੀਂ ਰੁਸ ਰਹੇ। ਜੇ ਤੁਸੀਂ ਅਠ ਬਰਸ ਕਹਿੰਦੇ ਤਾਂ ਅਸੀਂ ਤੁਹਾਡੇ ਕੋਲ ਰਹਿੰਦੇ ਪਰ ਅਠ ਪਹਿਰ ਤੁਸਾਂ ਕਹੇ ਸੋ ਅਸੀਂ ਤੁਹਾਡੇ ਕੋਲ ਰਹਾਂਗੇ ਗਲਾਂ ਕਰ ਲਵੋ। ਸਾਹਿਬਜ਼ਾਦੇ ਬੋਲੇ ਜੋ ਤੁਸੀਂ ਪੁਤਰਾਂ ਨੂੰ ਛਡਕੇ ਗੁਰਿਆਈ ਟਹਿਲੀਏ ਨੂੰ ਦੇ ਦਿਤੀ, ਇਸ ਕਾਰਨ ਸਾਡਾ ਮਨ ਦੁਖੀ ਸੀ। ਬਚਨ ਹੋਇਆ ਜੋ ਮਹਾਂਪੁਰਸ਼ਾਂ ਦੇ ਪਾਪਾਂ ਦੇ ਭਾਗੀ ਨਿੰਦਕ ਅਰ ਪੁੰਨਾਂ ਦੇ ਭਾਗੀ

ਸਜਣ ਸੇਵਕ ਧਨ ਪਦਾਰਥ ਦੇ ਭਾਗੀ ਸਬੰਧੀ ਅਰ ਗਿਆਨ ਅਰ ਤਿਨਾਂ ਦੇ ਸਚੇ ਧਨ ਆਤਮ ਵਿਦਿਆ ਆਸ਼ਯ ਅਰ ਦ੍ਰਿੜ ਨਿਸਚੇ ਦੇ ਭਾਗੀ ਅਧਿਕਾਰੀ ਜਗਿਆਸੀ ਸਚੇ ਸੇਵਕ ਹੁੰਦੇ ਹਨ। ਰਿਧ ਸਿਧ ਨਿਧ ਅੰਨ ਧਨ ਮਾਨ ਵਡਿਆਈ ਦੀ ਤੁਹਾਨੂੰ ਕੋਈ ਤੋਟ ਨਾ ਹੋਵੇਗੀ, ਪਰ ਗੁਰਿਆਈ ਸੰਭਾਲਣ ਦੀ ਸਮਰਥਾ ਤੁਹਾਡੇ ਵਿਚ ਨਹੀਂ ਸੀ। ਜੇ ਨਾ ਮੰਨੋ ਤਾਂ ਪਰੀਖਿਆ ਕਰਕੇ ਦੇਖ ਲਵੋ ਅਤੇ ਆਪਣਾ ਚੋਲਾ ਲਾਹਕੇ ਹੁਕਮ ਦਿਤਾ ਇਹ ਪਹਿਰ ਲਵੋ ਅਰ ਚਰਨਾਮਿਤ੍ਰ ਦਿਤਾ ਇਹ ਪੀ ਲਵੋ। ਸਾਹਿਬਜ਼ਾਦੇ ਬਹੁਤ ਯਤਨ ਕਰ ਰਹੇ ਪਰ ਚੋਲਾ ਨਾ ਪਹਿਰਿਆ ਗਿਆ ਅਰ ਨਾਂ ਚਰਨਾਮਿਤ੍ਰ ਪੀਤਾ ਗਿਆ। ਤਾਂ ਅੰਗਦ ਜੀ ਨੂੰ ਬਚਨ ਹੋਇਆ ਇਨ੍ਹਾਂ ਤੁਰਤ ਚੋਲਾ ਪਹਿਰ ਲੀਤਾ ਅਰ ਚਰਨਾਮ੍ਰਿਤ ਪੀਤਾ। ਇਹ ਦੇਖਕੇ ਸਾਹਿਬਜ਼ਾਦਿਆਂ ਨੂੰ ਪਰਤੀਤ ਆਈ ਅਤੇ ਆਗਯਾ ਦਿਤੀ ਸਾਡੇ ਪਿਛੇ ਰੁਦਣ ਆਦਿ ਕੋਈ ਰੀਤ ਨਾ ਕਰਨੀ ਅਰ ਸੋਹਿਲਾ ਪੜ੍ਹ ਅਰਦਾਸ ਕਰਕੇ ਕੜਾਹ ਪ੍ਰਸਾਦਿ ਵਰਤਾਉਣਾ ਕਥਾ ਕੀਰਤਨ ਕਰਕੇ ਕਰਤਾਰ ਦੇ ਭਾਣੇ ਵਿਚ ਪ੍ਰਸੰਨ ਰਹਿਣਾ। ਕੁਸੰਗ ਦੇ ਤਿਆਗ ਅਰ ਸਰਬ ਤਿਆਗ ਸਤਿਸੰਗ ਦੀ ਮਹਿਮਾ ਕਰਤਾਰ ਦੇ ਗੁਣਾਨੁਵਾਦ ਵਿਖੇ ਨੌਮੀ ਬੀਤੀ ਦਸਮੀ ਵਾਲੇ ਦਿਨ ਆਸਾ ਦੀ ਵਾਰ ਦਾ ਭੋਗ ਪਿਆ ਸਤਿਨਾਮ ਸ੍ਰੀ ਵਾਹਿਗੁਰੂ ਕਹਿੰਦੇ ਬਿਸਰਾਮ ਕੀਤੀ* ਅਰ ਜੋਤੀ ਜੋਤ ਸਮਾਇ ਗਏ ਫੂਲਾਂ ਦੀ ਵਰਖਾ ਅਰ ਸ੍ਰੀ ਵਾਹਿਗੁਰੂ ਨਾਮ ਦੀ ਅਖੰਡ ਧੁਨ ਲਗਾਇ ਸਤਿਗੁਰੂ ਦੇ ਜੈਕਾਰੇ ਗਜਾਏ। ਉਪਰੰਤ ਪਰਵਾਰ ਅਰ ਸੰਗਤ ਸੰਸਕਾਰ ਦਾ ਵੀਚਾਰ ਕਰਨ ਬੈਠੇ, ਉਸ ਵੇਲੇ **ਅਨੇਕ ਮੁਸਲ**ਮਾਨ ਸ਼ਸਤ੍ਰਧਾਰੀ ਆਏ ਅਰ ਬੋਲੇ ਏਹ ਸਾਡੇ ਪੀਰ ਹਨ **ਅਸੀਂ ਦਬਾਵਾਂਗੇ** ਅਰ ਇਹਨਾਂ ਦੀ ਕਬਰ ਬਨਾਵਾਂਗੇ। ਹੁਣ ਹਿੰਦੂ **ਮੁਸਲਮਾਨ ਦੋਹਾਂ** ਦਾ ਆਪਸ ਵਿਚ ਝਗੜਾ ਹੋਣ ਲਗਾ. ਸਬੰਧੀ **ਸਭ ਅਸਚਰਜ** ਸੇ ਜੋ ਪੁਤਰਾਂ ਦੇ ਬੈਠਿਆਂ ਮੁਸਲਮਾਨਾਂ ਦਾ ਕੀ ਪਰਯੋਜਨ **? ਪਰ** ਇਹਨਾਂ ਦੀ ਕੌਣ ਸੁਣੇ ਦੋਹਾਂ ਧਿਰਾਂ ਨੇ ਹਥਿਆਰ **ਸੰਭਾਲੇ ਅਰ** ਲੜਾਈ ਦੀ ਤਿਆਰੀ ਬਨਾਈ। ਉਸ ਵੇਲੇ ਇਕ ਯਾਤਰੀ

---

*ਐਮ, ਮੈਕਾਲਫ ਡਵੀਜ਼ਨਲ ਜੱਜ ਸੂਬੇ ਪੰਜਾਬ ਨੇ ਜੋ ਅਤੀ ਪ੍ਰਾਚੀਨ ਸਾਖੀਆਂ ਤੇ ਪਰੀਸ਼ਰਮ ਨਾਲ ਸੰਗਰਹਿ ਕਰਕੇ ਇਕ ਸਾਖੀ ਲਿਖੀ ਹੈ। ਉਸ ਵਿਚ ਲਿਖਦੇ ਹਨ ਕਿ ਵਡਹੰਸ ਦੀ ਅਲਾਹਣੀ ਅਰ ਤੁਖਾਰੀ ਦਾ ਬਾਰਾਂਮਾਹ ਅਰ ਸੋਹਲੇ ਦੇ ਤੀਨ ਸ਼ਬਦ ਚਲਾਣੇ ਦੇ ਸਮਯ ਗੁਰੂ ਨਾਨਕ ਜੀ ਨੇ ਆਪ ਰਚੇ ਔਰ ਪਾਠ ਕਰਕੇ ਸਮਾਏ।

ਸਿਖ ਆਯਾ ਅਰ ਦੁਹਾਈ ਦੇਕੇ ਉਸ ਨੇ ਦੋਹਾਂ ਨੂੰ ਹਟਾਇਆ ਅਰ ਕਹਿਆ ਭਈ ਮੈਂ ਬੜੀ ਦੂਰੋਂ ਦਰਸ਼ਨ ਦੀ ਆਸਾ ਧਾਰ ਕੇ ਰਾਤ ਦਿਨ ਦਾ ਧਾਵਾ ਕਰਕੇ ਆਇਆ ਹਾਂ ਜੋ ਕਿਸੇ ਤਰਾਂ ਦਰਸ਼ਨ ਪਾਵਾ। ਸੋ ਇਥੋਂ ਚਾਰ ਕੋਹ ਤੇ ਮੈਨੂੰ ਗੁਰੂ ਜੀ ਦਰਸ਼ਨ ਦੇਕੇ ਮੇਰੀ ਆਸਾ ਪੂਰਨ ਕੀਤੀ ਅਰ ਮੈਨੂੰ ਤੁਹਾਡੇ ਕੋਲ ਭੇਜਕੇ ਆਗਿਆ ਦਿਤੀ ਹੈ ਕਿ ਸਾਡੀ ਪੰਜ ਭੂਤਕ ਦੇਹ ਕੇਵਲ ਤੁਹਾਡੇ ਦਰਸ਼ਨ ਵਾਸਤੇ ਹੀ ਸੀ ਜਨਮ ਮਰਨ ਵਿਖੇ ਨਹੀਂ ਫੂਲ ਲਾਹੋ ਵਿਚੋਂ ਦੋ ਪਟ ਦੀ ਚਦਰ ਨਿਕਲੇਗੀ, ਸੋ ਇਕ ਹਿੰਦੂ ਲੈ ਜਾਣ, ਸਸਕਾਰ ਕਰ ਲੈਣ ਦੂਜਾ ਮੁਸਲਮਾਨ ਲੈ ਜਾਣ ਦਬਾਇ ਦੇਣ।

ਬਾਬਾ ਮੜੀ ਨ ਗੋਰ ਗੁਰੂ ਅੰਗਦ ਕੇ ਹੀਯ ਮੈਂ॥
ਪੁਨ ਸਤਿਸੰਗਤ ਓਰ ਸ੍ਰੀ ਗੁਰੂ ਨਾਨਕ ਜੀ ਬਸਹਿ॥

ਲੜਾਈ ਝਗੜਾ ਨਾ ਕਰਨ। ਇਹ ਸੁਣਕੇ ਤਿਨਾਂ ਨੇ ਫੂਲ ਉਤਾਰੇ ਤਾਂ ਉਸੇ ਤਰਾਂ ਚਾਦਰ ਦੇਖੀ, ਸੋ ਸਿਖਾਂ ਪੁਤ੍ਰਾਂ ਨੇ ਸਸਕਾਰ ਕਰਕੇ ਦੇਹਰਾ ਬਣਾਇਆ, ਅਰ ਮੁਸਲਮਾਨਾਂ ਨੇ ਕਬਰ ਬਣਾਈ, ਕੁਛ ਚਿਰ ਪਿਛੋਂ ਦਰਯਾਇ ਦੋਵੇਂ ਵਹਾਇਕੇ ਲੈ ਗਿਆ, ਫੇਰ ਸ੍ਰੀ ਚੰਦ ਸਾਹਿਬ ਨੇ ਉਰਾਰ ਸਤਿਗੁਰੂ ਦੀ ਯਾਦਗਾਰ ਦਾ ਦੇਹਰਾ ਬਣਾਯਾ, ਜੋ ਇਸ ਵੇਲੇ ਪ੍ਰਤੱਖ ਸਾਵਧਾਨ ਹੈ, ਉਦਾਸੀ ਸੰਤ ਸੇਵਾ ਕਰਦੇ ਹਨ, ਆਸਾ ਦੀ ਵਾਰ ਸ਼ਬਦ ਕੀਰਤਨ ਦਾ ਉਚਾਰ, ਰਹਿਰਾਸ ਸੋਹਲੇ ਦੀ ਅਰਦਾਸ ਹੁੰਦੀ ਹੈ; ਕੜਾਹ ਪ੍ਰਸ਼ਾਦਿ ਵਰਤਦਾ ਅਰ ਲੰਗਰ ਚਲਦਾ ਹੈ। ਬਿਕ੍ਰਮ ਸੰਮਤ ੧੫੯੬ ਅੱਸੂ ਵਦੀ ਦਸਮੀ ਸ੍ਰੀ ਗੁਰੂ ਬਾਬਾ ਨਾਨਕ ਸਾਹਿਬ ਜੋਤੀ ਜੋਤ ਸਮਾਏ।

ਸ੍ਰੀ ਅੰਮ੍ਰਿਤਸਰ ਜੀ ਦੇ ਪ੍ਰਸਿਧ ਗਯਾਨੀ ਗਜਾਨ ਸਿੰਘ ਜੀ ਗੁਰਪੁਰਬ ਪ੍ਰਕਾਸ਼ ਵਿਚ ਲਿਖਦੇ ਹਨ।

ਕਬਿੱਤ। ਤਾਰ ਕੇ ਜਹਾਨ ਪਰੇਸ਼ਾਨ ਕਲੂਕਾਲ ਕੀਨੋ
ਹੋਇਕੈ ਹਰਾਨ ਪਾਪ ਭਯੋ ਸਭ ਭਸਮੀ॥ ਜਾਟ ਜੋ
ਗਵਾਰ ਪੱਟੀ ਪਕਰਨ ਜਾਨੇ ਕਰ ਤੇ ਭੀ ਆਜ ਗਾਜ
ਕਹੇ ਅਹੰ ਬ੍ਰਹਮੱਸਮੀ। ਕੀਨੀ ਗੁਰਿ ਆਈ ਦਿਨ ਸਾਤ
ਪਾਂਚ ਮਾਸ ਗੁਰ ਸਤਰ ਬਰਸ ਖੋਲੇ ਅੰਤਰੀਯ ਚਸ਼ਮੀ।
ਭਏ ਜੋਤੀ ਜੋਤਿ ਸੰਗ ਦੇਹ ਸਚ ਖੰਡ ਮਾਹਿ ਪੰਦ੍ਰਾਂ ਸੌ
ਪਿਯਾਨਵੇਂ ਮੇ ਅਸੂ ਵਦੀ ਦਸਮੀ।

ਗੁਰੂ ਸਾਹਿਬ ਨੇ ਆਪਣੀ ਸਾਰੀ ਅਵਸਥਾ ਵਿਚ ਪ੍ਰੋਪਕਾਰ ਕੀਤਾ, ਆਪਣੇ ਸਰੀਰਕ ਸੁਖ ਤਿਆਗ ਕੇ ਬੇਮੁਖਾਂ ਨੂੰ ਵਾਹਿਗੁਰੂ ਦੇ ਸਨਮੁਖ

ਕੀਤਾ, ਕਲਯੁਗ ਦੇ ਪਾਪੀਆਂ ਦੇ ਉਧਾਰ ਵਾਸਤੇ ਆਪ ਨਿਰੰਕਾਰ ਨੇ ਇਨਾਂ ਨੂੰ ਭੇਜਿਆ; ਕਰਤਾਰ ਦੇ ਮਿਲਨ ਦਾ ਜਨਮ ਮਰਨ ਏ ਦੁਖ ਅਰ ਭਵ ਸਾਗਰ ਤੇ ਤਰਨ ਦਾ ਸੁਗਮ ਉਪਾਵ ਇਨਾ ਨੇ ਨਾਮ ਦਾਨ ਸ਼ਨਾਨਾਦਿ ਸਾਧਨ ਅਰ ਕੇਵਲ ਕਰਤਾਰ ਦੀ ਉਪਾਸ਼ਨਾ ਹੀ ਦਸੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੇ ਹਨ, ਗੁਰੂ ਸਾਹਿਬ ਤੋਂ ਬਿਨਾਂ ਹੋਰ ਕੋਈ ਮੁਕਤਿ ਨਹੀਂ ਦੇ ਸਕਦਾ।

ਜੇ ਕੋ ਗੁਰ ਤੇ ਵੇਮੁਖੁ ਹੋਵੈ ਵਿਣੁ ਸਤਿਗੁਰ ਮੁਕਤਿ ਨ ਪਾਵੈ॥ ਪਾਵੈ ਮੁਕਤਿ ਨ ਹੋਰਥੈ ਕੋਈ ਪੁਛਹੁ ਬਿਬੇਕੀਆ ਜਾਏ ॥ ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ॥ ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ॥ ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ॥੨੨॥

ਪੁਨ: ਧੰਨੁ ਧੰਨੁ ਧੰਨੁ ਜਨੁ ਆਇਆ। ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ॥ ਜਨ ਆਵਨ ਕਾ ਇਹੈ ਸੁਆਉ॥ ਜਨ ਕੈ ਸੰਗਿ ਚਿਤਿ ਆਵੈ ਨਾਉ॥ ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥ ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥੮॥੨੩॥

ਸਤਿਗੁਰੂ ਪੰਚ ਭੂਤਕ ਦੇਹ ਕਰਕੇ ਅਲੋਪ ਹੋਏ ਪਰੰਤੂ ਵਾਸਤਵ ਤੇ ਸਦਾ ਜੀਉਂਦੇ ਹਨ ਜਿਥੇ ਸਿਖ ਸਰਧਾ ਅਰ ਪ੍ਰੇਮ ਭਾਵਨਾ ਨਾਲ ਅਰਾਧਨਾ ਕਰਨ ਦਰਸ਼ਨ ਦਿੰਦੇ, ਅਰ ਮਨੋਰਥ ਪੂਰਨ ਕਰਦੇ ਹਨ ਅਕਾਲ ਪੁਰਖ ਦੇ ਪਾਸ ਬੈਠੇ ਆਪਣੇ ਸਿਖਾਂ ਦੀ ਅਰਦਾਸ ਕਰਦੇ ਹਨ। ਹੇ ਭਾਈ ਪਿਆਰਿਓ, ਆਓ ਐਸੇ ਸਚੇ ਸਤਿਗੁਰੂ ਦੇ ਬਚਨ ਕਮਾਓ, ਮਨਿ ਮਤਿ ਤਿਆਗੋ, ਅਰ ਗੁਰਮੁਖ ਕਹਾਓ, ਲੋਕ ਪਰਲੋਕ ਵਿਖੇ ਅਬਿਨਾਸੀ ਸੁਖ ਪਾਓ, ਮਨ ਤਨ ਕਰਕੇ ਸਤਿਗੁਰੂ ਦਾ ਜਸ ਗਾਓ, ਗੁਰਪੁਰਬ ਮਨਾਓ, ਮਨੁਖਾ ਜਨਮ ਦਾ ਫਲ ਪਾਓ, ਉਮਰਾ ਬੀਤ ਦੀ ਜਾਂਦੀ ਹੈ ਦੇਰ ਨਾ ਲਾਓ, ਐਸਾ ਨਾ ਹੋਵੇ ਜੋ ਅਗੇ ਜਾਕੇ ਪਏ ਪਛਤਾਓ, ਤਾਂ ਤੇ ਸਤਿਗੁਰੂ ਦੇ ਹੀ ਜੈਕਾਰੇ ਗਜਾਓ॥

ਇਹ ਲੋਕ ਸੁਖੀਏ ਪਰਲੋਕ ਸੁਹੇਲੇ॥
ਨਾਨਕ ਹਰਿ ਪ੍ਰਭ ਆਪੇ ਮੇਲੇ॥

*

ਵਯਾਖਯਾਨ ਅੱਠਵਾਂ !

ਜਨਮੋਤਸ਼ਵ ਗੁਰੂ ਅੰਗਦ ਜੀ

ਨਾਨਕ ਅੰਗਦ ਕੋ ਬਪੁ ਧਰਾ।
ਧਰਮ ਪ੍ਰਚਾਰ ਇਸ ਜਗ ਕਉ ਕਰਾ।

ਸਵੈਯਾ–ਬੰਧਨ ਸੋ ਉਪਦੇਸ਼ ਸੁਨੈ ਮਿਟ ਜਾਤ ਕਲੇਸ਼ ਕਰੈ ਅਭਿਨੰਦਨ। ਨੰਦਨ ਫੇਰੂ ਕੇ ਹੈਂ ਸੁਖ ਸਾਗਰ ਨੈਨਨ ਕੀ ਸਮਤਾ ਅਰ ਬਿੰਦਨ। ਬਿੰਦਨ ਮੰਦਤਾਹੀਯ ਰਹੇ ਤਮ ਬ੍ਰਿੰਦ ਬਿਲੰਦ ਦਿਨਿੰਦ ਕਿਨੰਦਨ। ਕੰਦ ਅਨੰਦ ਕੇ ਚੰਦ ਮਹਾਂ ਗੁਰੂ ਅੰਗਦ ਕੇ ਪਗ ਪੰਕਜ ਬੰਦਨ।੧।

ਸ੍ਰੀ ਸਤਿਗੁਰੂ ਦੇ ਪ੍ਰੇਮੀ ਪਿਆਰਿਓ ! ਜਦ ਜਦ ਧਰਮ ਦੀ **ਹਾਨੀ** ਹੋਣ ਲਗੇ; ਅਰ ਮਨੁੱਖਾਂ ਨੂੰ ਧਰਮ ਦੇ ਉਤੇ ਗਿਲਾਨੀ ਹੋਣ ਲਗੇ; ਅਰ ਅਧਰਮ ਦੀ ਪ੍ਰਧਾਨੀ ਪਸਰਨ ਲਗੇ, ਤਦ ਤਦ ਹੀ ਅਕਾਲ ਪੁਰਖ ਪਰਮੇਸ਼ਵਰ ਕਿਸੀ ਐਸੇ ਮਹਾਤਮਾਂ ਨੂੰ ਪ੍ਰਗਟ ਕਰਦਾ ਹੈ, ਇਸ ਦੀ ਰਾਹੀਂ ਫੇਰ ਧਰਮ ਸਥਾਪਨ ਹੋ ਜਾਂਦਾ ਹੈ।

ਯਦਾ ਯਦਾਹਿ ਧਰਮਸਯ ਗਿਲਾਨਰ ਭਵਤਿ ਭਾਰਤ
ਅਭਯੁਥਾਨਮ ਧਰਮਸਯ ਤਦਾਤਮਾਨੰ ਸਿਜਾਮਯਹਮ ॥੭॥
ਪਰਿ ਤ੍ਰਾਣਾਯ ਸਾਧੂ ਨਾ ਵਿਨਾਸ਼ਾਯਦ ਦੁਸਕ੍ਰਿਤਾਨ ॥
ਧਰਮ ਸੰਸਥਾਪ ਨਾਰ ਥਯ ਸੰਭਵਮਿ ਯੁਗੇ ਯੁਗੇ ॥ ੮ ॥
(ਗੀਤਾ ਧ: ੪)

ਗੁਰੂ ਨਾਨਕ ਸਾਹਿਬ ਨੇ ਜੋ ਨਾਮ ਦਾ ਬੀਜ ਬ੍ਰਹਮੰਡ ਭਰ ਵਿਚ ਬੀਜਿਆ ਉਸਦੇ ਸਿੰਚਣ ਵਾਲੇ ਅਰ ਰਖਵਾਲੇ ਦੀ ਲੋੜ ਹੋਈ, ਤਾਂ ਕਰਤਾਰ ਨੇ ਗੁਰੂ ਅੰਗਦ ਜੀ ਨੂੰ ਉਦਯ ਕੀਤਾ। ਇਨਾਂ ਦੀ ਸੰਖੇਪ ਵਾਰਤਾ ਐਉਂ ਹੈ–ਕਿ ਜੰਗਲ ਦੇਸ ਮੱਤੇ ਦੀ ਸਰਾਇ ਨਾਮੇ ਨਗਰ ਵਿਖੇ ਜੋ ਤਹਿਸੀਲ

ਮੁਕਤਸਰ ਵਿਖੇ ਹੈ, ਫੇਰੂ ਨਾਮੇ ਤੇਹਣ ਗੋਤ ਦਾ ਖਤਰੀ ਵਸਦਾ ਸੀ, ਇਸਦੀ ਇਸਤ੍ਰੀ ਦਾ ਨਾਮ ਰਾਮੋ ਸੁਸੀਲ ਸੁਭਾਉ ਦਯਾਵਾਨ ਪਤਿਬ੍ਰਤਾ ਭਗਵਤ ਭਗਤ ਅਰ ਧਰਮਾਤਮਾ ਸੀ। ਫਿਰਾਯਾ ਨਿਤ ਪਰਭਾਤ ਵੇਲੇ ਸਤਿਨਾਮ ਦਾ ਮੰਤਰ ਜਪਦਾ ਅਰ ਸੁਖ ਚਾਹੁੰਦਾ ਸੀ। ਇਨਾਂ ਦੇ ਪਰੇਮ ਤੇ ਪਰਮੇਸ਼ਰ ਦਯਾਲ ਹੋਯਾ, ਜੋ ਵਿਸਾਖ ਸੁਦੀ ਏਕਮ ਸੰਮਤ ੧੫੬੧ ਵਿਸਾਖੋਂ ਦਿਨ ੧੧ ਚਾਰ ਘੜੀ ਰਾਤ ਰਹਿੰਦੀ ਭਰਨੀ ਨਿਛਤਰ ਵਿਚ ਤਿਨਾਂ ਦੇ ਘਰ ਬਾਲਕ ਜਨਮਿਆ, ਨਾਮ ਲਹਿਣਾ ਰਖਿਆ, ਸੋ ਚਾਨਣੇ ਪਖ ਦੇ ਚੰਦਰਮਾਂ ਵਾਂਗ ਦਿਨੋਂ ਦਿਨ ਵਧਿਆ, ਅਰ ਮੈਤਰੀ ਮੁੱਦਤਾ ਆਦਿ ਦੈਵੀ ਸੰਪ੍ਰਦਾ ਦੇ ਗੁਣਾਂ ਨਾਲ ਭਰਪੂਰ ਹੁੰਦਾ ਗਿਆ। ਸੰਮਤ ੧੫੭੬ ਮਘਰ ਦਿਨੋਂ ੧੬ ਹਰੀ ਕੇ ਨਾਮੇ ਨਗਰ ਵਿਚ ਵਿਆਹੇ, ਸੁਭ ਸੁਭਾਵ ਸੁਘੜ ਸਵਰੂਪਾ ਸਭ ਤਰਾਂ ਸੁਚੱਜੀ ਖੀਵੀ ਨਾਮੇ ਇਸਤ੍ਰੀ ਆਈ ਅਤੇ ਫੇਰ ਇਥੇ ਹੀ ਆਣ ਵਸੇ ਅਰ ਸੰਮਤ ੧੫੭੯ ਵਿਚ ਬੀਬੀ ਅਮਰੋ ਦਾ ਜਨਮ ਹੋਇਆ। ਫੇਰ ਸੰਮਤ ੧੫੯੧ ਵਿਖੇ ਦਾਸੂ ਨਾਮੇ ਪੁਤਰ ਜਨਮਿਆ, ਇਸ ਸਮਯ ਵਿਖੇ ਜੋ ਰਾਜ ਕਾਲ ਹੋ ਰਿਹਾ ਸੀ ਮੁਗਲਾਂ ਨੇ ਦਬ ਲਿਆ ਤੇ ਪਠਾਣਾਂ ਦਾ ਅਰਾਣਾ ਉਜੜ ਜਾਣਾ, ਹਨੇਰ ਅਰ ਜੁਲਮ ਹੋ ਰਹੇ ਸੇ; ਮੁਗਲਾਂ ਬਲੋਚਾਂ ਨੇ ਨਗਰ ਉਜਾੜ ਦਿਤਾ ਇਹ ਖਹਰਿਆਂ ਦੇ ਖਡੂਰ ਵਿਚ ਆਇ ਰਹੇ ਜੋ ਹੁਣ ਤਰਨਤਾਰਨ ਦੀ ਤਹਿਸੀਲ ਵਿਚ ਇਕ ਪਰਸਿਧ ਨਗਰ ਹੈ, ਇਥੇ ਰਹਿੰਦਿਆਂ ਲਹਿਨਾਂ ਜੀ ਨੇ ਵਰ੍ਹੇ ਦੇ ਵਰ੍ਹੇ ਜਵਾਲਾ ਜੀ ਦੇ ਦਰਸ਼ਨ ਦਾ ਨੇਮ ਧਾਰਿਆ ਅਰ ਨਾਲ ਹੋਰ ਸੰਗਤੀਆਂ ਨੂੰ ਪਰੇਰਕੇ ਧਜਾ ਨਲਿਯੇਰ ਛਤਰ ਸਪਾਰੀ ਆਦਿ ਭੇਟ ਲੈਕੇ ਜਵਾਲਾਮੁਖੀ ਦੇ ਦਰਸ਼ਨ ਨੂੰ ਜਾਣ ਲਗੇ। ਇਥੇ ਖਡੂਰ ਵਿਚ ਭਾਈ ਜੋਧਾ ਨਾਮੇ ਇਕ ਗੁਰੂ ਨਾਨਕ ਜੀ ਦਾ ਸਿਖ ਵਸਦਾ ਸੀ ਇਹ ਨਿਤ ਪਿਛਲੀ ਰਾਤ ਸਵਾ ਪਹਿਰ ਦੇ ਤੜਕੇ ਅੰਮ੍ਰਿਤ ਵੇਲੇ ਜਾਗ ਕੇ ਪ੍ਰੇਮ ਨਾਲ ਸ੍ਰੀ ਜਪੁਜੀ ਸਿਧ ਗੋਸਟਿ ਓਅੰਕਾਰ ਆਸਾ ਦੀ ਵਾਰ ਦਾ ਉਚਾਰ ਕਰਦਾ ਹੁੰਦਾ ਸੀ। ਇਕ ਦਿਨ ਲਹਿਣੇ ਜੀ ਦੀ ਅੱਖ ਖੁਲ ਗਈ ਤਾਂ ਭਿੰਨੀ ਭਿੰਨੀ ਰਾਤ ਚਮਕਦੇ ਤਾਰੇ ਠੰਢੀ ੨ ਪੌਣ ਦੇ ਝੁਲਾਰੇ ਚੁਪ ਚਾਪ ਤਾਰ ਦਾ ਸਨਾਟਾ ਸੁੰਨ ਸਮਾਧ ਅੰਮ੍ਰਿਤ ਵੇਲਾ ਅਤੇ ਪਰੇਮ ਭਰੀ ਅਵਾਜ ਜਿੰਦ ਵਿਚ ਜਿੰਦ ਪਾਉਣ ਵਾਲੀ ਪਿਆਰੀ ਪਿਆਰੀ ਧੁਨਿ ਕੰਨਾਂ ਵਿਚ ਆਈ।

ਸਲੋਕੁ ਮ: ੧ ॥

ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥ ਸਚੇ ਤੇਰੇ ਲੋਅ ਸਚੇ
ਆਕਾਰ ॥ ਸਚੇ ਤੇਰੇ ਕਰਣੇ ਸਰਬ ਬੀਚਾਰ ॥ ਸਚਾ

ਤੇਰਾ ਅਮਰੁ ਸਚਾ ਦੀਬਾਣੁ ॥ ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥ ਸਚਾ ਤੇਰਾ ਕਰਮੁ ਸਚਾ ਨੀਸਾਣੁ ॥ ਸਚੇ ਤੁਧੁ ਆਖਹਿ ਲਖ ਕਰੋੜਿ ॥ ਸਚੈ ਸਭਿ ਤਾਣਿ ਸਚੈ ਸਭਿ ਜੋਰਿ ॥ ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਸਾਹ ॥

ਇਥੋਂ ਲੈਕੇ–ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮਾਲੀਐ ॥ ਜਿਤੁ ਕੀਤਾ ਪਾਈਐ ਆਪਣਾ ਸਾ ਘਲਿ ਬੁਰੀ ਕਿਉ ਘਾਲੀਐ ॥ ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥ ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ ॥ ਕਿਛੁ ਲਾਹੇ ਉਪਰਿ ਘਾਲੀਐ ॥ ੨੧ ॥

[ਆਸਾ ਦੀ ਵਾਰ ੨੧ ਪੌੜੀ ਤੁਕ ਸੁਣੀ

ਏਹ ਅੰਮ੍ਰਿਤ ਭਰੀ ਬਾਣੀ ਜਿਉਂ ਜਿਉਂ, ਕੰਨ ਲਾਇਕੇ ਸੁਣੀ ਮਨ ਵਿਚ ਸ਼ਾਂਤਿ ਆਉਂਦੀ ਗਈ, ਦਿਨ ਚੜ੍ਹੇ ਭਾਈ ਜੋਧੇ ਨੂੰ ਪੁਛਿਆ ਕਿ ਹੇ ਭਾਈ ਪਿਛਲੀ ਰਾਤ ਤੁਸੀਂ ਕੀ ਪੜ੍ਹਦੇ ਸੇ ਅਰ ਇਹ ਕਿਸ ਦੀ ਰਚੀ ਹੋਈ ਹੈ ? ਉੱਤਰ ਦਿਤਾ, ਇਹ ਮੇਰੇ ਸ੍ਰੀ ਗੁਰੂ ਨਾਨਕ ਜੀ ਦੀ ਬਾਣੀ ਹੈ, ਜੋ ਰਾਵੀ ਦੇ ਕੰਢੇ ਕਰਤਾਰਪੁਰ ਨਗਰ ਵਿਖੇ ਰਹਿੰਦੇ ਹਨ ਮੈਂ ਉਨਾਂ ਦਾ ਸਿਖ ਹਾਂ; ਉਨਾਂ ਦੀ ਬਾਣੀ ਪੜ੍ਹਦਾ ਹਾਂ, ਸਾਰਾ ਦਿਨ ਸੁਖ ਦਾ ਬਤੀਤ ਹੋ ਜਾਂਦਾ ਹੈ, ਸੁਣਕੇ ਲਹਿਣਾ ਜੀ ਦੇ ਮਨ ਵਿਚ ਪਰੇਮ ਜਾਗਿਆ, ਅਰ ਜਿਸ ਤਰਾਂ ਭੌਰਾ ਕਮਲ ਦੀ ਸੁਗੰਧੀ ਨੂੰ ਲੋਚਦਾ ਹੈ, ਮਨ ਵਿਚ ਵਿਚਾਰਿਆ ਭਈ ਬਾਬਾ ਨਾਨਕ ਜੀ ਪੂਰਨ ਗੁਰੂ ਹਨ, ਜਿਨਾਂ ਦੀ ਬਾਣੀ ਮਨ ਨੂੰ ਖਿਚਦੀ ਹੈ, ਜੇ ਦਰਸ਼ਨ ਦੇਣ ਤਾਂ ਮੇਰੇ ਪੂਰਨ ਭਾਗ ਹੋਣ।

ਇਕ ਦਿਨ ਸ੍ਰੀ ਗੁਰੂ ਨਾਨਕ ਸਾਹਿਬ ਕਰਤਾਰਪੁਰ ਵਿਚ ਸਤਿਨਾਮ ਦਾ ਉਪਦੇਸ਼ ਦੇਕੇ ਸੰਗਤ ਨੂੰ ਤਾਰਦੇ ਹੋਏ ਮਨ ਵਿਚ ਵਿਚਾਰਦੇ ਸੇ, ਜੋ ਬਹੁਤੇਰੇ ਸਿਖ

੧ ੴ ਸਤਿਨਾਮੁ ਦਾ ਅਭਯਾਸ ਕਰਦੇ ਹੋਏ ਗੁਰਮੁਖਤਾਈ ਦੀਆਂ ਰਹਿਤਾਂ ਧਾਰਕੇ ਮੋਖ ਦੇ ਅਧਿਕਾਰੀ ਹੋਏ, ਪਰ ਗੁਰਿਆਈ ਦੀ ਗੱਦੀ ਸੰਭਾਲਨ ਵਾਲਾ ਅਜੇ ਤੀਕਰ ਕੋਈ ਨਹੀਂ ਦਿਸਿਆਂ। ਅਜਰ ਵਸਤ ਦਾ ਜਰਨਾ ਅਰ ਹੋਰਨਾਂ ਦੇ ਤਾਰਨ ਨੂੰ ਸਮਰਥ ਹੋਣਾ, ਏ ਗੁਣ ਪੁਤਰਾਂ ਵਿਚ ਬੀ ਨਹੀਂ ਹਨ, ਫੇਰ ਅੰਤਰਜਾਮੀ ਸਤਿਗੁਰੂ ਨੇ ਜਾਣ ਲਿਆ ਜੋ ਇਸ ਪਦਵੀ ਦੇ ਸੰਭਾਲਨ ਨੂੰ

ਲਹਿਣਾ ਸਮਰਥ ਹੋ ਸਕਦਾ ਹੈ, ਇਸ ਲਈ ਤਿਸਦਾ ਮਨ ਖਿਚਿਆ। ਇਧਰ ਲਹਿਣਾ ਜੀ ਸੰਗ ਨੂੰ ਨਾਲ ਲੈਕੇ ਜਵਾਲਾ ਮੁਖੀ ਭਗਵਤੀ ਦੇ ਦਰਸ਼ਨ ਨੂੰ ਤੁਰੇ ਜਦ ਕਰਤਾਰਪੁਰ ਦੇ ਕੋਲੋਂ ਲੰਘੇ ਤਾਂ ਗੁਰੂ ਕਾ ਜਸ ਸੁਣਕੇ ਦਰਸ਼ਨ ਨੂੰ ਮਨ ਲੋਚਿਆ, ਸੰਗ ਨੂੰ ਕਿਹਾ ਭਾਈ "ਏਕ ਪੰਥ ਦੋ ਕਾਜ" ਪਹਿਲੇ ਗੁਰੂ ਕਾ ਦਰਸ਼ਨ ਲਵੋ ਫੇਰ ਭਗਤਾਂ ਦਾ ਕਰਾਂਗੇ। ਸੰਗ ਨੇ ਡੇਰਾ ਕਰ ਦਿਤਾ, ਲਹਿਣਾ ਜੀ ਸਭ ਤੋਂ ਪਹਿਲੋਂ ਹੀ ਚਲੇ ਅਤੇ ਗੁਰੂ ਜੀ ਮਾਨੋਂ ਅਗੋਂ ਲੈਣ ਆਏ, ਨਗਰੋਂ ਬਾਹਰ ਇਕ ਖੂਹ ਉਤੇ ਆਣ ਬੈਠ, ਲਹਿਣਾ ਜੀ ਨੇ ਇਨ੍ਹਾਂ ਨੂੰ ਇਕ ਪੈਂਚ ਮਨੁਖ ਜਾਣਕੇ ਪੁਛਿਆ, ਕਿ ਗੁਰੂ ਜੀ ਦਾ ਘਰ ਕਿਥੇ ਹੈ? ਤਾਂ ਗੁਰੂ ਸਾਹਿਬ ਆਪ ਨਾਲ ਤੁਰ ਪਏ। ਗੁਰੂ ਸਾਹਿਬ ਜੀ ਨੂੰ ਪੈਰ ਪਿਆਦੇ ਨਾਲ ਤੁਰਦੇ ਦੇਖਕੇ ਘੋੜੇ ਉਤੇ ਚੜੇ ਲਹਿਣਾ ਜੀ ਨੇ ਵਿਚਾਰਿਆ, ਭਈ ਏਹ ਕੋਈ ਵਡਾ ਦਯਾਲੂ ਪੁਰਖ ਹੈ, ਅਤੇ ਡਿਉਢੀ ਕੋਲ ਜਾਕੇ ਗੁਰੂ ਜੀ ਨੇ ਕਿਹਾ, ਭਾਈ ਘੋੜੀ ਇਥੇ ਬੰਨ੍ਹ ਦਿਓ ਅਰ ਆਪ ਅੰਦਰ ਲੰਘਕੇ ਆਸਨ ਪਰ ਜਾ ਬੈਠੇ, ਅਤੇ ਇਕ ਸਿਖ ਨੂੰ ਭੇਜਿਆ ਜੋ ਡਿਉਢੀ ਵਿਚ ਸਿਖ ਖੜਾ ਹੈ ਉਸਨੂੰ ਸਦ ਲੈ ਆਓ, ਸਿਖ ਦੇ ਨਾਲ ਲਹਿਣਾ ਜੀ ਨੇ ਆਇਕੇ ਡਿਠਾ ਤਾਂ ਚਰਨੀਂ ਲਗਕੇ ਬੇਨਤੀ ਕੀਤੀ ਕਿ ਮੈਥੋਂ ਬੜੀ ਅਵਗਯਾ ਹੋਈ, ਜੋ ਮੈਂ ਸਵਾਰ ਅਤੇ ਤੁਸੀਂ ਪੈਰ ਪਿਆਦੇ ਤੁਰੇ ਆਏ, ਮੇਰੀ ਭੁਲ ਛਿਮਾ ਕਰੋ, ਸ਼ਾਂਤ ਰੂਪ ਗੁਰੂ ਅਰ ਸ਼ਬਦ ਕੀਰਤਨ ਕਰਦੀ ਪ੍ਰੇਮ ਭਰੀ ਸੰਗਤ ਦਾ ਦਰਸ਼ਨ ਕਰਕੇ ਅਜਿਹਾ ਮਨ ਮਗਨ ਹੋਯਾ ਜੋ ਪੈਰਾਂ ਦੇ ਘੁੰਗਰੂ ਖੋਹਲ ਦਿਤੇ, ਅਤੇ ਆਪਣਾ ਨਾਮ ਨਿਵਾਸ ਜਾਤਿ ਪਾਤ ਸਭ ਬਰਤਾਂਤ ਖੋਹਲਕੇ ਸੁਣਾਏ ਮੈਂ ਹੁਣ ਜਵਾਲਾ ਮੁਖੀ ਦੇ ਦਰਸ਼ਨ ਚਲਿਆ ਸਾਂ, ਪਰ ਹੁਣ ਪੂਰਾ ਗੁਰੂ ਪਾਇਕੇ ਮੇਰਾ ਮਨ ਸ਼ਾਂਤਿ ਹੋ ਗਿਆ ਹੈ, ਦੇਵੀ ਦੇ ਦਰਸ਼ਨ ਦੀ ਇਛਿਆ ਨਹੀਂ ਰਹੀ। ਸੰਗੀ ਉਡੀਕਦੇ ਥਕ ਗਏ ਤਾਂ ਅੰਦਰ ਆਏ, ਬਹੁਤ ਸਮਝਾਇਆ, ਪਰ ਇਨਾਂ ਕਿਹਾ ਮੈਨੂੰ ਦੇਵੀ ਦੀ ਸੇਵਾ ਦਾ ਫਲ ਏਥੇ ਹੀ ਮਿਲ ਗਿਆ ਹੈ, ਜੋ ਮੇਰਾ ਮਨ ਸ਼ਾਂਤਿ ਹੋ ਗਿਆ ਹੈ, ਅਨੇਕ ਜਤਨ ਕਰਕੇ ਹਾਰਕੇ ਸਭ ਤੁਰ ਗਏ। ਹੁਣ ਇਨਾਂ ਦੀ ਸਚੀ ਪਰੀਤ ਦੇਖਕੇ ਗੁਰੂ ਜੀ ਦਯਾਲੂ ਹੋਏ ਬੋਲੇ, ਭਈ ਤੇਰਾ ਨਾਮ ਹੈ ਲਹਿਣਾ ਅਹਿ ਅਸਾਡਾ ਧਰਮ ਹੈ ਦੇਣਾ, ਪਰ ਇਕ ਵਾਰੀ ਘਰ ਜਾਇਕੇ ਪਿਛੇ ਦਾ ਬੰਦੋਬਸਤ ਕਰ ਆਓ ਫੇਰ ਆਵੇਂਗਾ ਤਾਂ ਤੈਨੂੰ ਗੁਰਮੰਤ੍ਰ ਦੇਵਾਂਗੇ। ਸਤਿ ਬਚਨ ਕਹਿਕੇ ਖਡੂਰ ਆਯਾ ਅਰ ਸਾਰਾ ਬਿਰਤਾਂਤ ਘਰ ਵਾਲੀ ਨੂੰ ਸੁਣਾਯਾ ਕਿ ਮੈਂ ਹੁਣ ਗੁਰੂ ਨਾਨਕ ਜੀ ਦੇ ਚਰਨਾਂ ਵਿਚ ਰਹਿਕੇ ਲੋਕ ਪਰਲੋਕ ਸਵਾਰਾਂਗਾ, ਅਤੇ ਸਭ ਕੰਮ ਸਮੇਟ ਕੇ

ਲੂਣ ਦੀ ਪੰਡ ਭੇਟ ਲੈਕੇ ਆਪਣੇ ਭਾਣਜੇ ਨੂੰ ਨਾਲ ਲੈਕੇ ਸੁੰਦਰ ਪੁਸ਼ਾਕ ਪਹਿਨਾਕੇ ਸਿਰ ਪੁਰ ਪੰਡ ਧਰੀ ਕਰਤਾਰ ਪੁਰ ਆਯਾ, ਤਾਂ ਮਾਤਾ ਸੁਲਖਣੀ ਨੇ ਆਦਰ ਨਾਲ ਬਠਾਯਾ ਅਰ ਸੁਣਾਯਾ ਕਿ ਗੁਰੂ ਜੀ ਬਾਹਰ ਪੈਲੀ ਵਿਚ ਗਏ ਹਨ, ਛੇਤੀ ਮਿਲਣਾ ਹੈ ਤਾਂ ਬਾਹਰ ਜੀ ਜਾ ਮਿਲੋ। ਲੂਣ ਲੰਗਰ ਵਿਚ ਦੇਕੇ ਲਹਿਣਾ ਜੀ ਬਾਹਰ ਆਏ, ਅੱਗੇ ਗੁਰੂ ਸਾਹਿਬ ਨੇ ਗੁਡਾਈ ਕਰਾਇ ਚਿੱਕੜ ਭਰੇ ਘਾਹ ਦੀਆਂ ਤਿੰਨ ਪੰਡਾਂ ਬੰਨ੍ਹਵਾਇ ਪੁਤ੍ਰਾਂ ਨੂੰ ਕਹਿਆ ਚੁੱਕ ਲੇ ਚਲੋ ਤਾਂ ਪਸ਼ੂ ਤਰਿਪਤ ਹੋਣਗੇ, ਤਿਨਾਂ ਕਿਹਾ ਇਹ ਸਾਡਾ ਕੰਮ ਹੈ? ਕੋਈ ਟਹਿਲੀਆ ਆਵੇਗਾ ਚੁਕ ਲੈ ਜਾਵੇਗਾ। ਬਚਨ ਹੋਇਆ ਟਹਿਲੀਏ ਲੈ ਜਾਉਣਗੇ ਅਤੇ ਅਧਿਕਾਰੀ ਪਛਤਾਉਣਗੇ ਫੇਰ ਸਮਜ ਨਾ ਪਾਉਣਗੇ ਐਨੇ ਵਿਚ ਲਹਿਣਾ ਜੀ ਨੇ ਚਰਨ ਬੰਦਨਾ ਕਰਕੇ ਪੰਡ ਚੁਕਣ ਦੀ ਆਗਯਾ ਮੰਗੀ। ਮਹਾਰਾਜ ਮੈਨੂੰ ਆਪਣਾ ਟੈਹਲੀਆ ਜਾਣਕੇ ਟਹਿਲ ਬਖਸ਼ੋ, ਤਿੰਨੇ ਮੇਰੇ ਸਿਰ ਉਪਰ ਧਰ ਦਿਓ ਅਤੇ ਪ੍ਰੇਮ ਵਿਚ ਮਗਨ ਤਿੰਨੇ ਚੁਕ ਲਈਆਂ, ਗੁਰੂ ਜੀ ਦੇ ਨਾਲ ੨ ਤੁਰਿਆ ਆਉਂਦਾ ਅਤੇ ਸਿਰ ਉਤੇ ਪੰਡਾਂ, ਚਿੱਕੜ ਚੋਇ ੨ ਕੇ ਲੀੜੇ ਬਸਤਰ ਜੋ ਭਰ ਗਏ, ਇਹ ਦਸ਼ਾ ਦੇਖਕੇ ਸ੍ਰੀ ਚੰਦ ਜੀ ਦੀ ਮਾਤਾ ਬੋਲੀ, ਇਹ ਭਲਾਮਾਣਸ ਖਤਰੇਟਾ ਪੰਡਾਂ ਚੁਕਣ ਦੇ ਯੋਗ ਸੀ? ਤੁਸੀਂ ਬੜੇ ਬੇਪਰਵਾਹ ਹੋ ਜੇ ਕੋਈ ਸਿਖ ਆਵੇ ਤਾਂ ਉਸਦੀ ਸ਼ਰਧਾ ਨਹੀਂ ਰਹਿਣ ਦਿੰਦੇ। ਬਚਨ ਹੋਇਆ ਜਿਹਨੂੰ ਕਰਤਾਰ ਨੇ ਪੰਡ ਚੁਕਣ ਦੇ ਜੋਗ ਸਮਝਿਆ ਉਸੇ ਦੇ ਸਿਰ ਤੇ ਧਰੀ ਹੈ, ਪਰ ਮਾਤਾ ਨੇ ਅਸਲੀ ਅਰਥ ਨਾ ਸਮਝਕੇ ਕਿਹਾ ਦੇਖੋ ਇਸ ਦੇ ਲੀੜੇ ਚਿੱਕੜ ਨਾਲ ਭਰ ਗਏ ਹਨ, ਸਿਰੋਂ ਚੋ ਚੋਕੇ ਚਿੱਕੜ ਪੈਰਾਂ ਤੋੜੀ ਆਇਆ ਹੈ। ਗੁਰੂ ਜੀ ਬਚਨ ਕੀਤਾ ਭੋਲੀਏ! ਇਹ ਚਿਕੜ ਨਹੀਂ ਸਚੀ ਦਰਗਾਹ ਦਾ ਕੇਸਰ ਹੈ, ਅਰ ਇਕ ਪੰਡ ਚੁਕਣੀ ਔਖੀ ਸੀ, ਇਸ ਨੇ ਤਿੰਨ ਚੁਕ ਲਈਆਂ ਹਨ, ਇਹ ਬੜਾ ਸਮਰਥ ਹੈ, ਤਾਂ ਮਾਤਾ ਨੇ ਡਿਠਾ ਜੋ ਓਹ ਸਚਮੁਚ ਕੇਸਰ ਹੋ ਗਿਆ।

ਹੁਣ ਲਹਿਣਾ ਗੁਰੂ ਜੀ ਦੇ ਸੰਗ ਰਹਿਣ ਲਗਾ, ਸਵਾ ਪਹਿਰ ਰਾਤ ਰਹਿੰਦੀ ਗੁਰੂ ਜੀ ਰਾਵੀ ਵਿਚ ਅਸ਼ਨਾਨ ਕਰਨ, ਅਰ ਕੰਠ ਤਕ ਪਾਣੀ ਵਿਚ ਖੜੇ ਹੋਕੇ ਸ੍ਰੀ ਜਪੁਜੀ ਦਾ ਪਾਠ ਕਰਦੇ ਕਰਤਾਰ ਦੇ ਧਯਾਨ ਵਿਚ ਮਗਨ ਹੋਏ ਹੋਏ ਤਿਸਦੇ ਗੁਣ ਗਾਉਂਦੇ ਦਿਨ ਚੜ੍ਹਾ ਦੇਣ, ਲਹਿਣਾ ਜੀ ਬਸਤ੍ਰ ਫੜਕੇ ਪਾਸ ਖੜੇ ਰਹਿਨ। ਪ੍ਰਾਤਾਕਾਲ ਬਸਤਰ ਪਹਿਰਕੇ ਧਰਮਸਾਲਾ ਵਿਚ ਸੰਗਤ ਨੂੰ ਸਤਯ ਉਪਦੇਸ਼ ਦੇਕੇ ਭਰਮ ਨਵਿਰਤ ਅਰ ਨਿਹਾਲ ਕਰਨ। ਇਕ ਦਿਨ ਭਾਈ ਭੰਗੀਰਥ, ਭਾਈ ਬੁਢਾ, ਭਾਈ ਸੁਧਾਰਾ ਇਨਾਂ ਤਿੰਨਾਂ ਦੇ ਵਿਚਾਰ ਕੀਤੀ ਭਈ ਲਹਿਣਾ ਬੜੀ ਟਹਿਲ ਕਰਦਾ ਹੈ ਅਸੀਂ ਭੀ ਨਾਲ ਚਲੀਏ, ਸੋ

ਤਿੰਨੇ ਨਦੀ ਦੇ ਕੰਢੇ ਕੋਲ ਬਾਹਰ ਬੈਠ ਰਹੇ ਸਿਆਲ ਮਾਹ ਉਤੋਂ ਕਾਲੀ ਘਟਾ ਆਈ, ਅਰ ਠੰਢੀ ਸੀਤ ਪੌਣ ਦੇ ਝਕੋਲੇ ਆਉਣ, ਗੜਾ ਵਰਸੇ, ਤਿੰਨੇ ਸਿਖ ਬੈਠੇ ਬੈਠੇ ਸੁੰਨ ਹੋ ਗਏ, ਜਦ ਸੀਤ ਨਾਲ ਕੰਬਦੇ ਘਰ ਆਏ ਅਗ ਸੇਕੀ ਤਾਂ ਸੁਰਤ ਆਈ ਪਰ ਲਹਿਣਾ ਜਿਉਂ ਦਾ ਤਿਉਂ ਖੜਾ ਰਿਹਾ, ਦਿਨ ਚੜ੍ਹੇ ਗੁਰੂ ਜੀ ਨਦੀ ਤੋਂ ਬਾਹਰ ਨਿਕਲਕੇ ਕਿਹਾ ਲਹਿਣਾ ਤੂੰ ਧੰਨ ਹੈਂ ! ਤੈਂ ਆਪਨਾ ਪਰਯੋਜਨ ਪਾਇ ਲਿਆ ਹੈ ।

ਇਕ ਵਾਰੀ ਲਹਿਣਾ ਜੀ ਨੇ ਵੀਚਾਰਿਆ, ਕਿ ਗੁਰੂ ਜੀ ਠੰਢ ਦੇ ਸਮਜ ਸੀਤਲ ਜਲ ਵਿਚ ਸੀਤ ਸਹਾਰਦੇ ਅਰ ਤਪਸਿਆ ਕਰਦੇ ਹਨ, ਅਰ ਮੈਂ ਸੇਵਕ ਕੋਲ ਬਸਤਰ ਪਹਿਰੇ ਸੁਖ ਭੋਗਦਾ ਹਾਂ ਏਹ ਚੰਗਾ ਕੰਮ ਨਹੀਂ ਅਗਲੇ ਭਲਕ ਲੈਹਣਾ ਜੀ ਬੀ ਨਦੀ ਵਿਚ ਵੜ ਰਹੇ, ਚਾਰ ਘੜੀਆਂ ਬੀਤੀਆਂ ਤਾਂ ਕੰਬਣੀ ਛਿੜ ਪਈ, ਬਾਹਰ ਨਿਕਲੇ ਤਾਂ ਦੇਹ ਸੁੰਨ ਹੋ ਗਈ, ਕੰਬਦਿਆਂ ਵੇਖਕੇ ਗੁਰੂ ਜੀ ਕਹਿਆ, ਪੁਤ੍ਰ ਲਹਿਣਾ ਪਿਤਾ ਦੀ ਖਟੀ ਪੁਤ੍ਰਾਂ ਦੇ ਲਈ ਹੀ ਹੁੰਦੀ ਹੈ, ਤੈਸੇ ਅਸੀਂ ਜੋ ਤਪ ਕਰਦੇ ਹਾਂ ਸੋ ਤੁਹਾਡੇ ਲਈ ਹੀ ਕਰਦੇ ਹਾਂ, ਸਾਡੇ ਜਪ ਤਪ ਦਾ ਫਲ ਤੁਸੀਂ ਹੀ ਭੋਗਣਾ ਹੈ। ਇਸ ਕਥਾ ਦੇ ਪਹਿਲੇ ਗੁਰਮੁਖ ਦਾ ਮੇਲ ਅਰ ਸਾਧ ਦੇ ਸੰਗ ਦੀ ਮਹਿਮਾ ਪ੍ਰਗਟ ਹੋਈ। ਦੂਜਾ ਗੁਰਬਾਣੀ ਦਾ ਮਹਾਤਮ ਜਿਨ੍ਹਾਂ ਕਰਕੇ ਗੁਰੂ ਅੰਗਦ ਜੀ ਦੇ ਮਨ ਵਿਚ ਪ੍ਰੇਮ ਜਾਗਿਆ ਅਰ ਗੁਰੂ ਕੀ ਸ਼ਰਨ ਆਏ। ਤੀਜਾ ਗੁਰ ਸੇਵਾ ਕਰਦਿਆਂ ਆਪਾ ਅਭਿਮਾਨ ਗਵਾਉਣਾ ਜੋ ਖਤ੍ਰੀ ਹੋਕੇ ਪੰਡਾਂ ਚੁਕੀਆਂ, ਜਿਸ ਦਾ ਫਲ ਗੁਰੂ ਪਦਵੀ ਪਾਈ। ਚੌਥਾ ਪੂਰੇ ਗੁਰੂ ਦੀ ਪ੍ਰੀਖਿਆ ਵਿਚ ਪੂਰੇ ਉਤਰੇ, ਕੀਚੜ ਭਰੀਆਂ ਪੰਡਾਂ ਚੁਕੀਆਂ ਤਾਂ ਸਹਾ ਬੋਝ ਜਗਤ ਦੇ ਤਾਰਨ ਦਾ ਚੁਕਣ ਦੀ ਸਮਰਥਾ ਪਾਈ, ਅਰ ਸੇਵਾ ਕੀਤੀ ਤਾਂ ਕਿਤਨੇ ਵਰ ਦਾਨ ਗੁਰੂ ਸਾਹਿਬ ਨੇ ਪ੍ਰਦਾਨ ਕੀਤੇ । ਸ੍ਰੀ ਗੁਰੂ ਨਾਨਕ ਸਾਹਿਬ ਇਨ੍ਹਾਂ ਨੂੰ ਗੁਰਿਆਈ ਦੇ ਯੋਗ ਜਾਣਕੇ ਗੁਰੂ ਗੱਦੀ ਦੇ ਅਧਿਕਾਰੀ ਬਣਾਯਾ, ਜੋ ਦੂਜੇ ਪਾਤਸ਼ਾਹ ਕਹਾਏ ।

ਵਯਾਖਯਾਨ ਨਾਵਾਂ

ਸ੍ਰੀ ਗੁਰੂ ਅੰਗਦ ਸਾਹਿਬ ਜੀ ਜੋਤੀ ਜੋਤ ਸਮਾਏ

ਲਹਿਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ ॥

(ਦੋਹਰਾ)

ਪਰਮ ਧਰਮ ਜਿਹ ਮਨ ਬਸਤ ਅਸ ਗੁਰ ਦੁਤਿਯ ਪ੍ਰਸਿਧ।
ਜਿਨ ਪਦ ਪਦਮ ਧਰਤ ਹਿਯੇ ਮੁਕਤ ਭੁਗਤਿ ਸੁਖ ਬ੍ਰਿਧਿ ॥੧॥

ਪ੍ਰਿਯ ਜਨੋ ! ਸੁਖਮਨੀ ਵਿਖੇ ਗੁਰੂ ਸਾਹਿਬ ਜੀ ਦਾ ਬਚਨ ਹੈ (ਸੇਵਕ ਕਉ ਸੇਵਾ ਬਨਿ ਆਈ ॥ ਹੁਕਮ ਬੂਝ ਪਰਮ ਪਦ ਪਾਈ) ਸੋ ਭਾਣਾ ਅਰ ਹੁਕਮ ਮੰਨਣਾ, ਸੇਵਾ ਕਰਨੀ, ਸਿਦਕ ਨਾ ਹਾਰਨਾ, ਇਨਾਂ ਗੁਣਾਂ ਦੀ ਔਧੀ ਸ੍ਰੀ ਗੁਰੂ ਅੰਗਦ ਜੀ ਨੇ ਦਿਖਾਈ।

(੧) ਸਿਆਲ ਦੀ ਅਧੀ ਰਾਤ ਵਰਖਾ ਜ਼ੋਰ ਦੀ ਪਵੇ, ਤਾਂ ਧਰਮਸਾਲਾ ਦੀ ਕੰਧ ਢਹਿ ਪਈ, ਗੁਰੂ ਸਾਹਿਬ ਪੁਤਰਾਂ ਨੂੰ ਕਿਹਾ ਇਸ ਵੇਲੇ ਬਣਾ ਲਓ ਤਾਂ ਚੰਗਾ ਹੈ ਉਤਰ ਦਿਤਾ ਵੇਲਾ ਤਾਂ ਵੇਖੋ, ਅਨ੍ਹੇਰ ਘੁਪ ਘੇਰ ਠੰਢੀ ਸੀਤ ਪੌਣ ਨਾਲ ਹਥ ਸੁੰਨ ਹੁੰਦੇ ਜਾਂਦੇ ਹਨ, ਧੀਰਜ ਕਰੋ, ਤਾਂ ਦਿਨ ਚੜ੍ਹੇ ਕੋਈ ਰਾਜ ਮਜੂਰ ਲਾਵਾਂਗੇ ਜੋ ਕੰਧ ਬਣਾਵੇ, ਫੇਰ ਬਚਨ ਹੋਯਾ ਕੋਈ ਐਸਾ ਸਿਖ ਹੋਵੇ ਜੋ ਇਸੇ ਵੇਲੇ ਕੰਧ ਬਣਾਵੇ। ਜਦ ਕੋਈ ਨਾ ਬੋਲਿਆ, ਤਾਂ ਲਹਿਣਾ ਜੀ ਨੇ ਉਠਕੇ ਕੰਧ ਬਣਾਉਣੀ ਅਰੰਭ ਕਰ ਦਿਤੀ, ਰਾਜਕੁ ਉੱਚੀ ਹੋਈ ਤਾਂ ਗੁਰੂ ਜੀ ਕਹਿਆ ਏਹ ਵਿੰਗੀ ਬਣੀ ਹੈ, ਢਾਹਕੇ ਫੇਰ ਬਣਾਓ, ਫੇਰ ਉਸਾਰੀ ਤਾਂ ਬਚਨ ਹੋਯਾ ਥੋੜੀ ਕੁ ਪਿਛਾਂਹ ਹਟਾਕੇ ਬਣਾਓ। ਫੇਰ ਢਾਹਕੇ ਉਸਾਰਨ ਲਗੇ, ਤਾਂ ਗੁਰੂ ਜੀ ਬੋਲੇ ਏਹ ਚੰਗੀ ਨਹੀ ਬਣੀ ਢਾਹਕੇ ਫੇਰ ਬਣਾਓ। ਤਾਂ ਸਾਹਿਬਜ਼ਾਦੇ ਅਰ ਤਿਨਾਂ ਦੀ ਮਾਤਾ ਨੇ ਕਿਹਾ ਲਹਿਣਾ ਤੂੰ ਬੀ ਕਮਲਾ ਹੈਂ ਏਹ ਕੀ ਨਕੰਮਾਂ ਕੰਮ ਲੈ ਬੈਠਾ ਹੈਂ ਇਨਾਂ ਦਾ ਤਾਂ ਸੁਭਾਓ ਹੀ ਅਜਿਹਾ ਹੋ ਗਿਆ ਹੈ। ਲਹਿਣੇ ਕਿਹਾ ਮਾਤਾ ਜੀ ਟਹਿਲੀਏ ਨੇ ਤਾਂ ਟਹਿਲ ਹੀ ਕਰਨੀ ਹੈ "ਜਿ ਕਤਾਵੇ ਸੋ ਕਰਨਾ ਨਾਨਕ ਦਾਸ ਤੇਰੀ

ਸਰਨਾ" ਬਚਨ ਹੋਯਾ ਏਹ ਤਾਂ ਦੇਵੀ ਦਾ ਭਗਤ ਸੀ ਵਰੇ ਦੇ ਵਰੇ ਦੇਵੀ ਦੇ ਦਰਸ਼ਨ ਨੂੰ ਜਾਂਦਾ ਹੁੰਦਾ ਸੀ, ਐਤਕੀ ਸਾਡੇ ਕੋਲ ਰਹਿ ਗਿਆ, ਇਸਦੇ ਸਾਥੀਆਂ ਨੇ ਸੰਗ ਦਾ ਮੁਖੀਆ ਜਾਣਕੇ ਇਸ ਨੂੰ ਬਹੁਤ ਸਮਝਾਯਾ ਕਿ ਤੂੰ ਰਾਹ ਵਿਚ ਸਾਨੂੰ ਛਡਕੇ ਸਾਡੇ ਨਾਲ ਧਰੋਹ ਨ ਕਮਾਓ। ਪਰ ਲਹਿਣਾ ਜੀ ਨੇ ਇਕ ਨ ਮੰਨੀ ਪ੍ਰੇਮ ਦੇ ਗੂੜ੍ਹੇ ਰੰਗ ਵਿਚ ਰੰਗੇ ਗਏ,ਜਿਹਾ ਕਿ ਸ੍ਰੀ ਗੁਰੂਅਰਜਨ ਸਾਹਿਬ ਜੀ ਲਿਖਦੇ ਹਨ:-

> ਵਾਰ ਰਾਮਕਲੀ ਮ: ੫ ॥ ਧੰਨੁ ਸੁ ਵੇਲਾ ਘੜੀ ਧੰਨੁ ਧੰਨੁ ਮੂਰਤਿ ਪਲੁ ਸਾਰੁ ॥ ਧੰਨੁ ਸੁ ਦਿਨਸੁ ਸੰਜੋਗੜਾ ਜਿਤੁ ਡਿਠਾ ਗੁਰ ਦਰਸਾਰੁ ॥ ਮਨ ਕੀਆ ਇਛਾ ਪੂਰੀਆ ਹਰਿ ਪਾਇਆ ਅਗਮ ਅਪਾਰੁ ॥ ਹਉਮੈ ਤੁਟਾ ਮੋਹੜਾ ਇਕੁ ਸਚੁ ਨਾਮੁ ਆਧਾਰੁ ॥ ਜਨੁ ਨਾਨਕੁ ਲਗਾ ਸੇਵ ਹਰਿ ਉਧਰਿਆ ਸਗਲ ਸੰਸਾਰੁ ॥ ੨ ॥

੨-ਇਕ ਰਾਤ ਗੁਰੂ ਦਵਾਰੇ ਝਾੜੂ ਕਰਦੀ ਦੇਵੀ ਦਾ ਦਰਸ਼ਨ ਪਾਇਕੇ ਚਕ੍ਰਿਤਾ ਹੋਏ ਤਾਂ ਮਾਤਾ ਕਿਹਾ, ਪੁਤਰ ਤੂੰ ਮੇਰੀ ਸੇਵਾ ਮੋਖ ਦੀ ਇਛਾ ਰਖਕੇ ਕਰਦਾ ਸੇਂ, ਸੋ ਮੈਂ ਤੈਨੂੰ ਪੂਰੇ ਗੁਰੂ ਦਾ ਲੜ ਪਕੜਾਯਾ ਹੈ, ਜਿਸਦੀ ਸੇਵਾ ਕਰਕੇ ਭੁਗਤਿ ਅਰ ਮੁਕਤਿ ਤੂੰ ਦੋਵੇਂ ਪਾਵੇਂਗਾ। ਲਹਿਣਾ ਜੀ ਮਨੋਂ ਤਨੋਂ ਸੇਵਾ ਕਰਨ ਅਰ ਸਤਿਗੁਰ ਸਦਾ ਇਸ ਉਤੇ ਪ੍ਰਸੰਨ ਰਹਿੰਦੇ, ਅਰ ਆਪਨੇ ਪਵਿੱਤਰ ਆਤਮਾ ਦੇਵੀ ਸੰਪਦਾ ਦੇ ਸ਼ੁਭ ਗੁਣਾਂ ਨਾਲ ਭਰਪੂਰ ਕਰਦੇ ਦੇਖਕੇ ਸਾਹਿਬਜ਼ਾਦੇ ਨਾ ਸਹਾਰ ਸਕੇ, ਤਦ ਗੁਰੂ ਸਾਹਿਬ ਨੇ ਇਨਾਂ ਨੂੰ ਖਡੂਰ ਭੇਜ ਦਿਤਾ, ਸੋ ਇਹ ਮਾਈ ਸਤ ਭਿਰਾਈ ਦੇ ਘਰ ਆਣ ਰਹੇ ਅਰ ਭਾਰੀ ਤਪਸਿਆ ਕਰਨ, ਜਿਸ ਕਰਕੇ ਗੁਰਦੁਆਰੇ ਦਾ ਨਾਮ ਹੀ ਤਪਿਆਨਾ ਪ੍ਰਸਿਧ ਹੈ। ਖਡੂਰ ਦੇ ਚੌਧਰੀ ਤਖਤ ਮਲ ਨੇ ਇਹ ਜਾਣਕੇ ਕਿ ਇਸਨੇ ਘਰ ਬਾਰ ਕਾਰ ਵਿਹਾਰ ਛਡਕੇ ਮਹਾਨ ਪੁਰਖ ਦੀ ਸੇਵਾ ਕੀਤੀ ਹੈ ਅਰ ਦਿਨੋਂ ਦਿਨ ਇਸਦੇ ਚਿਹਰੇ ਦੀ ਰੰਗਤ ਗੁਰਮੁਖਾਂ ਦੀ ਸੰਗਤ ਮਨ ਨੂੰ ਪ੍ਰੇਰਦੀ ਹੈ। ਲਹਿਣਾ ਜੀ ਦੇ ਪਾਸ ਆਇ ਬੇਨਤੀ ਕੀਤੀ ਜੋ ਮੈਨੂੰ ਭੀ ਕੋਈ ਸਤਿ ਉਪਦੇਸ਼ ਦੇਹ। ਤਾਂ ਬਚਨ ਹੋਇਆ-

ਸੂਹੀ ਮਹਲਾ ੧ ॥

> ਜਿਨ ਕਉ ਭਾਂਡੈ ਭਾਉ ਤਿਨਾ ਸਵਾਰਸੀ ॥ ਸੂਖੀ ਕਰੈ ਪਸਾਉ ਦੂਖ ਵਿਸਾਰਸੀ ॥ ਸਹਸਾ ਮੂਲੇ ਨਾਹਿ ਸਰ ਪਰ ਤਾਰਸੀ ॥ ੧ ॥ ਤਿਨਾ ਮਿਲਿਆ ਗੁਰੁ ਆਇ ਜਿਨ੍

ਕਉ ਲੀਖਿਆ ॥ ਅੰਮ੍ਰਿਤੁ ਹਰਿ ਕਾ ਨਾਉ ਦੇਵੈ ਦੀਖਿਆ ॥
ਚਾਲਹਿ ਸਤਿਗੁਰ ਭਾਇ ਭਵਹਿ ਨ ਭੀਖਿਆ ॥ ੨ ॥
ਜਾ ਕਉ ਮਹਲੁ ਹਜੂਰਿ ਦੂਜੇ ਨਿਵੈ ਕਿਸੁ ॥ ਦਰਿ
ਦਰਵਾਣੀ ਨਾਹਿ ਮੂਲੇ ਪੁਛ ਤਿਸੁ ॥ ਛੁਟੈ ਤਾ ਕੈ ਬੋਲਿ
ਸਾਹਿਬ ਨਦਰਿ ਜਿਸੁ ॥ ੩ ॥ ਘਲੇ ਆਣੇ ਆਪਿ ਜਿਸੁ
ਨਾਹੀ ਦੂਜਾ ਮਤੈ ਕੋਇ ॥ ਢਾਹਿ ਉਸਾਰੇ ਸਾਜਿ ਜਾਣੈ
ਸਭ ਸੋਇ ॥ ਨਾਉ ਨਾਨਕ ਬਖਸੀਸ ਨਦਰੀ ਕਰਮੁ
ਹੋਇ ॥ ੪ ॥ ੩ ॥ ੫ ॥

ਇਨ੍ਹਾਂ ਦੇ ਸ਼ਬਦ ਸੁਣ ਅਰ ਬੀਚਾਰਕੇ ਚੌਧਰੀ ਬੀ ਪ੍ਰੇਮ ਨਾਲ ਭਰਪੂਰ ਹੋਇਕੇ ਜਨਮ ਮਰਨ ਦੇ ਦੁਖ ਤੇ ਮੋਖ ਹੋਇਆ।

ਲਹਿਣੇ ਜੀ ਨੂੰ ਪਰੇਮ ਦਾ ਰੰਗ ਚੜ੍ਹਿਆ ਸੁਣਕੇ ਗੁਰੂ ਨਾਨਕ ਜੀ ਇਸ ਦੇ ਪਾਸ ਖਡੂਰ ਪਹੁੰਚੇ ਅਰ ਵਰ ਦੇਕੇ ਦਾਸੂ ਦਾ ਦਾਸੂ ਅਰ ਗੁਰੂ ਕੀ ਦਾਤ ਦਾ ਦਾਤੂ ਦੋਨੋਂ ਪੁਤਰ ਦਾਨ ਕੀਤੇ ਪਰ ਲਹਿਣਾ ਜੀ ਹਰਖ ਸੋਗ ਤੇ ਅਤੀਤ ਰਹਿਣ।

(੩) ਲੋਭੀ ਕਾਮਨਾ ਅਰਥੀ ਸਿਖ ਵਧੇ ਵੇਖਕੇ ਸਤਿਗੁਰੂ ਗੁਰ ਨਾਨਕ ਜੀ ਨੇ ਧਾਣਕ ਰੂਪ (ਭਿਆਨਕ) ਰੂਪ ਬਣਾਇਆ, ਕੁਤੇ ਕੁਤੀਆਂ ਨਾਲ ਓਹ ਲਏ ਜੋ ਵਾਉ ਨੂੰ ਪਏ ਭੌਂਕਣ ਹਥ ਵਿਚ ਛੁਰਾ ਲੇਕੇ ਮੈਲਾ ਵਿਗੜਿਆ ਵੇਸ ਧਾਰੇ ਅਜਿਹਾ ਡਰਾਇਆ ਜੋ ਬਹੁਤ ਲੋਕ ਭਜ ਗਏ ਫੇਰ ਕੌਡਾਂ ਪੈਸੇ ਰੁਪਏ ਵਸਾਏ ਮਾਇਆ ਦੇ ਲੋਭੀ ਮਾਯਾ ਲੇਕੇ ਘਰੋ ਘਰ ਚਲੇ ਗਏ ਇਸ ਵੇਲੇ ਸੰਗਤ ਵਿਚੋਂ ਕੇਵਲ ਲਹਿਣਾ ਜੀ ਦਾ ਸਿਦਕ ਸਾਬਤ ਰਿਹਾ।

(੪) ਉਪਰੰਤ ਗੁਰੂ ਜੀ ਆਗਿਆ ਕੀਤੀ ਕਿ ਸਾਡੇ ਨਾਲ ਓਹ ਚਲੇ ਜੋ ਇਹ ਮੁਰਦਾ ਖਾਵੇ। ਸੋ ਹੋਰ ਲੋਕ ਤਾਂ ਜਿਨਾਂ ਦੇ ਮਨ ਡੋਲ ਗਏ ਗੁਰੂ ਜੀ ਨੂੰ ਬਾਵਰੇ ਕਹਿਣ ਲਗੇ ਪਰ ਲਹਿਣਾ ਜੀ ਨੇ ਵੰਡ ਛਕਨ ਦੀ ਭਾਵਨਾ ਧਾਰਕੇ ਪੁਛਿਆ ਸਿਰ ਵਲੋਂ ਖਾਵਾਂ ਕਿ ਪੈਰਾਂ ਵਲੋਂ ? ਬਚਨ ਹੋਯਾ ਵਿਚਕਾਰੋਂ। ਫੇਰ ਕਹਿਆ ਜੇ ਪਹਿਲੇ ਆਪ ਛਕੋ ਤਾਂ ਮੈਂ ਛਕਾਂ ਅਤੇ ਚਾਦਰ ਲਾਹੀ ਤਾਂ ਵਿਚੋਂ ਕੜਾਹ ਪ੍ਰਸ਼ਾਦ ਦਾ ਥਾਲ ਦਿਸਿਆ ਗੁਰੂ ਜੀ ਕਹਿਆ ਜੋ ਵੰਡ ਛਕਨ ਦੀ ਭਾਵਨਾ ਰਖੇ ਉਸ ਨੂੰ ਕੜਾਹ ਪ੍ਰਸ਼ਾਦ ਹੋ ਜਾਂਦਾ ਹੈ ਅਰ ਜੋ ਬਿਨਾਂ ਵੰਡੇ ਆਪ ਇੱਕਲੇ ਛਕਨ ਦੀ ਭਾਵਨਾ ਧਰੇ ਉਸਨੂੰ ਸਭ ਪਦਾਰਥ ਮਿਰਤਕ ਸਮਾਨ ਅਭਖ ਤੇ

ਅਸੁਧ ਹੋ ਜਾਂਦੇ ਹਨ।

(੫) ਅਤੇ ਬਚਨ ਹੋਇਆ ਤੈਂ ਮੇਰਾ ਭੇਦ ਪਾਇ ਲਿਆ ਹੈ ਤੂੰ ਮੇਰਾ ਰੂਪ ਹੈਂ ਮੈਂ ਤੈਨੂੰ ਚਾਹਵਾਂ ਵੇਦਾਂ ਦਾ ਤਤੁ ਅਤ ਸਭਨਾਂ ਪਵਿਤਰ ਪੁਸਤਕਾਂ ਦਾ ਸਾਰਮੰਤ੍ਰ ਉਪਦੇਸ਼ ਕਰਦਾ ਹਾਂ ਜਿਸ ਦੇ ਜਪਣ ਤੇ ਭੂਤ ਪਰੇਤ ਡਾਕਣੀ ਪਿਸਾਚ ਆਦਿਕਾਂ ਦੇ ਸਭ ਭੈ ਦੂਰ ਹੋਣਗੇ ਅਰ ਅਰਥ ਜਾਣਨੇ ਨਾਲ ਗਿਆਨ ਪ੍ਰਾਪਤ ਹੋਕੇ ਸਭ ਲੋਕ ਮੋਖ ਪਦਵੀ ਪਾਉਣਗੇ, ਸੁ ਮਹਾਂ ਮੰਤਰ ਇਹ ਹੈ:-

੧ ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ॥ ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥

ਹੇ ਪੁਰਖਾ ਇਹ ਮੰਤਰ ਸੁਧ ਹਿਰਦੇ ਨਾਲ ਜਪਣਾ ਸਰਬ ਮਨੋਰਥ ਦੇਣ ਹਾਰਾ ਹੈ ਜਿਸਦੇ ਅਭਿਆਸ ਕਰਨੇ ਤੇ ਹਿਰਦੇ ਵਿਚ ਪ੍ਰਭੂ ਦਾ ਪਰਕਾਸ਼ ਵਿਕਾਸ਼ ਹੋਵੇ ਸੋ ਇਹ ਮੰਤਰ ਹੈ। ਚਾਰ ਵਰਨਾਂ ਦੇ ਧਰਮ ਵੈਰਾਗ ਵਿਵੇਕ ਖਟ ਸੰਪਤਾ ਚਤੁਸਟੇ ਸਾਧਨ ਪ੍ਰਦਾਨ ਕਰਕੇ ਸਤਿਗੁਰੂ ਕਰਤਾਰ ਪੁਰ ਗਏ। ਲਹਿਣਾ ਜੀ ਜਿਉਂ ਜਿਉਂ ਅਭਿਆਸ ਕਰਨ ਪਰੇਮ ਦਾ ਰੰਗ ਚੜਦਾ ਗਿਆ, ਸ਼ਬਦ ਸੁਰਤ ਦਾ ਸੰਜੋਗ ਭੇਦ ਪਾਇਕੇ ਨਿਰਵਾਸ ਚਿਤ ਬ੍ਰਿਤੀ ਅਡੋਲ ਇਸਥਿਤ ਹੋ ਗਈ ਤਾਂ ਇਨਾਂ ਉਤੇ ਗੁਰੂ ਜੀ ਦੀ ਅਤਿ ਪ੍ਰਸੰਨਤਾ ਹੋਈ। ਇਕ ਦਿਨ ਗੁਰੂ ਸਾਹਿਬ ਬਿਰਾਜੇ ਹੋਏ ਸੇ ਤਾਂ ਇਕ ਫਨੀਅਰ ਨਾਗ ਡੱਸਣ ਨੂੰ ਆਇਆ, ਲਹਿਣਾ ਜੀ ਨੇ ਆਪਣਾ ਤਨ ਤਿਸਦੇ ਅਗੇ ਕੀਤਾ ਨਾਗ ਦੀ ਜੂਨੀ ਕੱਟੀ ਗਈ ਅਰ ਬਚਨ ਹੋਇਆ ਤੈਂ ਮੇਰੇ ਥਾਂ ਅੰਗ ਦਿਤਾ ਹੈ ਹੁਣ ਤੇਰਾ ਨਾਮ ਅੰਗਦ ਹੋਇਆ। ਜਦ ਅੱਚਲ ਵਿਚ ਸਿਧ ਗੋਸਟ ਹੋਈ ਅਰ ਮੁਲਤਾਨ ਵਿਚ ਪੀਰ ਆਨ ਮਿਲੇ, ਦਖਣ ਵਿੱਚ ਓਅੰਕਾਰ ਉਚਾਰਿਆ। ਫੇਰ ਕਰਤਾਰ ਪੁਰ ਵਿਚ ਕਿੱਕਰ ਝੜੂਨਕੇ ਮਠਿਆਈ ਨਾਲ ਚਵੀ ਹਜ਼ਾਰ ਨੂੰ ਤ੍ਰਿਪਤ ਕੀਤਾ, ਇਨਾਂ ਸਮਿਆਂ ਵਿਚ ਅੰਗਦ ਜੀ ਨਾਲ ਰਹੇ। ਅੱਧੀ ਰਾਤ ਆਗਿਆ ਮੰਨਕੇ ਬਸਤਰ ਧੋਣ ਚਲੇ ਗਏ, ਗੰਦੇ ਚਲਹੇ ਦੇ ਚਿਕੜ ਵਿਚੋਂ ਕਟੋਰਾ ਕਢਿਆ, ਮੋਈ ਹੋਈ ਚੂਹੀ ਬਾਹਰ ਸੁਟੀ, ਇਤਿਆਦਿਕ ਪਰੀਖਿਆ ਵਿਚ ਪੂਰੇ ਦੇਖਕੇ ਗੁਰੂ ਜੀ ਨੇ ਗੁਰਿਆਈ ਦੀ ਗੱਦੀ ਅੰਗਦ ਜੀ ਨੂੰ ਦਿਤੀ, ਅਰ ਆਪ ਸਣਦੇਹੇ ਸਚਖੰਡ ਵਿਖੇ ਜਾਇ ਵਸੇ।

ਹੁਣ ਗੁਰੂ ਅੰਗਦ ਜੀ ੬ ਮਹੀਨੇ ਖਡੂਰ ਦੇ ਬਾਹਿਰ ਨਿਹਾਲੀ ਨਾਮੇਂ ਜੱਟੀ ਦੇ ਕੋਠੇ ਵਿਚ ਲੁਕੇ ਰਹੇ, ਫੇਰ ਭਾਈ ਬੁੱਢਾ ਜੀ ਨੇ ਸੰਗਤ ਨੂੰ ਦਰਸ਼ਨ ਕਰਾਇਆ। ਬਾਲਕਾਂ ਨਾਲ ਪ੍ਰੇਮ ਕਰਕੇ ਸਿਖਾਂ ਨੂੰ ਉਪਦੇਸ਼ ਦੇਣ। ਭਈ ਐਸਾ ਸੁਧ ਮਨ ਰਾਗ ਦਵੈਖ ਤੇ ਵਿਰਕਤ ਭੋਲੇ ਭਾਵ ਸੁਭਾਵ ਵਾਲੇ ਪਰ ਕਰਤਾਰ ਦੀ ਪ੍ਰਸੰਨਤਾ ਹੁੰਦੀ ਹੈ।

ਗੋਰਖ ਨਾਥ ਆਦਿ ਸਿਧਾਂ ਨਾਲ ਚਰਚਾ ਕਰਕੇ ਇਨਾਂ ਸਚੇ ਜੋਗ ਦਾ ਰੂਪ ਅਰ ਮਹਾਤਮ ਦਸਿਆ ਅਰ ਗਰੀਬੀ ਭੂਲਾ ਭਲਾ ਆਦਿ ਸ਼ਬਦਾਂ ਦਾ ਸਾ ਵਿਸਥਾਰ ਭਾਵ ਕਿਹਾ, ਹਮਾਯੂੰ ਬਾਦਸ਼ਾਹ ਦਾ ਰਾਜ ਗਿਆ ਹੋਇਆ ਫੇਰ ਅਟਲ ਕਰ ਦਿਤਾ।

ਮਾਣਾ ਨਾਮੇ ਅਭਿਮਾਨੀ ਸਿਖ ਨੇ ਚਿਖਾ ਬਣਾਇ ਜਲ ਮਰਨ ਦਾ ਬਚਨ ਕੀਤਾ, ਗਹਿਣਿਆਂ ਦਾ ਡਬਾ ਲੈਕੇ ਚੋਰ ਪਾਸ ਵੇਚਿਆ ਸੋ ਚੋਰ ਤਰ ਗਿਆ ਅਰ ਮਾਣੇ ਨੂੰ ਹਾਕਿਮ ਨੇ ਫਾਂਸੀ ਦਿਵਾਇਆ, ਜੋ ਮਰ ਗਿਆ ਬੇਮੁਖ ਕਠੋਰ ਮਨ ਵਾਲੇ ਲੋਕ ਪਰਲੋਕ ਦੋਵੇਂ ਗਵਾਇ ਬੈਠਦੇ ਹਨ, ਮਨ ਵਿਚ ਪ੍ਰੇਮ ਨਾ ਆਯਾ ਤਾਂ ਗੁਰੂ ਜੀ ਦੇ ਕੋਲ ਰਹਿਣਾ ਕੁਝ ਫਲ ਨਹੀਂ ਦਿੰਦਾ।

ਭਾਈ ਮਰਦਾਨੇ ਦੇ ਮਸੇਰ ਭਿਰਾ ਸਤਾ ਬਲਵੰਤ ਅਭਿਮਾਨ ਕਰਕੇ ਰੁਸ ਰਹੇ ਅਰ ਮਨਾਇਆਂ ਭੀ ਨਾ ਆਏ ਤਾਂ ਗੁਰੂ ਜੀ ਨੇ ਰਾਗ ਅਰ ਸ਼ਬਦ ਪੜ੍ਹਨ ਦੀ ਵਿਦਿਆ ਸਿਖਾਂ ਨੂੰ ਬਖਸ਼ੀ, ਜਿਨਹਾਂ ਦੀ ਸੰਗਿਆ ਰਾਗੀ ਪਰਸਿੱਧ ਹੋਈ, ਅਰ ਭਾਈ ਜਿਵੰਦੇ (ਲਧਾ) ਪਰਉਪਕਾਰੀ ਨੇ ਆਪਨਾ ਮੂੰਹ ਕਾਲਾ ਕਰਕੇ ਤਿਨਾਂ ਦਾ ਅਪਰਾਧ ਖਿਮਾਂ ਕਰਾਯਾ।

ਖਹਿਰਿਆਂ ਦੇ ਚੋਧਰੀ ਦੇ ਪੁਤਰ ਨੇ ਗੁਰੂ ਜੀ ਦੀ ਆਗਿਆ ਮੰਨਕੇ ਸ਼ਰਾਬ ਛੱਡੀ ਤਾਂ ਮਿਰਗੀ ਹਟੀ, ਜਦ ਫੇਰ ਹੰਕਾਰ ਦੇ ਮਦ ਵਿਚ ਸ਼ਰਾਬ ਪੀਤੀ ਤਾਂ ਬੇਮੁਖ ਨੂੰ ਅਜਿਹੀ ਮਿਰਗੀ ਪਈ ਜੋ ਕੋਠੇ ਤੋਂ ਡਿਗਾ ਅਰ ਪ੍ਰਾਣ ਗਵਾਇ ਬੈਠਾ।

ਇਕ ਮਾਈ ਨੇ ਅਰਦਾਸ ਕੀਤੀ ਜੋ ਝਖੜ ਬੰਦ ਹੋ ਜਾਵੇ ਤਾਂ ਆਪ ਅਰਾਮ ਨਾਲ ਬੈਠਕੇ ਪ੍ਰਸ਼ਾਦਿ ਛਕੋ। ਤਿਸ ਪਰਥਾਇ ਗੁਰੂ ਜੀ ਨੇ ਕਰਤਾਰ ਦੇ ਭਾਣੇ ਵਿਚ ਰਾਜੀ ਰਹਿਣ ਦੀ ਸਿਖਿਆ ਦਿਤੀ।

ਗੋਇੰਦੇ ਖਤ੍ਰੀ ਦੀ ਬੇਨਤੀ ਮੰਨਕੇ ਗੁਰੂ ਜੀ ਨੇ ਅਮਰ ਦਾਸ ਜੀ ਨੂੰ ਭੇਜਿਆ ਤਿਨਾਂ ਨੇ ਭੂਤਾਂ ਨੂੰ ਕਢਕੇ ਗੋਇੰਦਵਾਲ ਨਾਮੇ ਸੁੰਦਰ ਨਗਰ ਵਸਾਇਆ।

ਜੋਗੀ ਦੀ ਪ੍ਰੇਰਨਾ ਤੇ ਜ਼ਿਮੀਂਦਾਰਾਂ ਨੇ ਕਿਹਾ ਜੀ ਮੀਂਹ ਵਸਾਓ ਜਾ

ਆਪ ਸਾਡੇ ਪਿੰਡੋਂ ਨਿਕਲ ਜਾਓ। ਤਾਂ ਸਤਿਗੁਰੂ ਸਰਬੰਸ ਤਯਾਗ ਕੇ ਤੁਰਤ ਜੰਗਲ ਨੂੰ ਤੁਰ ਪਏ, ਅਰ ਅਮਰਦੇਵ ਜੀ ਨੂੰ ਸਮਝਾਯਾ ਕਿ ਜੇ ਸ਼ਾਂਤਿ ਛਿਮਾ ਸਹਾਰਾ ਅਰ ਜਰਨਾ ਭਗਵੰਤ ਦਾ ਭਾਣਾ ਮੰਨਣਾ ਤੁਹਾਨੂੰ ਨਾ ਆਇਆ ਤਾਂ ਸਾਡੇ ਨਾਲ ਰਹਿਕੇ ਤੁਸੀਂ ਕੀ ਫਲ ਪਾਇਆ ? ਅਰ ਜ਼ਿਮੀਂਦਾਰਾਂ ਦੀ ਬੇਨਤੀ ਮੰਨਕੇ ਆਪ ਫੇਰ ਖਡੂਰ ਵਿਚ ਆਏ।

ਇਕ ਦਿਨ ਬਚਨ ਹੋਯਾ ਜੋ ਅਸੀਂ ਹੁਣ ਸਚਖੰਡ ਵਿਚ ਜਾਵਾਂਗੇ। ਸੰਗਤ ਨੇ ਬੇਨਤੀ ਕੀਤੀ ਜੀ ਬਹੁਤੇ ਭਗਤ ਸਣਦੇਹ ਸਚਖੰਡ ਵਿਚ ਗਏ ਹਨ। ਬਚਨ ਹੋਇਆ ਸੰਤ ਸਤਿਗੁਰੂ ਸਮਰਥ ਹਨ। ਮੇਘਾਂ ਦੀ ਤਰਾਂ ਜਗਤ ਦੇ ਉਪਕਾਰ ਵਾਸਤੇ ਦੇਹ ਧਾਰੀ ਦਿਸਦੇ ਹਨ। ਉਪਕਾਰ ਕਰਕੇ ਸਚਦਾਨੰਦ ਪਰਮਾਤਮਾਂ ਰੂਪ ਅਕਾਸ਼ ਵਿਖੇ ਹੀ ਲੀਨ ਹੋ ਜਾਂਦੇ ਹਨ। ਅੰਨਮਯ ਕੋਸ਼ ਦੇਹ ਅਗ ਦਾ ਭਖ ਹੈ, ਮਿਟੀ ਕੀੜੇ ਜੀਵਾਂ ਦਾ ਅਹਾਰ ਹੈ, ਮਹਾਤਮਾਂ ਪੁਰਸ਼ਾਂ ਦਾ ਆਤਮਾਂ ਪੁਰਾਣੇ ਬਸਤਰ ਵਤ ਲਾਹਕੇ ਨਵੀਨ ਹੋਰ ਧਾਰ ਲੈਂਦਾ ਹੈ। ਇਕ ਦਿਨ ਚੇਤਰ ਅਮਸਯਾ ਦੀ ਰਾਤ ਸੰਧਿਆ ਤੋਂ ਮੀਂਹ ਬਰਸਨ ਲਗਾ, ਠੰਢ ਪੌਣ ਬਿਜਲੀ ਲਿਸ਼ਕੇ ਡਡੂ ਗੁਰੜਾਉਣ ਸੱਪ ਸੂਕਣ। ਸਭ ਲੋਕ ਅੰਦਰ ਵੜਕੇ ਸੁਤੇ। ਡੇਢ ਪਹਿਰ ਰਾਤ ਰਹੀ ਗੁਰੂ ਜੀ ਬਚਨ ਕੀਤਾ ਭਾਈ ਕੋਈ ਜਲ ਲਿਆਵੇ ਤਾਂ ਇਸ਼ਨਾਨ ਕਰੀਏ ਅਰ ਤੀਜੀ ਵਾਰੀ ਵੀ ਸੁਣਕੇ ਜਦ ਕੋਈ ਨਾ ਬੋਲਿਆ ਤਾਂ ਅਮਰਦਾਸ ਜੀ ਕਿਹਾ ਮਹਾਰਾਜ ਦਾਸ ਹਾਜ਼ਰ ਹੈ। ਬਚਨ ਹੋਯਾ ਤੁਸੀਂ ਬਿਰਧ ਸਰੀਰ ਹੋ। ਬੇਨਤੀ ਕੀਤੀ ਮਨ ਦਾ ਪ੍ਰੇਮ ਅਰ ਆਤਮਾਂ ਜਵਾਨ ਹੈ ਅਤੇ ਗੜਵਾ ਗਾਗਰ ਲੈਕੇ ਤੁਰ ਪਏ, ਪ੍ਰੇਮ ਦੇ ਵਸ ਹੋ ਬਿਆਸਾ ਵਿਖੇ ਅਸ਼ਨਾਨ ਕਰਕੇ ਗਾਗਰ ਭਰੀ ਅਰ ਜਪੁਜੀ ਦਾ ਪਾਠ ਕਰਦੇ ਸੱਪ ਸ਼ੇਰ ਬਘਿਆੜ ਕਿਸੇ ਦੀ ਪਰਵਾਹ ਨਹੀਂ ਕੀਤੀ, ਬਿਜਲੀ ਦੇ ਚਾਨਣ ਵਿਚ ਸੇਧ ਲਾਉਂਦੇ ਖਡੂਰ ਦੇ ਨੇੜੇ ਆਏ। ਬਾਹਰ ਕਰੀਰ ਦੇ ਕਿੱਲੇ ਨਾਲ ਅੜਕੇ ਜੁਲਾਹੇ ਦੀ ਖਡੀ ਪਾਣੀ ਨਾਲ ਭਰੀ ਹੋਈ ਦੇ ਵਿਚ ਘੜੰਮ ਪੈਰ ਜਾ ਪਿਆ, ਤਾਂ ਬੀ ਗਾਗਰ ਸਿਰੋਂ ਨਾ ਡਿਗਣ ਦਿਤੀ। ਅਵਾਜ਼ ਸੁਣਕੇ ਜੁਲਾਹੇ ਜਾਗੇ, ਅਰ ਚੋਰ ਚੋਰ ਕਹਿਕੇ ਪੁਕਾਰੇ, ਪਰ ਜਪੁਜੀ ਸਾਹਿਬ ਦੀ ਧੁਨ ਸੁਣਕੇ ਜੁਲਾਹੀ ਬੋਲੀ ਡਰੋ ਨਹੀਂ, ਚੋਰ ਚਾਰ ਕੋਈ ਨਹੀਂ ਇਹ ਤਾਂ ਨਿਥਾਵਾਂ ਅਮਰੂ, ਜਿਸ ਦੀ ਧੌਲੀ ਦਾਹੜੀ ਹੋਈ ਹੈ ਅਰ ਬੁਧ ਠਿਕਾਣੇ ਨਹੀਂ ਰਹੀ, ਧੀਆਂ ਪੁਤਰ ਘਰ ਬਾਰ ਵਣਜ ਵਪਾਰ ਛਡਕੇ ਵੇਹਲਾ ਹੋ ਬੈਠਾ ਹੈ ਅਤੇ ਬੂਹੇ ਬੂਹੇ ਭੌਂਦਾ ਫਿਰਦਾ ਹੈ। ਲੋਕ ਰਾਤ ਨੂੰ ਅਰਾਮ ਕਰਦੇ ਹਨ ਇਹਨੂੰ ਰਾਤੀਂ ਬੀ ਅਰਾਮ ਨਹੀਂ ਆਉਂਦਾ, ਵੀਹ ਮਨੁਖਾਂ ਦਾ ਕੰਮ ਇਕੱਲਾ ਹੀ ਕਰਦਾ ਹੈ। ਪਾਣੀ ਢੋਂਦਾ ਲਕੜੀਆਂ

ਲਿਆਉਂਦਾ ਹੈ ਅਤੇ ਗੁਰੂ ਕੇਹੜੇ ਦੇ ਲੜ ਲਗਾ ਹੈ ?*। ਆਪਣੀ ਨਿੰਦਿਆ ਸੁਣਕੇ ਤਾਂ ਸਹਾਰ ਗਏ ਪਰ ਗੁਰੂ ਕੀ ਨਿੰਦਿਆ ਸੁਣਕੇ ਕ੍ਰੋਧ ਨਾਲ ਭਰਕੇ ਬੋਲੇ:-'ਜੁਲਾਹੀ ਤੂੰ ਬਾਵਰੀ ਹੋਈ ਹੈਂ ਗੁਰੂ ਕੀ ਨਿੰਦਿਆ ਕਰਦੀ ਹੈਂ।' ਇਹ ਕਹਿੰਦੇ ਹੀ ਅੰਦਰ ਗਏ ਗਾਗਰ ਰਖਕੇ ਮਥਾ ਟੇਕਿਆ ਅਸ਼ਨਾਨ ਕਰਾਯਾ। ਅੰਤਰਜਾਮੀ ਸਤਿਗੁਰੂ ਅੰਦਰੋਂ ਸਭ ਕੁਝ ਜਾਣਨ ਪਰ ਗਹਿਰ ਗੰਭੀਰ ਇਧਰ ਜੁਲਾਹੀ ਸਚ ਮੁਚ ਸੁਦਾਇਣ ਹੋ ਗਈ, ਭਾਂਡੇ ਭੰਨੇ ਲੀੜੇ ਪਾੜੇ ਸੰਬੰਧੀਆਂ ਨੂੰ ਮਾਰੇ ਕਦੀ ਹਸੇ ਕਦੀ ਰੋਵੇ ਕਦੀ ਗਾਵੇ, ਸਿਠਣੀਆਂ ਸੁਣਾਵੇ, ਝਾਟਾ ਖੋਹੇ ਦੰਦੀਆਂ ਵਿਖਾਵੇ ਖੇਹ ਉਡਾਵੇ ਨਾਨਾ ਮਾਮਾ ਖਸਮ ਨੂੰ ਸਦੇ। ਜੁਲਾਹਾ ਡਰਦੇ ਮਾਰੇ ਕੰਬੇ ਵੈਦ ਹਕੀਮ ਆਏ ਜੰਤ੍ਰ ਮੰਤ੍ਰ ਟੂਣੇ ਕਰਾਏ ਪਰ ਪੇਸ਼ ਕਿਸੇ ਦੀ ਨ ਜਾਏ। ਸਾਰਾ ਕੋੜਮਾ ਇਕਠਾ ਹੋਯਾ ਮੁਢੋਂ ਗਲ ਸੁਣੀ ਤਾਂ ਸਿਆਣਿਆਂ ਨੇ ਸਮਝਿਆ ਭਾਈ ਪਹਿਰ ਰਾਤ ਰਹਿੰਦੀ ਤਾਂ ਏਹ ਚੰਗੀਆਂ ਗਲਾਂ ਕਰਦੀ ਸੀ ਜਦ ਇਸ ਨੇ ਅਮਰੂ ਨਿਥਾਵਾਂ ਅਰ ਗੁਰੂ ਅੰਗਦ ਜੀ ਨੂੰ ਬੁਰੇ ਬਚਨ ਬੋਲੇ ਅਰ ਅਮਰ ਦਾਸ ਜੀ ਨੇ ਕਿਹਾ ਤੂੰ ਸੁਦਾਇਣ ਹੋਈ ਹੈਂ ਜੋ ਗੁਰੂ ਸੰਤਾਂ ਨੂੰ ਅਜੇਹੇ ਮੰਦੇ ਬੋਲ ਬੋਲਦੀ ਹੈਂ ਉਸ ਵੇਲੇ ਥੋਂ ਇਸ ਦੀ ਬੁਧ ਮਾਰੀ ਗਈ ਹੈ ਇਸ ਨੂੰ ਤਾਂ ਗੁਰੂ ਕੀ ਭੁਲ ਪਈ ਹੈ। ਹੁਣ ਸਾਰੇ ਜੁਲਾਹੇ ਮੁਸ਼ਕਾਂ ਬਧੀਆਂ ਜੁਲਾਹੀ ਨੂੰ ਲੈਕੇ ਗੁਰੂ ਕੇ ਦਵਾਰੇ ਆਣ ਬੈਠੇ।

ਇਧਰ ਸਤਿਗੁਰੂ ਆਸਾ ਦੀ ਵਾਰ ਦੇ ਭੋਗ ਪਿਛੋਂ ਸਤਿ ਉਪਦੇਸ਼, ਕਰਤਾਰ ਦੇ ਗੁਣ ਉਪਕਾਰ ਸੰਗਤ ਨੂੰ ਸੁਣਾਇਕੇ ਨਿਹਾਲ ਕਰ ਰਹੇ ਸੇ, ਜੋ ਜੁਲਾਹਿਆਂ ਦੀ ਡੰਡ ਸੁਣੀ ਜੋ ਪੁਕਾਰਦੇ ਸੇ ਹੇ ਸਤਿਗੁਰੂ ਦਯਾ ਕਰਕੇ ਗਰੀਬ ਜੁਲਾਹੇ ਦਾ ਘਰ ਵਸਾਓ ਇਸ ਜੁਲਾਹੀ ਕੋਲੋਂ ਵਡੀ ਭੁਲ ਹੋਈ ਜੋ ਇਸ ਨੇ ਕੁਬੋਲ ਬੋਲਿਆ ਪਰ ਆਪ ਬਖਸ਼ਣ ਜੋਗ ਹੋ ਖਿਮਾਂ ਕਰੋ। ਗੁਰੂ ਜੀ ਬਚਨ ਕੀਤਾ ਅਮਰਦਾਸ ਨੇ ਵਡੀ ਟਹਿਲ ਕਮਾਈ ਹੈ ਇਸ ਦੀ ਘਾਲ ਕਰਤਾਰ ਨੇ ਥਾਂ ਪਾਈ ਹੈ ਇਸ ਦਾ ਬਚਨ ਸਤ ਹੈ। ਰਿਧਾਂ ਸਿਧਾਂ ਨਿਧਾਂ ਇਸ ਦੀ ਟਹਿਲ ਕਰਨਗੀਆਂ ਜਿਸ ਕਰੀਰ ਦੇ ਕਿੱਲੇ ਨਾਲ ਇਸ ਦਾ ਚਰਨ ਛੁਹਿਆ ਹੈ ਜੋ ਹਰਿਆ ਹੋਵੇਗਾ ਅਰ ਤੁਸੀਂ ਇਹ ਥਾਂ ਛਡਕੇ ਹੋਰਥੇ ਜਾ ਰਹੋ ਤਾਂ ਸੁਖੀ ਵਸੋਗੇ ਅਰ ਜੁਲਾਹੀ ਬੀ ਨਿਰੋਈ ਹੋ ਜਾਵੇਗੀ। ਇਹ ਥਾਂ ਹੁਣ ਗੁਰੂ ਕਾ ਹੋਯਾ ਜੋ ਕੋਈ ਸੇਵਾ ਕਮਾਵੇਗਾ ਮਨ ਇਛੇ ਫਲ

---

*ਕਈ ਗ੍ਰੰਥਕਾਰ ਲਿਖਦੇ ਹਨ ਜੋ ਇਹ ਰੋਜ਼ ਬਿਆਸਾ ਤੋਂ ਜਲ ਲਿਔਂਦੇ ਅਰ ਅਸ਼ਨਾਨ ਕਰਵਾਉਂਦੇ ਹੁੰਦੇ ਸੇ।

ਪਾਵੇਗਾ ਅਰ ਜਿਸ ਨੂੰ ਤੁਸੀਂ ਨਿਥਾਵਾਂ ਅਰ ਨਿਮਾਨਾ ਕਿਹਾ ਹੈ ਸੋ:-

੧ ਸ੍ਰੀ ਗੁਰੂ ਅਮਰਦਾਸ ਸਾਹਿਬ ਨਿਥਾਵਿਆਂ ਦੇ ਥਾਨ।
੨ ਸ੍ਰੀ ਗੁਰੂ ਅਮਰਦਾਸ ਸਾਹਿਬ ਨਿਮਾਣਿਆਂ ਦੇ ਮਾਣ।
੩ ਸ੍ਰੀ ਗੁਰੂ ਅਮਰਦਾਸ ਸਾਹਿਬ ਨਿਤਾਣਿਆਂ ਦੇ ਤਾਣ।
੪ ਸ੍ਰੀ ਗੁਰੂ ਅਮਰਦਾਸ ਸਾਹਿਬ ਨਿਗਤਿਆਂ ਦੇ ਗਤ।
੫ ਸ੍ਰੀ ਗੁਰੂ ਅਮਰਦਾਸ ਸਾਹਿਬ ਨਿਰਾਸਿਆਂ ਦਾ ਆਸਰਾ।
੬ ਸ੍ਰੀ ਗੁਰੂ ਅਮਰਦਾਸ ਸਾਹਿਬ ਨਿਓਟਿਆਂ ਦੀ ਓਟ।
੭ ਸ੍ਰੀ ਗੁਰੂ ਅਮਰਦਾਸ ਸਾਹਿਬ ਨਿਧਰਿਆਂ ਦੀ ਧਰ।
੮ ਸ੍ਰੀ ਗੁਰੂ ਅਮਰਦਾਸ ਸਾਹਿਬ ਗਈ ਬੋਹੜ।
੯. ਸ੍ਰੀ ਗੁਰੂ ਅਮਰਦਾਸ ਸਾਹਿਬ ਬੰਦੀ ਛੋੜ।
੧੦ ਸ੍ਰੀ ਗੁਰੂ ਅਮਰਦਾਸ ਸਾਹਿਬ ਭੰਨਣ ਘੜਨ ਸਮਰਥ ਹੋਣਗੇ।

ਇਹ ਦਸ ਨਾਮ ਕਰਤਾਰ ਦੇ ਇਨਾਂ ਨੂੰ ਬਖਸ਼ੇ ਗਏ ਜੋ ਭਰੋਸੇ ਨਾਲ ਜਪੇ ਫਲ ਪਾਵੇਗਾ।

ਜੁਲਾਹੇ ਓਹ ਥਾਂ ਛਡਕੇ ਹੋਰ ਥੇ ਜਾਇ ਵਸੇ, ਅਰ ਜੁਲਾਹੀ ਨਿਰੋਈ ਹੋ ਗਈ। ਉਪਰੰਤ ਗੁਰੂ ਜੀ ਨੇ ਨਦੀ ਦੇ ਜਲ ਨਾਲ ਅਮਰਦਾਸ ਜੀ ਨੂੰ ਅਸ਼ਨਾਨ ਕਰਵਾਇਆ ਤੇ ਬਸਤਰ ਪਹਿਨਾਏ, ਅਤੇ ਗੁਰਿਆਈ ਦੀ ਗੱਦੀ ਪੁਰ ਬੈਠਾਇਕੇ ਚੰਦਨ ਚਾਵਲ ਕੇਸਰ ਪੰਜ ਪੈਸੇ ਨਲਿਯੇਰ ਭੇਟ ਅਗੇ ਧਰੀ। ਸਤਿਗੁਰਾਂ ਦੀ ਆਗਿਆ ਪਾਇਕੇ ਭਾਈ ਬੁੱਢਾ ਜੀ ਨੇ ਤਿਲਕ ਮਥੇ ਪਰ ਲਾਯਾ, ਇਨਾਂ ਦੇ ਸਿਰੋਂ ਬਾਰਾਂ ਬਰਸਾਂ ਦੇ ਸਿਰੋਪਾਉ ਲਾਹਕੇ ਤੋਲੇ ਤਾਂ ੬ ਵਟੀਆਂ ਹੋਏ, ਸਭ ਸਿਖ ਧੰਨ ਧੰਨ ਕਹਿੰਦੇ ਚਰਨੀ ਲਗੇ। ਗੁਰੂ ਜੀ ਨੇ ਦਾਸੂ ਦਾਤੂ ਨਾਮੇ ਆਪਨੇ ਦੋਹਾਂ ਪੁਤਰਾਂ ਨੂੰ ਅਰ ਜੱਟਾਂ ਦੇ ਚੌਧਰੀ ਪੁਨੂ ਅਰ ਲਾਲੂ ਅਤੇ ਹੋਰ ਭੀ ਸਾਰੀ ਸੰਗਤ ਨੂੰ ਸੱਦਕੇ ਆਖਿਆ ਜੋ ਇਹ ਵਸਤ ਨਿੰਮ੍ਰਤਾ ਭਗਤੀ ਅਰ ਟਹਿਲ ਦੀ ਹੈ, ਸੋ ਇਸ ਘਾਲ ਘਾਲੀ ਤਾਂ ਇਹ ਪਦਵੀ ਪਾਈ ਹੈ, ਅਸੀਂ ਹੁਣ ਸਚਖੰਡ ਨੂੰ ਜਾਂਦੇ ਹਾਂ। ਅੱਜ ਥੋਂ ਗੁਰੂ ਨਾਨਕ ਜੀ ਦੀ ਗੱਦੀ ਦੇ ਅਧਿਕਾਰੀ ਸਤਿਗੁਰੂ ਅਮਰਦੇਵ ਜੀ ਹੋਏ ਹਨ, ਇਨ੍ਹਾਂ ਦੇ ਸੇਵਕ ਮੋਖ ਭੋਗ ਪਾਉਨਗੇ, ਜੋ ਈਰਖਾ ਕਰਨਗੇ ਦੁਖੀ ਹੋਣਗੇ।

ਚੇਤਰ ਸੁਦੀ ਤੀਜ ਨੂੰ ਕੜਾਹ ਪ੍ਰਸ਼ਾਦਿ ਆਦਿ ਭਾਂਤ ੨ ਦੇ ਭੋਜਨ ਲੰਗਰ ਵਿਚ ਤਿਆਰ ਕਰਾਇਕੇ ਯਗ ਕੀਤਾ ਅਰ ਧਨ ਬਸਤਰ ਆਸਨ ਬਾਸਨ ਦਾਨ ਕੀਤੇ, ਸਿਖ ਸੰਤ ਸਾਧੂ ਭਿੱਛਕ ਤ੍ਰਿਪਤ ਹੋਏ ਅਸੀਸਾਂ ਦੇਣ

ਚੇਤ੍ਰ ਸੁਦੀ ਚੌਥ ਨੂੰ ਅੰਮ੍ਰਿਤ ਵੇਲੇ ਅਸ਼ਨਾਨ ਕਰਕੇ ਨਵੀਂ ਪੁਸ਼ਾਕ ਪਹਿਰੀ, ਧਰਤੀ ਸੁਧ ਲੇਪਨ ਕਰਕੇ ਆਸਨ ਪਰ ਬੈਠਕੇ ਪੰਜ ਪਾਠ ਸ੍ਰੀ ਜਪੁਜੀ ਦੇ ਕੀਤੇ ਅਤੇ ਸਭ ਪਰਵਾਰ ਨੂੰ ਧੀਰਜ ਅਰ ਭਾਣੇ ਮੰਨਣ ਦਾ ਉਪਦੇਸ਼ ਦੇਕੇ ਅਮਰਦਾਸ ਦੇਵ ਜੀ ਨੂੰ ਆਗਿਆ ਦਿਤੀ ਜੋ ਤੁਸੀਂ ਗੋਇੰਦਵਾਲ ਵਿਚ ਰਹਿਕੇ ਜਗਤ ਨੂੰ ਤਾਰੋ ਅਤੇ ਯਥਾ ਯੋਗ ਸਭ ਨੂੰ ਧੀਰਜ ਦੇਕੇ ਆਪ ਨਿਰਾਕਾਰ ਕਰਤਾਰ ਸ੍ਰੀ ਗੁਰੂ ਨਾਨਕ ਜੀ ਦੇ ਧਿਆਨ ਵਿਚ ਮਗਨ ਸ੍ਰੀ ਵਾਹਿਗੁਰੂ ੨ ਦਾ ਉਚਾਰ ਕਰਦੇ ਸੱਚ ਖੰਡ ਪਧਾਰੇ।

ਸਹਿਬਜ਼ਾਦੇ ਅਰ ਸਿਖ ਸੰਗਤ ਰੋਣ ਲਗੇ ਤਾਂ ਅਕਾਸ਼ ਬਾਣੀ ਹੋਈ ਰੋਵੋ ਨਹੀਂ ਨਾਮ ਜਪੋ ਅਰ ਸ਼ਬਦ ਕੀਰਤਨ ਕਰਦੇ ਰਬਾਬ ਜੋੜੀਆਂ ਆਦਿ ਸਾਜ ਵਜਦੇ ਸੰਖ ਘੰਟੇ ਨਰਸਿੰਘਿਆਂ ਦੀ ਧੁਨਾਂ ਨਾਲ ਸੁੰਦਰ ਬਿਬਾਨ ਪਰ ਪਧਾਰੇ। ਮਾਰੂ ਸੋਲਹੇ ਵਡਹੰਸ ਦੀ ਅਲਾਹਣੀ ਦਾ ਪਾਠ ਕਰਕੇ ਚੰਦਨ ਚਿਖਾ ਬਣਾਕੇ ਸਸਕਾਰ ਕੀਤਾ। ਸੋਹਲੇ ਦਾ ਪਾਠ ਅਤੇ ਅਰਦਾਸ ਕਰਕੇ ਕੜਾਹ ਪ੍ਰਸ਼ਾਦਿ ਵਰਤਾਯਾ। ਤੇਰਾਂ ਦਿਨਾਂ ਤਕ ਅਖੰਡ ਕਥਾ ਕੀਰਤਨ ਹੁੰਦੇ ਰਹੇ, ਸਤਾਰਵੇਂ ਦਿਨ ਯਗ ਵਰਤਾਇਆ। ਬਾਰਾਂ ਵਰ੍ਹੇ ਛੇ ਮਹੀਨੇ ਨੌ ਦਿਨ ਗੁਰਿਆਈ ਦੀ ਗੱਦੀ ਪੁਰ ਬੈਠਕੇ ਸਤ ਉਪਦੇਸ਼ ਕੀਤਾ ਅਤੇ ਸੰਮਤ ਬਿਕ੍ਰਮੀ ੧੬੦੯ ਚੇਤ ਸੁਦੀ ਚੌਥ ਚਾਰ ਘੜੀ ਦਿਨ ਚੜ੍ਹੇ ਜੋਤੀ ਜੋਤ ਸਮਾਏ।

*

ਗੁਰਪੁਰਬ ਪੰਜਵਾਂ

ਵਯਾਖਯਾਨ ਦਸਵਾਂ
(ਪਿਊ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ)

ਦੋਹਾ–ਅਮਰਦਾਸ ਜਿਹਨੇ ਕੀਏ, ਕੀਏ ਅਮਰ ਜਹੇ ਦਾਸ॥
ਦੇਵਤ ਰਿਧ ਸਿਧ ਸਮਤਾ ਪੁਰਵਤ ਜਨ ਮਨ ਆਸ॥੧॥
ਅਮਰਦਾਸ਼ ਗੁਰਕੇ ਚਰਨ ਬੰਦ ਹੁਇੰ ਅਘ ਨਾਸ॥
ਮਨ ਬਾਂਛਤ ਪ੍ਰਾਪਤ ਕਰਤ ਸਭ ਸੁਭ ਕਾਰਜ ਰਾਸ॥੨॥

ਸੰਗਤ ਜੀ ! ਸੇਵਾ ਪ੍ਰੇਮਾ ਭਗਤਿ, ਗੁਰਮੁਖਤਾਈ ਪ੍ਰੋਪਕਾਰ, ਧਰਮ ਦੇ ਪ੍ਰਚਾਰ, ਮਨ ਦੇ ਉਦਾਰ ਸਾਂਤਿ ਸੀਤਲ ਖਿਮਾਂ ਦੀ ਅਵਧੀ ਦੇ ਅਗਾਰ ਸ੍ਰੀ ਗੁਰੂ ਅਮਰਦੇਵ ਜੀ ਹੋਏ ਹਨ, ਇਨਾਂ ਦੇ ਜਨਮ ਦਾ ਪ੍ਰਸੰਗ ਸੁਣੋ। ਤੀਰਥ ਰਾਜ ਸ੍ਰੀ ਅੰਮ੍ਰਿਤਸਰ ਜੀ ਦੇ ਪੱਛਮ ਰੁਖ ਛੇ ਕੂ ਮੀਲ ਦੀ ਦੂਰੀ ਉਤੇ ਬਾਸਰਕੀ ਨਾਮੇ ਨਗਰ ਵਿਖੇ ਭੇਰਉ ਰਾਮਸਰੀਨ ਦਾ ਖੱਤ੍ਰੀ ਗੋਤ ਭਲੇ ਵਸਦਾ ਸੀ, ਇਸ ਦੀ ਪਤਨੀ ਬਸੰਤੀ ਦੇ ਉਦਰ ਤੇ ਤੇਜਭਾਨ ਨਾਮੇ ਪੁਤ੍ਰ ਜਨਮਿਆ ਇਸਦੇ ਘਰ ਬਖਤ ਕੌਰ ਜਿਸਦਾ ਸਹੁਰੇ ਘਰ ਵਿਚ ਰੂਪ ਕੌਰ ਨਾਮ ਪ੍ਰਸਿੱਧ ਹੋਯਾ ਇਸਤ੍ਰੀ ਆਈ। ਇਨ੍ਹਾਂ ਦੋਹਾਂ ਨੇ ਆਪਣੀ ਜਵਾਨੀ ਦੀ ਉਮਰ ਵਿਚ ਸ਼ੁਭ ਸੰਤਾਨ ਦੀ ਇਛਾ ਕਰਕੇ ਅਤਿਥਾਂ ਅਭਯਾਗਤਾਂ ਸੰਤਾਂ ਦੀ ਸੇਵਾ ਕੀਤੀ, ਜਿਸ ਕਰਕੇ ਜਗਤ ਪਤੀਦਯਾਲ ਹੋਏ। ਅਰ ਸੰਮਤ ੧੫੨੬ ਵੈਸਾਖ ਸੁਦੀ ਚੌਦਸ ਸੰਧਿਆ ਸਮੇਂ ਤੇਜਭਾਨ ਦੇ ਘਰ ਪੁਤ੍ਰ ਜਨਮਿਆਂ ਨਾਮ ਅਮਰਦਾਸ ਰਖਿਆ। ਵਡੇ ਹੋਏ ਆਪਣੇ ਕਾਰ ਵਿਹਾਰ ਵਿਚ ਲਗੇ, ਤਾਂ ਇਨਾਂ ਦਾ ਵਿਆਹ ਹੋਇਆ, ਮਨਸਾ ਦੇਈ ਨਾਮੇ ਇਸਤ੍ਰੀ ਆਈ। ਧਨ ਪਦਾਰਥ ਖਟਕੇ ਘਰ ਦਾ ਦਲਿਦਰ ਦੁਖ ਦੂਰ ਕੀਤਾ, ਪਿਤਾ ਦਾ ਜਸ ਪ੍ਰਗਟਾਯਾ ਮੋਹਰੀ ਅਰ ਮੋਹਨ ਨਾਮੇ ਦੋ ਪੁਤ੍ਰ ਜਨਮੇਂ, ਬੀਬੀ ਦਾਨੀ ਬੀਬੀ ਭਾਨੀ ਦੋ ਪੁਤ੍ਰੀਆਂ ਹੋਈਆਂ। ਪੰਜਾਹ ਬਰਸ ਦੀ ਅਵਸਥਾ ਹੋਈ, ਤਾਂ ਬਰਸ ਦੇ ਬਰਸ ਸ੍ਰੀ ਗੰਗਾ ਜੀ ਦੇ ਅਸ਼ਨਾਨ ਕਰਨ ਦਾ ਨਿਯਮ ਧਾਰਿਆ, ਚੇਤਰ ਵਿਚ ਤੁਰਨਾ ਵੈਸਾਖ ਸਾਰਾ ਅਸ਼ਨਾਨ ਕਰਕੇ ਜੇਠ ਨੂੰ ਘਰ ਆਉਣਾ। ਇਕੀਸਵਾਂ ਅਸ਼ਨਾਨ ਕਰਕੇ ਘਰ ਆਉਂਦੀ ਵੇਰ ਇਕ ਬਿਰਛ ਦੀ ਘਨ ਛਾਯਾ ਦੇਖਕੇ ਬਿਸਰਾਮ ਕੀਤਾ। ਜੇਠ ਦੀ ਦੁਪਹਿਰ ਦਾ ਤਪਿਆ ਹੋਯਾ ਭੀਖਾ ਨਾਮੇ ਭਟ ਬ੍ਰਾਹਮਣ ਦੀ ਛਾਯਾ ਤਕਾ ਕੇ ਆਯਾ, ਤਾਂ ਇਸ ਦਾ ਧਯਾਨ ਅਮਰਦਾਸ ਜੀ ਦੇ ਪੈਰ ਵਲ ਪਿਆ, ਊਰਧ ਰੇਖਾ ਦੇਖਕੇ ਅਨੁਮਾਨ ਕਰੇ ਇਹ ਕੋਈ ਰਾਜਾ ਹੈ, ਪਰ ਗਠੜੀ ਸਿਰ੍ਹਾਂਦੀ ਧਰਕੇ ਸੁਤੇ ਦੇਖਕੇ ਅਸਚਰਜ ਹੋਏ। ਜਦ ਜਾਗੇ ਤਾਂ ਅਸੀਸ ਦੇਕੇ ਜੈ ਮਨਾਈ ਅਰ ਪੁਛਿਆ ਤਾਂ ਗੁਰੂ ਜੀ ਸਾਰਾ ਬ੍ਰਿਤਾਂਤ ਸੁਨਾਯਾ ਇਸਨੇ ਕਹਿਆ ਮੈਨੂੰ ਆਪਣੀ ਵਿਦਯਾ ਤੇ ਪ੍ਰਤੀਤ ਹੈ। ਹੁਣ ਮੈਂ ਦਖਣਾ ਕੁਛ ਨਹੀਂ ਲੈਂਦਾ ਜਦ ਤੁਸੀਂ ਚੱਕ੍ਰਵਰਤੀ ਰਾਜਾ ਬਣੋਗੇ, ਤਦ ਮੂੰਹ ਮੰਗੀ ਵਸਤ ਲਵਾਂਗਾ। ਇਹ ਇਕਰਾਰ ਕਾਗਜ਼ ਉਤੇ ਲਿਖਵਾ ਲਿਆ ਅਰ ਅਸੀਸਾਂ ਦੇਕੇ ਵਿਦਾ ਹੋਇਆ।

ਸ੍ਰੀ ਅਮਰਦਾਸ ਜੀ ਜ਼ਿਲੇ ਅੰਬਾਲਾ ਵਿਚੋਂ ਲੰਘਦੇ ਕਹਿਰ ਦੀ ਦੁਪਹਿਰ ਤਪੀ ਹੋਈ ਸੀ, ਤਿਹਾਏ ਹੋਏ ਇਕ ਖੂਹ ਤੇ ਖੜੇ ਹੋਇਕੇ ਪਾਣੀ

ਖਿਚ ਰਹੇ ਸੇ। ਵੈਸ਼ਨਵ ਮਤ ਅਨੁਸਾਰ ਗੜਵੀ ਡੋਰੀ ਪਾਸ ਰਖਦੇ ਹੁੰਦੇ ਸੇ ਗੜਵੀ ਮਾਂਜਕੇ ਕਢੀ ਪਾਨੀ ਪੀਨਾ ਚਾਹੁੰਦੇ ਸੇ। ਇਹ ਦੇਖਕੇ ਇਕ ਬ੍ਰਹਮਚਾਰੀ ਬ੍ਰਹਮਣ ਤਿਖਾ ਨਾਲ ਘਬਰਾਇਆ ਹੋਇਆ ਦੌੜਿਆ ਆਯਾ ਅਰ ਪਾਨੀ ਮੰਗਿਆ, ਤਾਂ ਸ੍ਰੀ ਅਮਰਦਾਸ ਜੀ ਨੇ ਇਸਨੂੰ ਪਾਨੀ ਪਿਲਾਯਾ ਤਿਖਾ ਮਿਟੀ ਪ੍ਰਾਣ ਪੈ ਗਏ ਸਰੀਰ ਦੀ ਸੁੱਧ ਆਈ, ਤਾਂ ਪੁਛਿਆ ਤੁਸੀਂ ਕੌਣ ਅਤ ਕਿਥੋਂ ਆਏ ਅਰ ਕਿਸਦੇ ਸਿਖ ਹੋ? ਸ੍ਰੀ ਅਮਰਦੇਵ ਜੀ ਨੇ ਆਪਣਾ ਸਾਰਾ ਹਾਲ ਸੁਣਾਯਾ ਕਿ ਮੈਂ ਭਲਾ ਖਤ੍ਰੀ ਹਾਂ, ਪੰਜਾਬ ਦੇਸ ਬਾਸਰਕੀ ਨਾਮੇ ਨਗਰ ਤੇ ਆਇਆ ਹਾਂ, ਬਰਸ ਦੇ ਬਰਸ ਗੰਗਾ ਜੀ ਦਾ ਅਸ਼ਨਾਨ ਕਰਦਾ ਹੁੰਦਾ ਹਾਂ ਪਰ ਗੁਰੂ ਮੈਂ ਅਜੇ ਕਿਸੇ ਨੂੰ ਨਹੀਂ ਧਾਰਿਆ। ਇਹ ਸੁਣਕੇ ਓਹ ਬ੍ਰਹਮਚਾਰੀ ਬੜਾ ਦੁਖੀ ਹੋਯਾ, ਪੁਕਾਰਿਆ ਹਾਇ! ਮੈਥੋਂ ਬੜਾ ਅਨਰਥ ਹੋਯਾ ਮੈਂ ਤਿਖਾ ਦੇ ਸਮਯ ਕੁਛ ਵਿਚਾਰ ਨ ਕੀਤੀ, ਇਸ ਨਿਗੁਰੇ ਦੇ ਹਥੋਂ ਪਾਨੀ ਪੀ ਲਿਆ, ਮੇਰਾ ਤਾਂ ਜਨਮ ਭ੍ਰਸ਼ਟ ਹੋ ਗਿਆ, ਇਹ ਪਾਪ ਮੇਰਾ ਕੀਕਰ ਕਟੀਵੇਗਾ, ਹੁਣ ਮੈਨੂੰ ਫੇਰ ਗੰਗਾ ਜੀ ਜਾਣਾ ਪਿਆ ਅਸ਼ਨਾਨ ਕਰਾਂਗਾ ਤਾਂ ਪਾਪ ਉਤਰੇਗਾ। ਅਮਰਦਾਸ ਜੀ ਇਹ ਸੁਣਕੇ ਆਪਣੇ ਮਨ ਵਿਖੇ ਬੜੇ ਸ਼ਰਮਿੰਦੇ ਹੋਏ, ਬਲਕਿ ਉਸ ਬ੍ਰਹਮਚਾਰੀ ਦੇ ਪੈਰੀਂ ਡਿਗਕੇ ਬੇਨਤੀ ਕੀਤੀ ਜੋ ਮੇਰਾ ਅਪਰਾਧ ਛਿਮਾਂ ਕਰੋ ਹੁਣ ਮੈਂ ਘਰ ਜਾਂਦਿਆਂ ਹੀ ਗੁਰੂ ਧਾਰਨ ਕਰਾਂਗਾ। ਘਰ ਨੂੰ ਮੁੜੇ ਪਰ ਮਨ ਨੂੰ ਚਟ ਪਟੀ ਲਗੀ ਚੈਨ ਨਾ ਆਵੇ ਘਰ ਆਏ ਅਰ ਪੂਰੇ ਗੁਰੂ ਦੀ ਭਾਲ ਕਰਨ ਲਗੇ। ਗੁਰੂ ਕਈ ਸੁਣੇ ਪਰ ਵਿਚਾਰਨ ਜੋ ਐਸਾ ਨਾ ਹੋਵੇ ਕਿਤੇ ਕਚੇ ਗੁਰੂ ਦੇ ਲੜ ਲਗਕੇ ਪਰਲੋਕ ਨਾ ਵਿਗਾੜ ਬੈਠੀਏ, ਕਚਾ ਵੈਦ ਪ੍ਰਾਣਾਂ ਦਾ ਨਾਸ, ਸਰੀਰ ਨਾਸ, ਲੋਕ ਨਾਸ, ਕਚੇ ਗੁਰੂ ਤੇ ਪਰਲੋਕ ਨਾਸ (ਗੁਰੋ ਵਹਵਾ ਸੰਤੀ ਸਿਖ ਵਿਤਾਪਿ ਹਾਰਕ। ਦੁਰਲਭੋ ਸਦ ਗੁਰਦੇਵ ਸਚ ਸਿਖ ਸੰਤਾਪ ਹਾਰਕ) ਇਤਨੇ ਵਿਚ ਕਿਸੇ ਤੋਂ ਸੁਣਿਆ ਕਿ ਇਥੋਂ ਨੇੜੇ ਹੀ ਖਹਿਰਿਆਂ ਦੇ ਖਡੂਰ ਵਿਚ ਗੁਰੂ ਅੰਗਦ ਸਾਹਿਬ ਪੂਰਾ ਗੁਰੂ ਹੈ ਜੋ ਉਸਦਾ ਉਪਦੇਸ਼ ਸੁਣਦਾ ਹੈ ਤਰ ਜਾਂਦਾ ਹੈ, ਅਰ ਜੋ ਜੋ ਗੁਰੂ ਵਿਖੇ ਸ਼ਾਂਤਿ ਸੰਤੋਖ ਧੀਰਜ, ਖਿਮਾ, ਦਯਾ, ਭਗਤੀ, ਨਿਰਲੋਭਤਾ, ਗਿਆਨ ਆਦਿ ਚਾਹੀਦੇ, ਸੋ ਸਭ ਉਸ ਵਿਚ ਪਾਏ ਜਾਂਦੇ ਹਨ।

ਇਕ ਦਿਨ ਪ੍ਰਭਾਤ ਵੇਲੇ ਸ੍ਰੀ ਅਮਰਦਾਸ ਜੀ ਵਗਦੇ ਖੂਹ ਤੇ ਅਸ਼ਨਾਨ ਕਰਕੇ ਮਨ ਵਿਚ ਗਿਣਤੀਆਂ ਕਰਦੇ ਆਉਂਦੇ ਸੇ ਭਈ ਉਮਰਾ ਦੇ ੭੧ ਬਰਸ ਬੀਤ ਗਏ, ਬਹਤਰਵਾਂ ਚੜ੍ਹ ਪਿਆ। ਬੁਢੇ ਤੋਤੇ ਦੀ ਤਰਾਂ ਹੁਣ ਗਯਾਨ ਪ੍ਰਾਪਤ ਕਰਨਾ ਬੜਾ ਕਠਨ ਹੈ। ਇਤਨੇ ਵਿਚ ਸ੍ਰੀ

ਗੁਰੂ ਅੰਗਦ ਸਾਹਿਬ ਜੀ ਦੀ ਸਪੁਤ੍ਰੀ ਬੀਬੀ ਅਮਰੋ, ਜੋ ਇਨਾਂ ਦੇ ਸਕੇ ਭਾਈ ਦੇ ਪੁਤਰ ਨਾਲ ਵਿਆਹੀ ਹੋਈ ਸੀ, ਉਹ ਭੀ ਅੰਮ੍ਰਿਤ ਵੇਲੇ ਵਗਦੇ ਖੂਹ ਤੇ ਅਸ਼ਨਾਨ ਕਰਕੇ ਪੇਉਕੇ ਘਰ ਦੀ ਰੀਤੀ ਅਨੁਸਾਰ ਪ੍ਰੇਮ ਭਰੀ ਰਸੀਲੀ ਸੁਰ ਨਾਲ ਸ੍ਰੀ ਜਪੁਜੀ ਦਾ ਪਾਠ ਕਰਦੀ ਘਰ ਨੂੰ ਤੁਰੀ ਆਉਂਦੀ ਸੀ, ਉਸਦੇ ਮਗਰ ਮਗਰ ਹੋਕੇ ਬਾਣੀ ਸੁਣਦੇ ਆਇ। ਜਿਵੇਂ ਜਿਵੇਂ ਬਾਣੀ ਸੁਣਨ ਮਾਨ ਸ਼ਾਂਤ ਹੋਵੇ । ਸ੍ਰੀ ਜਪੁਜੀ ਦਾ ਪਾਠ ਪੂਰਨ ਕਰਕੇ ਬੀਬੀ ਨੇ ਸ਼ਬਦ ਪੜ੍ਹਿਆ:- ਮਾਰੂ ਮਹਲਾ ੧ ਘਰੁ ੧ ॥

ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥ ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ ॥ ੧ ॥ ਚਿਤ ਚੇਤਸਿ ਕੀ ਨਹੀ ਬਾਵਰਿਆ ॥ ਹਰਿ ਬਿਸਰਤ ਤੇਰੇ ਗੁਣ ਗਲਿਆ ॥ ੧ ॥ ਰਹਾਉ ॥ ਜਾਲੀ ਰੈਨਿ ਜਾਲ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ ॥ ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ ॥ ੨ ॥ ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ ॥ ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ ॥ ੩ ॥ ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥ ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ ॥ ੪ ॥

ਇਹ ਸੁਣਕੇ ਮਨ ਨੂੰ ਬੜਾ ਧੀਰਜ ਹੋਇਆ, ਜੋ ਇਹ ਪੂਰਾ ਗੁਰੂ ਹੈ ਜਿਹੜਾ ਮਨੂਰੋਂ ਕੰਚਨ ਕਰਨ ਦਾ ਬਚਨ ਸੁਣਾਉਂਦਾ ਹੈ, ਅਤੇ ਬੀਬੀ ਨੂੰ ਪੁਛਿਆ ਇਹ ਕਿਸ ਦੀ ਬਾਣੀ ਹੈ ? ਪਰ ਪਿਤਰੇਹਰਾ ਜਾਣਕੇ ਬੀਬੀ ਸੰਗ ਗਈ, ਅਰ ਉੱਤਰ ਕੁਛ ਨਾ ਦਿਤਾ, ਜਦ ਇਨਾਂ ਉਸਦੇ ਪੰਤੀ ਦੀ ਰਾਹੀਂ ਪੁਛਿਆ ਤਾਂ ਬੀਬੀ ਜੀ ਨੇ ਕਿਹਾ ਮੇਰੇ ਪਿਤਾ ਜੀ ਦੀ, ਅਰ ਇਨ੍ਹਾਂ ਦੇ ਕਹਿਣੇ ਤੇ ਬੀਬੀ ਜੀ ਪੇਉਕੇ ਤੁਰੀ, ਨਾਲ ਏਹ ਵੀ ਦਰਸ਼ਨ ਦੀ ਇਛਾ ਕਰਕੇ ਆਏ, ਸਤਿਗੁਰੂ ਦਾ ਦਰਸ਼ਨ ਕਰਕੇ ਨਿਹਾਲ ਹੋਏ ਚਰਨਾਂ ਵਿਚ ਹੀ ਰਹੇ; ਅਰ ਐਸੀ ਸੇਵਾ ਕੀਤੀ. ਜੋ ਰੀਝ ਕੇ ਸਤਿਗੁਰੂ ਜੀ ਨੇ ਸਤਿਨਾਮ ਸ੍ਰੀ ਵਾਹਿਗੁਰੂ ਨਾਮ ਗੁਰ ਮੰਤਰ ਦਾ ਉਪਦੇਸ਼ ਦਿਤਾ, ਔਰ ਧਰਮ ਦੀਆਂ ਰੀਤਾਂ ਰੈਹਤਾਂ ਦਸੀਆਂ ਅਰ ਇਨ੍ਹਾਂ ਨੇ ਬਾਰਾਂ ਬਰਸ ਅਜੇਹੀ ਸੇਵਾ ਕੀਤੀ ਜਿਸ ਕਰਕੇ ਗੁਰਿਆਈ ਦੀ ਗੱਦੀ ਦੇ ਅਧਿਕਾਰੀ ਹੋਏ ਤੀਸਰੀ

ਪਾਤਸ਼ਾਹੀ ਕਹਾਏ; ਥੜੇ ਦਿਆਲੂ ਅਤਿ ਕੋਮਲ ਚਿਤ ਪਰਮ ਉਦਾਰ ਪਰੋਪਕਾਰੀ ਸੰਸਾਰ ਦੇ ਤਾਰਨਹਾਰ ਹੋਏ।

ਕਬਿਤ ॥ ਰਾਮ ਜੂਕੇ ਭਰਾਤਾ ਭਏ ਭਰਤ ਭਗਤ ਭਾਰੀ ਤਾਕੀ ਕੁਲ ਮਾਹਿ ਤਲੇ ਨਾਮ ਤੇਜ ਭਾਨ ਜੂ । ਗੁਰ ਕੌਰ ਨਾਰ ਸੁ ਕੁਮਾਰ ਸੁਭਾ ਚਾਰ ਬਰ ਤਾਹਿ ਕੇ ਅਗਾਰ ਅਵਤਾਰ ਸੁਖ ਖਾਨ ਜੂ। ਬਾਸਰਕੀ ਗ੍ਰਾਮ ਸਾਲ ਪੰਦਰਾਂ ਸੇ ਛਬੀਸ ਮਾਹਿ ਚੌਦਸ ਵਿਸਾਖ ਸੁਦੀ ਪ੍ਰਗਟੇ ਪਰਧਾਨ ਜੂ ॥ ਅਮਰ ਬਸਾਵੇ ਕੁਲ ਅਮਰ ਕਰੈਯਾ ਜਨ ਜਨਮੇ ਅਮਰ ਗੁਰ ਸੌਖਦ ਮਹਾਨ ਜੂ ॥ ੨ ॥

ਦੋਹਰਾ ॥

ਭਏ ਨਿਮਾਣਨ ਮਾਣ ਗੁਰ ਨਿਹਤਾਣਨ ਕੇ ਤਾਨ।
ਨਿਰਆਸਿਰਨ ਕੇ ਆਸਰਾ ਗੁਰੂ ਨਿਥਾਵਿਆਂ ਥਾਨ ॥ ੧ ॥

[ਗੁਰਪੁਰਬ ਪ੍ਰਕਾਸ਼

*

ਵਖਯਾਨ ਨੰਬਰ ੧੧

ਸ੍ਰੀ ਗੁਰੂ ਅਮਰ ਦੇਵ ਜੀ ਜੋਤੀ ਜੋਤ ਸਮਾਏ

ਸ੍ਰੀ ਗੁਰੂ ਅਮਰਦਾਸ ਸਾਹਿਬ ਨੇ ਗੁਰਿਆਈ ਦੀ ਗਦੀ ਪਾਇਕੇ ਅਣਗਿਣਤ ਲੋਕਾਂ ਦਾ ਉਧਾਰ ਅਰ ਸਤਿ ਧਰਮ ਦਾ ਪਰਚਾਰ ਕੀਤਾ, ਅਰ ਐਸਾ ਦਿਆਲੂ ਕੋਮਲ ਹਿਰਦਾ ਹੋਏ, ਪ੍ਰਸਿਧ ਹੈ ਕਿ ਇਨਾਂ ਨੂੰ ਸਾਰੀ ਉਮਰ ਕਿਸੇ ਨੇ ਕਦੀ ਕ੍ਰੋਧ ਵਿਖੇ ਨਹੀਂ ਡਿਠਾ। ਅਤਿ ਸੀਤਲ ਸੁਭਾਵ ਪਰਮੇਸ਼ਵਰ ਦੇ ਪਿਆਰੇ ਦਯਾ ਦੀ ਖਾਨ ਸੇ, ਇਨਾਂ ਦਾ ਮਨ ਕਦੀ ਕਿਸੇ ਕੁਕਰਮ ਵਲ ਨਹੀਂ ਲੋਚਿਆ, ਸਦਾ ਹੀ ਸੁਭ ਕਰਮ ਅਰ ਧਰਮ ਕਰਦੇ ਔਰ ਗੁਰੂ ਅੰਗਦ ਜੀ ਦੇ ਦਸੇ ਹੋਏ ਰਾਹ ਪਰ ਸਦਾ ਦ੍ਰਿੜ ਰਹੇ। ਇਨ੍ਹਾਂ ਦੀ ਖਿਮਾਂ ਦੀ ਵਾਰਤਾ

ਐਉਂ ਹੈ ਕਿ ਗੁਰੂ ਅੰਗਦ ਜੀ ਦੇ ਪਿਛੋਂ ਜਦ ਇਹ ਗੋਇੰਦਵਾਲ ਆਏ ਰਹੇ, ਤਾਂ ਇਨਾਂ ਆਪਣੇ ਤਪ ਦੇ ਤੇਜ ਅਰ ਆਤਮਿਕ ਸ਼ਕਤੀ ਨਾਲ ਇਹ ਆਗਿਆ ਦਿਤੀ ਜੋ ਨਗਰ ਵਿਚ ਕੋਈਆ ਕਿਸੇ ਨੂੰ ਨਾ ਫੜੇਗਾ, ਪੁਤਰ ਦਾ ਨਾਮ ਲੈਕੇ ਮਾਤਾ ਕੋਈ ਨਾ ਰੋਵੇਗੀ, ਭੂਤ ਪਰੇਤ ਪਿਸਾਚ ਪੀੜਾ ਕਿਸੇ ਨੂੰ ਨਾ ਹੋਵੇਗੀ, ਇਤਆਦਿ ਕਾਰਨਾਂ ਕਰਕੇ ਨਗਰ ਬਹੁਤ ਵਸ ਗਿਆ। (ਗੋਬਿੰਦਵਾਲ ਗੋਬਿੰਦ ਪੁਰੀ ਸਮ ਜਲੵਨ ਤੀਰ ਬਿਪਾਸ ਬਨਾਯਉ। ਗਯੋ ਦੁਖ ਦੂਰ ਬਰਖਨ ਕੋ ਸੋ ਗੁਰੂ ਮੁਖ ਦੇਖ ਗੁਰੂ ਸੁਖ ਪਾਯਉ)

ਪਰ ਮੁਸਲਮਾਨ ਲੋਕ ਇਨ੍ਹਾਂ ਨਾਲ ਵੈਰ ਰਖਕੇ ਇਨਾਂ ਨੂੰ ਅਤਿ ਦੁਖ ਦਿੰਦੇ ਸੇ, ਅਰ ਇਹ ਕਦੀ ਬਦਲਾ ਲੈਣ ਦੀ ਭਾਵਨਾ ਨਹੀਂ ਕਰਦੇ ਸੇ, ਸਗੋਂ ਪਰਮੇਸ਼ੁਰ ਜੀ ਦੇ ਪਾਸ ਏਹੋ ਪ੍ਰਾਰਥਨਾ ਕਰਦੇ ਸੇ ਕਿ ਹੇ ਪ੍ਰਭੂ ਤੂੰ ਇਨਾਂ ਦੇ ਮਨਾਂ ਨੂੰ ਸੁਧਾਰ। ਇਕ ਦਿਨ ਜਾਂ ਇਨਾਂ ਦੇ ਸਿਖ ਲੰਗਰ ਵਾਸਤੇ ਜਲ ਦੇ ਘੜੇ ਭਰੀ ਲਿਔਂਦੇ ਸੇ ਤਾਂ ਮੁਸਲਮਾਨਾਂ ਦੇ ਮੁੰਡਿਆਂ ਨੇ ਗੁਲੇਲੇ ਮਾਰਕੇ ਘੜੇ ਭੰਨ ਸਿਟੇ ਅਰ ਅਗੋਂ ਰੋਜ ਰੋਜ ਭੰਨਣ ਲਗੇ, ਸਿਖਾਂ ਨੇ ਅਰਦਾਸ ਕੀਤੀ ਹੇ ਸਤਿਗੁਰੂ ਤੁਰਕ ਸਦਾ ਸਾਡੇ ਘੜੇ ਭੰਨ ਦਿੰਦੇ ਹਨ, ਅਸੀਂ ਕੀ ਉਪਾਓ ਕਰੀਏ? ਗੁਰੂ ਜੀ ਨੇ ਖਿਮਾਂ ਨਾਲ ਭਰਿਆ ਉੱਤਰ ਦਿਤਾ ਭਈ ਅਗੋਂ ਲਾ ਮਸ਼ਕਾਂ ਨਾਲ ਪਾਣੀ ਭਰ ਲਿਆਇਆ ਕਰੋ, ਕਿਉਂ ਜੋ ਉਹ ਗੁਲੇਲਿਆਂ ਨਾਲ ਨਹੀਂ ਪਾਟਦੀਆਂ। ਸਿਖਾਂ ਨੇ ਏਸੇ ਤਰਾਂ ਕੀਤਾ, ਪਰ ਮੁਸਲਮਾਨ ਆਪਣੀ ਕਰਤੂਤੋਂ ਫੇਰ ਭੀ ਨਾ ਹਟੇ। ਜਦ ਸਿਖ ਮਸ਼ਕਾਂ ਨਾਲ ਪਾਣੀ ਲਿਆਉਣ ਲਗੇ, ਤਾਂ ਤੁਰਕ ਤੀਰਾਂ ਨਾਲ ਪਾੜਨ ਅਰ ਫੇਰ ਓਸੇ ਤਰਾਂ ਦੁਖ ਦੇਣ। ਸਿਖਾਂ ਨੇ ਫੇਰ ਗੁਰੂ ਸਾਹਿਬ ਦੇ ਪਾਸ ਪੁਕਾਰ ਕੀਤੀ ਤਾਂ ਉਤਰ ਪਾਇਆ, ਹੇ ਭਾਈ ਸਿਖੋ ਤੁਸੀਂ ਪਿਤਲ ਦੀਆਂ ਗਾਗਰਾਂ ਨਾਲ ਜਲ ਭਰ ਲਿਆਇਆ ਕਰੋ। ਸਿਖਾਂ ਨੇ ਏਸੇ ਤਰਾਂ ਮੰਨ ਲਿਆ, ਪਰ ਮੁਸਲਮਾਨ ਇੱਟਾਂ ਮਾਰਕੇ ਗਾਗਰਾਂ ਭੰਨਣ ਲਗ ਪਏ।

ਪ੍ਰੋਯੋਜਨ ਇਹ ਕਿ ਮੁਸਲਮਾਨਾਂ ਨੇ ਗੁਰੂ ਜੀ ਨੂੰ ਸਿਖਾਂ ਸਮੇਤ ਭਾਵੇਂ ਕੇਹਾ ਹੀ ਸਤਾਇਆ, ਪਰ ਇਨਾਂ ਨੇ ਕਦੀ ਕੋਈ ਕੌੜਾ ਬਚਨ ਨਹੀਂ ਕੀਤਾ, ਸਗੋਂ ਆਪਣੇ ਮਨੋਂ ਉਨਾਂ ਦੀ ਭਲਿਆਈ ਅਰ ਤਿਨਾਂ ਦੇ ਮਨਾਂ ਦਾ ਸੁਧਾਰ ਹੀ ਮੰਗਦੇ ਰਹੇ, ਕਿਉਂਕਿ ਇਹ ਗੁਰੂ ਨਾਨਕ ਜੀ ਦੇ ਉਪਦੇਸ਼ਾਂ ਦੇ ਅਨੁਸਾਰ ਸਭ ਦੁਖ ਸੁਖ ਸੰਪਦਾ ਬਿਪਦਾ ਪੀੜਾ ਕਲਹ ਕਲੇਸ਼ ਪਰਮੇਸ਼ੁਰ ਦੀ ਵਲੋਂ ਹੀ ਜਾਣਦੇ ਸੇ। ਜਦ ਸਿਖਾਂ ਨੇ ਦੁਖਕੇ ਪੁਕਾਰ ਕੀਤੀ ਕਿ ਹੇ ਸਤਿਗੁਰੂ ਅਸੀਂ ਕਦ ਤਕ ਇਨਾਂ ਮੁਸਲਮਾਨਾਂ ਦੀਆਂ ਜ਼ੁਲਮੀਆਂ

ਸਹਾਰੀਏ ? ਤਾਂ ਬਚਨ ਹੋਯਾ ਸਾਰੀ ਉਮਰ ਸਹਾਰੋ, ਕਿਉਂਕਿ ਬਦਲਾ ਲੈਣਾ ਸੰਤਾਂ ਦਾ ਧਰਮ ਨਹੀਂ ਹੈ, ਸਗਮਾਂ ਚੇਤੇ ਰਖੋ ਜੋ ਸ਼ਾਂਤਿ ਦੇ ਬਰਾਬਰ ਕੋਈ ਤਪ ਨਹੀਂ, ਅਰ ਸੰਤੋਖ ਦੇ ਪਰੇ ਕੋਈ ਸੁਖ ਨਹੀਂ, ਅਰ ਲੋਭ ਤੇ ਪਰੇ ਕੋਈ ਉਪਾਧਿ ਨਹੀਂ, ਅਰ ਦਯਾ ਤੇ ਪਰੇ ਕੋਈ ਧਰਮ ਨਹੀਂ, ਅਰ ਖਿਮਾਂ ਤੇ ਪਰੇ ਕੋਈ ਸ਼ਸਤ੍ਰ ਨਹੀਂ। ਇਹ ਸੁਣਕੇ ਸਭ ਸਿਖ ਚੁਪ ਹੋ ਗਏ। ਗੁਰੂ ਅੰਗਦ ਸਾਹਿਬ ਜੀ ਦੇ ਪੁਤ੍ਰ ਨੇ ਇਨਾਂ ਨੂੰ ਲਤ ਆਣ ਮਾਰੀ, ਤਾਂ ਵੀ ਇਨ੍ਹਾਂ ਨੇ ਸਹਾਰੀ, ਅਰ ਬਾਸਰਕੀ ਵਿਚ ਆਇਕੇ ਲੁਕ ਰਹੇ ਪਰ ਅਗੋਂ ਉਤਰ ਨਹੀਂ ਦਿਤਾ ਅਨੰਦ ਜੀ ਦੀ ਬਾਣੀ ਇਨਾਂ ਨੇ ਹੀ ਰਚੀ, ਜਿਸਦੀ ਇਕ ਇਕ ਪੌੜੀ ਅਰ ਇਕ ਇਕ ਤੁਕ ਬੜੇ ਗੂਹਜ ਭਾਵ ਨਾਲ ਭਰੀ ਹੋਈ ਹੈ।

ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥ ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥ ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥ ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥ ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥ ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ ॥ ੧੧ ॥ ਪੁਨਾ: ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ ਸੋ ਕਿਉ ਮਨਹੁ ਵਿਸਾਰੀਐ ॥ ਮਨਹੁ ਕਿਉ ਵਿਸਾਰੀਐ ਏਵਡੁ ਦਾਤਾ ਜਿ ਅਗਨਿ ਮਹਿ ਆਹਾਰੁ ਪਹੁਚਾਵਏ ॥ ਓਸ ਨੋ ਕਿਹੁ ਪੋਹਿ ਨ ਸਕੀ ਜਿਸ ਨਉ ਆਪਣੀ ਲਿਵ ਲਾਵਏ ॥ ਆਪਣੀ ਲਿਵ ਆਪੇ ਲਾਏ ਗੁਰਮੁਖਿ ਸਦਾ ਸਮਾਲੀਐ ॥ ਕਹੈ ਨਾਨਕੁ ਏਵਡੁ ਦਾਤਾ ਸੋ ਕਿਉ ਮਨਹੁ ਵਿਸਾਰੀਐ ॥ ੨੯ ॥

ਗੋਇੰਦਵਾਲ ਵਿਖੇ ਇਕ ਬੜੀ ਭਾਰੀ ਬਾਵਲੀ ਇਨ੍ਹਾਂ ਨੇ ਹੀ ਰਚੀ, ਅਰ ਵਰ ਦਿਤਾ, ਜੋ ਕੋਈ ਪ੍ਰੇਮ ਨਾਲ ਇਸ ਦੀ ਹਰੇਕ ਪੌੜੀ ਪੁਰ ਅਸ਼ਨਾਨ ਕਰਕੇ ਜਪੁਜੀ ਦਾ ਪਾਠ ਕਰੇ, ਅਰ ਯਥਾ ਵਿਤ ਸੋਨੇ ਦਾ ਚਾਂਦੀ ਦਾ ਤਾਂਬੇ ਦਾ ਟਕਾ ਅਰਦਾਸ ਭੇਟ ਕਰੇ, ਚੌਰਾਸੀ ਪੌੜੀਆਂ ਪੁਰ ੮੪ ਪਾਠ ਕਰਨੇ ਤੇ ਓਹ ੮੪ ਲਖ ਜੂਨ ਵਿਚ ਨਹੀਂ ਆਵੇਗਾ। ਭਾਦਰੋਂ ਸੁਦੀ ਪੂੰਨਯਾਂ ਨੂੰ ਬਰਸ ਦੇ ਬਰਸ ਇਥੇ ਬੜਾ ਭਾਰੀ ਮੇਲਾ ਲਗਦਾ ਹੈ, ਅਰ ਅਨੇਕ ਲੋਕ ਇਨ੍ਹਾਂ ਦੀ ਦਸੀ ਹੋਈ ਰੀਤੀ ਨਾਲ ਪੌੜੀ ਪੌੜੀ ਪੁਰ ਜਪੁਜੀ ਦਾ ਪਾਠ ਕਰਦੇ ਅਰ ਭੇਟ ਦਿੰਦੇ ਹਨ।

ਭੀਖਾ ਭਟ ਵੀ ਜਸ ਸੁਣਕੇ ਦਰਸ਼ਨ ਨੂੰ ਆਯਾ ਅਰ ਸਚੀ ਪਾਤਸ਼ਾਹੀ

ਦੇ ਤਖਤ ਪਰ ਬਿਰਾਜਮਾਨ ਦੇਖਕੇ ਅਸ਼ੀਰ ਬਚਨ ਕਹਿਆ, ਅਰ ਓਸ ਇਕਰਾਰ ਅਨੁਸਾਰ ਜੋ ਮੂੰਹ ਮੰਗੀ ਵਸਤ ਲੈਣ ਦਾ ਕਾਗਜ਼ ਗੰਗਾ ਜੀ ਦੇ ਰਾਹ ਵਿਚ ਲਿਖਵਾਯਾ ਸੀ ਤੇਰਾਂ ਬਰਸਾਂ ਪਿਛੋਂ ਅਗੇ ਰਖਕੇ ਦਾਨ ਮੰਗਿਆ। ਗੁਰੂ ਜੀ ਕਹਿਆ ਇਕ ਵੇਰ ਦੇਣਾ ਹੈ, ਜੋ ਚਾਹੇ ਮੰਗ ਲਵੇ, ਤਾਂ ਭਟ ਨੇ ਵਿਚਾਰ ਕੇ ਬੇਨਤੀ ਕੀਤੀ:-

> ਨਾਮ ਦੇਹ ਧਨ ਦੇਹ ਨਾ ਜਨ ਕਉ ਧਨ ਬਿਹੂਨ ਜਨ ਜਗ ਨ ਸੁਹਾਇ ॥ ਜੋ ਧਨ ਦੇਹ ਨਾਮ ਨਹੀ ਦੇਵਹਿ ਨਾਮ ਬਿਨਾ ਜਨ ਨਰਕੇ ਜਾਇ ॥ ਤੋ ਸੋ ਕਹੀ ਕਹੀ ਬਣ ਆਵੈ ਜਿਉ ਭਾਵੈ ਤਿਉ ਬਣਤ ਬਣਾਇ ॥ ਗੁਰੂ ਅਮਰਦਾਸ ਤੇਜੋ ਕੇ ਨੰਦਨ ਦੋਨੋਂ ਨਿਰਮਲ ਪੰਥ ਚਲਾਇ ॥ ੨ ॥

ਗੁਰੂ ਸਾਹਿਬ ਨੇ ਪ੍ਰਸੰਨ ਹੋਕੇ ਮੁਕਤਿ ਭੁਗਤਿ ਦਾਨ ਕਰਕੇ ਇਸਦੇ ਦੋਵੇਂ ਲੋਕ ਸਵਾਰੇ।

ਵਿਸਾਖੀ ਅਰ ਦਿਵਾਲੀ ਦੇ ਮੇਲੇ ਲਾਉਣੇ ਪਹਿਲੇ ਇਨ੍ਹਾਂ ਨੇ ਹੀ ਅਰੰਭ ਕੀਤੇ ਅਰ ਨਿਤਨੇਮ ਦੀਆਂ ਬਾਣੀਆਂ ਦਾ ਪ੍ਰਚਾਰ ਅਰ ਲੰਗਰ ਵਿਚ ਚਾਰ ਵਰਨਣ ਦੀ ਪੰਗਤ ਇਕ ਕੀਤੀ, ਅਰ ਵਿਧਵਾ ਵਿਵਾਹ ਅਰਥਾਤ ਅਨੰਦ ਪੜ੍ਹਨ ਦੀ ਰੀਤੀ ਚਲਾਈ, ਭਾਈ ਕਮਲੀਏ ਦਾ ਵਿਵਾਹ (ਅਨੰਦ) ਰਾਜਾ ਮੰਡੀ ਦੀ ਝੱਲੀ ਰਾਣੀ ਨਾਲ ਕਰਾਇਆ। ਇਸ ਕਾਰਨ ਬ੍ਰਹਮਣ ਖੱਤ੍ਰੀ ਅਕਬਰ ਸ਼ਾਹ ਪਾਤਸ਼ਾਹ ਪਾਸ ਜਾ ਪੁਕਾਰੇ ਜੋ ਇਸ ਨੇ ਨਵਾਂ ਧਰਮ ਚਲਾਇਆ ਹੈ ਸੰਧਿਆ ਤਰਪਣ ਗਾਯਤ੍ਰੀ ਦੇ ਥਾਂ ਜਪੁ ਰਹਿਰਾਸ ਸੋਹਿਲਾ ਪੜ੍ਹਦੇ ਹਨ ਅਰ ਪਰਾਚੀਨ ਰੀਤਾਂ ਨੂੰ ਨਹੀਂ ਮੰਨਦੇ ਤਾਂ ਪਾਤਸ਼ਾਹ ਨੇ ਗੁਰੂ ਸਾਹਿਬ ਨੂੰ ਕਹਿਆ ਜੋ ਇਨਾਂ ਦੀ ਮਨ ਰਖਣੀ ਕਰਨ ਵਾਸਤੇ ਇਕ ਵਾਰੀ ਸੰਗਤ ਸਮੇਤ ਤੁਸੀਂ ਇਨ੍ਹਾਂ ਦੇ ਤੀਰਥ ਪਰਸ ਆਓ ਮੈਂ ਤੁਹਾਥੋਂ ਕਰ ਨਹੀਂ ਲਵਾਂਗਾ। ਇਸ ਕਾਰਨ ਗੁਰੂ ਜੀ ਕੁਰੂਖੇਤਰ ਅਰ ਗੰਗਾ ਜੀ ਪਰ ਗਏ। ਜਗਾਤੀਆਂ ਨੇ ਪੁਛਿਆ ਤੁਹਾਡੇ ਸਿਖਾਂ ਦੀ ਕੀ ਨਿਸ਼ਾਨੀ ਹੈ ਜਿਨ੍ਹਾਂ ਨੂੰ ਅਸੀਂ ਬਿਨਾਂ ਕਰ ਲਏ ਦੇ ਲੰਘਾਈਏ ? ਬਚਨ ਕੀਤਾ ਤਨ ਦਾ ਚਿੰਨ੍ਹ ਸਾਡਾ ਕੋਈ ਨਹੀਂ ਜੋ ਸਤਿਨਾਮ ਸ੍ਰੀ ਵਾਹਿਗੁਰੂ ਬੋਲੇ ਉਸ ਨੂੰ ਸਿਖ ਜਾਣਕੇ ਲੰਘਾਇ ਦੇਣਾ। ਅਤੇ ਸਿਖਾਂ ਨੂੰ ਬਿਨਾਂ ਕਰ ਦਿਤੇ ਲੰਘਦੇ ਵੇਖਕੇ ਹੋਰਨਾਂ ਲੋਕਾਂ ਨੇ ਵਿਚਾਰਿਆ ਵਾਹਿਗੁਰੂ ਬੋਲਣ ਨਾਲ ਜਗਾਤੀਏ ਕਰ ਛਡ ਦਿੰਦੇ ਹਨ, ਤਾਂ ਅਸੀਂ ਕਿਉਂ ਰੁਪਏ ਭਰੀਏ, ਅਤੇ

ਸਭ ਸਤਿ ਨਾਮ ਸ੍ਰੀ ਵਾਹਿਗੁਰੂ ਕਹਿੰਦੇ ਹੋਏ ਲੰਘਣ ਲਗੇ ਐਥੋਂ ਤੀਕ ਕਿ ਜਗਾਤੀਏ ਗੋਲਕਾਂ ਭੰਨਕੇ ਉਠ ਗਏ।

ਦੂਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ॥
ਜਾਗਾਤੀ ਮਿਲੇ ਦੇ ਭੇਟ ਗੁਰੂ ਪਿਛੈ ਲੰਘਾਇ ਦੀਆ॥
ਸਭ ਛੁਟੀ ਸਤਿਗੁਰੂ ਪਿਛੈ ਜਿਨਿ ਹਰਿ ਹਰਿ ਨਾਮੁ ਧਿਆਇਆ॥ ਗੁਰ ਬਚਨਿ ਮਾਰਗਿ ਜੋ ਪੰਥਿ ਚਾਲੇ ਤਿਨ ਜਮੁ ਜਾਗਾਤੀ ਨੇੜਿ ਨ ਆਇਆ॥ ਸਭ ਗੁਰੂ ਗੁਰੂ ਜਗਤੁ ਬੋਲੈ ਗੁਰ ਕੈ ਨਾਇ ਲਇਐ ਸਭਿ ਛੁਟਕਿ ਗਇਆ॥ ਦੂਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ॥ ੪॥

ਏਹ ਪਰਲੋਕ ਵਿਖੇ ਜਮ ਜਗਾਤੀ ਤੇ ਛੁਟਣ ਦਾ ਨਸ਼ਾਨ ਗੁਰੂ ਸਾਹਿਬ ਨੇ ਸਿਖਾਂ ਨੂੰ ਦਿਖਾਇਆ ਕਿ ਇਸ ਤਰ੍ਹਾਂ ਸਤਿਗੁਰੂ ਦੇ ਪਿਆਰੇ ਸਿਖ ਜਮ ਜਗਾਤੀ ਤੇ ਛੁਟ ਜਾਣਗੇ॥

ਗੁਰੂ ਜੀ ਨੇ ਬੜੀ ਉਦਾਰਤਾ ਨਾਲ ੨੨ ਮੰਜੀਆਂ ਬਖਸ਼ੀਆਂ ਅਰ ਕੁਸ਼ਟੀਆਂ ਦੇ ਕੋਹੜ ਹਟਾਏ। ਬੜੇ ਬੜੇ ਉਪਕਾਰ ਕਰਕੇ ਅੰਤ ਸਮਯ ਅਪਣੇ ਪੁਤਰ ਪੋਤਰੇ ਆਦਿ ਸਾਰੇ ਪਰਵਾਰ ਨੂੰ ਪਾਸ ਬੈਠਾਇਕੈ ਗੱਦੀ ਸ੍ਰੀ ਗੁਰੂ ਰਾਮਦਾਸ ਸਾਹਿਬ ਨੂੰ ਦਿਤੀ, ਅਰ ਗੁਰਮਤ ਸੰਸਕਾਰ ਸ਼ਬਦ ਕੀਰਤਨ ਕਰਨਾ ਅਰ ਰੋਣਾ ਪਿਟਣਾ ਸਿਆਪਾ ਅਤ ਅੰਤ ਵੇਲੇ ਦੀਵਾ ਹਥ ਪਰ ਧਰਨਾ ਆਦਿ ਪ੍ਰੇਤ ਕਿਰਤ ਕਰਨੀ ਬੰਦ ਕਰਕੇ (ਜੋ ਅਜ ਤਕ ਭੱਲੇ ਸਾਹਿਬਜ਼ਾਦੇ ਦੀਵਾ ਨਹੀਂ ਦਾਨ ਕਰਵਾਉਂਦੇ) ਭਾਦਰੋਂ ਸੁਦੀ ਪੂਰਨਮਾਸ਼ੀ ਸੰਮਤ ੧੬੩੧ ਅਸਾਰ ਸੰਸਾਰ ਨੂੰ ਤਜਕੇ ਸਚਖੰਡ ਨੂੰ ਸਿਧਾਰ ਗਏ ਯਥਾ ਗੁਰਪੁਰਬ ਪ੍ਰਕਾਸ਼ ਮੇਂ ਦਿਖਾ ਹੈ:-

॥ ਦੋਹਰਾ॥

ਭਯੋ ਭਜਨ ਸਾਰੋ ਦਿਵਸ ਚੰਦਨ ਚਿਤਾ ਚਨਾਇ॥
ਰੀਤ ਕਰੀ ਗੁਰ ਧਾਮ ਕੀ ਪੰਚਾਮ੍ਰਿਤ ਵਰਤਾਇ॥ ੧॥
ਕਥਾ ਕੀਰਤਨ ਯਗ ਪਰ ਹੋਵਤ ਗੁਰੂ ਪ੍ਰਸੰਨ॥
ਜੋ ਸਿਖ ਗੁਰਮਤ ਅਨੁਸਰਤ ਜਨਮ ਤਾਹਿ ਕੋ ਧੰਨ॥ ੨॥

ਕਬਿਤ-ਬਾਵਰੀ ਜੁਲਾਹੀ ਕਰ ਲੀਨੀ ਗੁਰਿਆਈ ਧਰ ਬੈਠਕੇ ਗੋਇੰਦਵਾਲ ਕੀਨੀ ਜਿਨ ਬਾਵਰੀ॥ ਬਾਵਰੀ ਕਰੀ ਹੈ ਨਾਰ ਮੰਡੀ ਨ੍ਰਿਪ

ਹੂੰ ਕੀ ਸਾਰ ਜਾਵੇ ਬਲਿਹਾਰ ਸਿਖ ਆਵੇ ਗੁਰ ਬਾਵਰੀ। ਬਾਵਰੀ ਬਰਸ ਪਾਂਚ ਮਾਸ ਸਿਵ ਬਾਸਰ ਪੈ ਕੀਨੀ ਪਾਤਸ਼ਾਹੀ ਪਾਈ ਤਾਪ ਕੰਠ ਬਾਵਰੀ। ਬਾਵਰੀ ਸਿਧੀਰੀ ਲਾਤ ਭਾਦਰੋਂ ਸੁਦੀ ਪੂੰਨਿਆਂ ਰਾਤ ਸੋਲਾਂ ਸੈ ਇਕੱਤੀ ਰਾਤ ਛੋਰਯੋ ਤਨ ਬਾਵਰੀ॥ ੧॥

*

ਵਯਾਖਯਾਨ ਨੰਬਰ ੧੨

ਜਨਮ ਉਤਸਵ ਗੁਰੂ ਰਾਮਦਾਸ ਸਾਹਿਬ

॥ ਦੋਹਰਾ ॥

ਮਨ ਬਚ ਕ੍ਰਮ ਕਰ ਬੰਦਨਾ ਧਰੇ ਚਰਨ ਪਰ ਮਾਥ॥
ਰਾਮਦਾਸ ਗੁਰ ਮਾਨ ਜਿਨ ਜਨ ਕੋ ਕਰੈ ਸਨਾਥ॥ ੧॥

ਰਾਵੀ ਨਦੀ ਦੇ ਕੰਢੇ ਸ੍ਰੀ ਰਾਮਚੰਦਰ ਜੀ ਦੇ ਪੁਤ੍ਰ ਲਊ ਜੀ ਦਾ ਵਸਾਇਆ ਹੋਇਆ ਅਤਿ ਸੁੰਦਰ ਲਾਹੌਰ ਨਾਮੇ ਨਗਰ ਹੈ, ਜੋ ਪੰਜਾਬ ਦੇਸ ਦੀ ਰਾਜਧਾਨੀ ਹੈ। ਇਸ ਵਿਖੇ ਲਵ ਜੀ ਦਾ ਬੰਸ ਪ੍ਰਾਚੀਨ ਸਮਯ ਤੋਂ ਵਸਦਾ ਸੀ ਤਿਨਾਂ ਵਿਚੋਂ ਕਾਲ ਰਾਇ ਨੇ ਸਨੋਢ ਦੇਸ ਦੇ ਰਾਜਾ ਦੀ ਪੁਤ੍ਰੀ ਵਿਆਹੀ ਇਸਦੇ ਉਦਰ ਤੇ ਪੁਤਰ ਜਨਮਿਆਂ, ਤਿਸਦਾ ਨਾਮ ਸੋਢੀ ਰਾਇ ਧਰਿਆ। ਇਸ ਸੋਢੀ ਰਾਇ ਦੀ ਸੰਤਾਨ ਦੀ ਸੰਗਿਆ ਸੋਢੀ ਪ੍ਰਸਿਧ ਹੋ ਗਈ। ਇਨ੍ਹਾਂ ਸੋਢੀਆਂ ਵਿਚੋਂ ਠਾਕਰ ਦਾਸ ਦੇ ਘਰ ਜਸਵੰਤ ਕੌਰ ਪਤਨੀ ਤੇ ਹਰਿਦਾਸ ਨਾਮੇ ਪੁਤ੍ਰ ਜਨਮਿਆਂ। ਹਰਿਦਾਸ ਦੇ ਘਰ ਦਇਆ ਕੌਰ ਨਾਮੇ ਇਸਤ੍ਰੀ ਤੇ ਭਗਵੰਤ ਦੀ ਪ੍ਰਸੰਨਤਾ ਨਾਲ ਸੰਮਤ ੧੫੯੧ ਕੱਤਕ ਵਦੀ ਦੂਜ ਵੀਰਵਾਰ ਪਿਛਲੀ ਰਾਤ ਪੁਤ੍ਰ ਹੋਯਾ ਨਾਮ ਜੇਠਾ (ਪਹਲੌਠਾ ਯਾ ਵਡਾ) ਧਰਿਆ। ਮਾਤਾ ਪਿਤਾ ਦੇ ਲਾਡਲੇ ਦਿਨੋਂ ਦਿਨ ਚਾਨਣੇ ਪੱਖ ਦੇ ਚੰਦ੍ਰਮਾਂ ਦੀ ਤਰਾਂ ਵਧੇ, ਅਰ ਦਯਾ ਧਰਮ ਨਾਲ ਭਰਪੂਰ ਮਥੇ ਉਤੇ ਨੂਰ ਬਰਸਦਾ ਸੀ। ਜਦ ਪੰਜ ਬਰਸ ਤੋ ਉਪਰ ਹੋਏ, ਜੋ ਕੁਛ ਘਰੋਂ ਮਿਲੇ ਕਿਸੇ ਭੁਖੇ ਨੰਗੇ ਅਰਥੀਏ ਨੂੰ ਦਾਨ ਕਰ ਦੇਣ। ਦਸ ਬਾਰਾਂ ਬਰਸ ਦੇ ਹੋਏ ਤਾਂ ਇਕ ਦਿਨ ਮਾਤਾ ਨੇ ਘੁੰਗਣੀਆਂ ਉਬਾਲ ਦਿਤੀਆਂ ਕਿ ਵੇਚ ਆਓ, ਅਤੇ ਜੇਠਾ ਜੀ ਲੈਕੇ ਦਿੱਲੀ ਦਰਵਾਜਿਓਂ ਬਾਹਰ ਆਏ, ਤਾਂ ਇਕ ਸੰਤਾਂ ਦਾ

ਝੁੰਡ ਆਉਂਦਾ ਦਿਖਾਈ ਦਿਤਾ, ਜੋ ਬਹੁਤ ਪੈਂਡਾ ਕਰਕੇ ਥਕੇ ਮਾਂਦੇ ਆਏ ਸੇ ਜੇਠਾ ਜੀ ਨੇ ਤਿਨ੍ਹਾਂ ਨੂੰ ਸਾਰਾ ਛਾਬਾ ਵੰਡ ਦਿਤਾ, ਅਰ ਘਰ ਆਇਕੇ ਮਾਤਾ ਨੂੰ ਕਹਿਆ ਕਿ ਚਣੇ ਬੀਜ ਆਏ ਹਾਂ, ਸੰਤਾਂ ਦੇ ਮੁਖ ਪਏ ਹਨ, ਇਕ ਦੇ ਅਨੇਕਾਂ ਗੁਣਾਂ ਹੋਣਗੇ ਜਿਸ ਕਰਕੇ ਸਾਰਾ ਜਗਤ ਵਰਸਾਵੇਗਾ। ਮਾਤਾ ਬੋਲੀ ਪੁਤਰ ਜੋ ਤੇਰਾ ਪਿਤਾ ਸੁਣੇਗਾ ਓਹ ਤਾਂ ਮੈਨੂੰ ਝਿੜਕੇਗਾ। ਤਦ ਜੇਠਾ ਜੀ ਡਰਦੇ ਮਾਰੇ ਬਾਹਰ ਨਿਕਲ ਆਏ ਉਦਾਸ ਹੋਏ ਖੜੇ ਹੀ ਸੇ, ਜੋ ਸ਼ਬਦ ਗਾਉਂਦੀ ਹੀ ਸੰਗਤ ਲੰਘੀ ਤਿਸਦੇ ਨਾਲ ਹੀ ਰਲੇ ਚਲੇ ਆਏ ਗੁਰੂ ਕਾ ਦਰਸ਼ਨ ਕਰਦੇ ਹੀ ਨਿਹਾਲ ਹੋ ਗਏ ਪ੍ਰੇਮ ਦਾ ਪੌਦਾ ਪਰਫੁਲਤ ਹੋਯਾ। ਸੇਵਾ ਕਰਦਿਆਂ ਇਨ੍ਹਾਂ ਦੇ ਮਨ ਦਾ ਪਰੇਮ ਦੇਖਕੇ ਗੁਰੂ ਜੀ ਪਰਸੰਨ ਹੋਕੇ ਬੀਬੀ ਭਾਨੀ ਨਾਮੇ ਪੁਤਰੀ ਦਾ ਸਬੰਧ ਕਰ ਦਿਤਾ ਵਿਆਹ ਕਰਕੇ ਵੀ ਇਨ੍ਹਾਂ ਸੇਵਾ ਨਾ ਛੱਡੀ।

ਇਕ ਵਾਰੀ ਜੇਠਾ ਜੀ ਦੇ ਸੰਬੰਧੀ ਚਚੇਰੇ ਭਾਈ ਅਰ ਗਵਾਂਢੀ ਪੜੋਸੀ ਸ੍ਰੀ ਗੰਗਾ ਜੀ ਦਾ ਅਸ਼ਨਾਨ ਕਰਕੇ ਆਏ ਰਾਹ ਵਿਚ ਇਨ੍ਹਾਂ ਦਾ ਵਿਚਾਰ ਹੋਯਾ ਜੋ ਕੋਲੋਂ ਲੰਘਦੇ ਹਾਂ ਗੋਇੰਦਵਾਲ ਵਿਚੋਂ ਹੋ ਲੰਘੀਏ ਜੋ ਗੁਰੂ ਦਾ ਦਰਸ਼ਨ ਵੀ ਪਾਵਾਂਗੇ ਨਾਲੇ ਜੇਠਾ ਜੀ ਨੂੰ ਮਿਲ ਜਾਵਾਂਗੇ ਇਨ੍ਹਾਂ ਨੇ ਆਇਕੇ ਅੰਮ੍ਰਿਤ ਵੇਲੇ ਦਰਿਆ ਦਾ ਫੇਰ ਬਾਵਲੀ ਜੀ ਦਾ ਅਸ਼ਨਾਨ ਕਰਕੇ ਆਸਾ ਦੀ ਵਾਰ ਦੇ ਭੋਗ ਪਿਆਂ ਦੀਵਾਨ ਵਿਚ ਉਪਦੇਸ਼ ਦਿੰਦੇ ਗੁਰੂ ਸਾਹਿਬ ਦਾ ਦਰਸ਼ਨ ਪਾਯਾ ਅਤੇ ਜਦ ਜੇਠਾ ਜੀ ਨੂੰ ਨਾ ਡਿਠਾ ਤਾਂ ਇੱਕ ਸਿੱਖ ਨੂੰ ਪੁਛਿਆ। ਉਸਨੇ ਕਹਿਆ ਪਹਿਰ ਰਾਤ ਥੋਂ ਪਖਾ ਚੋਰ ਆਦਿ ਲੈਕੇ ਗੁਰੂ ਜੀ ਦੀ ਸੇਵਾ ਵਿਚ ਖੜੇ ਸੀ, ਹੁਣ ਲੰਗਰ ਵਿਚ ਗਏ ਹਨ। ਲੰਗਰ ਵਿਚ ਆਇਕੇ ਡਿਠਾ, ਜੋ ਇਕ ਗਾਗਰ ਮੋਢੇ ਉਤੇ ਦੂਜੀ ਬਗਲ ਵਿਚ ਪਾਣੀ ਭਰਕੇ ਲਿਆਏ ਹਨ। ਦੇਖਕੇ ਉਨ੍ਹਾਂ ਮੱਥੇ ਉੱਤੇ ਹੱਥ ਲਾਇਕੇ ਆਖਿਆ ਵਾਹ! ਸਹੁਰੇ ਘਰ ਵਿਚ ਵੀ ਤੇਰਾ ਏਹ ਆਦਰ ਹੈ, ਤੂੰ ਤਾਂ ਸੋਢੀ ਖੱਤਰੀ ਨਾਮ ਨੂੰ ਹੀ ਲਾਜ ਲਵਾਈ, ਪਿਉ ਦੇ ਘਰ ਵਿਚ ਤੂੰ ਇਕੋ ਹੈਂ, ਤੇਰੇ ਜੋਗੀ ਰੋਟੀ ਤਾਂ ਅਜੇ ਬੀ ਬਹੁਤ ਹੈ, ਅਸੀਂ ਆਪਣੇ ਸਹੁਰੇ ਜਾਂਦੇ ਹਾਂ ਤਾਂ ਧਰਤੀ ਉਤੇ ਪੈਰ ਨਹੀਂ ਧਰਦੇ, ਛੱਤੀ ਭੋਜਨ ਅਗੇ ਰਖਣ ਤਾਂ ਅਸੀਂ ਨਜ਼ਰ ਨਹੀਂ ਕਰਦੇ ਹੱਥੀਂ ਛਾਵਾਂ ਕਰਦੇ ਔਰ ਡਰਦੇ ਪਏ ਤਰਲੇ ਕਰਦੇ ਹਨ ਕਿ ਜਵਾਈ ਕਿਤੇ ਰੁਸ ਨਾ ਜਾਏ, ਤੂੰ ਤਾਂ ਗਲ ਹੀ ਗਵਾ ਛਡੀ ਹੈ, ਤਾਂ ਜੇਠਾ ਜੀ ਹੱਥ ਜੋੜਕੇ ਕਿਹਾ, ਵੇਖਣਾ ਕਿਤੇ ਗੁਰੂ ਸਾਹਿਬ ਨੂੰ ਨਾ ਕੁਛ ਕਹਿਣਾ, ਮੈਂ ਤਾਂ ਮੰਗ ਮੰਗ ਕੇ ਸੇਵਾ ਲਈ ਹੈ, ਉਸ ਵੇਲੇ ਗੁਰੂ ਸਾਹਿਬ ਦੀ ਅਭਿਲਾਖਾ ਦੇ ਬਚਨ ਗੁਰੂ ਅਰਜਨ ਸਾਹਿਬ ਜੀ ਨੇ ਐਉਂ ਲਿਖੇ ਹਨ:-

ਬਿਲਾਵਲ ਮਹਲਾ ੫ ॥

ਜਲੁ ਢੋਵਉ ਇਹ ਸੀਸ ਕਰਿ ਕਰਿ ਪਗ ਪਖ ਲਾਵਉ ॥
ਬਾਰਿ ਜਾਉ ਲਖ ਬੇਰੀਆ ਦਰਸੁ ਪੇਖਿ ਜੀਵਾਵਉ ॥ ੧ ॥
ਕਰਉ ਮਨੋਰਥ ਮਨੈ ਮਾਹਿ ਆਪਨੇ ਪ੍ਰਭ ਤੇ ਪਾਵਉ ॥
ਦੇਉ ਸੂਹਨੀ ਸਾਧ ਕੈ ਬੀਜਨੁ ਢੋਲਾਵਉ ॥ ੧ ॥ ਰਹਾਉ ॥
ਅੰਮ੍ਰਿਤ ਗੁਣ ਸੰਤ ਬੋਲਤੇ ਸੁਣਿ ਮਨਹਿ ਪੀਲਾਵਉ ॥
ਉਆ ਰਸ ਮਹਿ ਸਾਂਤਿ ਤ੍ਰਿਪਤਿ ਹੋਇ ਬਿਖੈ ਜਲਨਿ
ਬੁਝਾਵਉ ॥ ੨ ॥ ਜਬ ਭਗਤਿ ਕਰਹਿ ਸੰਤ ਮੰਡਲੀ ਤਿਨ੍
ਮਿਲਿ ਹਰਿ ਗਾਵਉ ॥ ਕਰਉ ਨਮਸਕਾਰ ਭਗਤ ਜਨ
ਧੂਰਿ ਮੁਖਿ ਲਾਵਉ ॥ ੩ ॥ ਊਠਤ ਬੈਠਤ ਜਪਉ ਨਾਮੁ
ਇਹੁ ਕਰਮੁ ਕਮਾਵਉ ॥ ਨਾਨਕ ਕੀ ਪ੍ਰਭ ਬੇਨਤੀ ਹਰਿ
ਸਰਨਿ ਸਮਾਵਉ ॥੪॥੨੧॥੫੧॥

ਲੰਗਰ ਦੀ ਸੇਵਾ ਕਰਦੇ ਰਹੇ; ਬਾਵਲੀ ਜੀ ਦੀ ਗਾਰ ਕਢਦੇ ਰਹੇ ਟੋਕਰੀਆਂ ਭਰ ਭਰ ਕੇ ਸਿਰ ਉਤੇ ਢੋਂਦੇ, ਸਭ ਤੇ ਵਡੀ ਸੇਵਾ ਆਗਯਾ ਪਾਲਨ ਕਰਦੇ ਰਤੀ ਨਹੀਂ ਸ਼ਰਮਾਉਂਦੇ ਸੇ, ਜਿਸ ਦਾ ਫਲ ਗੱਦੀ ਦੇ ਅਧਿਕਾਰੀ ਹੋਏ ।

ਨਾਮ ਦਾ ਪ੍ਰੇਮ

ਬਿਵਾਹ ਦੇ ਸਮਯ ਦੂਲਹ ਸਜੇ ਹੋਏ ਬਰਾਤ ਨਾਲ ਜਦ ਜੇਠਾ ਜੀ ਆਏ ਤਾਂ ਮਹਿਲ ਮਨਸਾ ਦੇਈ ਜੀ ਨੇ ਬੇਨਤੀ ਕੀਤੀ ਸਵਾਮੀ ਜੀ ਸਾਡੀ ਕੁਲ ਦੀ ਰੀਤੀ ਅਨੁਸਾਰ ਜਵਾਈ ਨੂੰ ਸਹੁਰੇ ਘਰ ਵੜਦਿਆਂ ਦਲੀਜ ਪਕੜਾਈ ਦਿਤੀ ਜਾਂਦੀ ਹੈ ਆਪ ਇਸ ਵੇਲੇ ਸਮਰਥ ਹੋ ਅਰ ਸੁਖੇ ਲੱਧਾ ਇਕੋ ਇਕ ਜਵਾਈ ਹੈ ਤੁਸੀਂ ਮੂੰਹ ਮੰਗੀ ਵਸਤ ਜਵਾਈ ਨੂੰ ਦੇਓ। ਗੁਰੂ ਸਾਹਿਬ ਨੇ ਬਚਨ ਕੀਤਾ, ਪੁਤ੍ਰ ਤੇਰੀ ਸੱਸ ਭੀ ਕਹਿਆ ਹੈ ਅਰ ਅਸੀਂ ਭੀ ਪ੍ਰਸੰਨ ਹੋਕੇ ਦਿੰਦੇ ਹਾਂ ਜੋ ਚਾਹੀਏ ਸੋ ਮੰਗ ਲੈ ਜੇਠਾ ਜੀ ਬੋਲੇ ਹੇ ਸਵਾਮੀ–

ਤੇਰੀਆਂ ਸਦਾ ਸਦਾ ਚੰਗਿਆਈਆ ॥ ਮੈ ਰਾਤਿ ਦਿਹੈ
ਵਡਿਆਈਆ ॥ ਅਣਮੰਗਿਆ ਦਾਨੁ ਦੇਵਣਾ ਕਹੁ
ਨਾਨਕ ਸਚੁ ਸਮਾਲਿ ਜੀਉ ॥

ਤਾਂ ਬਚਨ ਹੋਯਾ ਘੋੜਾ ਜੋੜਾ ਭੂਖਨ ਕੜਾ ਕੰਠਾ ਜੋ ਮਨ ਕਰੇ ਮੰਗ ਲਵੋ। ਜੇਠਾ ਜੀ ਨੇ ਫੇਰ ਵੀ ਬੇਨਤੀ ਕੀਤੀ, ਹੇ ਸਚੇ ਪਾਤਸ਼ਾਹ ਮੇਰੀ ਤਾਂ ਜਨਮ ਜਨਮਾਂਤਰ ਦੀ ਭੁਖ ਲਹਿ ਗਈ ਹੈ, ਮੈਂ ਕੁਛ ਨਹੀਂ ਮੰਗਦਾ, ਤੀਜੀ ਵੇਰ ਫੇਰ ਬਚਨ ਹੋਯਾ ਤਾਂ ਜੇਠਾ ਜੀ ਨੇ ਸ਼ਬਦ ਉਚਾਰਿਆ:-

ਗੂਜਰੀ ਮਹਲਾ ੪ ॥

ਹਰਿ ਕੇ ਜਨ ਸਤਿਗੁਰ ਸਤਪੁਰਖ ਬਿਨਉ ਕਰਉ ਗੁਰ ਪਾਸਿ ॥ ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪ੍ਰਗਾਸ ॥ ੧ ॥ ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ ॥ ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਿਰਾਸ ॥ ੧ ॥ ਰਹਾਉ ॥ ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥ ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ ॥ ੨ ॥ ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥ ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥ ੩ ॥ ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥ ਧਨੁ ਧੰਨੁ ਸਤਿਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ ॥ ੪ ॥ ੪ ॥

ਇਹ ਸੁਣਕੇ ਸ੍ਰੀ ਗੁਰੂ ਅਮਰ ਦੇਵ ਜੀ ਪਰਮ ਪ੍ਰਸੰਨ ਹੋਏ ਨਾਮ ਦੀ ਵਡਿਆਈ ਦਾਨ ਕੀਤੀ, ਜਿਹਾ ਕਿ ਮਥਰਾ ਭਟ ਨੇ ਲਿਖਿਆ ਹੈ:-

ਜਾ ਕਉ ਮੁਨਿ ਧਯਾਨ ਧਾਰੈ ਫਿਰਤ ਸਗਲ ਜੁਗ ਕਬਹੂ ਕੋਊ ਪਾਵੈ ਆਤਮ ਪ੍ਰਗਾਸ ਕਉ ॥ ਬੇਦ ਬਾਣੀ ਸਹਿਤ ਬਿਰੰਚ ਜਸ ਗਾਵੈ ਜਾ ਕੋ ਸਿਵ ਮੁਨਿ ਗਹਿ ਨ ਤਜਾਤ ਕਬਿਲਾਸ ਕੰਉ ॥ ਜਾਕਉ ਜੋਗੀ ਜਤੀ ਸਿਧ ਸਾਧਿਕ ਅਨੇਕ ਤਪ ਜਟਾ ਜੂਟ ਭੇਖ ਕੀਏ ਫਿਰਤ ਉਦਾਸ ਕਉ ॥ ਸੁ ਤਿਨਿ ਸਤਿਗੁਰਿ ਸੁਖ ਭਾਇ ਕ੍ਰਿਪਾ ਧਾਰੀ ਜੀਅ ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ ॥ ੫ ॥

ਦੋਹਰਾ ॥
ਸਰਬ ਸਕਤਿ ਤੇ ਭਗਤਿ ਕਰ ਸਭ ਜਗ ਕਉ ਬਰਸਾਇ ॥
ਧੰਨਯ ਧੰਨਯ ਚਤੁਰਥ ਗੁਰੂ ਦੇਖਤ ਦੁਰਤ ਪਲਾਇ ॥ ੧ ॥

*

ਵਖਯਾਨ ੧੩

ਦੋਹਰਾ ॥
ਅੱਗ ਤੱਗ ਜਗ ਮੈਂ ਜੋ ਰਮਯੋ ਸਾਖੀ ਸਰਬ ਪ੍ਰਗਾਸ।
ਸੋਈ ਆਇ ਅਵਤਰੇ ਪ੍ਰਭੂ ਛਪੇ ਨਾਮ ਰਾਮਦਾਸ ॥੧॥
ਧੀਰਜ ਧਰਮ ਦਯਾ ਖਿਮਾ ਦਾਨ ਸਰਬ ਗੁਨ ਖਾਨ।
ਸਰਬ ਸ਼ਕਤਿ ਦਰਬਾਰ ਜਿਹ ਜਾਨਤ ਸਗਲ ਜਹਾਨ ॥੨॥

ਉਦਾਰਤਾ

ਸਤਿਗੁਰ ਦੇ ਪਿਆਰੇ ਭਾਈਓ, ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਮਹਿਮਾ, ਪ੍ਰਤਾਪ, ਜਸ ਅਕਥਨੀਯ ਹੈ, ਲਖਯਮੀ ਸਦਾ ਦਵਾਰੇ ਪਰ ਖੜੀ ਸੇਵਾ ਵਿਖੇ ਹਾਜ਼ਰ ਹੈ, ਸ਼ਾਹ ਪਾਤਸ਼ਾਹ ਝੁਕਦੇ ਹਨ, ਹਰਿ ਮੰਦਰ ਸ੍ਰੀ ਦਰਬਾਰ ਸਾਹਿਬ ਜੀ ਦੀ ਸੋਭਾ ਵਲਾਇਤਾਂ ਤਕ ਪਰਸਿਧ ਹੈ, ਸ਼ਰਧਾਵਾਨਾਂ ਦੇ ਸਰਬ ਮਨੋਰਥ ਪੂਰਨ ਹੋਂਦੇ ਹਨ ਇਨਾਂ ਦੀਆਂ ਕਥਾ ਬਿਅੰਤ ਹਨ, ਪਰ ਸੁਣੋ ਇਕ ਧਨਵਾਨ ਸਿਖ ਨੇ ਮਨੋਰਥ ਪੂਰੇ ਹੋਣ ਪਰ ਮਨ ਦੇ ਪਰੇਮ ਨਾਲ ਅਤਿ ਸੁੰਦਰ ਰੰਗੀਨ ਕੀਮਖਾਬ ਦੀ ਬਹੁਮੁਲੀ ਪੁਸ਼ਾਕ ਅਰ ਇਕ ਮੋਤੀਆਂ ਦਾ ਕੰਠਾ ਗੁਰੂ ਅਮਰਦਾਸ ਸਾਹਿਬ ਜੀ ਅਗੇ ਭੇਟ ਧਰਕੇ ਬੇਨਤੀ ਕੀਤੀ, ਜੋ ਆਪ ਪਹਿਰੋ। ਗੁਰੂ ਜੀ ਬੋਲੇ ਭਾਈ ਸਾਡੀ ਹੁਣ ਬ੍ਰਿਧ ਅਵਸਥਾ ਹੈ, ਏਹ ਭੂਖਨ ਨਹੀਂ ਸੋਂਹਦੇ। ਸਿਖ ਦੇ ਬਾਰ ਬਾਰ ਐਸੀ ਬੇਨਤੀ ਕਰਨ ਤੇ ਬਚਨ ਹੋਇਆ ਕਿ ਸਾਨੂੰ ਪਹਿਨਾਇਕੇ ਪ੍ਰਸੰਨਤਾ ਚਾਹੁੰਦਾ ਹੈਂ ਪਰ ਇਸ ਵਿਚ ਸਾਡੀ ਪ੍ਰਸੰਨਤਾ ਨਹੀਂ ਅਰ ਜਿਸਨੂੰ ਪਹਿਨੇ ਦੇਖਕੇ ਅਸੀਂ ਪ੍ਰਸੰਨ ਹੋਈਏ ਉਸਨੂੰ ਪਹਿਨਾਉਣੇ ਤੇ ਤੈਨੂੰ ਦੋ ਗੁਣਾ ਲਾਭ ਹੋਵੇਗਾ। ਸਿਖ ਨੇ ਮੰਨ ਲਿਆ ਕਿ ਜੋ ਸਤਿਗੁਰੂ ਨੂੰ ਭਾਵੇ ਅਤੇ ਸਭ ਦੇਖਨ ਲਗੇ। ਜੋ ਕੌਣ ਭਗਵਾਨ ਹੈ ਜਿਸਨੂੰ ਵਿਹ ਅਮੋਲਕ ਵਸਤ ਪ੍ਰਾਪਤ

ਹੋਵੇਗੀ। ਅਤੇ ਗੁਰੂ ਜੀ ਨੇ ਓਹ ਕੰਠੇ ਸਮੇਤ ਪੁਸ਼ਾਕ ਜੇਠਾ ਜੀ ਨੂੰ ਪਹਿਨਾਈ ਤਾਂ ਸੰਗਤ ਵਲੋਂ ਚੌਫੇਰਿਓਂ ਵਧਾਈ ਦੀ ਅਵਾਜ਼ ਆਈ। ਚਾਰ ਘੜੀ ਦਿਨ ਰਹੇ ਸਤਿਗੁਰੂ ਸੰਗਤ ਸਣੇ ਨਦੀ ਦੇ ਕੰਢੇ ਰਹਿਰਾਸ ਦੇ ਦੀਵਾਨ ਵਿਚ ਜਾਂਦੇ ਲੰਘੇ ਤਾਂ ਨਗਰ ਦੇ ਬਾਹਰ ਇਕ ਫਕੀਰ ਤਕੀਆ ਬਣਾਇਕੇ ਬੈਠਾ ਸਾਰਾ ਦਿਨ ਅਮਲ ਪੀਂਦਾ ਅਰ ਵਾਉ ਦੁਆਉ ਬੋਲਦਾ ਰਹਿੰਦਾ ਸੀ। ਦੇਖਕੇ ਉਚੀ ਉਚੀ ਬੋਲਨ ਲਗਾ ਸਾਰਾ ਜਹਾਨ ਲੁਟਕੇ ਖਾ ਗਏ ਹਨ ਗੁਰੂ ਸਦਾਉਂਦੇ ਚਰਨ ਪਹੁਲਾਂ ਪਿਲਾਉਂਦੇ, ਲੰਗਰ ਚਲਾਉਂਦੇ ਹਨ, ਕਦੀ ਫਕੀਰਾਂ ਦੀ ਖਬਰ ਨਹੀਂ ਲਈ, ਨਿੰਦਿਆ ਸੁਣਕੇ ਸਿਖਾਂ ਦਾ ਮਨ ਦੁਖਿਆ ਪਰ ਸਤਿਗੁਰੂ ਤੋ ਡਰਦੇ ਕੰਨ ਮੁੰਦਕੇ ਲੰਘ ਗਏ। ਰਹਿਰਾਸ ਦਾ ਭੋਗ ਪਿਆ ਆਉਂਦੀ ਵੇਰ ਲੰਘੇ ਤਾਂ ਉਹ ਫਕੀਰ ਸੌ ਸੌ ਅਸੀਸ ਦੇਵੇ, ਤੂੰ ਸਚਾ ਗੁਰੂ, ਤੂੰ ਸਚਾ ਪਾਤਸ਼ਾਹ, ਤੇਰੇ ਲੰਗਰ ਸਵਾਏ, ਤੇਰਾ ਅਵਤਾਰ ਸੰਸਾਰ ਦੇ ਤਾਰਨ ਨੂੰ ਹੋਇਆ ਹੈ ਇਹ ਸੁਣਕੇ ਗੁਰੂ ਜੀ ਨੇ ਸਿਖਾਂ ਨੂੰ ਪੁਛਿਆ ਭਾਈ ਇਸਨੂੰ ਕਿਸੇ ਨੇ ਕੁਛ ਦਿਤਾ ਹੈ? ਸਿਖਾਂ ਕਹਿਆ ਜੀ ਅਸਾਂ ਤਾਂ ਕੁਛ ਨਹੀਂ ਦਿਤਾ ਮਗਰ ਜੇਠਾ ਜੀ ਆਉਂਦੇ ਸੇ। ਇਨਾਂ ਨੂੰ ਪੁਛਿਆ ਤਾਂ ਜੇਠਾ ਜੀ ਬੋਲੇ ਸਚੇ ਪਾਤਸ਼ਾਹ ਇਹ ਕੁੱਤੇ ਹਨ ਟੁਕੜਾ ਪਾ ਦਿਤਾ ਚੁਪ ਕਰ ਗਏ। ਫੇਰ ਪੁਛਿਆ ਕੀ ਦਿਤਾ ਹੈ? ਤਾਂ ਸਿਰ ਨੀਵਾਂ ਕਰਕੇ ਅਰਜ਼ ਕੀਤੀ ਓਹ ਕੰਠਾ ਜੋ ਆਪ ਨੇ ਮੈਨੂੰ ਬਖਸ਼ਿਆ ਸੀ ਇਸੇ ਨੂੰ ਦੇ ਦਿਤਾ ਹੈ। ਸੁਣਕੇ ਸਤਿਗੁਰੂ ਚਕ੍ਰਿਤ ਹੋਏ, ਬਚਨ ਕੀਤਾ, ਐਸਾ ਅਮੋਲ ਕੰਠਾ ਦੇ ਦਿਤਾ!!! ਧੰਨ ਹੈਂ ਤੂੰ, ਤੇਰਾ ਘਰ ਬੇਅੰਤ ਹੋਵੇਗਾ, ਜਿਸਦਾ ਲੇਖਾ ਨਹੀਂ ਹੋ ਸਕੇਗਾ, ਲਛਮੀ ਤੇਰੇ ਦਰਬਾਰ ਦੀ ਸੇਵਾ ਕਰੇਗੀ, ਪਾਤਸ਼ਾਹ ਵਰਸਾਉਣਗੇ।

ਨਿੰਮ੍ਰਤਾ

ਸ੍ਰੀ ਚੰਦ ਜੀ ਗੁਰੂ ਅੰਗਦ ਗੁਰੂ ਅਮਰਦਾਸ ਜੀ ਦੇ ਮਥੇ ਨਾ ਲਗੇ ਅਤੇ ਕਦੀ ਕੋਈ ਗਲ ਚਲੇ ਤਾਂ ਕਹਿਣ ਸਾਡੇ ਘਰ ਦੇ ਟਹਿਲੀਏ ਹਨ। ਜਦ ਗੁਰੂ ਰਾਮਦਾਸ ਸਾਹਿਬ ਗੱਦੀ ਪੁਰ ਬੈਠੇ ਅਰ ਅੰਮ੍ਰਿਤਸਰ ਤੀਰਥ ਰਚਿਆ ਇਨਾਂ ਦੀ ਵਡਿਆਈ ਸੁਣਕੇ ਦਰਸ਼ਨ ਨੂੰ ਮਨ ਲੋਚਿਆ ਅਤੇ ਸ੍ਰੀ ਚੰਦ ਜੀ ਨਗਰ ਦੇ ਨੇੜਿਓਂ ਲੰਘੇ ਸੁਣਕੇ ਗੁਰੂ ਰਾਮਦਾਸ ਸਾਹਿਬ ਜੀ ਘੋੜਾ ਅਰ ਜੋੜਾ ਪੁਸ਼ਾਕ ਅਰ ਕੁਛ ਨਕਦੀ ਪ੍ਰਸ਼ਾਦ ਦੇ ਥਾਲ ਲੈਕੇ ਦਰਸ਼ਨ ਨੂੰ ਆਏ ਭੇਟਾ ਧਰੀ ਅਰ ਪ੍ਰੇਮ ਵਿਚ ਮਗਨ ਹੋਏ ਦਰਸ਼ਨ ਕਰਨ। ਸ੍ਰੀ ਚੰਦ ਜੀ ਚਾਹੁੰਦੇ ਸੇ ਜੋ ਕੁਛ ਬੋਲਨ ਤਾਂ ਸੁਣੀਏਂ। ਇਹ

ਵਿਚਾਰਕੇ ਅਰ ਗੁਰੂ ਜੀ ਦੀ ਦਾਹੜੀ ਲੰਮੀ ਦੇਖਕੇ ਬੋਲੇ ਰਾਮਦਾਸ ਤੈਂ ਦਾਹੜੀ ਲੰਮੀ ਵਧਾਈ ਹੈ ਇਸਦਾ ਕੀ ਕਾਰਨ ਹੈ? ਗੁਰੂ ਜੀ ਬੋਲੇ, ਧੰਨ ਸਤਿਗੁਰੂ, ਧੰਨ ਸਤਿਗੁਰੂ! ਮਹਾਰਾਜ ਮੈਂ ਦਾਹੜੀ ਲੰਮੀ ਵਧਾਈ ਸੀ ਕਿ ਜਦ ਸ੍ਰੀ ਚੰਦ ਸਵਾਮੀ ਦਾ ਦਰਸ਼ਨ ਕਰਾਂਗੇ, ਤਾਂ ਇਸ ਦਾਹੜੀ ਨਾਲ ਚਰਨ ਰਜ ਝਾੜਾਂਗਾ ਸੋ ਹੁਣ ਦਰਸ਼ਨ ਦੇ ਅਨੰਦ ਵਿਚ ਉਹ ਗਲ ਭੁਲ ਗਈ ਸੀ, ਧੰਨ ਸਤਿਗੁਰੂ ਹਨ ਜਿਨ੍ਹਾਂ ਨੇ ਕਿਰਪਾ ਕਰਕੇ ਚੇਤਾ ਕਰਾਇਆ ਇਹ ਕਹਿੰਦੇ ਦਾਹੜੀ ਫੜਕੇ ਚਰਨ ਝਾੜਨ ਲਗੇ ਹੀ ਸੀ ਤਾਂ ਸ੍ਰੀ ਚੰਦ ਜੀ ਨੇ ਚਰਨ ਹਟਾਇਕੇ ਕਿਹਾ ਭਾਈ ਏਹੋ ਜਾਦੂ ਪਾਇਕੇ ਤੁਸਾਂ ਸਾਡੇ ਪਿਤਾ ਦਾ ਸਰਬੰਸ ਲੁਟਿਆ ਅਤੇ ਹੁਣ ਅਸੀਂ ਵੀ ਆਪਣਾ ਸਭ ਕੁਛ ਤੁਹਾਨੂੰ ਦੇਂਦੇ ਹਾਂ, ਇਹ ਕਹਿੰਦੇ ਕੰਠ ਨਾਲ ਲਾ ਲਿਆ।

ਗੁਰੂ ਰਾਮਦਾਸ ਸਾਹਿਬ ਜੀ ਦੀ ਸੇਵਾ, ਭਗਤੀ, ਪ੍ਰੇਮ ਉਪਕਾਰ, ਦਯਾ ਉਦਾਰਤਾ, ਅਰ ਉਪਾਸ਼ਨਾ ਆਦਿ ਗੁਣਾਂ ਨਾਲ ਭਰਪੂਰ, ਨਿਮ੍ਰਤਾ ਦੀ ਮੂਰਤਿ ਹੋਏ, ਅਰ ਗੁਰਿਆਈ ਦੀ ਵਡਿਆਈ ਪਾਇਕੇ ਵੀ ਅਹੰਕਾਰ ਦਾ ਨਾਉਂ ਨਹੀਂ ਆਇਆ।

ਇਨ੍ਹਾਂ ਨੇ ਇਕ ਅਤਿ ਉੱਤਮ ਤੀਰਥ ਪ੍ਰਗਟ ਕਰਕੇ ਤਿਸਦਾ ਨਾਮ ਅੰਮ੍ਰਿਤਸਰ ਧਰਿਆ, ਅਤੇ ਇਸ ਸਰੋਵਰ ਦੇ ਮਧ ਵਿਖੇ ਇਕ ਭਜਨ ਕੀਰਤਨ ਦਾ ਸਥਾਨ ਰਚਕੇ ਨਾਮ ਹਰਿਮੰਦਰ ਧਰਿਆ, ਇਹ ਧਰਤੀ ਦੇ ਵਿਚ ਬੈਕੁੰਠ ਦਾ ਦਰਸ਼ਨ ਵਖਾਇਆ, ਜਿਸਦੀ ਮਹਿਮਾ ਤੇ ਮਹਾਤਮਾ ਦੇ ਗ੍ਰੰਥ ਭਰੇ ਹੋਏ ਹਨ, ਇਸ ਵਿਚ ਅਠੇ ਪਹਿਰ ਨਾਮ ਦਾ ਉਚਾਰ, ਈਸਵਰ ਅਰਾਧਨਾ ਦਾ ਪ੍ਰਚਾਰ ਦੁਰਮਤ ਦਾ ਪ੍ਰਹਾਰ ਅਰ ਧਰਮ ਪੁੰਨ ਦਾ ਬਿਸਥਾਰ ਹੈ ਜਿਸ ਦੀ ਮਹਿਮਾ ਇਕ ਮਹਾਤਮਾਂ ਐਉਂ ਲਿਖਦੇ ਹਨ।

ਦੋਹਰਾ॥

ਅੰਮ੍ਰਿਤਸਰ ਵੈਕੁੰਠ ਕੋ ਤੋਲਿਓ ਹਰਿ ਹਰਿ ਦਾਸ।
ਗੌਰੇ ਹੁਤੇ ਸੋ ਧਰ ਰਹਿਓ ਹੋਰੋ ਚਢਿਓ ਅਕਾਸ॥ ੧॥

ਗਵਾਲ ਜੀ ਚੋਬੇ ਬ੍ਰਾਹਮਣ ਸ੍ਰੀ ਮਥਰਾ ਬਿੰਦ੍ਰਾਬਨ ਦੇ ਨਿਵਾਸੀ ਯਾਤਰਾ ਕਰਦੇ ਜਦ ਸ੍ਰੀ ਅੰਮ੍ਰਿਤਸਰ ਜੀ ਆਏ ਅਰ ਦਰਸ਼ਨ ਪਾਇਆ ਤਾਂ ਇਨ੍ਹਾਂ ਨੇ ਅਨੰਦ ਵਿਖੇ ਮਗਨ ਹੋਕੇ ਉਪ੍ਰੋਕਤ ਕਬਿਤ ਕਹੇ, ਯਥਾ:-

ਕਬਿਤ-ਹਾਸੀ ਗਈ ਭੂਲ ਜਮਦੂਤਨ ਉਦਾਸੀ ਭਈ ਪਾਪ
ਕੀ ਕਲਾ ਸੀ ਤਾਂ ਤਲਾਸੀ ਕਰੈ ਡਰਕੇ। ਸਤਯ ਕੀ
ਅਟਾ ਸੀ ਜਹਾਂ ਧਰਮ ਕੀ ਘਟਾ ਸੀ ਦਾਨ ਪੁੰਨ ਕੀ

ਛਟਾ ਸੀ ਸ਼ੌਕਨਾਸੀ ਦੀਨ ਤਰਕੇ। ਗ੍ਵਾਲ ਕਵਿ ਖਾਸੀ ਧੁਨਿ ਵੇਦ ਕੀ ਪ੍ਰਕਾਸ਼ੀ ਮਹਾਂ ਨਾਰੀ ਕਮਲਾਸੀ ਭਾਸੀ ਮੈਂਨ ਰੂਪ ਨਰਕੇ। ਕਾਂਸੀ ਕੀ ਨ ਚਾਹ ਅਬਿਨਾਸੀ ਹੋਵੈ ਮਵਾਸੀ ਭਏ ਦਾਸੀ ਕਰ ਰਾਖੇ ਮੁਕਤਿ ਬਾਸੀ ਸੁਧਾਸਰ ਕੇ ॥ ੨ ॥ ਰਾਜੇ ਸੁਰ ਹਵਾਂ ਤੋਂ ਈਹਾਂ ਸਾਧ ਸੁਰ ਯੁਤ ਸਾਜੈ, ਹੁਆ ਹੈ ਸੁਧਾਂ ਈਹਾਂ ਸੁਧਸਰ ਕੋ ਦਰਸ ਹੈ। ਪਾਨ ਕੀਏ ਵਾਂਕੇ ਹੋਤ ਅਮਰ ਸੁਮਿਤ ਹਵੈਕੇ ਜੀਵਨ ਮੁਕਾਤ ਯਹ ਸਭ ਕੋ ਪਰਸ ਹੈ। ਗਵਾਲ ਕਵਿ ਯੋਗਨਿ ਕੋ ਦੁਰਲਭ ਮਹਾਂ ਹੈ ਵਹੁ ਯੋਗੀ ਭੋਗੀ ਦੂਹੂਅਨ ਕੋ ਹੋਤ ਈਹਾਂ ਰਸ ਹੈ। ਵਹਾਂ ਹੈ ਹਰਿ ਮੰਦਰ ਈਹਾਂ ਹਰਿ ਗੁਰ ਮੰਦਰ ਹੈ ਯਾ ਤੇ ਗੁਰ ਪੁਰ ਸੁਰ ਪੁਰ ਤੇ ਸਰਸ ਹੈ ॥ ੩ ॥ ਕੈਧੋਂ ਕਲ ਪਾਤ ਕੀਨ ਤਾਰਬੇ ਕੋ ਦਵਾਰਾ ਵਤੀ ਸਾਗਰ ਤੇ ਕਾਹਨ ਫੇਰ ਧਰੀ ਹੈ ਨਿਕਾਰ ਕਰ। ਕੈਧੋਂ ਮਯ ਨਾਕ ਮਹੀ ਰੁਹਨ ਸਮੇਤ ਗੁਰੂ ਰਾਮਦਾਸ ਜੂ ਕੀ ਸਰਨ ਆਇਓ ਚਿਤ ਧਾਰ ਕਰ। ਗਵਾਲ ਕਵਿ ਕੈਧੋਂ ਨਿਜ ਛਾਇਆ ਛੋਡ ਆਇਓ ਹੁਤੋ ਸੈਲ ਜੋ ਸੁਮੇਰ ਸੋ ਰਹਿਓ ਹੈ ਹੈ ਟੇਕ ਹਾਰ ਕਰ। ਕਧੋਂ ਨਿਜ ਕਰਤੇ ਸੁਧਾਰ ਸੁਵਰਨ ਸੁੰਦਰ ਸੋ ਰਚਿਓ ਹਰਿ ਮੰਦਰ ਪੁਰਿੰਦਰਨ ਪਿਆਰ ਕਰ ॥ ੪ ॥

ਅਤੇ ਸ੍ਰੀ ਮੁਖਵਾਕ ਭਵਿਸ਼ਦ ਐਉਂ ਹੈ:-

ਮ: ੩-ਅੰਮ੍ਰਿਤਸਰ ਸਿਫਤੀ ਦਾ ਘਰ।

ਐਸੀ ਮਹਿਮਾਂ ਅਰ ਨੀਵਾਂ ਦਰਵਾਜ਼ਾ ਧਰਿਆ ਹੈ। ਐਸੇ ਉਪਕਾਰ ਕਰਕੇ ਵਡੇ ਪੁਤ੍ਰ ਪ੍ਰਿਥੀਆ ਜੀ ਨੂੰ ਹੰਕਾਰੀ ਕਪਟੀ ਛਲੀਆ ਹੋਣ ਦੇ ਕਾਰਨ ਗੁਰਿਆਈ ਦੀ ਗੱਦੀ ਛੋਟੇ ਪੁਤ੍ਰ ਗੁਰੂ ਅਰਜਨ ਸਾਹਿਬ ਨੂੰ ਦਿਤੀ। ਆਪ ਨੇ ਬੜਾ ਭਾਰੀ ਗਰਾ ਕਰਕੇ ਦੀਨਾਂ, ਅਨਾਥਾਂ ਨੂੰ ਤ੍ਰਿਪਤ ਕੀਤਾ, ਅਰ ਭਾਦਰੋਂ ਸੁਦੀ ਤੀਜ ਸੰਮਤ ੧੬੩੯ ਨੂੰ ਗੋਇੰਦਵਾਲ ਵਿਖੇ ਸਭ ਸੰਗਤ ਨੂੰ ਇਹ ਬਚਨ ਕੀਤਾ:-

ਮ: ੪ ॥ ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲ ਕੇ ਉਠਿ ਹਰਿ ਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪ੍ਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥ ਉਪਦੇਸਿ

ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲ ਵਿਖ ਪਾਪ ਦੋਖ ਲਹਿ ਜਾਵੈ ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ॥ ਬਹਿਦਿਆ ਉਠਦਿਆ ਹਰਿ ਨਾਮੁ ਧਿਆਵੈ ॥ ਜੋ ਸਾਸਿ ਗਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ੧ ॥

ਏਹ ਉਪਦੇਸ਼ ਦੇਕੇ ਜੋਤੀ ਜੋਤ ਸਮਾਏ।

ਦੇਵ ਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ ॥ ਹਰਿ ਸਿੰਘਾਸਣੁ ਦੀਅਉ ਸ੍ਰੀ ਗੁਰੁ ਤਹ ਬੈਠਾਯਉ ॥ ਰਹਸੁ ਕੀਅਉ ਸੁਰਦੇਵ ਤੋਹਿ ਜਸੁ ਜਯ ਜਯ ਜੰਪਹਿ ॥ ਅਸੁਰ ਗਏ ਤੇ ਭਾਗਿ ਪਾਪ ਤਿਨ ਭੀਤਰਿ ਕੰਪਹਿ ॥ ਕਾਟੇ ਸੁ ਪਾਪ ਤਿਨ ਨਰਹੁ ਕੇ ਗੁਰੁ ਰਾਮਦਾਸੁ ਜਿਨ ਪਾਇਯਉ ॥ ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ ॥

❋

ਵਖਯਾਨ ੧੪

ਜਨਮੋਤਸ਼ਵ ਗੁਰੂ ਅਰਜਨ ਸਾਹਿਬ

ਦੋਹਰਾ ॥

ਮਨ ਬਚ ਕ੍ਰਮ ਕਰ ਬੰਦਨਾ ਗੁਰ ਚਰਨਨ ਪਰ ਹੋਇ।
ਗੁਰੂ ਅਰਜਨ ਪਰਤਖ ਹਰਿ ਯਾ ਮੈਂ ਸ਼ੰਕ ਨ ਕੋਇ ॥ ੧ ॥

ਹੇ ਸਤਿਗੁਰੂ ਦੇ ਪਿਆਰੇ ਭਾਈਓ, ਇਕ ਸਮਯ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਅੰਮ੍ਰਿਤ ਵੇਲੇ ਅਕਾਲ ਪੁਰਖ ਦੇ ਅਗੇ ਪ੍ਰਾਰਥਨਾ ਕਰੀ, ਜੋ ਸਤਿਗੁਰੂ ਨੇ ਆਪਣੀ ਗੁਰਿਆਈ ਦੀ ਗੱਦੀ ਦਾਜ ਵਿਚ ਹੀ ਦਾਨ ਦੇ ਦਿਤੀ ਹੈ, ਅਰ ਪ੍ਰਿਥੀਆ ਜੀ ਵਡਾ ਪੁਤ ਟਿਕਾ ਹੈ ਪਰੰਤੂ ਈਰਖਾ ਆਦਿ ਅਵਗੁਨਾਂ ਕਰਕੇ ਇਸ ਸਿੰਘਾਸਨ ਦਾ ਅਧਿਕਾਰੀ ਨਹੀਂ ਹੋ ਸਕਦਾ, ਅਰ

ਦੂਜਾ ਪੁਤ੍ਰ ਮਹਾਂਦੇਵ ਭੋਲਾ ਭਾਵ ਸੂਧਾ ਸੁਭਾਵ ਹਨ, ਸੰਸਾਰ ਦੇ ਤਾਰਨ ਦਾ ਬੋਝ ਚੁਕਣ ਨੂੰ ਓਹ ਭੀ ਸਮਰਥ ਨਹੀਂ ਇਸ ਕਾਰਨ ਕੋਈ ਅਧਿਕਾਰੀ ਅਰ ਸਮਰਥ ਪੁਤ੍ਰ ਆਵੇ ਜੋ ਇਸ ਗੁਰਿਆਈ ਦੀ ਭਾਰੀ ਪੰਡ ਨੂੰ ਉਠਾਵੇ।

ਅਰ ਇਨ੍ਹਾਂ ਦੀ ਸੁਪਤਨੀ ਬੀਬੀ ਭਾਨੀ ਜਿਸਨੇ ਗੁਰੂ ਭਾਵਨਾ ਨਾਲ ਪਿਤਾ ਦੀ ਐਸੀ ਮਨੋਂ ਤਨੋਂ ਹੋਕੇ ਸੇਵਾ ਕੀਤੀ, ਅਰ ਟਹਿਲ ਕਰਕੇ ਗੁਰੂ ਸਾਹਿਬ ਨੂੰ ਰਿਝਾਯਾ, ਜਿਹਾ ਕੁ ਇਕ ਵਾਰ ਗੁਰੂ ਸਾਹਿਬ ਸ਼ਨਾਨ ਕਰਨ ਲਗੇ ਅਰ ਬੀਬੀ ਜੀ ਜਲ ਦੇਣ ਲਗੀ, ਤਾਂ ਇਕ ਮੇਖ ਅਜਿਹੀ ਇਸਦੇ ਪੈਰ ਵਿਚ ਖੁਭੀ, ਜੋ ਲਹੂ ਦੀ ਧਾਰਾ ਚਲ ਪਈ। ਪਰ ਬੀਬੀ ਨੇ ਇਹ ਸਮਝਕੇ ਕਿ ਜੇ ਮੈਂ ਸੀ ਕੀਤੀ, ਜਾਂ ਪੈਰ ਚੁਕਿਆ ਤਾਂ ਲਹੂ ਦੇਖਕੇ ਪਿਤਾ ਜੀ ਨੂੰ ਸ਼ਨਾਨ ਕਰਨਾ ਭੁਲ ਜਾਵੇਗਾ, ਦੰਦ ਹੇਠ ਜੀਭ ਦੇਕੇ ਪੀੜ ਸਹਾਰੀ, ਪਰ ਨਾ ਪੈਰ ਚੁਕਿਆ ਅਰ ਨਾ ਸੀ ਕੀਤੀ, ਪਰੰਤੂ ਲਹੂ ਵਗ ਤੁਰਿਆ ਦੇਖਕੇ ਗੁਰੂ ਜੀ ਨੇ ਪੁਛਿਆ ਪੁਤ੍ਰੀ ਇਹ ਲਹੂ ਕਿਥੋਂ ਆਇਆ ਹੈ ? ਤਾਂ ਪੁਤ੍ਰੀ ਜੋ ਝੂਠ ਬੋਲਨਾ ਸਦਾ ਬੁਰਾ ਜਾਨਦੀ ਸੀ, ਸਚ ਸਚ ਕਹਿ ਦਿਤਾ ਜਿਸ ਤੇ ਗੁਰੂ ਸਾਹਿਬ ਅਤਿ ਪ੍ਰਸੰਨ ਹੋਏ।

ਇਕ ਵਾਰ ਰਾਤ ਨੂੰ ਪਲੰਘ ਦਾ ਪਾਵਾ ਉੱਚਾ ਨੀਵਾਂ ਦੇਖਕੇ ਗੁਰੂ ਜੀ ਕਿਹਾ ਪੁਤ੍ਰੀ ਕੋਈ ਇਟ ਪਾਵੇ ਹੇਠ ਛੇਤੀ ਹੀ ਧਰ ਦਿਓ, ਜੋ ਇਹ ਡੋਲੇ ਨਹੀਂ। ਬੀਬੀ ਜੀ ਤਤਖਿਨ ਆਪਣਾ ਹਥ ਹੀ ਹੇਠ ਦੇ ਦਿਤਾ, ਸਾਰੀ ਰਾਤ ਬੀਤ ਗਈ, ਅੰਮ੍ਰਿਤ ਵੇਲੇ ਉਠੇ ਤਾਂ ਸਿਖਾਂ ਨੇ ਬੀਬੀ ਦੀ ਸੇਵਾ ਸੁਣਾਈ। ਗੁਰੂ ਸਾਹਿਬ ਪ੍ਰਸੰਨ ਹੋਕੇ ਗੁਰਿਆਈ ਹੀ ਤਿਸਨੂੰ ਦੇਣ ਦੀ ਇਛਾ ਕੀਤੀ, ਪ੍ਰੰਤੂ ਬੀਬੀ ਜੀ ਪਤਿਬ੍ਰਤ ਸੀ, ਬੇਨਤੀ ਕੀਤੀ ਜੋ ਇਹ ਵਸਤ ਮੇਰੇ ਪਤੀ ਨੂੰ ਪ੍ਰਦਾਨ ਕਰੋ, ਜਿਸ ਕਾਰਨ ਗੁਰੂ ਜੀ ਨੇ ਜਵਾਈ ਨੂੰ ਭਾਗਜਵਾਨ ਕੀਤਾ। ਤਿਸਦੇ ਭੀ ਪ੍ਰੇਮ ਅਰ ਸਚਾਈ ਪਰ ਪ੍ਰਮੇਸ਼ੁਰ ਦੀ ਪ੍ਰਸੰਨਤਾ ਹੋਈ, ਗਰਭ ਹੋਯਾ। ਜਦ ਸਮਯ ਪੂਰਨ ਹੋਯਾ ਸੰਮਤ ੧੬੨੦ ਵੈਸਾਖ ਵਦੀ ਸਤਮੀ ਅੰਮ੍ਰਿਤ ਵੇਲੇ ਗੋਇੰਦਵਾਲ ਵਿਖੇ ਬਾਲਕ ਰੂਪ ਹੋਇ ਪ੍ਰਗਟੇ। ਆਸਾ ਦੀ ਵਾਰ ਦੇ ਭੋਗ ਪਿਆਂ ਹੀ ਗੁਰੂ ਅਮਰਦਾਸ ਸਾਹਿਬ ਆਏ, ਬਾਜੇ ਬਜਵਾਏ ਅਨੰਦ ਮੰਗਲ ਦੇ ਸ਼ਬਦ ਗਾਏ, ਮੰਗਤਿਆਂ ਨੇ ਮੂੰਹ ਮੰਗੇ ਪਦਾਰਥ ਪਾਏ, ਸਿਖ ਸੰਗਤਾਂ ਵਧਾਈਆਂ ਦੇਣ ਆਈਆਂ, ਕੜਾਹ ਪ੍ਰਸਾਦਿ ਕਰਵਾਏ ਅਰ ਦੀਨਾਂ ਅਨਾਥਾਂ ਨੂੰ ਤ੍ਰਿਪਤ ਕਰਕੇ ਛਕਾਏ, ਘਰ ਘਰ ਅਨੰਦ ਮੰਗਲਾਚਾਰ ਹੋਯਾ, ਨਾਮ ਸ੍ਰੀ ਅਰਜਨ ਜੀ ਰਖਿਆ।

ਇਕ ਬਰਸ ਦੇ ਹੋਏ ਤਾਂ ਰਿੜਦੇ ਰਿੜਦੇ ਆਏ ਸ੍ਰੀ ਗੁਰੂ ਅਮਰਦੇਵ

ਜੀ ਪ੍ਰਸ਼ਾਦਿ ਛਕ ਰਹੇ ਸੇ, ਇਨ੍ਹਾਂ ਥਾਲ ਦੇ ਵਿਚ ਹਥ ਪਾਇਕੇ ਪ੍ਰਸਾਦਿ ਕਢ ਲਿਆ, ਅਰ ਮੂੰਹ ਵਿਚ ਪਾਇਆ। ਸਿਖ ਖਿਡਾਵਾ ਡਰਿਆ, ਜੋ ਮਤਾਂ ਗੁਰੂ ਜੀ ਕ੍ਰੋਧ ਕਰਨ, ਭੂਲਦੀ ਖਿਮਾਂ ਮੰਗਣ ਲਗਾ, ਪ੍ਰੰਤੂ ਗੁਰੂ ਸਾਹਿਬ ਨੇ ਹਸਕੇ ਕਹਿਆ ਆਓ ਥਾਲ ਦੇ ਯਾਰ, ਅਤੇ ਦਯਾ ਕਰਕੇ ਥਾਲ ਬਣਿਆ ਬਣਾਯਾ ਇਨ੍ਹਾਂ ਦੇ ਅਗ ਧਰ ਦਿਤਾ ਅਤੇ ਬਚਨ ਕੀਤਾ ਜੋ ਥਾਲ ਦਾ ਮਾਲਕ ਇਸੇ ਨੇ ਹੋਣਾ ਹੈ।

ਦੋ ਬਰਸ ਦੇ ਲਗ ਭਗ ਹੋਏ, ਸਤਿਨਾਮ ਸ੍ਰੀ ਗੁਰੂ ੨ ਜਪਨ ਅਰ ਪ੍ਰੇਮ ਭਰੀ ਬਾਣੀ ਬੋਲਦੇ ਸੁਣਕੇ ਗੁਰੂ ਸਾਹਿਬ ਬਚਨ ਕੀਤਾ, (ਦੋਤਾ ਬਾਣੀ ਦਾ ਬੋਹਿਥਾ)

ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਤਾਏ ਦੇ ਪੁਤਰ ਭਾਈ ਸਹਾਰੀ ਰਾਮ ਦੇ ਘਰ ਵਿਆਹ ਸੀ, ਸਦਨ ਆਏ ਦਾ ਪ੍ਰੇਮ ਦੇਖ ਗੁਰੂ ਸਾਹਿਬ ਨੇ ਪ੍ਰਿਥੀਚੰਦ ਨੂੰ ਕਹਿਆ ਤੁਸੀਂ ਜਾਓ ਪਰ ਇਸ ਨੇ ਆਗਿਆ ਨਾ ਮੰਨੀ, ਐਸੇ ਹੀ ਮਹਾਂਦੇਵ ਜੀ ਨਾ ਗਏ, ਤਾਂ ਗੁਰੂ ਜੀ ਦੀ ਸੈਨਤ ਸਮਝਕੇ ਮਾਤਾ ਸਮੇਤ ਲਾਹੌਰ ਗਏ। ਵਿਆਹ ਦਾ ਕਾਰਜ ਪੂਰਨ ਕਰਕੇ ਦੋ ਵੇਲੇ ਧਰਮਸਾਲ ਵਿਖੇ ਦੀਵਾਨ ਲਾਉਣ, ਸੰਗਤ ਨੂੰ ਸਤਿ ਉਪਦੇਸ਼ ਸੁਨਾਉਣ, ਮਾਤਾ ਜੀ ਦਾ ਮਨ ਉਦਾਸ ਹੋਇਆ, ਪਰ ਆਗਿਆ ਨੂੰ ਉਡੀਕੇ। ਇਕ ਦਿਨ ਸਵੇਰੇ ਪੁਤਰ ਨੂੰ ਜਗਾਉਣ ਲਗਿਆਂ ਲਾਡ ਨਾਲ ਮੂੰਹੋਂ ਬਚਨ ਨਿਕਲਿਆ–

ਗੂਜਰੀ ਮਹਲਾ ੫ ॥

ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ ॥ ਸੋ ਹਰਿ ਹਰਿ ਤੁਮ੍ ਸਦ ਹੀ ਜਾਪਹੁ ਜਾਕਾ ਅੰਤੁ ਨ ਪਾਰੋ ॥੧॥ ਪੂਤਾ ਮਾਤਾ ਕੀ ਆਸੀਸ ॥ ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥੧॥ ਰਹਾਉ ॥ ਸਤਿਗੁਰੁ ਤੁਮ੍ ਕਉ ਹੋਇ ਦਇਆਲਾ ਸੰਤ ਸੰਗਿ ਤੇਰੀ ਪ੍ਰੀਤਿ ॥ ਕਾਪੜੁ ਪਤਿ ਪਰਮੇਸਰੁ ਰਾਖੀ ਭੋਜਨੁ ਕੀਰਤਨੁ ਨੀਤਿ ॥੨॥ ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨੰਦ ਅਨੰਤਾ ॥ ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ ॥੩॥ ਭਵਰੁ ਤੁਮਾਰਾ ਇਹੁ ਮਨੁ ਹੋਵਉ ਹਰਿ ਚਰਣਾ ਹੋਹੁ ਕਉਲਾ ॥ ਨਾਨਕ ਦਾਸ ਉਨ ਸੰਗਿ ਲਪਟਾਇਓ ਜਿਉ ਬੂੰਦਹਿ ਚਾਤ੍ਰਿਕੁ ਮਉਲਾ ॥੪॥੩॥੯॥*

ਇਹ ਸ਼ਬਦ ਕਹਿਕੇ ਮਾਤਾ ਹੈਰਾਨ ਹੋਈ ਜੋ ਇਹ ਬਾਣੀ ਕਿਸਤਰ੍ਹਾਂ ਬਣ ਗਈ, ਇਸਦੇ ਉੱਤਰ ਵਿਚ ਸ੍ਰੀ ਗੁਰੂ ਅਰਜਨ ਜੀ ਨੇ ਇਹ ਸ਼ਬਦ ਉਚਾਰਿਆ–

ਗੂਜਰੀ ਮਹਲਾ ੫ ॥

ਹਰਿ ਧਨੁ ਜਾਪ ਹਰਿ ਧਨੁ ਤਾਪ ਹਰਿ ਧਨੁ ਭੋਜਨੁ ਭਾਇਆ ॥ ਨਿਮਖ ਨ ਬਿਸਰਉ ਮਨ ਤੇ ਹਰਿ ਹਰਿ ਸਾਧ ਸੰਗਤਿ ਮਹਿ ਪਾਇਆ ॥੧॥ ਮਾਈ ਖਾਟਿ ਆਇਓ ਘਰਿ ਪੂਤਾ ॥ ਹਰਿ ਧਨੁ ਚਲਤੇ ਹਰਿ ਧਨੁ ਬੈਸੇ ਹਰਿ ਧਨੁ ਜਾਗਤ ਸੂਤਾ ॥੧॥ ਰਹਾਉ ॥ ਹਰਿ ਧਨੁ ਇਸਨਾਨੁ ਹਰਿ ਧਨੁ ਗਿਆਨੁ ਹਰਿ ਸੰਗਿ ਲਾਇ ਧਿਆਨਾ ॥ ਹਰਿ ਧਨੁ ਤੁਲਹਾ ਹਰਿ ਧਨੁ ਬੇੜੀ ਹਰਿ ਹਰਿ ਤਾਰਿ ਪਰਾਨਾ ॥੨॥ ਹਰਿ ਧਨ ਮੇਰੀ ਚਿੰਤ ਵਿਸਾਰੀ ਹਰਿ ਧਨਿ ਲਾਹਿਆ ਧੋਖਾ ॥ ਹਰਿ ਧਨ ਤੇ ਮੈ ਨਵਨਿਧਿ ਪਾਈ ਹਾਥਿ ਚਰਿਓ ਹਰਿ ਥੋਕਾ ॥੩॥ ਖਾਵਹੁ ਖਰਚਹੁ ਤੋਟਿ ਨ ਆਵੈ ਹਲਤ ਪਲਤ ਕੈ ਸੰਗੇ ॥ ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ ਇਹੁ ਮਨੁ ਹਰਿ ਰੰਗਿ ਰੰਗੇ ॥੪॥੨॥੩॥

ਬਿਨਾਂ ਪੜ੍ਹੇ ਇਹ ਸ਼ਬਦ ਰਚਨਾ ਸੁਣਕੇ ਮਾਤਾ ਚਕ੍ਰਿਤ ਹੋਈ ਬੋਲੀ ਪੁਤਰ ਤੇਰੀ ਰਸਨਾਂ ਪਰ ਗੁਰੂ ਸਾਹਿਬ ਆਪ ਬੋਲ ਰਹੇ ਹਨ, ਤੂੰ ਆਪਣੇ ਪਿਤਾ ਜੀ ਨੂੰ ਪਾਤੀ ਲਿਖ। ਤਾਂ ਸ੍ਰੀ ਅਰਜਨ ਜੀ ਨੇ ਪਤ੍ਰਕਾ ਲਿਖੀ ਅਰ ਹੇਠ ਏਹ ਪਉੜੀ ਲਿਖੀ–

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥ ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥ ੧ ॥ ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ ॥੧॥ ਰਹਾਉ ॥

ਅਤੇ ਇਕ ਸਿਖ ਨੂੰ ਦਿਤੀ ਕਿ ਪਹੁੰਚਾਵੇ। ਸਿਖ ਦੂਜੇ ਦਿਨ ਆਯਾ, ਪ੍ਰਿਥੀਆ ਜੀ ਬੜੇ ਚਤੁਰ ਸੇ ਜਾਣ ਗਏ। ਪੁਛਿਆ ਤੂੰ ਲਹੌਰੋਂ ਕੋਈਂ

ਸਫਾ ੭੬ ਦਾ ਫੁਟ ਨੋਟ–

*ਵਿਆਖਿਆਨ ਜਾਂ ਕਥਾ ਵੇਲੇ ਇਨ੍ਹਾਂ ਦੋਹਾਂ ਸ਼ਬਦਾਂ ਦੀਆਂ ਰਹਾਉ ਦੀਆਂ ਤੁਕਾਂ ਪਹਿਲੇ ਪੜ੍ਹਨੀਆਂ ਹੋਰ ਪਉੜੀਆਂ ਪਿਛੋਂ ਪੜ੍ਹਨੀਆਂ।

ਪਤ੍ਰਕਾ ਲੈ ਆਯਾ ਹੈਂ ? ਦਿਖਾਓ, ਉਹ ਪਤ੍ਰਕਾ ਪੜ੍ਹਕੇ ਜਾਣਿਆਂ ਕਿ ਜੇ ਏਹ ਚਿਠੀ ਪਹੁੰਚੇ ਤਾਂ ਗੱਦੀ ਗੁਰੂ ਜੀ ਇਸੇ ਨੂੰ ਦੇਣਗੇ, ਇਸ ਕਾਰਨ ਇਕ ਬਣਾਉਟੀ ਚਿਠੀ ਲਿਖ ਦਿਤੀ ਕਿ ਧੀਰਜ ਰਖੋ ਅਸੀਂ ਤੁਹਾਨੂੰ ਸਦਾਂਗੇ ਤਾਂ ਆਉਣਾ। ਇਹ ਪੜ੍ਹਕੇ ਗੁਰੂ ਅਰਜਨ ਜੀ ਕਹਿਆ ਏਹ ਚਿਠੀ ਪਿਤਾ ਜੀ ਨੂੰ ਨਹੀਂ ਪਹੁੰਚੀ, ਮਾਤਾ ਦੇ ਕਹਿਣੇ ਤੇ ਹੋਰ ਲਿਖਕੇ ਇਹ ਪਉੜੀ ਲਿਖੀ–

> ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥ ਚਿਰੁ ਹੋਆ ਦੇਖੇ ਸਾਰਿੰਗਪਾਣੀ ॥ ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ॥ ੨॥ ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ ॥ ੧॥ ਰਹਾਉ ॥

ਏਹ ਪਤ੍ਰਕਾ ਵੀ ਪ੍ਰਿਥੀਆ ਜੀ ਨੇ ਉਸੇ ਤਰਾਂ ਲੁਕਾਇ ਲਈ। ਤੀਜੀ ਵਾਰ ਸਿਖ ਦੇ ਬਾਰ ਬਾਰ ਕਹਿਣ ਪਰ ਸ੍ਰੀ ਅਰਜਨ ਜੀ ਨੇ ਹੋਰ ਚਿਠੀ ਪੌੜੀ ਸਣੇ ਲਿਖ ਕੇ ਭੇਜੀ।

> ਇਕ ਘੜੀ ਨ ਮਿਲਤੇ ਤਾਂ ਕਲਿਜੁਗੁ ਹੋਤਾ। ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥ ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ ॥ ੩॥ ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ ॥ ੧॥ ਰਹਾਉ ॥

ਏਹ ਪਤਰਕਾ ਸਿਖ ਨੇ ਬੜੇ ਯਤਨ ਨਾਲ ਗੁਰੂ ਸਾਹਿਬ ਜੀ ਦੇ ਹੱਥ ਪਕੜਾਈ, ਪੜ੍ਹਕੇ ਗੁਰੂ ਸਾਹਿਬ ਜੀ ਨੇ ਗੁਰਦਾਸ ਜੀ ਨੂੰ ਆਗਿਆ ਦਿਤੀ ਕਿ ਛੇਤੀ ਜਾਓ ਅਰ ਅਰਜਨ ਜੀ ਨੂੰ ਲਾਹੌਰੋਂ ਲੈ ਆਓ। ਸੋ ਆਏ ਅਰ ਸਨਮੁਖ ਦਰਸ਼ਨ ਕਰਕੇ ਚੌਥੀ ਪਉੜੀ ਉਚਾਰੀ।

> ਭਾਗ ਹੋਆ ਗੁਰਿ ਸੰਤੁ ਮਿਲਾਇਆ ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥ ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥ ੪॥ ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ॥ ੧॥ ੮॥

ਸ੍ਰੀ ਗੁਰੂ ਰਾਮਦਾਸ ਜੀ ਨੇ ਗਲ ਦੇ ਨਾਲ ਲਾਇਆ, ਅਰ ਅਧਿਕਾਰੀ ਜਾਣਕੇ ਪੰਜ ਪੈਸੇ ਨਲਯੇਰ ਭੇਟ **ਦੇਇਕੇ** ਗੱਦੀ ਪਰ ਇਨ੍ਹਾਂ ਨੂੰ

ਬਿਠਾਇਆ। ਸੋ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਜੀ ਹੋਏ। ਗੱਦੀ ਪੁਰ ਬੈਠਕੇ ਇਨ੍ਹਾਂ ਨੇ ਬੜੇ ਬੜੇ ਉਪਕਾਰ ਕੀਤੇ, ਸ੍ਰੀ ਅੰਮ੍ਰਿਤਸਰ ਜੀ ਤਰਨ ਤਾਰਨ ਜੀ ਕਰਤਾਰ ਪੁਰ ਆਦਿ ਤੀਰਥ ਰਚੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੰਨੀ, ਬਾਵਨ ਅਖਰੀ, ਸੁਖਮਨੀ ਆਦਿ ਬਾਣੀਆਂ ਉਚਰੀਆਂ, ਸਿਖ ਧਰਮ ਦੀਆਂ ਜੜਾਂ ਪਤਾਲ ਲਾਈਆਂ। ਸਤਿਗੁਰੂ ਦਾ ਜਸ ਬਿਅੰਤ ਹੈ ਕਿੰਚਤ ਮਾਤ੍ਰ ਹੀ ਕਹਿਆ ਹੈ।

*

ਵਖਯਾਨ ੧੫

ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥
ਭਨ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨ ਪਰਤਖ੍ਹ ਹਰਿ ॥

ਸੰਗਤ ਜੀ! ਸ੍ਰੀ ਗੁਰੂ ਅਰਜਨ ਸਾਹਿਬ ਨਿਰਸੰਦੇਹ ਹਰਿ ਸਰੂਪ ਹੋਏ ਹਨ, ਅਠਾਰਾਂ ਬਰਸ ਦੀ ਅਵਸਥਾ ਵਿਚ ਗੱਦੀ ਮਿਲੀ, ਉਸ ਦਿਨ ਤੋਂ ਸਿਖ ਧਰਮ ਦੀ ਉੱਨਤੀ ਵਿਚ ਲਗੇ, ਆਪ ਦਾ ਨਿਤਨੇਮ ਏਹ ਸੀ, ਜੋ ਪਹਿਰ ਰਾਤ ਦੇ ਉਠ ਸੋਚ ਸ਼ਨਾਨ ਕਰਕੇ ਸ੍ਰੀ ਜਪੁਜੀ ਦਾ ਪਾਠ ਕਰਦੇ ਪਾਰਬ੍ਰਹਮ ਪਰਮੇਸ਼ਵਰ ਦੇ ਧਿਆਨ ਪ੍ਰਾਇਣ ਹੋਏ ਆਸਾ ਦੀ ਵਾਰ ਸੁਣਦੇ।

੧–ਸੂਰਯੋਦਯ ਨਾਲ ਭੋਗ ਪਾਇਕੇ ਆਪ ਸ੍ਰੀ ਮੁਖ ਤੇ ਸੰਗਤ ਨੂੰ ਧਰਮੋਪਦੇਸ਼ ਕਰਨ।

ਜਿਹਾ ਕੁ:–ਗਉੜੀ ਮਹਲਾ ੫ ॥

ਪਾਰਬ੍ਰਹਮ ਪੂਰਨ ਪਰਮੇਸੁਰ ਮਨ ਤਿਸਕੀ ਤਾਕੀ ਓਟ ਗਹੀਜੈ ਰੇ ॥ ਜਿਨ ਧਾਰੇ ਬ੍ਰਹਮੰਡ ਖੰਡ ਹਰਿ ਤਾਕੋ ਨਾਮੁ ਜਪੀਜੈ ਰੇ ॥੧॥ ਰਹਾਉ ॥ ਮਨ ਕੀ ਮਤਿ ਤਿਆਗਹੁ ਹਰਿਜਨ ਹੁਕਮ ਬੂਝਿ ਸੁਖੁ ਪਾਈਐ ਰੇ॥ ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ ॥੧॥ ਕੋਟਿ ਪਤਿਤ ਉਧਾਰੇ ਖਿਨ ਮਹਿ ਕਰਤੇ ਬਾਰ ਨ ਲਾਗੈ ਰੇ ॥ ਦੀਨ ਦਰਦ ਦੁਖ ਭੰਜਨ ਸੁਆਮੀ ਜਿਸੁ ਭਾਵੈ ਤਿਸਹਿ ਨਿਵਾਜੈ ਰੇ ॥੨॥ ਸਭ ਕੋ ਮਾਤ ਪਿਤਾ

ਪ੍ਰਤਿਪਾਲਕ ਜੀਅ ਪ੍ਰਾਨ ਸੁਖ ਸਾਗਰੁ ਰੇ ॥ ਦੇਂਦੇ ਤੋਟਿ ਨਾਹੀ ਤਿਸੁ ਕਰਤੇ ਪੂਰਿ ਰਹਿਓ ਰਤਨਾਗਰੁ ਰੇ ॥ ੩ ॥ ਜਾਚਿਕੁ ਜਾਚੈ ਨਾਮੁ ਤੇਰਾ ਸੁਆਮੀ ਘਟ ਘਟ ਅੰਤਰਿ ਸੋਈ ਰੇ ॥ ਨਾਨਕੁ ਦਾਸੁ ਤਾਕੀ ਸਰਣਾਈ ਜਾਤੇ ਬ੍ਰਿਥਾ ਨ ਕੋਈ ਰੇ ॥ ੪ ॥ ੧੬ ॥ ੧੩੭ ॥

੨–ਪਹਿਰ ਦਿਨ ਚੜ੍ਹੇ ਸੰਗਤ ਵਿਚ ਨਿਰਧਨ ਅਨਾਥ ਦੀਨ ਆਪਣਾ ਓਪਰ ਪਰਾਹੁਣਾ ਜੋ ਕੋਈ ਆ ਜਾਵੇ, ਚਾਰ ਵਰਨ ਨੂੰ ਇਕੋ ਜੇਹਾ ਪ੍ਰਸ਼ਾਦ ਵਰਤਾਉਣਾ। ਅਰ ਮਿਠੇ ਵਚਨਾਂ ਨਾਲ ਤ੍ਰਿਪਤ ਕਰਕੇ ਛਕਾਉਣਾ ਯਥਾ, (ਰਜ ਰਜ ਭੋਜਨ ਖਾਵਹੁ ਮੇਰੇ ਭਾਈ) ਨਾਲੇ ਧਰਮੋਪਦੇਸ਼ ਦ੍ਰਿੜ੍ਹਾਉਣਾ (ਅੰਮ੍ਰਿਤ ਨਾਮ ਰਿਦ ਮਾਹਿ ਧਿਆਈ)

੩–ਦੁਪਹਿਰ ਵੇਲੇ ਕੁਛ ਬਿਸਰਾਮ ਕਰਕੇ ਸੰਸਾਰ ਦੇ ਉਪਕਾਰ ਰੂਪ ਬਿਵਹਾਰ ਯਥਾ ਸ੍ਰੀ ਅੰਮ੍ਰਿਤ ਤਰਨ ਤਾਰਨ ਆਦਿ ਤੀਰਥਾਂ ਦੀ ਇਮਾਰਤ ਆਦਿ ਦੇਖਣੀ।

੪–ਲੰਗਰ ਦਾ ਪ੍ਰਬੰਧ ਕਰਨਾ।

੫–ਫੇਰ ਚਾਰ ਘੜੀ ਦਿਨ ਰਹੇ ਪ੍ਰਸ਼ਨਾਂ ਦੇ ਉਤਰ ਦੇਕੇ ਸਿਖਾਂ ਦੇ ਭਰਮ ਨਵਿਰਤ ਕਰਨੇ।

੬–ਉਪਰੰਤ ਸ਼ਬਦ ਕੀਰਤਨ ਸੋਦਰ ਸੰਧਯਾ ਸਮਯ ਰਹਿਰਾਸ ਪੜ੍ਹਕੇ ਅਰਦਾਸ ਕਰਕੇ ਲੰਗਰ ਵਰਤਾਉਣਾ ਫੇਰ ਕੀਰਤਨ ਕਰ, ਸੋਹਿਲਾ ਪੜ੍ਹ, ਡੇਢ ਪਹਿਰ ਰਾਤ ਗਈ ਸ਼ੈਨ ਅਰਥਾਤ ਸੌਣਾ।

੭–ਦੀਵਾਨ ਵਿਚ ਨਿਤ ਇਹ ਵਿਚਾਰ ਹੁੰਦਾ ਰਹਿੰਦਾ ਸੀ, ਜੋ ਸਤਿਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਦੇਸ ਪ੍ਰਦੇਸ ਚਾਰ ਕੂੰਟ ਖੰਡ ਬ੍ਰਹਮੰਡ ਹਰੇਕ ਕੌਮ ਦੇ ਲੋਕਾਂ ਵਿਚ ਪਸਰੇ, ਜਿਧਰ ਉਪਦੇਸ਼ ਦੀ ਊਣਤਾ ਸੁਣੀ ਜਾਂਦੀ ਸੀ, ਉਧਰ ਹੀ ਸਿਖ ਭੇਜਕੇ ਪ੍ਰਚਾਰ ਕਰਾਉਂਦੇ ਸੇ।

੮–ਜਿਹਾ ਕੁ ਭਾਈ ਕਲਿਆਣੇ ਨੂੰ ਸੁਕੇਤ ਪਹਾੜ ਦੀ ਵਲ ਭੇਜਿਆ, ਉਸਨੇ ਮੰਡੀ ਦੇ ਰਾਜੇ ਤਕ ਪ੍ਰਚਾਰ ਕੀਤਾ।

੯–ਮਾਧੋ ਦਾਸ ਨੂੰ ਕਸ਼ਮੀਰ ਦੇਸ਼ ਵਿਚ ਭੇਜਿਆ। ਉਸਨੇ ਸ੍ਰੀ ਨਗਰ ਅਰ ਪੁਛਣ ਦੇਸ ਵਿਚ ਪਰਚਾਰ ਕੀਤਾ।

੧੦–ਭਗਵਾਨ ਗਿਰ ਸੰਨਯਾਸੀ ਨੂੰ ਸਤਿਨਾਮ ਦਾ ਮੰਤਰ ਦੇਕੇ ਭਗਤ ਭਗਵਾਨ ਦਰਗਾਹ ਪਰਵਾਨ ਨਾਮ ਧਰਕੇ ਭੇਜਿਆ, ਇਸਨੇ ਬਨਾਰਸ ਆਦਿ

ਤੀਰਥ ਅਰ ਮਧ ਸੂਬੇ ਅਵਧ ਦੇਸ ਅਰ ਬਿਹਾਰ ਸੂਬੇ ਵਿਚ ਐਸਾ ਪ੍ਰਚਾਰ ਕੀਤਾ ਜੋ ਤਿੰਨ ਸੌ ਸਠ ਧਰਮਸਾਲਾ ਬਣਵਾਈ ਜੋ ਹੁਣ ੩੬੦ ਗੱਦੀ ਦੇ ਨਾਮ ਤੇ ਪ੍ਰਸਿੱਧ ਹੈ।

੧੧–ਭਾਈ ਸਾਲੋ, ਭਾਈ ਬਹਿਲੋ, ਭਾਈ ਮੰਝ, ਭਾਈ ਪਿਰਾਨਾ, ਭਾਈ ਪੈੜਾ, ਭਾਈ ਗੁਰਦਾਸ ਜੀ ਆਦਿ ਮਸੰਦ ਸਥਾਪਨ ਕਰਕੇ ਥਾਂ ਥਾਂ ਧਰਮ ਦਾ ਪ੍ਰਚਾਰ ਕਰਾਯਾ।

੧੨–ਭਾਈ ਪੈੜੇ ਨੂੰ ਸੰਗਲਾਦੀਪ ਵਿਚ ਭੇਜ ਪਿਛਲੇ ਸਿਖਾਂ ਨੂੰ ਨਵੀਂ ਜ਼ਿੰਦਗੀ ਪਾਈ।

੧੩–ਮਾਝੇ ਵਿਚ ਅਰ ਬਿਸਤ ਜਾਲੰਧਰ ਵਿਚ ਜਾਇ ਕੇ ਔਝੜ ਜਾਂਦੇ ਲੋਕਾਂ ਨੂੰ ਧਰਮ ਦੇ ਰਾਹ ਪਾਇਆ।

੧੪–ਧਰਮ ਤੇ ਪਤਿਤ ਹੁੰਦਿਆਂ ਅਰ ਭ੍ਰਸ਼ਟ ਹੋਂਦਿਆਂ ਨੂੰ ਬਚਾਯਾ।

੧੫–ਮੰਡੀ ਦੇ ਰਾਜਾ ਨੂੰ ਸੁਪਨੇ ਦੇ ਵਿਚ ਪੂਰਬਲਾ ਕਰਮ ਭੁਗਾਯਾ, ਅਰ ਜਨਮ ਮਰਨ ਦੇ ਦੁਖ ਤੋਂ ਛੁਡਾਯਾ।

੧੬–ਮਦ ਪਾਨੀਆਂ ਨੂੰ ਅੰਮ੍ਰਿਤ ਨਾਮ ਪਿਲਾਇਆ।

੧੭–ਜਨਮ ਜਨਮਾਂਤਰਾਂ ਦੇ ਅਗਿਆਨ ਜੜਤਾ ਦੀ ਨੀਂਦ ਵਿਚ ਸੁਤਿਆਂ ਨੂੰ ਸਵਾ ਪਹਿਰ ਦੇ ਤੜਕੇ ਜਾਗਨਾ ਸਿਖਾਇਆ।

੧੮–ਤੀਰਥ ਅਰ ਗੁਰਦਵਾਰੇ ਰਚਕੇ ਧਰਮ ਦਾ ਬ੍ਰਿਛ ਫੈਲਾਯਾ।

੧੯–ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਕੇ ਧਰਮ ਦੀ ਜੜ੍ਹ ਸਦਾ ਲਈ ਦ੍ਰਿੜ ਕੀਤੀ।

੨੦–ਬਾਵਨ ਅਖਰੀ ਸੁਖਮਨੀ ਆਦਿ ਬਾਣੀਆਂ ਰਚੀਆਂ ਜੋ ਡੂਲੇ ਹੋਏ ਚਿੰਤਾ ਗ੍ਰਸੇ, ਅਰ ਸੰਸਾਰ ਵਿਚ ਰਸੇ ਯਮਫਾਸ ਵਿਚ ਫਸੇ ਮਨਾਂ ਨੂੰ ਆਸਰਾ ਅਰ ਆਨੰਦ ਦਿੰਦੀਆਂ ਹਨ।

੨੧–ਸੰਤੋਖਸਰ, ਸ੍ਰੀ ਅੰਮ੍ਰਿਤਸਰ ਜੀ, ਰਾਮਸਰ ਜੀ, ਤਰਨ ਤਾਰਨ ਜੀ, ਕਰਤਾਰਪੁਰ, ਰੋੜ ਵਿਚ ਸਰੋਵਰ ਇਤਆਦਿ ਅਨੇਕ ਭਾਰੀ ੨ ਮੰਦਰ ਸਰੋਵਰ ਇਮਾਰਤਾਂ ਕੇਵਲ ਪਰਉਪਕਾਰ ਹਿਤ ਰਚੀਆਂ।

੨੨–ਭਾਈ ਭਿਖਾਰੀ ਜੈਸੇ ਸਿਖਾਂ ਨੂੰ ਭਾਣੇ ਮੰਨਣ ਦਾ ਨਮੂਨਾ ਬਣਾਇਆ, ਅਰ ਮੰਝ ਨੂੰ ਗੁਰ ਸੇਵਾ ਦਾ ਅਰ ਜੈਦੇਵ ਸਿਖ ਨੂੰ ਗੁਰ ਸੇਵਾ ਹਿਤ ਤਨ ਮਨ ਅਰਪਨ ਦਾ ਅਰ ਮਸਕੀਨੀਏ ਪਹਿਲਵਾਨ ਨੂੰ ਹਾਰ ਤੁਰਨ ਅਰ ਪਰਉਪਕਾਰ ਕਰਨ ਦਾ ਅਧਿਸ਼ਟਾਤਾ ਬਣਾਇਆ।

੨੩–ਇਹਨਾਂ ਦੇ ਪਰੇਮ ਦੇ ਖਿਚੇ ਹੋਏ ਮਜੂਰ ਰੂਪ ਧਾਰਕੇ ਆਪ ਭਗਵਾਨ ਅੰਮ੍ਰਿਤਸਰ ਜੀ ਦੇ ਨਕਸ਼ੇ ਦਸਣ ਨੂੰ ਸਲਾਹਕਾਰ ਹੋਏ।

੨੪–ਤਰਲੋਕੀ ਦੇ ਮਨੋਰਥ ਆਪ ਪੂਰਨ ਕਰਨ ਪਰ ਆਪਣੀ ਸੁਪਤਨੀ ਦੇ ਮਨੋਰਥ ਪੂਰਨ ਕਰਨ ਸਮਝ ਭਾਈ ਬੁਢਾ ਜੀ ਪਾਸ ਭੇਜਕੇ ਸੰਤ ਮਹਿਮਾ ਪ੍ਰਗਟਾਈ।

੨੫–ਅਰ ਮਿਸੀਆਂ ਰੋਟੀਆਂ ਸਿਰ ਪੁਰ ਧਰਕੇ ਨੰਗੇ ਪੈਰੀਂ ਤੁਰਦੇ ਮਹਿਲ ਗੰਗਾ ਜੀ ਨੂੰ ਬੀੜ ਭੇਜਕੇ ਸੰਤ ਸੇਵਾ ਦੀ ਰੀਤ ਸਿਖਾਈ।

੨੬–ਪਰੋਪਕਾਰ ਹਿਤ ਪੋਥੀਆਂ ਲੈਣ ਜਦ ਮੋਹਨ ਜੀ ਪਾਸ ਗੋਇੰਦਵਾਲ ਗਏ (ਇਹ ਕੇਵਲ ਧਾਰਮਿਕ ਬਾਣੀ ਦੇ ਪ੍ਰਚਾਰ ਦਾ ਹੀ ਪ੍ਰਯੋਜਨ ਸੀ) ਤਾਂ ਆਪ ਨੇ ਢਾਡੀਆਂ ਵਾਂਗੂ ਜਸ ਗਾਇਕੇ ਰਿਝਾਇਕੇ ਕੰਮ ਲਿਆ। ਇਨਹਾਂ ਦੀ ਸਾਰੀ ਅਵਸਥਾ ਉਪਕਾਰ ਵਿਚ ਬਤੀਤ ਹੋਈ ਪਰ ਸਭ ਤੇ ਵਡਾ ਉਪਕਾਰ ਇਹ ਕੀਤਾ ਜਿਸ ਤੇ ਸਮਗਰ ਸੰਸਾਰ ਦਾ ਉਧਾਰ ਹੋਇਆ, ਜਿਸ ਕਰਕੇ ਮ੍ਰਿਤਕਮਨਾਂ ਵਿਖੇ ਨਵੀਨ ਜ਼ਿੰਦਗੀ ਆਣ ਪੈਂਦੀ ਹੈ, ਜਿਸ ਤੇ ਟੁਟੇ ਹੋਏ ਦਿਲ ਪਰਮੇਸ਼ਰ ਨਾਲ ਗੰਢੇ ਜਾਂਦੇ ਹਨ, ਜਿਸ ਤੇ ਰੋਂਦਿਆਂ ਕੁਰਲਾਉਂਦਿਆਂ ਨੂੰ ਧੀਰਜ ਅਰ ਡੁਲਿਆਂ ਨੂੰ ਸ਼ਾਂਤਿ ਅਰ ਡਿਗਦਿਆਂ ਨੂੰ ਆਸਰਾ ਢਹਿੰਦਿਆਂ ਨੂੰ ਥੰਮਾ ਤੇ ਰੁੜ੍ਹਦਿਆਂ ਨੂੰ ਬੰਨਾ ਮਿਲ ਪੈਂਦਾ ਹੈ। ਸੋ ਅੰਮ੍ਰਿਤ ਦੇ ਪੁੰਜ ਅਥਵਾ ਸੋਤਾ, ਮੁਕਤਿ ਦਾ ਭੰਡਾਰ, ਸਚੇ ਰਤਨਾਂ ਦਾ ਰਾਹ, ਭਗਤਿ ਰੂਪੀ ਇਸਤ੍ਰੀ ਦਾ ਸਿੰਗਾਰ, ਮਨ ਦਾ ਅਧਾਰ ਸਰਬ ਗਰੰਥਾਂ ਦਾ ਸਾਰ, ਪਾਪੀਆਂ ਨੂੰ ਅਸਥਿਰ ਅਗਾਰ, ਸੰਤਾਂ ਦਾ ਅਚਾਰ, ਨਾਮ ਦਾ ਬਯੋਪਾਰ, ਸੁਖਾਂ ਦਾ ਦਾਤਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ। ਅਨਗਿਣਤ ਪਾਠਕਾਂ ਦੀ ਜੀਵਕਾ ਜੀਉਂਦਿਆਂ ਨੂੰ ਭੁਗਤਿ ਅਪਮਿਰਤਕਾਂ ਨੂੰ ਮੁਕਤਿ ਦਾ ਦਾਤਾ ਹੈ। ਭਾਵੇਂ ਅਲਰ ਅਵਸਥਾ ਵਿਚ ਤਨ ਤਜ ਦੇਣੇ ਦੇ ਕਈ ਕਾਰਨ ਗਰੰਥਾਂ ਮੈਂ ਲਿਖੇ ਹਨ ਪਰ ਵਿਚਾਰੀਏ ਤਾਂ ਸਚਾ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਅਰ ਗੁਰਬਾਣੀ ਦਾ ਪਰਚਾਰ ਗੁਰੂ ਨਾਨਕ ਸਾਹਿਬ ਦੇ ਧਰਮ ਦੇ ਨਿਯਮਾਂ ਨੂੰ ਦ੍ਰਿੜ ਰਖਣੇ ਦਾ ਹੀ ਹੈ।

ਦੇਹ ਤਜਣ ਦਾ ਗ੍ਰੰਥਾਂ ਵਿਚ ਪ੍ਰਸਿਧ ਕਾਰਨ ਇਹ ਹੈ ਕਿ ਪਾਤਸ਼ਾਹ ਜਹਾਂਗੀਰ ਦਾ ਨਾਇਬ ਦੀਵਾਨ ਚੰਦੂ ਸ਼ਾਹ ਖੱਤਰੀ ਦਿੱਲੀ ਵਿਖੇ ਰਹਿੰਦਾ ਸੀ, ਇਸ ਨੇ ਆਪਣੀ ਪੁਤ੍ਰੀ ਨੂੰ ਸਿਆਣੀ ਹੋਈ ਦੇਖਕੇ ਬ੍ਰਾਹਮਣ ਪਰੋਹਿਤ ਅਰ ਨਾਈ ਨੂੰ ਭੇਜਿਆ ਜੋ ਵਰ ਘਰ ਟੋਲਕੇ ਸਾਕ ਕਰ ਆਉਣ। ਉਹ ਲਾਗੀ ਟੋਲਦੇ ੨ ਸ੍ਰੀ ਅੰਮ੍ਰਿਤਸਰ ਜੀ ਆਏ ਤਾਂ ਗੁਰੂ ਅਰਜਨ ਜੀ ਦੇ

ਸਾਹਿਬਜ਼ਾਦੇ ਹਰਿਗੋਬਿੰਦ ਜੀ ਦਾ ਰੂਪ, ਗੁਣ ਉਮਰ, ਉੱਜਲ ਕੁਲ, ਪੂਜਨੀਕ ਸਰਬ ਤਰਾਂ ਪ੍ਰਸਿਧ ਸਮਝ ਕੇ ਸਾਕ ਕਰਨਾ ਕਹਿ ਗਏ। ਦਿਲੀ ਵਿਚ ਜਦ ਦੀਵਾਨ ਨੂੰ ਸਾਰਾ ਹਾਲ ਸੁਣਾਇਆ, ਤਾਂ ਚੰਦੂ ਸ਼ਾਹ ਨੇ ਬੜੇ ਕ੍ਰੋਧ ਨਾਲ ਕਹਿਆ ਭਾਈ ਕਿਥੇ ਮੈਂ ਪਾਤਸ਼ਾਹੀ ਦੀਵਾਨ ਅਰ ਕਿਥੇ ਗੁਰੂ ਪੂਜਾ ਖਾਣ ਵਾਲਾ ਫਕੀਰਾਂ ਵਰਗਾ ਹੀ ਕੰਮ ਹੈ। ਇਹ ਤਾਂ ਚੁਬਾਰੇ ਦੀ ਇਟ ਤੁਸੀਂ ਮੋਰੀ ਨੂੰ ਲਾ ਆਏ ਹੋ ਇਤਿਆਦਿ ਨਿੰਦਜਾ ਦੇ ਬਚਨ ਬੋਲਿਆ। ਇਹ ਖਬਰ ਪਾਇਕੇ ਦਿੱਲੀ ਦੀ ਸੰਗਤ ਨੇ ਗੁਰੂ ਸਾਹਿਬ ਵਲ ਇਕ ਆਦਮੀ ਭੇਜਕੇ ਰੋਕਿਆ ਜੋ ਕਿਸੇ ਗਰੀਬ ਨਰੈਣ ਦਾਸ ਨਾਮੇ ਸਿਖ ਦਾ ਸਾਕ ਲੈ ਲਵੋ ਪਰ ਇਸ ਹੰਕਾਰੀ ਨਾਲ ਮਥਾ ਨਾ ਲਾਓ। ਇਸ ਕਾਰਨ ਗੁਰੂ ਜੀ ਨੇ ਇਕ ਹੋਰ ਖਤਰੀ ਦਾ ਸਾਕ ਲੈ ਲਿਆ ਅਰ ਕੁੱਤਾ ਕਿਰਾੜ ਕਹਿਕੇ ਚੰਦੂ ਦਾ ਸਾਕ ਮੋੜ ਦਿਤਾ, ਇਸ ਤੋਂ ਦੀਵਾਨ ਵੈਰੀ ਹੋ ਗਿਆ। ਮਗਰੋਂ ਪ੍ਰਿਥੀਆ ਜੀ ਘਰ ਦੇ ਭੇਤੀ ਇਸਦੇ ਸਹਾਇਕ ਜਾ ਬਣੇ।

ਦੂਜਾ ਕਾਰਨ–ਪ੍ਰਿਥੀਏ ਜੀ ਦਾ ਵਿਰੋਧ ਹੈ, ਜੋ ਸਦਾ ਪਾਤਸ਼ਾਹ ਦੇ ਦਰਬਾਰ ਵਿਚ ਫਰਿਆਦੀ ਰਹਿੰਦਾ ਸੀ ਜੋ ਕਿਵੇਂ ਪਾਤਸ਼ਾਹ ਗੁਰਿਆਈ ਮੈਨੂੰ ਲੈ ਦੇਵੇ ਅਰ ਇਸ ਦੇ ਮਿਤਰ ਸੁਲਹੀ ਖਾਨ ਸੁਲਬੀ ਖਾਨ ਚੰਦੂ ਸ਼ਾਹ ਦੀਵਾਨ ਆਦਿ ਸਭ ਸਤਿਗੁਰੂ ਦੇ ਵੈਰੀ ਬਣ ਰਹੇ ਸੇ।

ਤੀਜਾ ਕਾਰਨ–ਸ਼ਾਹਜ਼ਾਦਾ ਖੁਸਰੋ ਪਾਤਸ਼ਾਹ ਨਾਲ ਵਿਗੜਕੇ ਆਕੀ ਹੋਯਾ ਸਰਕਸ਼ੀ ਕਰਦਾ ਦਿਲੀਓਂ ਨਠਾ ਲਾਹੌਰ ਆਇਆ। ਰਸਤੇ ਵਿਚ ਗੁਰੂ ਕੀ ਸ਼ਰਨ ਆਇਆ ਅਤੇ ਦੁਸ਼ਟਾਂ ਨੇ ਘਾਤ ਪਾਇਕੇ ਪਾਤਸ਼ਾਹ ਨੂੰ ਸੁਨਾਯਾ ' ਅਰ ਤਿਸਦਾ ਮਨ ਤਪਾਯਾ, ਅਰ ਗੁਰ ਕਾ ਵੈਰੀ ਜਾ ਬਣਾਇਆ।

ਚੌਥਾ ਕਾਰਨ–ਸ੍ਰੀ ਚੰਦ ਜੀ ਦੇ ਮੁਖੋਂ ਬਚਨ ਹੋਇਆ ਸੀ ਕਿ ਅਹਿਦੀਏ ਬੀ ਦੇਖਨਗੇ, ਸੋ ਪੂਰਾ ਹੋਇਆ।

ਪੰਜਵਾਂ ਕਾਰਨ–ਕਾਹਨੇ ਜੋਗੀ ਨੇ ਕਿਹਾ ਸੀ ਮੈਂ ਤੈਨੂੰ ਲਾਹੌਰ ਸਦਵਾਵਾਂਗਾ। ਭਾਵੇਂ ਸਤਿਗੁਰੂ ਜੀ ਦਾ ਹੀ ਬਚਨ ਪੂਰਾ ਹੋਇਆ ਜੋ ਓਹ ਰਾਹ ਵਿਚ ਜਾਂਦਾ ਹੀ ਮਰ ਗਿਆ, ਪਰ ਗੁਰੂ ਸਾਹਿਬ ਨੇ ਤਿਸਦੀ ਭਾਵਨਾ ਪੂਰੀ ਕਰਨੀ ਚਾਹੀ।

ਛੇਵਾਂ ਕਾਰਨ–ਸਤ ਮੁਠਾਂ ਭੰਗ ਦੀਆਂ ਲੈਕੇ ਸਤ ਪਾਤਸ਼ਾਹੀਆਂ ਬਖਸ਼ੀਆਂ, ਸੋ ਓਹੋ ਪਾਤਸ਼ਾਹ ਹੁਣ ਜ਼ਾਲਮ ਹੋਂਦੇ ਦੇਖਕੇ ਤਿਨ੍ਹਾਂ ਦੀ ਜੜ ਹਿਲਾਈ।

ਸਤਵਾਂ ਕਾਰਨ--ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਹੋਈ ਸੁਣ ਦੁਸ਼ਟ ਸੁਭਾਵ ਵਾਲੇ ਹਿੰਦੂ ਮੁਸਲਮਾਨ ਦੁਖ ਰਹੇ ਸੇ। ਇਕ ਵਾਰੀ ਪਹਿਲਾਂ ਵੀ ਇਹ ਪਾਤਸ਼ਾਹ ਕੋਲ ਫਰਿਆਦੀ ਹੋਏ ਸੇ ਤਾਂ ਅਕਬਰ ਜੋ ਨਿਰਪਖ ਅਰ ਨਿਆਇਕਾਰੀ ਸੀ, ਉਸ ਅਗੇ ਇਹਨਾਂ ਦਾ ਕੁਛ ਵਸ ਨ ਚਲਿਆ, ਹੁਣ ਇਨ੍ਹਾਂ ਨੂੰ ਅਵਸਰ ਮਿਲ ਗਿਆ ਇਨ੍ਹਾਂ ਨੇ ਚੰਦੂ ਸ਼ਾਹ ਦੀ ਸਹਾਇਤਾ ਨਾਲ ਪਾਤਸ਼ਾਹ ਪਾਸ ਚੁਗਲੀ ਕੀਤੀ ਜੋ ਗੁਰੂ ਕਾ ਮਤ ਹਿੰਦੂ ਮੁਸਲਮਾਨ ਦੋਹਾਂ ਤੇ ਵਖਰਾ ਹੈ ਅਗੇ ਇਹਨਾਂ ਦੀ ਧਰਮ ਪੁਸਤਕ ਕੋਈ ਨਹੀਂ ਸੀ ਅਤੇ ਹੁਣ ਇਹਨਾਂ ਨੇ ਵੇਦ ਕੁਰਾਨ ਬਾਇਬਲ ਦੇ ਬਰਾਬਰ ਸ੍ਰੀ ਗੁਰੂ ਗ੍ਰੰਥ ਸਾਹਿਬ ਰਚਕੇ ਸਿਖ ਧਰਮ ਨੂੰ ਦ੍ਰਿੜ ਕਰ ਲਿਆ ਹੈ। ਅਰ ਹਿੰਦੂ ਮੁਸਲਮਾਨ ਦੋਹਾਂ ਨੂੰ ਨਿੰਦਿਆ ਹੈ, ਅਰ ਅਵਤਾਰਾਂ, ਪੀਰਾਂ, ਪੈਗੰਬਰਾਂ ਦੀ ਬੀ ਕੁਛ ਵਡਿਆਈ ਨਹੀਂ ਰਖੀ, ਜਿਹਾ ਕੁ "ਨਾਨਕ ਨਿਰਭਉ ਨਿਰੰਕਾਰ ਹੋਰ ਕੇਤੇ ਰਾਮ ਰਵਾਲ' ਪੁਨਾ: ਜਿਤ ਦਰ ਲਖ ਮੁਹੰਮਦਾ ਲਖ ਬ੍ਰਹਮੇ ਬਿਸਨ ਮਹੇਸ਼ ॥ ਲਖ ਲਖ ਰਾਮ ਵਡੀਰੀਅਹਿ ਲਖ ਰਾਹੀ ਲਖ ਵੇਸ" ॥ ਆਦਿ ਤਿੰਨਾਂ ਦੀ ਨਿੱਤ ਦੀ ਪ੍ਰੇਰਨਾ ਤੇ ਪਾਤਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਜੀ ਦੇਖਣ ਦੀ ਇੱਛਾ ਕੀਤੀ ਗੁਰੂ ਸਾਹਿਬ ਨੇ ਪੰਜ ਸਿਖ ਨਾਲ ਦੇਕੇ ਭੇਜ ਦਿਤਾ। ਪੰਡਤ ਵੇਦ ਲਿਆਏ, ਕਾਜ਼ੀ ਕੁਰਾਨ ਲਿਆਏ ਪਰ ਬਗਲ ਵਿਚ ਮਾਰੀ ਲੇ ਆਏ, ਚੌਕੀ ਰੇਲ ਆਦਿ ਪੁਰ ਧਰਕੇ ਬੈਠ ਗਏ। ਸਿਖ ਗੁਰੂ ਗ੍ਰੰਥ ਸਾਹਿਬ ਜੀ ਲਿਆਏ। ਸਿਰ ਪੁਰ ਧਰਕੇ ਅਤੇ ਚੌਰ ਕਰਦੇ ਨਰਸਿੰਗੇ ਵਜਾਉਂਦੇ ਸ਼ਬਦ ਗਾਉਂਦੇ, ਫੁਲ ਬਰਸਾਉਂਦੇ ਮੰਜੀ ਸਾਹਿਬ ਉਤੇ ਪ੍ਰਕਾਸ਼ ਕੀਤਾ। ਪਾਤਸ਼ਾਹ ਨੇ ਡਿਠਾ ਜੋ ਸਚ ਮੁਚ ਏਹ ਗੁਰੂ ਗ੍ਰੰਥ ਹੈ। ਅਤੇ ਫਾਰਸੀ ਕਿਤਾਬਾਂ ਦੇ ਕਾਇਦੇ ਅਨੁਸਾਰ ਕਿਉਂਕਿ ਉਹ ਸਜ ਪਾਸਿਓਂ ਅਰੰਭ ਹੁੰਦੀਆਂ ਹਨ, ‡ਦਸ ਪੰਦਰਾਂ ਪਤਰੇ ਉਥਲਨੇ ਹੁਕਮ ਦਿਤਾ ਪੜ੍ਹੋ ਤਾਂ ਸਿਖ ਨੇ ਪੜਿਆ ਤਾਂ ਬਚਨ ਆਯਾ:-

ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥ ੫੯ ॥

(ਹੋਰ ਦਸ ਸਤਰਾਂ ਅਗੇ)

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥
ਮੰਦਾ ਕਿਸਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥ ੭੫ ॥

---

‡ਪਾਤਸ਼ਾਹ ਨੂੰ ਰੋਜ਼ ਫਾਰਸੀ ਪੜ੍ਹਣ ਦਾ ਹੀ ਅਭਿਆਸ ਸੀ।

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹੰਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥ ੭੮ ॥
(ਹੋਰ ਚਾਰ ਸਤਰਾਂ ਪਿਛੋਂ ਉਂਗਲੀ ਧਰੀ)
ਫਰੀਦਾ ਬੇਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥ ੭੦ ॥
ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ॥
ਜੋ ਸਿਰ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥ ੭੧ ॥
(ਹੋਰ ਚਾਰ ਪਤਰੇ ਉਥਲਕੇ)
ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ ॥
ਪਾਇ ਕੁਹਾੜਾ ਮਾਰਿਆ ਗਾਫਲਿ ਆਪਨੈ ਹਾਥ ॥ ੧੩ ॥
(ਹੋਰ ਕੁਝ ਪਤਰੇ ਪਰਤਕੇ)
ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥ ੧ ॥ (ਹੋਰ ਪਿਛੇ)
ਅਲਹ ਅਗਮ ਖੁਦਾਈ ਬੰਦੇ ॥ ਛੋਡਿ ਖਿਆਲ ਦੁਨੀਆ ਕੇ ਧੰਦੇ ॥ (ਹੋਰ ਪਿਛੇ)
ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥ ਕੋਈ ਸੇਵੈ ਗੁਸਈਆ ਕੋਈ ਅਲਾਹਿ ॥
ਖਾਕ ਨੂਰ ਕਰਦੰ ਆਲਮ ਦੁਨੀਆਇ ॥ ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ ॥ ੧ ॥

ਇਤਯਾਦਿ ਸ਼ਬਦ ਸੁਣਕੇ ਪਾਤਸ਼ਾਹ ਨੇ ੫੧ ਮੋਹਰਾਂ ਭੇਟ ਦੇਕੇ ਵਿਦਾ ਕੀਤਾ, ਅਰ ਚੁਗਲਾਂ ਨੂੰ ਝਿੜਕਕੇ ਕਿਹਾ ਕਿ ਮੈਂ ਇਸ ਵਿਚ ਕੋਈ ਬੁਰਾਈ ਨਹੀਂ ਦੇਖਦਾ ਜੋ ਕੁਛ ਦੇਖਦਾ ਹਾਂ ਸਚ ਹੈ, ਅਰ ਕਿਸੇ ਦੀ ਬੁਰਿਆਈ ਨਹੀਂ। ਇਸ ਵੇਲੇ ਤਾਂ ਸ਼ਰਮਿੰਦੇ ਹੋਏ, ਪਰ ਜਦ ਪਾਤਸ਼ਾਹ ਨੇ ਸ਼ਾਹਦਰੇ ਦੇ ਘਾਟ ਸ਼ਾਹਜ਼ਾਦੇ ਨੂੰ ਫੜਕੇ ਕੈਦ ਕੀਤਾ, ਅਰ ਤਿਸਦੇ ਮਿਤਰ ਅਬਦੁਲ ਰੈਹਮਾਨ ਨੂੰ ਆਪਣੇ ਦੀਵਾਨ ਅਰ ਸੱਤ ਸੌ ਹੋਰ ਤਿਸਦੇ ਸੰਗੀਆਂ ਦੀਆਂ ਖਲਾਂ ਲੁਹਾਕੇ ਤੂੜੀ ਭਰਾਕੇ ਵਖਰੀਆਂ ਅਰ ਖਲਾਂ ਤੇ ਬਿਨਾਂ ਦੋਹਾਂ ਸੀਖਾਂ ਨਾਲ ਪਰੇਟ ਵਿਚ ਟੰਗਾਈਆਂ। ਇਸ ਕ੍ਰੋਧ ਦੇ ਸਮਯ ਚੰਦੂ.ਸ਼ਾਹ ਨੇ ਸ਼ਾਹਜ਼ਾਦੇ ਨੂੰ ਸਹਾਇਤਾ ਦੇਣ ਦੀ ਚੁਗਲੀ ਲਾਇਕੇ ਗੁਰੂ ਸਾਹਿਬ ਨੂੰ ਲਾਹੌਰ ਸਦਵਾਇਆ, ਪਰ ਗੁਰੂ ਜੀ ਦੇ ਬਚਨ ਸੁਣਕੇ

ਪਾਤਸ਼ਾਹ ਦਾ ਮਨ ਸ਼ਾਂਤਿ ਹੋਇਆ। ਤਾਂ ਚੰਦੂ ਨੇ ਰੁਖ ਦੇਖਕੇ ਅਰਜ਼ ਕੀਤੀ ਕਿ ਮੈਂ ਇਨਹਾਂ ਦੀ ਸੇਵਾ ਕਰਾਂਗਾ, ਪਾਤਸ਼ਾਹ ਦੀ ਆਗਿਆ ਪਾਇਕੇ ਘਰ ਲੈ ਆਇਆ। ਇਸ ਵੇਲੇ ਕਾਜੀ ਮੁਲਾਂ ਪੰਡਿਤ ਬ੍ਰਾਹਮਣ ਖਤਰੀ ਤਾਂ ਇਹ ਕਹਿਣ ਤੁਸੀਂ ਗ੍ਰੰਥ ਵੀ ਤੋੜ ਦਿਓ ਜਾਂ ਵਿਚ ਅਵਤਾਰਾਂ ਪੈਗੰਬਰਾਂ ਦੀ ਵਡਿਆਈ ਲਿਖ ਦਿਓ ਜਾਂ ਇਹਨਾਂ ਦੀ ਨਿੰਦਾ ਦੇ ਨਿਖੇਧੀ ਦੇ ਪਦ ਵਿਚੋਂ ਕਢ ਦਿਓ ਅਤੇ ਚੰਦੂ ਸ਼ਾਹ ਆਪਨੀ ਬੇਟੀ ਦਾ ਸਾਕ ਮਨਾਵੇ ਜੇ ਮੰਨ ਲਓ ਤਾਂ ਅਸੀਂ ਤੁਹਾਨੂੰ ਛੁਡਾਇ ਦੇਵਾਂਗੇ। ਪਰੰਤੂ ਗੁਰੂ ਸਾਹਿਬ ਨੇ ਕਹਿਆ ਦੇਹ ਅਨਿਤ ਹੈ ਇਹ ਜਾਵੇ ਤਾਂ ਨਿਸ਼ੰਗ ਜਾਵੇ, ਪਰ ਗੁਰੂ ਕੇ ਉਪਦੇਸ਼ ਨਹੀਂ ਬਦਲਾਂਗੇ, ਗੁਰਬਾਨੀ ਦਾ ਅਖਰ ਅਖਰ ਸਚਾ ਹੈ, ਇਨਹਾਂ ਰਤਨਾਂ ਵਿਚ ਕਚਕੜੇ ਨਹੀਂ ਮਿਲ ਸਕਦੇ। ਤਦ ਚੰਦੂ ਲਗਾ ਦੁਖ ਦੇਣ ਤੱਤੀ ਰੇਤ ਦੇ ਕੜਛੇ ਉਤੇ ਪਾਏ, ਤਤੇ ਤਵਿਆਂ ਪੁਰ ਬੈਠਾਏ ਪਰ ਗੁਰੂ ਕਰਤਾਰ ਦਾ ਭਾਣਾ ਜਾਣਕੇ ਸਹਿੰਦੇ ਅਰ ਕਹਿੰਦੇ ਸੇ (ਤੇਰਾ ਭਾਣਾ ਮੀਠਾ ਲਾਗੈ॥ ਹਰਿ ਨਾਮ ਪਦਾਰਥ ਨਾਨਕ ਮਾਂਗੈ) ਤੀਜੀ ਰਾਤ ਤਿਸਦੀ ਨੂੰਹ ਨੇ ਆਇਕੇ ਬੇਨਤੀ ਕੀਤੀ ਜੋ ਮੈਂ ਸਿਖ ਦੀ ਪੁਤਰੀ ਹਾਂ ਇਸ ਦੁਖ ਨੂੰ ਨਹੀਂ ਦੇਖ ਸਕਦੀ। ਬਚਨ ਹੋਯਾ ਤੂੰ ਬੀ ਸਾਡੇ ਨਾਲ ਚਲ। ਪਿਛਲੀ ਰਾਤ ਅਚਾਨਕ ਇਸ ਦਾ ਸਰੀਰ ਛੁਟ ਗਿਆ ਅਤੇ ਚੰਦੂ ਸ਼ਾਹ ਨੇ ਸਲਾਹ ਕੀਤੀ ਜੋ ਸਵੇਰੇ ਨਾ ਮੰਨਣਗੇ ਤਾਂ ਮੈਂ ਇਨਹਾਂ ਨੂੰ ਕਚੇ ਚਮੜੇ ਵਿਚ ਮੜਾਵਾਂਗਾ, ਪਰ ਇਸ ਨੂੰ ਆਪਣੀ ਪੈ ਗਈ ਅਤੇ ਗੁਰੂ ਸਾਹਿਬ ਅਸ਼ਨਾਨ ਕਰਨ ਆਏ ਸ੍ਰੀ ਜਪੁਜੀ ਦਾ ਪਾਠ ਕਰਕੇ ਟੁਬਾ ਲਾਇਕੇ ਜੋਤੀ ਜੋਤ ਸਮਾਇ ਗਏ। ਸਿਪਾਹੀ ਖੜੇ ਦੇਖਦੇ ਹੀ ਰਹਿ ਗਏ, ਸਿਖਾਂ ਨੂੰ ਹੁਕਮ ਦੇ ਗਏ ਜੋ ਗੱਦੀ ਗੁਰੂ ਹਰਿਗੋਬਿੰਦ ਜੀ ਨੂੰ ਦੇਣੀ। "ਨਹਿ ਕਿਛੁ ਜਨਮੈ ਨਹ ਕੁਛ ਮਰੈ॥ ਆਪਣ ਚਲਿਤ ਆਪ ਹੀ ਕਰੈ।" ਖਬਰ ਪਾਇਕੇ ਲਾਹੌਰ ਦੀ ਸੰਗਤ ਨੇ ਦੇਹਾਂਤ ਕ੍ਰਿਤ ਸਸਕਾਰ ਆਦ ਸਭ ਕੀਤੇ। ਉਸ ਅਸਥਾਨ ਦਾ ਨਾਉਂ ਡੇਹਰਾ ਸਾਹਿਬ ਗੁਰਦਵਾਰਾ ਪਰਸਿਧ ਹੈ, ਹਰ ਮਹੀਨੇ ਜੋੜ ਮੇਲ ਅਰ ਬਰਸ ਪਿਛੋਂ ਬੜਾ ਭਾਰੀ ਮੇਲਾ ਹੁੰਦਾ ਹੈ। ਸੰਮਤ ੧੬੬੩ ਜੇਠ ਸੁਦੀ ਚੋਥ ਸੂਰਜ ਉਦਯ ਕਾਲ ਸ੍ਰੀ ਗੁਰੂ ਅਰਜਨ ਸਾਹਿਬ ਜੀ ਜੋਤੀ ਜੋਤ ਸਮਾਏ ਆਪਣੀ ਦੇਹ ਅਲੋਪ ਕੀਤੀ ਪਰ ਗੁਰਬਾਣੀ ਨੂੰ ਲੋਪ ਨਾ ਹੋਣ ਦਿਤਾ ਜੋ ਕੋਈ ਗੁਰਪੁਰਬ ਮਨਾਉਣ ਧੰਨ ਹਨ।

*

ਵਖਯਾਨ ੧੯

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਜਨਮੋਤਸਵ

ਦੋਹਰਾ–

ਦੋਇ ਖੜਗ ਧਾਰੀ ਪ੍ਰਭੂ ਦੇਗ ਤੇਗ ਖਾਵਿੰਦ।
ਮੀਰੀ ਪੀਰੀ ਤ੍ਰੇ ਧਨੀ ਸ੍ਰੀ ਗੁਰੂ ਹਰਿ ਗੋਬਿੰਦ।

ਪ੍ਰਿਯੋਜਨ–ਅਜ ਦਾ ਦਿਨ ਪਰਮ ਪਵਿੱਤਰ ਅਰ ਅਤਿ ਬਚਿਤ੍ਰ ਵਡੀ ਖੁਸ਼ੀ ਦਾ ਹੈ, ਜੋ ਸਾਡੇ ਸਚੇ ਪਿਤਾ ਮੀਰੀ ਪੀਰੀ ਦੇ ਮਾਲਕ ਦੇਗ ਤੇਗ ਦੇ ਧਨੀ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਸਿਖ ਸੰਗਤ ਦੇ ਨਿਸਤਾਰ ਅਤੇ ਦੁਸ਼ਟਾਂ ਦੇ ਪ੍ਰਹਾਰ ਕਰਨ ਲਈ, ਅਕਾਲ ਪੁਰਖ ਦੀ ਆਗਿਆ ਅਨੁਸਾਰ ਜਨਮ ਧਾਰਕੇ ਇਸ ਸੰਸਾਰ ਵਿਖੇ ਪ੍ਰਗਟੇ।

ਇਨ੍ਹਾਂ ਦਾ ਪਵਿਤ੍ਰ ਜੀਵਨ ਅਰ ਚਰਿਤਰ ਤਾਂ ਬਿਅੰਤ ਹੈ, ਪਰੰਤੂ ਸੰਖੇਪ ਕਰਕੇ ਕਥਨ ਕਰਦੇ ਹਾਂ।

ਇਕ ਪਰੇਮੀ ਸਿਖ ਨੇ ਬੜੇ ਉਤਸ਼ਾਹ ਨਾਲ ਇਕ ਵਡਮੁਲੀ ਪੁਸ਼ਾਕ ਗੁਰੂ ਸਾਹਿਬ ਦੀ ਅਰ ਗੋਟੇ ਕਿਨਾਰੀ ਨਾਲ ਸਵਾਰਿਆ ਤੇਵਰ ਮਾਤਾ ਜੀ ਦੇ ਭੇਟ ਕੀਤਾ। ਮਾਤਾ ਗੰਗਾ ਜੀ ਸਿਖ ਦਾ ਹਿਤ ਅਰ ਵਡਮੁਲਾ ਸਮੇਂ ਦਾ ਸ਼ਿੰਗਾਰ ਜਾਣਕੇ ਕਿਸੇ ੨ ਤਿਉਹਾਰ ਪਰ ਪਹਿਨਦੇ ਸੇ। ਬਰਸਾਤ ਬੀਤੀ ਜਾਣਕੇ ਮਾਤਾ ਜੀ ਨੇ ਆਪਣੇ ਸਾਰੇ ਬਸਤਰ ਧੁਪ ਲਵਾਉਣ ਲਈ ਛਤ ਉਪਰ ਰਖਵਾਏ, ਜੋ ਬਰਸਾਤੀ ਸਿਲ ਅਰ ਗੰਧ ਨਿਕਲ ਜਾਵੇ। ਪਰ ਸਾਰੇ ਵਡਮੁਲੇ ਬਸਤਰ ਝਿਰਮਲ ੨ ਕਰਦੇ ਜਿਠਾਣੀ ਕਰਮੋਂ ਦੀ ਨਜ਼ਰੀ ਪਏ, ਸੋ ਤਿਸਦਾ ਮਨ ਜਲ ਗਿਆ (ਜੇ ਪਰ ਦੇਖ ਲਖਹਿ ਸਹਸਾਖੀ। ਪਰ ਹਿਤ ਘ੍ਰਿਤ ਜਿਨਕੇ ਮਨ ਮਾਖੀ] ਠੰਡੇ ਸਾਹ ਭਰਦੀ ਹੇਠ ਲਹਿ ਆਈ, ਅਰ ਆਪਣੇ ਪਤੀ ਪ੍ਰਿਥੀ ਚੰਦ ਨੂੰ ਬੋਲੀ ਸਵਾਮੀ ਜੀ ਜੇ ਤੁਸੀ ਗੁਰੂ ਬਣਦੇ ਤਾਂ ਮੈਂ ਭੀ ਭਾਗਵਾਨ ਹੁੰਦੀ ਕਲਿਜੁਗ ਦਾ ਸਮਾਂ ਹੈ, ਵਡੇ ਬੈਠੇ ਰਹਿ ਗਏ, ਛੋਟੇ ਪੂਜਨੀਕ ਹੋਏ, ਸਾਰੇ ਸੰਸਾਰ ਦੇ ਉਤਮ ਪਦਾਰਥ ਸ਼ਰੀਕਾਂ ਦੇ ਘਰ ਤੁਰੇ ਆਉਂਦੇ ਹਨ ਤੁਹਾਡੇ ਲੜ ਲਗੀ ਮੈਂ ਭੀ

ਕਰਮਾਂ ਦੀ ਹੀਨ ਹੋ ਗਈ। ਇਸਨੂੰ ਰੋਂਦੀ ਦੇਖ ਪਤੀ ਨੇ ਧੀਰਜ ਦਿਤਾ ਕਿ ਤੂੰ ਵਡੀ ਭਗਵਾਨ ਹੈਂ, ਤੇਰੇ ਘਰ ਪੁਤਰ ਹੈ ਚਾਰ ਦਿਨ ਸੁਖ ਭੋਗ ਲੈਣ ਅੰਤ ਤੇਰੇ ਹੀ ਪੁਤਰ ਨੇ ਗੱਦੀ ਲੈਣੀ ਹੈ ਦਿਰਾਣੀ ਤੇਰੀ ਔਤ ਹੈ। ਇਹ ਸੁਣਕੇ ਤਿਸਦਾ ਮਨ ਕੁਛ ਠੰਡਾ ਹੋਇਆ।

ਕੁਛ ਦਿਨ ਬੀਤੇ ਤਾਂ ਅੰਮ੍ਰਿਤਸਰ ਜੀ ਅਸ਼ਨਾਨ ਕਰਨ ਆਇਆਂ ਪੌਣੇ ਵਿਚ ਦੋਹਾਂ ਦਾ ਮੇਲ ਹੋਇਆ ਗੰਗਾ ਜੀ ਅਸ਼ਨਾਨ ਕਰਕੇ ਬਾਹਰ ਨਿਕਲੀ ਤਾਂ ਇਸ ਕੋਲੋਂ ਅੰਮ੍ਰਿਤ ਜਲ ਦੀ ਬੂੰਦ ਕਰਮੋਂ ਦੇ ਕਪੜਿਆਂ ਉਪਰ ਪੈ ਗਈ, ਉਹ ਅਗੇ ਪੱਕਾ ਫੇੜਾ ਹੋਈ ਬਹਾਨਾ ਹੀ ਭਾਲਦੀ ਸੀ, ਉਚੀ ੨ ਬੋਲਣ ਲਗੀ, ਕਿਉਂ ਐਡਾ ਹੰਕਾਰੇ ਹੋ, ਕਿਉਂ ਉਚ ਆਏ ਹੋ, ਵਡਿਆਂ ਦਾ ਅਦਬ ਕਰਨਾ ਲੋੜੀਦਾ ਹੈ ਵੇਖ ਮੇਰੇ ਸਾਰੇ ਕਪੜੇ ਭੇਉਂ ਦਿਤੇ ਤਦੇ ਅਜ ਤਕ ਔਤ ਰਹੀ ਹੈਂ ਅੰਤ ਨੂੰ ਮੇਰੇ ਪੁਤਰ ਨੇ ਹੀ ਗੱਦੀ ਸਾਂਭਣੀ ਹੈ।

ਗੰਗਾ ਜੀ ਸਚ ਮੁਚ ਇਸ ਵੇਲੇ ਗੰਗਾ ਸਮਾਨ ਸੀਤਲ ਚੁਪ ਹੋ ਰਹੀ ਅਰ ਹਥ ਜੋੜਕੇ ਬੋਲੀ:-ਜੀ ਮੈਂ ਆਪ ਨੂੰ ਸਸ ਦੀ ਥਾਂ ਜਾਣਕੇ ਡਰਦੀ ਅਰ ਅਦਬ ਰਖਦੀ ਹਾਂ ਮੇਰੀ ਭੁਲ ਖਿਮਾ ਕਰੋ। ਕਰਮੋਂ ਨੇ ਉੱਤਰ ਦਿਤਾ ਤੇਰੇ ਮੋਮੋ ਠਗਣੀ ਦੇ ਚਲਿਤਰ ਮੈਂ ਸਭ ਜਾਣਦੀ ਹਾਂ, ਜਦ ਤੈਨੂੰ ਔਤ ਅਰ ਵਿਧਵਾ ਹੋਕੇ ਟਹਿਲ ਕਰਦਿਆਂ ਦੇਖਾਂਗੀ ਤਾਂ ਮੇਰੀ ਭਾਵਨਾ ਪੂਰਨ ਹੋਵੇਗੀ। ਅਜਿਹੇ ਕੁਬੋਲ ਸੁਣਕੇ ਗੰਗਾ ਜੀ ਦਾ ਮਨ ਭਰ ਆਇਆ ਕਿਉਂਕਿ ਲਿਖਿਆ ਹੈ ਮੀਂਹ ਦੀ ਮਾਰ ਪਹਾੜ ਅਰ ਤੀਰ ਤਲਵਾਰ ਦੀ ਧਾਰ ਅਰ ਗੋਲੀ ਸੂਰਮੇਂ ਸਹਾਰਦੇ ਹਨ, ਤੇਹਾ ਹੀ ਦੁਸ਼ਟਾਂ ਦੇ ਕੁਬੋਲ ਸੰਤਾਂ ਬਿਨਾਂ ਕੋਈ ਨਹੀਂ ਝਲ ਸਕਦਾ, ਗੰਗਾ ਜਲ ਬੜਾ ਸੀਤਲ ਹੈ ਪਰ ਅਗ ਉਤੇ ਧਰਿਆਂ ਓਹ ਭੀ ਖੌਲਨ ਲਗ ਪੈਂਦਾ ਹੈ। ਗੰਗਾ ਜੀ ਚੁੱਪ ਕੀਤੀ ਘਰ ਆਈ, ਹੰਝੂ ਭਰਦੀ ਨੇ ਅੰਨ ਜਲ ਨਾ ਪਾਇਆ, ਅਰ ਦਿਨ ਬਿਤਾਇਆ।

ਰਾਤ ਨੂੰ ਗੁਰੂ ਸਾਹਿਬ ਆਏ ਅਣਜਾਣ ਹੋਕੇ ਪੁਛਿਆ ਉਦਾਸ ਕਿਉਂ ਹੈਂ ? ਗੰਗਾ ਜੀ ਨੇ ਸਾਰਾ ਬਿਰਤਾਂਤ ਸੁਣਾਇਆ, ਅਰ ਕਿਹਾ ਜਿਠਾਣੀ ਦੇ ਕੁਬੋਲਾਂ ਨੇ ਮੈਨੂੰ ਸਾਰਾ ਦਿਨ ਰੁਵਾਇਆ ਹੈ, ਹੁਣ ਜੇ ਇੱਕ ਪੁਤਰ ਬਖਸ਼ੋ ਤਾਂ ਜੀਵਾਂਗੀ ਨਹੀਂ ਤਾਂ ਪਾਣੀ ਭੀ ਨਹੀਂ ਪੀਵਾਂਗੀ। ਗੁਰੂ ਸਾਹਿਬ ਨੇ ਬਹੁਤ ਸਮਝਾਇਆ, ਸੰਸਾਰ ਅਸਾਰ ਜਨਾਇਆ ਪਰ ਜਦ ਧੀਰਜ ਨਾ ਆਇਆ ਤਾਂ ਇਹ ਸਮਝਕੇ ਕਿ ਵਡੇ ਭਰਾਤਾ ਦਾ ਬਚਨ ਅਸੀਂ ਨਾ ਮਿਟਾਈਏ ਅਰ ਸੰਤ ਸੇਵਾ ਦਾ ਵਲ ਬੀ ਸਿਖਾਈਏ, ਅਰ ਸੰਤਾਂ ਦੀ ਮਹਿਮਾਂ ਬੀ ਪਰਗਟਾਈਏ। ਬਚਨ ਕੀਤਾ ਗੁਰੂ ਨਾਨਕ ਜੀ ਦੇ ਸਮੇਂ ਦੇ ਪ੍ਰੇਮੀ ਬਾਬਾ

ਬੁਢਾ ਜੀ ਬੀੜ ਵਿਚ ਰਹੇ ਪਾਤਸ਼ਾਹ ਦੇ ਦਿਤੇ ਹੋਏ ੯੪ ਗਰਾਮਾਂ ਦਾ ਪਰਬੰਧ ਕਰਦੇ ਅਰ ਲੰਗਰ ਵਾਸਤੇ ਲਕੜੀ ਪਾਥੀ ਅੰਨ ਦਾਣਾ ਭੇਜਦੇ ਰਹਿੰਦੇ, ਅਰ ਉਨਾਂ ਨੂੰ ਪਰਸ਼ਾਦਿ ਨਿਤ ਲੰਗਰੋਂ ਜਾਂਦਾ ਹੈ, ਉਨ੍ਹਾਂ ਦੀ ਟਹਿਲ ਕਰੋ, ਉਹ ਸਮਰਥ ਹਨ ਵਰ ਦੇਣਗੇ ਤਾਂ ਪੁਤਰ ਆਵੇਗਾ ਸੰਤਾਂ ਦੇ ਕੰਮ ਭਗਵੰਤ ਅਰ ਭਗਵੰਤ ਦੇ ਕੰਮ ਸੰਤ ਸਵਾਰਦੇ ਹਨ।

ਅਗਲੇ ਭਲਕ ਮਾਤਾ ਜੀ ਆਪ ਰਥ ਪਰ ਬੈਠੀ ਅਰ ਨਾਲ ਬੈਹਲੀਆਂ ਪਰ ਪੈਂਚਾਂ ਦੀਆਂ ਇਸਤਰੀਆਂ ਟਹਿਲਣਾ ਹੋਰ ਸਮਾਨ ਮਠਿਆਈ ਦੇ ਥਾਲ ਵਹਿੰਗੀਆਂ ਵਿਚ ਰਖੇ ਕਹਾਰ ਅਰ ਦੋ ਚਾਰ ਸਵਾਰ ਲੈਕੇ ਤੁਰੀ। ਬਾਬਾ ਬੁਢਾ ਜੀ ਪੈਰਾਂ ਦੀ ਧੂੜ ਉਡਦੀ ਅਰ ਭੀੜ ਆਉਂਦੀ ਦੇਖਕੇ ਬੋਲੇ ਅੰਮ੍ਰਿਤਸਰ ਵਿਚ ਕੋਈ ਭਾਜੜ ਪਈ ਹੈ ਜੋ ਲੋਕ ਨਗਰ ਨੂੰ ਛਡਕੇ ਨਠੇ ਚਲੇ ਆਉਂਦੇ ਹਨ ਬੀੜ ਦੀ ਜੂਹ ਸੀਤਲ ਦੀ ਛਾਯਾ ਪਰ ਮਾਤਾ ਨੇ ਸੁਖ ਨਾ ਪਾਯਾ, ਜੋ ਵਰ ਲੈਣ ਆਈ ਨੂੰ ਸਰਾਪ ਸੁਣਾਇਆ ਪਰ ਪ੍ਰਸਾਦਿ ਅਗੇ ਧਰਕੇ ਬੇਨਤੀ ਕੀਤੀ ਸੋ ਬਾਬਾ ਬੁਢਾ ਜੀ ਨੇ ਨਾ ਧਯਾਨ ਪਾਯਾ ਨਾ ਉਸਨੂੰ ਹਥ ਛੁਹਾਯਾ, ਅਰ ਬੋਲੇ ਮੈਂ ਤੁਹਾਡੇ ਘਰ ਦਾ ਘਾਹੀ ਹਾਂ ਜੇ ਐਡੀ ਸ਼ਕਤੀ ਹੁੰਦੀ ਤਾਂ ਘਾਹ ਕਿਉਂ ਖੋਦਦਾ!! ਸਾਰੇ ਜਗ ਦੇ ਮਨੋਰਥ ਗੁਰੂ ਦੇ ਘਰੋਂ ਪੂਰਨ ਹੋਣ ਅਰ ਗੁਰਾਂ ਦੀ ਪਤਨੀ ਮੇਰੇ ਕੋਲ ਆਵੇ; ਜੇ ਲਿਦ ਚੁਕਾਓ ਤਾਂ ਬੈਠਾ ਹਾਂ ਜੇ ਭੰਡੀ ਲਾਓ ਤਾਂ ਕਿਤੇ ਤੁਰ ਜਾਵਾਂਗਾ। ਗੱਲ ਕਾਹਦੀ ਨਾ ਤਿਲ ਭਰ ਵਸਤ ਲਈ ਨਾ ਹਾਂ ਕੀਤੀ; ਉਲਟਾ ਸਰਾਪ ਲੈਕੇ ਮਾਤਾ ਮੁੜ ਆਈ। ਰਾਤ ਨੂੰ ਸਾਰੀ ਵਾਰਤਾ ਸੁਨਾਈ ਤਾਂ ਗੁਰੂ ਸਾਹਿਬ ਬੋਲੇ (ਮਨ ਤੂੰ ਮਤ ਮਾਣ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖ ਨਿਮਾਣਾ ਹੋਹੁ॥ ਅੰਤਰ ਅਗਿਆਨ ਹਉ ਬੁਧਿ ਹੈ ਸਚ ਸਬਦ ਮਲ ਖੋਹੁ॥ ਹੋਹੁ ਨਿਮਾਣਾ ਸਤਿਗੁਰ ਅਗੈ ਮਤ ਕਿਛ ਆਪੁ ਲਖਾਵਹੇ॥ ਆਪਨੈ ਅਹੰਕਾਰ ਜਗਤ ਜਲਿਆ ਮਤ ਤੂੰ ਆਪਣਾ ਆਪ ਗਵਾਵਹੇ॥) ਰਥ ਡੋਲੇ ਸਾਜ ਰਾਣੀ ਬਣਕੇ ਅਭਿਮਾਨ ਨਾਲ ਗਈ ਤਾਂ ਸਰਾਪ ਲੈਕੇ ਆਈ। ਹੁਣ ਨਿਰ ਅਭਿਮਾਨ ਹੋਕੇ ਜਾਓ ਤਾਂ ਫਲ ਪਾਓਗੇ, ਸੰਤਾਂ ਪਾਸ ਜਦ ਜਾਈਏ ਮਾਨ ਤਿਆਗਕੇ ਜਾਈਏ।

ਫਰੀਦਾ ਗਰਭ ਜਿਨਾਂ ਵਡਿਆਈਆ ਧਨ ਜੋਬਨ
ਵਸਗਾਹ॥ ਖਾਲੀ ਚਲੇ ਧਨੀ ਸਿਉ ਟਿਬੇ ਜਿਉ ਮੀਹਾਹ॥

ਸਵਾਮੀ ਜੀ ਦੀ ਸਿਖਯਾ ਮੰਨਕੇ ਸਵੇਰੇ ਹੀ ਸ੍ਰੀ ਗੰਗਾ ਜੀ ਉਠੀ, ਆਪਣੇ ਹਥੀਂ ਪੀਹ ਮੋਟੀਆਂ ੨ ਚਾਰ ਰੋਟੀਆਂ ਮਿਸੀਆਂ ਪਕਾਇ ਉਪਰ

ਰੁਪੇ ਰਖਕੇ ਗਾਹੜੀ ਲਸੀ ਦੀ ਚਾਟੀ ਸਿਰ ਪਰ ਧਰਕੇ ਨੰਗੀ ਪੈਰੀਂ ਤੁਰੀ। ਪਹੁੰਚਦਿਆਂ ਨੂੰ ਦੁਪਹਿਰ ਹੋ ਗਈ। ਅੱਗੇ ਬਾਬਾ ਬੁਢਾ ਸੋਚਨ ਭਈ ਮੈਥੋਂ ਅਵਗਯਾ ਹੋਈ, ਕਲ ਮਾਤਾ ਨੂੰ ਮੋੜ ਦਿੱਤਾ ਤਦੇ ਅਜ ਲੰਗਰ ਪ੍ਰਸਾਦਿ ਨਹੀਂ ਆਇਆ। ਤੀਜਾ ਦਿਨ ਹੋ ਗਿਆ ਭੁਖਿਆਂ । ਦੂਰੋਂ ਹੀ ਡਿਠਾ, ਪ੍ਰੇਮ ਨਾਲ ਨੇਤ੍ਰ ਭਰ ਗਏ, ਬੋਲੇ ਜੋ ਮਾਤ ਨਾ ਸੰਭਾਲੇ ! ਮੈਥੋਂ ਅਵਗਯਾ ਹੋਈ, ਮਾਤਾ ਨੂੰ ਮੋੜ ਭੇਜਿਆ, ਪਰ ਮਾਤਾ ਮੇਰਾ ਅਪਰਾਧ ਭੁਲਾਇ ਦਿਤਾ, ਮਾਤਾ ਤੂੰ ਧੰਨ ਹੈਂ, ਦੋਵੇਂ ਹੱਥ ਪਸਾਰੇ ਅਰ ਕਿਹਾ ਦਿਓ ਮਾਤਾ ਨੇ ਪਰਸ਼ਾਦਿ ਅਗੇ ਧਰ ਦਿਤਾ, ਮਨ ਭਾਉਂਦਾ ਗਰਾਸ ਭੰਨ ਕੇ ਮੂੰਹ ਵਿਚ ਪਾਯਾ, ਅਤੇ ਸੰਘਣੀ ਛਾਹ ਦਾ ਘੁਟ ਭਰਕੇ ਬੋਲੇ, ਮਾਤਾ ਜੀ ਭੰਡਾਰ ਦੇ ਮਾਲਕ ਤਾਂ ਸਤਿਗੁਰੂ ਹਨ, ਪਰ ਕੁੰਜੀ ਲਾਕੇ ਖੋਲ੍ਹਨ ਦੀ ਆਗਯਾ ਮੈਨੂੰ ਮਿਲੀ ਹੈ। ਇਕ ਹੋਰ ਬੁਰਕੀ ਪਾਇਕੇ ਬਚਨ ਕੀਤਾ, ਜੇਹਾ ਮੇਰਾ ਮਨ ਭਾਉਂਦਾ ਭੋਜਨ ਖਵਾਯਾ ਹੈ, ਤੇਹਾ ਮਾਤਾ ਦੇ ਮਨ ਭਾਉਂਦਾ ਪੁਤ ਆਯਾ ਹੈ।

ਮਿਸੀ ਰੋਟੀ ਭੰਨਕੇ ਬੁਰਕੀ ਮੂੰਹ ਵਿਚ ਪਾਉਣ ਅਤੇ ਛਾਹ ਦਾ ਘੁਟ ਭਰਕੇ ਗੀਦਾ ਕੜਕਾਉਣ ਅਰ ਵਰ ਦੇਣ, ਮਾਤਾ ਜੀ ਦੇ ਘਰ ਪੁਤਰ ਆਯਾ ਪੀਰਾਂ ਦਾ ਪੀਰ ਤੇ ਮੀਰਾਂ ਦਾ ਮੀਰ।

ਮਾਤਾ ਜੀ ਦੇ ਘਰ ਪੁਤਰ ਆਯਾ ਦੇਗ ਤੇਗ ਦਾ ਧਨੀ।
" " ਮੁਗਲ ਮਾਰ, ਅਰ ਦੁਸ਼ਟ ਦਲ ਬਿਡਾਰ ॥
" " ਜੋ ਦੋ ਤਲਵਾਰਾਂ ਪਹਿਨਣ ਵਾਲਾ ਜੋਧਾ ਹੋਵੇਗਾ।
" " ਚਿਟਿਆਂ ਬਾਜਾਂ ਵਾਲਾ।
" " ਘੋੜਿਆਂ ਦਾ ਸਵਾਰ ਅਰ ਘਮਸਾਨ ਕਾਰ।
" " ਬੜਾ ਤੇਜ ਧਾਰੀ, ਅਰ ਸ਼ੇਰਾਂ ਦਾ ਸ਼ਿਕਾਰੀ।
" " ਬਾਹਾਂ ਦਾ ਬਲਕਾਰੀ ਅਰ ਪਰਉਪਕਾਰੀ।

ਪ੍ਰਯੋਜਨ ਇਹ ਕਿ ਇਕ ਇਕ ਗ੍ਰਾਸ ਨਾਲ ਇਕ ੨ ਵ੍ਰ ਦਿੰਦੇ ਗਏ, ਸੁਣ ੨ ਕੇ ਮਾਤਾ ਨਿਹਾਲ ਹੁੰਦੀ ਵਿਦਾ ਹੋਈ। ਸੰਮਤ ੧੬੫੧ ਮਿਤੀ ਅਸੂ ਦਿਨੋਂ ੨੧ ਖੁਸ਼ੀ ਨਾਲ ਸਾਰੀ ਥਕਾਨ ਦੂਰ ਹੋ ਗਈ; ਘਰ ਆਈ ਅਰ ਸੁਆਮੀ ਜੀ ਨੂੰ ਸਾਰੀ ਕਥਾ ਸੁਣਾਈ।

ਸਾਧੂ ਧਰਮਾਤਮਾਂ ਦੇਵਤਾ ਭਗਤ ਲੋਕ ਜੋ ਤੁਰਕਾਂ ਦੀਆਂ ਅਨੀਤੀਆਂ ਅਤੇ ਵਧੀਕੀਆਂ ਤੋਂ ਦੁਖੇ ਹੋਏ ਪਰਮੇਸ਼ੁਰ ਦੀ ਅਰਾਧਨਾ ਕਰ ਰਹੇ ਸੇ, ਤਿਨਾਂ ਪੁਰ ਕ੍ਰਿਪਾ ਦ੍ਰਿਸ਼ਟੀ ਕਰਕੇ ਭਗਵਾਨ ਨੇ ਧੀਰਜ ਦਿਤਾ, ਜੋ ਗੁਰੂ ਅਰਜਨ ਸਾਹਿਬ ਦੇ ਤਖਤ ਪੁਰ ਉਹ ਗੁਰੂ ਆਉਂਦਾ ਹੈ, ਜੋ ਪੀਰੀ ਦੇ ਨਾਲ

ਅਮੀਰੀ ਬੀ ਕਰੇਗਾ, ਅਹੰਕਾਰੀਆਂ ਅਨਯਾਈਆਂ ਦੇ ਸਿਰ ਕੁਚਲੇਗਾ, ਅਰ ਸਾਧੂ ਜਨਾਂ ਦੀ ਤ੍ਰਾਣ ਕਰੇਗਾ। ਏਹ ਅਕਾਸ਼ ਬਾਨੀ ਸੁਣਕੇ ਸਭ ਸਾਧੂ ਦੇਵਤਾ ਬਾਰੰਬਾਰ ਜੈ ਜੈ ਕਾਰ ਦਾ ਉਚਾਰ ਕਰਨ ਲਗੇ। ਹੁਣ ਗਗਨ ਮੰਡਲ ਮੇਘਾਂ ਨਾਲ ਸੋਂਹਦਾ ਅਰ ਨਨ੍ਹੀਆਂ ੨ ਕਣੀਆਂ ਅਰ ਮਧਰ ੨ ਗੰਭੀਰ ਸੁਰ ਨਾਲ ਮਨ ਮੋਂਹਦਾ ਪ੍ਰਤੀਤ ਹੁੰਦਾ ਸੀ। ਮਾਤਾ ਜੀ ਦੇ ਮਨ ਨੂੰ ਅਤਿ ਹਰਖ ਦਾ ਕਾਰਨ ਗਰਭ ਹੋਇਆ ਸਜਨ ਪੁਰਸ਼ ਵਧਾਈਆਂ ਦੇਣ।

ਇਸ ਵੇਲੇ ਪ੍ਰਿਥੀਆ ਜੀ ਦਾ ਬੁਲਾਰਾ ਸੁਲਹੀਖਾਨ ਗੁਰੂ ਸਾਹਿਬ ਦੇ ਵਿਰੁਧ ਚੜ੍ਹ ਆਇਆ, ਅਤੇ ਸਤਿਗੁਰੂ ਸੰਤ ਦਾ ਭਾਜੜ ਦਾ ਬਚਨ ਪੂਰਾ ਕਰਨ ਨੂੰ ਭਾਰ ਬਰਦਾਰੀ ਸਾਜ ਸਮਾਜ ਸਵਾਰੀ ਸਣੇ ਗੁਰੂ ਕੀ ਰੋੜ ਨੂੰ ਹਰਿਆਉਲੀ ਧਰਤੀ ਕਰਦੇ ਵਿਡਾਲੀ ਨਗਰ ਵਿਚ ਆ ਰਹੇ; ਇਥੇ ਕਈ ਦੁਹਰਟੇ ਚੁਹਰਟੇ ਛੇਹਰਟੇ ਖੂਹ ਲਵਾਏ, ਸੰਗਤਾਂ ਦੂਰੋਂ ਦੂਰੋਂ ਆਉਣ ਮਨ ਭਾਉਂਦੇ ਦਰਸ਼ਨ ਪਾਉਣ, ਨਿਤ ਅਨੰਦ ਮੰਗਲ ਹੋਣ ਜਦ ਦਸਵਾਂ ਮਹੀਨਾ ਆਇਆ ਤਾਂ ਸੰਤਾਂ ਦੇ ਬਚਨ ਪੂਰਨ ਅਰ ਮਾਤਾ ਦੇ ਦੁਖ ਚੂਰਨ ਕਰਨ ਨੂੰ ਸੰਤ ਸੇਵਾ। ਅਰ ਨਿੰਮ੍ਰਤਾ ਦੇ ਫਲ ਪਰਗਟ ਕਰਨ ਹਿਤ ਸੰਮਤ ੧੬੫੨ ਮਿਤੀ ਹਾੜ ਦਿਨੋਂ ੨੧ ਅਰ ਅਸਾੜ ਵਦੀ ਏਕਮ ਐਤਵਾਰ ਪੁੱਖ ਨਖਯਤ੍ਰ ਅਰਧ ਰਾਤ ਸਮਯ ਬਦਲਾਂ ਨੇ ਬੂੰਦਾਂ ਬਰਸਾਇ ਤਪਤ ਮਿਟਾਇ ਤਨ ਸੀਤਲ ਕੀਤੇ, ਅਤੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਅਵਤਾਰ ਧਾਰਕੇ ਸਿਖਾਂ ਦੇ ਮਨ ਸੀਤਲ ਕੀਤੇ।

॥ ਦੋਹਰਾ ॥

ਖੋੜਸ ਪਰ ਬਾਵਨ ਬਰਸ ਰਵਿ ਦਿਨ ਮਿਥਨ ਦਿਨਿੰਦ।
ਅਰਧ ਨਿਸਾ ਏਕਮ ਅਸਿਤ ਪ੍ਰਗਟੇ .ਹਰਿਗੋਬਿੰਦ ॥ ੧ ॥

ਮਾਤਾ ਪਿਤਾ ਪਰਵਾਰ ਸਿਖ ਸੰਗਤ ਮੰਗਲ ਚਾਰ ਆਸਾ ਦੀ ਵਾਰ ਦਾ ਉਚਾਰ ਗੁਰਬਾਣੀ ਗਾਇ ਸੁਣਾਇ ਅਨੰਦ ਪੜ੍ਹ ਕੜਾਹ ਪ੍ਰਸ਼ਾਦਿ ਵਰਤਾਇ ਉਤਸ਼ਾਹ ਬਨਾਯਾ। ਗੁਰੂ ਸਾਹਿਬ ਅਸ਼ਨਾਨ ਕਰ ਜਪੁਜੀ ਦਾ ਪਾਠ ਅਰ ਦਾਸ ਕਰਕੇ ਏਹ ਸ਼ਬਦ ਉਚਾਰਿਆ:-

ਆਸਾ ਮਹਲਾ ੫ ॥

ਸਤਿਗੁਰ ਸਾਚੈ ਦੀਆ ਭੇਜਿ ॥ ਚਿਰੁ ਜੀਵਨੁ ਉਪਜਿਆ ਸੰਜੋਗਿ ॥ ਉਦਰੈ ਮਾਹਿ ਆਇ ਕੀਆ ਨਿਵਾਸੁ ॥ ਮਾਤਾ ਕੈ ਮਨਿ ਬਹੁਤੁ ਬਿਗਾਸੁ ॥ ੧ ॥ ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ

ਕਾ ॥ ੧ ॥ ਰਹਾਉ ॥ ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ॥ ਮਿਟਿਆ ਸੋਗੁ ਮਹਾ ਅਨੰਦੁ ਥੀਆ ॥ ਗੁਰਬਾਣੀ ਸਖੀ ਅਨੰਦੁ ਗਾਵੈ ॥ ਸਾਚੇ ਸਾਹਿਬ ਕੈ ਮਨਿ ਭਾਵੈ ॥੨॥ ਵਧੀ ਵੇਲਿ ਬਹੁ ਪੀੜੀ ਚਾਲੀ ॥ ਧਰਮ ਕਲਾ ਹਰਿ ਬੰਧਿ ਬਹਾਲੀ ॥ ਮਨਚਿੰਦਿਆ ਸਤਿਗੁਰੂ ਦਿਵਾਇਆ ॥ ਭਏ ਅਚਿੰਤ ਏਕ ਲਿਵ ਲਾਇਆ ॥ ੩ ॥ ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ ॥ ਬੁਲਾਇਆ ਬੋਲੈ ਗੁਰ ਕੈ ਭਾਣਿ ॥ ਗੁਝੀ ਛੰਨੀ ਨਾਹੀ ਬਾਤ ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥੪॥੭॥੧੦੧॥

ਪੁਨਾ:-ਇਸ ਸ਼ਬਦ ਦਵਾਰਾ ਅਕਾਲ ਪੁਰਖ ਦਾ ਧੰਨਵਾਦ ਕੀਤਾ:-

ਬਿਲਾਵਲ ਮਹਲਾ ੫ ॥

ਸਗਲ ਅਨੰਦੁ ਕੀਆ ਪਰਮੇਸਰਿ ਅਪਣਾ ਬਿਰਦ ਸਮਾਰਿਆ ॥ ਸਾਧ ਜਨਾ ਹੋਏ ਕਿਰਪਾਲਾ ਬਿਗਸੇ ਸਭਿ ਪਰਵਾਰਿਆ ॥੧॥ ਕਾਰਜੁ ਸਤਿਗੁਰਿ ਆਪਿ ਸਵਾਰਿਆ ॥ ਵਡੀ ਆਰਜਾ ਹਰਿਗੋਬਿੰਦ ਕੀ ਸੂਖ ਮੰਗਲ ਕਲਿਆਣ ਬੀਚਾਰਿਆ ॥ ੧ ॥ ਰਹਾਉ ॥ ਵਣ ਤ੍ਰਿਣ ਤ੍ਰਿਭਵਣ ਹਰਿਆ ਹੋਏ ਸਗਲੇ ਜੀਅ ਸਾਧਾਰਿਆ ॥ ਮਨ ਇਛੇ ਨਾਨਕ ਫਲ ਪਾਏ ਪੂਰਨ ਇਛ ਪੁਜਾਰਿਆ ॥੨॥੫॥੨੩॥

ਜਨਮ ਉਤਸ਼ਾਹ ਬੜੇ ਦਾਨ ਮਾਨ ਸ਼ਨਾਨ ਨਾਮ ਜਪਕੇ ਗੁਰਮਤ ਅਨੁਸਾਰ ਮਨਾਇਆ ਗਿਆ।

❋

ਵਖਯਾਨ ੧੭

ਦੋਹਿਰਾ-ਸ੍ਰੀ ਗੁਰੂ ਹਰਿ ਗੋਬਿੰਦ ਜੀ ਜਗ ਤੇ ਹੋਇ ਉਦਾਸ।
ਸਚਖੰਡ ਪਯਾਨਾ ਚਹਤ ਸਿਖ ਕਰਨ ਅਰਦਾਸ॥

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਨੇ ਯਾਰਾਂ ਬਰਸ ਦੀ ਬਾਲ ਅਵਸਥਾ ਵਿਚ ਗੱਦੀ ਸੰਭਾਲੀ। ਤਿਲਕ ਮਿਲਨੇ ਦੇ ਸਮਯ ਹੀ ਇਨਾਂ ਨੇ ਸੇਲੀ ਟੋਪੀ ਨੂੰ ਮਥਾ ਟੇਕ ਸ਼ਸਤਰਾਂ ਦਾ ਕਮਰ ਕਸਾ ਕੀਤਾ, ਅਰ ਦੋ ਤਲਵਾਰਾਂ ਪਹਿਨੇ ਇਕ ਬੀਰ ਰਸ ਨਾਲ ਭਰੇ ਸਿੰਘਾਸਨ ਪੁਰ ਬੈਠੇ, ਅਰ (ਪੰਜਿ ਕਿਰਸਾਣ ਮੁਜੇਰੇ ਮਹਿਡਿਆ॥ ਕੰਨੁ ਕੋਈ ਕਢਿਨ ਹੇਘਈ ਨਾਨਕ ਵੁਠਾ ਘੁਘਿ ਗਿਰਾਉ ਜੀਉ॥ ਗੁਰ ਗਿਆਨੁ ਖੜਗੁ ਹਥਿ ਧਾਰਿਆ॥ ਜਮੁ ਮਾਰਿਅੜਾ ਜਮਕਲਿ) ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ॥ ਤਰਕਸ ਤੀਰ ਕਮਾਣ ਸਾਂਗ ਤੇਗੀ ਬੰਦ ਗੁਣ ਧਾਤੁ॥ ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ॥ ਸਤਿਗੁਰ ਆਤਮ ਦੇਓ ਦੀ ਖੜਗ ਜੋਰ ਪਰਾ ਕ੍ਰਇ ਜੀਅ ਦੇ (ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥ ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥ ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ) ਇਤਯਾਦਿ ਬਚਨਾਂ ਵਿਚ ਜੋ ਬੀਰਤਾ ਦਾ ਅੰਕੁਰ ਸੀ ਸੋ ਪ੍ਰਗਟ ਕਰ ਦਿਖਾਇਆ।

੨-ਗਰੀਬੀ ਨਿੰਮ੍ਰਤਾ ਖਿਮਾ ਸਹਾਰਾ ਸੀਲਤਾ ਵੈਰਾਗ ਭਗਤੀ ਆਦਿ ਗੁਣਾਂ ਦੀ ਅਤਿ ਬਾਹੁਲਤਾ ਨਾਲ ਜੋ ਸਿਖਾਂ ਦੇ ਮਨ ਮ੍ਰਿਤਕ ਸਮਾਨ ਹੋ ਰਹੇ ਸੇ, ਤਿਨਾਂ ਵਿਚ ਸੰਸਾਰ ਦੇ ਬਿਵਹਾਰ ਅਰ ਘਰ ਬਾਰ ਦੇ ਨਿਰਬਾਹ ਚਲਾਉਣ ਅਰ ਰਾਜਯ ਦੇ ਅਧਿਕਾਰੀ ਬਨਾਉਣ ਦੀ ਯੁਕਤੀ ਬਖਸ਼ ਫੇਰ ਜੀਉਂਦਾ ਕੀਤਾ।

੩-ਸੈਨਾ ਰਖਣੀ ਅਰ ਪ੍ਰਬੰਧ ਕਰਨੇ, ਯੁਧ ਵਿਦਯਾ ਸ਼ਸਤ੍ਰ ਵਿਦਿਆ ਸਿਖਾਂ ਨੂੰ ਸਿਖਾਈ।

੪-ਅਕਾਲ ਤਖਤ ਰਚਿਆ ਜਿਸ ਤੇ ਆਗਿਆਕਾਰੀ ਅਤੇ ਮੈਤਰੀ ਏਕਤਾ ਦੀ ਸਿਖਿਆ ਮਿਲਦੀ ਹੈ।

੫-ਵਜ਼ੀਰ ਖਾਨ ਨੇ ਸੁਖਮਨੀ ਦੇ ਪਾਠ ਸ੍ਰਵਨ ਤੇ ਜਲੋਦਰ

ਮਿਟਾਇਕੇ ਬਾਣੀ ਪੜ੍ਹਨੇ ਸੁਣਨੇ ਦਾ ਮਹਾਤਮ ਦਿਖਾਇਆ।

੬-ਸ਼ੇਰ ਦਾ ਸ਼ਿਕਾਰ ਕਰਕੇ ਜਹਾਂਗੀਰ ਪਾਤਸ਼ਾਹ ਦੇ ਪ੍ਰਾਨ ਬਚਾਏ ।

੭-ਗਵਾਲੀਅਰ ਕਿਲ੍ਹੇ ਦੇ ਉਮਰ ਕੈਦੀ ਬਵਿੰਜਾ ਰਾਜੇ ਛੁਡਾਏ।

੮-ਮੋਤੀਆਂ ਦੀ ਮਾਲਾ ਦਾ ਨਮਿਤ ਬਣਾਇਕੇ ਚੰਦੂ ਸਵਾਹੀ ਨੂੰ ਗੁਰੂ ਦ੍ਰੋਹ ਦਾ ਫਲ ਭੋਗਾਯਾ।

੯-ਕਾਜੀ ਦੀ ਕੰਨਿਆਂ ਕੌਲਾਂ ਦਾ ਸ਼ਬਦ ਨਾਲ ਪ੍ਰੇਮ ਦੇਖਕੇ ਤਿਸ ਨੂੰ ਅੰਮ੍ਰਿਤਸਰ ਜੀ ਲਿਆਂਦਾ, ਅਰ ਘੋੜੇ ਪੁਰ ਸਵਾਰ ਹੋਕੇ ਸਿਖਾਂ ਦਾ ਮਨੋਰਥ ਪੂਰਨ ਕੀਤਾ।

੧੦-ਸ੍ਰੀ ਚੰਦ ਜੀ ਨੂੰ ਮਿਲ ਪੁਤ੍ਰ ਜਨਮ ਦਾ ਵਰ ਪਾਇਆ। ਕਮਲੀਏ ਸਿਖ ਦੀ ਅਰਦਾਸ ਸੁਣਕੇ ਨਾਨਕ ਮਤੇ ਗਏ, ਅਰ ਕੇਸਰ ਛਿੜਕ ਕੇ ਪਿੱਪਲ ਦਾ ਬ੍ਰਿਛ ਦ੍ਰਿੜ੍ਹ ਕੀਤਾ। ਕੌਲਸਰ, ਬਿਬੇਕਸਰ ਆਦਿ ਸਰੋਵਰ ਰਚੇ।

੧੧-ਸਿਖ ਸੰਗਤ ਨੂੰ ਪਕਵਾਨ ਨਾ ਦੇਣੇ ਦੇ ਕਾਰਨ ਮਿਠਾਈ ਮਲੇਛ ਖਾਣਗੇ, ਸਰਾਪ ਦਿਤਾ। ਸੰਬੰਧੀਆਂ ਨਾਲੋਂ ਸੰਗਤ ਨਾਲ ਸੱਚੇ ਪ੍ਰੇਮ ਦਾ ਨਮੂਨਾ ਦਿਖਾਇਆ।

੧੨-ਸਤ ਹਜ਼ਾਰ ਸੈਨਾ ਸਮੇਤ ਮੁਗਲਮਖਾਨ ਮਾਰਿਆ, ਸ੍ਰੀ ਹਰਿਗੋਬਿੰਦ ਪੁਰਾ ਬਸਾਇਆ, ਤੁਰਕਾਂ ਦੀ ਸੈਨਾ ਸੰਘਾਰਦੇ ਰਹੇ. ਤੁਰਕਾਂ ਨੂੰ ਪਰਮੇਸ਼ੁਰ ਦੀ ਭਗਤੀ ਦਾ ਉਪਦੇਸ਼ ਦਿਤਾ ਅਰ ਬੰਦਗੀ ਕਰਨੇ ਹਿਤ ਮਸੀਤ ਬਣਵਾਇ ਦਿਤੀ।

੧੩-ਇਕ ਮਨ ਹੋਇਕੇ ਬਾਣੀ ਪੜ੍ਹਨੇ ਦਾ ਮਹਾਤਮ ਐਸਾ ਦਿਖਾਇਆ, ਜੋ ਜਪੁਜੀ ਦਾ ਪਾਠ ਸੁਣਕੇ ਗੱਦੀ ਦੇਣ ਦੀ ਤਿਆਰੀ ਕਰ ਦਿਤੀ ਸੀ, ਪਰ ਮਨ ਡੋਲ ਜਾਣੇ ਦੇ ਕਾਰਣ ਘੋੜਾ ਬਖਸ਼ ਦਿਤਾ।

੧੪-ਜਟੀ ਦੇ ਮਥੇ ਤੇ ਲਿਖਕੇ ੭ ਪੁਤਰ ਦਾਨ ਕੀਤੇ, ਭਾਈ ਰੂਪੇ ਨੂੰ ਪੂਜਨੀ ਬਣਾਯਾ।

੧੫-ਤੀਜਾ ਯੁਧ ਗੁਰੂ ਸਰ ਵਿਖੇ ਕੀਤਾ। ਚੌਥਾ ਕਰਤਾਰ ਪੁਰ ਵਿਚ ਹੋਯਾ, ਜਿਸ ਵਿਚ ਤੁਰਕਾਂ ਦਾ ਸੰਗੀ ਜਾਣਕੇ ਗੁਰੂ ਜੀ ਨੇ ਧੀਰ ਮਲ ਨੂੰ ਤਿਆਗਿਆ।

੧੯-ਮਾਈ ਅੱਨੀ ਦਾ ਪ੍ਰੇਮ ਦੇਖਕੇ ਕਸ਼ਮੀਰ ਵਿਖੇ ਗਏ, ਅਰ ਸੰਗਤ ਤਾਰੀ। ਜੁਧ ਚਾਰ ਕੀਤੇ, ਪਰ ਹਾਰ ਇਕ ਵਾਰ ਭੀ ਨਹੀਂ ਪਾਈ, ਧੀਰਜ ਅਰ ਸੂਰਮੇ ਉਦਾਰ ਜੋਧੇ ਰਾਜ਼ਨੀਤੀ ਦੇ ਪੂਰੇ ਕਰਤਾਰ ਦੇ ਭਾਣੇ ਵਿਚ ਪ੍ਰਸੰਨ ਸਿਖਾਂ ਦੇ ਪਰੇਮ ਦੇ ਪ੍ਰੀਖਯਕ ਅਰ ਬੜੇ ਪ੍ਰਬੀਨ ਹੋਏ। ਬਾਬਾ ਬੁੱਢਾ ਜੀ ਭਾਈ ਗੁਰਦਾਸ ਜੀ, ਪ੍ਰੋਹਤ ਸਿੰਘ ਤੇ ਜਾਤੀ ਮਲ; ਬਾਬਕ ਰਬਾਬੀ, ਭਾਈ ਬਿਧੀਚੰਦ ਆਦਿ ਸਿੱਖਾਂ ਦੇ ਪਰਲੋਕ ਗਮਨ ਤੇ ਸਤਿਗੁਰੂ ਵੀ ਸੰਸਾਰ ਤੇ ਉਦਾਸ ਹੋਕੇ ਸਚਖੰਡ ਨੂੰ ਤਯਾਰ ਹੋਏ। ਧੀਰ ਮਲ ਜੀ ਨੂੰ ਸਦਵਾਯਾ, ਪਰ ਜਦ ਉਹ ਨਾ ਆਇਆ, ਤਾਂ ਅਣੀਰਾਇ ਜੀ ਮਸਤ ਰਹਿੰਦੇ ਸੇ, ਅਰ ਛੋਟੇ ਤੇਗ਼ ਬਹਾਦਰ ਵੈਰਾਗਵਾਨ ਸੇ ਤਿਨਾਂ ਨੂੰ ਬਚਨ ਹੋਯਾ ਬਕਾਲੇ ਵਿਚ ਜਾਇ ਰਹੋ, ਜਦ ਸਮਾਂ ਆਵੇਗਾ ਗੁਰਿਆਈ ਪਾਵੋਗੇ ਬਾਬਾ ਗੁਰਦਿਤਾ ਬਾਬਾ ਅਟੱਲ ਜੀ ਪਹਿਲੇ ਹੀ ਪ੍ਰਲੋਕ ਗ਼ਮਨ ਕਰ ਗਏ ਸੇ, ਸੂਰਜ ਮਲ ਜੀ ਨੂੰ ਵਰ ਦਿਤਾ ਤੇਰੀ ਸੰਤਾਨ ਪੂਜਯ ਹੋਵੇਗੀ ਤਬ ਸਰਬ ਪਰਕਾਰ ਲਾਇਕ ਗੁਣਾਂ ਨਿਧ ਸ੍ਰੀ ਹਰਿ ਰਾਇ ਜੀ ਨੂੰ ਯੋਗ ਸਮਝਕੇ ਜੋ ਕਈ ਵੇਰ ਪ੍ਰੀਖਯਾ ਵਿਚ ਪੂਰੇ ਨਿਕਲੇ ਸੇ, ਸੰਗਤ ਦਾ ਦੀਵਾਨ ਲਗਾਇਕੇ ਗੁਰਿਆਈ ਦੀ ਗੱਦੀ ਪਰ ਬੈਠਾਯਾ। ਪੰਜ ਪੈਸੇ ਇਕ ਨਾਰਿਯਲ ਭੇਟ ਅਗੇ ਰਖ ਨਮਸਕਾਰ ਕੀਤੀ, ਅਰ ਸਿਖ੍ਯਾ ਦਿਤੀਆਂ, ਜੋ ਸਵਾ ਪਹਿਰ ਰਾਤ ਰਹਿੰਦੀ ਜਾਗਣਾ। ਦੋ ਵੇਲੇ ਦੀਵਾਨ ਵਿਚ ਬੈਠਣਾ, ਮੇਲ ਸਭ ਨਾਲ ਰਖਣਾ, ਆਪਣੇ ਧਰਮ ਵਿਚ ਦ੍ਰਿੜ੍ਹ ਰਹਿਣਾ, ਸਤਿਨਾਮ ਦਾ ਜਾਪ ਕਰਨਾ, ਅਰ ਸਿਖਾਂ ਨੂੰ ਕਰਾਉਣਾ, ਵੈਰੀ ਤੁਹਾਡੇ ਤਕ ਕੋਈ ਨਹੀਂ ਆਵੇਗਾ, ਸਾਂਤਕੀ ਸੁਭਾਵ ਮਨ ਨੀਵਾਂ ਰਖਣਾ, ਆਪਣਾ ਆਪ ਨਹੀਂ ਜਨਾਉਣਾ। ਹੁਣ ਸਰਬ ਸੰਗਤ ਵਿਚ ਜੈਜੈਕਾਰ ਦੀ ਧੁਨ ਹੋਈ ਇਕ ਦਿਨ ਗੁਰੂ ਜੀ ਦੇ ਦਰਸ਼ਨ ਨੂੰ ਪਾਤਾਲ ਨਿਵਾਸੀ ਸੰਗਤ ਆਈ ਸੀ। ਉਥੇ ਹੀ ਨਦੀ ਦੇ ਕਿਨਾਰੇ ਇਕ ਕੋਠਾ ਰਚਕੇ ਉਸਦਾ ਨਾਮ ਪਤਾਲ ਪੁਰੀ ਰਖਿਆ ਸੀ। ਜਗਤ ਦੇ ਵਿਛੇਪ ਤੇ ਉਦਾਸ ਹੋਏ ਚਿਤ ਬ੍ਰਿਤੀ ਨੂੰ ਅਚਲ ਕਰਨੇ ਹਿਤ, ਸਤਿਗੁਰੂ ਤਿਸ ਵਿਖੇ ਜਾਇ ਪ੍ਰਵੇਸ਼ ਕੀਤਾ। ਯਗ਼ ਕਰਕੇ ਸਿਖ ਸੰਗਤ ਅਥਿਤ ਅਭਯਾਗਤ ਤ੍ਰਿਪਤ ਕੀਤੇ, ਅਰ ਉਪਦੇਸ਼ ਕੀਤਾ ਜੋ ਆਤਮਾ ਨਿਤ ਹੈ ਦੇਹ ਤੀਨ ਕਾਲ ਅਨਿਤ ਹੈ (ਸੰਜੋਗੁ ਵਿਜੋਗੁ ਧੁਰਹੁ ਹੀ ਹੂਆ) (ਸਭਨਾ ਮਰਣਾ ਆਇਆ ਵੇਛੋੜਾ ਸਭਨਾਹ) ਅਰ ਕਰਤਾਰ ਦਾ ਭਾਣਾ ਮੰਨਣਾ ਰੁਦਨ ਨਹੀਂ ਕਰਨਾ, ਅਰ ਛੇ ਦਿਨ ਬੂਹੇ ਬੰਦ ਰਖਣੇ, ਸਤਵੇਂ ਦਿਨ ਦੇਹਾਂਤ੍ ਕ੍ਰਿਤ ਕਰਨੀ, ਸੰਗਤ ਅਰ ਸ੍ਰੀ ਹਰਿ ਰਾਇ ਜੀ ਨੇ ਐਸਾ ਹੀ ਕੀਤਾ।' ਛੇ ਦਿਨ ਰਾਤ ਅਖੰਡ ਕੀਰਤਨ ਹੁੰਦਾ ਰਿਹਾ। ਸਤਵੇਂ ਦਿਨ

ਮ੍ਰਿਤਕ ਸਰੀਰ ਦੇਖਕੇ ਸ਼ਬਦ ਕੀਰਤਨ ਕਰਦੇ ਚੰਦਨ ਚਿਤਾ ਰਚਕੇ ਦੇਹ ਦਾ ਸਸਕਾਰ ਆਦਿ ਸਭ ਵਿਹਾਰ ਪੂਰਨ ਕੀਤਾ। ਗੁਰੂ ਕੇ ਬਚਨ ਸਿਖਾਂ ਨੇ ਕਮਾਏ ਤਾਂ ਬੀ ਵੈਰਾਗ ਦਾ ਸਮੁੰਦਰ ਉਛਲਿਆ, ਵਿਯੋਗ ਦੀਆਂ ਲਹਿਰਾਂ ਨੇ ਆਪਣਾ ਬਲ ਦਿਖਾਇਆ, ਇੰਦ੍ਰੀਆਂ ਨੇ ਆਪਣਾ ਧਰਮ ਪੂਰਾ ਕਰਨਾ ਹੀ ਸੀ; ਪਰੇਮ ਨੇਮ ਨੂੰ ਅਜੇਹਾ ਧਕਾ ਲਾਇਆ ਜੋ ਰੁੜਦੇ ਦਾ ਖੋਜ ਨਾ ਹਥ ਆਇਆ, ਇਸ ਵੇਲੇ ਸੰਸਾਰ ਦੇ ਪਦਾਰਥ ਅਸਤ ਭਾਸਦੇ ਸੇ। ਉਪਰੰਤ ਸਾਹਿਬ ਦੇ ਭਾਣੇ ਨੇ ਸਭ ਨੂੰ ਧੀਰਜ ਦਿਤਾ (ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥) ਸੰਮਤ ੧੬੯੫ ਚੇਤਰ ਸੁਦੀ ਪੰਚਮੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਕੀਰਤਪੁਰ ਪਤਾਲ ਪੁਰੀ ਵਿਖੇ ਜੋਤੀ ਜੋਤ ਸਮਾਏ। ੩੧ ਬਰਸ ਦਸ ਮਹੀਨੇ ਗੁਰਿਆਈ ਕਰਕੇ ਸੰਸਾਰ ਦਾ ਉਧਾਰ ਕੀਤਾ ਗੁਰਿਆਈ ਦੀ ਗੱਦੀ ਸ੍ਰੀ ਹਰਿ ਰਾਇ ਜੀ ਨੇ ਪਾਈ।

*

ਵਖਯਾਨ ੧੯

ਸ੍ਰੀ ਗੁਰੂ ਹਰਿਰਾਇ ਜੀ ਦਾ ਜਨਮੋਤਸ਼ਵ

ਦੋਹਰਾ–ਨਮਸਕਾਰ ਗੁਰੂ ਚਰਨ ਪਰ ਮੇਰੀ ਬਾਰੰਬਾਰ।
ਭੁਗਤਿ ਮੁਕਤਿ ਰਿਧ ਸਿਧ ਨਿਧ ਪਾਵਤ ਜਗ ਜਹਿ ਦ੍ਵਾਰ।

ਸੰਗਤ ਜੀ! ਮੀਰੀ ਪੀਰੀ ਦੇ ਧਨੀ ਦੇਗ ਤੇਗ ਦੇ ਖਾਵੰਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵਡੇ ਪੁਤ੍ਰ ਬਾਬਾ ਗੁਰਦਿਤਾ ਦੀਨ ਦੁਨੀਆਂ ਦੇ ਟਿਕਾ ਦੇ ਘਰ ਕਰਤਾਰ ਪੁਰ ਰਹਿੰਦਿਆਂ ਧੀਰ ਮਲ ਜੀ ਦਾ ਜਨਮ ਹੋਯਾ, ਸੁਣਕੇ ਗੁਰੂ ਸਾਹਿਬ ਨੇ ਹਰਿਮੰਦਰ ਸ੍ਰੀ ਦਰਬਾਰ ਸਾਹਿਬ ਜੀ ਦੇ ਅੰਦਰ ਕੜਾਹ ਪ੍ਰਸ਼ਾਦਿ ਕਰਵਾਇਆ ਅਰ ਅਰਦਾਸ ਕਰਕੇ ਵਰਤਾਯਾ, ਪੋਤਰੇ ਦੇ ਜਨਮ ਦੀ ਵਧਾਈ ਕੀਤੀ, ਚੋਲਾ ਅਤੇ ਹੋਰ ਬਸਤਰ ਕੜੇ ਆਦਿ ਭੂਖਨ ਭੇਜੇ ਪਰੰਤੂ ਬਚਨ ਕੀਤਾ ਕਿ ਇਹ ਬੀ ਦੂਜਾ ਪ੍ਰਿਥੀਆ ਮਲ ਜਨਮਿਆ ਹੈ, ਜਿਸਨੇ ਸਾਰੀ ਉਮਰ ਸਾਡੇ ਅਰ ਸਾਡੇ ਪਿਤਾ ਜੀ ਦੇ ਨਾਲ ਵੈਰ ਕਮਾਯਾ ਹੈ, ਇਸਦਾ ਸੁਭਾਉ ਬੀ ਤੇਹਾ ਹੀ ਹੋਵੇਗਾ। ਇਹ ਖਬਰ ਸੁਣਕੇ

ਸਤਿਗੁਰੂ ਦੀ ਨੂੰਹ (ਸਨੁਖਾ) ਕਰਮ ਭਰੀ ਜੀ ਨੇ ਆਪਣੇ ਸਵਾਮੀ ਅਗੇ ਬੇਨਤੀ ਕੀਤੀ ਕਿ ਜੇ ਇਹ ਪੁਤਰ ਤੁਰਕਾਂ ਦਾ ਮਲੀ ਹੋਕੇ ਗੁਰੂ ਘਰ ਨਾਲ ਵੈਰ ਰਖੇ ਤਾਂ ਚੰਗਾ ਨਹੀਂ, ਕੋਈ ਉਪਾਉ ਕਰੀਏ ਜੇ ਇਸਨੂੰ ਸੁਮਤ ਆ ਜਾਵੇ। ਬਾਬਾ ਗੁਰਦਿਤਾ ਜੀ ਬੋਲੇ ਹੇ ਪ੍ਰਿਯੇ ਸਤਿਗੁਰੂ ਦਾ ਬਚਨ ਅਟਲ ਹੈ, ਇਸਨੂੰ ਸੁਮੱਤ ਔਣੀ ਤਾਂ ਔਖੀ ਹੈ, ਪਰ ਜੇ ਤੂੰ ਸਪੁਤਰ ਚਾਹੁੰਦੀ ਹੈਂ ਤਾਂ ਬਚਨ ਹੈ (ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥) ਅੰਮ੍ਰਿਤ ਵੇਲੇ ਅਸ਼ਨਾਨ ਕਰਕੇ ਪੰਜ ਪਾਠ ਸ੍ਰੀ ਜਪੁਜੀ ਦੇ ਨਿਤਨੇਮ ਕਰਿਆ ਕਰੋ ਅਰਦਾਸ ਕਰਕੇ ਮੰਗ ਤਾਂ ਪਰਮੇਸ਼ਰ ਪ੍ਰਭੂ ਦਿਆਲ ਹੋਕੇ ਆਗਿਆਕਾਰੀ ਕੁਲ ਦੀਪਕ ਸਪੁਤਰ ਹੋਰ ਤੈਨੂੰ ਦੇਵੇਗਾ, ਜੋ ਗੱਦੀ ਭੀ ਸੰਭਾਲੇਗਾ। ਸੋ ਪਤਿਬ੍ਰਤਾ ਪਤਨੀ ਨੇ ਆਪਣੇ ਪਤੀ ਦੇ ਬਚਨਾਂ ਨੂੰ ਹਿਰਦੇ ਵਿਚ ਚਿਤਰ ਲਿਆ, ਨਿਤਨੇਮ ਪਾਠ ਕਰਕੇ ਅਰਦਾਸ ਕਰੇ। ਤਿਸਦੀ ਬੇਨਤੀ ਸਰਬ ਸ਼ਕਤਿਮਾਨ ਵਾਹਿਗੁਰੂ ਦੇ ਦਰਬਾਰ ਸੁਣੀ ਗਈ।

ਬਾਬਾ ਗੁਰਦਿਤਾ ਜੀ ਕੀਰਤਪੁਰ ਵਿਖੇ ਰਹਿਕੇ ਪਰਜਾ ਨੂੰ ਪੁਤਰਾਂ ਸਮਾਨ ਪਾਲਨ, ਅਰ ਚਾਰ ਬਰਨ ਸੰਗਤ ਨੂੰ ਮਿਠੇ ਬਚਨਾਂ ਨਾਲ ਸਤਯ ਉਪਦੇਸ਼ ਦੇਣ।

ਪਵਿਤਰ ਮਹੀਨਾ ਮਾਘ ਦਾ ਆਇਆ ਬਸੰਤ ਰਾਗ ਦਾ ਅਲਾਪ ਘਰ ਘਰ ਲੋਕਾਂ ਨੇ ਗਾਇਆ ਸਭ ਦੇ ਮਨਾਂ ਵਿਖੇ ਹਰਖ ਛਾਇਆ, ਨਗਰ ਦੇ ਚਾਰ ਚੁਫੇਰੇ ਸਰਸੋਂ ਫੂਲੀ ਸੋਭਾ ਪਾਵੇ ਪੌਣ ਨਾਲ ਜਦ ਝੋਲਾ ਖਾਵੇ ਤਾਂ ਐਉਂ ਬਸੰਤ ਬਹਾਰ ਦਿਖਾਵੇ; ਮਾਨੋ ਸੁਨਹਿਰੀ ਸਮੁੰਦਰ ਲਹਿਰਾਵੇ। ਸੁਭ ਸ਼ਗਨ ਲਗੇ ਦਖਾਈ ਦੇਣ, ਤਦ ਸੰਮਤ ੧੬੮੭ ਮਾਘ ਸੁਦੀ ਤ੍ਰਿਯੋਦਸੀ ਐਤਵਾਰ ਸਵਾ ਪਹਿਰ ਰਾਤ ਰਹਿੰਦੀ ਮਾਤਾ ਕਰਮ ਭੋਰੀ (ਜਿਸਦਾ ਨਾਮ ਨਤੀ ਜਾਂ ਨਿਹਾਲੋ ਬੀ ਪ੍ਰਸਿਧ ਹੈ) ਦੀ ਕੁਖ ਤੋ ਸੰਤ ਸਹਾਇ ਸ੍ਰੀ ਗੁਰੂ ਹਰਿਰਾਇ ਜੀ ਅਵਤਾਰ ਧਾਰਿਆ, ਬੂੰਦਾਂ ਦੇ ਬਹਾਨੇ ਦੇਵਤਿਆਂ ਨੇ ਫੂਲ ਬਰਸਾਏ, ਅਰ ਮੇਘ ਦੀ ਧੁੰਧ ਵਿਖੇ ਜੈ ਜੈ ਕਾਰ ਸੁਣਾਏ, ਬਾਬਾ ਗੁਰਦਿਤਾ ਜੀ ਨੇ ਇਹ ਜਾਣਕੇ ਕਿ ਗੱਦੀ ਦੇ ਮਾਲਕ ਆਏ, ਬਾਜੇ ਬਜਵਾਏ ਦੀਨ ਅਨਾਥ ਜਾਚਕਾਂ ਨੂੰ ਮਨ ਭਾਉਂਦੇ ਦਾਨ ਦਿਵਾਏ ਅਤੇ ਸ੍ਰੀ ਅੰਮ੍ਰਿਤਸਰ ਜੀ ਖਬਰ ਦੇਣ ਵਾਸਤੇ ਦੂਤ ਪਠਾਏ ਅਰ ਬੇਨਤੀ ਲਿਖੀ ਕਿ ਆਪ ਆਇਕੇ ਨਾਮ ਰਖੋ। ਦੂਤ ਨੇ ਚਰਨ ਬੰਦਨਾਂ ਕਰਕੇ ਵਧਾਈ ਦੀ ਖਬਰ ਸੁਣਾਈ ਤੇ ਗੁਰੂ ਸਾਹਿਬ ਨੇ ਪਟ ਦੀ ਜ਼ਰੀਦਾਰ ਪੁਸ਼ਾਕ ਅਰ ਭੂਖਨ ਦੇਕੇ ਤਿਸਦਾ ਦਲਿਦਰ ਦੂਰ ਕੀਤਾ। ਅਰ ਕੜਾਹ

ਪ੍ਰਸ਼ਾਦ ਕਰਵਾਇਆ ਅਰਦਾਸ ਭੇਟ ਕਰਕੇ ਵਰਤਾਇਆ; ਨਗਰ ਵਿਚ ਦੀਪਮਾਲਾ ਕਰਕੇ ਉਤਸ਼ਾਹ ਮਨਾਇਆ ਅਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨਾਂ ਦਵਾਰਾ ਨਾਮ ਹਰਿਰਾਇ ਰਖਿਆ ਅਰ ਸੁੰਦਰ ਬਹੁਮੁਲਜਾ ਝਗੇ ਟੋਪੀ ਕੜੇ ਕੰਠੇ ਸਣੇ ਕੀਰਤਪੁਰ ਵਿਖੇ ਲਿਖ ਪਠਾਇਆ।

ਇਹ ਗੁਰੂ ਹਰਿਰਾਇ ਸਾਹਿਬ ਜਦ ਬੜੇ ਹੋਏ ਤਾਂ ਇਨ੍ਹਾਂ ਨੇ ਐਸੇ ਗੁਣ ਦਿਖਾਏ, ਜੋ ਗੁਰੂ ਸਾਹਿਬ ਨੇ ਰੀਝਕੇ ਗੁਰਿਆਈ ਦਾ ਸਿੰਘਾਸਨ ਇਨ੍ਹਾਂ ਨੂੰ ਦਿਤਾ, ਸਿੰਘਾਸਨ ਪਰ ਬੈਠਕੇ ਅਤਿ ਉਤਮ ਰੀਤੀ ਨਾਲ ਉਪਦੇਸ਼ ਕਰਦੇ ਰਹੇ। ਬਾਈ ਸੌ ਸਵਾਰ ਇਨ੍ਹਾਂ ਦੇ ਨਾਲ ਚੜਦੇ ਸੇ ਕੀਰਤਪੁਰ ਵਿਖੇ ਇਕ ਗਰੀਬ ਮਾਈ ਪਿਹਾਈ ਕਰਕੇ ਆਪਣਾ ਨਿਰਬਾਹ ਕਰਦੀ ਸੀ, ਇਸ ਦੇ ਮਨ ਵਿਚ ਆਈ ਜੋ ਮੈਂ ਬੀ ਕੁਛ ਗੁਰੂ ਕੀ ਸੇਵਾ ਕਰਾਂ ਜਿਸ ਕਰਕੇ ਮੇਰਾ ਭਲਾ ਹੋਵੇ ਇਸ ਨੇ ਪੈਸਾ ੨ ਜੋੜਕੇ ਕੁਛ ਆਟਾ ਘਿਓ ਲਿਆ ਅਰ ਦੋ ਪਰਾਉਂਠੇ ਪਰੇਮ ਦੇ ਪਕਾਏ ਰੁਮਾਲ ਵਿਚ ਰਖਕੇ ਘਰੋਂ ਨਿਕਲੀ ਜੋ ਗੁਰੂ ਸਾਹਿਬ ਦੀ ਭੇਟ ਲੈ ਜਾਵਾਂ ਪਰ ਡਰਦੀ ਵਿਚਾਰਾਂ ਕਰੇ ਜੋ ਮੈਂ ਅਨਾਥਨੀ ਕਿਸ ਤਰਾਂ ਗੁਰੂ ਸਾਹਿਬ ਪਾਸ ਪਹੁੰਚਾਂਗੀ, ਸਤਿਗੁਰੂ ਦੇ ਲੰਗਰ ਵਿਚ ਨਿਤ ਖੀਰ ਤਸਮਈ ਕੜਾਹ ਪਰਸਾਦਿ ਅਖੁਟ ਭੰਡਾਰ ਹੈ ਲੰਗਰ ਵਰਤਦੇ ਹਨ ਮੇਰੀਆਂ ਦੋ ਰੋਟੀਆਂ ਕਦ ਗੁਰੂ ਸਾਹਿਬ ਦੇ ਪਸੰਦ ਹੋਣਗੀਆਂ ਪਰ ਇਸਦੇ ਪਰੇਮ ਦੀ ਖਿਚ ਨਾਲ ਸਤਿਗੁਰੂ ਸ਼ਿਕਾਰ ਦਾ ਨਮਿਤ ਕਰਕੇ ਦੋ ਕੁ ਸੌ ਸਵਾਰ ਨਾਲ ਘੋੜੇ ਪਰ ਸਵਾਰ ਹੋਏ ਉਸ ਪਰੇਮਣ ਮਾਈ ਦੀ ਗਲੀ ਅਗੋਂ ਆਣ ਲੰਘੇ ਅਰ ਮਾਈ ਉਥੋਂ ਲੰਘਣ ਹੀ ਲਗੀ ਸੀ ਤਾਂ ਬਜ਼ਾਰਾਂ ਵਿਚੋਂ ਸਵਾਰਾਂ ਦੀ ਭੀੜ ਦੌੜਦੀ ਲੰਘੀ। ਘੋੜਿਆਂ ਦੇ ਸੁੰਮਾਂ ਦਾ ਖੜਕਾਰ; ਨੰਗੀਆਂ ਤਲਵਾਰਾਂ ਦਾ ਲਿਸ਼ਕਾਰ ਹਿਨਹਿਨਾਟ ਦੀ ਅਵਾਜ਼ ਬਲਕਾਰ ਨੇ ਚਿਤ ਨੂੰ ਧੜਕਾਯਾ, ਗਲੀ ਦੇ ਬੂਹੇ ਅਗੇ ਖੜੋ ਰਹੀ ਜਦ ਸੈਨਾ ਲੰਘ ਚੁਕੀ ਤਾਂ ਭੀੜ ਦੇ ਵਿਚਕਾਰ ਸਤਿਗੁਰੂ ਦਾ ਦਰਸ਼ਨ ਕਰਕੇ ਬਲਿਹਾਰ ਹੁੰਦੀ ਸੀ ਜੋ ਗੁਰੂ ਸਾਹਿਬ ਨੇ ਰੋਟੀ ਮੰਗੀ, ਮਾਈ ਨੇ ਅਗੇ ਕੀਤੀ ਮਹਾਰਾਜ ਨੇ ਘੋੜੇ ਤੇ ਚੜੇ ਚੜ੍ਹਾਏ ਛਕੀ, ਅਰ ਬਚਨ ਕੀਤਾ ਬੜੀ ਸਵਾਦ ਹੈ। ਮਾਈ ਵਿਚਾਰਦੀ ਸੀ ਭਈ ਮੇਰੀ ਪਹੁੰਚ ਕਿਸਤਰਾਂ ਹੋਵੇਗੀ। ਅੰਤਰਜਾਮੀ ਸਤਿਗੁਰੂ ਤਿਸਦੇ ਪਰੇਮ ਦੇ ਪਰੇਰੇ ਭੀਲਨੀ ਦੇ ਬੇਰਾਂ ਦੀ ਤਰਾਂ ਸ਼ਿਕਾਰ ਦਾ ਨਮਿਤ ਕਰਕੇ ਆਪ ਤੁਰਕੇ ਛਕਣ ਆਏ ਅਰ ਨਿਹਾਲ ਕੀਤਾ। ਐਸੇ ਦਿਆਲੂ ਸਤਿਗੁਰੂ ਨੂੰ ਪਿਛੋਂ ਸਿਖ ਨੇ ਪੁਛਿਆ ਹੇ ਗੁਰੂ ਜੀ ਆਪ ਦੀ ਰਹਿਤ ਅਤੀ ਪਵਿਤਰ ਹੈ ਅਰ ਹੁਣ ਛਕਣਲ ਗਿਆਂ ਆਪ ਨੇ ਬਜ਼ਾਰ ਦੇ ਵਿਚ ਕੁਛ ਵਿਚਾਰ ਨਾ ਕੀਤਾ। ਉਤਰ ਦਿਤਾ ਮਾਈ ਦੇ ਪਰੇਮ ਨੇ ਮੇਰੀ

ਸੁਧ ਨਹੀਂ ਰਹਿਣ ਦਿਤੀ ਅਤੇ 'ਧੰਨ ਅਨਾਦ ਧੰਨ ਗੁਰਦੇਵ' ਸ਼ਬਦ ਸੁਣਾਇਕੇ ਅੰਨ ਦਾ ਮਹਾਤਮ ਕਹਿਆ । ਪਰਮ ਕ੍ਰਿਪਾਲੂ ਹੋਕੇ ਅਪਾਰ ਸੰਗਤਾਂ ਦਾ ਉਧਾਰ ਕੀਤਾ ਅਤੇ ਹੁਣ ਭੀ ਸਦਾ ਮਨਿਛਤ ਫਲ ਪ੍ਰਦਾਤਾ ਹਨ। ਜੋ ਸਤਿਗੁਰੂ ਦਾ ਗੁਰਪੁਰਬ ਮਨਾਉਣ ਧੰਨ ਹਨ (ਕੁਰਬਾਣੀ ਤਿਨਾਂ ਗੁਰ ਸਿਖਾਂ ਭਾਉ ਭਗਤਿ ਗੁਰਪੁਰਬ ਕਰੰਦੇ । ਗੁਰ ਸੇਵਾ ਫਲ ਸੁਫਲ ਫਲੰਦੇ) ॥

*

ਵਖਯਾਨ

ਦੋਹਰਾ–ਪਰਮ ਕ੍ਰਿਪਾਲ ਦਯਾਲ ਚਿਤ ਸ੍ਰੀ ਸਤਿਗੁਰ ਹਰਿ ਰਾਇ।
ਸੇਵਤ ਦੇਵਤ ਚਾਰ ਫਲ ਹੋਵਤ ਸਦਾ ਸਹਾਇ॥ ੧॥

ਸਰੋਤਾ ਜਨੋ! ਸ੍ਰੀ ਸਤਿਗੁਰ ਹਰਿਰਾਇ ਸਾਹਿਬ ਕੇਵਲ ੭ ਬਰਸ ਦੀ ਅਵਸਥਾ ਵਿਚ ਗੁਰਿਆਈ ਦੀ ਗ਼ੱਦੀ ਪਰ ਬੈਠੇ, ਪਰੰਤੂ ਇਨਾਂ ਦੀ ਬਾਲ ਬੁਧਿ ਦੇ ਕੰਮ ਬ੍ਰਿਧਾਂ ਦੀ ਸੁੱਧ ਨੂੰ ਲਜਾਉਂਦੇ ਸੇ।

੧–ਇਨਾਂ ਨੇ ੨੨ ਸੌ ਸਵਾਰ ਸਦਾ ਆਪਣੇ ਨਾਂਲ ਰਖਕੇ ਸਿਖਾਂ ਨੂੰ ਆਈਨੀ ਫੌਜ ਰਖਣ ਅਰ ਸਰੀਰਕ ਬਲ ਵਧਾਉਣ ਅਰ ਕਵਾਇਦ ਕਰਾਉਣ ਦੀ ਸਿਖਯਾ ਦਿਤੀ।

੨–ਮਹਾਰਾਜ ਰਣਜੀਤ ਸਿੰਘ ਸਾਹਿਬ ਨੇ ੨੨ ਸੌ ਸਵਾਰ ਦਾ ਇਕ ਜੱਥਾ ਬਣਾਇਕੇ ਉਸ ਦਾ ਨਾਮ ਗੁਰੂ ਹਰਿਰਾਇ ਜੀ ਦਾ ਡੇਰਾ ਰਖਿਆ ਹੋਇਆ ਸੀ। ਜੇਹੜੀ ਲੜਾਈ ਕੁਛ ਅੜ ਜਾਵੇ, ਸਰ ਨ ਹੋਵੇ ਤਾਂ ਉਸ ਡੇਰੇ ਦੀ ਚੜ੍ਹਾਈ ਕਰਾਵੇ ਗੁਰੂ ਹਰਿਰਾਇ ਜੀ ਦੇ ਨਾਮ ਤੇ ਜਾਂਦਿਆਂ ਹੀ ਸਰ ਹੋ ਜਾਵੇ।

੩–ਚਿਤ ਦੇ ਐਸੇ ਦਯਾਲੂ ਜੋ ਕਿਸੇ ਦਾ ਰਤੀ ਦੁਖ ਨ ਸਹਿ ਸਕਣ। ਇਕੋਤਰ ਸੌ ਕਲੀ ਦਾ ਜਾਮਾ ਪਹਿਨਦੇ ਹੁੰਦੇ ਸੇ, ਇਕ ਵਾਰ ਬਾਗ ਦੀ ਸੈਰ ਕਰਦੇ ਹੋਏ ਦੌੜੇ, ਪੌਣ ਦੇ ਝਕੋਲ ਨਾਲ ਜਾਮਾ ਖਿਲਰਿਆ, ਜਿਸ ਨਾਲ ਛੋਹਕੇ ਕਈ ਫੂਲ ਝੜ ਗਏ । ਫੂਲਾਂ ਨੂੰ ਡਿਗੇ ਦੇਖਕੇ ਉਥੇ ਹੀ ਬੈਠ ਗਏ, ਹਾਏ ਇਨ੍ਹਾਂ ਨੂੰ ਬੜਾ ਦੁਖ ਹੋਇਆ, ਜੋ ਗੁਰੂ ਸਾਹਿਬ

ਸੁਨਣਗੇ ਤਾਂ ਕਰੋਧ ਕਰਨਗੇ, ਅਤੇ ਗੁਰੂ ਸਾਹਿਬ ਨੇ ਬਚਨ ਕੀਤਾ, ਭਈ ਏਡਾ ਵਡਾ ਜਾਮਾ ਪਹਿਨੀਏਂ ਤਾਂ ਸਮੇਟ ਕੇ ਤੁਰੀਏ । ਉਸ ਦਿਨ ਤੇ ਸਦਾ ਤੁਰਨ ਲਗਿਆਂ ਜਾਮਾ ਲਪੇਟਕੇ ਤੁਰਦੇ ਰਹੇ।

੪-ਸ਼ਿਕਾਰ ਜਾਣਾ ਤਾਂ ਜੀਊਂਦੇ ਜੀਵਾਂ ਨੂੰ ਪਕੜ ਲਿਆਉਣਾ ਆਪਣੇ ਬਾਗ ਵਿਚ ਛੱਡ ਦੇਣਾ, ਅਰ ਹਰ ਰੋਜ਼ ਤਿਨ੍ਹਾਂ ਨੂੰ ਘਾਸ, ਦਾਣਾ, ਚੋਗਾ ਪਵਾਉਣਾ।

੫-ਗੋਂਦਾ ਨਾਮੇ ਸਿਖ ਇਕ ਦਿਨ ਅੰਮ੍ਰਿਤ ਵੇਲੇ ਸ਼ਨਾਨ ਕਰਕੇ ਮਾਨਸੀ ਧਿਆਨ ਕਰਕੇ ਜੋ ਚਰਨ ਪਕੜਕੇ ਨਮਸ਼ਕਾਰ ਕਰਨ ਲਗਾ। ਚਾਰ ਪਹਿਰ ਦਿਨ ਬੀਤ ਗਿਆ ਕਾਬਲ ਦੇ ਵਿਚ ਅਤੇ ਗੁਰੂ ਸਾਹਿਬ ਕੀਰਤਪੁਰ ਵਿਚ ਚਾਰ ਪਹਿਰ ਬੈਠੇ ਰਹੇ, ਸੰਧਿਆ ਵੇਲੇ ਉਠੇ ਅਤੇ ਗੋਂਦੇ ਦਾ ਪਰੇਮ ਸੁਣਾਇਆ।

੬-ਮਿਹਰ ਚੰਦ ਸੁਨਿਆਰੇ ਨੂੰ ਕਰਤਾਰ ਦਾ ਘਰ ਦਿਖਾਇਆ ਅਤੇ ਭਾਈ ਫੇਰੂ ਨੂੰ ਸੰਗਤ ਸਾਹਿਬ ਮਹੰਤ ਅਰਥਾਤ ਸੰਗਤਾਂ ਦਾ ਸਾਹਿਬ ਕੀਤਾ।

੭-ਸ਼ਾਹਜ਼ਾਦੇ ਦਾਰਾ ਸ਼ਿਕੋਹ ਦਾ ਰੋਗ ਹਟਾਇਆ ਅਤੇ ਨਟਾਂ ਦੇ ਕੌਤਕ ਦਿਖਾਇਕੇ ਸੰਤ ਸਤਿਗੁਰੂ ਜਨਮ ਮਰਨ ਤੇ ਰਹਿਤ ਹਨ, ਇਹ ਨਿਸਚੇ ਕਰ ਦਿਤਾ।

੮-ਵਡੇ ਪੁਤਰ ਰਾਮਰਾਇ ਜੀ ਨੂੰ ਸ਼ਕਤਿ ਸਪੰਨ ਕਰਕੇ ਭੇਜਿਆ ਤਿਸਨੇ ਪਾਤਸ਼ਾਹੀ ਦਰਬਾਰ ਫਤਹ ਕੀਤਾ ਪਰੰਤੂ ਗੁਰਬਾਣੀ ਅਰ ਧਰਮ ਦੇ ਨਿਯਮਾਂ ਨੂੰ ਅਜਿਹਾ ਦ੍ਰਿੜ ਰਖਿਆ ਜੋ ਰਾਮਰਾਇ ਜੈਸੇ ਸ਼ਕਤੀਵਾਨ ਪੁਤਰ ਨੇ ਪਾਤਸ਼ਾਹ ਦੇ ਮੁਲਾਹਜ਼ੇ ਵਿਚ ਆਕੇ ਗੁਰਬਾਣੀ ਦੇ ਚਾਰ ਅਖਰ ਉਲਟਕੇ ਸੁਣਾਏ, ਤਾਂ ਉਸਨੂੰ ਮੁੜ ਮਥੇ ਨਾ ਲਾਇਆ।

੯-ਰੰਕ ਅਨਾਥ ਕਾਲਾ ਕਰਮ ਚੰਦ ਦੇ ਪੁਤਰਾਂ ਨੂੰ ਪੇਟ ਕੁਟਦੇ ਦੇਖਕੇ ਦਿਆਲ ਹੋਏ ਵਰਦਾਨ ਦਿਤਾ, ਜਿਨ੍ਹਾਂ ਦੀ ਸੰਤਾਨ ਰਾਜੇ ਹੋਇ ਅਰ ਨਾਭਾ ਪਟਿਆਲਾ ਜੀਂਦ ਵਿਖੇ ਰਾਜ ਕਰ ਰਹੀ ਹੈ।

ਇਕ ਦਿਨ ਕਿਸੇ ਮਹਾਂ ਮੂਰਖ ਸਿਖ ਨੇ ਇਹ ਅਭਿਮਾਨ ਕੀਤਾ ਕਿ ਮੈਂ ਆਪਣੇ ਸਾਰੇ ਕੁਟੰਬ ਨੂੰ ਮੇਹਨਤ ਮਜੂਰੀ ਕਰਕੇ ਪਾਲਦਾ ਹਾਂ, ਤਾਂ ਸਤਿਗੁਰੂ ਨੇ ਤਿਸਨੂੰ ਐਉਂ ਧਰਮ ਦੇ ਪਾਸੇ ਲਾਇਆ ਅਰ ਕਰਤਾਰ ਉਤੇ ਤਿਸਦਾ ਭਰੋਸਾ ਬਨ੍ਹਾਇਆ, ਜੋ ਤਿਸਨੂੰ ਉਪਦੇਸ਼ ਦਿਤਾ ਕਿ ਭਾਈ (ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੰਬਾਰ ॥ ਜਿਉ ਬਨ ਫਲ ਪਾਕੇ

ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰਿ॥) ਤੂੰ ਪਰਮੇਸ਼ਰ ਦਾ ਭਜਨ ਅਰ ਸੰਤਾਂ ਦੀ ਸੇਵਾ ਕੀਤਾ ਕਰ। ਸਿਖ ਨੇ ਕਿਹਾ ਜੀ ਮੈਂ ਬੜਾ ਭਾਰੀ ਕੁਟੰਬੀ ਹਾਂ, ਅਰ ਮਜੂਰੀ ਕਰਕੇ ਤਿਨ੍ਹਾਂ ਦੀ ਪਾਲਨਾ ਕਰਦਾ ਹਾਂ ਮੇਰਾ ਵੇਹਲ ਰਤੀ ਨਹੀਂ ਲਗਦਾ, ਕਿਸ ਘੜੀ ਸਤਸੰਗ ਵਿਚ ਆਵਾਂ ਅਤੇ ਭਜਨ ਕਰਾਂ। ਅਤੇ ਜੇ ਮਜੂਰੀ ਛਡ ਕੇ ਸਤਿਸੰਗਿ ਕਰਾਂ ਤਾਂ ਕੁਟੰਬ ਸਾਰਾ ਭੁਖਾ ਮਰ ਜਾਵੇਗਾ। ਕਿਉਂਕਿ ਕਮਾਉਣ ਵਾਲਾ ਇਕ ਮੈਂ ਹਾਂ ਅਰ ਖਾਵਣ ਵਾਲਾ ਸਰਬੱਤ ਪਰਵਾਰ ਹੈ ।ਸਤਿਗੁਰੂ ਨੇ ਉੱਤਰ ਦਿਤਾ, ਭੋਲਿਆ ! ਕਰਤਾਰ ਤੇ ਬਿਨਾਂ ਕੋਈ ਕਿਸੇ ਦੀ ਪਾਲਣਾ ਨਹੀਂ ਕਰ ਸਕਦਾ। ਇਹ ਮੂਰਖਪੁਣਾ ਹੈ, ਜੋ ਉਨ੍ਹਾਂ ਦੀ ਪਾਲਣਾ ਤੂੰ ਆਪਣੇ ਉਪਰ ਮੰਨ ਲਈ।

ਜੇਕਰ ਤੂੰ ਨਾ ਹੋਵੇਂ ਤਾ ਉਨ੍ਹਾਂ ਦੀ ਪਾਲਣਾ ਦਾ ਆਸਰਾ ਈਸ਼ਵਰ ਕੋਈ ਹੋਰ ਬਣਾ ਦੇਵੇ (ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ॥ ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ॥੨॥) ਅਕਾਸ਼ ਦੇ ਪੰਛੀ ਨਾ ਬੀਜਦੇ ਅਰ ਨਾ ਵਢਦੇ ਹਨ ਪਰ ਪਰਮੇਸ਼ਰ ਤਿਨਾਂ ਨੂੰ ਪਾਲਦਾ ਹੈ। ਸਿਖ ਨੇ ਕਹਿਆ ਜੀ ਸੱਚ ਹੈ, ਪਰ ਮੇਰੇ ਬਾਲ ਬੱਚੇ ਅਜ ਅੰਞਾਣੇ ਹਨ, ਸਾਰਾ ਦਿਨ ਮਜੂਰੀ ਕਰਕੇ ਲਿਆਉਂਦਾ ਹਾਂ, ਤਾਂ ਰਾਤ ਨੂੰ ਉਨ੍ਹਾਂ ਦੇ ਮੂੰਹ ਚੰਗਾ ਪਾਉਂਦਾ ਹਾਂ। ਉਨ੍ਹਾਂ ਦਾ ਮੋਹ ਵੀ ਮੇਰੇ ਨਾਲ ਅਜਿਹਾ ਹੈ, ਜੇ ਮੈਂ ਇਕ ਘੜੀ ਅਖੀਓਂ ਓਹਲੇ ਹੋਵਾਂ ਤਾਂ ਉਹ ਤੜਫ ਕੇ ਮਰ ਜਾਣ। ਬਚਨ ਹੋਯਾ ਇਹ ਭੀ ਤੇਰੀ ਹੀ ਕਲਪਨਾ ਹੈ, ਵਾਸਤਵ ਤੂੰ ਵਿਚਾਰ ਕਰੇਂ ਤਾਂ ਜਾਣ ਲਵੇਂ ਜੋ ਸਭ ਲੋਕ ਆਪਣੀ ਹੀ ਜ਼ਿੰਦਗੀ ਨਾਲ ਜੀਊਂਦੇ ਅਰ ਆਪਣੀ ਹੀ ਆਈ ਨਾਲ ਮਰਦੇ ਹਨ, ਕਿਸੇ ਦਾ ਮਾਰਿਆ ਕੋਈ ਨਹੀਂ ਮਰਦਾ। ਤਾਂ ਭੀ ਉਸ ਸਿਖ ਨੂੰ ਪਰਤੀਤ ਨਾ ਆਈ। ਕੁਛ ਦਿਨ ਬੀਤੇ ਆਗਿਆ ਕੀਤੀ ਜੋ ਸਾਡਾ ਹੁਕਮਨਾਮਾ ਸਮੁੰਦਰ ਦੇ ਟਾਪੂ ਵਿਚ ਸਿਖ ਨੂੰ ਦੇ ਆਓ ਅਰ ਜਿੰਨੇ ਦਿਨ ਲਗਣੇ ਹਨ ਉਨ੍ਹਾਂ ਦਾ ਖਰਚ ਅਸੀਂ ਤੇਰੇ ਘਰ ਦੇ ਦੇਂਦੇ ਹਾਂ। ਘਰ ਖਰਚ ਦੇਕੇ ਉਹ ਸਿਖ ਟੁਰ ਪਿਆ ਅਰ ਟਾਪੂ ਵਿਚ ਹੁਕਮਨਾਮਾ ਜਾ ਦਿਤਾ। ਸਿਖ ਨੇ ਪੜ੍ਹਿਆ ਤਦ ਗੁਰੂ ਕਾ ਹੁਕਮ ਇਹ ਸੀ–''ਭਾਈ ਇਸ ਸਿਖ ਦੀ ਸੇਵਾ ਕਰਨੀ ਪਰ ਛੇ ਮਹੀਨੇ ਇਸ ਨੂੰ ਆਪਣੇ ਕੋਲ ਰਖਣਾ ਅਰ ਜੇ ਨਾ ਰਹੇ ਤਾਂ ਭੀ ਇਸਨੂੰ ਜਤਨ ਕਰਕੇ ਰਖਣਾ, ਆਉਣ ਨਾ ਦੇਣਾ'' ਸਿਖ ਬਹੁਤੇਰਾ ਰੋਵੇ ਪਰ ਉਨ੍ਹਾਂ ਨੇ ਬੰਦ ਕਰ ਰਖਿਆ। ਇਧਰ ਉਸ ਦੇ ਟੱਬਰ ਨੇ ਜਦ ਆਟਾ ਦਾਣਾ ਖਾਇ ਮੁਕਾਇ ਲਿਆ ਤਾਂ ਲੋਕਾਂ ਨੇ ਜਾਤਾ ਭਈ ਇਨ੍ਹਾਂ ਦਾ ਆਦਮੀ ਕਿਤੇ ਗਿਆ ਮੁੜ ਨਹੀਂ ਆਇਆ ਤਾਂ ਸਭਨਾਂ ਗਵਾਂਢੀਆਂ ਨੇ ਸੇਰ ਦੋ ਦੋ ਸੇਰ ਆਟਾ

ਤਿਸਦੇ ਘਰ ਦੇ ਭੇਜਿਆ, ਅਰ ਕਿਸੇ ਨੇ ਤਿਸਦੀ ਪੁਤਰੀ ਆਪਣੇ ਘਰ ਦੇ ਕੰਮਾਂ ਲਈ ਰਖ ਲਈ ਅਰ ਕਿਸੇ ਨੇ ਤਿਸਦੇ ਮੁੰਡੇ ਨੂੰ ਆਪਣੀ ਹੱਟੀ ਉਤੇ ਬਿਠਾਲ ਲਿਆ। ਅਰ ਤਿਸਦੀ ਤੀਮੀ ਭੀ ਕੁਛ ਕੰਮ ਕਾਰ ਕਰਨ ਲਗ ਪਈ,ਇਸ ਤਰ੍ਹਾਂ ਰੋਟੀਆਂ ਖਾਣ ਲੋਕਾਂ ਦੇ ਘਰੋਂ ਅਰ ਜੋ ਕੁਛ ਤਲਬ ਮਿਲੇ ਸੋ ਜੜਦੇ ਜਾਣ। ਪੇਟ ਭਰਕੇ ਖਾਣ ਲਗੇ ਰੋਕੜ ਹਥ ਵਿਚ ਹੋ ਗਈ ਤਾਂ ਇਨ੍ਹਾਂ ਜਾਤਾ ਕਿ ਦਲਿਦਰ ਤਾਂ ਸਾਡੇ ਆਦਮੀ ਦੇ ਨਾਲ ਹੀ ਸੀ ਉਹ ਨਿਕਲਿਆ ਤਾਂ ਦਲਿਦਰ ਹੀ ਨਿਕਲ ਗਿਆ। ਜਦ ਅਠ ਨੌਂ ਮਹੀਨੇ ਬੀਤੇ ਤਾਂ ਸਿਖ ਨੂੰ ਉਨ੍ਹਾਂ ਕਾਰ ਭੇਟ ਦੇਕੇ ਵਿਦਾ ਕੀਤਾ। ਰਸਤਾ ਲੰਘਕੇ ਆਯਾ ਤਾਂ ਵਿਚਾਰ ਕਰਨ ਲਗਾ ਕਿ ਪਹਿਲੇ ਘਰ ਦੇਖ ਚਲਾਂ ਪਰ ਫੇਰ ਆਖੇ ਉਹ ਮਰ ਗਏ ਹੋਣਗੇ, ਅੰਤ ਰਹਿ ਨਾ ਸਕਿਆ; ਆਇਆ ਤਾਂ ਘਰ ਨੂੰ ਜੰਦਰਾ ਲਗਾ ਦੇਖਕੇ ਪਛਤਾਇਆ, ਕਿ ਸਚਮੁਚ ਮਰ ਗਏ, ਪਰ ਪੁਛਿਆ ਤਾਂ ਗਵਾਂਢੀਆਂ ਨੇ ਸੁਣਾਇਆ ਕਿ ਸਭੇ ਕੰਮ ਲਗੇ ਹੋਏ ਹਨ, ਕਿਸੇ ਦਾ ਵਾਲ ਵਿੰਗਾ ਨਹੀਂ ਹੋਇਆ ਅਤੇ ਪਿਤਾ ਦਾ ਆਗਮਨ ਸੁਣਕੇ ਸਭ ਦੌੜੇ ਆਏ ਤਾਂ ਡਿਠਾ ਜੋ ਚੇਹਰੇ ਚਮਕਦੇ ਹਨ ਰੋਗੀ ਕੋਈ ਨਹੀਂ ਸਗੋਂ ਅਗੇ ਨਾਲੋਂ ਦੂਣ ਸਵਾਏ ਹਨ, ਅਰ ਛੋਟੇ ਮੋਟੇ ਗਹਿਣੇ ਵੀ ਪਾਏ ਹੋਏ ਹਨ, ਤਾਂ ਇਸਨੂੰ ਪ੍ਰਤੀਤ ਹੋਈ ਜੋ ਸਤਿਗੁਰੂ ਸਚ ਕਹਿੰਦੇ ਸੇ ਕਿ ਕਰਤਾਰ ਸਭ ਦਾ ਪਾਲਣਹਾਰ ਹੈ। ਅਤੇ ਹੁਣ ਸਭ ਵਿਹਾਰ ਛਡਕੇ ਸ਼ਰਨ ਹੋਯਾ, ਗੁਰੂ ਸਾਹਿਬ ਤਿਸ ਨੂੰ ਭਜਨ ਦਾ ਰਸਤਾ ਦਸਕੇ ਆਖਿਆ ਜਾਓ ਗ੍ਰਿਹਸਤ ਵਿਚ ਰਹੋ, ਘਰ ਵਿਚ ਰਹਿਣਾ ਬੁਰਾ ਨਹੀਂ; ਪਰ ਪਰਮੇਸ਼ਰ ਨੂੰ ਭੁਲਕੇ ਆਪ ਨੂੰ ਸਮਰਥ ਜਾਨਣਾ ਬੁਰਾ ਹੈ।

ਬਾਬਾ ਸ੍ਰੀ ਚੰਦ ਜੀ ਨੇ ਆਪਣੀ ਸੇਹਲੀ ਟੋਪੀ ਬਾਬਾ ਗੁਰਦਿਤਾ ਜੀ ਨੂੰ ਬਖਸ਼ੀ, ਸੋ ਉਹ ਭੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਹੀ ਮਿਲੀ, ਇਨ੍ਹਾਂ ਦੇ ਚਾਰ ਚੇਲੇ ਬੜੇ ਪਰਧਾਨ ਹੋਏ, ੧ ਬਾਲੂ ਹਸਣਾ, ੨ ਅਲਮਸਤ ਸਾਹਿਬ, ੩ ਫੂਲ ਸਾਹਿਬ, ੪ ਗੋਂਦਾ ਸਾਹਿਬ। ਇਹ ੪ ਧੂਏਂ ਕਹਾਉਂਦੇ ਹਨ, ਉਦਾਸੀ ਸਾਧੂ ਅਰ ਭਾਈ ਫੇਰੂ ਸਚੀ ਦਾੜੀ ਸੰਗਤ ਸਾਹਿਬ ਅਰ ਸੁਥਰੇ ਸ਼ਾਹ ਏਹ ਫਕੀਰੀ ਦੇ ਭੇਖ ਅਰ ਫੂਲ ਮਹਾਰਾਜ ਦੇ ਰਾਜੇ ਅਮੀਰੀ ਦੀਆਂ ਏਹ ਸਭ ਬਖਸ਼ਸ਼ਾਂ ਗੁਰੂ ਹਰਿਰਾਇ ਸਾਹਿਬ ਜੀ ਦੀਆਂ ਹੀ ਹਨ।

ਐਸੇ ਪਰਉਪਕਾਰ ਕਰਦਿਆਂ ਤੇਈ ਬਰਸ ਛੇ ਮਹੀਨੇ ਉਨੀ ਦਿਨ ਗੁਰਿਆਈ ਕਰਕੇ ਅਸਾਰ ਸੰਸਾਰ ਤੇ ਉਦਾਸ ਹੋਏ। ਸਾਮਗ੍ਰੀ ਮੰਗਵਾਇਕੇ ਯਗ ਕੀਤਾ ਅਰ ਦੇਸ਼ਾਂਤਰਾਂ ਤੇ ਸੰਗਤਾਂ ਸਦਵਾਇਕੇ ਸਭ ਦੇ ਸਾਹਮਣੇ

ਪੰਜ ਪੈਸੇ ਨਲਿਯੇਰ ਭੇਟ ਧਰਕੇ ਗੁਰਿਆਈ ਦਾ ਤਿਲਕ ਆਪਣੇ ਛੋਟੇ ਪੁਤਰ ਪਰਮ ਸਪੁਤ੍ਰ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਦੇਕੇ ਜੋਤੀ ਜੋਤ ਸਮਾਇ ਗਏ। ਸ਼ਬਦ ਕੀਰਤਨ ਵਡਹੰਸ ਮਾਰੂ ਰਾਗ ਦਾ ਕਰਦੇ ਪਾਤਾਲ ਪੁਰੀ ਸਥਾਨ ਦੇ ਪਾਸ ਚੰਦਨ ਚਿਖਾ ਰਚਕੇ ਸੰਗਤ ਨੇ ਸਸਕਾਰ ਕੀਤਾ। ਉਪਰੰਤ ਸੁਤੱਦਰਵ ਵਿਖੇ ਸ਼ਨਾਨ ਕਰਕੇ ਸੋਹਲੇ ਦਾ ਪਾਠ ਕਰਕੇ ਕੜਾਹ ਪ੍ਰਸ਼ਾਦ ਵਰਤਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਥਾ ਕੀਰਤਨ ਆਦਿ ਗੁਰ ਘਰ ਦੀ ਮਰਯਾਦਾ ਸਭ ਪੂਰਨ ਹੋਈ। ਸੰਮਤ ੧੭੧੮ ਕਤਕ ਵਦੀ ਨੌਮੀ ਨੂੰ ਕਰਤਾਰ ਦਾ ਭਾਣਾ ਮੰਨਕੇ ਚਲਾਣਾ ਕੀਤਾ।

*

ਵਖਯਾਨ ੨੦

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਜਨਮੋਤਸ਼ਵ

ਦੋਹਰਾ-ਬੰਦਹੁ ਸ੍ਰੀ ਗੁਰੂ ਹਰਿਕ੍ਰਿਸ਼ਨ ਬਾਲ ਕ੍ਰਿਸ਼ਨ ਸਮ ਰੂਪ॥
ਅੰਧ ਲਖਤ ਬਧਰੇ ਸੁਨਤ ਜਿਹ ਬਰ ਦਾਰਿਦ ਭੂਪ॥੧॥
ਬੰਦਤ ਸਿਖ ਸਭ ਸੁਖ ਲਹਿਤ ਮਹਿਤ ਦੁਰਤ ਮਿਟ ਜਾਹਿ॥
ਸ੍ਰੀ ਗੁਰੂ ਦਸਮ ਉਚਾਰਿਓ ਡਿਠੇ ਸਭ ਦੁਖ ਜਾਹਿ॥੨॥

ਸੰਗਤ ਜੀ-ਅਜ ਬੜਾ ਉਤਮ ਗੁਰਪੁਰਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਗਟ ਹੋਣ ਦਾ ਹੈ, ਸੋ ਉਹ ਪ੍ਰਸੰਗ ਮੈਂ ਸੰਖੇਪ ਵਿਚ ਆਪ ਦੀ ਭੇਟਾ ਕਰਦਾ ਹਾਂ।

ਸ੍ਰੀ ਗੁਰੂ ਹਰਿਰਾਇ ਸਾਹਿਬ ਗੰਗਾ ਤਟ ਦੇ ਅਨੂਪ ਨਾਮੇ ਨਗਰ ਵਿਚ ਵਿਆਹੇ, ਧੋਤੇ ਪੁਤਰੇਤੇ ਦੋਹਾਂ ਧਿਰਾਂ ਦੀ ਆਪਸ ਵਿਚ ਐਸੀ ਲਾਲੀ ਰਹੀ ਅਰ ਪਰਸਪਰ ਅਜਿਹੀ ਬਣ ਆਈ ਜੋ ਇਨ੍ਹਾਂ ਦੇ ਸਹੁਰੇ ਅਰ ਤਿਸ ਦੇ ਭਰਾ ਦੋਹਾਂ ਦੇ ਘਰ ਸਤ ਪੁਤ੍ਰੀਆਂ ਸਨ, ਸਤੇ ਹੀ ਇਨ੍ਹਾਂ ਨੂੰ ਵਿਆਹ ਦਿਤੀਆਂ। ਗੁਰੂ ਸਾਹਿਬ ਭਾਵੇਂ ਇਕ ਪੁਰਸ਼ ਨੂੰ ਇਤਨੀਆਂ ਇਸਤ੍ਰੀਆਂ ਵਿਆਹੁਣੀਆਂ ਨੀਤੀ ਵਿਰੁਧ ਸਮਝਦੇ ਅਰ ਨਾ ਸਿਖਾਂ ਨੂੰ ਐਸਾ ਕਰਨੇ ਦੀ ਆਗਿਆ ਦਿੰਦੇ ਸੇ, ਪਰ ਤਿਨ੍ਹਾਂ ਦੇ ਪਰੇਮ ਦੇ ਅਗੇ

ਨੇਮ ਤੇ ਉਲੰਘਤ ਹੋਣਾ ਪਿਆ ਜੈਸਾ ਕਿ ਭਗਤਾਂ ਅਗੇ ਸਦਾ ਭਗਵੰਤ ਹਾਰਦੇ ਰਹੇ ਹਨ। ਵਡੀ ਸੁਪਤਨੀ ਦਾ ਨਾਮ ਕ੍ਰਿਸ਼ਨ ਕੌਰ ਸੀ, ਇਕ ਦਿਨ ਇਸ ਨੇ ਬੇਨਤੀ ਕੀਤੀ ਸਵਾਮੀ ਜੀ ਕ੍ਰਿਪਾ ਕਰਕੇ ਮੈਨੂੰ ਪੁਤਰ ਦਾਨ ਬਖਸ਼ੋ। ਗੁਰੂ ਸਾਹਿਬ ਨੇ ਆਗਿਆ ਦਿਤੀ ਜਦ ਇਸਤਰੀ ਧਰਮ ਦੇ ਉਪਰੰਤ ਸੁਧ ਅਸ਼ਨਾਨ ਕਰੋ ਤਾਂ ਸਾਨੂੰ ਖਬਰ ਦੇਣੀ। ਕੁਛ ਦਿਨ ਬੀਤੇ ਸੁਧ ਸ਼ਨਾਨ ਕਰਨ ਸਮੇਂ ਕ੍ਰਿਸ਼ਨ ਕੌਰ ਜੀ ਨੇ ਟਹਿਲਨ ਭੇਜੀ ਕਿ ਚੇਤਾ ਕਰਾਵੇ। ਅੰਮ੍ਰਿਤ ਵੇਲੇ ਦਾ ਸ਼ਨਾਨ ਕਰਕੇ ਚਿਤ ਬਿਰਤੀ ਨੂੰ ਰੋਕ ਕੇ ਸਤਿਗੁਰੂ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰ ਰਹੇ ਸੇ, ਜੋ ਦਾਸੀ ਨੇ ਬੇਨਤੀ ਪੂਰਬਕ ਚੇਤਾ ਕਰਾਯਾ, ਗੁਰੂ ਜੀ ਨੇ ਜਪੁਜੀ ਦੀ ਪਹਿਲੀ ਪਉੜੀ ਲਿਖਕੇ ਆਗਜ਼ਾ ਦਿਤੀ ਕਿ ਸ਼ਨਾਨ ਕਰਕੇ ਇਹਨੂੰ ਚੂਸ ਲਵੇ। ਦਾਸੀ ਨੇ ਲਿਆ ਦਿਤੀ, ਤਾਂ ਪਤਨੀ ਨੂੰ ਕਰੋਧ ਆਇਆ ਕਿ ਮੈਂ ਖਬਰ ਭੇਜੀ ਸੀ; ਜੋ ਅਜ ਰਾਤ ਨੂੰ ਜ਼ਰੂਰ ਘਰ ਔਣ ਇਸ ਕਾਗਤ ਨੂੰ ਮੈਂ ਕੀ ਕਰਾਂਗੀ ਅਰ ਇਸ ਦੇ ਨਾਲ ਕੀ ਬਣਦਾ ਹੈ। ਇਹ ਕਹਿਕੇ ਉਹ ਕਾਗਤ ਜਾਲੇ ਵਿਚ ਰਖ ਦਿਤਾ। ਆਪਣੇ ਸੁਧ ਸ਼ਨਾਨ ਦੇ ਸਮਯ ਪ੍ਰਤੀਤ ਰਖਕੇ ਓਸੇ ਦਾਸੀ ਕੋਟ ਕਲਿਆਣੀ ਨੇ ਉਹ ਕਾਗਤ ਚੂਸ ਲਿਆ, ਸੋ ਉਹ ਗਰਭਣੀ ਹੋਈ, ਦਸ ਮਹੀਨੇ ਬੀਤੇ ਪੁਤਰ ਜਨਮਿਆਂ, ਜੋ ਪਾਤਸ਼ਾਹਾਂ ਤਕ ਵਖਯਾਤ ਕਰਾਮਾਤ ਦਾ ਪੁੰਜ ਹੋਇਆ ਨਾਮ ਰਾਮਰਾਇ ਰਖਿਆ।

ਹੁਣ ਸ੍ਰੀ ਕ੍ਰਿਸ਼ਨ ਕੌਰ ਪਛਤਾਈ, ਭਈ ਮੈਨੂੰ ਪਰਤੀਤ ਨਾ ਆਈ ਤਾਂ ਮੇਰੀ ਖੁਸ਼ੀ ਅਰ ਵਧਾਈ ਦਾਸੀ ਨੇ ਪਾਈ ਇਸ ਕਾਰਨ ਫੇਰ ਸ਼ਰਨ ਆਈ ਅਰ ਆਪਣੀ ਚਿੰਤਾ ਸੁਨਾਈ ਭੁਲ ਬਖਸ਼ਾਈ ਤਾਂ ਗੁਰੂ ਸਾਹਿਬ ਨੇ ਤਿਸਦੀ ਮਨੋਂ ਕਾਮਨਾ ਪੁਜਾਈ, ਗਰਭ ਹੋਇਆ ਰਾਤ ਦਿਨ ਸ੍ਰੀ ਜਪੁਜੀ ਪੜੇ, ਹਰਿ ਅਰਾਧਨਾ ਸੰਤ ਸੇਵਾ ਦਾਨ ਕਰੇ, ਜਦ ਸਮਯ ਪੂਰਨ ਹੋਇਆ ਸੰਮਤ ੧੭੧੩ ਸਾਵਣ ਵਦੀ ਨੌਮੀ ਸੁਭ ਦਿਨ ਸੁਭ ਘੜੀ, ਸ਼ੁਭ ਵੇਲੇ ਪਹਿਰ ਦਿਨ ਚੜ੍ਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਮਨੁਖ ਰੂਪ ਧਰ ਪ੍ਰਗਟੇ। ਕੀਰਤਪੁਰ ਨਾਮੇ ਨਗਰ ਵਿਖੇ ਘਰ ਘਰ ਮੰਗਲਾਚਾਰ ਗੁਰਬਾਣੀ ਦਾ ਉਚਾਰ ਜੈ ਜੈਕਾਰ ਵਧਾਈਆਂ ਤੇ ਬਾਜਿਆਂ ਦਾ ਝੁਨਕਾਰ ਹੋਇਆ। ਜਾਚਕ ਮੰਗਤੇ ਮਨਿਛਤ ਦਾਨ ਪਾਇ ਕਰ ਤ੍ਰਿਪਤ ਹੋਏ ਰਾਤ ਦੀਪਮਾਲਾ ਹੋਈ ਕੜਾਹ ਪ੍ਰਸਾਦਿ ਕਰਵਾਇ ਵਰਤਾਇ ਸਿਖ ਸੰਗਤਾਂ ਭੇਟਾ ਲੈਕੇ ਦਰਸ਼ਨ ਨੂੰ ਆਈਆਂ। ਦੇਵਤਾ ਮੇਘ ਬੂੰਦਾਂ ਦਾ ਨਮਿਤ ਕਰਕੇ ਫੁਲ ਬਰਸਾਉਣ, ਸੀਤਲ ਸੁਗੰਧ ਮੰਦ ਪੌਣ ਚਲੌਣ ਜਿਸ ਕਰਕੇ ਸਭ ਸਰਿਸ਼ਟੀ ਦੇ ਮਨ ਆਨੰਦ ਪਾਉਣ। (ਪਿਤਾ ਗੁਰ ਕਰਤਾ ਹਰਿਰਾਇ। ਮਾਤਾ ਕ੍ਰਿਸ਼ਨ ਕੌਰ

ਜਗ ਗਾਇ। ਸਤਰਾਂ ਸੈ ਅਰ ਤੇਰਾਂ ਸਾਲ। ਸਾਵਣ ਨੌਮੀ ਕ੍ਰਿਸ਼ਨਾ ਭਾਲ। ਗੁਰ ਹਰਿ ਕ੍ਰਿਸ਼ਨ ਲੀਆ ਅਵਤਾਰ । ਸਤਿਨਾਮ ਹਿਤ ਕਰਨ ਪ੍ਰਚਾਰ)॥ ੪੩॥ ਗੁਰ ਪਰਨਾਲੀ।

(੧) ਇਹਨਾਂ ਨੇ ਬਹੁਤ ਥੋੜੇ ਕਾਲ ਵਿਚ ਹੀ ਉਦਾਸ ਹੋਇਕੇ ਸੰਸਾਰ ਦਾ ਤਿਆਗ ਕੀਤਾ। (੨) ਦੇਹਲੀ ਵਿਚ ਅਨੇਕ ਰੋਗੀਆਂ ਦੇ ਰੋਗ ਦੂਰ ਕੀਤੇ । (੩) ਆਪਣੇ ਬਚਨ ਨੂੰ ਪਾਲਣ ਦਾ ਨਮੂਨਾ ਦਿਖਾਇਆ ਜੋ ਸਰੀਰ ਤਜਿਆ ਪਰੰਤੂ ਜ਼ਾਲਮ ਕਠੋਰ ਚਿੱਤ ਨਿਰਦਈ ਜਾਣਕੇ ਤੁਰਕ ਪਾਤਸ਼ਾਹ ਦੇ ਮਥੇ ਨਾ ਲਗੇ। (੪) ਆਪਣੇ ਵਡੇ ਭਾਈ ਦਾ ਵਾਕ ਸਤ ਕਰਨ ਹਿਤ ਸਚਖੰਡ ਪਧਾਰੇ। (੫) ਪਰਮ ਦਿਆਲੂ ਸਤਿਗੁਰ ਨੇ ਮਹਾਂ ਮੂੜ੍ਹ ਗੂੰਗੇ ਪੁਰਸ਼ਾਂ ਨੂੰ ਗੀਤਾ ਆਦਿ ਗਰੰਥਾਂ ਦੀ ਵਿਕਤਵਤਾ ਸ਼ਕਤੀ ਬਖਸ਼ੀ । (੬) ਬਾਲ ਅਵਸਥਾ ਦੀ ਚਪਲਤਾ ਨੂੰ ਜਿਤਿਆ । ਅਰ ਬਾਲਕ ਅਵਸਥਾ ਵਿਚ ਗੱਦੀ ਨੂੰ ਸੰਭਾਲ ਰਖਿਆ । ਇਤਯਾਦਿ ਅਨੇਕ ਉਪਕਾਰ ਕੀਤੇ ਐਸੇ ਸਤਿਗੁਰੂ ਦਾ ਗੁਰਪੁਰਬ ਮਨਾਓ।

*

ਵਖਯਾਨ ੨੧

ਸੋਲ੍ਹਵਾਂ ਗੁਰਪੁਰਬ

ਦੋਹਰਾ–ਕਥਾ ਕਹੌ ਗੁਰਪੁਰਬ ਕੀ ਗੁਰ ਹਰਿਕ੍ਰਿਸ਼ਨ ਜੁਹਾਰ।
ਮਨ ਬਚ ਕ੍ਰਮ ਕਰ ਗੁਰੂ ਕੇ ਪਦ ਪੰਕਜ ਉਰਧਾਰ ॥੧॥

ਸਜਣ ਪੁਰਸ਼ੋ–ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਕੇਵਲ ਪੰਜ ਬਰਸ ੩ ਮਹੀਨੇ ਦੀ ਅਵਸਥਾ ਵਿਚ ਗੁਰਿਆਈ ਦੀ ਗੱਦੀ ਪੁਰ ਬੈਠਕੇ ਗੁਰਮਤ ਅਨੁਕੂਲ ਉਪਦੇਸ਼ ਸੰਗਤਾਂ ਨੂੰ ਦੇਣ ਲਗੇ, ਇਨਾਂ ਦੀ ਗਯਾਨ ਸ਼ਕਤਿ ਪ੍ਰੇਮ ਭਰੀ ਕਥਨ ਸ਼ਕਤਿ ਦੇਖਕੇ ਸਭ ਅਚੰਭਾ ਕਰਦੇ ਸੇ । ਇਨ੍ਹਾਂ ਦੀ ਬੁਧਿ ਸ੍ਰੋਤਿਆਂ ਦੇ ਮਨਾਂ ਵਿਚ ਜਾਦੂ ਦਾ ਅਸਰ ਰਖਕੇ ਸ਼ੁੱਧ ਕਰਦੀ ਸੀ, ਇਨ੍ਹਾਂ ਦੀ ਰਸਨਾਂ ਦਾ ਰਸ ਹੀ ਇਨ੍ਹਾਂ ਦੇ ਸ਼ਬਦ ਦਾ ਕਾਰਨ ਸੀ, ਇਨ੍ਹਾਂ ਦੇ ਬਚਨ ਸੁਣਕੇ ਸੰਗਤਾਂ ਦੇ ਡੁਲੇ ਹੋਏ ਮਨ ਠਹਿਰ ਗਏ।

ਜਿਸ ਦਿਨ ਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਰਾਮਰਾਇ ਜੀ ਦਾ ਪਾਤਸ਼ਾਹ ਦੀ ਖੁਸ਼ਾਮਦ ਵਿਚ ਗੁਰਬਾਣੀ ਵਿਖੇ ਮੁਸਲਮਾਨ ਦੀ ਥਾਂ ਬੇਈਮਾਨ ਪਾਠ ਕੇਵਲ ਮੂੰਹ ਨਾਲ ਦੋ ਅਖਰ ਉਲਟਾਉਣੇ ਤੇ ਤਯਾਗ ਕੀਤਾ, ਫੇਰ ਸ਼ਰਨ ਆਉਣੇ ਅਰ ਭੁਲ ਬਖਸ਼ਾਉਣੇ ਤੇ ਬੀ ਮਥੇ ਨਾ ਲਾਯਾ। ਅਰ ਸਚਖੰਡ ਜਾਨ ਸਮਯ ਬੀ ਨਾ ਬੁਲਾਯਾ, ਅਰ ਗੱਦੀ ਬੀ ਛੋਟੇ ਪੁਤਰ ਨੂੰ ਹੀ ਬਖਸ਼ੀ ਉਸ ਦਿਨ ਤੇ ਰਾਮਰਾਇ ਜੀ ਵਿਰੋਧ ਕਰਨ ਲਗੇ, ਅਰ ਇਹ ਸੁਣਕੇ ਰਾਮਰਾਇ ਜੀ ਨੇ ਪਾਤਸ਼ਾਹ ਨੂੰ ਪਰੇਰ ਕੇ ਉਭਾਰਿਆ ਕਿ ਤੇਰੇ ਕਾਰਨ ਹੀ ਮੈਨੂੰ ਪਿਤਾ ਜੀ ਨੇ ਤਯਾਗ ਦਿਤਾ, ਅਰ ਸਿਖ ਸੰਗਤ ਸੈਨਾ ਭੰਡਾਰ ਅਰ ਨਗਰ ਕੀਰਤ ਪੁਰ ਦਾ ਸਾਰਾ ਵਿਹਾਰ, ਅਤੇ ਰਿਧ ਸਿਧ ਸੰਪਦਾ ਸ਼ਕਤਿ ਸਭ ਪਦਾਰਥਾਂ ਦਾ ਮਾਲਕ ਮੇਰਾ ਛੋਟਾ ਭਾਈ ਹੋਯਾ ਹੈ, ਚਾਰੋਂ ਦਿਸ਼ਾ ਤੇ ਸੰਗਤਾਂ ਆਉਂਦੀਆਂ ਭੇਟਾ ਚੜ੍ਹਾਉਂਦੀਆਂ ਹਨ, ਹੁਣ ਹਰਿ ਕ੍ਰਿਸ਼ਨ ਆਪਣੀ ਨਜ਼ਰ ਤਲੇ ਕਿਸ ਨੂੰ ਲਿਆਉਂਦਾ ਹੈ, ਇਕ ਵਾਰੀ ਆਪ ਉਸਨੂੰ ਏਥੇ ਸਦਾਓ ਜੋ ਕਰਾਮਾਤ ਦਿਖਾਵੇ, ਨਹੀਂ ਤਾਂ ਗੁਰਿਆਈ ਦੀ ਗੱਦੀ ਮੈਨੂੰ ਦਿਵਾਓ।

ਤਿਸ ਦੇ ਬਾਰ ਬਾਰ ਪਰੇਰਨਾ ਕਰਨ ਤੇ ਪਾਤਸ਼ਾਹ ਨੇ ਗੁਰੂ ਸਾਹਿਬ ਦੇ ਸਦਣ ਲਈ ਆਪਣਾ ਅਹਿਲਕਾਰ ਭੇਜਿਆ। ਇਸ ਅਹਿਲਕਾਰ ਤੋਂ ਸਾਰੀ ਵਾਰਤਾ ਸੁਣਕੇ ਮਾਤਾ ਅਰ ਸੰਗਤਾਂ ਚਿੰਤਾਤਰ ਹੋ ਰਹੀਆਂ, ਪਰੰਤੂ ਗੁਰੂ ਸਾਹਿਬ ਨੇ ਸਭ ਨੂੰ ਧੀਰਜ ਦਿਤਾ, ਅਰ ਆਪ ਪ੍ਰਸੰਨਤਾ ਪੂਰਬਕ ਤੁਰ ਪਏ। ਰਾਹ ਵਿਚ ਨਗਰਾਂ ਗਰਾਮਾਂ ਦੇ ਸਿਖ ਦਰਸ਼ਨ ਅਤੇ ਸੇਵਾ ਕਰਨ, ਤਿਨ੍ਹਾਂ ਨੂੰ ਨਿਹਾਲ ਕਰਦੇ ਤਾਰਦੇ ਗੁਰੂ ਜੀ ਧੀਰਜ ਦੇਣ। ਕਈ ਅੰਨੇ ਸੁਜਾਖੇ ਕੀਤੇ, ਰੋਗੀਆਂ ਦੇ ਰੋਗ ਦੂਰ ਕਰਕੇ ਅਰੋਗ ਕੀਤਾ, ਅੰਬਾਲੇ ਦੇ ਦੋ ਕੋਹ ਪੰਜੋਖਰੇ ਨਾਮੇ ਨਗਰ ਦੇ ਵਾਸੀ ਲਾਲ ਜੀ ਨਾਮੇ ਬ੍ਰਾਹਮਣ ਨੇ ਕਹਿਆ ਆਪ ਗੁਰੂ ਅਵਤਾਰ ਕਹਾਉਂਦੇ ਅਰ ਚਰਨ ਪੁਜਾਉਂਦੇ ਹੋ ਨਾਮ ਹਰਿ ਕ੍ਰਿਸ਼ਨ ਰਖਾਯਾ ਹੈ ਕ੍ਰਿਸ਼ਨ ਦੀ ਰਚੀ ਹੋਈ ਗੀਤਾ ਦੇ ਅਰਥ ਤਾਂ ਸੁਣਾਓ। ਸਤਿਗੁਰੂ ਨੇ ਵਿਚਾਰਿਆ ਜੇ ਅਸੀਂ ਸੁਣਾਵਾਂਗੇ ਤਾਂ ਏਹ ਕਹੇਗਾ ਕਿ ਪੜ੍ਹੇ ਹੋਏ ਹੋਣਗੇ, ਇਸ ਲਈ ਉਤਰ ਦਿਤਾ ਕਿ ਜਿਸ ਕੋਲੋਂ ਤੂੰ ਸੁਣਨਾ ਚਾਹੇਂ ਉਸ ਨੂੰ ਨਾਲ ਲੈ ਆਓ, ਅਸੀਂ ਉਸੇ ਦੇ ਮੂੰਹੋਂ ਤੈਨੂੰ ਸੁਣਵਾਵਾਂਗੇ। ਪੰਡਤ ਨੇ ਪ੍ਰੀਖਯਾ ਕਰਨੇ ਹਿਤ ਇਕ ਮਹਾਂ ਮੂਰਖ ਬਥਲੇ ਝੀਵਰ ਨੂੰ ਲੈ ਆਂਦਾ, ਗੁਰੂ ਜੀ ਨੇ ਤਿਸਦੇ ਸਿਰ ਪਰ ਆਪਣੀ ਛੜੀ ਧਰੀ, ਉਹਨੇ ਅਤਿ ਉਤਮ ਰੀਤੀ ਨਾਲ ਯੋਗ ਸ਼ਾਸਤ੍ਰ ਗੀਤਾ ਦਾ ਵਖਯਾਨ ਸੁਣਾਯਾ ਜਿਸ ਨੂੰ ਸੁਣਕੇ ਪੰਡਿਤ ਸੇਵਕ ਹੋ ਰਿਹਾ।

ਜਦ ਰਾਹ ਵਿਚ ਦੁਖੀਆਂ ਦੇ ਦੁਖ ਦੂਰ ਕਰਦੇ ਸਤਯ ਧਰਮ ਦੇ ਪਰਚਾਰ ਹਿਤ ਉਪਦੇਸ਼ ਦਿੰਦੇ ਦਿੱਲੀ ਨਗਰ ਦੇ ਨੇੜੇ ਪਹੁੰਚੇ ਤਾਂ ਪਾਤਸ਼ਾਹ ਔਰੰਗਜ਼ੇਬ ਦਾ ਭੇਜਿਆ ਹੋਇਆ ਰਾਜਾ ਜੈ ਸਿੰਘ ਸਵਾਈ ਦੇ ਕਹਾਂ ਪਰ ਅਗੋਂ ਲੈਣ ਆਇਆ ਅਰ ਆਪਣੇ ਮਹਲੇ ਜੈ ਸਿੰਘ ਪੁਰੇ ਵਿਚ ਡੇਰਾ ਕਰਵਾਇਆ ਇਨੀਂ ਦਿਨੀਂ ਦਿਲੀ ਵਿਚ (ਹੈਜ਼ੇ) ਵਿਸੂਚਕਾ ਦਾ ਰੋਗ ਪਸਰਿਆ ਹੋਇਆ ਸੀ, ਸਤਿਗੁਰੂ ਦੇ ਦਰਸ਼ਨ ਕਰਨੇ ਤੇ ਅਨੇਕ ਬੀਮਾਰ ਬਚ ਰਹੇ, ਬੀਮਾਰਾਂ ਦੀ ਭੀੜ ਗੁਰੂ ਕੇ ਦਵਾਰੇ ਲਗੀ ਰਹੇ। ਇਹ ਸ਼ਕਤੀ ਸੁਣਕੇ ਪਾਤਸ਼ਾਹ ਨੇ ਰਾਮਰਾਇ ਜੀ ਦੇ ਪਾਸ ਗੁਰੂ ਹਰਿਕ੍ਰਿਸ਼ਨ ਜੀ ਦੀ ਵਡਿਆਈ ਕੀਤੀ ਰਾਮਰਾਇ ਦੇ ਮਨ ਨੂੰ ਨਾ ਭਾਈ, ਈਰਖਾ ਅਰ ਦਵੈਸ਼ ਨਾਲ ਜਲਦੇ ਨੇ ਕਹਿਆ ਮਾਈ ਖਾਜੇ ਬਾਲਕ ਦੀ ਕੀ ਵਡਿਆਈ ਕਰਦੇ ਹੋ, ਅਜੇ ਕੋਰਾ ਪਿੰਡਾ ਬਾਲਕ ਹੈ, ਸੀਤਲਾ ਨੇ ਖਾ ਜਾਣਾ ਹੈ। ਏਹੋ ਚਰਚਾ ਰਾਜੇ ਨੇ ਗੁਰੂ ਸਾਹਿਬ ਪਾਸ ਆਇ ਸੁਣਾਈ ਤਾਂ ਬਚਨ ਹੋਇਆ ਸਦਾ ਤਪਦਾ (ਜਲਦਾ) ਰਹੇਗਾ ਅਰ ਨਿਰਸੰਤਾਨ ਮਰੇਗਾ ਅਰ ਬਿਨਾਂ ਆਈ ਮਰੇਗਾ ਜੀਉਂਦਾ ਹੀ ਜਲਾਯਾ ਜਾਵੇਗਾ, ਸੋ ਏਹ ਸਭ ਸਚ ਹੋਈ।

ਇਥੇ ਰਹਿੰਦਿਆਂ ਗੁਰੂ ਜੀ ਨੂੰ ਕਈ ਦਿਨ ਬੀਤੇ ਤਦ ਪਾਤਸ਼ਾਹ ਨੇ ਜੈ ਸਿੰਘ ਨੂੰ ਹੁਕਮ ਦਿਤਾ ਜੋ ਕਿਸੇ ਬਹਾਨੇ ਕੋਈ ਕਰਾਮਾਤ ਗੁਰੂ ਕੀ ਦੇਖੇ, ਬਹੁਤ ਭਲਾ ਕਹਿਕੇ ਰਾਜਾ ਜੈ ਸਿੰਘ ਨੇ ਆਪਣੀ ਵਡੀ ਰਾਣੀ ਨੂੰ ਟਹਿਲਨਾਂ ਦੇ ਵਿਚ ਬਠਾਲਕੇ ਕਿਹਾ ਕਿ ਆਪਣੇ ਮਨ ਵਿਚ ਇਹ ਠਾਣ ਲਵੋ ਕਿ ਜੇ ਗੁਰੂ ਪੂਰਾ ਹੈ ਤਾਂ ਮੇਰੀ ਗੋਦ ਵਿਚ ਬੈਠੇਗਾ ਅਤੇ ਇਕ ਟਹਿਲਣ ਨੂੰ ਰਾਣੀ ਦਾ ਭੇਖ ਕਰਾਇਕੇ ਪੀੜੇ ਪੁਰ ਬੈਠਾਇਆ ਅਤੇ ਗੁਰੂ ਸਾਹਿਬ ਨੂੰ ਸਦਵਾਯਾ ਸੋ ਗੁਰੂ ਜੀ ਟਹਿਲਨਾਂ ਵਿਚ ਬੈਠੀ ਟਹਿਲਣ ਰੂਪ ਧਾਰੇ ਰਾਣੀ ਦੀ ਗੋਦ ਵਿਚ ਜਾਇ ਬੈਠੇ ਅਤੇ ਚਿਤ ਵਿਖੇ ਉਸੇ ਸਮੇਂ ਜੀਵਨ ਤੋਂ ਉਦਾਸ ਹੋਕੇ ਵਿਚਾਰਨ ਲਗੇ ਭਾਈ ਜਿਸਦੇ ਸੁਖ ਵਿਖੇ ਗੁਰੂ ਸਾਹਿਬ ਨੇ ਆਪਣਾ ਨਿਵਾਸ ਕਰਕੇ ਪਾਤਸ਼ਾਹ ਨੂੰ ਅਨੇਕ ਸ਼ਕਤਾਂ ਦਿਖਾਈਆਂ, ਚਾਹੀਦਾ ਹੈ ਉਸਦਾ ਬਚਨ ਸੱਚਾ ਕਰੀਏ ਅਤੇ ਰਾਜਾ ਜੀ ਨੂੰ ਕਹਿਕੇ ਜਮਨਾ ਜੀ ਦੇ ਕੰਢੇ ਤੰਬੂ ਲਗਵਾਯਾ ਅਰ ਸੀਤਲਾ ਦੇ ਇਕਵਾਰਗੀ ਲੋਆਂ ਦੇ ਲੋ ਹੀ ਨਿਕਲ ਆਏ ਅਰ ਜਦ ਰੋਗ ਵਧਿਆ ਤਾਂ ਇਸ ਵੇਲੇ ਮਾਤਾ ਅਰ ਤੇਹੀ ਹੀ ਹੋਰ ਸੰਗਤ ਨੇ ਬੀ ਪੁਛਿਆ ਕਿ ਆਪ ਤਾਂ ਹੁਣ ਸਚਖੰਡ ਦੀ ਤਯਾਰੀ ਕਰ ਰਹੇ ਹੋ ਪਿਛੋਂ ਅਸੀਂ ਕਿਸ ਦੀ ਪੂਜਾ ਕਰੀਏ ? ਸੰਗਤ ਨੂੰ ਕਿਸਦੇ ਲੜ ਲਾਇਆ ਹੈ ਪੂਜਾ ਗੁਰੂ ਗ੍ਰੰਥ ਸਾਹਿਬ

ਜੀ ਦੀ ਕਰੋ ਅਰ ਗੱਦੀ ਦਾ ਮਾਲਕ ਬਾਬਾ ਬਕਾਲੇ ਹੈ, ਇਤਨਾ ਕਹਿਕੇ ਪੰਜ ਪੈਸੇ ਨਲਿਯੇਰ ਭੇਟ ਧਰਕੇ ਸਿਰ ਨਿਵਾਇਆ ਅਰ ਸ੍ਰੀ ਵਾਹਿਗੁਰੂ ਵਾਹਿਗੁਰੂ ਕਹਿੰਦੇ ਸੰਮਤ ੧੭੨੧ ਚੇਤਰ ਸੁਦੀ ਚੌਦਸ ਬੁਧਵਾਰ ਅਧੀ ਰਾਤ ਉਤੇ ਦੋ ਘੜੀਆਂ ਬੀਤੀਆਂ, ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੋਤੀ ਜੋਤ ਸਮਾਇ ਗਏ, ਨਵੀਂ ਦਿੱਲੀ ਤੇ ਚਾਰ ਕੋਹ ਪੁਰਾਣੀ ਦੇ ਡੇਢ ਕੋਹ ਇਨਹਾਂ ਦਾ ਦੇਹਰਾ ਗੁਰਦਵਾਰਾ ਬਣਿਆ ਹੋਇਆ ਹੈ ਇਸਨੂੰ ਬਾਲਾ ਜੀ ਦਾ ਦੇਹਰਾ ਸਦਦੇ ਹਨ।

ਅੰਤ ਸਮੇਂ ਸਾਰੇ ਸਰੀਰ ਪਰ ਸੀਤਲਾ ਐਉਂ ਭਰਪੂਰ ਹੋਈ ਜੈਸੇ ਅਮਾਵਸ ਦੀ ਰਾਤ ਨੂੰ ਅਕਾਸ਼ ਤਾਰਿਆਂ ਨਾਲ ਛਾਇਆ ਜਾਵੇ। ਅਤੇ ਸਤਾਂ ਹੀ ਮਾਤਾ ਨੇ ਇਹ ਕਹਿਕੇ ਜੋ ਸਿਰ ਉਤੇ ਸਵਾਮੀ ਨਹੀਂ, ਦੇਸ ਪਰਾਇਆ ਹੈ ਪਾਤਸ਼ਾਹ ਜ਼ਾਲਮ ਨੇ ਸਦਵਾਇਆ ਹੈ, ਵਡਾ ਭਰਾ ਮਹਾਂ ਵੈਰੀ ਬਣਿਆ ਹੋਇਆ ਹੈ, ਅਸੀਂ ਕੀ ਕਰਾਂਗੀਆਂ ਕੌਣ ਸਾਡਾ ਆਸਰਾ ਹੋਵੇਗਾ। ਤੁਸੀਂ ਸੰਸਾਰ ਦਾ ਕੀ ਸੁਖ ਡਿਠਾ ਹੈ, ਨਾ ਖਾਧਾ ਨਾ ਹੰਢਾਇਆ। ਬਚਨ ਕੀਤਾ (ਕਿਆ ਖਾਧੈ ਕਿਆ ਪੈਧੈ ਹੋਇ ॥ ਜਾ ਮਨ ਨਾਹੀ ਸਚਾ ਸੋਇ) ਅਰ ਆਸਰਾ ਇਕ ਕਰਤਾਰ ਦਾ ਰਖੋ (ਤਿਸ ਬਿਨ ਦੂਸਰ ਨਾਹੀ ਕੋਇ ॥)

ਆਪਣਾ ਪ੍ਰਣ ਪੂਰਾ ਨਿਬਾਹਿਆ ਪ੍ਰਾਣ ਦਿਤੇ ਪਰ ਤੁਰਕ ਮਲੇਛ ਨੂੰ ਮਥੇ ਨਹੀਂ ਲਾਇਆ। ਪਰਾਣ ਤਿਆਗਣੇ ਤੇ ਪਿਛੋਂ ਪਾਤਸ਼ਾਹ ਔਰੰਗਜ਼ੇਬ ਆਯਾ ਅਰ ਉਪਰਲਾ ਬਸਤਰ ਉਤਰਵਾਯਾ ਤਾਂ ਵਿਚੋਂ ਅਜਿਹਾ ਭੈ ਆਇਆ ਜੋ ਮੂਰਛਾ ਖਾਇਕੇ ਡਿਗਾ, ਫੇਰ ਸੁਧ ਪਾਇਕੇ ਮੁੜ ਆਇਆ। ਸੰਗਤ ਨੇ ਚੰਦਨ ਚਿਤਾ ਰਚਕੇ ਦੇਹਾਂਤ ਕਿਰਤ ਸਸਕਾਰ ਆਦ ਕਰਕੇ ਗੁਰ-ਮਰਯਾਦਾ ਪੂਰਨ ਕੀਤੀ। ਮਾਤਾ ਜੀ ਨੂੰ ਅਕਾਸ਼ ਬਾਣੀ ਦਵਾਰਾ ਧੀਰਜ ਦਿਤਾ। ਆਪ ਭਾਣਾ ਮੰਨਕੇ ਸਚਖੰਡ ਮੇਂ ਸਿਧਾਰੇ ਵਾਸਤਵ ਤੇ ਸਦਾ ਜੀਉਂਦੇ ਹਨ। ਦੇਹ ਸਦਾ ਹੀ ਅਨਿਤ ਹੈ ਆਤਮਾਂ ਤ੍ਰੈਕਾਲ ਅਬਾਧ ਹੈ ਪਰ ਗੁਰੂ ਸਾਹਿਬ ਦਾ ਸ਼ੁਧ ਆਤਮਾ ਅਜਰ ਅਮਰ ਹੈ। (ਯਥਾ ਸ੍ਰੀ ਮੁਖਵਾਕ ਹੈ) "ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸ ਡਿਠੇ ਸਭ ਦੁਖ ਜਾਇ ॥"

❋

ਵਖਯਾਨ ੨੨

ਜਨਮੋਤਸ਼ਵ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ

ਦੋਹਰਾ-ਸ਼ਰਨਾਵਤ ਲਾਵਤ ਉਰੈ ਜਿਆਵਤ ਦੈ ਫਲ ਚਾਰ॥
ਤੇਗ ਬਹਾਦਰ ਗੁਰੂ ਪਗ ਬੰਦਹੁ ਬਾਰੰਬਾਰ ॥੧॥

ਸਜਣ ਜਨੋ! ਮੀਰੀ ਪੀਰੀ ਦੇ ਧਨੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸਾਹਿਬਜ਼ਾਦੇ ਹੋਏ, ਵਡੇ ਬਾਬਾ ਗੁਰਦਿਤਾ ਦੀਨ ਦੁਨੀ ਦਾ ਟਿਕਾ। ਦੂਜੇ ਸੂਰਜ ਮਲ ਜੀ। ਤੀਜੇ ਅਣੀ ਰਾਇ, ਚੌਥੇ ਅਟਲ ਰਾਇ ਜੀ। ਮਾਤਾ ਇਨ੍ਹਾਂ ਨੂੰ ਖਿਡਾਵੇ ਅਰ ਅਨੰਦ ਪਾਵੇ। ਮਨੋਹਰ ਮੁਖੜੇ ਉਤੋਂ ਵਾਰਨੇ ੨ ਜਾਵੇ, ਚਿਰ ਜੀਵੀ ਹੋਣ ਦੀਆਂ ਸੁਖਾਂ ਮਨਾਵੇ। ਏਹ ਦੇਖਕੇ ਸਤਿਗੁਰੂ ਬਚਨ ਕੀਤਾ ਏਹ ਜੋਗੀ ਪੁਰਸ਼ ਹਨ ਬਹੁਤੇ ਕਾਲ ਤਕ ਤੇਰੇ ਪਾਸ ਨਹੀਂ ਰਹਿਣਗੇ, ਪਰੋਪਕਾਰ ਕਰਕੇ ਸੰਸਾਰ ਤੋਂ ਪਧਾਰ ਜਾਣਗੇ। ਇਹ ਬਚਨ ਸੁਣਕੇ ਮਹਲ ਨਾਨਕੀ ਰੁਦਨ ਕਰਨ ਲਗੀ ਤਾਂ ਗੁਰੂ ਜੀ ਨੇ ਧੀਰਜ ਦਿਤਾ ਕਿ ਭਾਵੀ ਅਮਿਟ ਹੈ ਹੋਣਹਾਰ ਅਵਸ਼ ਹੋਇਕੇ ਹੀ ਰਹਿੰਦੀ ਹੈ। ਨਾਨਕੀ ਜੀ ਕਹਿਆ ਮਹਾਰਾਜ ਮੇਰੀ ਅਭਿਲਾਖਾ ਸੀ ਜੋ ਮੇਰਾ ਪੁਤਰ ਭੀ ਕਦੀ ਗੁਰੂ ਬਣਦਾ, ਤਾਂ ਬਚਨ ਹੋਇਆ ਤੇਰਾ ਮਨੋਰਥ ਪੂਰਨ ਹੋਵੇਗਾ। ਅਟਲਰਾਇ ਜੀ ਦਾ ਨਾਮ ਦੇਸਾਂ ਪਰਦੇਸਾਂ ਵਿਚ ਪ੍ਰਸਿੱਧ ਹੋਵਗਾ। "ਬਾਬਾ ਅਟਲ ਪਕੀ ਪਕਾਈ ਘਲ"। ਅਤੇ ਗੱਦੀ ਪੁਰ ਬੈਠੇ ਬਾਝ ਹੀ ਪ੍ਰਖਯਾਤ ਹੋਵੇਗਾ ਅਰ ਅੰਮ੍ਰਿਤ ਵੇਲੇ ਉਠ ਸੌਚ ਅਸ਼ਨਾਨ ਕਰ ਚਿਤ ਬ੍ਰਿਤਿ ਸਥਿਤ ਕਰ ਗੁਰ ਮੰਤ੍ਰ ਜਪਿਆ ਕਰ ਤਾਂ ਤੇਰੇ ਘਰ ਪੁਤਰ ਹੋਵੇਗਾ। ਬੜਾ ਸਾਂਤਕੀ ਧਰਮ ਧੁਜ ਪਰੋਪਕਾਰੀ ਵੈਰਾਗਵਾਨ ਭਗਤਿ, ਜੋ ਗੱਦੀ ਪੁਰ ਬੈਠਕੇ ਤੇਰੀ ਮਨੋਂ ਕਾਮਨਾ ਪੂਰਨ ਕਰੇਗਾ। ਇਸ ਦਿਨ ਤੇ ਮਾਤਾ ਨਾਨਕੀ ਜੀ ਨਿਤ ਪ੍ਰਭਾਤ ਵੇਲੇ ਜਾਗੇ, ਅਰ ਧਯਾਨ ਲਾਵੇ, ਪਾਠ ਕਰੇ ਆਏ ਅਤਿਥ ਨੂੰ ਬਰਸਾਵੇ। ਇਸਦੀ ਸੇਵਾ ਦੇਖਕੇ ਅਕਾਲ ਪੁਰਖ ਦੀ ਪ੍ਰਸੰਨਤਾ ਹੋਈ ਨਾਨਕੀ ਜੀ ਨੂੰ ਗਰਭ ਹੋਯਾ, ਸਮਯ ਪੂਰਨ ਹੋਣੇ ਪਰ ਸੰਮਤ ੧੬੭੯ ਵੈਸਾਖ ਵਦੀ ਪੰਚਮੀ ਨੂੰ ਗੁਰੂ ਤੇਗ ਬਹਾਦਰ ਜੀ ਅੰਮ੍ਰਿਤਸਰ ਜੀ ਗੁਰੂ ਕੇ ਮਹਿਲਾਂ ਵਿਖੇ ਅਵਤਾਰ ਧਾਰਿਆ। ਨਗਰ ਵਿਖੇ ਘਰ ਘਰ ਵਧਾਈ ਮੰਗਲਾਚਾਰ ਹੋਏ। ਸਤਿਗੁਰੂ ਬਚਨ ਕੀਤਾ, ਇਹ ਗੁਰਿਆਈ ਪਾਵੇਗਾ ਅਰ

ਇਨ ਦਾ ਪੁਤਰ ਵੀ ਗੁਰੂ ਹੋਵੇਗਾ, ਅਰ ਜੰਗੀ ਜੋਧਾ ਧੂਮ ਮਚਾਵੇਗਾ। ਪੁਨਾ: ਕੜਾਹ ਪ੍ਰਸਾਦਿ ਕਰਵਾਏ, ਵਧਾਈ ਵਾਜੇ ਵਜਵਾਏ, ਗੁਰਬਾਣੀ ਦਵਾਰਾ ਮੰਗਲ ਦੇ ਗੀਤ ਗਾਏ, ਮਾਤਾ ਨਾਨਕੀ ਫੁੱਲੀ ਨਾ ਸਮਾਏ, ਸੁਕਲ ਪਖ ਦੇ ਚੰਦਰਮਾਂ ਦੀ ਤਰਾਂ ਵਧੇ, ਵਿਦਯਾ ਪੜ੍ਹੇ, ਕਰਤਾਰ ਪੁਰ ਵਿਖੇ ਵਿਆਹ ਹੋਇਆ, ਪਤਨੀ ਸ੍ਰੀ ਗੁਜਰੀ ਜੀ ਆਈ, ਪਤਿਬਰਤਾ ਧਰਮਵਾਨ ਸੁਸੀਲ ਸੁਭਾਵ। ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੀਰਤ ਪੁਰ ਵਿਖੇ ਪੋਤਰੇ ਹਰਿ ਰਾਇ ਜੀ ਨੂੰ ਗੱਦੀ ਪੁਰ ਬਿਠਾਇਆ ਤਦ ਇਨ੍ਹਾਂ ਨੂੰ ਬਚਨ ਹੋਇਆ ਤੁਸੀਂ ਬਕਾਲੇ ਵਿਖੇ ਰਹੋ, ਬਕਾਲੇ ਗਰਾਮ ਵਿਖੇ ਪਰੇਮੀ ਸਿਖ ਸੇਵਾ ਕਰਦੇ ਸੇ ਜਿਥੇ ਰਹੇ ਇਸ ਕੋਠੇ ਦਾ ਨਾਮ ਭੋਰਾ ਸਾਹਿਬ ਹੈ। ਇਥੇ ਹੀ ਇਨ੍ਹਾਂ ਦੀ ਦਾਦੀ ਮਾਤਾ ਗੰਗਾ ਜੀ ਦਾ ਦੇਹਰਾ ਸੀ, ਇਕਾਂਤ ਭਜਨ ਦਾ ਰਸ ਲੈਂਦੇ ਰਹੇ, ਜਦ ਸਮਯ ਆਇਆ ਗੁਰਿਆਈ ਪਾਈ। ਇਹ ਬੜੇ ਉਪਕਾਰੀ ਹੋਏ, ਇਨ੍ਹਾਂ ਦੇ ਉਪਕਾਰਾਂ ਦਾ ਵਰਨਣ ਅਗੇ ਹੋਵੇਗਾ।

*

ਵਖਯਾਨ ੨੩

ਦੋਹਰਾ—ਠੀਕਰਿ ਫੋਰਿ ਦਿਲੀਸ ਸਿਰ ਪ੍ਰਭੁ ਪੁਰ ਕੀਆ ਪਯਾਨ॥
ਤੇਗ ਬਹਾਦਰ ਸੀ ਕ੍ਰਿਯਾ ਕਰੀ ਨ ਕਿਨਹੂ ਆਨ॥ ੧॥
ਤੇਗ ਬਹਾਦਰ ਕੇ ਚਲਤ ਭਯੋ ਜਗਤ ਮੈਂ ਸ਼ੋਕ।
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰਲੋਕ॥ ੨॥

[ਸ੍ਰੀ ਮੁਖਵਾਕ ਬ: ਨਾ:

ਖਾਲਸਾ ਜੀ ਸਤਾਰਾਂ ਬਰਸ ਦੀ ਅਵਸਥਾ ਤਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਆਪਣੇ ਪਿਤਾ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਨਾਲ ਮਾਝੇ ਦੁਆਬੇ ਮਾਲਵੇ ਦੇਸਾਂ ਵਿਚ ਵਿਚਰਦੇ ਰਹੇ, ਜਦ ਕੀਰਤ ਪੁਰ ਵਿਚ ਆਪਣੇ ਪੋਤਰੇ ਨੂੰ ਗੱਦੀ ਦੇਕੇ ਗੁਰੂ ਸਾਹਿਬ ਇਨ੍ਹਾਂ ਨੂੰ ਬਕਾਲੇ ਰਹਿਣ ਦੀ ਆਗਿਆ ਦੇਕੇ ਜੋਤੀ ਜੋਤ ਸਮਾਏ ਤਦ ਦੇ ਆਪਣੀ ਮਾਤਾ ਨਾਨਕੀ ਜੀ ਸਮੇਤ ਇਹ ਬਕਾਲੇ ਗਰਾਮ ਵਿਖੇ ਆਇ ਰਹੇ। ਇਕਾਂਤ ਰੈਹਣ ਵੈਰਾਗ ਅਰ ਤਯਾਗ ਦੀ ਮੂਰਤੀ ਮਨ ਨੂੰ ਸਰੋਤਾ ਬਣਾਇਕੇ ਉਪਦੇਸ਼ ਕਰਨ।

ਯਥਾ-ਰੇ ਮਨ ਰਾਮ ਸਿਉ ਕਰਿ ਪ੍ਰੀਤ॥
ਪੁਨ: ਮਨ ਰੇ ਕਉਨੁ ਕੁਮਤਿ ਤੈ ਲੀਨੀ॥
ਮਨ ਰੇ ਗਹਿਓ ਨ ਗੁਰਉਪਦੇਸ॥.ਮਨ ਰੇ ਸਾਚਾ ਗਹੋ ਬਿਚਾਰਾ॥

ਕਾਮ ਕਰੋਧ ਲੋਭ ਮੋਹ ਅਹੰਕਾਰ ਆਦਿ ਵਿਕਾਰ ਸਭ ਨਸ਼ਟ ਹੋਏ, ਲਗ ਪਗ ਪੰਤੀ ਬਰਸ ਬੀਤ ਗਏ ਤਾਂ ਦਿਲੀ ਵਿਚ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਬਾਬਾ ਬਕਾਲੇ ਦਾ ਬਚਨ ਕਹਿਕੇ ਜੋਤੀ ਜੋਤ ਸਮਾਏ ਤਾਂ ਪ੍ਰਿਥੀਆ ਜੀ ਦੇ ਬੰਸ ਦੇ ਕੁਛ ਸੋਢੀ ਅਰ ਧੀਰਮਲ ਜੀ ਆਪ ਸਤ ਅਠ ਮੰਜੀਆਂ ਇਨ੍ਹਾਂ ਦੀਆਂ ਅਰ ਪੰਦਰਾਂ ਕੁ ਮੰਜੀਆਂ ਮੁਖੀ ਮਸੰਦਾਂ ਨੇ ਬਕਾਲੇ ਆਨ ਲਾਈਆਂ, ਅਰ ਗੱਦੀਆਂ ਪਰ ਬੈਠਕੇ ਆਪੋ ਆਪਣੇ ਸੇਵਕਾਂ ਸੇ ਪੂਜਾ ਕਰਾਉਣ ਲਗੇ। ਮਾਤਾ ਨਾਨਕੀ ਜੀ ਕਹੇ ਪੁਤਰ ਤੁਸੀਂ ਪਰਗਟ ਹੋਵੋ, ਗੁਰੂ ਹਰਿ ਕ੍ਰਿਸ਼ਨ ਜੀ ਦੇ ਪਿਤਾਮਾ ਦੇ ਸਕੇ ਭਾਈ ਤਾਂ ਬਾਬੇ ਤੁਸੀਂ ਹੀ ਲਗਦੇ ਹੋ ਹੋਰ ਤਾਂ ਨਿਕੰਮਾ ਰੌਲਾ ਪਾਉਂਦੇ ਹਨ, ਪਰ ਗੁਰੂ ਸਾਹਿਬ ਚੁਪ ਰਹਿਣ ਅਰ ਜੇ ਬੋਲਨ ਤਾਂ ਕਹਿਣ ਮਾਤਾ ਜੀ ਪੰਡ ਬੜੀ ਭਾਰੀ ਹੈ, ਅਤੇ ਜਗਤ ਦੀ ਵਡਿਆਈ ਖਵਾਰੀ ਹੈ ਇਤਨੇ ਵਿਚ ਮਖਣ ਸ਼ਾਹ ਨਾਮੇ ਲੁਬਾਣਾ ਸਿਖ ਆਇਆ ਜਿਸਨੇ ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਵੰਸ ਅਰ ਸੇਵਕ ਜਾਣਕੇ ਪੰਜ ਪੰਜ ਰੁਪਏ ਭੇਟ ਧਰਕੇ ਸਭ ਦੀ ਪੂਜਾ ਕੀਤੀ, ਪਰ ਖੁਸ਼ਾਮਦ ਆਦਰ ਕਰਨੇ ਤੋਂ ਬਾਝ ਅਸਲੀ ਸਾਰੀ ਪੂਜਾ ਕਿਸੇ ਨੇ ਨਾ ਮੰਗੀ ਇਸਨੂੰ ਨਿਰਾਸ ਹੋਜਾ ਦੇਖ ਸਤਿਗੁਰੂ ਦੇ ਪਰੇਰੇ ਕਿਸੇ ਨੇ ਕਹਿਆ ਗੁਰੂ ਅੰਸ ਵਿਚੋਂ ਇਕ ਹੋਰ ਬੀ ਮਸਤਾਨਾ ਜੇਹਾ ਅੰਦਰ ਰਹਿੰਦਾ ਹੈ। ਮਖਣ ਸ਼ਾਹ ਨੇ ਰੁਪਏ ਧਰਕੇ ਇਨ੍ਹਾਂ ਨੂੰ ਮਥਾ ਆਨ ਟੇਕਿਆ ਤਦ ਗੁਰੂ ਜੀ ਵਿਚਾਰਿਆ ਜੋ ਹੁਣ ਨਾਂਹ ਕਰਾਂਗੇ ਤਾਂ ਗੁਰੂ ਘਰ ਤੇ ਸਿਖਾਂ ਦਾ ਵਿਸਵਾਸ ਨਹੀਂ ਰਹੇਗਾ ਅਤੇ ਗੁਰੂ ਸਾਹਿਬ ਦੇ ਬਚਨਾਂ ਨੂੰ ਝੂਠਾ ਜਾਨਣਗੇ। ਇਹ ਸਮਝਕੇ ਸਮਗਰ ਭੇਟਾ ਮੰਗੀ, ਸਿਖ ਨੇ ਬੜੇ ਭਾਵ ਸੇ ਦਿਤੀ ਅਰ ਪੱਲਾ ਫੇਰਕੇ ਦੁਹਾਈ ਦਿਤੀ ਜੋ ਗੁਰੂ ਲਾਧਾ ਗੁਰੂ ਲਾਧਾ। ਸੁਣਦੇ ਹੀ ਸਭ ਸੰਗਤ ਐਉਂ ਦਰਸ਼ਨ ਨੂੰ ਆਈ ਜਿਸ ਤਰਾਂ ਸਮੁੰਦਰ ਵਲ ਨਦੀਆਂ ਜਾਂਦੀਆਂ ਹਨ। ਇਸ ਵੇਲੇ ਸੰਗਤ ਨੇ ਪੈਸੇ ਨਲੀਏਰ ਗੁਰੂ ਗੱਦੀ ਦੀ ਭੇਟ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਭੇਜੀ ਹੋਈ ਅਗੇ ਰਖਕੇ ਤਿਲਕ ਲਗਾਇਆ, ਅਰ ਤਖਤ ਪਰ ਪ੍ਰਗਟ ਬੈਠਾਇਆ।

ਹੁਣ ਅੰਮ੍ਰਿਤਸਰ ਜੀ ਵੱਲੋਂ! ਗਰਾਮ ਸਹਸਰੇ ਗਰਾਮ ਦੇ ਪਾਸ ਗੁਰੂ ਕੀ ਰੋੜ ਮੇਂ ਗੁਰੂ ਕਾ ਬਾਗ ਲਵਾਇ ਫੇਰ ਗੁਰੂ ਜੀ ਸਠਾਲੇ ਗ੍ਰਾਮ ਤੇ ਹੁੰਦ

ਕਹਿਲੂਰ ਦੇ ਰਾਜ ਵਿਚ ਧਰਤੀ ਖਰੀਦ ਕੇ ਨਗਰ ਵਸਾਇਆ ਨਾਮ ਅਨੰਦ ਪੁਰ ਰਖਿਆ ਪ੍ਰਤਾਪ ਵਧਿਆ ਦੇਖਕੇ ਧੀਰਮਲ ਨੇ ਰਾਮਰਾਇ ਜੀ ਨੂੰ ਲਿਖਿਆ, ਕਿਸੇ ਤਰਾਂ ਇਸਨੂੰ ਦੇਸੋਂ ਕਢਵਾਓ ਤਾਂ ਭਲੀ ਗਲ ਹੈ। ਅੰਤਰਜਾਮੀ ਗੁਰੂ ਨੇ ਜਾਣਿਆਂ ਰੇਜ ਦਾ ਵਿਰੋਧ ਭਲਾ ਨਹੀਂ ਅਸੀਂ ਤੀਰਥ ਯਾਤਰਾ ਦੇ ਬਹਾਨੇ ਸਤਯ ਧਰਮ ਦਾ ਪ੍ਰਚਾਰ ਕਰੀਏ। ਸੋ ਪਟਿਆਲਾ ਨਾਭਾ ਅੰਗਰੇਜ਼ੀ ਰਾਜ ਵਿਖੇ ਵਿਚਰਦੇ ੨ ਮਥਰਾ ਥਾਨੇਸਰ ਇਟਾਵਾ ਆਗਰਾ ਆਦਿ ਨਗਰ ਲੰਘ ਕੇ ਪ੍ਰਯਾਗਰਾਜ ਪਹੁੰਚਕੇ ਸਰਬੰਸ ਦਾਨ ਕੀਤਾ, ਇਥੇ ਅਹਿਯਾਪੁਰ ਨਾਮੇ ਮਹੱਲੇ ਮੈਂ ਰਹੇ। ਇਥੇ ਹੀ ਗੁਜਰੀ ਜੀ ਨੂੰ ਆਧਾਨ ਹੋਇਆ। ਉਪਰੰਤ ਕਾਂਸ਼ੀ ਸਸਰਾਮ ਗਇਆ ਹੋਕੇ ਪਟਨੇ ਸ਼ੈਹਰ ਮੈਂ ਟਿਕੇ, ਇਥੋਂ ਰਾਜਾ ਬਿਸ਼ਨ ਸਿੰਘ ਦੀ ਸਹਾਇਤਾ ਨਮਿਤ ਗੁਰੂ ਜੀ ਢਾਕੇ ਬੰਗਾਲੇ ਸ਼ਾਮ ਦੇਸ ਮੈਂ ਚਲੇ ਗਏ, ਪਿਛੋਂ ਗੁਰੂ ਗੋਬਿੰਦ ਸਿੰਘ ਜੀ ਅਵਤਾਰ ਧਾਰਿਆ। ਰਾਜੇ ਦਾ ਮਨੋਰਥ ਪੂਰਨ ਕਰ ਅਨੰਦ ਪੁਰ ਵਿਖੇ ਆਇ ਬਸੇ, ਪੰਜ ਬਰਸ ਦੀ ਅਵਸਥਾ ਹੋ ਚੁਕੀ ਸੀ ਜਦ ਗੁਰੂ ਗੋਬਿੰਦ ਸਿੰਘ ਨੂੰ ਅਨੰਦਪੁਰ ਸਦਵਾਯਾ।

ਇਸ ਵੇਲੇ ਔਰੰਗਜ਼ੇਬ ਨੇ ਮੁਸਲਮਾਨੀ ਮਤ ਫੈਲਾਉਣ ਦੇ ਕਾਰਨ ਅਤਿ ਅਨਯਾਈ ਹੋਇਕੇ ਅੰਧਾ ਧੁੰਧ ਮਚਾ ਰਖੀ ਸੀ, ਇਸ ਨੇ ਕਸ਼ਮੀਰ ਦੇ ਹਾਕਮ ਨੂੰ ਹੁਕਮ ਭੇਜਿਆ, ਕਿ ਜੇ ਮੰਨ ਲੈਣ ਤਾਂ ਚੰਗਾ ਹੈ ਨਹੀਂ ਤਾਂ ਜੋਰ ਨਾਲ ਸਭ ਨੂੰ ਮੁਸਲਮਾਨ ਕਰੋ। ਹਾਕਮ ਨੇ ਪਰਜਾ ਨੂੰ ਹੁਕਮ ਸੁਣਾਇਕੇ ਕਿਹਾ, ਜੇ ਕੋਈ ਤੁਹਾਡਾ ਸਹਾਇਕ ਹੋਵੇ ਤਾਂ ਤੁਸੀਂ ਉਸਨੂੰ ਪੁਕਾਰੋ। ਤਾਂ ਛੇ ਮਹੀਨੇ ਦੀ ਮਿਆਦ ਮੰਗਕੇ ਪੰਡਤ ਲੋਕ ਅਮਰਨਾਥ ਮੇਂ ਆਏ ਤਪਸਯਾ ਕਰਦੇ ਸ਼ਿਵਜੀ ਦੀ ਆਰਾਧਨਾ ਕਰਨ ਲਗੇ, ਅਨ ਸਨ ਬਰਤ ਧਾਰੇ ੪੦ ਦਿਨ ਬੀਤੇ ਤਾਂ ਆਕਾਸ਼ ਬਾਣੀ ਹੋਈ ਜੋ ਗੁਰੂ ਤੇਗ ਬਹਾਦਰ ਸਾਹਿਬ ਆਪਣਾ ਸਿਰ ਦੇਣ ਤਾਂ ਹਿੰਦੂ ਧਰਮ ਦਾ ਬਚਾਓ ਹੋ ਸਕਦਾ ਹੈ।

ਇਹ ਸੁਣਕੇ ਸਭ ਪੰਡਤ ਲੋਕਾਂ ਨੇ ਅਨੰਦਪੁਰ ਪੁਜਕੇ ਸ਼ਿਵਜੀ ਦੀ ਬਾਣੀ ਸੁਣਾਈ। ਜਿਨ੍ਹਾਂ ਦੇ ਅਸਹਿ ਦੁਖ ਨੂੰ ਦੇਖਕੇ ਕ੍ਰਿਪਾ ਨਿਧਾਨ ਗੁਰੂ ਜੀ ਨੇ ਆਖਿਆ ਭਾਈ ਕੋਈ ੩੨ ਸ਼ੁਭ ਲਛਣ ਮਹਾਤਮਾਂ ਸਿਰ ਦੇਵੇ ਤਾਂ ਧਰਮ ਬਚਦਾ ਹੈ, ਪਾਸ ਬੈਠੇ ਗੁਰੂ ਗੋਬਿੰਦ ਸਿੰਘ ਬੋਲੇ, ਆਪ ਤੋਂ ਵਧਕੇ ਹੋਰ ਕੌਣ ਹੈ? ਤਦ ਗੁਰੂ ਜੀ ਅਨੰਦ ਪੁਰੋਂ ਤੁਰਕੇ ਰਾਹ ਵਿਚ ਕਈ ਨਗਰਾਂ ਦੇ ਲੋਕਾਂ ਨੂੰ ਨਿਹਾਲ ਕਰਦੇ ਹੋਏ ਸਨੇ ਸਨੇ ਆਪਣੀ ਇਛਾ ਨਾਲ ਆਗਰੇ ਪਹੁੰਚੇ। ਇਥੇ ਗੁਰੂ ਜੀ ਨੇ ਇਕ ਗਡਰੀਏ ਅਰਥਾਤ ਬਕਰੀਆਂ ਚਰੋਣ

ਵਾਲੇ ਆਜੜੀ ਨੂੰ ਇਕ ਦੁਸ਼ਾਲਾ ਅਤ ਆਪਣੇ ਨਾਮ ਦੀ ਮੋਹਰ ਵਾਲੀ ਅੰਗੂਠੀ ਦੇਕੇ ਮਿਠਾਈ ਲੈਣ ਭੇਜਿਆ। ਹਲਵਾਈ ਨੇ ਕੰਗਾਲ ਕੋਲ ਕੀਮਤੀ ਵਸਤ ਚੋਰੀ ਦੀ ਜਾਣਕੇ ਕੋਤਵਾਲੀ ਖਬਰ ਕਰ ਦਿਤੀ, ਕੋਤਵਾਲ ਜੋ ਰਾਤ ਦਿਨ ਗੁਰੂ ਜੀ ਦੀ ਭਾਲ ਵਿਚ ਹੀ ਸੀ, ਮੋਹਰ ਤੋਂ ਨਾਮ ਪੜ੍ਹਕੇ ਚਾਰ ਸਵਾਰ ਹਥਿਆਰ ਬੰਦ ਨਾਲ ਲੈਕੇ ਆਯਾ, ਗੁਰੂ ਜੀ ਨੂੰ ਪਾਤਸ਼ਾਹ ਦੇ ਪਾਸ ਦੇਹਲੀ ਪਹੁੰਚਾਇਆ॥

ਪਰੇਤ ਵਾਲੀ ਹਵੇਲੀ ਵਿਚ ਡੇਰਾ ਲਾ ਦਿਤਾ, ਗੁਰੂ ਜੀ ਨੇ ਪਰੇਤ ਭੀ ਤਾਰਿਆ ਅਰ ਪਰੇਮੀ ਸਿਖਾਂ ਦੇ ਘਰ ਪ੍ਰਸ਼ਾਦ ਵੀ ਛਕਣ ਜਾਂਦੇ ਰਹੇ। ਤੁਰਕਾਂ ਨੇ ਬੁਰਾ ਮਾਸ ਖਾਣੇ ਵਿਖੇ ਭੇਜਿਆ, ਢਕਣਾ ਉਤਾਰਿਆ ਤਾਂ ਵਿਚੋਂ ਅਨੇਕਾਂ ਹੀ ਨਿਕੇ ੨ ਸੂਰ ਨਿਕਲੇ, ਜਿਸ ਕਰਕੇ ਮੁਸਲਮਾਨ ਆਪ ਹੀ ਪਰੇ ਹਟ ਗਏ। ਪਾਤਸ਼ਾਹ ਨੇ ਕਿਹਾ ਦੋ ਮਤ ਹਨ, ਪਰ ਮੈਂ ਇਕੋ ਮੁਸਲਮਾਨੀ ਹੀ ਕਰ ਦੇਣਾ ਹੈ, ਗੁਰੂ ਜੀ ਨੇ ਤਿਸ ਨੂੰ ਪੰਜ ਮਣ ਕਾਲੀਆਂ ਮਿਰਚਾਂ ਜਲਵਾਇਕੇ ਓਹਨਾਂ ਦੀ ਸਵਾਹ ਛਣਵਾਇਕੇ ਵਿਚੋਂ ਤਿੰਨ ਕਚੀਆਂ ਦਿਖਾਇਕੇ ਉੱਤਰ ਦਿਤਾ, ਤੂੰ ਇਕ ਕਰ ਦੇਣਾ ਚਾਹੁੰਦਾ ਹੈਂ, ਪਰੰਤੂ ਪਰਮੇਸ਼ਵਰ ਦੀ ਇਛਾ ਹੈ ਦੋਂਹ ਸੇ ਤਿੰਨ ਹੋ ਜਾਣ, ਸੋ ਤੀਸਰਾ ਖਾਲਸਾ ਪੰਥ ਉਠੇਗਾ ਅਰ ਹਿੰਦੂ ਕਣਕ ਦੇ ਆਟੇ ਸਮਾਨ ਹਨ, ਇਨ੍ਹਾਂ ਤੇ ਜੋ ਚਾਹੀਏ ਜੋਗੀ ਸੰਨਯਾਸੀ ਜੈਨ ਆਦਿ ਬਣ ਸਕਦੇ ਹਨ, ਮੁਸਲਮਾਨ ਮਲ ਸਮਾਨ ਹਨ ਜਦ ਅੰਨ ਖਾਧਾ ਮਲ ਬਣ ਗਿਆ, ਉਸ ਤੇ ਫੇਰ ਕੁਛ ਨਹੀਂ ਬਣ ਸਕਦਾ।

ਐਸੇ ਨਿਧੜਕ ਬਚਨ ਸੁਣਕੇ ਅਤੇ ਜਦ ਗੁਰੂ ਜੀ ਨੇ ਨਾ ਕਰਾਮਾਤ ਦੇਣੀ ਮੰਨੀ, ਅਰ ਨਾ ਮੁਸਲਮਾਨ ਹੋਣਾ ਮੰਨਿਆਂ, ਅਤੇ ਮਤੀ ਦਾਸ ਦੀਵਾਨ ਨੂੰ ਭੈ ਦਿਖਲਾਉਣੇ ਹਿਤ ਪਾਤਸ਼ਾਹ ਨੇ ਆਰੇ ਨਾਲ ਚਿਰਾਯਾ ਸੀ। ਹੁਕਮ ਦਿਤਾ ਕਲ੍ਹ ਕਤਲ ਦਾ ਹੁਕਮ ਸੁਣਾਯਾ ਜਾਵੇਗਾ। ਸਿਖ ਨੂੰ ਗੁਰੂ ਜੀ ਨੇ (ਗੁਨ ਗੋਬਿਦ ਗਾਇਓ ਨਹੀ) ਆਦਿ ੫੭ ਸਲੋਕ ਹੁਕਮ ਨਾਮਿਆਂ ਵਿਚ ਲਿਖ ਲਿਖਕੇ ਭੇਜੇ, ਅਰ ਗੁਰੂ ਗੋਬਿੰਦ ਸਿੰਘ ਜੀ ਨੂੰ ਲਿਖਿਆ, ਕਿ (ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥ ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਤ ਸਹਾਇ॥) ਜਿਸ ਦੇ ਉੱਤਰ ਵਿਖੇ ਦਸਮ ਗੁਰੂ ਜੀ ਨੇ ਲਿਖਿਆ ਕਿ:-"ਬਲੁ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ॥ ਨਾਨਕ ਸਭ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥"

ਦੂਸਰੇ ਦਿਨ ਕੋਤਵਾਲੀ ਮੈਂ ਬੁਲਾਇ ਪਾਤਸ਼ਾਹ ਨੇ ਪੁਛਿਆ ਤੈਂ ਕੀ ਤੇਗ ਦੀ ਬਹਾਦਰੀ ਕੀਤੀ ਹੈ, ਜੋ ਤੇਗ ਬਹਾਦਰ ਨਾਮ ਰਖਾਯਾ ਹੈ। ਗੁਰੂ ਜੀ ਨੇ ਉੱਤਰ ਦਿਤਾ-ਕਾਗਦ ਪਰ ਤੇਗ ਬਹਾਦਰ ਨਾਮ ਲਿਖਕੇ ਤਲਵਾਰ ਦੀ ਧਾਰ ਅਗੇ ਬੰਨ੍ਹ ਦਿਓ, ਅਰ ਫੇਰ ਤਲਵਾਰ ਚਲਾਓ। ਅਰ ਪਾਤਸ਼ਾਹ ਦੇ ਹੁਕਮ ਨਾਲ ਕਾਗਜ਼ ਪੁਰ ਨਾਮ ਲਿਖ ਕੇ ਧਾਰ ਅਗੇ ਬੰਨ੍ਹ ਦਿਤਾ ਅਰ ਮੁਗਲ ਸਪਾਹੀ ਨੇ ਤਲਵਾਰ ਚਲਾਈ, ਸੋ ਲਗਣੇ ਨਾ ਪਾਈ, ਪਰ ਸੀਸ ਗੁਰੂ ਕਾ ਆਪਣੀ ਇਛਾ ਨਾਲ ਹੀ ਉਤਰ ਆਯਾ, ਜੋ ਗੁਪਤ ਰੂਪ ਦੀਵਾਨ ਮਤੀ ਦਾਸ ਨੇ ਸਿਖ ਦੇ ਹਥ ਦਿਤਾ; ਸੋ ਲੈਂਦਾ ਹੀ ਲਪੇਟਕੇ ਅਨੰਦ ਪੁਰ ਦੇ ਰਾਹ ਪਿਆ, ਇਸ ਵੇਲੇ ਘੋਰ ਹਨੇਰੀ ਆਈ ਸਭ ਦੇ ਨੇਤਰ ਬੰਦ ਹੋ ਗਏ, ਆਪਣਾ ਪਰਾਯਾ ਨਜ਼ਰ ਕੁਛ ਨਾ ਆਯਾ। ਲਿਖਿਆ ਹੈ:-

ਛਪਯ-ਧੜ ਧੜਾਤ ਧਰ ਹਲੀ ਬਿਨਾ ਘਨ ਗਗਨ ਗਰਜਯੋ।
ਫਲਫਣਾਤ ਫਣ ਬਲੀ ਸ਼ੇਸ਼ ਸਿਰ ਸਹਸਰ ਲਰਜਯੋ।
ਕੰਪਯੋ ਇੰਦ੍ਰ ਦਿਵਾਨ ਬਯੋਮ ਮਧ ਡਿਗੇ ਬਿਮਾਨਾ।
ਡਿਗਯੋ ਸੁਮੇਰ ਕੁਮੇਰ ਸਭ ਬਿਧ ਮਨ ਸਕੁਚਾਨਾ।
ਝੁੰਝੁਲਤ ਧੂਲ ਸਭ ਚਖ ਮੁਏ ਹੈ ਹੈ ਹੈ ਸਭ ਜਗ ਭਯੋ।
ਗੁਰੂ ਤੇਗ ਬਹਾਦਰ ਕੇ ਚਲਤ ਨ ਭਧੁਨ ਜਯ ਜਯ ਜਯ ਛਯੋ।

ਚਾਰ ਘੜੀਆਂ ਤਕ ਧੂੜ ਉਡੀ, ਭੁਚਾਲ ਹੋਕੇ ਚਾਨਣਾ ਹੋਜਾ, ਸਿਰ ਨਾ ਮਿਲਨੇ ਦੇ ਕਾਰਨ ਲਗੀ ਭਾਲ ਹੋਣ, ਅੰਤ ਨੂੰ ਏਹ ਡੌਂਡੀ ਫੇਰੀ ਕਿ ਜੇ ਕੋਈ ਸਿਖ ਹੋਵੇ ਤਾਂ ਗੁਰੂ ਕੀ ਲੋਥ ਲੈ ਜਾਵੇ, ਪਾਤਸ਼ਾਹ ਦਾ ਵਿਚ ਰ ਸੀ ਭਈ ਜੋ ਲੋਥ ਲੈਣ ਆਵੇਗਾ ਉਸਨੂੰ ਪਕੜਾਂਗੇ ਕਿ ਸਿਰ ਦਾ ਪਤਾ ਲਾਓ, ਅਰ ਸਿਖ ਜ਼ਾਲਮ ਅਰ ਅਨਯਾਈ ਪਾਤਸ਼ਾਹ ਤੇ ਡਰਦੇ ਸਭ ਮੁਕਰ ਗਏ, ਜਿਸ ਨੂੰ ਪੁਛਣ ਤੂੰ ਸਿਖ ਹੈਂ ? ਉਹੋ ਮੁਕਰੇ ਨਹੀਂ ਜੀ ਮੈਂ ਸਿਖ ਨਹੀਂ ਹਾਂ, ਪਹਿਰੇਦਾਰ ਇਧਰ ਉਧਰ ਫਿਰਦੇ ਸੇ ਜੋ ਰਕਾਬ ਸ਼ਾਹ ਨਾਮੇ ਲਬਾਣੇ ਸਿਖ ਨੇ ਆਪਣੇ ਲਕੜੀ ਘਾਸ ਦੇ ਗਡੇ ਵਿਚ ਲੋਥ ਧਰਕੇ ਅਗ ਲਾ ਦਿਤੀ, ਬੁਝਾਉਣੇ ਦੇ ਬਹਾਨੇ ਚਾਰ ਪ੍ਰਕਰਮਾਂ ਅਰ ਸਸਕਾਰ ਕਰਕੇ ਨਮਸਕਾਰ ਕੀਤੀ ਸਣੇ ਪਾਤਸ਼ਾਹ ਦੇ ਤੁਰਕ ਮੁਸਲਮਾਨ ਹਥ ਮਲਦੇ ਹੀ ਰਹਿ ਗਏ।

ਇਧਰ ਦਸਮ ਗੁਰੂ ਪਲੰਘ ਤੋਂ ਉਤਰ ਧਰਤੀ ਪੁਰ ਹੋ ਬੈਠੇ। ਜੋ ਰਾਤ ਦਿਨ ਦਾ ਧਾਵਾ ਕਰਦਾ ਸਿਖ ਗੁਰੂ ਕਾ ਸੀਸ ਲਿਆਯਾ; ਅਰ

ਤਿਸਨੇ ਸਾਰਾ ਬ੍ਰਿਤਾਂਤ ਸੁਣਾਯਾ। ਗੁਰੂ ਜੀ ਨੇ ਚੰਦਨ ਚਿਖਾ ਬਣਾਇ ਸਸਕਾਰ ਆਦਿ ਸਭ ਸੰਸਕਾਰ ਕੀਤਾ ਗੁਰੂ ਘਰ ਦੀ ਰੀਤੀ ਅਨੁਸਾਰ ਤਖਤ ਪੁਰ ਬੈਠੇ, ਅਰ ਦਿਲੀ ਦੇ ਸਿਖਾਂ ਦਾ ਮੁਕਰਨਾ ਸੁਣ ਕੇ ਬੋਲੇ ਕਿ ਕਿ ਐਸਾ ਪੰਥ ਰਚਾਂਗਾ, ਜੋ ਹਜ਼ਾਰ ਵਿਚ ਇਕ ਬੈਠਾ ਹੋਵੇ ਤਾਂ ਭੀ ਲੁਕ ਨਾ ਸਕੇ, ਅਰ ਮੁਕਰ ਨਾ ਸਕੇ। ਸੋ ਐਸਾ ਖਾਲਸਾ ਪੰਥ ਸਾਜਿਆ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸਤਜ ਵੈਰਾਗ ਅਰ ਪਰ ਧਨ ਪਰ ਤਨ ਆਦਿ ਤਿਆਗ ਦੀ ਮੂਰਤ ਹੋਏ ਆਪਣੀ ਜੁਬਾ ਅਵਸਥਾ ਭੋਰੇ ਵਿਚ ਛਿਪਕੇ ਭਜਨ ਵਿਚ ਬਿਤਾਈ ਮਖਣ ਸ਼ਾਹ ਨੇ ਧੀਰਮਲ ਜੀ ਆਦਿ ਸਭ ਵਿਰੋਧੀਆਂ ਦਾ ਧਨ ਲੁਟਿਆ, ਤਾਂ ਗੁਰੂ ਜੀ ਨੇ ਤਿਸਦੇ ਹਥੀਂ ਸਭ ਮੁੜਵਾਇਆ ਗੁਰੂ ਗ੍ਰੰਥ ਸਾਹਿਬ ਜੀ ਦਾ ਬੀ ਲੋਭ ਨਹੀਂ ਫੁਰਿਆ। ਅੰਮ੍ਰਿਤਸਰ ਜੀ ਦੇ ਪੁਜਾਰੀਆਂ ਨੇ ਦਰਵਾਜਾ ਬੰਦ ਕਰ ਲਿਆ ਅਰ ਲੁਕ ਗਏ ਤਾਂ ਗੁਰੂ ਜੀ ਆਪ ਹੀ ਚਲੇ ਆਏ। ਪਰ ਤਿਨ੍ਹਾਂ ਨੂੰ ਅੰਦਰਸੜੀਏ ਪਦ ਦੇ ਬਿਨਾਂ ਹੋਰ ਕੁਛ ਨਾ ਕਹਿਆ, ਅਰ ਰੰਚਕ ਭਰ ਬੀ ਬਾਦ ਵਿਵਾਦ ਨਹੀਂ ਕੀਤਾ। ਨਾਮ ਦਾਨ ਸ਼ਨਾਨ ਬਾਣੀ ਦਾ ਪਾਠ ਨਿਤਨੇਮ ਕਰਨਾ, ਕਾਮ ਕਰੋਧ ਆਦਿਕਾਂ ਦੇ ਤਿਆਗ ਦਾ ਉਪਦੇਸ਼ ਦੇਕੇ ਸੰਗਤ ਨੂੰ ਤਾਰਿਆ। ਸ਼ਰਨ ਆਏ ਪੰਡਤਾਂ ਦੀ ਅਰ ਹਿੰਦੂ ਧਰਮ ਦੀ ਸਹਾਇਤਾ ਦੇ ਕਾਰਨ ਸੀਸ ਤਕ ਕੁਰਬਾਨ ਕਰ ਦਿਤਾ। ਅਤਿ ਅਨਿਆਈ ਮਲੇਛਾਂ ਦੀ. ਜੜ ਹਿਲਾਈ। ਅਰ ਦਿਲੀ ਵਿਚ ਹੀ ਬਚਨ ਕਰਕੇ ਨਿਆਇਕਾਰੀ ਸਰਕਾਰ ਇੰਗਲਿਸ਼ੀਆਂ ਨੂੰ ਇਸ ਹਿੰਦੁਸਤਾਨ ਦਾ ਰਾਜ ਦੇਕੇ ਪਰਜਾ ਨੂੰ ਅਮਨ ਦਾ ਸਮਯ ਦਿਖਾਇਆ। ਇਤਆਦਿ ਅਨੇਕਾਂ ਉਪਕਾਰ ਕਰਕੇ ਸੰਮਤ ੧੭੩੨ ਮਘਰ ਸੁਦੀ ਪੰਚਮੀ ਦੁਪੈਹਰ ਉਤੇ ਦੋ ਘੜੀ ਦਿਨ ਚੜੇ ਦਿਲੀ ਵਿਚ ਜੋਤੀ ਜੋਤ ਸਮਾਏ ਤੇ ਅੰਤ ਵੇਲੇ ਇਹ ਬਚਨ ਬੋਲੇ:-

ਚਿਤ ਚਰਨ ਕਵਲ ਕਾ ਆਸਰਾ ਚਿਤ ਚਰਨ ਕਵਲ
ਸੰਗ ਜੋੜੀਏ ॥ ਮਨ ਲੋਚੇ ਬੁਰਿਆਈਆਂ ਗੁਰ ਸਬਦੀ
ਇਹ ਮਨ ਹੋੜੀਏ ॥ ਬਾਂਹ ਜਿਨਾਂ ਦੀ ਪਕੜੀਏ
ਸਿਰ ਦੀਜੇ ਬਾਂਹ ਨਾ ਛੋੜੀਏ ॥ ਗੁਰੂ ਤੇਗ ਬਹਾਦਰ
ਬੋਲਿਆ ਧਰ ਪਈਏ ਧਰਮ ਨ ਛੋੜੀਏ ॥੧॥

ਬਸੰਤ ਮਹਲਾ ੯

ਮਨ ਕਹਾ ਬਿਸਾਰਿਓ ਰਾਮ ਨਾਮੁ ॥ ਤਨ ਬਿਨਸੈ ਜਮ
ਸਿਉ ਪਰੈ ਕਾਮੁ ॥੧॥ ਰਹਾਉ॥ ਇਹੁ ਜਗੁ ਧੂੰਏਂ ਕਾ

ਪਹਾਰ ॥ ਤੈ ਸਾਚਾ ਮਾਨਿਆ ਕਿਹ ਬਿਚਾਰਿ ॥ ੧ ॥
ਧਨੁ ਦਾਰਾ ਸੰਪਤਿ ਗ੍ਰੇਹ ॥ ਕਛੁ ਸੰਗਿ ਨ ਚਾਲੈ
ਸਮਝ ਲੇਹ ॥ ੨ ॥ ਇਕ ਭਗਤਿ ਨਾਰਾਇਨ ਹੋਇ
ਸੰਗਿ ॥ ਕਹੁ ਨਾਨਕ ਭਜੁ ਤਿਹ ਏਕ ਰੰਗਿ ॥ ੩ ॥

*

ਵਖਯਾਨ ੨੪

ਗੁਰਪੁਰਬ ਉੱਨੀਵਾਂ

ਦੋਹਰਾ:-ਬਿਘਨ ਹਰਨ ਮੰਗਲ ਕਰਨ ਸ੍ਰੀ ਗੁਰੂ ਚਰਨ ਮਨਾਇ ॥
ਜਨਮੋਤਸ਼ਵ ਬਰਨਨ ਕਰੋਂ ਦਸਮ ਗੁਰੂ ਉਰ ਧਯਾਇ ॥੧॥

ਸਰੋਤਾ ਜਨੋਂ ! ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸਦਾ ਵਿਰਕਤ ਚਿਤ ਬਕਾਲੇ ਨਾਮੇ ਗਰਾਮ ਦੇ ਗੁਪਤ ਕੋਠੇ ਵਿਚ ਵਸਕੇ ਜਿਸਦਾ ਨਾਮ ਭੋਰਾ ਸਾਹਿਬ ਪ੍ਰਸਿਧ ਹੈ । ਦਿਨ ਰਾਤ ਕਰਤਾਰ ਦੇ ਗੁਨਾਨੁਵਾਦ ਵਿਚ ਬਿਤਾਉਂਦੇ ਸੇ। ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਗੱਦੀ ਇਨ੍ਹਾਂ ਨੂੰ ਦਿਤੀ। ਸੋ ਮਖਣ ਸ਼ਾਹ ਲੁਬਾਣੇ ਦੇ ਕਾਰਨ ਪ੍ਰਗਟ ਹੋਏ। ਧੀਰਮਲ ਜੀ ਆਦਿਕਾਂ ਦੇ ਵਿਵਾਦ ਕਰਨੇ ਤੇ ਲਗ ਪਗ ਸਤਾਈ ਬਰਸਾਂ ਪਿਛੋਂ ਆਪਣੇ ਸਥਾਨ ਨੂੰ ਤਿਆਗ ਕੇ ਅੰਮ੍ਰਿਤਸਰ ਵਲੇ ਗੁਰੂ ਕੀ ਰੋੜ ਹੁੰਦੇ ਬਿਆਸਾ ਲੰਘਕੇ ਦੁਆਬੇ ਵਿਚ ਬਿਚਰਦੇ ਕਹਿਲੂਰ ਦੇ ਰਾਜ ਵਿਚ ਜ਼ਮੀਨ ਖਰੀਦ ਕੇ ਅਨੰਦਪੁਰ ਨਾਮੇ ਨਗਰ ਬਸਾਇਆ। ਇਥੇ ਇਨਹਾਂ ਦਾ ਪ੍ਰਤਾਪ ਵਧਿਆ ਦੇਖਕੇ ਧੀਰਮਲ ਜੀ ਨੇ ਰਾਮ ਰਾਇ ਜੀ ਨੂੰ ਲਿਖਿਆ ਜੋ ਕਿਸੇ ਤਰ੍ਹਾਂ ਇਨ੍ਹਾਂ ਨੂੰ ਦੇਸ ਵਿਚੋਂ ਕਢਾਇ ਦਿਓ । ਤੂੰ ਸਮਰਥ ਹੈਂ ਪਾਤਸ਼ਾਹ ਤੇਰੀ ਮੰਨਦਾ ਹੈ। ਅੰਤਰਜਾਮੀ ਗੁਰੂ ਤਿਨ੍ਹਾਂ ਦੇ ਵਿਰੋਧ ਤੇ ਉਦਾਸ ਹੋਏ ਤੀਰਥ ਯਾਤਰਾ ਦਾ ਨਮਿਤ ਕਰਕੇ ਪਹਿਲੇ ਜਿਥੇ ਹੁਣ ਨਾਭਾ ਪਟਿਆਲਾ ਜੀਂਦ ਦਾ ਰਾਜ ਹੈ, ਧਰਮ ਉਪਦੇਸ਼ ਕਰਦੇ ਗਰਾਮ ਗਰਾਮ ਵਿਖੇ ਫਿਰਦੇ ਜੋ ਹੁਣ ਤਕ ਇਥੇ ਗੁਰਦੁਵਾਰੇ ਬਣ ਹੋਏ ਹਨ, ਅੰਗਰੇਜ਼ੀ ਇਲਾਕੇ ਵਿਖੇ ਕੁਰੂਖੇਤਰ ਹਰਿਦਵਾਰ ਮਥਰਾ ਬਿੰਦਰਾਬਨ ਅਜੁਧਿਆ ਵਿਖੇ ਦਰਸ਼ਨ ਦਿੰਦੇ ਤ੍ਰਿਬੇਣੀ ਪ੍ਰਯਾਗਰਾਜ ਉਤੇ ਆਏ ਸ਼ਨਾਨ ਕਰਕੇ ਗੁਰੂ ਸਾਹਿਬ ਨੇ ਅੰਨ ਬਸਤਰ

ਗਊਆਂ ਘੋੜੇ ਭੂਖਨ ਆਦਿ ਸਰਬਤਰ ਦਾਨ ਕੀਤਾ ਸੰਗਤ ਦੀ ਸਨਿਮਰ ਬੇਨਤੀ ਮੰਨਕੇ ਅਹਿਯਾ ਪੁਰ ਨਾਮੇ ਮਹਲੇ ਮੇਂ ਟਿਕੇ ਇਥੇ ਮਾਤਾ ਨਾਨਕੀ ਜੀ ਨੇ ਬੇਨਤੀ ਕੀਤੀ ਕਿ ਹੇ ਪੁਤਰ ਤੇਰੇ ਪਿਤਾ ਜੀ ਦਾ ਬਚਨ ਹੈ ਕਿ ਤੇਰੇ ਘਰ ਬੜਾ ਪਰਤਾਪੀ ਵਿਦਵਾਨ ਪੁਤਰ ਆਵੇਗਾ। ਸੋ ਉਹ ਕਦ ਆਵੇਗਾ ? ਮੇਰੀ ਅਵਸਥਾ ਬ੍ਰਿਧ ਹੁੰਦੀ ਜਾਂਦੀ ਹੈ, ਅਰ ਮੇਰੀ ਇਛਾ ਹੈ ਜੋ ਮੈਂ ਆਪਣੇ ਪੋਤਰੇ ਦਾ ਦਰਸ਼ਨ ਕਰ ਲਵਾਂ।

ਮਾਤਾ ਜੀ ਦਾ ਬਚਨ ਸੁਣ ਗੁਰੂ ਜੀ ਕਹਿਆ ਮਾਤਾ ਜੀ ਕਰਤਾਰ ਅਭਿਮਤ ਦਾਤਾਰ ਤੁਹਾਡੀ ਇਛਾ ਪੂਰਨ ਕਰੇਗਾ। ਹੁਣ ਸ੍ਰੀ ਗੁਰੂ ਦਸਮ ਪਾਤਸ਼ਾਹ ਜੀ ਨੇ ਆਪਣਾ ਪ੍ਰਗਟ ਹੋਣਾ ਸ੍ਰੀ ਮੁਖਵਾਕ ਬਚਿਤਰ ਨਾਟਕ ਦੇ ਛੇਵੇਂ ਅਧਿਆਇ ਮੇਂ ਲਿਖਿਆ ਹੈ ਸੋ ਇਹ ਹੈ:-

> ਅਬ ਮੈਂ ਅਪਨੀ ਕਥਾ ਬਖਾਨੋ । ਤਪ ਸਾਧਤ ਜਿਹ ਬਿਧ ਮੁਹਿ ਆਨੋ । ਹੇਮ ਕੁੰਟ ਪਰਬਤ ਹੈ ਜਹਾਂ। ਸਪਤ ਸ੍ਰਿੰਗ ਸੋਭਤ ਹੈ ਤਹਾਂ ॥੧॥ ਸਪਤ ਸ੍ਰਿੰਗ ਤਿਹ ਨਾਮੁ ਕਹਾਵਾ । ਪੰਡੁ ਰਾਜ ਜਹ ਜੋਗ ਕਮਾਵਾ। ਤਹ ਹਮ ਅਧਿਕ ਤਪੱਸਿਆ ਸਾਧੀ। ਮਹਾ ਕਾਲ ਕਾਲਿਕਾ ਅਰਾਧੀ ॥੨॥ ਇਹ ਬਿਧਿ ਕਰਤ ਤਪਸਿਆ ਭਯੋ ॥ ਦ੍ਵੈ ਤੇ ਏਕ ਰੂਪ ਹ੍ਵੈ ਗਯੋ । ਤਾਤ ਮਾਤ ਮੁਰ ਅਲਖ ਅਰਾਧਾ। ਬਹੁ ਬਿਧ ਜੋਗ ਸਾਧਨਾ ਸਾਧਾ ॥੩॥ ਤਿਨ ਜੋ ਕਰੀ ਅਲਖ ਕੀ ਸੇਵਾ । ਤਾਂਤੇ ਭਏ ਪ੍ਰਸੰਨ ਗੁਰਦੇਵਾ। ਤਿਨ ਪ੍ਰਭ ਜਬ ਆਇਸ ਮੁਹਿ ਦੀਆ । ਤਬ ਹਮ ਜਨਮ ਕਲੂ ਮਹਿ ਲੀਆ ॥੪॥ ਚਿਤ ਨ ਭਯੋ ਹਮਰੋ ਆਵਨ ਕਹਿ । ਚੁਭੀ ਰਹੀ ਸੁਰਤਿ ਪ੍ਰਭੁ ਚਰਨਨ ਮਹਿ । ਜਿਉਂ ਜਿਉਂ ਪ੍ਰਭ ਹਮ ਕੋ ਸਮਝਾਯੋ । ਇਮ ਕਹਿਕੇ ਇਹ ਲੋਕ ਪਠਾਯੋ।੫।

ਇਸ ਵਿਚ ਗੁਰੂ ਸਾਹਿਬ ਨੇ ਆਪਣੀ ਜਨਮ ਕਥਾ ਸੁਨਾਉਣ ਦੇ ਕਾਰਨ ਜਿਸ ਸਥਾਨ ਤੇ ਆਏ ਉਸ ਸਥਾਨ ਦਾ ਪਤਾ ਅਰ ਇਸ਼ਟ ਉਪਸ਼ਾਯ ਦਾ ਨਾਮ ਅਰ ਆਪਣਾ ਤਪ ਕਰਨਾ ਵੀ ਲਿਖਿਆ ਹੈ । ਫੇਰ ਆਪਣੇ ਅਵਤਾਰ ਧਾਰਨੇ ਵਿਖੇ ਮਾਤਾ ਪਿਤਾ ਦੇ ਧਿਆਨ ਅਰ ਅਰਾਧਨਾ ਕਰਨੇ ਤੇ ਪ੍ਰਸੰਨ ਹੋਏ ਅਕਾਲ ਪੁਰਖ ਦੀ ਆਗਿਆ ਕਾਰਨ ਕਹੀ ਹੈ। ਫੇਰ ਅਕਾਲ ਪੁਰਖ ਦੇ ਬਚਨ ਤੇ ਆਪ ਨੂੰ ਤਿਸਦਾ ਪੁਤਰ ਪ੍ਰਗਟ ਕੀਤਾ

ਹੈ। ਅਤ (ਜਾਹੁ ਤਹਾ ਤੈ ਧਰਮ ਚਲਾਇ। ਕਬੁਧਿ ਕਰਨ ਤੇ ਲੋਕ ਹਟਾਇ ॥ ੨੯ ॥) ਇਸ ਬਚਨ ਦਵਾਰਾ ਉਤਮ ਧਰਮਾਂ ਦਾ ਪ੍ਰਚਾਰ ਕਰਨਾ ਅਵਤਾਰ ਹੋਣੇ ਦਾ ਪਰਯੋਜਨ ਕਹਿਆ ਹੈ। ਅਰ ਜਿਸ ਪਰਬਤ ਦੇ ਉਪਰ ਬਦਰੀ ਨਾਰਾਇਣ ਦਾ ਮੰਦਰ ਹੈ,ਉਸ ਪਰਬਤ ਦਾ ਨਾਮ ਗੰਧਮਾਦਨ ਹੈ, ਗੰਧਮਾਦਨ ਤੇ ਛੇ ਕੋਹ ਹੇਠਲੇ ਪਰਬਤ ਦਾ ਨਾਮ ਸਪਤ ਸ੍ਰਿੰਗ ਹੈ। ਇਸ ਪਰਬਤ ਵਿਖੇ ਰਾਜ-ਪੰਡ ਨੇ ਤਪ ਯੋਗ ਕੀਤਾ ਹੈ, ਹੁਣ ਉਥੇ ਪੰਡ ਕੇਸਰ ਨਾਮਾ ਗਰਾਮ ਵਸਦਾ ਹੈ, ਇਸ ਤੋਂ ਇਕ ਮੀਲ ਹੇਠਾਂ ਅਲਕਨੰਦਾ ਨਾਮ ਗੰਗਾ ਦਾ ਪੁਲ ਹੈ, ਫੇਰ ਇਸ ਮੇਂ ਭੋਟੀ ਗੰਗਾ ਮਿਲਦੀ ਹੈ, ਇਸ ਨੂੰ ਲੰਘਕੇ ਅਠ ਕੋਸ ਦੀ ਵਿਥ ਉਤੇ ਲੋਹਪਾਲ ਸਰੋਵਰ ਦਾ ਭੋਟੀ ਗੰਗਾ ਦੇ ਜਲ ਨਾਲ ਸੰਗਮ ਹੈ, ਇਥੋਂ ਚੜ੍ਹਾਈ ਲਗਦੀ ਹੈ ਸੋ ਦੋ ਕੋਹ ਤੀਕ ਰਾਹ ਬਿਖੜਾ ਹੈ, ਪੰਡ-ਕੇਸਰ ਦਾ ਪੁਜਾਰੀ ਲੋਹਪਾਲ ਵਿਚ ਲੈ ਜਾਂਦਾ ਹੈ, ਅਰ ਇਥੇ ਅਧ ਕੋਹ ਪੱਕਾ ਲੰਮਾ ਅਰ ਸਵਾ ਸੌ ਕਰਮ ਚੌੜਾ ਇਕ ਲੋਹਪਾਲ ਨਾਮੇ ਤਲਾਉ ਹੈ। ਇਸਦੇ ਪਛਮ ਦੇ ਪਾਸੇ ਦੋ ਮੰਦਰ ਹਨ ਮਹਾਂ ਕਾਲ ਅਰ ਮਹਾਂ ਕਾਲੀ ਦਾ, ਇਹਨਾਂ ਨੂੰ ਭੋਗ ਕੜਾਹ ਪ੍ਰਸ਼ਾਦ ਦਾ ਲਗਦਾ ਹੈ। ਗਾਂਜਾ ਅਰ ਤਮਾਕੂ ਇਥੇ ਕੋਈ ਨਹੀਂ ਪੀਂਦਾ ਅਰ ਜੁਤੀ ਭੀ ਇਕ ਕੋਹ ਤੇ ਹੇਠਾਂ ਹੀ ਛਡ ਜਾਂਦੇ ਹਨ। ਲੋਕ ਪਾਲਾਂ ਦਾ ਏਹ ਸਰੋਵਰ ਹੈ। ਬਦਰੀ ਮਹਾਤਮ ਵਿਖੇ ਇਸ ਤਲਾਉ ਦੇ ਜਲ ਨਾਲ ਦਾਤਨ ਕੁਰਲਾ ਆਦਿ ਕਰਨਾ ਵਰਜਿਆ ਹੈ। ਇਥੇ ਬੈਠਕੇ ਹੀ ਗੁਰੂ ਸਾਹਿਬ ਨੇ ਤਪਸਿਆ ਤਪੀ ਹੈ, ਓਹ ਸਾਰੀ ਕਥਾ ਬਚਿੱਤਰ ਨਾਟਕ ਵਿਖੇ ਲਿਖੀ ਹੈ ਅਰ ਪੰਡ ਰਾਜਾ ਦੇ ਤਪ ਸਥਾਨ ਦਾ ਪਤਾ ਵੀ ਦਿਤਾ ਹੈ। ਇਹ ਸਾਰੀ ਕਥਾ ਮਹਾਂ ਭਾਰਤ ਦੇ ਆਦਿ ਪੁਰਬ ਇਕ ਸੌ ਉਨੀਸਵੇਂ ਅਧਿਆਇ ਪੰਤਾਲੀਵੇਂ ਸਲੋਕ ਤੋਂ ਅਰੰਭ ਹੋਈ ਹੈ, ਇਥੇ ਹੀ ਜਯਦਰਥ ਦੇ ਮਾਰਨੇ ਦੀ ਇਛਾ ਪੂਰਨ ਅਰ ਜੀਤ ਦੀ ਸਹਾਇਤਾ ਹਿਤ ਸ੍ਰੀ ਕ੍ਰਿਸ਼ਨ ਅਰਜਨ ਨੂੰ ਨਾਲ ਲੈ ਕੇ ਗਏ, ਅਰਜਨ ਤੇ ਤਪ ਕਰਕੇ ਮਹਾਂ ਕਾਲ ਮੇਂ ਵਰ ਪਾਇਆ ਅਰ ਜਯਦਰਥ ਨੂੰ ਖਪਾਇਆ, ਇਹ ਕਥਾ ਦਰੋਣ ਪਰਬ ਵਿਖੇ ਲਿਖੀ ਹੈ।

ਇਧਰ ਗੁਜਰੀ ਜੀ ਦੇ ਗਰਭਾਧਾਰਨ ਹੋਇਆ ਜਾਣਕੇ ਮਾਤਾ ਨਾਨਕੀ ਅਤਿ ਹਰਖਤ ਹੋਈ ਜਪੁਜੀ ਪੜ੍ਹੇ ਅਰ ਦਾਨ ਕਰੇ ਅਰ ਸੁਭ ਸਮਯ ਨੂੰ ਉਡੀਕੇ ਗੁਰੂ ਸਾਹਿਬ ਕਾਂਸ਼ੀ ਸਸਰਾਮ ਨਾਮੇ ਗਰਾਮ ਵਿਖੇ ਚਾਚਾ ਫਗੂ ਦੀ ਨਵੀਨ ਹਵੇਲੀ ਵਿਖੇ ਘੋੜੇ ਪਰ ਚੜ੍ਹੇ ਚੜ੍ਹਾਏ ਚਰਨ ਪਾਏ। ਸਿਖ

ਦਾ ਮਨੋਰਥ ਪੂਰਨ ਕਰਕੇ ਪਟਨੇ ਨਾਮੇ ਨਗਰ ਵਿਖੇ ਆਲਮ ਗੰਜ ਮਹਲੇ ਵਿਚ ਜੈਤ ਨਾਮੇ ਸੇਠ ਖਤਰੀ ਦੇ ਘਰ ਉਤਰੇ, ਪਰ ਇਹ ਜਗ੍ਹਾ ਤੰਗ ਦੇਖਕੇ ਇਕ ਸਿਖ ਨੇ ਗੰਗਾ ਜੀ ਦੇ ਕੰਢੇ ਹਵੇਲੀ ਅਰਦਾਸ ਕਰਾਈ, ਉਸ ਵਿਚ ਗੁਰੂ ਜੀ ਨੇ ਨਿਵਾਸ ਕੀਤਾ, ਕੁਛਕ ਦਿਨ ਬੀਤੇ ਰਾਜਾ ਜੈ ਸਿੰਘ ਸਵਾਈ ਦਾ ਪੋਤਰਾ ਬਿਸ਼ਨ ਸਿੰਘ ਗੁਰੂ ਸਾਹਿਬ ਨੂੰ ਨਾਲ ਲੈਕੇ ਸ਼ਤਰੂ ਜੀਤਣੇ ਦੀ ਭਾਵਨਾ ਪਰ ਪਾਤਸ਼ਾਹ ਔਰੰਗਜ਼ੇਬ ਦੀ ਸਭਾ ਵਿਚ ਮੁਹਿੰਮ ਸਰ ਕਰਨੇ ਦਾ ਬੀੜਾ ਉਠਾਇ ਢਾਕੇ ਬੰਗਾਲੇ ਦੇਸ ਵਿਖੇ ਚਲਿਆ, ਗੁਰੂ ਜੀ ਆਪਣੇ ਕੁਟੰਬ ਨੂੰ ਪਟਨੇ ਵਿਖੇ ਛਡਕੇ ਆਪ ਰਾਜਾ ਦੇ ਨਾਲ ਗਏ, ਤਹਾਂ ਸ਼ਤਰੂ ਮਾਰੇ ਸ਼ਰਨਾਗਤ ਉਬਾਰੇ ਉਥੇ ਹੀ ਪੁਤਰ ਜਨਮ ਦਾ ਸਨੇਹਾ ਸੁਣਕੇ ਤੋਪਾਂ ਦੀ ਸ਼ਲਕ ਦੀਪਮਾਲਾ ਆਤਸ਼ਬਾਜ਼ੀ ਚਲਾਇ ਕੜਾਹ ਪ੍ਰਸ਼ਾਦ ਵਰਤਾਇਕੇ ਗੁਰੂ ਸਾਹਿਬ ਅਰ ਰਾਜਾ ਬਿਸ਼ਨ ਸਿੰਘ ਨੇ ਬੜੀ ਵਧਾਈ ਕੀਤੀ ਅਨੰਦ ਮੰਗਲਾਚਾਰ ਦਾ ਵਾਰਾਪਾਰ ਨਹੀਂ, ਦਾਨ ਅਨੇਕ ਪ੍ਰਕਾਰ ਦੇ ਦਿਤੇ। ਸੰਮਤ ੧੭੨੩ ਪੋਹ ਸੁਦੀ ਸਤਮੀ ਧਨੇਸ਼ਟਾ ਨਖਿਯਤ੍ਰ ਐਤਵਾਰ ਪਿਛਲੀ ਰਾਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪੁਤਰ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਪੋਤਰੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਪੜੋਤਰੇ ਅਰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਨੜੋਤਰੇ ਸੂਰਜਬੰਸ ਦੇ ਸੂਰਜ ਸ੍ਰੀ ਰਾਮਚੰਦ੍ਰ ਜੀ ਦੀ ਕੁਲ ਦੇ ਭੂਸ਼ਨ ਸੋਢੀ ਸਿਰਤਾਜ ਕਲਗੀਧਰ ਮਹਾਰਾਜ ਪਟਨੇ ਨਗਰ ਵਿਖੇ ਮਾਤਾ ਗੁਜਰੀ ਜੀ ਦੀ ਕੁਖ ਤੇ ਅਵਤਾਰ ਧਾਰਿਆ, ਅਰ ਮਨੁਖ ਰੂਪ ਧਾਰ ਪ੍ਰਗਟੇ। ਯਥਾ–

ਸ੍ਰੀ ਮੁਖਵਾਕ ਬਚਿਤਰ ਨਾਟਕ ਮੇਂ– [ਦੋਹਰਾ]

ਜਬ ਆਇਸ ਪ੍ਰਭ ਕੋ ਭਯੋ ਜਨਮੁ ਧਰਾ ਜਗ ਆਇ।
ਅਬ ਮੈਂ ਕਥਾ ਸੰਛੇਪਤੇ ਸਭ ਹੂ ਕਹਤ ਸੁਨਾਇ॥ ੧॥
ਮੁਰ ਪਿਤ ਪੂਰਬ ਕੀਯਸ ਪਯਾਨਾ। ਭਾਂਤਿ ਭਾਂਤਿ ਕੇ ਤੀਰਥ ਨਾਨਾ। ਜਬ ਹੀ ਜਾਤ ਤ੍ਰਿਬੇਣੀ ਭਏ। ਪੁੰਨ ਦਾਨ ਦਿਨ ਕਰਤ ਬਿਤਏ ॥੧॥ ਤਹੀ ਪ੍ਰਕਾਸ਼ ਹਮਾਰਾ ਭਯੋ। ਪਟਣਾ ਸ਼ਹਿਰ ਬਿਖੇ ਭਵ ਲਯੋ ॥ ਮੱਦ੍ਰ ਦੇਸ ਹਮ ਕੋ ਲੇ ਆਏ। ਭਾਂਤ ਭਾਂਤ ਦਾਈਯਨ ਦੁਲਰਾਏ॥ ੨॥ ਕੀਨੀ ਅਨਿਕ ਭਾਂਤ ਤਨ ਰੱਛਾ। ਦੀਨੀ ਭਾਂਤਿ ਭਾਂਤਿ ਕੀ ਸਿੱਛਾ। ਜਬ ਹਮ ਧਰਮ ਕਰਮ ਮੋ ਆਏ। ਦੇਵ ਲੋਕ ਤਬ ਪਿਤਾ ਸਿਧਾਏ।

ਇਸ ਪ੍ਰਕਾਰ ਗੁਰੂ ਸਾਹਿਬ ਜੀ ਦਾ ਅਵਤਾਰ ਹੋਯਾ ਦਸਮ ਗੁਰੂ ਸਾਹਿਬ ਨੇ ਬੜੇ ਬੜੇ ਉਪਕਾਰ ਕੀਤੇ ਹਨ, ਹਿੰਦੂ ਧਰਮ ਦਾ ਡੁਬਦਾ ਬੇੜਾ ਬਚਾਇਆ, ਸ਼ੇਰ ਦੇ ਮੂੰਹੋਂ ਬਕਰੀ ਨੂੰ ਛੁਡਾਇਆ ਕਿ ਜੇਹੜਾ ਆਲਮਗੀਰ ਅੰਧਾਧੁੰਦ ਤੋਂ ਪਰਜਾ ਨੂੰ ਬਚਾਇਆ ਅਰ ਧਰਤੀ ਵਿਖੇ ਸੁਵਰਗ ਰਚਾਇਆ ਅਰ ਮਨੁਖਾਂ ਨੂੰ ਦੇਵਤਾ ਬਣਾਇਆ ਕਿ ਜਿਹੜਾ ਅੰਗਰੇਜ਼ੀ ਰਾਜ ਦਾ ਸਮਯ ਇਸ ਦੇਸ ਵਿਖੇ ਦਿਖਾਇਆ ਜਿਸ ਵਿਚ ਸ਼ੇਰ ਬਕਰੀ ਨੂੰ ਇਕ ਘਾਟ ਪਰ ਪਾਨੀ ਪਿਲਾਇਆ ਹੈ, ਇਨ੍ਹਾਂ ਨੇ ਆਪਨਾ ਸਰਬੰਸ ਲਗਾਇਆ ਹੈ। ਇਨ੍ਹਾਂ ਸਤਿਗੁਰਾਂ ਦਾ ਗੁਰਪੁਰਬ ਮਨਾਓ। ਦੀਪ ਮਾਲਾ ਜਗਾਓ ਕੜਾਹ ਪ੍ਰਸ਼ਾਦ ਵਰਤਾਓ ਅਰ ਜੋੜ ਮੇਲ ਕਰਾਓ ਸ਼ਬਦ ਕੀਰਤਨ ਗਾਓ ਖੁਸ਼ੀਆਂ ਦੇ ਜੈਕਾਰੇ ਗਜਾਓ। ਜੋ ਤੁਹਾਨੂੰ ਕਰਤਾਰ ਨੇ ਕ੍ਰਿਪਾ ਕਰਕੇ ਇਹ ਦਿਨ ਦਿਖਾਇਆ ਹੈ।

✻

ਵਖਯਾਨ ੨੫

॥ ਦੋਹਰਾ ॥

ਸ਼ਰਨ ਪਰਨ ਤਿਹ ਸ਼ੁਭ ਕਰਨ ਹਰਨ ਭਰਨ ਸਮਰੱਥ ॥
ਅਰਨਿ ਚਰਨਿ ਕਾਰਨ ਕਰਨ ਧਾਰਨ ਮਮਸਿਰ ਹੱਥ ॥ ੧ ॥

ਸੰਗਤ ਜੀ! ਸ਼ੁਭ ਕਰਮੀ ਸਤ ਧਰਮੀ ਪੁਰਸ਼ਾਂ ਦੀ ਪੁਕਾਰ ਸੁਣਕੇ ਕਲਿਜੁਗ ਦੇ ਕਲ ਮਲ ਗ੍ਰਸਤ ਜੀਵਾਂ ਦੇ ਉਧਾਰ ਵਾਸਤੇ ਧਰਤੀ ਦੇ ਸਿਰ ਤੋਂ ਹਰਿ ਬੇਮੁਖਾਂ ਦੇ ਭਾਰ ਉਤਾਰਨ ਹਿਤ ਅਭਿਮਤ ਦਾਤਾਰ ਸ੍ਰੀ ਗੁਰੂ ਨਾਨਕ ਜੀ ਦਾ ਅਵਤਾਰ ਹੋਇਆ ਇਹਨਾਂ ਦੇ ਸਤਯ ਉਪਦੇਸ਼ਾਂ ਨਾਲ ਅਪਾਰ ਮਹਾਂ ਮਲੀਨ ਮੂਢ ਹਿਰਦਿਆਂ ਦਾ ਉਧਾਰ ਹੋਇਆ ਸਤਿਗੁਰੂ ਨੇ ਸਚੇ ਪਵਿੱਤਰ ਈਸ਼ਵਰਯ ਧਰਮ ਦਾ ਬੀਜ ਆਤਮਿਆਂ ਦੇ ਵਿਚ ਬੋਇਆ, ਜਿਸਦਾ ਸ਼ਬਦ ਬਾਣੀ ਰੂਪ ਅੰਕੁਰ ਵਾ ਸਿਖੀ ਪੰਥ ਰੂਪ ਪੌਦਾ ਪ੍ਰਗਟ ਹੋਇਆ ਤਿਸਦੇ ਉਠ ਬਕਰੀਆਂ ਮਿਰਗਾਂ ਸਮਾਨ ਕੰਟਕ ਦੁਸ਼ਟਾਂ ਦੇ ਦੰਡਕ ਪਰਮ ਪ੍ਰਤਾਪੀ ਸ੍ਰੀ ਗੁਰੂ ਕਲਗੀਧਰ ਮਹਾਰਾਜ ਨੇ ਸੰਮਤ ੧੭੨੩ ਸ਼ੁਭ ਦਿਨ ਪੋਹ ਸੁਦੀ ਸਤਮੀ ਧਨੇਸ਼ਟਾ ਨਛਤਰ ਐਤਵਾਰ ਪ੍ਰਾਤਕਾਲ

ਪਟਨੇ ਨਾਮੇ ਨਗਰ ਵਿਖੇ ਮਾਤਾ ਗੁਜਰੀ ਜੀ ਦੇ ਗਰੇਹ ਵਿਚ ਪ੍ਰਕਾਸ਼ ਕੀਤਾ ਇਹ ਖਬਰ ਪਾਇਕੇ ਪਟਨੇ ਦੀ ਸੰਗਤ ਨੇ ਘਰ ਘਰ ਮੰਗਲਾਚਾਰ ਅਰ ਜੈ ਜੈ ਕਾਰ ਕੀਤਾ, ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਰਾਜਾ ਬਿਸ਼ਨ ਸਿੰਘ ਸਵਾਈ ਦੇ ਪ੍ਰੇਮ ਸੇ ਸਹਾਇਤਾ ਨਮਿਤ ਤਿਸਦੇ ਨਾਲ ਬੰਗਾਲਾ ਦੇਸ ਵਿਖੇ ਲੰਘਦੇ ਕਾਵਰੂ ਦੇਸ ਜਿਸ ਨੂੰ ਤਵਾਰੀਖਾਂ ਵਿਚ ਸ਼ਾਮ ਦੇਸ਼ ਲਿਖਦੇ ਹਨ ਮੁਹਿੰਮ ਪਰ ਗਏ ਹੋਏ ਸਨ। ਅਤੇ ਢਾਕੇ ਨਾਮੇ ਨਗਰ ਦੇ ਨਬੇ ਕੋਸ ਈਸਾਨ ਕੋਨ ਵਿਖੇ ਬ੍ਰਹਮ ਪੁਤਰ ਨਦੀ ਦੇ ਉਰਲੇ ਕਿਨਾਰੇ ਗੌਰੀ ਪੁਰ ਸ਼ਹਿਰ ਦੇ ਪਾਸ ਧੋਬੜੀ ਨਾਮੇ ਗਰਾਮ ਵਿਚ ਮੁਕਾਮ ਸੀ, ਜਦ ਪੁਤਰ ਜਨਮ ਦੀ ਖਬਰ ਪਹੁੰਚੀ, ਗੁਰੂ ਸਾਹਿਬ ਨੇ ਕੜਾਹ ਪ੍ਰਸਾਦਿ ਕਰਵਾਇਆ ਸ਼ਬਦ ਕੀਰਤਨ ਅਰਦਾਸ ਕਰਕੇ ਵਰਤਾਇਆ ਰਾਜੇ ਨੇ ਤੋਪਾਂ ਦੀ ਸ਼ਲਕ ਅਰ ਦੀਪਮਾਲਾ ਕਰਵਾਈ ਮੰਗਤਿਆਂ ਨੇ ਮਨਿਛਤ ਦਾਨ ਪਾਏ, ਦੁਖੀ ਦਲਿਦਰੀ ਅਨਾਥ ਸਭ ਵਰਸਾਏ; ਅਰ ਰਾਜੇ ਦੀ ਫੌਜ ਨੇ ਇਕਢਾਲ ਮਿਟੀ ਦੀ ਪਾਇਕੇ ਅਤਿ ਉਚਾ ਗੁਰਦਵਾਰਾ ਦਮਦਮਾ ਸਾਹਿਬ ਬਣਾਇਆ, ਕਮਖਯਾ ਦੇਵੀ ਦਾ ਮੰਦਰ ਇਥੋਂ ਤੀਹ ਕੋਹ ਹੈ।

ਸਤਿਗੁਰੂ ਦਾ ਜਨਮ ਸੁਣਕੇ ਧਰਮ ਦੇ ਦੋਖੀ ਦੁਸ਼ਟ ਕਬਰਾਂ ਵਿਚ ਪਏ ਕੰਬ ਉਠੇ। ਪਰ ਇਸ ਵਲ ਕੁਹੜਾਮ ਨਗਰ ਦੇ ਨਿਵਾਸੀ ਸਯਦ ਭੀਖਨ ਸ਼ਾਹ ਜੋ ਰਸਕੇ ਗਰਾਮ ਵਿਚ ਆਪਣੇ ਮੁਰਸ਼ਦ ਕੋਲ ਰਹਿੰਦਾ ਸੀ। ਮੁਸਲਮਾਨਾਂ ਵਿਚੋਂ ਨਾਮੀ ਫਕੀਰ ਸੀ ਇਸ ਨੇ ਪਿਛਲੀ ਰਾਤ ਜਾਗਕੇ ਫਜਰ ਦੀ ਨਿਮਾਜ ਪੂਰਬ ਵਲ ਮੁਖ ਕਰਕੇ ਪੜ੍ਹੀ ਅਰ ਸਿਜਦੇ ਕੀਤੇ ਤਾਂ ਮੁਰੀਦਾਂ ਨੇ ਪੁਛਿਆ ਪੀਰ ਜੀ ਇਹ ਤੁਸਾਂ ਸ਼ਰਾ ਦੇ ਉਲਟ ਕੰਮ ਕੀਤਾ ਹੈ, ਉਸ ਨੇ ਕਿਹਾ ਇਸ ਵੇਲੇ ਇਕ ਬੜਾ ਭਾਰੀ ਜ਼ਬਰਦਸਤ ਬਲੀ ਪੀਰ ਖੁਦਾ ਦਾ ਭੇਜਿਆ ਆਇਆ ਅਰ ਪੂਰਬ ਵਿਚ ਪੈਦਾ ਹੋਇਆ ਹੈ ਮੈਂ ਉਸ ਦਾ ਸਿਤਾਰਾ ਚੜ੍ਹਿਆ ਦੇਖਕੇ ਸਿਜਦਾ ਦਿਤਾ ਹੈ।

ਉਪਰੰਤ ਉਹ ਦੋ ਮੁਰੀਦ ਨਾਲ ਲੈਕੇ ਪੈਂਡਾ ਲੰਘਦਾ ਪਟਣੇ ਵਿਚ ਆਇਆ ਅਰ ਵਧਾਈਆਂ ਵੰਡੀਦੀਆਂ ਵੇਖਕੇ ਗੁਰੂ ਕੀ ਹਵੇਲੀ ਦੇ ਬਾਹਰ ਬੂਹਿਓਂ ਅਗੇ ਖੜਾ ਹੋਕੇ ਤਿਸਨੇ ਸੁਣਾਇਆ ਜੋ ਮੈਂ ਇਸ ਬਾਲਕ ਦਾ ਤਾਰਾ ਚਮਕਦਾ ਡਿਠਾ। ਅਰ ਪੰਜਾਬ ਦੇਸ਼ ਦੇ ਦਖਣ ਪੂਰਬ ਪਾਸਿਓਂ ਤੁਰਕੇ ਦਰਸ਼ਨ ਕਰਨ ਨੂੰ ਆਯਾ ਹਾਂ। ਗੁਰੂ ਜੀ ਦਾ ਮਾਮਾ ਕ੍ਰਿਪਾਲ ਚੰਦ ਘਰ ਵਿਚ ਮੁਖੀ ਸੀ। ਤਿਸਨੇ ਸਾਰੀ ਗਲ ਅੰਦਰ ਸੁਣਾਈ

ਪਰ ਸਲਾਹ ਇਹ ਠਹਿਰੀ ਜੋ ਪਾਤਸ਼ਾਹ ਗੁਰੂ ਘਰ ਨਾਲ ਵਿਰੋਧ ਰਖਦਾ ਹੈ ਅਗੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਉਸਨੇ ਦਿੱਲੀ ਸਦਵਾਇਆ ਤਾਂ ਉਹਨਾਂ ਨੂੰ ਆਪਣੇ ਬਚਨ ਪੂਰਨ ਕਰਨ ਦੇ ਕਾਰਨ ਸੀਸ ਦੇਣਾ ਪਿਆ, ਇਹ ਮੁਸਲਮਾਨ ਪੀਰ ਹੈ, ਨਹੀਂ ਜਾਣਦੇ ਕੀ ਗਲ ਚਿਤਵਕੇ ਆਯਾ ਹੈ। ਸੋ ਕ੍ਰਿਪਾਲ ਚੰਦ ਨੇ ਬਾਹਰ ਆਇਕੇ ਕਿਹਾ ਕਿ ਅਜੇ ਤਿੰਨ ਮਹੀਨੇ ਭੀ ਨਹੀਂ ਹੋਏ, ਇਸਦੇ ਪਿਤਾ ਪਹਿਲੇ ਦਰਸ਼ਨ ਕਰ ਲੈਣ ਫੇਰ ਤੁਸੀਂ ਕਰਨਾ ਤਿੰਨ ਵਾਰ ਨਾਂਹ ਹੋ ਚੁਕੀ ਤਾਂ ਪੀਰ ਬੂਹੇ ਉਤੇ ਆਸਣ ਲਾਇਕੇ ਬੈਠ ਰਿਹਾ, ਨਾ ਅੰਨ ਖਾਵੇ ਨਾ ਜਲ ਪੀਵੇ ਇਸਦਾ ਹਠ ਦੇਖਕੇ ਤੀਜੇ ਦਿਨ ਡਿਓੜੀ ਵਿਚ ਫਰਸ਼ ਹੋ ਗਏ, ਰਬਾਬੀ ਸ਼ਬਦ ਪੜਨ ਲਗੇ ਸੰਗਤਾਂ ਪ੍ਰਸ਼ਾਦ ਭੇਟ ਲੈਕੇ ਦਰਸ਼ਨ ਨੂੰ ਆਈਆਂ। ਹੁਣ ਕ੍ਰਿਪਾਲ ਚੰਦ ਮਾਮਾ ਸੁੰਦਰ ਬਸਤਰਾਂ ਵਿਚ ਲਪੇਟਿਆ ਬਾਲਕ ਗੋਦ ਵਿਚ ਲੈਕੇ ਬਾਹਰ ਆਇਆ। ਸੰਗਤ ਨੇ ਅਦਭੁਤ ਦਰਸਨ ਪਾਇਆ, ਤਦ ਸਯਦ ਭੀਖਨ ਸ਼ਾਹ ਨੇ ਦੋਹਾਂ ਹਥਾਂ ਵਿਚ ਦੋ ਛੋਟੀਆਂ ਛੋਟੀਆਂ ਘੜੀਆਂ ਮੰਗਲ ਦੁਧ ਨਾਲ ਭਰੀਆਂ ਅਗੇ ਕੀਤੀਆਂ ਅਤੇ ਗੁਰੂ ਜੀ ਨੇ ਅੰਗੜਾਈ ਲੈਕੇ ਜੋ ਬਾਹਾਂ ਲੰਮੀਆਂ ਕੀਤੀਆਂ ਦੋਹਾਂ ਹਥਾਂ ਨਾਲ ਦੋਵੇਂ ਘੜੀਆਂ ਦਬਾਈਆਂ ਤਦ ਪੀਰ ਨੇ ਸਿਜਦਾ ਦੇਕੇ ਸਲਾਮ ਕੀਤੀ ਅਰ ਬਾਹਰ ਨਿਕਲ ਆਇਆ, ਮੁਰੀਦਾਂ ਅਰ ਲੋਕਾਂ ਨੇ ਪੁਛਿਆ ਤਾਂ ਜਿਸਨੇ ਕਹਿਆ ਕਿ ਹੁਣ ਤੋਂ ਇਸ ਦਾ ਸਤਾਰਾ ਬਲੀ ਹੋਵੇਗਾ ਸਾਰਿਆਂ ਪੀਰਾਂ ਫਕੀਰਾਂ ਦੇ ਸਿਰ ਉਤੇ ਚਮਕੇਗਾ ਮੈਂ ਡਰਦਾ ਨਜ਼ਰ ਦੇਣ ਆਇਆ ਹਾਂ ਦੋ ਘੜੀਆਂ ਇਸ ਦੇ ਅਗੇ ਰਖੀਆਂ ਜੇ ਇਕ ਉਤੇ ਹਥ ਰਖਦਾ ਤਾਂ ਮੈਂ ਜਾਣਦਾ ਇਹ ਹਿੰਦੂਆਂ ਨੂੰ ਵਧਾਵੇਗਾ ਅਰ ਤੁਰਕਾਂ ਨੂੰ ਖਪਾਵੇਗਾ ਪਰ ਇਸ ਨੇ ਦੋਹਾਂ ਨੂੰ ਦਬਾਇਆ ਹੈ ਤਾਂ ਇਹ ਜਾਣਿਆ ਹੈ ਕਿ ਹਿੰਦੂ ਤੁਰਕ ਦੋਹਾਂ ਤੇ ਨਯਾਰਾ ਆਪਣਾ ਪੰਥ ਸਾਜੇਗਾ, ਜੋ ਸਭ ਦੇ ਸਿਰ ਪਰ ਬਿਰਾਜੇਗਾ। ਅਰ ਜਸ ਗਾਉਂਦਾ ਮੋਹਨੀ ਮੂਰਤ ਹਿਰਦੇ ਵਿਚ ਧਾਰਕੇ ਵਿਦਾ ਹੋਇਆ, ਘਰ ਆਇਆ। ਏਸ ਨੇ ਜੀਅ ਜੀਅ ਨੂੰ ਗੁਰੂ ਕਾ ਜਸ ਅਰ ਵਡਿਆਈ ਸੁਣਾਈ ਅਤੇ ਸਭ ਦੇ ਮਨ ਨੂੰ ਭਾਈ।

ਹੁਣ ਗੁਰੂ ਜੀ ਬਾਲਕ ਰੂਪ ਧਾਰੇ, ਸੁਕਲ ਪਖ ਦੇ ਚੰਦ੍ਰਮਾ ਸਮਾਨ ਦਿਨੋ ਦਿਨ ਵਧਣ ਅਰ ਬਿਨਾਂ ਪੜ੍ਹਾਏ ਚੌਸਟ ਵਿਦਜਾ ਨਿਧਾਨ ਹੋਏ।

ਬਾਲ ਅਵਸਥਾ ਤੇ ਬੜੇ ਚਪਲ ਅਰ ਚਤੁਰ ਨਿਰਭੈਤਾ ਬੀਰਤਾ ਸੇ ਭਰਪੂਰ ਦੂਰੰਦੇਸ਼ ਨੀਤੀ ਨਿਪੁੰਨ ਹੋਏ। ਪਟਣੇ ਸੇ ਆਉਂਦੀ ਵੇਰ

ਲਖਨੌਰ ਆਦਿ ਗਰਾਮਾਂ ਨੂੰ ਲੰਘ ਅਨੰਦਪੁਰ ਪਹੁੰਚੇ ਕਸ਼ਮੀਰ ਦੇ ਪੰਡਿਤ ਔਰੰਗਜ਼ੇਬ ਬਾਦਸ਼ਾਹ ਦੇ ਦੁਖਾਏ ਜਦ ਗੁਰੂ ਜੀ ਦੀ ਸ਼ਰਨ ਆਏ, ਤਿਨਾਂ ਦੇ ਤਿਲਕ ਜੰਞੂ ਦੀ ਰਖਿਆ ਹਿਤ ਗੁਰੂ ਤੇਗ ਬਹਾਦਰ ਸਾਹਿਬ ਦੇਹਲੀ ਵਿਖੇ ਆਪਣਾ ਸੀਸ ਦੇਕੇ ਹਿੰਦੂ ਧਰਮ ਦੀ ਰਖਿਆ ਕੀਤੀ, (ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰ ਗੋਬਿੰਦ) ਇਸ ਬਚਨ ਦੇ ਨਾਲ ਪੰਜ ਪੈਸੇ ਨਲਿਯੇਰ ਭੇਟ ਭੇਜਕੇ ਗੁਰਿਆਈ ਦੀ ਗੱਦੀ ਗੁਰੂ ਗੋਬਿੰਦ ਸਿੰਘ ਜੀ ਨੂੰ ਦਿਤੀ। ਪਿਤਾ ਦੀ ਦੇਹਾਂਤ ਕ੍ਰਿਤ ਕਰ ਗੱਦੀ ਪੁਰ ਬੈਠ ਸਿਖ ਸੰਗਤਾਂ ਨੂੰ ਸਤਯ ਉਪਦੇਸ਼ ਕਰਦੇ ਹੋਏ ਸ਼ਸਤਰ ਵਿਦਿਆ ਅਰ ਸ਼ਾਸਤਰ ਵਿਦਯਾ ਅਰ ਬੀਰਤਾ ਭੀ ਸਿਖਲਾਈ ਦੇਸ਼ਾਂਤਰਾਂ ਤੇ ਦਿਬਯ ਭੇਟਾ ਸਿਖ ਭੇਜਨ। ਅਸਾਮ ਦੇਸ਼ ਦੇ ਰਾਜਾ ਦੀਆਂ ਭੇਜੀਆਂ ਭੇਟਾ ਵਿਚੋਂ ਛਲ ਨਾਲ ਪ੍ਰਸਾਦੀ ਨਾਮੇ ਹਾਥੀ ਆਦਿ ਮੰਗਦੇ ਕਾਹਲੂਰੀ ਰਾਜਾ ਭੀਮ ਚੰਦ ਨਾਲ ਵਿਰੋਧ ਵਧਿਆ ਤਾਂਤੇ ਗੁਰੂ ਜੀ ਅਨੰਦਪੁਰ ਛਡ ਨਾਹਨ ਸਿਰਮੌਰ ਦੇ ਰਾਜਾ ਪਾਸ ਜਾਇ ਰਹੇ ਅਰ ਉਥੇ ਪਾਉਂਟਾ ਨਾਮੇ ਨਗਰ ਵਸਾਇਆ ਅਰ ਕਿਲ੍ਹਾ ਬਣਾਇਆ। ਇਥੋਂ ਦੇਹਰੇਦੂਨ ਮੇਂ ਰਾਮਰਾਇ ਜੀ ਦੇ ਮਸੰਦ ਜਲਾਇ ਅਰ ਪਹਾੜੀ ਰਾਜਿਆਂ ਨੂੰ ਜੁਧ ਵਿਖੇ ਹਰਾਇ, ਫੇਰ ਅਨੰਦਪੁਰ ਵਿਖੇ ਆਏ ਅਤੇ ਨਦੌਣ ਦਾ ਜੁਧ ਕਰਕੇ ਯਗ ਕਰ ਮਹਾਕਾਲੀ ਦਾ ਦਰਸ਼ਨ ਪਾਇ ਪੰਜਾਂ ਸਿਖਾਂ ਨੂੰ ਅੰਮ੍ਰਿਤ ਛਕਾਇ ਖਾਲਸਾ ਪੰਥ ਪ੍ਰਗਟਾਇ ਬੜੇ ਭਾਰੀ ਸੰਗਰਾਮ ਕੀਤੇ ਪੁਨਾ ਗੁਰੂ ਸਾਹਿਬ ਗਊ ਦੀ ਆਣ ਮੰਨਕੇ ਅਨੰਦਪੁਰ ਛੋੜ ਬਿਸਾਲੀ ਬਿਭੌਰ ਆਦਿ ਨਗਰਾਂ ਵਿਚ ਬਿਚਰਦੇ ਫੇਰ ਅਨੰਦਪੁਰ ਪਹੁੰਚੇ, ਗਵਾਲੀਅਰ ਯਾਤਰਾ ਕਰ ਅਨੰਦਪੁਰ ਨਿਵਾਸ ਕਰਦੇ ਕਰੂਖੇਤਰ ਆਏ। ਹੁਣ ਪਹਾੜੀ ਰਾਜਿਆਂ ਨਾਲ ਅਤਿਅੰਤ ਵੈਰ ਵਧ ਗਿਆ। ਪਾਤਸ਼ਾਹੀ ਫੌਜ ਪਹਾੜੀ ਸੈਨਾ ਸਮੇਤ ਦਸ ਲਖ ਦੀ ਭੀੜ ਭਾੜ ਜੁੜ ਗਈ। ਲੜਾਈ ਬਹੁਤ ਹੋਈ ਅੰਤ ਨੂੰ ਰਾਜਿਆਂ ਨੇ ਆਟੇ ਦੀ ਗਊ ਬਣਾਇ ਥਾਲੀ ਵਿਚ ਬੈਠਾਇ ਬ੍ਰਾਹਮਣ ਦੇ ਹਥ ਅਰ ਮੁਸਲਮਾਨਾਂ ਨੇ ਕੁਰਾਨ ਦੇਕੇ ਸਯਦ ਹੱਥ ਸਹੁਵਾਂ ਉਠਾਈਆਂ ਅਰ ਸਿਖ ਭੀ ਕੁਛ ਬਿਦਾਵਾ ਲਿਖਕੇ ਚਲੇ ਗਏ ਅਰ ਰਹਿੰਦੇ ਘਬਰਾਏ ਰਹੇ ਤੇ ਤਾਂ ਗੁਰੂ ਸਾਹਿਬ ਅਨੰਦਪੁਰ ਛੋਡ ਚਮਕੌਰ ਜੁਧ ਕਰਦੇ ਮਾਛੀਵਾੜੇ ਹੁੰਦੇ ਦੀਨੇ ਕੇ ਨਾਮ ਨਗਰ ਵਿਚ ਪਹੁੰਚਕੇ ਬਾਰਾਂ ਹਿਕਾਇਤਾਂ ਦਾ ਖਤ ਜ਼ਫਰਨਾਮਾ ਲਿਖਕੇ ਦਯਾ ਸਿੰਘ ਜੀ ਦੇ ਹਥੀਂ ਦਖਣ ਦੇਸ ਵਿਖੇ ਪਾਤਸ਼ਾਹ ਦੀ ਵਲ ਭੇਜਿਆ। ਆਪ ਮੁਕਤਸਰ ਜੰਗ ਕਰਦੇ ਦਮਦਮੇ ਸਾਹਿਬ ਟਿਕ ਕੇ ਗੁਰਬਾਣੀ ਵਿਚ ਪਿਤਾ ਗੁਰੂ ਤੇਗ ਬਹਾਦਰ

ਸਾਹਿਬ ਜੀ ਦੀ ਬਾਣੀ ਚੜ੍ਹਾਇ ਗੁਰੂ ਗ੍ਰੰਥ ਸਾਹਿਬ ਜੀ ਦੀ ਦੂਸਰੀ ਬੀੜ ਲਿਖਾਇ ਪੁਸ਼ਕਰ ਹੁੰਦੇ ਬੰਬੋਘੌਰ ਪੰਜ ਸਿਖ ਭੇਜਕੇ ਸ਼ਾਹਜ਼ਾਦੇ ਬਹਾਦਰ ਸ਼ਾਹ ਦੀ ਫਤੇ ਕਰਾਇ ਦੇਹਲੀ ਆਗਰੇ ਬੁਰਹਾਨ ਪੁਰ ਹੋਂਦੇ ਹੋਏ ਨਦੇੜ ਪਹੁੰਚੇ। ਬੰਦੇ ਨੂੰ ਸਿਖਿਆ ਅਰ ਸ਼ਕਤ ਦੇਕੇ ਪੰਜਾਬ ਵਿਚ ਭੇਜਿਆ ਅਰ ਇਸ ਦੇ ਹਥੋਂ ਮੁਗਲੀ ਹਕੂਮਤ ਬਿਗੜਾਇ ਆਪ ਨਦੇੜ ਵਿਚ ਹੀ ਰਹੇ, ਅਰ ਜੋਤੀ ਜੋਤ ਸਮਾਏ। ਸੋ ਇਹ ਸੰਖੇਪ ਵਿਚ ਸਾਰਾ ਬਿਰਤਾਂਤ ਕਿਹਾ ਹੈ, ਪਰੇਮੀ ਪੁਰਸ਼ ਗੁਰੂ ਸਾਹਿਬ ਦੇ ਇਤਿਹਾਸ ਗੁਰੂ ਸੂਰਜ ਪ੍ਰਕਾਸ਼ ਵਿਖੇ ਪੜ੍ਹਕੇ ਅਨੰਦ ਲੈਂਦੇ ਅਰ ਜਨਮ ਸਫਲ ਕਰਦੇ ਹਨ, ਸੋ ਪਰਮ ਉਗਰ ਸਥਾਨ ਲੈ ਸੰਗਤਾਂ ਦਰਸ਼ਨ ਕਰਦੀਆਂ ਹਨ।

ਦੋਹਰਾ ॥

ਨਾਨਕ ਗੁਰੂ ਗੋਬਿੰਦ ਸਿੰਘ ਪੂਰਨ ਗੁਰੁ ਅਵਤਾਰ ॥
ਜਗਮਗ ਜੋਤ ਬਰਾਜਈ ਸ੍ਰੀ ਅਬਿਚਲ ਨਗਰ ਮਝਾਰ ॥

*

ਵਖਯਾਨ ੨੯

ਗੁਰਪੁਰਬ ੧੯ ਨੰਬਰ ੩

ਦੋਹਰਾ–ਦੀਨ ਦਿਆਲ ਕਿਰਪਾਲ ਗੁਰ ਅਭਿਮਤ ਦੇ ਦਾਤਾਰ।
ਕਲਗੀਧਰ ਗੁਰ ਦਸਮ ਪਗ ਬੰਦਹੁ ਬਾਰੰਬਾਰ ॥ ੧ ॥

ਸੰਗਤ ਜੀ! ਅਜ ਪਰਮ ਪਵਿਤਰ ਸ਼ੁਭ ਦਿਨ ਪੋਹ ਸੁਦੀ ਸਤਮੀ ਹੈ ਇਹ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜਨਮ ਦਾ ਹੈ, ਅਜ ਦੇ ਦਿਨ ਹੀ ਪੂਰਬ ਦਿਸ਼ਾ ਪਟਨੇ ਨਾਮੇ ਨਗਰ ਵਿਖੇ ਸਚੇ ਸੂਰਜ ਦੀ ਜੋਤ ਜਗਮਗਾਈ ਜਿਸ ਨੇ ਇਸ ਭਾਰਤ ਦੇਸ਼ ਵਿਚੋਂ ਅੰਧੇਰ ਗਰਦੀ ਮਿਟਾਈ। ਭਾਰਤ ਭੂਮੀ ਸਾਰੇ ਬ੍ਰਹਮੰਡ ਦੀ ਧਰਤੀ ਵਿਚੋਂ ਅਦਵਿਤੀਯ ਹੈ ਕਿਸੇ ਦੇਸ਼ ਦੀ ਧਰਤੀ ਪਥਰੀਲੀ, ਕਿਸੇ ਦੀ ਰੇਤੀਲੀ ਕਿਸੇ ਦੀ ਬੰਜਰ ਕਿਸੇ ਦੀ ਕਲਰੀ ਇਹ ਸਾਰੀ ਜ਼ਰਖੇਜ਼ ਅਰਥਾਤ ਧਨ ਉਪਜਾਊ ਹੈ ਜਿਸਨੂੰ ਸੁਲੇਮਾਨ ਪਾਤਸ਼ਾਹ ਨੇ ਆਪਣੇ ਰਚੇ ਗਰੰਥਾਂ ਵਿਖੇ ਸੋਨੇ ਦੀ

ਧਰਤੀ ਕਰਕੇ ਲਿਖਿਆ ਹੈ। ਸੋਨੇ, ਚਾਂਦੀ ਲੂਣ ਲੋਹਾ, ਤੇਲ ਹੀਰੇ ਪੰਨਿਆਂ ਦੀਆਂ ਖਾਣਾਂ, ਇਸੇ ਦੇਸ਼ ਵਿਚ ਹਨ, ਚੰਦਨ ਜੈਸੀ ਲਕੜੀ ਇਸੇ ਵਿਚ ਉਤਪਤ ਹੁੰਦੀ ਹੈ, ਇਸ ਦਾ ਝੰਡਾ ਹਿਮਾਲਾ ਪਹਾੜ ਸਾਰੇ ਸੰਸਾਰ ਦੇ ਪਹਾੜਾਂ ਵਿਚੋਂ ਉਚਾ ਲਹਿਰਾਉਂਦਾ ਹੈ, ਇਸ ਦੀਆਂ ਨਦੀਆਂ ਇਸ ਦੀਆਂ ਝੀਲਾਂ, ਸਮੁੰਦਰ, ਪੰਛੀ ਪਸ਼ੂ ਬਨਾਸਪਤੀ ਅਨਾਜ ਸਾਰੇ ਦੇਸਾਂ ਤੋਂ ਉਤਮ ਇਸ ਦੀ ਰੂਈ ਹੋਰਨਾਂ ਦੇਸਾਂ ਦੇ ਤਨ ਕਜਦੀ ਅਰ ਕਨਕ ਪੇਟ ਭਰਦੀ ਹੈ, ਵੇਦਾਂ ਸ਼ਾਸਤਰਾਂ ਦੀ ਰਚਨਾ ਇਸੇ ਦੇਸ ਵਿਚ ਹੋਈ ਅਰ ਅਨਗਿਣਤ ਜੋਤਸ਼ ਆਦਿ ਵਿਦਿਆ ਇਸੇ ਦੇਸ ਵਿਚੋਂ ਅੰਨਯ ਦੇਸੀਆਂ ਨੂੰ ਪ੍ਰਾਪਤ ਹੋਈਆਂ। ਇਸ ਦਾ ਰਾਜ ਪਾਤਸ਼ਾਹਾਂ ਨੂੰ ਗੌਰਵ ਦਿੰਦਾ ਹੈ, ਐਸੇ ਦੇਸ਼ ਜਾਂ ਸੁਖ ਸੁਤੰਤਰਤਾ ਧਰਮ ਧਨ ਬਲ ਤੇਜ ਵਿਦਿਆ ਆਦਿ ਪਦਾਰਥ ਨਸ਼ਟ ਕਰਕੇ ਅਨਰਥ ਕਾਰੀਆਂ (ਜ਼ਾਲਮਾਂ) ਨੇ ਭਰਸ਼ਟ ਕਰ ਦਿਤਾ ਸੀ। ਗਊ ਜੈਸੇ ਉਤਮ ਪਸ਼ੂ ਜਿਸਨੇ ਘਾਸ ਖਾਇਕੇ ਦੁਧ ਦੇਣਾ ਜਿਸ ਸੇ ਬਾਲ ਜੁਬਾ ਬ੍ਰਿਧ ਰੋਗੀ ਜੀਉਂਦੇ ਮੋਏ ਪਿਤਰ ਸਭ ਦਾ ਪੋਖਨ ਹੋਵੇ, ਬੁਧੀ ਵਧੇ, ਜਿਸ ਦੇ ਸਰੀਰ ਦਾ ਇਕ ਇਕ ਅੰਗ ਅਨੇਕ ਕੰਮ ਸਵਾਰੇ। ਐਸੇ ਪਸ਼ੂ ਮਲੇਛਾਂ ਨੇ ਅਨਗਿਣਤ ਮਾਰੇ ਅਰ ਧਰਮ ਵਿਦਿਆ ਦੇ ਅਨੇਕਾਂ ਗਰੰਥ ਖਾਰੇ ਸਮੁੰਦਰ ਵਿਚ ਪ੍ਰਹਾਰੇ ਅਰ ਅਨੇਕਾਂ ਅਗਨਿ ਵਿਚ ਜ਼ਾਰੇ; ਹਿੰਦੂਆਂ ਦੇ ਜੰਞੂ ਤੁੜਾਏ ਅਰ ਟਿਕੇ ਚਟਾਏ ਅਰ ਠਾਕੁਰ ਮੰਦਰ ਸ਼ਿਵਾਲੇ ਢਹਾਏ ਅਰ ਜ਼ੋਰ ਨਾਲ ਮੁਸਲਮਾਨ ਬਣਾਏ ਜਾਂਦੇ ਸੇ, ਤੀਰਥ ਯਾਤਰਾ ਧਰਮ ਦੇ ਕਰਮ ਯਗ ਅਹੂਤੀਆਂ ਬੰਦ ਕਰਕੇ ਬੜੇ ਭਾਰੇ ਦੁਖ ਦਿਤੇ ਜਾਂਦੇ ਸੇ, ਮਨੁਖ ਵਿਚਾਰੇ ਕਿਸ ਗਿਣਤੀ ਵਿਚ, ਦੇਵੀਆਂ ਦੇਵਤੇ ਹਾਰੇ ਅਰ ਡਰ ਦੇ ਮਾਰੇ ਖੂਹਾਂ ਵਿਚ ਛਾਲਾਂ ਮਾਰਦੇ ਲੁਕਦੇ ਫਿਰਦੇ ਸੇ, ਜਿਹਾ ਕੁ ਕਾਂਸ਼ੀ ਵਿਚ ਗਿਆਨ ਬਾਪੀ ਨਾਮੇ ਖੂਹਾ ਹੁਣ ਤਕ ਹੈ, ਜਿਸ ਵਿਚ ਆਲਮਗੀਰ ਤੇ ਡਰਦਿਆਂ ਸ਼ਿਵਜੀ ਮਹਾਰਾਜ ਵਿਸ਼ਵੇਸ਼ਰ ਨਾਥ ਨੇ ਛਾਲ ਜਾ ਮਾਰੀ ਸੀ, ਅਰ ਗੁਰ ਸੂਰਜ ਪ੍ਰਤਾਪ ਗਰੰਥਾਂ ਦੇ ਕਵੀ ਸੰਤੋਖ ਸਿੰਘ ਜੀ ਲਿਖਦੇ ਹਨ:-

ਕਬਿਤ-ਛਾਇ ਜਾਤੀ ਏਕਤਾ ਅਨੇਕਤਾ ਬਲਾਇ ਜਾਤੀ ਹੋਵਤੀ
ਕੁਚੀਲਤਾ ਕਤੇਬਨ ਕੁਰਾਨ ਕੀ। ਪਾਪ ਹੀ ਪ੍ਰਪਕ
ਜਾਤੇ ਧਰਮ ਧਸਕ ਜਾਤੇ ਬਰਨ ਗਰਕ ਜਾਤੇ ਸਹਿਤ
ਬਿਧਾਨ ਕੀ। ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ
ਹੋਤੇ ਰੀਤ ਮਿਟ ਜਾਤੀ ਕਥਾ ਬੇਦਨ ਪੁਰਾਨ ਕੀ।
ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ ਮੂਰਤਿ ਨ
ਹੋਤੀ। ਜੋ ਪੈ ਕਰਣਾ ਨਿਧਾਨ ਕੀ॥ ੧॥

ਐਸੇ ਭਯਾਨਕ ਸਮਯ ਮੈਂ ਜਦ ਕੋਈ ਸਹਾਰਾ ਦੇਣ ਵਾਲਾ ਨਾ ਰਿਹਾ, ਅਤੇ ਪਰਜਾ ਪੀੜਤ ਹੋਈ ਧਾਹਿ ਧਾਹਿ, ਅਰ ਧਰਮੀ ਲੋਕ ਤ੍ਰਾਹਿ ਤ੍ਰਾਹਿ ਸ਼ਬਦ ਕਰਕੇ ਪੁਕਾਰ ਰਹੇ ਸੀ, ਤਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਿਤਾ ਅਰ ਗੁਜਰੀ ਮਾਤਾ ਦੇ ਗ੍ਰੇਹ ਵਿਖੇ ਸੰਮਤ ੧੭੨੩ ਪੋਹ ਸੁਦੀ ਸਤਮੀ ਐਤਵਾਰ ਧਨੇਸ਼ਟਾ ਨਿਛੱਤ੍ਰ ਦੇ ਪ੍ਰਥਮ ਚਰਨ ਮੇਂ ਸਵਾ ਪਹਿਰ ਰਾਤ ਰਹਿੰਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਵਤਾਰ ਧਾਰ ਪ੍ਰਗਟੇ।

ਇਸ ਦੀ ਖਬਰ ਅਗੰਮ ਬਾਨੀ ਦ੍ਵਾਰਾ ਕਈ ਸੌ ਬਰਸ ਪਹਿਲੇ ਤੋ ਹੀ ਸਮਰਥਾ ਵਾਲੇ ਸ਼ਕਤਿਵਾਨ ਦਿੰਦੇ ਚਲੇ ਆਉਂਦੇ ਸੇ, ਜਿਹਾ (ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ) ਪੁਨਾ: ਦਸਵਾਂ ਜਾਮਾਂ ਪਹਰੋਂ ਜਬੈ ॥ ਨਾਮ ਗੋਬਿੰਦ ਸਿੰਘ ਕਹਾਊਂ ਤਬੈ ॥ ਪੁਨਾ (ਆਵਨ ਅਠੱਤਰੇ ਜਾਨ ਸਤਾਨਵੇਂ ਹੋਰ ਭੀ ਉਠਸੀ ਮਰਦ ਕਾ ਚੇਲਾ) (ਗੁਰ ਗੋਬਿੰਦ ਗੋਬਿੰਦ ਗੁਰੂ ਹੈ ਨਾਨਕ ਭੇਦ ਨ ਭਾਈ) (ਅਬਚਲ ਨਗਰ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ) (ਮਾਰਿਆ ਸਿਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ) ਇਥੇ ਭਾਈ ਗੁਰਦਾਸ ਜੀ ਦਾ ਵਾਕ ਪੂਰਾ ਹੋਯਾ (ਗੁਰ ਸਿਖੀ ਬਾਰੀਕ ਹੈ ਖੰਡੇ ਧਾਰ ਗਲੀ ਅਤ ਭੀੜੀ) ਨਵਾਂ ਸਤਿਗੁਰਾਂ ਨੇ ਜਲ ਨਾਲ ਪਹੁਲ ਦਿਤੀ ਇਨ੍ਹਾਂ ਨੇ ਖੰਡੇ ਦੀ ਧਾਰ ਅਰਥਾਤ ਤਲਵਾਰ ਦੀ ਧਾਰ ਨਾਲ ਅੰਮ੍ਰਿਤ ਛਕਾਯਾ ਅਰ ਸਿਖਾਂ ਦਾ ਇਹ ਅਭਿਮਾਨ ਮਿਟਾਯਾ, ਪਰੋਪਕਾਰ ਉਦਾਰਤਾ ਸੂਰਮੰਤਣ ਅਰ ਬੀਰਤਾ ਦੇਕੇ ਸਚੀ ਜ਼ਿੰਦਗੀ ਨਾਲ ਜਿਵਾਯਾ, ਨੀਚਾਂ ਤੋਂ ਊਚ, ਕੀਟਾਂ ਤੇ ਮ੍ਰਿਗਿੰਦ ਗਿੱਦੜਾਂ ਤੇ ਸਿੰਘ, ਨਾਈ ਛੀਂਬੇ, ਝੀਵਰ ਕਲਾਲ ਆਦਿ ਸੂਦ੍ਰਾਂ ਨੂੰ ਛਤ੍ਰੀ ਅਰ ਜੱਟਾਂ ਗਵਾਰਾਂ ਹਲ ਚਲਾਂਦਿਆਂ ਨੂੰ ਸਰਦਾਰ ਬਣਾਯਾ, ਅਰ ਰਾਜ ਤਖਤ ਤੇ ਬੈਠਾਯਾ ਅਰ ਮਹਾਂ ਪੱਖਵਾਦੀ ਜੀਵਾਂ ਘਾਤੀਂ ਅਨਰਥਕਾਰੀ ਬਲਧਾਰੀ ਜ਼ਾਲਮਾਂ ਦੇ ਪੰਜੇ ਤੋਂ ਭਾਰਥ ਨਿਵਾਸੀਆਂ ਨੂੰ ਛੁਡਾਯਾ, ਅਰ ਇੰਗਲਸ਼ੀਆ ਰਾਜ ਦੀ ਸੁਤੰਤ੍ਰਤਾ ਦਾ ਸਮਯ ਦਿਖਾਯਾ, ਮੜੀਆਂ ਮੱਟਾਂ ਦੀ ਮਨੌਤ ਅਰ ਸਪਾਂ ਚੀਰਲਾਂ ਕੁਤਿਆਂ ਨੂੰ ਡੰਡੌਤ ਕਰਨ ਦਾ ਭਰਮ ਮਿਟਾਯਾ, ਆਪਣੇ ਉਤੇ ਅਤਿ ਭਾਰੇ ਭਾਰੇ ਕਸ਼ਟ ਸਹਾਰੇ, ਕਸ਼ਮੀਰੀ ਪੰਡਿਤ ਅਰ ਪਰਜਾ ਪੈਂਚ ਸ਼ਰਨ ਆਏ ਦੇਖਕੇ ਆਪਣੇ ਪਿਤਾ ਜੀ ਨੂੰ ਪ੍ਰੇਰਿਆ, ਜੋ ਓਹ ਤਿਨਾਂ ਦੇ ਧਰਮ ਦੀ ਰਖਯਾ ਹਿਤ ਦੇਹਲੀ ਜਾਇਕੇ ਸੀਸ ਦੇਣ। ਬਾਈਧਾਰ ਪਹਾੜ ਦੇ ਰਾਜਿਆਂ ਦੀ ਸੁਤੰਤ੍ਰਤਾ ਦੇ ਕਾਰਨ ਜੋ ਓਹ ਆਪਣੇ ਧਰਮ ਨੂੰ ਨਾ ਨਾਸ ਕਰਨ ਕਿਉਂਕਿ ਕਈਆਂ ਰਾਜਿਆਂ ਨੇ ਆਪਣੀਆਂ ਰਾਜ ਕੁਮਾਰੀਆਂ ਮੁਸਲਮਾਨ ਪਾਤਸ਼ਾਹਾਂ ਨੂੰ ਵਿਆਹ ਦਿਤੀਆਂ ਸਨ, ਰਾਜ ਕੁਮਾਰ ਆਪ ਨੂੰ

ਮੀਆਂ ਸਦਾਉਣ ਲਗ ਪਏ ਜਿਹਾ ਕੁ ਹੁਣ ਤਕ ਸਦਾਉਂਦੇ ਹਨ ਸੋ ਆਪਨੇ ਇਸ਼ਟ ਧਰਮ ਵਿਚ ਦ੍ਰਿੜ ਰਹਿਣ ਇਸੇ ਕਾਰਨ ਪਾਤਸ਼ਾਹਾਂ ਨਾਲ ਵੈਰ ਵਧ ਗਿਆ ਤਿੰਨ ਵਰੇ ਅਨੰਦਪੁਰ ਵਿਚ ਘੇਰੇ ਰਹੇ, ਆਪਣਾ ਧਨ ਸਤੁਦਰਵ ਨਦੀ ਵਿਚ ਪਵਾਇਆ, ਪਾਟ ਪਟੰਬਰ ਤੰਬੂ ਕਨਾਤਾਂ ਅੱਗ ਲਵਾਇਕੇ ਜਲਾਇ ਦਿਤੇ ਪਰ ਵਿਖ ਸਮਾਨ ਕਹਿਕੇ ਪੂਜਾ ਦਾ ਧਨ ਸਿਖਾਂ ਨੂੰ ਨਾ ਛਕਾਇਆ। ਪੰਜ ਸੌ ਪਠਾਣ ਨੌਕਰ ਰਖੇ ਸੋ ਭਜ ਗਏ, ਸਾਧ ਉਦਾਸੀ ਜੋ ਨਿਤ ਕੜਾਹ ਦੇ ਗਫੇ ਲਾਉਂਦੇ ਸੇ ਕ੍ਰਿਪਾਲ ਦਾਸ ਮਹੰਤ ਤੇ ਬਿਨਾਂ ਹੋਰ ਸਭ ਭੱਜ ਗਏ, ਦੂਨੀ ਚੰਦ ਜੈਸੇ ਮਸੰਦ ਰਾਤੋਂ ਰਾਤ ਉਠ ਨਠੇ, ਸਿਖ ਬਿਦਾਵਾ ਲਿਖਕੇ ਚਲੇ ਗਏ ਪਰੰਤੂ ਪਰੋਪਕਾਰੀ ਗੁਰੂ ਜੀ ਨੇ ਹਠ ਨਹੀਂ ਹਾਰਿਆ। ਜਿਸ ਰਾਤ ਅਨੰਦਪੁਰ ਤੇ ਨਿਕਲੇ ਝੂਠੀਆਂ ਸਹੁਆਂ ਖਾਣ ਵਾਲੇ ਕੀੜੀ ਦਲ ਤੁਰਕ ਮਗਰ ਆਏ ਸੀਤ ਕਾਲ ਦੀ ਰਾਤ ਹਥ ਪਸਾਰਿਆਂ ਨਜ਼ਰ ਨਾ ਆਵੇ, ਅਰ ਨਾਲਾ ਚੜ ਆਇਆ ਮਹਿਲਾਂ ਦੇ ਡੋਲੇ ਕਿਧਰੇ ਮਾਤਾ ਅਰ ਛੋਟੇ ਦੋ ਸਾਹਿਬਜ਼ਾਦੇ ਕਿਧਰੇ ਗਏ ਆਪ ਕਿਧਰੇ ਪਾਰ ਆ ਲਗੇ। ਚਮਕੌਰ ਦੇ ਜੁਧ ਵਿਚ ਦੋ ਸਾਹਿਬਜ਼ਾਦੇ ਸ਼ਹੀਦ ਹੋਏ ਦੋ ਸਰਹਿੰਦ ਵਿਚ ਤੁਰਕਾਂ ਨੇ ਕਤਲ ਕੀਤੇ। ਮਾਤਾ ਵਿਚਾਰੀ ਦੁਖਾਂ ਭੁਖਾਂ ਅਰ ਵਿਛੋੜੇ ਦੀ ਮਾਰੀ ਦੇਹ ਤਜਾਗ ਗਈ। ਆਪ ਪੈਰ ਪਯਾਦੇ ਏਕਾ ਏਕੀ ਪੈਂਡਾ ਕਰਦੇ ਨਿਕਲ ਗਏ, ਪੈਰੀਂ ਛਾਲੇ ਪੈ ਗਏ ਜੋ ਪੈਰ ਧਰਤੀ ਤੇ ਧਰਿਆ ਨਾ ਜਾਏ, ਅਰ ਟਿੰਡ ਦਾ ਸਿਰਾਣਾ ਬਣਾਇਕੇ ਧਰਤੀ ਪਰ ਬਿਸਰਾਮ ਕੀਤਾ, ਹਾਜੀ ਬਣਕੇ ਨਬੀ ਖਾਂ ਗ਼ਨੀ ਖਾਂ ਦੇ ਸਿਰ ਪਲੰਘ ਚੁਕਾਇਕੇ ਤੁਰਕਾਂ ਦੀ ਸੈਨਾ ਤੇ ਲੰਘੇ। ਪ੍ਰਯੋਜਨ ਏਹ ਕਿ ਅਤਯੰਤ ਕਸ਼ਟ ਕਲੇਸ਼ ਸਹਾਰੇ, ਪਰ ਧਰਮ ਅਰ ਧੀਰਜ ਨਹੀਂ ਹਾਰੇ ਬਾਲ ਅਵਸਥਾ ਪਿਤਾ ਦੇ ਵਿਯੋਗ ਵਿਚ, ਜਵਾਨੀ ਤਪ ਅਰ ਜੁਧਾਂ ਵਿਚ ਲਗਾਈ, ਅਧੀਰਜ ਜ਼ਰਾ ਨੇੜੇ ਹੀ ਨਹੀਂ ਆਈ ਅਰ ਹਿੰਮਤ ਨਹੀਂ ਹਾਰੇ, ਅੰਤ ਨੂੰ ਦੁਸ਼ਟ ਸੰਘਾਰੇ, ਆਪਣਾ ਸੁਖ ਗਵਾਇਆ ਪਰ ਧਰਮ ਦਾ ਡੁਬਦਾ ਬੇੜਾ ਤਰਾਇਆ, ਬੰਨੇ ਲਾਇਆ, ਅਰ ਕੇਵਲ ਪਰਉਪਕਾਰ ਕੀਤਾ ਕੋਈ ਆਪ ਰਾਜ ਸਮਾਜ ਧਰਤੀ ਯਾ ਧਨ ਨਹੀਂ ਲੀਤਾ; ਐਸਾ ਸਤਿਗੁਰੂ ਜੋ ਲੋਕ ਪ੍ਰਲੋਕ ਸਵਾਰਨ ਜਿਨ੍ਹਾਂ ਨੇ ਪਵਿਤ੍ਰ ਖਾਲਸਾ ਪੰਥ ਸਜਾਇਕੇ ਜਗਤ ਝੂਠ ਤੇ ਸਿਖਾਂ ਨੂੰ ਬਚਾਯਾ, ਐਸੇ ਸਤਿਗੁਰੂ ਦੇ ਕ੍ਰਿਤਗਜ ਹੋਵੋ, ਸਤਿਯੁਗ ਦੇ ਸਨਾਤਨ ਧਰਮ ਅਨੁਸਾਰ ਕੇਸ ਧਾਰਨ ਕਰੋ; ਕਛ ਕ੍ਰਿਪਾਨ ਆਦਿ ਸਰੀਰਕ ਚਿੰਨ੍ਹ, ਅਰ ਮੈਤ੍ਰੀ ਮੁਦਤਾ ਕਰਣਾ ਉਪੇਖਯਾ ਨਾਮ ਭਗਤੀ ਨਿਸਚਾ ਭਰੋਸਾ ਗੁਰਬਾਣੀ ਦਾ ਅਭਯਾਸ ਮਾਨਸਿਕ ਧਾਰੋ, ਪਰ ਇਸਤ੍ਰੀ ਪਰ

ਧਨ ਅਮਲ ਪੀਕੇ ਸੁਸਤ ਆਲਸੀ ਹੋ ਰਹਿਣਾ ਅਪਕਰਮ ਦੁਰਾਚਾਰ ਭ੍ਰਿਸ਼ਟਾਚਾਰ ਛਡੋ, ਨਾਮ ਦਾ ਵਾਪਾਰ ਕਰੋ, ਰਾਜ ਯੋਗ ਮਾਣੋ, ਤਾਂ ਸਤਿਗੁਰੂ ਤੁਹਾਡੇ ਅੰਗ ਸੰਗ ਸਦਾ ਸਹਾਇਕ ਰਹਿਣਗੇ।

❋

ਵਖਯਾਨ ੨੭

ਦੋਹਰਾ

ਤਾਜ ਖਾਲਸਾ ਪੰਥ ਕੇ ਕਾਰਨ ਰਹਿਤ ਕ੍ਰਿਪਾਲ।
ਸਦਾ ਸਹਾਇਕ ਜਨਮ ਕੇ ਘਾਇਕ ਅਰਨ ਬਿਸਾਲ ॥੨॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦ (ਹਮ ਏਹ ਕਾਜ ਜਗਤ ਮੋਂ ਆਏ। ਧਰਮ ਹੇਤ ਗੁਰਦੇਵ ਪਠਾਏ। ਧਰਮ ਚਲਾਵਨ ਸੰਤ ਉਬਾਰਨ। ਦੁਸਟ ਸਭਨ ਕੋ ਮੂਲ ਉਖਾਰਨ) ਆਪਣੀ ਪ੍ਰਤਿਗਿਆ ਪੂਰਨ ਕਰ ਲਈ ਤਦ ਨਿਜ ਧਾਮ ਵੈਕੁੰਠ ਗਮਨ ਦੀ ਇਛਾ ਕਰਕੇ ਜੈਸੇ ਬੱਧਕ ਦੇ ਬਾਨ ਲਗਨੇ ਦਾ ਨਮਿਤ ਬਣਾਇ ਸ੍ਰੀ ਕ੍ਰਿਸ਼ਨ ਵੈਕੁੰਠ ਗਮਨ ਕੀਤਾ ਤੈਸੇ ਸ਼ਸਤਰ ਪ੍ਰਹਾਰ ਸੇ ਸਰੀਰ ਤਜਣੇ ਹਿਤ ਸਤਿਗੁਰੂ ਜੀ ਨੇ ਬੀ ਇਕ ਨਮਿਤ ਹੀ ਬਣਾ ਲਿਆ। ਕਿਸੇ ਸਮੇਂ ਜੁਧ ਵਿਚ ਇਕ ਪਠਾਣ ਮਾਰਿਆ ਸੀ, ਇਹ ਉਸੇ ਦਾ ਬਾਲਕ ਸੀ, ਸੂਰਜ ਪ੍ਰਕਾਸ਼ ਗੁਰਬਿਲਾਸ ਆਦਿ ਗ੍ਰੰਥਾਂ ਵਿਚ ਲਿਖਿਆ ਹੈ, ਪੈਂਦੇ ਖਾਨ ਜੋ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪਾਲਕ ਨਿਮਕ ਹਰਾਮ ਹੋ ਪਾਤਸ਼ਾਹੀ ਫੌਜ ਦੀ ਸਹਾਇਤਾ ਲੈਕੇ ਲੜਨੇ ਨੂੰ ਆਇਆ, ਤਾਂ ਗੁਰੂ ਸਾਹਿਬ ਨੇ ਤਿਸ ਨੂੰ ਮਾਰਿਆ। ਉਸਦਾ ਪੋਤਰਾ ਗੁਲਖਾਨ ਗੁਰੂ ਸਾਹਿਬ ਨੇ ਨੌਕਰ ਰਖਿਆ ਸੀ, ਅਰ ਉਸਦੇ ਸਾਹਮਣੇ ਕਈ ਵਾਰ ਚਰਚਾ ਚਲਾਈ ਕਿ ਜਿਸਨੇ ਹੁੰਦੇ ਬਲ ਪਿਉ ਦਾਦੇ ਦਾ ਵੈਰ ਨਾ ਲਿਆ ਉਸਦੇ ਜਨਮ ਅਰ ਜੀਉਣ ਨੂੰ ਧ੍ਰਿਕਾਰ ਹੈ। ਪਠਾਣ ਬੱਚੇ ਨੇ ਆਪਣੀ ਮਾਤਾ ਪਾਸ ਬਾਤ ਚਲਾਇਕੇ ਪਿਛਲੀ ਸਾਰੀ ਕਥਾ ਸੁਣੀ ਅਰ ਬਦਲਾ ਲੈਣਾ ਚਾਹੁੰਦਾ ਸੀ। ਗੁਰੂ ਜੀ ਨਿਤ ਹੀ ਤਿਸਨੂੰ ਬਦਲਾ ਲੈਣ ਦੀ ਪ੍ਰੇਰਨਾ ਕਰਦੇ ਰਹਿੰਦੇ ਸੇ। ਨਵਰਾਤਰਿਆਂ ਮੇਂ ਸ਼ਸਤਰਾਂ ਦੀ ਪੂਜਾ ਧੂਪ ਦੀ ਪ੍ਰਚੰਡੀ ਚਰਿਤ੍ਰ ਦੇ ਪਾਠ ਪੂਜਨ ਕਰਕੇ ਨੌਮੀ ਦੀ ਸੰਧਿਆ ਨੂੰ ਰਹਿਰਾਸ ਦੀ ਅਰਦਾਸ ਦੇ ਪਿਛੋਂ ਸਭ ਸਿਖ ਚਰਨ ਬੰਦਨਾ ਕਰਕੇ ਕੋਈ ਲੰਗਰ ਵਲ ਕੋਈ ਕਿਸ

ਹੋਰ ਕਾਰਜ ਮੇਂ ਲਗੇ ਇਧਰ ਉਧਰ ਹੋਏ ਅਰ ਗੁਰੂ ਸਾਹਿਬ ਦੀ ਭੇਟ ਉਸੇ ਦਿਨ ਕਿਸੇ ਸਿਖ ਨੇ ਦੋ ਕਟਾਰਾਂ ਕੀਤੀਆਂ ਸਨ। ਇਕ ਗੁਰੂ ਜੀ ਨੇ ਆਪ ਰਖੀ ਅਰ ਇਕ ਗੁਲਖਾਨ ਨੂੰ ਬਖਸ਼ੀ ਸੋ ਪਹਿਨੇ ਹੋਏ ਇਕਾਂਤ ਅਵਸਰ ਪਾਸ ਖੜਾ ਸੀ। ਬਚਨ ਕੀਤਾ ਭਈ ਕਟਾਰ ਕੈਸੀ ਹੈ, ਪਠਾਣ ਨੇ ਸਲਾਹੀ ਤਾਂ ਫੇਰ ਬੋਲੇ ਐਸੀ ਕਟਾਰ ਪਾਸ ਹੋਵੇ ਅਰ ਫੇਰ ਭੀ ਕੋਈ ਆਪਣੇ ਪਿਤਾ ਪਿਤਾਮਾ ਦਾ ਵੈਰ ਨਾ ਲਵੇ ਤਾਂ ਉਸਦੀ ਮਾਤਾ ਨੂੰ ਧ੍ਰਿਕਾਰ ਹੈ। ਬਚਨ ਸੁਣਕੇ ਪਠਾਣ ਨੂੰ ਜੋਸ਼ ਆਇਆ ਅਰ ਕਰੋਧ ਦੀ ਅਗਨੀ ਭੜਕੀ ਅਵਸਰ ਪਾਇਕੇ ਤਿਸਨੇ ਕਟਾਰ ਚਲਾਈ ਉਸ ਦਾ ਘਾਉ ਪਾਇਕੇ ਉਹ ਕਟਾਰ ਜੋ ਹਥ ਕੰਬਣੇ ਤੇ ਡਿਗ ਪਈ ਸੀ, ਉਹ ਉਠਾਇਕੇ ਅਜੇਹੀ ਚਲਾਈ ਜੋ ਤਿਸਦੀ ਛਾਤੀ ਦੇ ਵਿਚ ਲਗੀ ਤਤਛਿਨ ਡਿਗਦੀ ਵੇਰ ਉਸਦੇ ਮੂੰਹੋਂ ਹਾਇ ਅੰਮਾਂ ਨਿਕਲਿਆ। ਸਤਿਗੁਰੂ ਬੋਲੇ ਇਹ ਵੇਲਾ ਅੰਮਾਂ ਕਹਿਣੇ ਦਾ ਨਹੀਂ ਇਸ ਵੇਲੇ ਅੱਲਾ ਨੂੰ ਯਾਦ ਕਰ ਅਰ ਤਿਸਦੇ ਪ੍ਰਾਣ ਨਿਕਲ ਗਏ। ਅਵਾਜ਼ ਸੁਣਕੇ ਸਿਖ ਦੌੜੇ ਆਏ, ਲਹੂ ਪੂੰਝਕੇ ਗੁਰੂ ਸਾਹਿਬ ਦੇ ਘਾਵ ਪਰ ਟਾਂਕੇ ਲਗਾਏ। ਇਹ ਖਬਰ ਪਾਇ ਬਹਾਦਰ ਸ਼ਾਹ ਪਾਤਸ਼ਾਹ ਨੇ ਆਪਣੇ ਅੰਗਰੇਜ ਜੱਰਾਹ ਭੇਜੇ ਤਿਨਾਂ ਨੇ ਮਰਹਮ ਲਗਾਇ ਯਾਰਾਂ ਦਿਨਾਂ ਮੇਂ ਘਾਉ ਮਿਲਾਏ ਅਸ਼ਨਾਨ ਕਰਾਇ ਦਿਤਾ। ਦੂਸਰੇ ਦਿਨ ਖਬਰ ਲੈਣ ਸੁਖ ਅਨੰਦ ਪੁਛਣ ਵਾਸਤੇ ਪਾਤਸ਼ਾਹ ਨੇ ਅਮੀਰ ਭੇਜੇ। ਸਭਾ ਵਿਖੇ ਨੌਂ ਟੰਕ ਦੀ ਕਮਾਨ ਅਗੇ ਪਈ ਦੇਖਕੇ ਤਿਨਾਂ ਨੇ ਪੁਛਿਆ ਏਹ ਕੇਵਲ ਸ਼ਿੰਗਾਰ ਹੈ ਚੜ੍ਹਦੀ ਬੀ ਹੈ ? ਤਿਨ੍ਹਾਂ ਦੇ ਦਿਖੌਣ ਹਿਤ ਗੁਰੂ ਜੀ ਨੇ ਉਠਾਈ, ਤਾਂ ਪ੍ਰਧਾਨ ਸਿੰਘਾਂ ਅਰ ਜਰਾਹਾਂ ਅਰ ਉਨ੍ਹਾਂ ਅਹਿਲਕਾਰਾਂ ਨੇ ਭੀ ਬੇਨਤੀ ਕੀਤੀ ਜੀ ਸਚੇ ਪਾਤਸ਼ਾਹ ਅਜੇ ਘਾਉ ਅੱਲੇ ਹਨ, ਅਰ ਕਮਾਨ ਭਾਰੀ ਹੈ ਨੌਂ ਮਣ ਭਾਰ ਪਵੇ ਤਾਂ ਝੁਕਦੀ ਹੈ, ਅਜੇਹਾ ਨਾ ਹੋਵੇ ਜੋ ਟਾਂਕੇ ਟੁਟ ਜਾਣ, ਪਰ ਗੁਰੂ ਸਾਹਿਬ ਜੀ ਨੇ ਇਨ੍ਹਾਂ ਦੀ ਕੁਛ ਪਰਵਾਹ ਨਾ ਕੀਤੀ, ਤਤਛਿਨ ਕਮਾਨ ਚੜ੍ਹਾਈ ਸੋ ਜ਼ਖਮ ਖੁਲ੍ਹ ਗਿਆ ਅਰ ਲਹੂ ਦਾ ਪਰਵਾਰ ਚਲਿਆ, ਹਾਹਾਕਾਰ ਕਰਦੇ ਸਿਖਾਂ ਨੇ ਔਰ ਪਾਤਸ਼ਾਹੀ ਜਰਾਹਾਂ ਨੇ ਸੀਊਣਾ ਚਾਹਾ, ਪਰ ਆਗਯਾ ਹੋਈ ਹੁਣ ਇਨ੍ਹਾਂ ਅੱਨਜਮਤੀਆਂ ਦਾ ਹਥ ਨਹੀਂ ਛੁਹਾਵਾਂਗੇ, ਅਰ ਤਿਨਾਂ ਨੂੰ ਵਰ ਦਿਤਾ ਜੋ ਤੁਸਾਂ ਬੜੀ ਪ੍ਰੀਤ ਨਾਲ ਸੇਵਾ ਕੀਤੀ ਹੈ, ਸਾਡੀ ਖੁਸ਼ੀ ਹੈ ਇਸ ਦੇਸ ਦੀ ਪਰਜਾ ਦਾ ਇਲਾਜ ਕਰਤਾਰ ਤੁਹਾਡੇ ਹਥੋਂ ਕਰਾਵੇਗਾ, ਤੁਸੀਂ ਰਾਜ ਕਰੋਗੇ, ਅਰ ਸਿਰੋਪਾਓ ਦੇਕੇ ਤਿਨਾਂ ਨੂੰ ਵਿਦਾ ਕੀਤਾ, ਕਿਹਾ ਅਬ ਹਮਾਰੀ ਸਚਖੰਡ ਜਾਣੇ ਕੀ ਤਿਆਰੀ ਹੈ। ਇਹ ਸੁਣਕੇ ਸੰਗਤ ਵੈਰਾਗ ਕਰਨੇ ਲਗੀ; ਅਰ ਬੇਨਤੀ ਕੀਤੀ ਜੋ ਖਾਲਸਾ ਪੰਥ ਅਜੇ ਗੋਦ ਵਿਚ ਖੇਲਦਾ ਬੱਚਾ ਹੈ

ਭਾਵ ਇਹ ਕਿ ਪਰਤਾਪਵਾਨ ਨਹੀਂ ਹੋਯਾ ਅਰ ਸੰਗਤ ਨੂੰ ਕਿਸ ਦਾ ਲੜ ਪਕੜਾਉਂਦੇ ਹੋ ? ਅਰ ਜੋ ਜੋ ਕਾਰਜ ਆਪ ਨੇ ਕਰਨੇ ਸਨ ਪੂਰਨ ਨਹੀਂ ਹੋਏ, ਅਰ ਸਾਹਿਬਜ਼ਾਦਿਆਂ ਦਾ ਬਦਲਾ ਭੀ ਅਜੇ ਨਹੀਂ ਲਿਆ ਗਿਆ, ਮੁਲਕੀ ਇੰਤਜ਼ਾਮ ਵਿਚ ਪਾਤਸ਼ਾਹ ਨੂੰ ਵੇਹਲ ਨਹੀਂ ਲਗਾ। ਬਚਨ ਹੋਯਾ ਖਾਲਸਾ ਪੰਥ ਅਕਾਲ ਪੁਰਖ ਦੀ ਗੋਦ ਵਿਚ ਹੈ ਅਰ ਅਸੀਂ ਭੀ ਸਦਾ ਅੰਗ ਸੰਗ ਹਾਂ, ਜਿਉਂ ਜਿਉਂ ਰਹਿਤ ਵਿਚ ਪੱਕਾ ਹੋਵੇਗਾ ਤਿਉਂ ੨ ਤੇਜ ਪਰਤਾਪ ਵਧੇਗਾ। ਅਰ ਕਲਯੁਗ ਘੋਰ ਪਸਰਦਾ ਹੈ। ਇਸ ਵਿਖੇ ਅਜਰ ਜਰਨਾ ਅਤਿ ਕਠਨ ਹੈ, ਇਸ ਲਈ ਗੁਰਿਆਈ ਦਾ ਤਿਲਕ ਪੰਜ ਪੈਸੇ ਨਲਯੇਰ ਭੇਟ ਧਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕੀਤਾ। ਅਰ ਜੋ ਕੰਮ ਅਸਾਂ ਕਰਨੇ ਸੋ ਸੋ ਸਿਖ ਪੂਰਨ ਕਰਨਗੇ ਅਰ ਬਦਲੇ ਲੈਣੇ ਪਾਤਸ਼ਾਹ ਸੇ ਨਹੀਂ ਹੋ ਸਕਦੇ। ਭਾਵੇਂ ਬਹਾਦਰ ਸ਼ਾਹ ਸਾਡਾ ਆਗਯਾਕਾਰੀ ਹੈ ਤਾਂ ਭੀ ਮੁਸਲਮਾਨੀ ਸ਼ਰਾ ਦੇ ਬੰਦਨਾ ਤੇ ਸੁਤੰਤ੍ਰ ਨਹੀਂ ਹੈ। ਉਪਰੰਤ ਨਿਤ ਸ਼ਨਾਨ ਕਰ ਉਪਾਵ ਕਿਛ ਨਾਹੀਂ ਕਰਨ ਅਰ ਕਮਰ ਕਸਾ ਕਰਕੇ ਨਿਰਾਹਾਰ ਬ੍ਰਤ ਕਰ ਸੋਲਾਂ ਦਿਨ ਪਰਯੰਤ ਸਿਖਾਂ ਨੂੰ ਉਪਦੇਸ਼ ਕਰਦੇ ਰਹੇ ਜਿਹਾਕੁ-

(੧) ਪਿਛਲੀ ਰਾਤ ਜਾਗ ਸੌਚ ਸ਼ਨਾਨ ਕਰ ਗੁਰਬਾਣੀ ਦਾ ਜਾਪ ਕਰਨਾ॥

(੨) ਇਕ ਮਨ ਹੋਕੇ ਅਕਾਲ ਪੁਰਖ ਦਾ ਧਿਆਨ ਤਿਸਦੇ ਗੁਣਾਂ ਦਾ ਬੀਚਾਰ ਅਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ (ਉਚਾਰ) ਰੂਪ ਪੂਜਾ ਕਰਨੀ। (ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ)

(੩) ਸਭ ਕੰਮ ਅਰਦਾਸ ਕਰਕੇ ਕਰਨੇ (ਮਤਾ ਮਹੂਤਰ ਅਉਰ ਸਿਆਣਪ ਜਨ ਕਉ ਕਛੂ ਨ ਆਇਓ॥ ਜਹ ਜਹ ਅਉਸਰ ਆਇ ਬਨਿਓ ਹੈ ਤਹਾਂ ਤਹਾਂ ਹਰਿ ਧਿਆਇਓ॥੧॥)

(੪) ਧਰਮ ਦੀ ਕਿਰਤ ਕਟਕੇ ਗਰੀਬਾਂ ਨਾਲ ਵੰਡ ਛਕਣਾ (ਘਟ ਘਾਲ ਕਿਛ ਹਥਹੁ ਦੇਹ॥ ਨਾਨਕ ਰਾਹੁ ਪਛਾਣਹਿ ਸੇਇ॥)

(੫) ਆਪਨੀ ਖੱਟੀ ਕਮਾਈ ਵਿਚੋਂ ਦਸਵੰਧ ਗੁਰੂ ਪਰਮੇਸ੍ਰ ਨਮਿਤ ਦੇਣਾ (ਦਸ ਬਸਤੂ ਲੈ ਪਾਛੈ ਪਾਵੈ॥ ਏਕ ਬਸਤ ਕਾਰਨ ਬਿਖੋਟ ਗਵਾਵੈ॥ ਏਕ ਭੀ ਨਾ ਦੇਇ ਦਸ ਭੀ ਹਿਰ ਲੇਇ॥ ਤਉ ਮੂੜਾ ਕਹੁ ਕਹਾ ਕਰੇਇ॥)

(੬) ਆਪਣੇ ਮਤ ਦੇ ਬਿਰਧਾਂ ਬੁਧਮਾਨਾਂ ਪ੍ਰਧਾਨਾਂ ਪਾਸੋਂ ਸ਼ੁਭ ਉਪਦੇਸ਼ ਸੁਣਨਾ ਕਮਾਉਣਾ।

(੭) ਪਰਾਈ ਇਸਤ੍ਰੀ ਨੂੰ ਮਾਤਾ ਭੈਣ ਪੁਤਰੀ ਸਮਾਨ ਜਾਣਨਾ। ਵਿਸ਼ਯ ਵਾਸ਼ਨਾ ਸੰਕੋਚਣੀ।

(੮) ਧਰਮਾਤਮਾ ਵਿਦਵਾਨ ਗੁਣਵਾਨ ਸੰਤਾਂ ਦੀ ਸੰਗਤ ਕਰਨੀ।

(੯) ਪਰੋਪਕਾਰ ਦੇ ਕੰਮਾਂ ਵਿਚ ਨਿਰਾਲਸ ਉੱਦਮੀ ਰਹਿਣਾ।

(੧੦) ਗੁਰਦਵਾਰਿਆਂ ਦੀ ਪਰੇਮ ਨਾਲ ਯਾਤਰਾ ਅਰ ਯਥਾ ਸ਼ਕਤਿ ਸੇਵਾ ਕਰਨੀ।

(੧੧) ਗੁਰਬਾਨੀ ਦੇ ਅਰਥ ਅਰ ਭਾਵ ਸਿਖਣੇ।

(੧੨) ਦੇਖਕੇ ਅਨਡਿਠ ਕਰਨਾ, ਅਰਥਾਤ ਨਾ ਦੇਖੇ ਸਮਾਨ ਕਰਕੇ ਪਰਾਏ ਦੋਖ ਦੇਖਕੇ ਕਿਸੇ ਨੂੰ ਆਪਣੇ ਮੂੰਹ ਤੇ ਨਾ ਸੁਨਾਉਣੇ।

(੧੩) ਮਨ ਨੀਵਾਂ ਰਖਣਾ, ਮਨ ਵਿਚ ਤਨ ਧਨ ਜੋਬਨ ਆਦਿਕਾਂ ਦਾ ਮਾਨ ਨਾ ਕਰਨਾ।

(੧੪) ਬੁਧਿ ਵਿਚ ਸਦਾ ਉਤਮ ਵਿਚਾਰ ਰਖਣਾ, ਕੋਈ ਨਿਕੰਮਾ ਕੰਮ ਨਾ ਕਰਨਾ, ਮਤ ਦਾ ਰਾਖਾ, ਜਾਣਕੇ ਵਾਹਿਗੁਰੂ ਅਗੇ ਸਦਾ ਅਰਦਾਸ ਕਰਨੀ ਜੋ ਸ਼ੁਭ ਮਤ ਆਵੇ।

(੧੫) ਵੈਰੀ ਤੁਰਕਾਂ ਦੀਆਂ ਸੁਹਵਾਂ ਪਰ ਨਿਸਚਾ ਨਹੀਂ ਕਰਨਾ।

(੧੬) ਰਾਜਸ ਕਾਜ ਦੇ ਬਿਵਹਾਰਾਂ ਵਿਚ ਅੰਨਯ ਮਤੀਏ ਪੁਰਸ਼ਾਂ ਨੂੰ ਬੜਾ ਅਧਿਕਾਰ ਨਾ ਦੇਣਾ। ਰਾਜ ਬਿਵਹਾਰ ਰਾਜਨੀਤ ਅਨੁਸਾਰ ਕਰਨੇ। ਸ਼ਾਮ ਦਾਮ ਭੇਦ ਸੇ ਵਸ ਨਾ ਆਵੇ, ਤਾਂ ਦੰਡ ਉਪਾਯ ਰੂਪ ਯੁਧ ਕਰਨਾ॥

(੧੭) ਸ਼ਸਤ੍ਰ ਵਿਦਯਾ ਦਾ ਅਭਯਾਸ ਕਰਨਾ, ਸ਼ਸਤ੍ਰਧਾਰੀ ਖੱਤ੍ਰੀ ਧਰਮ ਹੋਕਰ ਦਾਨ ਨਾ ਲੈਣਾ।

(੧੮) ਅਨਯਮਤੀਆਂ ਦਾ ਉਪਦੇਸ਼ ਨਾ ਲੈਣਾ। ਖੰਡੇ ਦਾ ਅੰਮ੍ਰਿਤ ਛਕਕੇ ਕਛ ਕ੍ਰਿਪਾਨ ਆਦੀ ਰਹਿਤ ਰਖਕੇ ਇਕ ਅਕਾਲ ਪੁਰਖ ਨੂੰ ਮੰਨਣਾ।

(੧੯) ਜਪੇ ਜਾਪ ਰਹਿਰਾਸ ਸੋਹਿਲਾ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰੇ ਬਿਨਾਂ ਪ੍ਰਸ਼ਾਦਿ ਨਾ ਛਕਣਾ,ਅਰ ਸਭ ਪਦਾਰਥ ਗੁਰੂ ਕਾ ਜਾਣ ਅਭਿਮਾਨ ਨਾ ਕਰਨਾ।

(੨੦) ਹੁਕਾ ਹਰਾਮ ਹਲਾਲ ਹਜਾਮਤ ਅਰਥਾਤ ਬਿਖਿਆ ਪਾਨ ੧. ਤੁਰਕਣੀ ਨਾਲ ਸੰਗ ੨. ਕੁਠਾ ਖਾਣਾ ੩. ਕੇਸਾਂ ਦੀ ਬਿਅਦਬੀ ੪. ਇਨਾਂ ਚਾਰ ਮਨਮਤਾਂ ਕੁਰਹਿਤਾਂ ਤੇ ਬਚੇ ਰਹਿਣਾ ਏਹ ਸਰਵਥਾ ਬਿਵਰਜਤ ਮਲ ਤੇ ਭੀ ਅਧਿਕ ਤਯਾਗਨੀਯ ਹਨ।

(੨੧) ਸਤਿਸੰਗ ਵਿਖੇ ਨਿਤ ਜਾਣਾ, ਅਰ ਜੇ ਕੋਈ ਮਨਮਤ ਹੋ ਜਾਵੇ ਤਾਂ ਦੀਵਾਨ ਵਿਖੇ ਦਸ ਕੇ ਭੁਲ ਬਖਸ਼ਾਇ ਲੈਣੀ।

(੨੨) ਗੁਰਪੁਰਬ ਕਰਨੇ, ਗੁਰ ਭਾਈ ਸੰਤੁਸ਼ਟ ਕਰਨੇ, ਪਰਾਏ ਛਿਦ੍ਰ ਨ ਦੇਖਣੇ। ਐਸੇ ਅਨੇਕ ਉਪਦੇਸ਼ ਕਰਕੇ ਅੰਤ ਵਿਚ ਏਹ ਸ਼ਬਦ ਸੁਣਾਯਾ:-

ਮਹਲਾ ੪ ॥ ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ॥ ਬਹਦਿਆ ਉਠਦਿਆ ਹਰਿਨਾਮੁ ਧਿਆਵੈ ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨ ਭਾਵੈ ॥ ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰ ਸਿਖ ਕੀ ਜੋ ਆਪਿ ਜਪੈ ਅਵਰਹਿ ਨਾਮੁ ਜਪਾਵੈ ॥ ੧ ॥

ਅਤੇ ਘ੍ਰਿਤ ਖੰਡ ਮੈਦਾ ਆਦਿ ਸਾਮਗ੍ਰੀ ਮੰਗਵਾਇ ਪਕਵਾ ਅੰਨ ਕੜਾਹ ਪ੍ਰਸਾਦਿ ਤਯਾਰ ਕਰਵਾਇ ਬੜਾ ਭਾਰੀ ਯਗ ਵਰਤਾਇਕੇ ਗਰੀਬਾਂ ਅਨਾਥਾਂ ਨੂੰ ਵਿਪਤ ਕੀਤਾ। ਪਾਸ ਰਹਿਣੇ ਵਾਲੇ ਸਿਖਾਂ ਨੂੰ ਮਨ ਇਛਤ ਦਾਨ ਦਿਤੇ, ਜਿਹਾ ਕੁ ਭਾਈ ਬੁਲਾਕੀ ਅਰੋੜਾ ਸਿਖ ਵਿਆਹ ਦੀ ਭਾਵਨਾ ਕਰਕੇ ਸੇਵਾ ਕਰਦਾ ਸੀ; ਤਿਸ ਨੂੰ ਹੁਕਮ ਹੋਯਾ, ਲਾਹੌਰ ਵਿਖੇ ਜਾਓ, ਤੇਰੇ ਘਰ ਰਾਮ ਲਛਮਣ ਦਾ ਜੋੜਾ ਆਵੇਗਾ, ਸੋ ਆਯਾ ਤਿਸਦਾ ਵਿਆਹ ਹੋਇਆ ਪੁਤਰ ਭਾਈ ਵਸਤੀ ਰਾਮ ਅਰ ਸਹਾਈ ਰਾਮ ਆਏ। ਅਰ ਸਿਖਿਆ ਦੇ ਕਰਕੇ ਸਮਝਾਯਾ ਜੋ ਇਸ ਸਥਾਨ ਮੈਂ ਦੇਹਰਾ ਮੜੀ ਆਦਿ ਨਹੀਂ ਬਨਾਉਣਾ, ਜੋ ਧਨ ਆਵੇ ਲੰਗਰ ਪਰ ਖਰਚ ਕਰਨਾ, ਅਰ ਕੇਸਾਂ ਸਮੇਤ ਸ਼ਨਾਨ ਕਰਕੇ ਨਵੀਨ ਪੁਸ਼ਾਕ ਪਹਿਨ ਸਵਾ ਮਣ ਸ਼ਸਤਰਾਂ ਦਾ ਕਮਰਕਸਾ ਕੀਤਾ ਅਰ ਹੁਕਮ ਦੇਕੇ ਲੇਪਨ ਕਰਵਾਇ ਚੰਦਨ ਚਿਖਾ ਬਨਵਾਇ ਤਿਸਦੇ ਚਾਰ ਚੁਫੇਰੇ ਕਨਾਤ ਲਗਵਾਈ। ਅਰ ਆਗਿਆ ਹੋਈ ਜੋ ਇਹ ਸ਼ਬਦ ਪੜ੍ਹੋ:-

ਮਾਰੂ ਮਹਲਾ ੫ ॥ ਖੁਲਿਆ ਕਰਮੁ ਕ੍ਰਿਪਾ ਪਈ ਠਾਕੁਰ ਕੀਰਤਨੁ

ਹਰਿ ਹਰਿ ਗਾਈ॥ ਸ੍ਰਮ ਥਾਕਾ ਪਾਏ ਬਿਸਰਾਮਾ ਮਿਟ ਗਈ ਸਗਲੀ ਧਾਈ॥ ਅਬ ਮੋਹਿ ਜੀਵਨ ਪਦਵੀ ਪਾਈ॥ ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ ॥੧॥ ਰਹਾਉ॥ ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ॥ ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ ॥੨॥ ਸੁਖ ਸੀਤਲ ਸਰਧਾ ਸਭ ਪੂਰੀ ਹੋਏ ਸੰਤ ਸਹਾਈ॥ ਪਾਵਨ ਪਤਿਤ ਕੀਏ ਖਿਨ ਭੀਤਰਿ ਮਹਿਮਾ ਕਥਨੁ ਨ ਜਾਈ॥੩॥ ਨਿਰਭਉ ਭਏ ਸਗਲ ਭੈ ਖੋਏ ਗੋਬਿੰਦ ਚਰਣ ਓਟਾਈ॥ ਨਾਨਕ ਜਸ ਗਾਵੈ ਠਾਕੁਰ ਕਾ ਰੈਣਿ ਦਿਨਸੁ ਲਿਵਲਾਈ॥੪॥੬॥

ਸੋ ਅਗੇ ਅਗੇ ਸ਼ਬਦ ਪੜਦੇ ਪਿਛੇ ਆਪ ਪੈਦਲ ਤੁਰਦੇ ਅਕਾਲ ਪੁਰਖ ਦੇ ਅਗੇ ਅਰਦਾਸ ਕਰਕੇ ਚੰਦਨ ਚਿਤਾ ਪਰ ਆ ਬੈਠੇ। ਇਸ ਵੇਲੇ ਸ਼ਬਦਾਂ ਦੀ ਘਨਘੋਰ ਅਰ ਫੁਲਾਂ ਦੀ ਵਰਖਾ ਦਾ ਜ਼ੋਰ ਗੁਲਾਬ ਛਿੜਕ ਕੇ ਸਿਖ ਪ੍ਰੇਮ ਵਿਚ ਬੇਸੁਧ ਹੋ ਰਹੇ, ਪਰ ਅੰਤ ਦਾ ਵੇਲਾ ਦੇਖਕੇ ਸੰਗਤ ਵਿਯੋਗ ਨਾ ਸਹਾਰ ਸਕੀ ਸਭ ਰੁਦਨ ਕਰਨੇ ਲਗੇ ਤਾਂ ਹੁਕਮ ਹੋਇਆ ਰੁਦਨ ਨਹੀਂ ਕਰੋ (ਨਹ ਕਿਛੁ ਜਨਮੈ ਨਹ ਕਿਛੁ ਮਰੈ॥ ਆਪਨ ਚਲਿਤ ਆਪ ਹੀ ਕਰੈ॥) ਅਰ ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥ ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਣ ਮੀਤ॥) ਅਸੀਂ ਪੰਚ ਭੌਤਕ ਦੇਹ ਨਹੀਂ ਹਾਂ, ਆਤਮਾਂ ਜਨਮ ਮਰਨ ਤੇ ਰਹਿਤ ਹੈ। ਜੋ ਸਿਖ ਦਰਸ਼ਨ ਕਰਨਾ ਚਾਹੇ ਤਾਂ ਹੋਲੇ ਮਹਲੇ ਵਿਖੇ ਅਨੰਦਪੁਰ, ਮਾਘੀ ਮੁਕਤਸਰ, ਦੀਪਮਾਲਾ ਅੰਮ੍ਰਿਤਸਰ, ਵਿਸਾਖੀ ਦਮਦਮੇ ਅਰ ਕਰਤਾਰਪੁਰ ਸਰਬ ਸਮਯ ਸਤਿਸੰਗਤ ਵਿਖੇ ਸਾਡਾ ਦਰਸ਼ਨ ਹੋਵੇਗਾ, ਹੋਰ ਸ਼ਰਧਾ ਨਾਲ ਪਰੇਮੀ ਜਿਥੇ ਕੋਈ ਅਰਾਧਨਾ ਕਰੇ ਉਸਦੇ ਅੰਗ ਸੰਗ ਹਾਂ। ਇਸ ਤਰ੍ਹਾਂ ਰਾਤ ਅੱਧੀ ਦੇ ਲਗ ਪਗ ਹੋ ਗਈ, ਤਾਂ ਹੁਕਮ ਦਿਤਾ ਜੋ ਸਾਡਾ ਘੋੜਾ ਜੀਨ ਪਾਇਕੇ ਤਿਆਰ ਕਰੋ, ਅਰ ਇਸ ਚੰਦਨ ਚਿਤਾ ਨੂੰ ਬੈਸੰਤਰ ਲਗਾਇਕੇ ਬਾਹਰ ਹੋ ਜਾਵੋ, ਇਸ ਆਗਿਆ ਦਾ ਮੰਨਣਾ ਮਹਾਂ ਕਠਨ ਸੀ, ਪਰ ਦੂਜਾ ਹੁਕਮ ਸੁਣਾਕੇ ਇਕ ਸਿਖ ਨੇ ਬੈਸੰਤਰ ਲਗਾਈ, ਅਰ ਸਭ ਕਨਾਤ ਦੇ ਬਾਹਰ ਆਇ ਗਏ, ਦੂਰ ਦੂਰ ਚੌਫੇਰੇ ਖੜੇ ਸ੍ਰੀ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰਦੇ ਰਹੇ । ਅਰ ਇਕ ਤੇਜਦਾਰ ਪੁੰਜ ਉਪਰ ਚੜਦਾ ਦੇਖਿਆ, ਸਵੇਰੇ ਡਿਠਾ ਤਾਂ ਘੋੜਾ ਤਬੇਲੇ ਵਿਚ ਨਹੀਂ ਸੀ। ਕੁਛ ਚਿਰ ਪਿਛੋਂ ਬਾਲੇ ਰਾਇ ਰੁਸਤਮ ਰਾਇ ਨੇ ਕੈਦ ਵਿਚ ਅਰਾਧਨਾ ਕਰੀ, ਤਿਨ੍ਹਾਂ ਨੂੰ ਗੁਰੂ ਜੀ ਨੇ ਦਰਸ਼ਨ ਦੇਕਰ ਬਾਹਰ ਕਰ ਦਿਤਾ ਬੰਦ ਖਲਾਸ ਹੋਈ। ਦੂਸਰੇ ਦਿਨ ਚਿਖਾ ਠੰਢੀ ਕਰਕੇ ਭਾਲੀ ਤਾਂ ਇਕ ਕ੍ਰਿਪਾਨ ਨਿਕਲੀ ਜਿਸ ਦਾ ਦਸਤਾ ਕਾਠ ਦਾ ਸੀ, ਹੋਰ ਸਭ ਸ਼ਸਤਰ

ਸਾਫ ਹੀ ਲੋਪ ਹੋ ਗਏ, ਨਾਮ ਗੁਰਦਵਾਰੇ ਦਾ ਸ੍ਰੀ ਹਜ਼ੂਰ ਅਬਿਚਲ ਨਗਰ ਰਖਿਆ, ਸ਼ਸਤ੍ਰ ਦਾ ਦਾਰਸ਼ਨ ਅਰ ਪੂਜਨ ਸੰਗਤਾਂ ਕਰਦੀਆਂ ਹਨ। ੪੧ ਬਰਸ ੯ ਮਹੀਨੇ ੨੯ ਦਿਨ ਦੀ ਅਵਸਥਾ ਵਿਖੇ ਸੰਮਤ ੧੭੬੫ ਕੱਤਕ ਸੁਦੀ ਪੰਚਮੀ ਵੀਰਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਸਮ ਪਾਤਸ਼ਾਹ ਜੋਤੀ ਜੋਤ ਸਮਾਏ ॥

❋

ਵਖਯਾਨ ੨੯

ਦੋਹਰਾ–

ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ।
ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨੀਅਹੁ ਗ੍ਰੰਥ ॥ ੧ ॥
ਗੁਰੂ ਗ੍ਰੰਥ ਹੈ ਪੰਥ ਕੋ ਦੇਇ ਕਾਲਕਾ ਮਾਤ।
ਪਿਤਾ ਅਕਾਲ ਪੁਰਖ ਪ੍ਰਭੂ ਸਰਬ ਖਾਲਸਾ ਭ੍ਰਾਤ ॥ ੨ ॥
ਸਭ ਗ੍ਰੰਥਨ ਕੋ ਗੁਰੂ ਹੈ ਤਾਂਤੇ ਕਹੋ ਗੁਰੂ ਗ੍ਰੰਥ।
ਬਾਰੰਬਾਰ ਜੁਹਾਰ ਤਿਹ ਦਾਸਾਵਤ ਸੁਭ ਪੰਥ ॥ ੩ ॥

ਸੰਗਤ ਜੀ ! ਇਕ ਦਿਨ ਦੀਵਾਨ ਵਿਖੇ ਇਕ ਰਬਾਬੀ ਨੇ ਕੀਰਤਨ ਕਰਦਿਆਂ ਗੁਰਬਾਣੀ ਗਾਇਕੇ ਕੋਈ ਸ਼ਬਦ ਪੜ੍ਹਿਆ ਜਿਸ ਦੇ ਅੰਤ ਵਿਖੇ ਨਾਨਕ ਨਾਮ ਆਇਆ। ਸ੍ਰੀ ਗੁਰੂ ਅਰਜਨ ਸਾਹਿਬ ਜੀ ਬਚਨ ਕੀਤਾ, ਭਾਈ ਇਹ ਗੁਰੂ ਨਾਨਕ ਜੀ ਦੀ ਬਾਣੀ ਨਹੀਂ ਹੈ ਕਿਸੇ ਨੇ ਰਚਕੇ ਨਾਮ ਗੁਰੂ ਕਾ ਵਿਚ ਧਰ ਦਿਤਾ ਹੈ, ਸਚ ਕਹੁ ਤੂੰ ਕਿਥੋਂ ਕੰਠ ਕੀਤਾ ਹੈ ? ਤਿਸ ਨੇ ਕਹਿਆ ਸਚੇ ਪਾਤਸ਼ਾਹ ਆਪ ਦੇ ਭਤੀਜੇ ਮਿਹਰਵਾਨ ਜੀ ਸੇ ਮੈਂ ਕੰਠ ਕੀਤਾ ਹੈ, ਉਨ੍ਹਾਂ ਦੀ ਹੀ ਰਚਨਾ ਹੋਵੇਗੀ, ਇਸ ਕਾਰਨ ਗੁਰੂ ਸਾਹਿਬ ਨੇ ਵਿਚਾਰ ਕੀਤਾ ਜੋ (ਸਤਿਗੁਰੂ ਬਿਨਾਂ ਹੋਰ ਕਚੀ ਹੈ ਬਾਣੀ ॥ ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥ ਕਹਿੰਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥ ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥ ਚਿਤੁ ਜਿਨਕਾ ਹਿਰ ਲਇਆ ਮਾਇਆ ਬੋਲਨ ਪਏ ਰਵਾਣੀ ॥ ਕਹੈ ਨਾਨਕ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥ ੨੪ ॥

ਕਲਯੁਗ ਦੇ ਸਮੇਂ ਵਿਖੇ ਕਰਨੀ ਦੇ ਥੋੜੇ ਅਰ ਕਹਿਣੀ ਦੇ ਧਨੀ ਅਨੇਕਾਂ ਕਵੀ ਹੋਣਗੇ ਜੋ ਆਪਣੀਆਂ ਚਤੁਰਾਈਆਂ ਦਿਖਾਉਣਗੇ, ਸੋ ਕਚੀ ਬਾਣੀ ਵਿਚ ਰਲਾਉਣਗੇ, ਤਾਂ ਸਿਖਾਂ ਨੂੰ ਗੁਰਬਾਣੀ ਵਖਰੀ ਕਰਨੀ ਅਜਿਹੀ ਕਠਨ ਹੋਵੇਗੀ ਜਿਸ ਤਰ੍ਹਾਂ ਦੁਧ ਪਾਣੀ ਰਲੇ ਹੋਏ ਵਿਚੋਂ ਦੁਧ ਵਖਰਾ ਕਰਨਾ ਹੋਵੇ। ਅਰ ਗੁਰਬਾਣੀ ਜੀਵਾਂ ਦੇ ਭੋਗ ਮੋਖ ਦਾ ਸਾਧਨ ਹੈ, ਯਥਾ (ਗੁਰਬਾਣੀ ਗਾਵਹੁ ਭਾਈ ॥ ਓਹ ਸਫਲ ਸਦਾ ਸੁਖਦਾਈ ॥) ਅਤੇ ਤਨ ਧਾਰੀ ਗੁਰੂ ਲੋਭੀ ਅਹੰਕਾਰੀ ਪਖੰਡੀ ਹੋਣਗੇ ਸ਼ਕਤੀ ਤੋਂ ਬਿਨਾਂ ਸਿਖਾਂ ਦੀ ਸ਼ਰਧਾ ਦਾ ਸਮੋਧਾਨ ਨਹੀਂ ਕਰ ਸਕਣਗੇ। ਗੁਰੂ ਚਾਹੀਏ ਐਸਾ ਨਿਰਲੋਭ ਸੰਤੋਖੀ ਸਮਦ੍ਰਿਸ਼ਟੀ ਖਿਮਾਵਾਨ ਸੁਸ਼ੀਲ ਨਿਮ੍ਰਚਿਤ ਪਰੋਪਕਾਰੀ ਨਿਰ ਹੰਕਾਰੀ, ਜੋ ਸਿਖ ਦੇ ਸੰਸਯ ਭਰਮ ਨਵਿਰਤ ਕਰ ਸਕੇ ਸੋ ਐਸੇ ਉੱਪਰ ਲਿਖੇ ਦੇਵੀ ਸੰਪਤਿ ਵਸਿਸ਼ਟ ਸਦ ਗੁਣਾਂ ਕਰਕੇ ਸਰੇਸ਼ਟ ਸਮ ਦ੍ਰਿਸ਼ਟੀ ਮੁਕਤਿ ਦਾਤਾ ਸਚੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਬੜੇ ਪਰਿਸ਼੍ਰਮ ਕਰਕੇ ਜਿਹਾ ਕੁ ਆਪ ਗੋਂਦਵਾਲ ਗਏ, ਅਰ ਸ਼ਬਦ ਗਾਇ ਮੋਹਨ ਜੀ ਨੂੰ ਰਝਾਇਕੇ ਪੋਥੀਆਂ ਲਈਆਂ ਅਰ ਸੰਮਤ ੧੬੬੧ ਭਾਦਰੋਂ ਸੁਦੀ ਏਕਮ ਨੂੰ ਗੁਰਦਵਾਰਾ ਸ੍ਰੀ ਰਾਮਸਰ ਜੀ ਵਿਖੇ ਬੀੜ ਤਿਆਰ ਕੀਤੀ। ਭਾਈ ਬੰਨੋ ਨਾਮੇ ਸਿੱਖ ਨੂੰ ਲਾਹੌਰ ਭੇਜਕੇ ਜਿਲਦ ਬਨਵਾਈ, ਅਰ ਖਾਸੇ ਝੰਪਾਨ ਵਿਚ ਬਿਰਾਜਮਾਨ ਕਰਕੇ ਨਾਲ ਬੇਨਤੀ ਦੇ ਸ਼ਬਦ ਪੜਦੇ ਸੰਖ, ਘੰਟੇ ਨਰਸਿੰਘੇ ਵਜਦੇ ਭਟ ਜਸ ਕਰਦੇ ਸਚਖੰਡ ਹਰਿਮੰਦਰ ਸ੍ਰੀ ਦਰਬਾਰ ਸਾਹਿਬ ਜੀ ਦੇ ਅੰਦਰ ਗੁਰਿਆਈ ਦੇ ਸਿੰਘਾਸਨ ਪਰ ਸਥਾਪਨ ਕੀਤੇ। ਪਿਛੋਂ ਦਸਮ ਪਾਤਸ਼ਾਹ ਜੀ ਨੇ ਪੰਜ ਪੈਸੇ ਨਲਿਯੇਰ ਭੇਟ ਧਰਕੇ ਰੀਤ ਪੂਰਬਕ ਗੁਰਿਆਈ ਦਾ ਤਿਲਕ ਦੇ ਕੇ ਆਗਿਆ ਦਿਤੀ।

ਦੋਹਰਾ—ਆਗਯਾ ਭਈ ਅਕਾਲ ਕੀ ਤਬੀ ਚਲਾਯੋ ਪੰਥ ॥ ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਅਹੁ ਗ੍ਰੰਥ ॥ ੧ ॥ ਗੁਰੂ ਗ੍ਰੰਥ ਜੀ ਮਾਨੀਯੋ ਪ੍ਰਗਟ ਗੁਰਾਂ ਕੀ ਦੇਹ ॥ ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੈਂ ਲੇਹ ॥) (ਪੰਥ ਪ੍ਰਕਾਸ਼) ਪੁਨਾ—ਦੋਹਰਾ ॥ ਦਰਸਯੋ ਚਹਿ ਸਤਿਗੁਰੂ ਕੋ ਸੋ ਬੋਹਥ ਉਭੈ ਉਚਾਰ ॥ ਸਰਧਾ ਕਰ ਜੋ ਸੇਵ ਹੈ ਸੋ ਉਤਰੇ ਭਵ ਪਾਰ ॥ ੨ ॥ ਚਰ ਕਰੋ ਪੁਸ਼ਪਨ ਧਰੈ ਧੂਪ ਚੜ੍ਹਾਇ ਰੁਮਾਲ ॥ ਭੋਗ ਕੜਾਹ ਪ੍ਰਸ਼ਾਦ ਕੋ ਸੰਪਤ ਲਹੈ ਬਿਸਾਲ ॥ ੩ ॥ ਨੇਮ ਪਾਠ ਜੋ ਸਿਖ ਕਰੈ ਜਨਮ ਨ ਪਾਵੈ ਫੇਰ ॥ ਵਿਧਯੁਤ ਕਰੈ ਅਖੰਡ ਜੋ ਲਹੈ ਮਨਿੱਛਤ ਹੇਰ ॥ ੪ ॥ (ਗੁਰਪੁਰਬ ਪ੍ਰਕਾਸ਼)

ਹਿੰਦੂਆਂ ਦੇ ਵੇਦ, ਮੁਸਲਮਾਨਾਂ ਦਾ ਕੁਰਾਨ, ਯਹੂਦੀਆਂ ਦੀ ਤੌਰੇਤ

ਜੰਬੂਰ ਪੈਦਾਇਸ਼ ਆਦਿ ਬੈਬਲ, ਈਸਾਈਆਂ ਦੀ ਅੰਜੀਲ, ਏਹ ਸਾਰੇ ਮਤ ਆਪੋ ਆਪਣੇ ਧਰਮ ਪੁਸਤਕਾਂ ਨੂੰ ਈਸ਼੍ਵਰ ਕ੍ਰਿਤ ਮੰਨਦੇ ਹਨ, ਪਰ ਵਾਸਤਵ ਜੇ ਵਿਚਾਰੋ ਤਾਂ ਈਸ਼੍ਵਰ ਕ੍ਰਿਤ ਗ੍ਰੰਥਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਿਸੇ ਤਰ੍ਹਾਂ ਬੀ ਘਟ ਨਹੀਂ ਹੈ। ਕਿਉਂਕਿ ਵੇਦਾਦਿ ਪੁਸਤਕਾਂ ਦੀ ਰਚਨਾਂ ਵਿਖੇ ਮਧੂ ਛੰਦਾਸ ਵਿਸ਼੍ਵਾਮਿੱਤ੍ਰ ਸਤ੍ਰਿਪਾ ਨਾਰਦ ਅਰ ਮਤੀ ਲੂਕਾਂਸ ਯੂਹੰਨਾ ਮਰਕੁਸ ਦਾਊਦ ਸੁਲੇਮਾਨ ਯਸਾਇਆ ਦਾਨੀਏਲ ਆਦਿ ਕਵੀਆਂ ਦੇ ਨਾਮ ਜਿਨ੍ਹਾਂ ਨੇ ਏਹ ਲਿਖੇ, ਮੰਨਕੇ ਫੇਰ ਈਸ਼੍ਵਰ ਕ੍ਰਿਤ ਕਹਿੰਦੇ ਹਨ। ਪਰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਗੁਰੂ ਨਾਨਕ ਜੀ ਆਦਿ ਸਤਿਗੁਰੂ ਅਰ ਕਬੀਰ ਜੀ ਆਦਿ ਭਗਤਾਂ ਨੇ ਉਚਰੀ ਹੈ, ਅਰ ਜੈਸੇ ਰਿਖੀਆਂ ਨੇ ਲਿਖਿਆ ਹੈ ਕਿ ਅਸੀਂ ਪਰਮੇਸ਼੍ਵਰ ਦੀ ਪਰੇਰਨਾ ਤੇ ਲਿਖਿਆ ਐਸੇ ਹੀ ਗੁਰੂ ਸਾਹਿਬ ਲਿਖਦੇ ਹਨ:- (ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥) ਪੁਨਾ:-ਹਉ ਆਪਹੁ ਬੋਲ ਨਾ ਜਾਨਦਾ ਮੈ ਕਹਿਆ ਸਭ ਹੁਕਮਾਉ ਜੀਉ ॥ ਪੁਨਾ:-ਧੁਰ ਕੀ ਬਾਣੀ ਆਈ ॥ ਤਿੰਨ ਸਗਲੀ ਚਿੰਤ ਮਿਟਾਈ ॥ ਪੁਨਾ:-ਸਤਿਗੁਰ ਕੀ ਬਾਣੀ ਸਤਿ ਸਤਿ ਕਰ ਜਾਨਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ॥ ਜਨ ਨਾਨਕ ਕਉ ਸਭ ਸੋਝੀ ਪਾਈ ਹਰਿ ਦਰ ਕੀਆ ਬਾਤਾਂ ਆਖ ਸੁਣਾਏ ॥ ਇਤਿਆਦਿ) ਵਾਧਾ ਇਹ ਹੈ ਕਿ ਹੋਰ ਕਵੀਆਂ ਨੇ ਆਪ ਰਚਨਾ ਕਰਕੇ ਨਾਮ ਈਸ਼੍ਵਰ ਦਾ ਪ੍ਰਗਟ ਕੀਤਾ, ਗੁਰੂ ਸਾਹਿਬ ਨੇ ਉਸੇ ਦਾ ਨਾਮ ਸੱਚੋ ਸਚ ਲਿਖ ਦਿਤਾ ਕਿ ਜਿਸ ਨੇ ਬਾਣੀ ਰਚੀ ਝੂਠ ਨਹੀਂ ਲਿਖਿਆ ਕਿ ਬਣਾਵੇ ਕੋਈ ਅਰ ਨਾਮ ਕਿਸੇ ਦਾ ਹੋਵੇ। ਈਸ਼ਵਰੀਯ ਪੁਸਤਕ ਇਹੋ ਹੈ, ਜਿਸ ਵਿਚ ਆਦਿ ਤੋਂ ਅੰਤ ਤਕ ਕੇਵਲ ਪ੍ਰਮੇਸ਼ਰ ਦਾ ਜਸ ਵਡਿਆਈ ਮਹਿਮਾ ਅਰ ਦਯਾ ਅਰ ਉਸਦੇ ਗੁਣਾਂ ਦਾ ਵਰਨਣ ਹੈ, ਕੋਈ ਕਿੱਸਾ ਕਹਾਣੀ ਇਤਿਹਾਸ ਕੁਲਪਤਰੀ ਆਦਿ ਨਹੀਂ ਹੈ। ਸਾਰਾ ਪਾਠ ਕਰਕੇ ਇਤਨਾ ਭੀ ਨਹੀਂ ਜਾਣਿਆ ਜਾਵੇਗਾ, ਭਈ ਨਾਨਕ ਨਾਮ ਜੋ ਹਰੇਕ ਸ਼ਬਦ ਸਲੋਕ ਪੌੜੀ ਦੇ ਅੰਤ ਵਿਚ ਆਉਂਦਾ ਹੈ, ਇਹ ਨਾਨਕ ਕੌਣ ਹੋਇਆ ਹੈ, ਕਿ ਜਨਮੇ ਕਿਥੇ ਰਹੇ ਕਦ ਸਮਾਏ ਇਤਿਆਦਿ। ਇਸ ਦੇ ਪਦ ਪਦ ਵਿਖੇ ਕਰਤਾਰ ਦੀ ਮਹਿਮਾ ਦਾ ਬਿਸਤਾਰ ਅਰ ਪ੍ਰਚਾਰ ਹੈ, ਅਰ ਸਮਗਰ ਸੰਸਾਰ ਦੇ ਉਧਾਰ ਅਰ ਨਰਕਾਦਿ ਦੁਖਾਂ ਤੇ ਛੁਟਕਾਰੇ ਦਾ ਬੀਚਾਰ ਹੈ। ਪੁਨ ਭੋਗ ਮੋਖ ਦੀ ਪਰਾਪਤੀ ਦਾ ਐਸਾ ਸੁਗਮ ਪਰਕਾਰ ਹੈ ਜੋ ਕੇਵਲ ਸਮਝਣੇ ਤੇ ਛਿਨ ਭਰ ਵਿਖੇ ਬੇੜਾ ਪਾਰ ਹੈ-ਯਥਾ (ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟ ਵਧ ਕਿਛੁ ਨਾਹੀ ॥ ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਹਿ ਸਮਾਹੀ ॥) ਪੁਨਾ: (ਭਾਉ ਭਗਤ

ਕਰ ਨੀਚ ਸਦਾਏ ॥ ਤਉ ਨਾਨਕ ਮੋਖੰਤਰ ਪਾਏ ॥) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਇਕ ਬਚਨ ਅਮੋਲ ਹੈ, ਇਸਦੇ ਇਕ ਇਕ ਪਦ ਵਿਖੇ ਈਸ਼ਵਰ ਦਾ ਗਿਆਨ ਭਰਿਆ ਹੈ, ਕੁਦਰਤੀ ਨਿਯਮਾਂ ਦੇ ਅਨੁਸਾਰੀ ਉਪਦੇਸ਼ ਹੈ ਹੋਰਨਾਂ ਦੀ ਤਰ੍ਹਾਂ ਅਸੰਭਵ ਨਹੀਂ ਜੋ ਮਨੁਖ ਦੀ ਸ਼ਕਤੀ ਤੇ ਵਧਕੇ ਹੋਵੇ। ਇਸ ਦੇ ਪਰੇਮੀ ਪਾਠਕ ਦਾ ਅੰਤਸ਼ਕਰਨ ਸ਼ੁਧ ਹੋ ਜਾਂਦਾ ਹੈ ਅਰ ਮੋਖ ਨੂੰ ਪਰਾਪਤ ਕਰਦਾ ਹੈ ਤਾਂਤੇ ਨਿਤ ਪਾਠ ਕਰੋ ਅਰ ਜਨਮ ਦਾ ਲਾਭ ਪਾਓ।

❋

ਵਖਯਾਨ ੨੯

ਦੋਹਰਾ–

ਮਨ ਬਚ ਕ੍ਰਮ ਕਰ ਬੰਦ ਹੋ ਦਸ ਗੁਰੂ ਅਨ ਬਪੁ ਗ੍ਰੰਥ।
ਅਘਾ ਹਨ ਜਨ ਅਪਵਰਗ ਕੋ ਦਰਸਾਵਤ ਸ਼ੁਭ ਪੰਥ ॥ ੧ ॥

ਪਰੇਮੀ ਜਨੋ ! ਕਲਿਯੁਗੀ ਜੀਵਾਂ ਦੇ ਉਧਾਰ ਦੇ ਨਮਿਤ ਸ੍ਰੀ ਅਕਾਲ ਪੁਰਖ ਗੁਰੂ ਨਾਨਕ ਰੂਪ ਹੋਇ ਪਰਗਟੇ ਤਿਨਾਂ ਨੇ ਸਤਯ ਉਪਦੇਸ਼ ਦੇਕੇ ਅਸਾਰ ਸੰਸਾਰ ਸਮੁੰਦਰ ਵਿਖੇ ਡੁਬਦੇ ਹੋਏ ਜੀਵਾਂ ਨੂੰ ਸ਼ਬਦ ਰੂਪ ਜਹਾਜ ਪਰ ਚੜ੍ਹਾਇਕੇ ਪਾਰ ਪਹੁੰਚਾਯਾ। ਸ੍ਰੀ ਗੁਰੂ ਅਮਰ ਦੇਵ ਜੀ ਅਨੰਦ ਸਾਹਿਬ ਦੀ ਤੇਈਸਵੀਂ ਪੌੜੀ ਵਿਚ ਸ਼ਬਦ ਦਾ ਉਪਦੇਸ਼ ਕਰਦੇ ਹੋਏ ਤਿਸਦੀ ਮਹਿਮਾ ਲਿਖਦੇ ਹਨ।

ਆਵਹੁ ਸਿਖ ਸਤਿਗੁਰ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥ ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰ ਬਾਣੀ ॥ ਜਿਨ ਕਉ ਨਦਰ ਕਰਮ ਹੋਵੈ ਹਿਰਦੈ ਤਿਨਾ ਸਮਾਣੀ ॥ ਪੀਵਹੁ ਅੰਮ੍ਰਿਤ ਸਦਾ ਰਹਹੁ ਹਰਿ ਰੰਗ ਜਪਿਅਹੁ ਸਾਰਿੰਗ ਪਾਣੀ ॥ ਕਹੈ ਨਾਨਕ ਸਦਾ ਗਾਵਹੁ ਏਹ ਸਚੀ ਬਾਣੀ ॥ ੨੩ ॥

ਅਰ ਪੰਜ਼ੀਵੀਂ ਪੌੜੀ ਮੈਂ ਮਹਾਤਮ ਲਿਖਦੇ ਹਨ–(ਗੁਰ ਕਾ ਸਬਦ ਰਤੰਨ ਹੈ ਹੀਰੇ ਜਿਤ ਜੜਾਉ ॥ ਸਬਦ ਰਤਨ ਜਿਤ ਮਨ ਲਾਗਾ ਏਹੋ ਹੋਆ ਸਮਾਉ ॥) ਇਤਯਾਦਿ ਪੁਨਾ: ਚੌਥੇ ਪਾਤਸ਼ਾਹ ਬਚਨ ਕਰਦੇ ਹਨ–(ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ ॥ ਗੁਰਬਾਣੀ ਕਹੈ

ਸੇਵਕ ਜਨ ਮਾਨੈ ਪਰਤਖ ਗੁਰੂ ਨਿਸਤਾਰੇ ॥ (ਨਟ ਮ: ੫ ਅ: ਮੈਂ) ਸ੍ਰੀ ਗੁਰੂ ਅਰਜਨ ਸਹਿਬ ਜੀ ਨੇ ਸੰਮਤ ੧੬੬੧ ਭਾਦਰੋਂ ਸੁਦੀ ਏਕਮ ਨੂੰ ਗੁਰਦਵਾਰੇ ਰਾਮਸਰ ਜੀ ਕਨਾਤ ਦੇ ਅੰਦਰ ਬੈਠਕੇ ਬੀੜ ਤਿਆਰ ਕਰਵਾਈ ਸੰਗਤ ਨੂੰ ਇਸਦੀ ਮਹਿਮਾਂ ਸੁਣਾਈ ਜਿਸ ਨੂੰ ਸੁਣ ਕੇ ਸਭ ਦੇ ਹਿਰਦੇ ਵਿਚ ਸ਼ਾਂਤਿ ਅਰ ਸ਼ਰਧਾ ਆਈ। ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਆਪਣੀ ਦਿਬਯ ਦ੍ਰਿਸ਼ਟੀ ਨਾਲ ਭਲੀ ਪ੍ਰਕਾਰ ਸਭ ਨੂੰ ਡਿਠਾ, ਅਰ ਜਦ ਗੁਰਿਆਈ ਦੇ ਯੋਗ ਕੋਈ ਅਧਿਕਾਰੀ ਨਾ ਪਾਇਆ, ਤਾਂ ਸਰਬ ਗੁਣਾਂ ਕਰਕੇ ਯੁਕਤ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਦਿਸ ਆਯਾ। ਸੋ ਪੰਜ ਪੈਸੇ ਨਲਯੇਰ ਭੇਟ ਧਰਕੇ ਇਸੀ ਨੂੰ ਤਿਲਕ ਲਾਯਾ ਅਰ ਗੁਰੂ ਗੱਦੀ ਪੁਰ ਬੈਠਾਯਾ, ਸੰਗਤ ਨੂੰ ਇਸ ਦੇ ਲੜ ਲਾਇਆ ਅਰ ਧੀਰਜ ਦਿਤਾ ਆਸਰਾ ਬਣਾਇਆ, ਹੁਣ ਦਸਾਂ ਗੁਰਾਂ ਦਾ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹੈ ਜਿਸ ਕਰਕੇ ਸਰਬ ਸਿਖ ਸੰਗਤ ਦਾ ਪੂਜਨੀਯ ਹੈ। ਇਸ ਦੇ ਉਪਦੇਸ਼ ਅਮ੍ਰਿਤ ਦੇ ਘੁਟ ਹਨ। ਇਸ ਦਾ ਇਕ ਇਕ ਪਦ ਅਮੋਲ ਰਤਨ ਹੈ, ਇਸ ਦਾ ਇਕ ਇਕ ਅਖਰ ਹੀਰਾ ਜਵਾਹਰ ਅਰ ਸੁਚਾ ਲਾਲ ਹੈ, ਇਹ ਸੋਇਨੇ ਦੇ ਅੱਖਰਾਂ ਨਾਲ ਲਿਖੀਏ ਤਾਂ ਉਚਿਤ ਹੈ, ਕਿਉਂਕਿ ਸੰਸਾਰ ਦੇ ਬਿਵਹਾਰਾਂ ਦਾ ਸੁਧਾਰਕ, ਅਰ ਸਤਿ ਧਰਮ ਦਾ ਅਧਾਰ ਹੈ, ਇਸੇ ਦੇ ਗੁਣ ਅਕਥਨੀਯ ਅਰ ਅਪਾਰ ਹਨ, ਇਹ ਮਹਾਤਮਾ ਲਿਖਦੇ ਹਨ।

(੧) ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਨਾਮ ਗੁਰਸਾਗਰ ਹੈ, ਪਰ ਓਹ ਸਾਗਰ ਖਾਰਾ ਹੈ, ਇਹ ਮਿਠਾ ਹੈ ਅਰ ਪਿਆਸਿਆਂ ਨੂੰ ਪਿਆਰਾ ਹੈ, ਅਰ ਤ੍ਰਿਖਾ ਉਤਾਰਨ ਵਾਲਾ ਹੈ, ਓਹ ਡੋਬਣ ਵਾਲਾ ਹੈ ਏਹ ਡੁਬਦਿਆਂ ਨੂੰ ਤਾਰਨਹਾਰ ਹੈ। ਉਸ ਨੂੰ ਦੇਵਤਾ ਦੈਂਤਾਂ ਨੇ ਮਿਲਕੇ ਬੜੇ ਭਾਰੇ ਯਤਨ ਨਾਲ ਮਥਿਆ ਤਾਂ ਚੋਦਾਂ ਰਤਨ ਨਾਲ ਨਿਕਲੇ, ਇਸ ਵਿਚੋਂ ਮਨੁਖ ਬੀ ਨਿਰਯਤਨ ਬੇਸ਼ੁਮਾਰ ਰਤਨ ਪਾ ਸਕਦੇ ਹਨ, ਕਿਉਂ ਜੋ ਏਹ ਰਤਨਾ ਨਾਲ ਭਰਪੂਰ ਹੈ, ਯਥਾ ਧਨਾਸਰੀ ਮ: ੧ (ਗੁਰ ਸਾਗਰ ਰਤਨੀ ਭਰਪੂਰੇ ॥ ਅੰਮ੍ਰਿਤ ਸੰਤ ਚੁਗਹਿ ਨਹੀਂ ਦੂਰੇ ॥)

(੨) ਏਹ ਅਕਾਸ ਬਾਣੀ ਅਰਥਾਤ ਈਸ਼ਵਰ ਬਾਣੀ ਹੈ, ਕਿਉਂਕਿ ਗੁਰੂ ਸਾਹਿਬਾਨ ਨੇ ਬਿਨਾਂ ਪੜੇ ਆਪਣੇ ਅਨੁਭਵ ਨਾਲ ਉਚਰੀ ਹੈ, ਵਯਾਕਰਨ ਕੋਸ਼ ਕਾਵ ਪਿੰਗਲ ਆਦਿ ਕਿਸੇ ਗ੍ਰੰਥ ਦੀ ਸਹਾਇਤਾ ਨਾਲ ਨਹੀਂ ਰਚੀ ਅਰ ਨਾ ਇਹ ਕਿਸੇ ਦਾ ਆਸ਼ਯ ਹੈ। ਗੁਰ ਪੰਥ ਪ੍ਰਕਾਸ਼ ਦੇ

ਕਵੀ ਨਾਵੇਂ ਬਿਸਰਾਮ ਦੇ ਸੈਂਤਾਲੀਸਵੇਂ ਦਾਹੇ ਵਿਚ ਲਿਖਦੇ ਹਨ (ਉਲਥਾ ਬੇਦਨ ਕਾ ਕਰਯੋ ਬੀਰ ਜਬਾਨ ਪੰਜਾਬ। ਜਿਸ ਕੋ ਪੜ ਸੁਨ ਜਿਖਨ ਕੇ ਨਾਸਤ ਸਭੀ ਅਜਾਬ ॥ ੪੭ ॥) ਪੁਨਾ: ਉਨਾਹਠਵੇਂ ਦੋਹੇ ਮੈਂ (ਮਰਯਾਦਾ ਪਰਸ਼ੋਤਮ ਯੋ ਗੁਰ ਚਿਤ ਵਿਚਾਰ ॥ ਭਾਸ਼ਾ ਕਰਕੇ ਵੇਦ ਕੀ ਰਚਯੋ ਗ੍ਰੰਥ ਗੁਰਚਾਰ ॥ ੫੯ ॥) ਪਰੰਤੂ ਕੌਣ ਬੁਧਿਮਾਨ ਇਸ ਕਪੋਲ ਕਲਪਨਾ ਨੂੰ ਸੁਣਦਾ ਹੈ ਜਿਸਨੇ ਗੁਰੂ ਸਾਹਿਬ ਨੂੰ ਵੇਦਾਂ ਦਾ ਮੁਤਰਜਮ ਬਣਾ ਦਸਿਆ, ਜੇ ਵੇਦ ਦਾ ਉਲਥਾ ਕੀਤਾ ਹੈ ਤਾਂ ਇਸ ਵਿਚ ਗੁਰੂ ਸਾਹਿਬ ਦੇ ਨਾਮ ਨੂੰ ਕਲੰਕ ਲਗਦਾ ਹੈ ਕਿਉਂਕਿ ਸਾਬਤ ਹੋਂਦਾ ਹੈ ਕਿ ਤਰਜਮਾ ਠੀਕ ਨਹੀਂ, ਅਰ ਮੁਤਰਜਮ ਨੂੰ ਕਿਸੇ ਪ੍ਰਸੰਗ ਵਧ ਘਟ ਕਰਨੇ ਦਾ ਹਕ ਨਹੀਂ ਹੋਂਦਾ, ਅਰ ਇਹ ਵਧ ਘਟ ਹੈ, ਤਾਂ ਇਸਤੇ ਸਿਧ ਹੋਇਆ ਕਿ ਉਨ੍ਹਾਂ ਨੂੰ ਮੁਤਰਮੀ ਦੀ ਵਿਦਯਾ ਨਹੀਂ ਸੀ, ਇਸ ਵਿਚ ਕਵੀ ਜੀ ਨੇ ਕੀ ਵਡਿਆਈ ਕੀਤੀ ਸਗੋਂ ਉਸਤਤੀ ਬਜਾਜ ਨਿੰਦਾ ਹੈ, ਵਿਚਾਰੋ ਤਾਂ ਗੁਰੂ ਗ੍ਰੰਥ ਸਾਹਿਬ ਕਿਸੀ ਵੇਦ ਪੁਰਾਨ ਕੁਰਾਨ ਦਾ ਤਰਜਮਾ ਨਹੀਂ ਹੈ, ਇਲਹਾਮ ਅਰਥਾਤ ਅਕਾਸ਼ ਬਾਣੀ‡ ਸੁ ਪਰਗਟਿਆ ਹੈ। ਜੇ ਵੇਦਾਂ ਦਾ ਤਰਜਮਾਂ ਹੈ ਤਾਂ (ਵੇਦ ਵਾਦ ਸਭ ਆਖ ਵਖਾਣੈ॥ ਪੁਨ: ਬੇਦ ਕਤੇਬ ਸਿੰਮ੍ਰਿਤ ਸਭ ਸਾਸਤ੍ਰ ਇਨ ਪੜਿਆ ਮੁਕਤਿ ਨ ਹੋਈ ॥ ਏਕ ਅਖਰ ਜੋ ਗੁਰਮੁਖ ਬੂਝੇ ਤਾਕੀ ਨਿਰਮਲ ਸੋਈ) ਮਿਹਰ ਮਸੀਤ ਸਿਦਕ ਮੁਸਲਾ ਹਕ ਹਲਾਲ ਕੁਰਾਨ ਸਰਮ ਸੁੰਨਤ ਸੀਲ ਰੋਜ਼ਾ ਹੋਹੁ ਮੁਸਲਮਾਨ) ਆਦਿ ਸਲੋਕ ਕਿਸ ਸ੍ਰਤੀ ਦਾ ਤਰਜਮਾ ਹੈ? (ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ) ਏਹੋ ਸਲੋਕ ਕਿਸ ਦਾ ਤਰਜਮਾ ਹੈ? (ਕਲ ਮੈਂ ਏਕ ਨਾਮੁ ਕ੍ਰਿਪਾ ਨਿਧਿ ਜਾਹਿ ਜਪੈ ਗਤਿ ਪਾਵੈ ॥ ਅਉਰ ਧਰਮ ਤਾਕੈ ਸਮ ਨਾਹਿਨ ਏਹ ਬਿਧਿ ਬੇਦ ਬਤਾਵੈ ॥ ਅਰ (ਜਾਇ ਪੁਛਹੁ ਬੇਦ ਪੁਰਾਣੀ ਹੇ) ਇਨ੍ਹਾਂ ਤੁਕਾਂ ਵਿਚ ਵੇਦ ਦੀ ਗਵਾਹੀ ਦਿਖਾਈ ਹੈ, ਫੇਰ ਏਹ ਉਲਥਾ ਕਿਸ ਤਰ੍ਹਾਂ ਹੋ ਸਕਦਾ ਹੈ। ਇਤਿਆਦਿ ਯਥਾ:-

(ਚਾਰੇ ਜਾਗੇ ਚਹੁ ਜੁਗੀ ਪੰਚਾਇਣ ਆਪੇ ਹੋਆ) ਪੁਨ: ਬੇਦ ਕਤੇਬ ਸੰਸਾਰ ਹਭਾਹੂੰ ਬਾਹਰਾ॥ ਨਾਨਕ ਕਾ ਪਾਤਸਾਹ ਦਿਸੈ ਜਾਹਰਾ॥ ਪੁਨ: ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰ ਨਾ ਜਾਇ॥ ਟੁਕ ਦਮ ਕਰਾਰੀ ਜਉ ਕਰਉ ਹਾਜਰ ਹਜੂਰ ਖੁਦਾਇ ॥ ਪੁਨ: ਬਾਮਣ ਗੁਰੂ ਹੈ ਜਗਤ ਕਾ, ਭਗਤਨ ਕਾ ਗੁਰੁ ਨਾਹਿ ॥ ਅਰਝ ਉਰਝ ਕੇ ਪਚਿ ਮੂਆ

‡ਪਰਮੇਸ਼ਰ ਦਾ ਗਿਆਨ ਜੇ ਕਿਸੇ ਦੇ ਮਨ ਵਿਚ ਆਵੇ, ਅਰ ਉਸਦੀ ਰਸਨਾ ਦੁਆਰਾ ਉਚਾਰ ਹੋਵੇ ਸੋ ਅਕਾਸ਼ ਬਾਣੀ ਜਾਂ ਇਲਹਾਮ ਹੈ।

ਚਾਰਹੁ ਬੇਦਹੁ ਮਾਹਿ ॥ ਇਹ ਕਿਸ ਸ੍ਰੁਤੀ ਦਾ ਤਰਜਮਾ ਹੈ ? ਪ੍ਰਮਾਣ ਬਹੁਤ ਹਨ, ਪਰ ਪਰਯੋਜਨ ਇਤਨਾ ਹੈ, ਜੋ ਗੁਰੂ ਗ੍ਰੰਥ ਸਾਹਿਬ ਜੀ ਤਰਜਮਾ ਨਹੀਂ ਹੈ।

(੩) ਦਸ ਵੀਹ ਤੀਹ ਉਪਰਥਲੀ ਚਲਾਈ ਜਾਈਏ, ਕੋਈ ਨਾ ਕੋਈ ਨਿਸ਼ਾਨੇ ਉਪਰ ਜਾ ਹੀ ਲਗਦਾ ਹੈ, ਪਰ ਤੀਰ ਅੰਦਾਜ਼ ਦਾ ਤੀਰ ਇਕੋ ਹਾਂ ਬਸ ਹੁੰਦਾ ਹੈ, ਨਿਸ਼ਾਨਾ ਮਾਰਦਾ ਹੈ, ਖਾਲੀ ਨਹੀਂ ਜਾਂਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨ ਪੱਕੇ ਤੀਰੰਦਾਜ਼ ਦੇ ਬਾਣ ਹਨ; ਜੋ ਖਾਲੀ ਨਹੀਂ ਜਾਂਦੇ, ਇਕੋ ਹੀ ਕਾਰੀ ਹੁੰਦਾ ਹੈ, ਕਈ ਲਖਾਂ ਵੇਧੇ ਹੋਏ ਆਪਣਾ ਸਿਰ ਤਕ ਸਰਬੰਸ ਭੇਟ ਕਰ ਚੁਕੇ ਹਨ (ਸਤਿਗੁਰ ਸੂਰਮੇ ਬਾਹਿਆ ਬਾਨ ਜੋ ਏਕ ॥ ਲਾਗਤ ਹੀ ਭੁਇ ਗਿਰ ਪਿਆ ਪਰਿਆ ਕਰੇਜੇ ਛੇਕ ॥ ਪੁਨ: ਤੀਖਣ ਤੀਰ ਬੇਦ ਸਰੀਰ ਦੂਰ ਗਇਓ ਮਾਈ ॥ ਲਾਗਿਓ ਤਬ ਜਾਨਿਓ ਨਹੀਂ ਅਬ ਨਾ ਸਹਿਓ ਜਾਈ ਰੀ ਮਾਈ ॥) ਏਹ ਕਮਾਈ ਕੀਤੇ ਦ੍ਰਿੜ ਨਿਸਚੇਵਾਨਾਂ ਪਕਿਆਂ ਦੇ ਬਚਨ ਹਨ।

(੪) ਧਾਰਮਿਕ ਪੁਸਤਕਾਂ ਅਰ ਸਭ ਅਸਮਾਨੀ ਗ੍ਰੰਥਾਂ ਦਾ ਗੁਰੂ ਹੈ, ਇਸਦੀ ਸਿਖਯਾ ਲੋਕ ਪਰਲੋਕ ਦੋਹਾਂ ਦਾ ਸੁਧਾਰ ਕਰਦੀ ਹੈ, ਕਿਉਂਕਿ ਆਤਮਿਕ ਸਿਖਯਾ ਹਨ, ਪਾਠਕ ਦਾ ਆਤਮਾ ਸੁਧ ਅਰ ਸੀਤਲ ਕਰਦੀਆਂ ਹਨ।

(੫) ਭਯ ਸਾਗਰ ਸੰਸਾਰ ਤੇ ਤਾਰਨ ਨੂੰ ਗੁਰੂ ਗ੍ਰੰਥ ਸਾਹਿਬ ਜਹਾਜ਼ ਹੈ। ਯਥਾ:-ਗੁਰੂ ਬੋਹਿਥ ਵਡਭਾਗੀ ਮਿਲਿਆ ਨਾਨਕ ਦਾਸ ਸੰਗ ਪਾਥਰ ਤਾਰਿਆ ॥ ਪੁਨ: ਭਵ ਸਾਗਰ ਨਾਵ ਹਰਿ ਬੋਹਿਥਾ ਸੋ ਚੜੇ ਸੋ ਪਾਰ ਗਿਰਾਮ ॥

(੬) ਬੁਧਿਵਾਨ ਅਰ ਨਿਰਬੁਧੀ ਨਾਦਾਨ ਅਰ ਵਿਦਵਾਨ ਅਧਿਕਾਰੀ ਅਰ ਅਨ ਅਧਿਕਾਰੀ ਪ੍ਰਾਣੀ ਮਾਤਰ ਸਭ ਕੋਈ ਲਾਭ ਪਾ ਸਕਦਾ ਹੈ, ਇਸਦੇ ਉਪਦੇਸ਼ ਸਭ ਨੂੰ ਸੁਖ ਦਾਇਕ ਅਰ ਸਰਬ ਸਮੇਂ ਵਿਚ ਸਹਾਇਕ ਹਨ। ਯਥਾ-ਇਕ ਮਹਾਤਮਾ ਆਪਣੀ ਸੰਮਤੀ (ਰਾਇ) ਦਿੰਦੇ ਹਨ ਕਿ-

ਕਬਿਤ ॥ ਅਛੇ ਉਤਸ਼ਾਹ ਮੈਂ ਬਿਵਾਹ ਮੈਂ ਪ੍ਰਵਾਹ ਪ੍ਰੇਮ ਸਾਚੇ ਪਾਤਸ਼ਾਹ ਕੀ ਉਮਾਹ ਸਾਮ ਆਈਏ। ਦੇਸ਼ ਮੈਂ ਵਿਦੇਸ਼ ਮੈਂ ਪ੍ਰਦੇਸ਼ ਮੈਂ ਪ੍ਰਵੇਸ਼ ਹੂ ਮੈਂ ਛੋਰਕੇ ਅਜੇਸ ਕੋ ਹਮੇਸ਼ ਇਹ ਗਾਈਏ। ਰਾਗ ਮੈਂ ਵਿਰਾਗ ਮੈਂ ਕੁਰੋਗ ਮੈਂ ਕੁਰੰਗ ਹੂ ਮੈਂ ਯੋਗ ਮੈਂ ਵਿਯੋਗ ਮੈਂ ਪ੍ਰਯੋਗ ਕੋ ਕਰਾਈਏ।ਜੰਗ ਮੈਂ

ਜਲੂਸ ਮੈਂ ਜਹਾਜ ਮੈਂ ਜ਼ਮਾਨੇ ਬੀਚ ਗ੍ਰੰਥ ਮਹਾਰਾਜ ਜੀ ਕੇ ਆਦਿ ਹੀ ਮਨਾਈਏ ॥੧॥

(੭) ਪਰਮੇਸ਼ਰ ਦੀ ਪ੍ਰਾਪਤੀ ਦਾ ਮੁਖ ਕਾਰਨ ਪਰੇਮ ਹੈ ਯਥਾ–ਕਹਾ ਭਯੋ ਜੋ ਦੋਊ ਲੋਚਨ ਮੂੰਦਕੇ ਬੈਠਿ ਰਹਓ ਬਕ ਧਯਾਨ ਲਗਾਯੋ । ਨ੍ਹਾਤ ਫਿਰਯੋ ਲੀਏ ਸਾਤ ਸਮੁੰਦ੍ਰਨ ਲੋਕ ਗਯੋ ਪਰਲੋਕ ਗਵਾਯੋ। ਬਾਸੁ ਕੀਓ ਬਿਖਿਆਨ ਸੋ ਬੈਠਕੇ ਐਸੇ ਹੀ ਐਸੇ ਸੁਬੈਸ ਬਿਤਾਯੋ। ਸਾਚੁ ਕਹੋ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨਹੀ ਪ੍ਰਭ ਪਾਯੋ।) ਪੁਨ: (ਮੁਹਬਤੇ ਮਨਿ ਤਨਿ ਬਸੈ ਸਚੁ ਸਾਹ ਬੰਦੀ ਮੋਚ) ਸੋ ਇਸ ਦੇ ਪਦ ਪਦ ਵਿਚ ਪੂਰਨ ਹੈ, ਪਾਠ ਕਰਨੇ ਤੇ ਪ੍ਰਾਪਤ ਹੁੰਦਾ ਹੈ । ਅਰ ਪ੍ਰੇਮ ਦੇ ਕਾਂਤਾ* ਆਦਿ ਸਭ ਭਾਵ ਹਨ, ਜੈਸੇ ਆਪ ਨੂੰ ਇਸਤ੍ਰੀ ਅਰ ਪਰਮੇਸ਼ਰ ਨੂੰ ਪਤੀ ਕਰਕੇ ਬਰਨਨ ਕੀਤਾ ਹੈ। ਯਥਾ–ਆਵਹੁ ਭੈਣੇ ਗਲਿ ਮਿਲਹੁ ਅੰਕਿ ਸਹੇਲੜੀਆਹ ॥ ਮਿਲਿਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ ॥ਸਾਚੇ ਸਾਹਿਬ ਸਭਿ ਗੁਣ ਅਉਗੁਣ ਸਭਿ ਅਸਾਹ ॥) ਪੁਨਾ: ਮੈਂ ਕਾਮਣਿ ਮੇਰਾ ਕੰਤੁ ਕਰਤਾਰ ॥ ਰਚਿ ਰਚਿ ਤਾਕਉ ਕਰੀ ਸੀਗਾਰ ॥ ਜਾਂ ਤਿਸੁ ਭਾਵੈ ਤਾਂ ਕਰੇ ਭੋਗ ॥ ਤਨੁ ਮਨੁ ਰਾਮ ਪਿਆਰੇ ਜੋਗ ॥ ਅਰ ਕਾਂਤਾ ਦੇ ਸਭ ਭੇਤ ਸਕੀਆਂ ਪਰ ਕੀਆਂ ਸਮਾਨ ਯਾ ਸੁਹਾਗਣੀ ਦੁਹਾਗਣੀ ਬਿਰਹਨੀ ਆਦਿ ਹਨ, ਸੂਹੀ ਗਉੜੀ ਸੋਰਠ ਆਸਾ ਤਿਲੰਗ ਆਦਿ ਰਾਗਾਂ ਵਿਚ ਦੇਖੋ । ਪੁਨ: ਪਿਤਾ ਪੁਤਰ ਮਾਤਾ ਬਾਲਕ ਸੇਵਕ ਸਵਾਮੀ ਆਦਿ ।

(੮) ਗੁਰੂ ਗ੍ਰੰਥ ਸਾਹਿਬ ਜੀ ਦੀ ਉਪਦੇਸ਼ ਰੂਪ ਬਾਣੀ, ਸਭ ਮਤਾਂ ਦੀ ਸੁਭ ਚਿੰਤਕ ਮੈਤਰੀ ਭਾਵ ਅਰਧਾਤ ਸਲ੍ਹਹ ਕੁਲ, ਨਿੰਦਾ ਹੈ, ਤਾਂ ਅਪਕਰਮਾਂ ਦੀ ਵਿਕਾਰ ਦੀ, ਉਸਤਤਿ ਹੈ ਤਾਂ ਗੁਣਾਂ ਦੀ, ਗਯਾਨ ਦੀ, ਭਗਤੀ ਪ੍ਰੇਮ ਸੇਵਾ ਉਪਕਾਰ ਆਦਿ ਦੀ ਅਰ ਅਧਿਕਾਰ ਹਰੇਕ ਨੂੰ ਦਿਤਾ ਹੋਯਾ ਹੈ। ਵਿਰੋਧਕ ਕਿਸੇ ਦੀ ਨਹੀਂ ਹੈ।

(੯) ਭਾਰਤ ਵਰਸ਼ ਅਥਵਾ ਆਰਯਾਵਰਤ ਹਿੰਦੁਸਤਾਨ ਵਾਸਤੇ ਵਿਸ਼ੇਸ਼ ਲਾਭਕਾਰੀ ਹੈ, ਕਿਉਂ ਜੋ ਇਸ ਦੇਸ ਵਿਚ ਰਚੀ ਗਈ ਅਰ ਰੀਤੀ ਦ੍ਰਿਸ਼ਟਾਂਤ ਪ੍ਰਮਾਨ ਜਨਮ ਮਰਨਾਦਿ ਸਮਯ ਦੀਆਂ ਰੀਤਾਂ ਰਸਮਾਂ ਬੋਲੀ ਨਿਜ ਕਰਕੇ ਇਸ ਦੇਸ਼ ਦੀ ਹੈ।

(੧੦) ਜਪੇ, ਪੜੇ, ਗਾਓ ਸੁਣਾਓ, ਵਾਚੇ ਵਖਯਾਨ ਕਰੇ, ਧਿਆਨ

*ਕਾਂਤਾ ਨਾਮ ਪਤਨੀ ਅਰਥਾਤ ਇਸਤ੍ਰੀ ਦਾ ਹੈ।

ਕਰੋ, ਸਨਮਾਨ ਕਰੋ, ਬਿਵਹਾਰ ਪਰਮਾਰਥ ਦੋਨੋਂ ਸਵਰਦੇ ਹਨ, ਮੋਖ ਭੋਗ ਦਾਇਕ ਹੈ।

(੧੧) ਪਰਮੇਸ਼ਰ ਪ੍ਰਾਪਤੀ ਦੇ ਉਪਾਵ ਇਸ ਵਿਚ ਅਤਿ ਸੁਗਮ ਯਥਾ— ਬੰਦੇ ਖੋਜ ਦਿਲ ਹਰ ਰੋਜ ਨਾ ਫਿਰ ਪਰੇਸਾਨੀ ਮਾਹਿ॥ ਪੁਨਾ: ਖੋਜ ਬੂਝਿ ਜਉ ਕਰੈ ਬੀਚਾਰਾ॥ ਤਉ ਭਵਜਲ ਤਰਤ ਨ ਲਾਵੈ ਬਾਰਾ॥ ਪੁਨਾ: ਟੁਕੁ ਦਮੁ ਕਰਾਰੀ ਜਉ ਕਰਹੁ ਹਾਜਿਰ ਹਜੂਰਿ ਖੁਦਾਇ॥ ਇਤਿਆਦਿ ॥ ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ॥ ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਹਿ ਸਮਾਹੀ॥ ਪੁਨ: ਕਲਿ ਮੈ ਏਕੁ ਨਾਮ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ॥ ਅਉਰ ਧਰਮ ਤਾਕੈ ਸਮ ਨਾਹਿਨ ਇਹ ਬਿਧਿ ਬੇਦ ਬਤਾਵੈ॥

(੧੨) ਆਪਤ ਕਾਲ ਮੈਂ ਸਚਾ ਮਿੱਤਰ ਅਰ ਪੱਕਾ ਸਲਾਹਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਪਾਠ ਮਾਤਰ ਤੇ ਬਿਪਦਾ ਹਰਦਾ ਅਰ ਸਰਧਾ ਨਾਲ ਅਵਾਜ਼ ਲਵੋ ਤਾਂ ਮੰਤਰ ਦਿੰਦਾ ਹੈ।

(੧੩) ਸਰੀਰਕ ਚਿੰਨ੍ਹ ਅਰ ਭੇਖਾਂ ਦੀ ਗੌਣਤਾ ਕਹਿਕੇ ਕੇਵਲ ਮਾਨਸਕ ਪ੍ਰੇਮਾ ਭਗਤੀ ਦੀ ਮੁਖਯਤਾ ਦਸੀ ਹੈ।

(੧੪) ਬਹੁਤੇ ਅਚਾਰਯਾਂ ਨੇ ਗ੍ਰਹਸਤ ਸਬੰਧੀ ਧਨ ਸੰਤਾਨ ਆਦਿ ਤਜਕੇ ਮੁਕਤੀ ਦਾ ਅਧਿਕਾਰ ਦਿਤਾ ਹੈ, ਪਰ ਗੁਰੂ ਗ੍ਰੰਥ ਸਾਹਿਬ ਗ੍ਰਹਸਤ ਵਿਚ ਰਖਕੇ ਹੀ ਮੁਕਤਦਾਇਕ ਹਨ।

(੧੫) ਹਰੇਕ ਕੰਮ ਦੇ ਕਾਰੀਗਰ ਆਪਣੇ ਕੰਮ ਕਰਦੇ ਹੀ ਉਪਦੇਸ਼ ਪਾ ਸਕਦੇ ਅਰ ਭਜਨ ਕਰ ਸਕਦੇ ਹਨ, ਯਥਾ ਦਰਜੀ (ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ॥ ਮਪਿ ਮਪਿ ਕਾਟਉ ਜਮ ਕੀ ਫਾਸੀ॥) ਧੋਬੀ (ਧੋਬੀ ਧੋਵੈ ਬਿਰਹ ਬਿਰਾਤਾ॥ ਹਰਿ ਚਰਨ ਮੇਰਾ ਮਨੁ ਰਾਤਾ॥) ਜੁਲਾਹਾ (ਗਜ ਨਵ ਗਜ ਦਸ ਗਜ ਇਕੀਸ ਪੁਰੀਆ ਏਕ ਤਨਾਈ॥) ਚਮਾਰ (ਚਮਰਟਾ ਗਾਠ ਨ ਜਨਈ॥ ਲੋਗ ਗੰਠਾਵੈ ਪਨਹੀ॥) ਜ਼ਿਮੀਂਦਾਰ (ਅਮਲ ਕਰ ਧਰਤੀ ਬੀਜ ਸਬਦੋ ਕਰਹੁ ਸਚ ਕੀ ਆਬ ਨਿਤ ਦੇਹ ਪਾਣੀ॥)

(੧੬) ਇਸ ਦੀ ਹਰੇਕ ਤੁਕ ਨਾਮ ਨਾਲ ਭਰਪੂਰ ਹੈ। ਤਾਂਤੇ ਮੰਤ੍ਰ ਰੂਪ ਹੈ, ਕੇਵਲ ਪਾਠ ਕਰਨਾ ਹੀ ਭਜਨ ਹੈ।

(੧੭) ਇਸਦੇ ਪਾਠਕ ਨੂੰ ਧਰਮ ਅਰਥ ਸਿਰ ਤਕ ਸਰਬੰਸ ਦੇ ਦੇਣਾ ਸੁਗਮ ਹੁੰਦਾ ਹੈ ਕਿਉਂਕਿ ਉਪਦੇਸ਼ ਹੀ ਐਸਾ ਹੁੰਦਾ ਹੈ—ਜੇ ਤਉ ਪ੍ਰੇਮ ਖੇਲਣ

ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਪੁਨ: ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਤਿਸ ਕਿਆ ਦੀਜੈ ॥ ਸੀਸ ਵਢੇ ਕਰ ਬੈਸਣ ਦੀਜੈ ਵਿਣ ਸਿਰ ਸੇਵ ਕਰੀਜੈ ॥

(੧੮) ਦੇਹ ਧਾਰੀ ਗੁਰੂ ਢੂੰਢਣ ਦੀ ਲੋੜ ਨਹੀਂ ਰਹਿੰਦੀ, ਜੋ ਨਿਤ ਪ੍ਰੇਮ ਨਾਲ ਪਾਠ ਕਰੇ ਦੇਹ ਧਾਰੀ ਗੁਰੂਆਂ ਤੋਂ ਵਧਕੇ ਹੈ ਕਿਉਂ ਜੋ ਕਾਮ ਕ੍ਰੋਧ ਲੋਭ ਆਦਿ ਵਿਕਾਰਾਂ ਤੇ ਰਹਿਤ ਹੈ।

(੧੯) ਏਹ ਸਾਧਕ ਸਿੱਧੀ ਕਰਨੀ ਵਾਲੇ ਮਹਾਤਮਾ ਦੀ ਬਾਣੀ ਹੈ। ਇਸੀ ਕਾਰਨ ਇਸ ਬਾਣੀ ਵਿਚ ਆਕਰਖਣ ਸ਼ਕਤੀ ਹੈ, ਸਰੋਤਾ ਦੇ ਮਨ ਨੂੰ ਹਰਿ ਭਜਨ ਵਿਖੇ ਪਰੇਰਦੀ ਹੈ।

(੨੦) ਏਕਾਂਤ ਬੈਠਕੇ ਮਨ ਏਕਾਗਰ ਕਰਨਾ ਸ਼ਬਦ ਸੁਰਤਿ ਦਾ ਅਭਯਾਸ ਕਰਨਾ ਸਮਾਧ ਲਾਉਣ ਨਾਲੋਂ ਹੀ ਕੇਵਲ ਪਾਠ ਮਾਤ੍ਰ ਹੀ ਕਰਨਾ ਬਹੁਤ ਵਧਕੇ ਹੈ।

(੨੧) ਇਸ ਦੇ ਇਕ ਇਕ ਅੱਖਰ ਦੀ ਰਖਿਆ ਹਿਤ ਸਿਰ ਲਗੇ ਹੋਏ ਅਰ ਖੂਨ ਬਹੇ ਹੋਏ ਹਨ, ਪਹਿਲੇ ਸੀਸ ਦੀ ਸ੍ਰੀ ਗੁਰੂ ਅਰਜਨ ਸਾਹਿਬ ਨੇ ਕੁਰਬਾਨੀ ਦਿਤੀ। ਭਾਈ ਮਨੀ ਸਿੰਘ ਜੀ ਨੇ ਬੰਦ ਬੰਦ ਜੁਦਾ ਕਰਵਾਏ, ਨੰਦ ਚੰਦ ਮਸੰਦ ਨੇ ਪਰਾਨ ਗਵਾਏ।

(੨੨) ਨਿਰਾਦਰ ਕਰਤਾ ਨੂੰ ਪਰਤਖ ਦੰਡ ਮਿਲਿਆ। ਰਾਮਰਾਇ ਜੀ ਨੂੰ ਅਜਿਹਾ ਛੇਕਿਆ ਜੋ ਫੇਰ ਮੂੰਹ ਨਾ ਲਾਯਾ। ਰਾਗ ਮਾਲਾ ਨਿਕਾਲਨੇ ਤੇ ਸੰਤ ਸੋਭਾ ਸਿੰਘ ਜੀ ਦੀ ਜਿਹਵਾ ਚੀਰੀ ਗਈ ਜੋ ਸੰਤ ਠਾਕੁਰ ਦਿਆਲ ਸਿੰਘ ਜੀ ਕੇ ਡੇਰੇ ਮੇਂ ਬੜੇ ਪੰਡਿਤ ਸੇ।

(੨੩) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁੰਦਿਆਂ ਵੇਦਾਂ ਵਿਚੋਂ ਕਿਸੇ ਮੋਖ ਦੇ ਸਾਧਨ ਦਾ ਭਾਲਨਾ ਐਸਾ ਹੈ ਜੈਸੇ ਸੀਤਲ ਨਿਰਮਲ ਗੰਗਾ ਜੈਸੀ ਨਦੀ ਨੂੰ ਛਡਕੇ ਪਥਰ ਯਾ ਮਾਰੂ ਸਥਲ ਵਿਚ ਖੂਹਾ ਖੋਦਕੇ ਪਿਆਸ ਬੁਝਾਉਣ ਦਾ ਯਤਨ ਕਰਨਾ ਹੈ। ਪਰਯੋਜਨ ਇਹ – ਤੇਰੇ ਗੁਣ ਬਹੁਤੇ ਮੈਂ ਏਕ ਨ ਜਾਣਿਆ ਮੈ ਮੂਰਖ ਕਿਛ ਦੀਜੈ ॥ ਪ੍ਰਣਵਤ ਨਾਨਕ ਸੁਣ ਮੇਰੇ ਸਾਹਿਬਾ ਡੁਬਦਾ ਪਾਥਰ ਲੀਜੈ ॥

ਤਾਂਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਭਰੋਸਾ ਰਖੋ। ਸਚਾ ਗੁਰੂ ਇਹੋ ਹੈ ਇਸ ਦੇ ਪਾਠ ਕਰਨੇ ਸੁਣਨੇ ਵਿਚਾਰਨੇ ਤੇ ਹੀ ਹਿਰਦੇ ਦੇ ਕਪਾਟ ਖੁਲ ਜਾਂਦੇ ਹਨ।

*

ਵਖ਼ਯਾਨ ੩੦

ਦੋਹਰਾ-ਗੁਰ ਨਾਨਕ ਅੰਗਦ ਅਮਰ ਰਾਮਦਾਸ ਗੁਰ ਦੇਵ।
ਅਰਜਨ ਹਰਿ ਗੋਬਿੰਦ ਹਰਿ ਰਾਇ ਕ੍ਰਿਸ਼ਨ ਹਰਿਜੇਵ ॥ ੧।
ਤੇਗ ਬਹਾਦਰ ਸਤਿਗੁਰੂ ਗੋਬਿੰਦ ਮ੍ਰਿਗਿੰਦ ਸਰੂਪ।
ਭੇਗਦ ਮੋਖਦ ਜਾਨਿਯੇ ਸ੍ਰੀ ਗੁਰੂ ਗ੍ਰੰਥ ਅਨੂਪ ॥ ੨।
ਨਿਜ ਕਰ ਤੇ ਕਰ ਤਿਲਕ ਗੁਰ ਸ੍ਰੀ ਫਲਾਦਿ ਧਰ ਭੇਟ।
ਪੂਜਨੀਯ ਕੀਯ ਪੰਥ ਕੋ ਸੰਸਯਾ ਹੀਯ ਦੀਯ ਮੇਟ ॥ ੩॥

ਸੰਗਤ ਜੀ ਕਲਿਯੁਗਾਂ ਦੇ ਜੀਵਾਂ ਦੇ ਮਨਾਂ ਵਿਚ ਕਾਮ ਕ੍ਰੋਧ ਲੋਭ ਮੋਹ ਹੰਕਾਰ, ਨਿੰਦਾ ਚੁਗਲੀ ਦੰਭ ਹਿੰਸਾ ਵਿਕਾਰ ਦੁਰਾਚਾਰ ਵਿਭਚਾਰ ਨਾਲ ਭਰਪੂਰ ਇਸ ਕਾਰਨ ਪਰਮੇਸਰ ਤੇ ਦੂਰ ਅਰ ਪਾਪਾਂ ਨਾਲ ਚਕਨਾਚੂਰ ਹੋਏ ਦੇਖਕੇ ਅਕਾਲ ਪੁਰਖ ਦੇ ਹਜ਼ੂਰ ਪਹੁੰਚਾਉਣ ਹਿਤ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਸ੍ਰੀ ਅੰਮ੍ਰਿਤਸਰ ਤੀਰਥ ਨਗਰ ਵਿਖੇ ਜਿਥੇ ਹੁਣ ਗੁਰਦਵਾਰਾ ਰਾਮਸਰ ਜੀ ਹੈ ਤੰਬੂ ਲਗਵਾਇ ਡੇਰਾ ਜਾਇ ਦੇਸ਼ਾਂਤਰਾਂ ਵਿਖੇ ਹੁਕਮਨਾਮੇ ਭਿਜਵਾਇ, ਗੁਰਬਾਣੀ ਮੰਗਵਾਇ ਮੋਹਨ ਜੀ ਦੇ ਪਾਸ ਗੋਇੰਦਵਾਲ ਵਿਖੇ ਆਪ ਜਾਇ, ਸ਼ਬਦ ਗਾਇ, ਤਿਨ੍ਹਾਂ ਨੂੰ ਰਿਝਾਇ, ਅਤਿ ਪਰਿਸ਼੍ਰਮ ਉਠਾਇ; ਸੰਮਤ ੧੬੬੧ ਭਾਦਰੋਂ ਸੁਦੀ ਏਕਮ ਨੂੰ ਬੀੜ ਤਿਆਰ ਕਰਕੇ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਧਰਕੇ ਹਰਮੰਦਰ ਸ੍ਰੀ ਦਰਬਾਰ ਸਾਹਿਬ ਜੀ ਦੇ ਅੰਦਰ ਸਥਾਪਨ ਕੀਤਾ ਅਰ ਨਿਤ ਅੰਮ੍ਰਿਤ ਵੇਲੇ ਸਤਯ ਉਪਦੇਸ਼ ਸੰਗਤ ਨੂੰ ਸੁਣਾਉਣ ਲਗੇ।

ਜਿਸ ਨੂੰ ਸੁਣਕੇ ਸੰਗਤ ਨਿਹਾਲ ਹੋਈ, ਸ਼ਰਧਾਵਾਨਾਂ ਦੇ ਮਨ ਕ੍ਰਿਤਾਰਥ, ਸਜਣ ਪੁਰਸ਼ ਸੀਤਲ, ਜਗਿਆਸੂਆਂ ਦੇ ਮਨ ਸ਼ਾਂਤਿ, ਸੰਸਾਰ ਦੇ ਵਿਖੇ ਵਾਸ਼ਨਾ ਤੇ ਉਪਰਾਮ ਹੋਏ ਸਹਿਜ ਪਦ ਵਿਖੇ ਬਿਸਰਾਮ ਪਾਏ, ਪ੍ਰੇਮਾ ਭਗਤਿ ਦਾ ਪ੍ਰਵਾਹ, ਵਿਵੇਕ ਵਿਚਾਰ ਦੀ ਅੰਮ੍ਰਿਤਧਾਰ ਵਿਖੇ ਬੇਸ਼ੁਮਾਰ ਸੰਤਾਂ ਨੇ ਸ਼ਨਾਨ ਕਰਕੇ ਸ਼ਾਂਤਿ ਪਾਈ, ਅਰ ਪਾਖਾਨ ਸਮਾਨ ਕਠੋਰ ਦੁਰਜਨਾਂ ਦੇ ਅਭਿੱਜ ਮਨ ਨਾ ਭਿਜੇ, ਸੋ ਬ੍ਰਾਹਮਨ ਮੌਲਾਨੇ ਘਰ ਫੁਟਾਇ ਪ੍ਰਿਥੀਆ ਜੀ ਨੂੰ ਨਾਲ ਰਲਾਇ, ਦੀਵਾਨ ਚੰਦੂ ਸਵਾਹੀ ਨੂੰ ਸਹਾਇਕ ਬਣਾਇ ਅਗੇ ਲਾਇ ਪਾਤਿਸ਼ਾਹ ਪਾਸ ਜਾ ਪੁਕਾਰੇ। ਪਾਤਸ਼ਾਹ ਨੇ ਬੇਦ, ਕੁਰਾਨ ਔਰ ਗੁਰੂ ਗਰੰਥ ਸਾਹਿਬ ਤਿੰਨੇ ਮੰਗਵਾਏ। ਇਨ੍ਹਾਂ ਤਿੰਨਾਂ ਵਿਚੋਂ ਸ੍ਰੀ ਗੁਰੂ ਗਰੰਥ

ਸਾਹਿਬ ਜੀ ਦਾ ਅਦਬ ਸਤਿਕਾਰ ਦੇਖਕੇ ਅਰ ਫੇਰ ਬਾਣੀ ਸੁਣਕੇ ਮਨ ਸ਼ਾਂਤਿ ਹੋਯਾ ਭੇਟਾ ਦਿਤੀ ਅਰ ਵਿਦਾ ਕੀਤੇ। ਏਹ ਸਾਰੀ ਕਥਾ ਪਿਛੇ ਦਸਵੇਂ ਗੁਰ ਪੁਰਬ ਅਰਥਾਤ ਪੰਦ੍ਰਵੇਂ ਵਿਆਖਿਆਨ ਵਿਚ ਬਰਨਨ ਹੋ ਚੁਕੀ ਹੈ। ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਸੀਸ ਦਿਤਾ ਪਰੰਤੂ ਕੋਈ ਤੁਕ ਨ ਪਲਟੀ।

ਦਸਮ ਪਾਤਸ਼ਾਹ ਜੀ ਨੇ ਪੰਜ ਪੈਸੇ ਨਲਿਯੇਰ ਭੇਟ ਧਰਕੇ ਗੁਰਿਆਈ ਦਾ ਤਿਲਕ ਦਿਤਾ ਅਰ ਸੰਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਯਾ ਅਰ ਦਸਾਂ ਸਤਿਗੁਰਾਂ ਦਾ ਸਰੂਪ ਕਹਿਕੇ ਨਿਤ ਦਰਸ਼ਨ ਅਰ ਪਾਠ ਕਰਨਾ ਸਮਝਾਯਾ, ਇਹ ਆਪਣੇ ਗੁਣਾਂ ਤੇ ਹੋਰ ਸਭ ਗਰੰਥਾਂ ਦਾ ਗੁਰੂ ਅਰ ਪੂਜਨੀਯ ਹੈ ਅਰ ਸਚਾ ਈਸ਼ਵਰੀਯ ਪੁਸਤਕ ਹੈ।

(੧) ਇਸ ਵਿਚ ਕ੍ਰਿਤਮ ਪਦਾਰਥਾਂ ਦੀ ਪੂਜਾ ਨਹੀਂ ਹੈ ਪਰ ਕੇਵਲ ਇਕ ਕਰਤਾਰ ਦੀ ਜੋ ਸਮਗਰ ਦਾ ਸਿਰਜਨਹਾਰ ਹੈ, ਅਰ ਕਿਸੇ ਇਕ ਸ਼ਾਹ ਪਾਤਸ਼ਾਹ ਯਾ ਪੀਰ ਪੈਗੰਬਰ ਯਾ ਰਿਸ਼ੀ ਮੁਨੀ ਅਵਤਾਰ ਦਾ ਯਾ ਕਿਸੇ ਕੌਮ ਦਾ ਝਗੜਾ ਯਾ ਕਹਾਣੀ ਨਹੀਂ, ਪਰ ਪਰੇਮਾ ਭਗਤੀ, ਸੰਤ ਸੇਵਾ, ਅਰ ਸੰਤਾਂ ਦੇ ਚਿੰਨ੍ਹ ਪੂਰੇ ਸਤਿਗੁਰੂ ਦੀ ਵਡਿਆਈ ਗਿਆਨ ਵੈਰਾਗ ਆਦਿ ਸਰੇਸ਼ਟ ਗੁਣਾਂ ਦਾ ਬਰਨਨ ਹੈ। ਯਥਾ-ਇਕ ਮਹਾਤਮਾ ਦਾ ਵਾਕ ਹੈ-ਸਾਧੂ ਸੇਵਾ ਹਰਿ ਭਗਤੀ ਗੁਰੂ ਨਾ ਚਰਨਾਰਤਿ ਕਾਮ ਕਰੋਧ ਮਦ ਤਯਾਗਯ ਗੁਰੂ ਗਰੰਥ ਇਦੰਮਤੰ॥

(੨) ਇਸ ਵਿਖੇ ਕੋਈ ਜਾਤ ਜਾਂ ਗੋਤ ਦਾ ਪਖਯ ਪਾਤ ਨਹੀਂ ਹੈ, ਜਨਮ ਕਰਕੇ ਕਿਸੇ ਨੂੰ ਚੰਗਾ ਮੰਦਾ ਨਹੀਂ ਮੰਨਿਆਂ ਪਰ ਕੇਵਲ ਗੁਣਾਂ ਕਰਕੇ ਉਤਮਤਾਈ ਕਹੀ ਹੈ, ਪਰਮੇਸ਼ਰ ਨਾਲ ਪਰੇਮ ਰਖੇ, ਭਯ ਰਖੇ, ਭਾਣਾ ਮੰਨੇ, ਸਤਿਸੰਗਤ ਕਰੇ ਗੁਰੂ ਉਪਦੇਸ਼ ਕਮਾਵੇ ਸੋ ਉਤਮ ਹੋ ਸਕਦਾ ਹੈ।

(੩) ਇਸ ਦੇ ਪਾਠ ਮਾਤਰ ਤੇ ਹੀ ਮਨ ਪਵਿੱਤਰ ਹੁੰਦਾ ਹੈ, ਸ਼ਾਂਤਿ ਸੰਤੋਖ ਧੀਰਜ ਆਉਂਦਾ ਹੈ, ਜੋ ਕਮਾਉਣ ਉਨ੍ਹਾਂ ਦੀ ਮਹਿਮਾ ਅਕਥਨੀਯ ਹੈ।

(੪) ਇਹ ਬਾਣੀ ਐਸੀ ਪ੍ਰਿਯ ਪ੍ਰੇਮਾ ਭਗਤੀ ਦੀ ਹੈ। ਜੋ ਬਾਰ ਬਾਰ ਪੜ੍ਹਨੇ ਤੇ ਪਾਠਕ ਨੂੰ ਨਿਤ ਨਵੀਨ ਰਸ ਦਾਇਕ ਹੁੰਦੀ ਹੈ।

(੫) ਹੋਰ ਗ੍ਰੰਥ ਪੁਸਤਕ ਰਿਖੀ ਮੁਨੀ ਪੈਗੰਬਰਾਂ ਰਸੂਲਾਂ ਦੀ ਰਚਨਾ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਗੁਰੂ ਦੇ ਮੁਖਾਰਬਿੰਦ ਦੇ ਬਚਨ ਹਨ ਜੋ ਗੁਰੂ ਮੰਤਰ ਰੂਪ ਸਭ ਨੂੰ ਸਰੇਯ ਹਨ, ਅਰ ਤੀਰੰਦਾਜ਼ਾਂ ਦੇ ਤੀਰਾਂ ਸਮਾਨ ਬੇਧਦੇ ਹਨ।

(੬) ਹੋਰ ਗ੍ਰੰਥ ਪੁਸਤਕ* ਪਰਾਕ੍ਰਿਤ ੧ ਸੰਸਕ੍ਰਿਤ ੨ ਇਬਰਾਨੀ ੩ ਯੂਨਾਨੀ ੪ ਅਰਬੀ ੫ ਅਰਬੀ ਇਕ ਭਾਖਾ ਵਿਚ ਹਨ। ਜੋ ਖਾਸ ਇਕ ਦੇਸ਼ ਨਿਵਾਸੀ ਹੀ ਲਾਭ ਪਾ ਸਕਦੇ ਹਨ। ਪ੍ਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਅਨੇਕ ਭਾਸ਼ਾ ਹਨ ਅਨੇਕ ਦੇਸੀ ਅਨੇਕ ਲੋਕ ਭੀ ਲਾਭ ਪਾਇ ਸਕਦੇ ਹਨ।

(੭) ਹੋਰ ਗ੍ਰੰਥ ਪੁਸਤਕਾਂ ਦੇ ਪਾਠ ਕਠਨ ਭਾਸ਼ਾ ਹੋਣੇ ਦੇ ਕਾਰਨ ਸ਼ੀਘਰ ਲਾਭ ਨਹੀਂ ਲੈ ਸਕਦੇ, ਪਰੰਤੂ ਗੁਰੂ ਗ੍ਰੰਥ ਸਾਹਿਬ ਸੁਗਮ ਪੰਜਾਬੀ ਭਾਖਾ ਹੋਣੇ ਦੇ ਕਾਰਨ ਅਲਪ ਕਾਲ ਮੈਂ ਹੀ ਲਾਭਕਾਰੀ ਅਰ ਉਪਕਾਰੀ ਹੁੰਦਾ ਹੈ।

ਹੋਰਨਾਂ ਗ੍ਰੰਥਾਂ ਪੁਸਤਕਾਂ ਦੇ ਅਰਥ ਭਿੰਨ ਭਿੰਨ ਕਰਕੇ ਭਿੰਨ ਭਿੰਨ ਮਤ ਹੋ ਗਏ ਹਨ ਜਿਹਾ ਕਿ ਸਨਾਤਨ ਧਰਮੀ ਬੋਧ ਜੈਨ ਦਯ ਨੰਦੀ ਆਰਯਾ, ਅਰ ਰੋਮਨ ਕੇਥਲਕ ਪ੍ਰੋਟਸਟੇਂਟ ਅਰ ਸ਼ੀਆ ਸੁੰਨੀ ਆਦਿ, ਪਰੰਤੂ ਗੁਰੂ ਗ੍ਰੰਥ ਸਾਹਿਬ ਜੀ ਦੇ ਆਦਿ ਏਕਾ ਹੈ ਉਸਦੀ ਟੀਕਾ ਪ੍ਰਥਮ ਪਉੜੀ ਉਸਦੀ ਟੀਕਾ ਸਾਰੀ ਜਪੁਜੀ ਉਸਦੀ ਟੀਕਾ ਸਮਗਰ ਬਾਣੀ ਗ੍ਰੰਥ ਜੀ ਦੀ ਉਸਦੀ ਟੀਕਾ ਭਾਈ ਗੁਰਦਾਸ ਭਾਈ ਮਨੀ ਸਿੰਘ ਜੀ ਦੀ ਬਾਣੀ ਹੈ, ਇਸ ਕਾਰਨ ਅਰਥ ਇਕੋ ਭਗਤੀ ਗਜਾਨ ਵਿਖੇ ਰਹਿੰਦਾ ਹੈ।

(੯) ਹੋਰ ਗ੍ਰੰਥਾਂ ਵਿਚ ਇਕ ਪਰਮੇਸ਼ਰ ਕੇਵਲ ਕਹਿਕੇ ਸੁਣਾਇਆ ਹੈ, ਗੁਰੂ ਗ੍ਰੰਥ ਸਾਹਿਬ ਵਿਚ ਉਹ ੧ ਲਿਖਕੇ ਦਿਖਾਇਆ ਅਰ ਧਿਆਇਆ ਹੈ ਜੋ ਇਹੋ ਜਗਤ ਦਾ ਮੂਲ ਹੈ।

(੧੦) ਚਹੁਵਾਂ ਜੁਗਾਂ ਦੇ ਵਾਸਤੇ ਚਾਰ ਵੇਦ ਰਚੇ ਗਏ, ਸੋ ਆਪੋ ਆਪਣੇ ਸਮਯ ਵਿਚ ਉਹ ਉਪਕਾਰੀ ਹੋਏ, ਪਰੰਤੂ ਚਹੁਆਂ ਜੁਗਾਂ ਵਿਚ ਹੀ ਉਪਕਾਰੀ ਅਰ ਆਪਨੇ ਪਰਾਏ ਸਭ ਦਾ ਹਿਤਕਾਰੀ ਸੁਖਕਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ। ਯਥਾ–ਬਿਲਾਵਲ ਮਹਲਾ ੩॥ ਪੂਰਾ ਥਾਟੁ ਬਣਾਇਆ

---

*(੧) ਪੁਰਾਤਨ ਸਮਯ ਦੀ ਭਾਸ਼ਾ ਯਾ ਵੇਦ ਭਾਸ਼ਾ।

(੨) ਖਟ ਸ਼ਾਸਤ੍ਰ ਪੁਰਾਣ ਆਦਿ ਦੀ ਭਾਸ਼ਾ।

(੩) ਬੇਬਲ ਦੀ ਭਾਖਾ ਜਿਸ ਨੂੰ ਮੂਸਾ, ਦਾਊਦ, ਸੁਲੇਮਾਨ ਆਦਿਕਾਂ ਨੇ ਲਿਖਿਆ।

(੪) ਇੰਜੀਲ ਦੀ ਭਾਸ਼ਾ ਜੋ ਪਹਿਲੇ ਰਸੂਲਾਂ ਨੇ ਲਿਖੀ।

(੫) ਕੁਰਾਨ ਦੀ ਭਾਖਾ।

ਪੂਰੇ ਵੇਖਹੁ ਏਕ ਸਮਾਨਾ ॥ ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ ਮਤੁ ਕੋ ਧਰਹੁ ਗੁਮਾਨਾ ॥ ੧ ॥ ਸਤਿਗੁਰ ਕੀ ਜਿਸਨੋ ਮਤਿ ਆਵਹਿ ਸੋ ਸਤਿਗੁਰ ਮਾਹਿ ਸਮਾਨਾ ॥ ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥ ੧ ॥ ਰਹਾਉ ॥ ਚਹੁ ਜੁਗਾਂ ਕਾ ਹੁਣਿ ਨਿਬੇੜਾ ਨਰ ਮਾਨੁਖਾਂ ਨੋ ਏਕ ਨਿਧਾਨਾ ॥ ਜਤੁ ਸੰਜਮ ਤੀਰਥ ਓਨਾਂ ਜੁਗਾਂ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ ॥ ੨ ॥ ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ ॥ ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਨਾ ॥ ੩ ॥ ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਇ ਚੂਕੈ ਮਨਿ ਅਭਿਮਾਨਾ ॥ ਕਹਤੁ ਸੁਨਤ ਸਭੇ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ ॥ ੪ ॥ ੪ ॥

(੧੧) ਹਰੇਕ ਧਰਮ ਗ੍ਰੰਥ ਆਪਸ ਵਿਚ ਵਿਰੋਧੀ ਹਨ, ਪਰ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਰ ਲਿਖੇ ਚਾਰ ਉਪਦੇਸ਼ਾਂ ਨਾਲ ਸਭ ਦੀ ਸੰਮਤੀ ਹੈ, ਅਰ ਸਭ ਇਹਨਾਂ ਨੂੰ ਪ੍ਰਨਾਮ ਕਰਦੇ ਹਨ।

(੧੨) ਸਭਨਾਂ ਧਰਮ ਪੁਸਤਕਾਂ ਦਾ ਮਾਨ ਸਨਮਾਨ ਪਤਿ ਪ੍ਰਤਿਸ਼ਟਾ ਪ੍ਰਤਖਯ ਸੰਸਾਰ ਵਿਚ ਇਸ ਤੇ ਘਟ ਦੇਖੀ ਜਾਂਦੀ ਹੈ ਇਸਦੀ ਸਭ ਤੋਂ ਵਧੀਕ ਹੈ। ਇਸੇ ਤਰ੍ਹਾਂ ਇਸ ਦੇ ਮੰਨਣ ਵਾਲਿਆਂ ਸਿਖਯਕਾਂ ਦਾ ਸਨਮਾਨ ਕ੍ਰਿਪਾ ਨਿਧਾਨ ਭਗਵਾਨ ਦੇ ਦੀਵਾਨ ਵਿਚ ਬੀ ਹੋਵੇਗਾ।

ਮੈ ਮੂਰਖ ਕੀ ਕੇਤਕ ਬਾਤ ਹੈ ਕੋਟ ਅਪਰਾਧੀ ਤਰਿਆ ਰੇ ॥ ਗੁਰ ਨਾਨਕ ਜਿਨ ਸੁਣਿਆ ਪੇਖਿਆ ਸੇ ਫਿਰ ਗਰਭਾਸ ਨ ਪਰਿਆ ਰੇ ॥

*

ਵਖਯਾਨ ੩੧
ਖਾਲਸਾ ਧਰਮ ਹੋਣ ਦਾ ਕਾਰਨ

ਦੋਹਰਾ—

ਹਰਿ ਨਰ ਤਨ ਧਰ ਕਰ ਆਏ ਕਲਿ ਨਰ ਤਾਰਨ ਹੇਤ।
ਸਿਖੀ ਸੁਖ ਸਿਖਨ ਦੀਓ ਰਚ ਹਰਿ ਨਾਮਹਿ ਸੇਤ ॥੧॥
ਗੁਰੂ ਗੋਬਿੰਦ ਮ੍ਰਿਗਿੰਦ ਹੋਇ ਪੂਰਨ ਕੀਨੋ ਕਾਮ।
ਦੇ ਸੰਗਤ ਕੋ ਬੀਰਤਾ ਧਰਿਓ ਖਾਲਸਾ ਨਾਮ ॥ ੨ ॥

ਸਰੇਸ਼ਟ ਜਨੋ ! ਸ੍ਰਿਸ਼ਟੀ ਦੀ ਉਤਪਤੀ ਭਿੰਨ ੨ ਮਤਾਂ ਦੇ ਅਚਾਰਯਾਂ ਨੇ ਭਿੰਨ ਭਿੰਨ ਪ੍ਰਕਾਰ ਨਿਜ ਬੁਧੀ ਅਨੁਸਾਰ ਵਰਨਨ ਕਰੀ ਹੈ, ਪਰ ਇਸ ਗਲ ਵਿਚ ਸਭ ਦੀ ਏਕਤਾ ਹੈ, ਜੋ ਪਰਮੇਸ਼ਰ ਨੇ ਬਚਨ ਕੀਤਾ ਅਰ ਉਸ ਤੇ ਸਮਗਰ ਸ੍ਰਿਸ਼ਟੀ ਰਚਨਾ ਹੋਈ । ਗੁਰੂ ਸਾਹਿਬ ਦਾ ਕਥਨ ਬੀ ਇਹੋ ਹੈ (ਕੀਤਾ ਪਸਾਉ ਏਕੋ ਕਵਾਉ ॥ ਤਿਸਤੇ ਹੋਏ ਲਖ ਦਰੀਆਉ ॥) ਅਰ ਹੋਰ ਵਧੀਕ ਕੋਈ ਕਹੇ ਤਾਂ ਸਤਿਗੁਰੂ ਕਹਿੰਦੇ ਹਨ (ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥ ਵਖਤੁ ਨ ਪਾਇਓ ਕਾਦੀਆਂ ਜਿ ਲਿਖਣਿ ਲੇਖੁ ਕੁਰਾਣੁ ॥ ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨ ਕੋਈ ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥) ਪੁਨਾ: (ਕਰਤੇ ਕੀ ਮਿਤਿ ਨ ਜਾਨੈ ਕੀਆ ॥ਨਾਨਕ ਜੋ ਤਿਸੁ ਭਾਵੈ ਸੋ ਵਰਤੀਆ ॥ ਪੁਨਾ: ਪਿਤਾ ਕਾ ਜਨਮ ਕਿ ਜਾਨੈ ਪੂਤ ॥ ਸਗਲ ਪਰੋਈ ਆਪਣੈ ਸੂਤ॥) ਪੁਨਾ: (ਪਿਤਾ ਜਨਮ ਜਿਮ ਪੂਤ ਨ ਪਾਵੈ ॥ ਕਹਾ ਕਵਨ ਕਾ ਭੇਦ ਬਤਾਵੈ॥) ਦਸਮ ਪਾਤਸ਼ਾਹ ਬਚਿਤ੍ਰ ਨਾਟਕ ਦੇ ਛੇਵੇਂ ਅਧਿਆਇ ਮੈਂ ਸ੍ਰੀ ਮੁਖ ਤੇ ਐਉਂ ਵਰਨਨ ਕਰਦੇ ਹਨ-ਕਿ ਗੰਧਮਾਦਨ ਗਿਰ ਤੇ ਛੇ ਕੋਹ ਹੇਠ ਸਪਤ ਸ੍ਰਿੰਗ ਪਰਬਤ ਦੇ ਕੋਲ ਹੇਮਕੁੰਟ ਨਾਮੇ ਪਰਬਤ ਦੇ ਉਪਰ ਬੈਠਕੇ ਜਿਥੇ ਰਾਜਾ ਪੰਡ ਨੇ ਯੋਗ ਸਾਧਨਾ ਕੀਤੀ ਅਰ ਹੁਣ ਉਥੇ ਪੰਡ ਕੇਸ ਨਾਮੇ ਗਰਾਮ ਵਸਦਾ ਹੈ, ਉਸ ਸਥਾਨ ਮੈਂ ਬੈਠਕੇ ਅਸਾਂ ਐਸੀ ਕਠਨ ਤਪਸਿਆ ਕੀਤੀ, ਜੋ ਉਪਾਸ਼ਨਾ ਕਰਦੇ ਕਰਦੇ ਹੰਤਾ ਮਮਤਾ ਮਿਟਾਇਕੈ ਉਪਾਸਜ ਨਾਲ ਅਭੇਦ ਹੀ ਹੋ ਰਹੇ। ਇਧਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਨ ਬਾਣੀ ਔਰ ਇੰਦਰਿਆਂ ਨੂੰ ਵਿਕਾਰਾਂ ਤੇ ਰੋਕ ਯੋਗ ਸਾਧਨਾ ਕਰਕੇ ਨਿਰਾਕਾਰ ਅਲਖ ਪਰਮਾਤਮਾਂ ਦੀ ਅਰਾਧਨ ਰੂਪ ਸੇਵਾ ਕੀਤੀ, ਤਿਸ ਕਾਰਨ ਸਰਬ ਜਗਤ ਦੇ ਗੁਰੂ ਅਕਾਲ ਪੁਰਖ ਪਰਮੇਸ਼ਰ ਨੇ ਦਯਾਲ ਹੋਇਕੇ ਮੈਨੂੰ ਆਗਿਆ ਦਿਤੀ, ਤਾਂ ਜਨਮ ਧਾਰਕੇ ਇਸ ਘੋਰ ਕਲਿਯੁਗ ਵਿਚ ਆਏ । ਸੰਸਾਰ ਦੇ ਛਿਨ ਭੰਗਰ ਸੁਖਾਂ ਦੀ ਪਰਾਪਤੀ ਵਿਖੇ ਚਿੰਤਾ ਸਰੀਰਿਕ ਸੰਤਾਪ ਅਰ ਦੁਖਾਂ ਤੇ ਡਰਦਿਆਂ ਸਾਡਾ ਚਿਤ ਨਹੀਂ ਚਾਹੁੰਦਾ ਸੀ, ਕਿਉਂਕਿ ਮਨ ਦੀ ਬਿਰਤੀ ਪ੍ਰਭੂ ਦੇ ਚਰਨਾਂ ਵਿਚ ਦ੍ਰਿੜ ਲਗ ਰਹੀ ਸੀ ਪਰੰਤੂ ਪ੍ਰਭੂ ਨੇ ਸਾਡੇ ਮਨ ਦਾ ਸਮੋਧ ਕਰਕੇ ਅਰ ਅਗਰੋਕਤ ਆਗਿਆ ਦੇਕੇ ਇਸ ਪ੍ਰਿਥਵੀ ਮੰਡਲ ਮਾਤ ਲੋਕ ਵਿਚ ਭੇਜਿਆ ।

'ਹੇ ਤਪੱਸਵੀ ! ਅਰੰਭ ਵਿਚ ਜਦ ਮੈਂ ਤਾਮਸੀ ਸ੍ਰਿਸ਼ਟ ਰਚੀ ਤਾਂ ਉਹ ਆਪਣੀਆਂ ਭੁਜਾਂ ਦੇ ਬਲ ਨੂੰ ਸੰਭਾਲ ਨਾ ਸਕੇ, ਅਭਿਮਾਨ ਕਰਕੇ ਬਾਵਰੇ ਹੋਏ ਉਪਾਸ਼ਨਾ ਭਗਤੀ ਕਰਨੋਂ ਰਹਿ ਗਏ, ਮੈਂ ਛਿਨ ਮਾਤਰ ਵਿਚ ਉਨਹਾ ਦਾ ਨਾਸ ਕੀਤਾ, ਅਰ ਤਿਨਾਂ ਦੀ ਥਾਂ ਸਾਂਤਕੀ ਗੁਣ ਤੇ ਦੇਵਤਾ ਉਤਪਤ

ਕੀਤੇ ਮਾਨ ਪਰਤਿਸ਼ਟਾ ਹੋਂਦੀ ਦੇਖਕੇ ਓਹ ਭੀ ਆਪਣੇ ਆਪ ਨੂੰ ਹੀ ਪਰਮੇਸ਼ਰ ਮੰਨ ਬੈਠੇ। ਮਹਾਂ ਦੇਵ ਨੇ ਆਪਣਾ ਨਾਮ ਵਸ਼ੇਸ਼ਰ ਮਹੇਸ਼ਰ ਵਿਸ਼ਵਨਾਥ ਵਿਸ਼ਨੂੰ ਨੇ ਵਿਸੰਭਰ ਲਖਸ਼ਮੀ ਨਾਥ ਬ੍ਰਹਮਾ ਨੇ ਬਿਧਾਤਾ ਪਰੰ ਬ੍ਰਹਮ ਸੁਯੰਭੂ ਪ੍ਰਗਟ ਕੀਤਾ, ਉਪਰੰਤ ਅਠ ਸਾਖੀ ਜੀਵਾਂ ਦੇ ਸੁਭਾਸੁਭ ਕਰਮਾਂ ਦੀ ਗਵਾਹੀ ਦੇਣੇ ਵਾਸਤੇ ਠਹਿਰਾਏ। ਏਹ ਆਪਣੀ ਹੀ ਪੂਜਾ ਕਰਾਉਨ ਲਗੇ ਜੋ ਸਾਥੋਂ ਬਿਨਾਂ ਹੋਰ ਕੋਈ ਦੂਜਾ ਠਾਕਰ ਨਹੀਂ, ਹੁਣ ਕੋਈ ਸੂਰਜ ਨੂੰ ਕੋਈ ਚੰਦਰਮਾ ਨੂੰ ਕੋਈ ਅਗਨੀ ਕੋਈ ਪਵਣ ਨੂੰ ਈਸ਼ਵਰ ਜਾਣਕੇ ਪੂਜਨ ਲਗੇ, ਕਿਨਾਂ ਨੇ ਪੱਥਰ ਵੱਟੇ ਹੀ ਪੂਜੇ, ਜਦ ਇਹ ਸਾਰੇ ਹੀ ਪ੍ਰਮੇਸ਼ਰ ਦੀ ਆਗਿਆ ਨੂੰ ਭੁਲ ਗਏ ਅਰ ਆਪ ਹੀ ਈਸ਼ਰ ਬਣ ਬੈਠੇ ਤਾਂ ਪ੍ਰਭੂ ਨੇ ਰਿਸ਼ੀ ਮੁਨੀ ਸਿਧ ਸਾਧੂ ਕਈ ਠਹਿਰਾਏ, ਮਾਯਾ ਦੇ ਵਸ ਹੋਏ ਇਨਾਂ ਨੇ ਭੀ ਸਾਲਗ ਰਾਮ ਆਦਿ ਪੱਥਰਾਂ ਦੀ ਹੀ ਪੂਜਾ ਕੀਤੀ। ਪ੍ਰਯੋਜਨ ਇਹ ਜੋ ਜੋ ਕੋਈ ਜਗਤ ਵਿਖੇ ਸਿਆਣਾ ਹੋਇਆ ਜਿਸਨੂੰ ਥੋਹੜੀ ਜੇਹੀ ਭੀ ਸਿਧੀ ਹਥ ਆਈ ਉਸਨੇ ਆਪਣਾ ਹੀ ਪੰਥ ਚਲਾਇਆ। ਰਿਖੀਆਂ ਨੇ ਆਪਣੇ ੨ ਧਰਮ ਸ਼ਾਸਤ੍ਰ ਰਚੇ, ਬ੍ਰਹਮਾਂ ਨੇ ਚਾਰ ਵੇਦ ਹੀ ਪ੍ਰਸਿੱਧ ਕੀਤੇ, ਪਰ ਜਿਨ੍ਹਾਂ ਦੀ ਪ੍ਰੀਤ ਪ੍ਰਮੇਸ਼ਰ ਦੇ ਚਰਨਾਂ ਵਿਚ ਦ੍ਰਿੜ ਹੋਈ ਓਹ ਇਹਾਂ ਸਿਮਰਤੀਆਂ ਅਰ ਵੇਦਾਂ ਦੇ ਰਾਹ ਨਾ ਆਏ। ਸਿਮ੍ਰਿਤੀਆਂ ਅਰ ਵੇਦਾਂ ਦੇ ਮੰਨਣ ਵਾਲੇ ਕਰਮ ਕਾਂਡੀ ਅਗਨੀ ਹੋਤਰੀ ਹੋਏ ਤਿਨਾਂ ਨੂੰ ਦੰਡ ਦੇਣ ਲਗੇ ਪਰ ਜਿਨਾਂ ਨੂੰ ਪਰਮੇਸ਼ਰ ਦਾ ਪ੍ਰੇਮ ਸੀ, ਤਿਨਾਂ ਨੇ ਭੀੜ ਕਲੇਸ਼ ਸਹਾਰੀ ਪਰ ਪ੍ਰਭੂ ਦੀ ਉਪਾਸ਼ਨਾ ਨਾ ਤਜੀ।

ਉਪਰੰਤ ਪ੍ਰਭੂ ਨੇ ਦਤਾਤ੍ਰੇਯ ਅਵਤਾਰ ਪ੍ਰਗਟਾਇਆ ਪਰ ਇਸ ਨੇ ਭੀ ਆਪਣਾ ਹੀ ਪੰਥ ਚਲਾਇਆ, ਨਹੁੰ ਵਧਾਏ ਅਰ ਸਿਰ ਪੁਰ ਜਟਾਂ ਦੇ ਜੂੜੇ ਗੁੰਦਵਾਏ ਫੇਰ ਪ੍ਰਭੂ ਨੇ ਸਿਧਾਂ ਦਾ ਗੁਰੂ ਗੋਰਖਨਾਥ ਉਪਜਾਇਆ ਜਿਸ ਨੇ ਕੰਨ ਪਾਟ ਜੋਗੀਆਂ ਦਾ ਭੇਖ ਚਲਾਇਆ ਜਿਸਦੇ ਅਗੇ ਭੀ ਬੜੇ ਬੜੇ ਰਾਜਿਆਂ ਨੇ ਸੀਸ ਨਿਵਾਇਆ ਪ੍ਰੇਮ ਸੇ ਬਿਨਾਂ ਏਹ ਭੀ ਸੂਨ ਨਿਰੇ ਭੇਖ ਬਨਾਉਣ ਵਿਚ ਹੀ ਉਰਝ ਰਹੇ ਤਾਂ ਪ੍ਰਭੂ ਨੇ ਰਾਮਾਨੰਦ ਨੂੰ ਉਤਪਤਿ ਕੀਤਾ, ਜਿਸਨੇ ਬੈਰਾਗੀ ਭੇਸ ਬਣਾਇਆ ਸਭ ਦੇ ਗਲ ਵਿਚ ਕੰਠੀ ਕਾਠ ਦੀ ਪਾਈ ਅਰ ਪ੍ਰਭੂ ਦੀ ਭਗਤੀ ਮੂਰਤੀ ਪੂਜਨ ਵਿਚ ਹੀ ਸਮਝਾਈ, ਫੇਰ ਹਜ਼ਰਤ ਯਿਸੂ ਆਏ ਪਰ ਏਹਨਾਂ ਭੀ ਆਪਣੇ ਨੂੰ ਪੁਤਰ ਕਹਾਇਆ ਅਰ ਪ੍ਰਮੇਸ਼ਰ ਦੇ ਨਾਲ ਆਪ ਨੂੰ ਰਲਾਇਆ।

ਤਦ ਇਨਾਂ ਸਭਨਾਂ ਦੇ ਵਿਰੁਧ ਪ੍ਰਭੂ ਨੇ ਅਰਬ ਦੇਸ ਦੇ ਪ੍ਰਧਾਨ ਮੁਹੰਮਦ ਨੂੰ ਪੈਦਾ ਕੀਤਾ, ਇਸਨੇ ਸਭ ਦੀ ਇੰਦਰੀ ਕਟਕੇ ਅਰਥਾਤ ਸੁੰਨਤ ਕਰਕੇ ਆਪਣਾ ਮਤਾ ਚਲਾਇਆ । ਆਪਣੇ ਆਪ ਨੂੰ ਰਸੂਲ ਅਲਾ (ਪ੍ਰਮੇਸ਼ਵਰ ਦਾ ਭੇਜਿਆ ਹੋਯਾ) ਮੁਕਤਿ ਦਾਤਾ ਪਰਸਿਧ ਕੀਤਾ। ਪਰਯੋਜਨ ਇਹ ਕਿ ਜੋ ਜੋ ਕੋਈ ਆਏ ਸਭ ਨੇ ਆਪਣੇ ਹੀ ਮੰਤ ਚਲਾਏ, ਆਪਣੇ ਮਗਰ ਹੀ ਲੋਕ ਲਾਏ ਸਤਿਨਾਮ ਦੀ ਉਪਾਸ਼ਨਾ ਕੇਵਲ ਕਰਤਾਰ ਦੀ ਮਾਨਸੀ ਪੂਜਾ, ਇਕ ਆਦਿਤੀਯ ਪਰਮੇਸ਼ੂਰ ਦਾ ਸਿਮਰਨ ਭਜਨ ਮਨ ਦੇ ਸਚੇ ਪ੍ਰੇਮ ਨਾਲ ਕਰਨਾ, ਉਸਦੇ ਰਚੇ ਸਰਬ ਜੀਆਂ ਪੁਰ ਦਯਾ ਕਰਨੀ, ਕਿਸੇ ਨੇ ਨਾ ਸਮਝਾਈ । ਤਦ ਪ੍ਰਭੂ ਨੇ ਤਪਸਯਾ ਕਰਦਿਆਂ ਹੋਇਆਂ ਮੈਨੂੰ ਬੁਲਾਇਆ, ਅਰ ਇਹ ਕਹਿਕੇ ਇਸ ਮਾਤ ਲੋਕ ਵਿਚ ਭੇਜਿਆ ਕਿ ਮੈਂ ਤੈਨੂੰ ਆਪਣਾ ਪੁਤਰ ਠਹਿਰਾਇਆ ਹੈ, ਤੂੰ ਧਰਤਿ ਮੰਡਲ ਵਿਚ ਜਾਹ ਅਰ ਮੇਰਾ ਸਚਾ ਰਾਹ ਸਰਬ ਲੋਕਾਂ ਨੂੰ ਦਿਖਾਇਕੇ ਭ੍ਰਸ਼ਟਾਚਾਰ ਕੂੜ ਕਪਟ ਦੇ ਕਿਵਹਾਰ ਦੰਭ ਪਾਖੰਡ ਮਿਟਾਇ । ਇਹ ਸੁਣਕੇ ਮੈਂ ਹਥ ਜੋੜ ਨਮਸਕਾਰ ਡੰਡਵਤ ਬੰਦਨਾ ਕਰਕੇ ਬੇਨਤੀ ਕੀਤੀ ਯਥਾ-

ਦੋਹਰਾ ॥

ਠਾਢ ਭਯੋ ਮੈਂ ਜੋਰਿ ਕਰ ਬਚਨ ਕਹਾ ਸਿਰ ਨਯਾਇ ॥
ਪੰਥ ਚਲੈ ਤਬ ਜਗਤ ਮੈਂ ਜਬ ਤੁਮ ਕਰਹੁ ਸਹਾਇ ॥

ਹੇ ਪ੍ਰਭੂ! ਜਗਤ ਪਿਤਾ ਏਹ ਕੰਮ ਤਦ ਹੀ ਹੋ ਸਕਦਾ ਹੈ ਜੇ ਆਪ ਸਹਾਇਤਾ ਦੇਵੋ, ਅਰ ਪ੍ਰਭੂ ਦੀ ਸਹਾਇਤਾ ਆਈ, ਤਦ ਮੈਂ ਜਨਮ ਧਾਰਕੇ ਜਗਤ ਵਿਖੇ ਆਯਾ । ਮੈਂ ਉਸ ਪਰਮ ਬ੍ਰਹਮ ਪ੍ਰਮਾਤਮਾ ਪਰਮੇਸ਼ਰ ਦਾ ਦਾਸ ਹਾਂ, ਜਗਤ ਰਚਨਾਂ ਦਾ ਕੌਤਕ ਵੇਖਣ ਆਯਾ ਹਾਂ, ਉਸਦੀ ਆਗਯਾ ਪ੍ਰਗਟ ਕਰਾਂਗਾ, ਚੁਪ ਨਹੀਂ ਰਹਾਂਗਾ, ਕਿਸੇ ਭੇਖ ਵਿਚ ਨਹੀਂ ਆਵਾਂਗਾ, ਪਥਰ ਪੂਜਾ ਅਰਥਾਤ ਕ੍ਰਿਤਮ ਪਦਾਰਥਾਂ ਦੀ ਪੂਜਾ ਨਹੀਂ ਕਰਾਂਗਾ, ਕਿਸੀ ਦੀ ਕਾਣ ਨਹੀਂ ਧਰਾਂਗਾ, ਜਟਾ ਮੁੰਦਰਾਂ, ਕੰਠੀ ਸੁੰਨਤ ਕੋਈ ਚਿੰਨ ਨਹੀਂ ਧਰਾਂਗਾ, ਕੇਵਲ ਇਕੋ ਸ੍ਰਿਸ਼ਟ ਕਰਤਾ ਦਾ ਨਾਮ ਉਚਾਰਾਂਗਾ, ਉਸਨੂੰ ਤਜਕੇ ਨਾ ਕਿਸੇ ਦਾ ਨਾਮ ਜਪਾਗਾ, ਨਾ ਕਿਸੇ ਦੀ ਪੂਜਾ ਕਰਾਂਗਾ । ਮੈਂ ਕੇਵਲ ਸਚੇ ਧਰਮ ਦਾ ਪ੍ਰਚਾਰ ਅਰ ਦੁਸ਼ਟ ਦੋਖੀਆਂ ਦਾ ਪ੍ਰਹਾਰ ਕਰਾਂਗਾ।

ਦੋਹਰਾ-ਕੋਈ ਪੜਤ ਕੁਰਾਨ ਕੋ ਕੋਈ ਪੜਤ ਪੁਰਾਨ।
ਕਾਲ ਨ ਸਕਤ ਬਚਾਇਕੇ ਫੋਕਟ ਧਰਮ ਨਿਦਾਨ।

ਨੇਤ੍ਰ ਮਿਟਾਉਣੇ, ਮੁੰਦਰਾ ਜਟਾ ਸੇਹਲੀ ਪਹਿਨਉ ਭੇਖ ਬਨਾਉਣੇ, ਡਿੰਭ ਦਿਖਾਉਣੇ ਆਦਿ ਕਰਮਾਂ ਤੇ ਜਗਤ ਦਾ ਵਿਹਾਰ ਤੁਰਦਾ ਹੈ, ਸਭ ਸਵਾਂਗ ਦੇਖ ਕੇ ਲੋਕ ਭਾਵੇਂ ਪੂਜਾ ਕਰਨ ਪ੍ਰੰਤੂ ਪਰਮੇਸ਼ਰ ਨਹੀਂ ਪ੍ਰਸੰਨ ਹੁੰਦਾ, ਅੰਤ ਨੂੰ ਇਹ ਡਿੰਭੀ ਲੋਕ ਨਰਕ ਵਿਚ ਨਿਵਾਸ ਪਾਉਂਦੇ ਹਨ।

ਦੋਹਰਾ-ਭੇਖ ਦਿਖਾਏ ਜਗਤ ਕੋ ਲੋਗਨ ਕੋ ਬਸ ਕੀਨ॥
ਅੰਤਕਾਲ ਕਾਤੀ ਕਟਯੋ ਬਾਸ ਨਰਕ ਮੋਂ ਲੀਨ॥

ਡੰਭੀਆਂ ਅਤੇ ਹੰਕਾਰੀਆਂ ਤੇ ਕਰਤਾਰ ਵਖਰਾ ਰਹਿੰਦਾ ਹੈ, ਅੱਖਾਂ ਮੀਟਕੇ ਤੁਰਿਆਂ ਸਿਧਾ ਰਾਹ ਹੀ ਨਹੀਂ ਲਭਦਾ, ਅਰ ਲੋਕ ਉਸਨੂੰ ਅੰਨ੍ਹੇ ਦੀ ਪਦਵੀ ਦਿੰਦੇ ਹਨ ਤਾਂ ਉਸਨੂੰ ਓਹ ਅਗਮ ਅਗੋਚਰ ਕਿਸ ਤਰਾਂ ਮਿਲੇਗਾ ਉਸਦੇ ਮਿਲਨੇ ਦਾ ਸੁਗਮ ਮਾਰਗ ਇਹ ਹੈ।

ਦੋਹਰਾ-ਜੋ ਨਿਜ ਪ੍ਰਭ ਮੋ ਸੋ ਕਹਾ ਸੋ ਕਹਿਹੋ ਜਗ ਮਾਹਿ॥
ਜੋ ਤਿਹ ਪ੍ਰਭ ਕੋ ਧਿਆਇ ਹੈਂ ਅੰਤ ਸੁਰਗ ਕੋ ਜਾਹਿ॥੫੯॥
ਹਰਿ ਹਰਿ ਜਨ ਦੋਇ ਏਕ ਹੈ ਬਿਬ ਬਿਚਾਰ ਕਛੁ ਨਾਹਿ॥
ਜਲਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥੬੦॥

ਇਸ ਤੋਂ ਸਿਧ ਹੋਯਾ ਕਿ ਸਤਿਗੁਰ ਨਾਨਕ ਦੇਵ ਜੀ ਨੇ ਜੋ ਸਿਖ ਮਾਰਗ ਚਲਾਯਾ, ਸਤਿਨਾਮ ਦਾ ਜਾਪ ਜਪਾਯਾ ਉਸ ਦੇ ਪੂਰਨ ਕਰਨ ਨੂੰ ਗੁਰੂ ਗੋਬਿੰਦ ਸਿੰਘ ਮਹਾਰਾਜ ਆਯਾ, ਜਿਸਨੇ ਖਾਲਸਾ ਪੰਥ ਸਜਾਯਾ, ਅਰ ਇਕ ਅਕਾਲ ਦਾ ਨਾਮ ਜਪਾਯਾ, ਕੋਈ ਚਿੰਨ੍ਹ ਆਪਣੀ ਵਲੋਂ ਨਹੀਂ ਬਣਾਯਾ, ਉਹੋ ਰਖਾਯਾ ਜੋ ਜਨਮ ਤੇ ਹੀ ਇਸ ਸਰੀਰ ਦੇ ਨਾਲ ਆਇਆ। ਸਤਿਗੁਰੂ ਨੇ ਖੰਡੇ ਦਾ ਅੰਮ੍ਰਿਤ ਸਿਖਾਂ ਨੂੰ ਛਕਾਇਆ ਅਰ ਕੀਟਾਂ ਤੇ ਸ਼ੇਰ ਬਣਾਯਾ, ਇਸ ਕਲਿਜੁਗ ਵਿਖੇ ਪਾਪੀਆਂ ਦੇ ਤਾਰਨ ਦਾ ਬੀੜਾ ਚੁਕਕੇ ਸਤਿਗੁਰੂ ਆਏ ਤਿਨਾਂ ਨੇ ਅਕਾਲ ਪੁਰਖ ਦੀ ਇਛਾ ਨਾਲ ਖਾਲਸਾ ਪੰਥ ਸਜਾਯਾ। ਸਰੀਰ ਜਨਮਿਆਂ ਸੋ ਮਰ ਜਾਏਗਾ, ਪਰ ਜੋ ਗੁਰ ਉਪਦੇਸ਼ ਨਾਲ ਆਤਮਾ ਤੇ ਜਨਮੇ ਹਨ ਸੋ ਅਮਰ ਹੋਣਗੇ, ਕਿਉਂ ਜੋ ਆਤਮਾ ਨਹੀਂ ਮਰਦਾ। ਜੋ ਆਤਮਾ ਤੋਂ ਜਨਮੇ ਹਨ, ਉਨਾਂ ਦਾ ਨਾਉਂ ਦ੍ਵਿਜ ਅਰਥਾਤ ਦੂਜਾ ਜਨਮ ਜਾਂ ਨਵਾਂ ਜਨਮ ਹੈ, ਅੰਮ੍ਰਿਤ ਛਕਕੇ ਨਵਾਂ ਆਤਮਾ ਦਾ ਜਨਮ ਹੁੰਦਾ ਹੈ, ਜਿਹਾ ਕੁ ਭਾਈ ਗੁਰਦਾਸ ਜੀ ਲਿਖਦੇ ਹਨ:-

ਗੁਰਮਤ ਸਤ ਕਰ ਚੰਚਲ ਅਚਲ ਭਏ ਮਹਾ ਮਲਮੂਤਰ ਧਾਰੀ

ਨਿਰਮਲ ਕੀਨੇ ਹੈਂ । ਗੁਰਮਤ ਸਤ ਕਰ ਜੋਨਕੇ ਅਜੋਨ ਭਏ ਕਾਲ ਸੇ ਅਕਾਲ ਕੇ ਅਮਰ ਪਦ ਚੀਨੇ ਹੈਂ । ਗੁਰਮਤ ਸਤ ਕਰ ਹਉਮੈ ਖੋਇ ਹੋਇ ਜੋਨ ਤ੍ਰਿਕੁਟੀ ਤਿਰਬੇਨੀ ਪਾਰ ਆਪਾ ਆਪ ਚੀਨੇ ਹੈਂ । ਗੁਰਮਤ ਸਤ ਕਰ ਬਰਨ ਅਬਰਨ ਭਏ ਭੈ ਭਰਮ ਨਿਵਾਰ ਡਾਰ ਨਿਰਭੈ ਕੇ ਲੀਨੇ ਹੈ ॥੨੪॥ ਗੁਰਮਤ ਸਤ ਕਰ ਅਧਮ ਅਸਾਧ ਸਾਧ ਗੁਰਮਤ ਸਤ ਕਰ ਜੰਤੁ ਸੰਤ ਨਾਮ ਹੈਂ । ਗੁਰਮਤ ਸਤ ਕਰ ਅਬਿਬੇਕੀ ਹੋਵੈ ਬਿਬੇਕੀ ਗੁਰਮਤ ਸਤ ਕਰ ਕਾਮ ਨਿਹਕਾਮ ਹੈਂ । ਗੁਰਮਤ ਸਤ ਕਰ ਅਗਯਾਨੀ ਬ੍ਰਹਮ ਗਯਾਨੀ ਗੁਰਮਤ ਸਤ ਕਰ ਸੰਹਿਜ ਬਿਸਰਾਮ ਹੈ। ਗੁਰਮਤ ਸਤ ਕਰ ਜੀਵਨ ਮੁਕਤਿ ਭਏ ਗੁਰਮਤ ਸਤ ਕਰ ਨਿਹਚਲ ਧਾਮ ਹੈ ॥੨੫॥ ਐਸੇ ੨ ਹੋਰ ਹਨ ।

ਏਹ ਆਤਮਾ ਅਮਰ ਹੁੰਦਾ ਹੈ, ਜੈਸੇ ਬਚਨ ਹੈ (ਗੁਰਮੁਖ ਬੁਢੇ ਕਦੇ ਨਾਹੀਂ ਜਿਨਾਂ ਅੰਤਰ ਸੁਰਤਿ ਗਿਆਨ ॥ ਸਦਾ ਸਦਾ ਹਰਿ ਗੁਣ ਰਵਹਿ ਅੰਤਰ ਸਹਿਜ ਧਿਆਨੁ ॥ ਓਇ ਸਦਾ ਅਨੰਦ ਬਿਬੇਕ ਰਹਹਿ ਦੁਖ ਸੁਖ ਏਕ ਸਮਾਨਿ ॥ ਤਿਨਾ ਨਦਰੀ ਇਕੋ ਆਇਆ ਸਭ ਆਤਮ ਰਾਮ ਪਛਾਨ) ॥੪੪॥ ਵਾਰਾਂ ਤੇ ਵਧੀਕ ਮ: ੩

ਇਸ ਨਵੇਂ ਜਨਮ ਦਾ ਸੰਸਕਾਰ ਅੰਮ੍ਰਿਤ ਛਕਣਾ ਹੈ ਅੰਮ੍ਰਿਤ ਛਕਣੇ ਤੇ ਨਵਾਂ ਜਨਮ ਹੁੰਦਾ ਹੈ, ਜਿੰਦਗੀ ਪਲਟਦੀ ਹੈ ਇਸ ਕਰਕੇ ਪੰਥ ਵਿਖੇ ਪਰਵੇਸ਼ ਅਰ ਸੁੰਦਰ ਸੁਭੇਸ ਹੁੰਦਾ ਹੈ।

ਦੋਹਾ–ਨਵਾਂ ਜਨਮ ਇਸ ਜੀਵ ਦਾ ਪੰਥ ਮਾਹਿ ਪਰਵੇਸ ।
ਹੁੰਦਾ ਅਮ੍ਰਿਤ ਛਕਨ ਤੇ ਅਰ ਸੁੰਦਰ ਸੁਭ ਬੇਸ ॥੬੭॥
ਤਾਂਤੇ ਅਮ੍ਰਿਤ ਛਕਣਾ ਅਤਿ ਅਵਸ਼ਯ ॥ ਇਤਿ ॥

❋

ਵਖਯਾਨ ੩੨

ਦੋਹਾ–ਸ੍ਰੀ ਗੁਰੂ ਕਲਗੀਧਰ ਪ੍ਰਭ ਸਾਜਯੋ ਪੰਥ ਨਵੀਨ ।
ਅਭਿਮੰਤ੍ਰਤ ਅਮ੍ਰਿਤ ਦਯੋ ਨਯੋ ਜਨਮ ਕਰ ਦੀਨ ।

ਸ੍ਰੀ ਮੁਖਵਾਕ--"ਅਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ ॥ ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ ॥" [ਗੂਜਰੀ ਮ: ੫

ਪ੍ਰਤਿਵਾਨੋ, ਵਿਦਤ ਹੈ ਕਿ ਅੰਡਜ ਜੇਰਜ ਸੇਤਜ ਉਤਭੁਜ ਚਾਰ ਖਾਣੀਆਂ ਚੌਰਾਸੀ ਲਖ ਜੂਨ ਵਿਚੋਂ ਉੱਤਮ ਮਨੁਖ ਜਨਮ ਹੈ, ਕਿਉਂਕਿ ਈਸ਼ਵਰੀਯ ਗਿਆਨ ਜਿਸ ਦੀ ਪ੍ਰਾਪਤੀ ਤੋਂ ਮਨੁਖ ਆਵਾਗੌਣ ਗਰਭ ਜੂਨ ਰੂਪ ਭੌਗ ਰਹੇ ਅਰ ਜਨਮ ਮਰਨ ਦੇ ਭਾਰੀ ਦੁਖ ਤੇ ਛੁਟਦਾ ਅਰ ਮੋਖ ਪਦ ਨੂੰ ਪ੍ਰਾਪਤ ਹੁੰਦਾ ਔਰ ਪਾਰਬ੍ਰਹਮ ਦੇ ਚਰਨਾਂ ਵਿਚ ਨਿਵਾਸ ਪਾਉਂਦਾ ਹੈ, ਸੋ ਇਸੇ ਜਨਮ ਵਿਚ ਹੋ ਸਕਦਾ ਹੈ। ਚੌਸਠ ਵਿਦਿਆ ਸੋਲਾਂ ਕਲਾਂ ਬਤੀ ਸੁਭ ਲਛਨ ਰਿਧ ਸਿਧ ਨਿਧ ਰਾਜ ਸੰਪਦਾ ਭੋਗ ਯੋਗ ਵਿਵੇਕ ਅਰ ਨਾਮ ਦਾਨ ਸ਼ਨਾਨ ਆਦਿ ਪਦਾਰਥ ਇਸੇ ਹੀ ਜਨਮ ਨੂੰ ਪ੍ਰਾਪਤ ਹੋ ਸਕਦਾ ਅਰ ਸੋਭਦੇ ਹਨ ਪਰ ਜੇ ਕੋਈ ਇਸ ਦਾ ਕਾਰਨ ਪੁਛੇ ਤਾਂ ਇਸ ਦਾ ਉਤਰ ਇਹੋ ਹੈ ਜੋ ਇਸ ਸਰੀਰ ਵਿਚ ਆਤਮਾ (ਰੂਹ) ਹੈ ਜੋ ਹੋਰ ਕਿਸੇ ਜੂਨ ਜਨਮ ਨੂੰ ਪ੍ਰਾਪਤ ਨਹੀਂ। ਇਸ ਆਤਮਾ ਬਿਨਾ ਤੇ ਸਰੀਰ ਜੜ ਹੈ, ਆਤਮਾ ਹੀ ਪ੍ਰਮਾਤਮਾ ਨੂੰ ਪਾਉਂਦਾ ਹੈ ਪਰ ਓਹ ਆਤਮਾ ਜੋ ਸਰੀਰ ਦਾ ਅਭਿਮਾਨੀ ਹੈ, ਸੋ ਅਨਾਤਮਾ ਹੈ। ਸਰੀਰ ਦੇ ਨਾਸ ਹੋਣੇ ਤੇ ਓਹ ਭੀ ਨਾਸ ਅਰਥਾਤ ਅਸ਼ਕਤਿ ਹੋ ਜਾਂਦਾ ਹੈ, ਅਰ ਜੇ ਆਤਮਾ ਗੁਰੂ ਦੇ ਸ਼ਬਦ ਤੇ ਜਨਮਦਾ ਹੈ ਜੈਸੇ ਸ਼ਬਦ ਅਬਿਨਾਸੀ ਜੁ ਹੈ ਆਤਮਾ ਬੀ ਅਬਿਨਾਸ਼ੀ ਅਮਰ ਪਦ ਨੂੰ ਪ੍ਰਾਪਤ ਹੁੰਦਾ ਹੈ, ਜੈਸੇ ਨਿੰਦ੍ਰਾਵਸ ਅਥਵਾ ਰੋਗਾਤੁਰ ਹੋਯਾ ਜੀਵ ਆਤਮਾ ਅਸ਼ਕਤਿ ਅਰ ਜੜ ਹੋ ਜਾਂਦਾ ਹੈ, ਫੇਰ ਸੌਚ ਸ਼ਨਾਨ ਕਰਨੇ ਤੇ ਸੁਧ ਚਿਤੰਨਯਤਾ (ਤਾਜ਼ਗੀ) ਹੋਂਦੀ ਹੈ, ਐਸੇ ਹੀ ਗੁਰ ਉਪਦੇਸ਼ ਰੂਪ ਅਮ੍ਰਿਤ ਜਲ ਵਿਖੇ ਸ਼ਨਾਨ ਕਰਨੇ ਤੇ ਅਵਿਦਿਆ ਅਗਿਆਨ ਰੂਪ ਚੜਦਾ ਹੈ ਜੀਵ ਆਤਮਾ ਜਾਗਦਾ ਅਰ ਚਿਤੰਨਯ ਹੋਕੇ ਆਪਣੇ ਕਾਮ ਕ੍ਰੋਧਾਦਿ ਰੋਗ ਜੋ ਲੋਭ ਤ੍ਰਿਸ਼ਨਾ ਆਦਿ ਮਲੀਨਤਾ ਤੇ ਉਪਜਦੇ ਹਨ ਛੁਟਦਾ ਅਰ ਨਵੀਨ ਜਨਮ ਨੂੰ ਧਾਰਦਾ ਅਰ ਆਪਣੇ ਆਪ ਨੂੰ ਸੰਭਾਲਦਾ ਹੈ, ਜਿਹਾ ਕੁ ਬਚਨ ਹੈ (ਆਤਮਾ ਦੇਓ ਪੂਜੀਐ ਗੁਰਕੈ ਸਹਜਿ ਸੁਭਾਇ॥ ਆਤਮੇ ਨੋ ਆਤਮੇ ਦੀ ਪ੍ਰਤੀਤ ਹੋਇ ਤਾਂ ਘਰ ਹੀ ਪਰਚਾ ਪਾਇ॥ ਆਤਮਾ ਅਡੋਲ ਨ ਡੋਲਈ ਗੁਰ ਕੈ ਭਾਇ ਸੁਭਾਇ॥ ਗੁਰ ਵਿਣੁ ਸਹਜਿ ਨ ਆਵਈ ਲੋਭ ਮੈਲ ਨ ਵਿਚਹੁ ਜਾਇ॥ ਖਿਨ ਪਲ ਹਰਿ ਨਾਮ ਮਨਿ ਵਸੈ ਅਠ ਸਠਿ ਤੀਰਥਿ ਨਾਇ॥ ਸਚੇ ਮੈਲ ਨ ਲਗਈ ਮਲੁ ਲਾਗੈ ਦੂਜੇ ਭਾਇ॥ ਧੋਤੀ ਮੈਲ ਨ ਉਤਰੈ ਜੇ ਅਠਸਠਿ ਤੀਰਥਿ ਨਾਇ॥ ਮਨਮੁਖ ਕਰਮ ਕਰੇ ਅਹੰਕਾਰੀ ਸਭ ਦੁਖੋ ਦੁਖ ਕਮਾਇ॥ ਨਾਨਕ ਮੈਲਾ ਊਜਲ ਤਾਂ ਥੀਐ ਜਾ ਸਤਿਗੁਰ ਮਾਹਿ ਸਮਾਇ॥੧॥) [ਵਾਰ ਸ੍ਰੀ ਰਾਗ ੧੨ ਵੀਂ ਪੌੜੀ ਵਿਚੋਂ]

(੧) ਇਸ ਨਵੀਨ ਜਨਮ ਦੇ ਹੋਣੇ ਲਈ ਸਤਿਗੁਰੂ ਦੀ ਸ਼ਰਨ

ਆਉਣਾ ਅਤਿ ਆਵਸ਼ਯ ਹੈ, ਕਿਉਂਕਿ ਸ੍ਰਿਸ਼ਟਿ ਕਰਤਾ ਨੇ ਸਚੀ ਜੀਵਨ ਪਦਵੀ ਪ੍ਰਦਾਨ ਕਰਨੇ ਦੀ ਸ਼ਕਤੀ ਗੁਰੂ ਸਾਹਿਬ ਜੀ ਦੇ ਹਥ ਦਿਤੀ ਹੈ, ਪ੍ਰਹਿਲੇ ਅਨੇਕ ਰਿਖੀ ਮੁਨੀ ਮਹਾਤਮਾ ਪੀਰ ਪੈਗੰਬਰ ਸਮਯ ਸਮਯ ਪਰ ਆਏ, ਪਰ ਤਿੰਨਾਂ ਨੇ ਅਕਾਲ ਪੁਰਖ ਦੇ ਹੁਕਮ ਭੁਲਾਏ ਅਰ ਮੇਰੀ ਮੇਰੀ ਕਰਕੇ ਆਪਣੀ ਮਮਤਾ ਵਿਚ ਉਲਝਾਏ (ਜੋ ਕੋਈ ਹੋਤ ਭਯੋ ਜਗ ਸਯਾਨਾ ॥ ਤਿਨ ਤਿਨ ਆਪਨੋ ਪੰਥ ਚਲਾਨਾ ॥ ਪੁਨਾ: ਸਭ ਅਪਨੀ ਅਪਨੀ ਉਰਝਾਨਾ ॥ ਪਾਰਬ੍ਰਹਮ ਕਾਹੂ ਨਾ ਪਛਾਨਾ) ਕੋਈ ਤਾਂ ਪਰਮੇਸਰ ਦਾ ਪੁਤਰ ਅਰ ਕੋਈ ਉਸ ਦਾ ਰਸੂਲ ਅਰ ਕੋਈ ਵਿਚੋਲਾ ਬਣ ਬੈਠਾ; ਇਸ ਕਾਰਨ ਮੁਕਤਿ ਦੀ ਕੁੰਜੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੂੰ ਸੌਂਪੀ ਗਈ। ਯਥਾ:- (ਜਿਸ ਕਾ ਗ੍ਰਿਹ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥ ਅਨਿਕ ਉਪਾਵ ਕਰੇ ਨਹੀ ਪਾਵੈ ਬਿਨ ਸਤਿਗੁਰ ਸਰਨਾਈ) ਪੁਨਾ: (ਗੁਰ ਕੁੰਜੀ ਪਾਹੂ ਨਿਵਲ ਮਨ ਕੋਠਾ ਤਨ ਛਤੁ ॥ ਨਾਨਕ (ਗੁਰ ਬਿਨ ਮਨ ਕਾ ਤਾਕੁ ਨ ਉਘੜੇ ਅਵਰ ਨ ਕੁੰਜੀ ਹਥਿ) ਉਨ੍ਹਾਂ ਦੇ ਉਪਰ ਪ੍ਰਤੀਤ ਰਖਣ ਦਾ ਅਰ ਉਨ੍ਹਾਂ ਦੀ ਆਗਜਾ ਅਨੁਸਾਰ ਸੰਸਾਰ ਦਾ ਬਿਵਹਾਰ ਅਰ ਧਰਮ ਦੀ ਕਾਰ ਪੂਰੇ ਕਰਨ ਦਾ ਇਕਰਾਰ ਸਮਗ੍ਰ ਸੰਸਾਰ ਦੇ ਸਨਮੁਖ ਜਿਸ ਸੰਸਕਾਰ ਨਾਲ ਹੁੰਦਾ ਹੈ, ਉਸਦਾ ਅਰੰਭ ਚਰਨ ਪਹੁਲ ਅਰ ਪੂਰਨ ਅਕਾਰ ਖੰਡੇ ਦੀ ਪਹੁਲ ਅਥਵਾ ਅਮ੍ਰਿਤ ਛਕਣਾ ਹੈ। ਇਸ ਅਮ੍ਰਿਤ ਸੰਸਕਾਰ ਨਾਲ ਜੀਵਾਤਮਾ ਦਾ ਦੋਹਾਂ ਲੋਕਾਂ ਵਿਖੇ ਸੁਧਾਰ ਹੁੰਦਾ ਹੈ।

(੨) ਇਸ ਅਮ੍ਰਿਤ ਸੰਸਕਾਰ ਤੋ ਬਿਨਾਂ ਈਸ੍ਵਰ ਇੱਛਾ ਦੇ ਵਿਰੋਧੀ ਧਰਮਾਂ ਦੇ ਕਰਮਾਂ ਦਾ ਪ੍ਰਤਿਆਗ ‡ਅਥਵਾ ਖੰਡੇ ਦੀ ਪਹੁਲ ਅਰ ਉਸਦੇ ਇੱਛਾ ਅਨੁਸਾਰੀ ਸਚੇ ਧਰਮ ਦੇ ਗਰੈਹਣ ਦੀ ਪ੍ਰਤਗਯਾ ਦ੍ਰਿੜ ਨਹੀਂ ਹੁੰਦੀ।

(੩) ਅਮ੍ਰਿਤ ਸੰਸਕਾਰ ਤੋਂ ਬਿਨਾਂ ਉਪਾਸ਼ਨਾ ਭਗਤੀ ਐਸੇ ਹੈ, ਜੈਸੇ ਹਥਲੇਵੇ ਕਰਮ ਤੇ ਬਿਨਾਂ ਇਸਤ੍ਰੀ ਭਰਤਾ ਦਾ ਬਿਵਹਾਰ ਮਹਾਂ ਅਨਰਥ ਕਾਰ ਬਿਭਚਾਰ ਹੁੰਦਾ ਹੈ, ਅਰ ਇਸ ਸੰਸਕਾਰ ਨਾਲ ਪ੍ਰਮਾਤਮਾ ਅਰ ਜੀਵਾਤਮਾ ਦਾ ਸੰਜੋਗ ਪ੍ਰਗਟ ਹੁੰਦਾ ਹੈ।

---

‡ਕਰਤਾਰ ਤੇ ਬੇਮੁਖ ਹੋਕੇ ਹੋਰ ਅਨੇਕ ਦੇਵਤੇ ਮੰਨਣ ਉਸਦੀ ਵਡਯਾਈ ਹੋਰਨਾਂ ਨੂੰ ਦੇਣੀ ਜੋ ਜੰਮੇ ਅਰ ਮਰ ਗਏ ਜੂਠ ਝੂਠ ਹਿੰਸਾ ਬਿਭਚਾਰ ਕਪਟ ਬਿਸਵਾਸਘਾਤ ਤੇ ਕ੍ਰਿਤਘਨਤਾ ਆਦਿ ਜਿਨਕੇ ਕਰਮ ਹੈਂ, ਨਾਸਤਕ ਹੋਣਾ।

(੪) ਪ੍ਰਮੇਸ਼ੁਰ ਦੇ ਪ੍ਰੇਮ ਰੂਪ ਰੰਗ ਚੜ੍ਹਨੇ ਤੇ ਪਹਿਲੇ ਇਹ ਸੰਸਕਾਰ ਪਾਰ ਲਾਉਣ ਦੇ ਸਮਾਨ ਹੈ।

(੫) ਇਸ ਸੰਸਕਾਰ ਤੇ ਸਨਾਤਨ ਖਾਲਸਾ ਧਰਮ ਪ੍ਰਾਪਤਿ ਹੁੰਦਾ ਹੈ, ਜਿਸ ਦੀ ਵਡਿਆਈ ਖਾਲਸਾ ਨਾਮ ਤੇ ਹੀ ਪ੍ਰਗਟ ਹੁੰਦੀ ਹੈ। ਖਾਲਸਾ ਪਦ ਦਾ ਅਰਬੀ ਲੁਗਤ (ਕੋਸ਼) ਮੇਂ ਨਿਰੋਲ ਹੈ, ਜਿਸ ਮੇਂ ਕਿਸੀ ਤਰਾਂ ਦੀ ਕੋਈ ਮਿਲਾਵਟ ਨਾ ਹੋਵੇ, ਅਥਵਾ ਉਹ ਧਰਤੀ ਜੋ ਕੇਵਲ ਪਾਤਸ਼ਾਹ ਦੀ ਆਪਣੀ ਹੋਵੇ, ਜੋ ਕਿਸੇ ਦੀ ਜਾਗੀਰ ਨਾ ਹੋਵੇ, ਇਹ ਦੋਵੇਂ ਖਾਲਸਾ ਜੀ ਵਿਖੇ ਸਾਰਥਿਕ ਹੁੰਦੇ ਹਨ। ਪਹਿਲੇ ਇਸ ਧਰਮ ਵਿਚ ਕੋਈ ਮਿਲਾਵਟ ਨਹੀਂ, ਇਸਦੀ ਨੀਉਂ ੧ ਏਕੇ ਉੱਪਰ ਹੈ, ਇਸ ਦਾ ਆਰੰਭ ੧ ਇਕ ਤੇ ਹੈ। ਨਾਂ ਇਸ ਧਰਮ ਵਿਚ ਕਰਤਾਰ ਤੋਂ ਬਿਨਾਂ ਕਿਸੇ ਦੇਵੀ ਦੇਵਤਾ ਦੀ ਪੂਜਾ ਹੈ, ਨਾ ਇਸ ਵਿਚ ਚਾਰਯਾਰੀ ਦੀ ਖਵਾਰੀ ਹੈ, ਨਾ ਤਸਲੀਸ ਦੀ ਚੀਸ, ਕੇਵਲ ਇਕੋ ਜਗਦੀਸ ਹੈ, ਇਸੇ ਕਰਕੇ ਗੁਰੂ ਸਾਹਿਬ ਨੇ ਇਸ ਦਾ ਨਾਮ ਵਾਹਿਗੁਰੂ ਜੀ ਕਾ ਖਾਲਸਾ ਧਰਿਆ ਹੈ। ਹਰੇਕ ਥਾਂ ਜਿਥੇ ਅਰਦਾਸ ਹੋਵੇ ਤਾਂ ਕਹਿੰਦੇ ਹਨ (ਸਤਿ ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ ਜੀ ਸਾਹਿਬ ਬੋਲੋ ਜੀ ਵਾਹਿਗੁਰੂ ਅਰ ਹਰ ਕੋਈ ਸਿਖ ਜਦ ਆਪਸ ਵਿਚ ਮਿਲਣ, ਤਾਂ ਉਨ੍ਹਾਂ ਦਾ ਬੋਲਾ ਭੀ ਇਹੋ ਹੁੰਦਾ ਹੈ (ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹ) ਅਰ ਅੰਮ੍ਰਿਤ ਛਕਾਉਣ ਸਮੇਂ ਤਾਂ ਉੱਚੀ ਗੱਜ ਕੇ ਬੋਲਦੇ ਅਰ ਬੁਲਾਉਂਦੇ ਹਨ, ਜੋ ਪਿਛੋਂ ਏਹ ਨਾ ਆਖੇ ਕਿ ਮੈਂ ਸੁਣਿਆ ਨਹੀਂ, ਅਰ ਏਹ ਭੀ ਨਿਸਚੇ ਕਰਾਉਂਦੇ ਹਨ, ਜੋ ਤੂੰ ਹੁਣ ਕੇਵਲ ਵਾਹਿਗੁਰੂ ਦਾ ਹੋ ਗਿਆ, ਹੋਰ ਕਿਸੇ ਦੀ ਕਾਣ ਕਨੌਡ ਨਾ ਰਖੀਂ, ਸਰਬ ਮਨੋਰਥ ਉਸੇ ਦੇ ਘਰੋਂ ਪੂਰਨ ਹੋਣਗੇ। ਦੂਜੇ ਅਰਥ ਦਾ ਪਰਯੋਜਨ ਇਹ ਹੈ, ਜੋ ਪੰਥ ਦਾ ਵਾਲੀ ਮਾਲਕ ਸ੍ਵਾਮੀ ਇਕ ਅਕਾਲ ਪੁਰਖ ਹੈ, ਇਹ ਪੰਥ ਉਸ ਦਾ ਨਿਜ ਦਾ ਤੇ ਅਰਥਾਤ ਆਪਣਾ ਧਰਮ ਹੈ, ਕਿਉਂਕਿ ਹਰੇਕ ਮਤ ਦੇ ਚਿਨ੍ਹ ਮਨੁਖ ਕ੍ਰਿਤ ਹਨ, ਬੋਦੀ ਟਿੱਕਾ ਜੰਞੂ ਛਾਪਾ ਕੰਠੀ ਮਾਲ ਭਗਵੇ ਬਸਤਰ ਆਦਿ ਅਰ ਸੁੰਨਤ ਸਲੀਬ ਤਸਬੀ ਮੁੰਡਤ ਹੋਣਾ ਆਦਿ, ਪਰੰਤੂ ਖਾਲਸੇ ਦਾ ਚਿੰਨ੍ਹ ਕੁਦਰਤੀ ਈਸ਼੍ਵਰ ਕ੍ਰਿਤ ਹਨ। ਹੋਰਨਾਂ ਮਤਾਂ ਦੇ ਚਿੰਨ੍ਹ ਜੇ ਸੰਭਾਲਕੇ ਨਾ ਰਖੀਏ, ਤਾਂ ਨਸ਼ਟ ਹੋ ਜਾਂਦੇ ਹਨ। ਇਸੇ ਕਾਰਨ ਨਾਈ ਦੀ ਹਰ ਵੇਲੇ ਲੋੜ ਹੈ ਚੰਦਨ ਕੇਸਰ ਮਾਲਾ ਆਦਿਕ ਦੀ ਲੋੜ, ਪਰ ਗੁਰੂ ਕੇ ਸਿਖਾਂ ਦਾ ਕੁਦਰਤੀ ਚਿੰਨ੍ਹ ਹੈ, ਜੋ ਹਰ ਮਤ ਵਾਲਿਆਂ ਦੇ ਸਿਰ ਪਰ ਭੀ ਜੇ ਉਹ ਅਚੇਤ ਹੋਣ ਤਾਂ ਪਹੁੰਚਦਾ ਹੈ। ਹੋਰ ਸਭਨਾਂ ਧਰਮਾਂ ਦੇ ਸੰਸਕਾਰ ਸੰਸਾਰ ਵਿਚ ਬਣਾਏ ਜਾਂਦੇ ਹਨ, ਪਰੰਤੂ ਖਾਲਸਾ ਧਰਮ ਦਾ ਚਿੰਨ੍ਹ ਨਾਲ ਲੈਕੇ

ਜੀਵ ਜਨਮਦਾ ਹੈ।

ਇਸ ਵਿਚ ਗ੍ਰਹਸਥੀ ਅਰ ਅਤੀਤ ਦੋਨੋਂ ਰਹਿ ਸਕਦੇ ਹਨ, ਭੋਗ ਮੋਖ ਰਾਜ ਯੋਗ ਦੋਨੋਂ ਮਾਣ ਸਕਦੇ ਹਨ ਪਰ ਖੰਡੇ ਦਾ ਅੰਮ੍ਰਿਤ ਖੰਡੇ ਦੀ ਧਾਰ ਤੋਂ ਬਣਦਾ ਹੈ, ਇਸ ਦਾ ਧਾਰਨਾ ਖੰਡੇ ਦੀ ਧਾਰਦਾ ਸਹਾਰਨਾ ਹੈ ਕਿਉਂਕਿ ਆਪਣੀ ਬੁਧੀਬਲ ਚਤਰਾਈ ਤਜ ਕੇ ਕਰਤਾਰ ਦੀ ਇੱਛਾ ਵਿਚ ਪਰਸੰਨ ਰਹਿਣ ਭਾਣਾ ਮੰਨਣਾ ਅਰ ਇਹ ਰਹਿਤਾਂ ਧਾਰਨੀਆਂ ਜੋ ਭਾਈ ਗੁਰਦਾਸ ਜੀ ਲਿਖਦੇ ਹਨ ਵਾਰ ੬ ਪਉੜੀ ੩ ॥

> ਅਮ੍ਰਿਤ ਵੇਲੇ ਉਠਕੇ ਜਾਇ ਅੰਦਰ ਦਰੀਆਇ ਨਵੰਦੇ ਸਹਿਜ ਸਮਾਧ ਅਗਾਧ ਵਿਚ ਇਕ ਮਨ ਹੁਇ ਗੁਰ ਜਾਪ ਜਪੰਦੇ। ਮਥੇ ਟਿਕੇ ਲਾਲ ਲਾਇ ਸਾਧ ਸੰਗਤ ਚਲ ਜਾਇ ਬਹੰਦੇ। ਸਬਦ ਸੁਰਤਿ ਲਿਵ ਲੀਨ ਹੋਇ ਸਤਿਗੁਰ ਬਾਨੀ ਗਾਇ ਸੁਣੰਦੇ। ਭਾਇ ਭਗਤ ਭੈ ਵਰਤਮਾਨ ਗੁਰ ਸੇਵਾ ਗੁਰਪੁਰਬ ਕਰੰਦੇ। ਸੰਝੈ ਸੋਦਰ ਗਾਵਣਾ ਮਨ ਮੇਲੀ ਕਰ ਮੇਲ ਮਿਲੰਦੇ। ਰਾਤੀ ਕੀਰਤਿ ਸੋਹਲਾ ਕਰ ਆਰਤੀ ਪ੍ਰਸਾਦਿ ਵੰਡੰਦੇ। ਗੁਰਮੁਖ ਸੁਖ ਫਲ ਪਿਰਮ ਚਖੰਦੇ ॥ ਪੁਨਾ: ਹਰਿ ਸਚੇ ਤਖਤ ਰਚਾਇਆ ਸਤਸੰਗਤ ਮੇਲਾ। ਨਾਨਕ ਨਿਰਭਉ ਨਿਰੰਕਾਰ ਵਿਚ ਸਿਧਾਂ ਖੇਲਾ। ਗੁਰ ਸਿਮਰ ਮਨਾਈ ਕਾਲਕਾ ਖੰਡੇ ਕੀ ਵੇਲਾ। ਪੀਓ ਪਾਹੁਲ ਖੰਡੇ ਧਾਰ ਹੋਇ ਜਨਮ ਸੁਹੇਲਾ। ਗੁਰ ਸੰਗਤ ਕੀਨੀ ਖਾਲਸਾ ਮਨਮੁਖੀ ਦੁਹੇਲਾ। ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ। ਵਾਰ ੪੧। ਪੌੜੀ ੧ ॥ ਓਹ ਗੁਰ ਗੋਬਿੰਦ ਹੋਇ ਪ੍ਰਗਟਿਆ ਦਸਵੇਂ ਅਵਤਾਰਾ। ਜਿਨ ਅਲਖ ਅਪਾਰ ਨਿਰੰਜਨਾ ਜਪਿਓ ਕਰਤਾਰ। ਨਿਜ ਪੰਥ ਚਲਾਯੋ ਖਾਲਸਾ ਧਰ ਤੇਜ ਕਰਾਰਾ। ਸਿਰ ਕੇਸ ਧਾਰ ਗਹਿ ਖੜਗ ਕੋ ਸਭ ਦੁਸ਼ਟ ਪਛਾਰਾ। ਸੀਲ ਜਤ ਕੀ ਕਛ ਪਹਿਰ ਪਕੜੇ ਹਥਿਆਰਾ ਸਚ ਫਤੇ ਬੁਲਾਈ ਗੁਰੂ ਕੀ ਜੀਤਿਓ ਰਣ ਭਾਰਾ। ਸਭ ਦੈਤ ਅਰਨਿ ਕੋ ਘੇਰ ਕਰ ਕੀਓ ਪਰਿਹਾਰਾ। ਤਬ ਸਹਜੇ ਪ੍ਰਗਟਿਓ ਜਗਤ ਮੈ ਗੁਰ ਜਾਪ ਅਪਾਰਾ। ਇਉਂ ਉਪਜੇ ਸਿੰਘ ਭੁਝੰਗੀਏ

ਨੀਲ ਅੰਬਰ ਧਾਰਾ। ਤੁਰਕ ਦੁਸ਼ਟ ਸਭ ਛੈ ਕੀਏ
ਹਰਿ ਨਾਮ ਉਚਾਰਾ। ਤਿਨ ਆਗੈ ਕੋਇ ਨ ਠਹਿਰਿਓ
ਭਾਗੇ ਸਿਰਦਾਰਾ। ਤਹ ਰਾਜੇ ਸਾਹਿ ਅਮੀਰੜੇ ਹੋਏ
ਸਭ ਛਾਰਾ। ਫਿਰ ਸੁਨ ਕਰ ਅਸੀ ਧਮਕ ਕਉ ਕਾਂਪੇ
ਗਿਰ ਭਾਰਾ। ਤਬ ਸਭ ਧਰਤੀ ਹਲ ਚਲ ਭਈ ਛਾਡੇ
ਘਰ ਬਾਰਾ। ਇਉਂ ਐਸੇ ਦੁੰਦ ਕਲੇਸ਼ ਮੈ ਖਪਿਓ
ਸੰਸਾਰਾ। ਤਹਿ ਬਿਨ ਸਤਿਗੁਰ ਕੋਈ ਹੈ ਨਹੀ ਭੈ
ਕਾਟਣਹਾਰਾ। ਗਹਿ ਐਸੇ ਖੜਗ ਦਿਖਾਈਐ ਕੋ ਸਕੈ ਨ
ਝੇਲਾ। ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ
॥੧੫॥ ਵਾਰ ੪੧॥

ਜਿਨਾਂ ਨੇ ਇਹ ਅੰਮ੍ਰਿਤ ਛਕਿਆ ਉਨਹਾਂ ਨੇ ਆਪਣਾ ਤਨ ਧਨ ਸਰਬੰਸ ਸਤਿਗੁਰੂ ਦੀ ਭੇਟਾ ਕੀਤਾ, ਇਸ ਕਾਰਣ ਅਨੇਕਾਂ ਨੇ ਆਪਣੇ ਸਿਰ ਕਟਾਏ ਪਰ ਕੇਸ ਨਹੀਂ ਉਤਰਾਏ। ਅਨੇਕਾਂ ਨੇ ਦੇਸ ਦੇ ਸ਼ਾਂਤਿ ਉਪਦਰਵੀਆਂ ਦੇ ਨਸ਼ਟ ਕਰਨ ਨੂੰ ਸੀਸ ਦੇਕੇ ਖੂਨ ਬਹਾਏ ਅਰ ਸ਼ਹੀਦੀ ਪਾਈ। ਅਨੇਕਾਂ ਹੀ ਦੁਸ਼ਟ ਜ਼ਾਲਮਾਂ ਦੇ ਹਥੋਂ ਚਰਖੀਆਂ ਪਰ ਚੜ੍ਹਾਏ ਗਏ। ਅਨੇਕਾਂ ਦੀਆਂ ਖਲਾਂ ਲੁਹਾਈਆਂ ਗਈਆਂ ਪਰ ਉਨਾਂ ਧਰਮ ਨਹੀਂ ਤਜਿਆ, ਅਨੇਕਾਂ ਦੇ ਸਿਰਾਂ ਦਾ ਚਮੜਾ ਰੰਬੀਆਂ ਦੇ ਨਾਲ ਨਿਰਦਈਆਂ ਨੇ ਉਧੜਵਾਯਾ ਬੰਦ ਬੰਦ ਜੁਦਾ ਕੀਤੇ ਗਏ, ਅਰ ਅਨੇਕਾਂ ਦੇ ਪੁਤ੍ਰਾਦਿ ਸਬੰਧੀ ਕਤਲ ਕੀਤੇ ਗਏ, ਸਰਬੰਧ ਲੁਟਿਆ ਗਿਆ ਪਰ ਤਿਨ੍ਹਾਂ ਨੇ ਸੀ ਨਹੀਂ ਕੀਤੀ, ਕਿਉਂ ਕਰਦੇ, ਖੰਡੇ ਦਾ ਅੰਮ੍ਰਿਤ ਛਕਕੇ ਤਿਨਾਂ ਦੇ ਮਨਾਂ ਉਤੇ ਇਹ ਬਚਨ ਚਿਤਰੇ ਗਏ ਸੇ–

(ਗੁਰੂ ਤੇਗ ਬਹਾਦਰ ਬੋਲਿਆ ਧਰ ਪਈਏ ਧਰਮ ਨ ਛੋੜੀਏ)

ਪੁਨਾ: ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈਂ ਜੁਧ ਬੀਚਾਰੈ॥ ਦੇਹ ਅਨਿਤ ਨ ਨਿੱਤ ਰਹੈ ਜਸ ਨਾਵ ਚੜੈ ਭਵ ਸਾਗਰ ਤਾਰੈ॥ ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜਿਉ ਉਜੀਆਰੈ॥ ਗਿਆਨਹਿ ਕੀ ਬਢਨੀ ਮਨੋ ਹਾਥ ਲੈ ਕਾਤਰਤਾ ਕੁਤਵਾਰ ਬਹਾਰੈ॥੧॥

ਕਿਉਂਕਿ ਦੇਹ ਜਨਮੀ ਦੇਹ ਮਰ ਗਈ, ਸਰੀਰ ਤੇ ਜਨਮੇ ਮਰ ਗਏ, ਜੇਹੜੇ ਅੰਮ੍ਰਿਤ ਛਕਕੇ ਆਤਮਾ ਤੇ ਜਨਮੇ ਓਹ ਨਹੀਂ ਮਰਨਗੇ, ਓਹ ਇਸ ਸਚੇ ਧਰਮ ਤੋਂ ਕੁਰਬਾਨ ਹੋਂਦੇ ਹਨ॥ ਇਤੀ ॥

*

ਵਖਯਾਨ ੩੩

ਦੋਹਰਾ–ਤੀਖਨ ਧਾਰ ਜੁ ਸਾਰ ਦੀ ਤੁਰਨਾ ਤਿਹ ਪਰ ਜੈਸ॥
ਤਿਉਂ ਗੁਰ ਸਿਖ ਸਦਾਉਣਾ ਦੁਰਗਮ ਅਹੈ ਹਮੇਸ਼।੧।

ਸਜਣ ਪੁਰਸ਼ੋ, ਜੈਸੇ ਪਤਿਬਰਤਾ ਧਰਮ ਇਸਤਰੀ ਨੂੰ ਅਤਿ ਸੁਖਦਾਈ ਅਰ ਲੋਕ ਪਰਲੋਕ ਵਿਚ ਸਹਾਈ ਹੁੰਦਾ ਹੈ ਪਰ ਨਿਬਾਹੁਣਾ ਅਤਿ ਕਠਨ ਹੈ। ਐਸੇ ਹੀ ਸਿਖੀ ਧਰਮ ਅਰ ਹਰਿ ਭਗਤੀ ਹੈ, ਸ੍ਰੀ ਮੁਖਵਾਕ (ਜੇ ਤਉ ਪ੍ਰੇਮ ਖੇਲਨ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥) ਸਿਰ ਦੇਣ ਦਾ ਪ੍ਰਯੋਜਨ ਹੈ ਸਰਬੰਸ ਜਾਵੇ ਤਾਂ ਜਾਵੇ ਪਰ ਪ੍ਰੇਮ ਨਾ ਜਾਵੇ ਜੈਸੇ ਲਿਖਾ ਹੈ (ਮੇਰੀ ਪ੍ਰੀਤ ਗੋਬਿੰਦ ਸਿਉ ਜਿਨ ਘਟੈ॥ ਮੈ ਤਉ ਮੋਲ ਮਹਿੰਗੇ ਲਈ ਜੀਅਸਟੈ) ਪੁਨਾ: (ਤੇਰੀ ਭਗਤਿ ਨ ਛਾਡਉ ਕਿਆ ਭਾਵੈ ਲੋਗੁ ਸਾਚੁ ਨਾਮੁ ਮੇਰੇ ਹਿਰਦੇ ਬਸੇ॥ ਭਾਈ ਗੁਰਦਾਸ ਜੀ ਲਿਖਦੇ ਹਨ:–

ਵਾਲਹੁ ਨਿਕੀ ਆਖੀਐ ਖੰਡੇ ਧਾਰਹੁ ਸੁਣੀਐ ਤਿੱਖੀ। ਆਖਣ ਆਖਿ ਨ ਸਕੀਐ ਲੇਖ ਅਲੇਖ ਨ ਜਾਈ ਲਿੱਖੀ। ਗੁਰਮੁਖ ਪੰਥ ਵਖਾਣੀਐ ਅਪੜ ਨ ਸਕੇ ਇਕਤ ਵਿੱਖੀ। ਸਿਲਾ ਅਲੂਣੀ ਚੱਟਣੀ ਤੁਲ ਨ ਲਖਯ ਅਮਿਅ ਰਸ ਇੱਖੀ। ਗੁਰਮੁਖ ਸੁਖ ਫਲ ਪਾਇਆ ਭਾਇ ਭਗਤ ਵਿਰਲੀ ਜੁ ਬਰਿੱਖੀ। ਸਤਿਗੁਰ ਤੁਠੇ ਪਾਈਐ ਸਾਧ ਸੰਗਤ ਗੁਰਮਤਿ ਗੁਰ ਸਿੱਖੀ। ਚਾਰ ਪਦਾਰਥ ਭਿਖਕ ਭਿੱਖੀ॥ ੧॥

[ਵਾਰ ੨੯

ਅਨੰਦ ਸਾਹਿਬ ਵਿਚ ਗੁਰੂ ਸਾਹਿਬ ਜੀ ਲਿਖਦੇ ਹਨ–(ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ) ਖੰਡੇ ਦੀ ਧਾਰ ਗਲੇ ਉਤੇ ਸਹਾਰਨੀ, ਅਰ ਵਾਲ ਨਾਲੋਂ ਮਹੀਨ ਸੜਕ ਉਤੇ ਤੁਰਨਾਂ ਭਾਂ ਸੁਖਾਲਾ ਹੈ ਪਰ ਸਿਖੀ ਕਮਾਉਣੀ ਇਸ ਨਾਲੋਂ ਬਹੁਤ ਹੀ ਔਖੀ ਹੈ। ਸਭ ਤੋਂ ਵਡੀ ਔਖਿਆਈ ਇਹ ਹੈ ਜੋ ਆਪਣਾ ਆਪ ਨਹੀਂ ਜਨਾਉਣਾ ਜੋ ਕਰਤਾਰ ਨੂੰ ਭਾਵੇ ਸੋ ਕਰੇ ਉਸਨੂੰ ਮਿਠਾ ਕਰਕੇ ਮੰਨਣਾ ਆਪਣੀ ਹਿਕਮਤ ਹੁਜਤ ਰੰਚਕ ਨਹੀਂ ਕਰਨੀ ਸਰੀਰ ਕਰਕੇ ਜੀਉਂਦੇ ਪਰ ਮਨ ਕਰਕੇ ਗੁਰਮੁਖ ਮ੍ਰਿਤਕ ਹੋ ਰਹਿੰਦੇ ਹਨ, ਜਿਹਾ ਕੁ ਭਾਈ ਲਿਖਦੇ ਹਨ ਕਿ (ਮੁਰਦਾ ਹੋਇ ਮੁਰੀਦ ਗੋਰ

ਗੁਰ ਮਾਹਿ ਸਮਾਵੈ।) ਗੁਰੂ ਸਾਂਤ ਅਫੁਰ ਪਦ ਨਿਰਵਾਸ ਦ੍ਰਿੜ ਅਚਲ ਸੁਨ ਸਮਾਧ ਸੁਖ ਰੂਪ ਹਨ ਉਨਾਂ ਵਿਚ ਸਿਖ ਮੁਰਦੇ ਸਮਾਨ ਫਿਰ ਸੰਕਲਪ ਮਾਨਸਿਕ ਚੇਸ਼ਟਾ ਤੇ ਰਹਿਤ ਹੋ ਜਾਵੇ ਤਾਂ ਨਿਵਾਸ ਪਾਵੇ ਸਤਿਗੁਰੂ ਦੇ ਹੁਕਮਨੁਸਾਰ ਪਿਛਲੀ ਰਾਤ ਜਾਗੇ, ਨਿਤਯ ਸ਼ਨਾਨ ਕਰੇ, ਸ਼ਨਾਨ ਕਰਕੇ ਇਕਾਂਤ ਬੈਠ ਜਪੁ ਜਾਪ ਨਿਤਨੇਮ ਦਾ ਪੂਨਾ ਪਾਠ ਕਰੇ ਅਰ ਜਿਸ ਤਰਾਂ ਹੋਰ ਸੋਚ ਸ਼ਨਾਨ ਖਾਨ ਪਾਨ ਪਹਿਰਾਨ ਆਦਿ ਕਰਮ ਆਵਸ਼ਯ ਹਨ, ਐਸੇ ਹੀ ਸਤਿਸੰਗਤ ਵਿਚ ਭੀ ਨਿਤ ਦਰਸ਼ਨ ਨੂੰ ਜਾਵੇ, ਧਰਮ ਦੀ ਕ੍ਰਿਤ ਕਮਾਵੇ ਅਰ ਗੁਰਬਾਣੀ ਨਿਤ ਗਾਵੇ, ਸੁਣੇ ਸੁਣਾਵੇ, ਨਿਤਯ ਅਮ੍ਰਿਤਸਰ ਜੀ ਦੇ ਸ਼ਨਾਨ ਕਰਨ ਦੀ ਆਗਯਾ ਹੈ ਜੋ ਦੂਰ ਹੋਣੇ ਦੇ ਕਾਰਨ ਨਹੀਂ ਕਰ ਸਕਦੇ, ਓਹ ਸੰਤ ਸੰਗਤ ਨਿਤਯ ਕਰਨ (ਸੰਤ ਸਰੋਵਰਿ ਨਾਵੈ॥ ਜੋ ਜਨ ਪਰਮ ਗਤਿ ਪਾਵੈ) ਸਤ ਸੰਗਤਿ ਵਿਚ ਮਨ ਨੂੰ ਸ਼ਨਾਨ ਹੋਂਦਾ ਹੈ ਅਰ ਮਨ ਦੀ ਦੁਰਮਤ ਮੈਲ ਲਹਿੰਦੀ ਹੈ। (ਸਾਧ ਸੰਗਿ ਮਲ ਲਾਥੀ॥ ਪਾਰਬ੍ਰਹਮ ਭਇਓ ਸਾਥੀ) ਸੁਧ ਪਵਿਤਰ ਮਨ ਵਿਚ ਪਰਮਾ ਭਗਤਿ ਉਪਜਦੀ ਹੈ, ਗੁਰਪੁਰਬ ਮਨਾਵੇ ਗੁਰਦਵਾਰੇ ਵਾ ਧਰਮਸਾਲਾ ਵਿਚ ਗੁਰੂ ਕੇ ਦਰਸ਼ਨ ਨੂੰ ਜਾਵੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਚਾ ਗੁਰੂ ਹੈ, ਇਸਦੇ ਸ਼ਬਦਾਂ ਵਿਚ ਸੁਰਤਿ ਮਿਲਾਵੇ, ਨਿੰਮ੍ਰਤਾ ਪੂਰਬਕ ਨਮਸਕਾਰ ਬੰਦਨਾ ਕਰਕੇ ਸਭਾ ਵਿਚ ਬੈਠ ਜਾਵੇ, ਮਿਠੇ ਬਚਨਾਂ ਨਾਲ ਸਭ ਨੂੰ ਰਿਝਾਵੇ, ਪੁਤਰ ਮਿਤਰ ਗੁਰ ਭਾਈ ਸਭ ਨਾਲ ਹਿਤ ਰਖੇ ਗੁਰੂ ਸੇਵਾ ਸੰਤ ਸੇਵਾ ਪ੍ਰਿਯ ਜਾਣੇ ਐਸੇ ਸਿਖ ਆਪ ਤਰਦੇ ਅਰ ਹੋਰਨਾਂ ਦੇ ਤਾਰਨਹਾਰ ਹੋ ਜਾਂਦੇ ਹਨ।

(ਵਾਰ ਗੁਰਦਾਸ ਜੀ ੧੨ ਪੌੜੀ ੨-੧)

ਉਪਰੰਤ ਸਤਿਗੁਰ ਦਾ ਸਿਖ ਹੁੰਦੇ ਤਾਣ ਨਿਤਾਣਾ, ਅਰ ਹੋਂਦੇ ਮਾਣ ਨਿਮਾਣਾ, ਅਰ ਚਤੁਰਾਈ ਸਿਆਣਪਾਂ ਛਡਕੇ ਭੋਲੇ ਭਾਵ ਸੂਧਾ ਸੁਭਾਵ ਹੋ ਰਹੇ ਅਰ ਸੰਸਾਰ ਨੂੰ ਤਿਆਗਕੇ ਤੁਰਨੇ ਦਾ ਦਿਨ ਚੇਤੇ ਕਰਕੇ ਆਪ ਨੂੰ ਰੈਣ ਪੁਰਾਹੁਣਾ ਸਮਝੇ। ਧੰਨ ਹੈ ਉਹ ਸਿਖ ਜਿਸਨੇ ਪਰਇਸਤ੍ਰੀ ਪਰ ਧਨ ਦਾ ਤਿਆਗ ਕੀਤਾ ਹੈ, ਧੰਨ ਹਨ ਓਹ ਜਿਨਾਂ ਦੇ ਮਨ ਗਰੀਬ ਹਨ, ਧੰਨ ਹਨ ਓਹ ਜਿਨਾਂ ਨੇ ਪਰ ਨਿੰਦਾ ਅਰ ਪਰਾਈ ਤਾਤ ਅਰ ਚੁਗਲੀ ਥੋਂ ਆਪਣੇ ਆਪ ਨੂੰ ਬਚਾਇਆ ਹੈ, ਨਿੰਦਰਾ ਨੂੰ ਘਟਾਯਾ ਅਰ ਸਿਮਰਨ ਭਜਨ ਸਤਸੰਗ ਨੂੰ ਵਧਾਇਆ ਹੈ ਜਿਨਾਂ ਨੇ ਦੁਬਿਧਾ ਦਵੈਤ ਅਰ ਰਾਗ ਦਵੇਸ਼ ਨੂੰ ਆਪਣੇ ਮਨ ਤੇ ਮਿਟਾਇਆ ਔਗੁਣ ਦੇ ਬਦਲੇ ਗੁਣ ਕਰਕੇ ਦਿਖਾਇਆ ਇਨਹਾਂ ਨੇ ਲੋਕਾਂ ਦੇ ਭਾਣੇ ਆਪਣਾ ਸਰਬੰਸ ਠਗਾਯਾ ਪਰ

ਅਸਲ ਵਿਚ ਇਨਾਂ ਨੇ ਸਚਾ ਸਰਬੰਸ ਸਚਾ ਤੋਸ਼ਾ ਬਣਾਇਆ ਹੈ, ਫਿਕਾ ਬੋਲ ਕਿਸੇ ਦਾ ਮਨ ਨਹੀਂ ਦੁਖਾਯਾ ਪਰਉਪਕਾਰ ਕੀਤਾ ਅਰ ਦੇਖਕੇ ਦੂਜੇ ਦੇ ਔਗੁਣਾਂ ਅਤੇ ਪਾਪਾਂ ਤੇ ਪੜਦਾ ਪਾਯਾ ਹੈ ਮਾਯਾ ਵਿਚ ਉਦਾਸ ਗ੍ਰਹਸਤ ਵਿਚ ਨਿਰਾਸ ਬਿਵਹਾਰਾਂ ਵਿਚ ਨਿਰਵਾਸ਼ ਗੁਰਬਚਨਾਂ ਪਰ ਬਿਸਵਾਸ ਰਖਕੇ ਹੋਰਨਾਂ ਨੂੰ ਗੁਰ ਉਪਦੇਸ਼ ਦ੍ਰਿੜਾਯਾ ਹੈ ਐਸੇ ਸਿਖ ਸਚਖੰਡ ਅਕਾਲ ਪੁਰਖ ਦੇ ਦਰਬਾਰ ਵਿਚ ਪਰਵਾਨ ਹੋਏ ਹਨ। ਧੰਨ ਹਨ ਓਹ ਜਿਨਾਂ ਦਸਾਂ ਨਵ੍ਹਾਂ ਦੀ ਕਮਾਈ ਕਰਕੇ ਦਸਵੰਧ ਸਤਿਗੁਰੂ ਦੇ ਲੰਗਰ ਵਿਚ ਦਿਤਾ ਅਰ ਗਰੀਬਾਂ ਨਾਲ ਵੰਡ ਛਕਿਆ ਹੈ ਜਿਨਾਂ ਦੁਖੀਆਂ ਦਲਿਦ੍ਰੀਆਂ ਦੀ ਸਹੈਤਾ ਕੀਤੀ ਹੈ ਜਿਨਾਂ ਅਨਾਥ ਬਾਲਕਾਂ ਅਰ ਵਿਧਵਾ ਇਸਤ੍ਰੀਆਂ ਅਰ ਟੁਟੇ ਹੋਏ ਮਨ ਨਿਰਾਸਿਆਂ ਦੀ ਪਾਲਨਾ ਕੀਤੀ ਅਰ ਪਰਦੇਸੀਆਂ ਰਾਹੀਆਂ ਨੂੰ ਬਿਸਰਾਮ ਦਿਤਾ ਹੈ, ਜਾਂ ਉਨਾਂ ਦੇ ਆਰਾਮ ਲਈ ਕੋਈ ਬੂਟਾ ਬਿਰਛ ਖੂਹਾ ਤਾਲਾਉ ਲਵਾਇਆ, ਜਾਂ ਧਰਮਸਾਲਾ ਆਦਿ ਧਰਮ ਸਥਾਨ ਬਣਵਾਯਾ ਜਿਨਾਂ ਹਰੇਕ ਸਮਯ ਹਰੇਕ ਕੰਮ ਵਿਚ ਅੰਤਰਜਾਮੀ ਸਰਬੱਗ ਵਾਹਿਗੁਰੂ ਦਾ ਭੈ ਰਖਿਆ ਹੈ, ਤਿਨਾਂ ਨੇ ਆਪਣੇ ਆਪ ਨੂੰ ਸਚਖੰਡ ਦਰਬਾਰ ਵਿਚ ਮਾਨ ਪਾਉਣ ਦਾ ਅਧਿਕਾਰੀ ਬਣਾਯਾ ਹੈ। (ਭਾਈ ਗੁਰਦਾਸ ਜੀ)

ਅਜੇਹੇ ਸਿਖ ਜੀਵਨ ਮੁਕਤਿ ਹਨ ਅਤੇ ਕੋਟਾ ਮਧੇ ਵਿਰਲੇ ਹਨ, ਯਥਾ (ਹੈਨ ਵਿਰਲੇ ਨਾਹੀ ਘਣੇ ਫੈਲ ਫਕੜ ਸੰਸਾਰਿ) ਅਰ ਭਾਈ ਗੁਰਦਾਸ ਜੀ ਲਿਖਦੇ ਹਨ:-

> ਗੁਰਮੁਖਿ ਹੱਥ ਸਕੱਥ ਹਨਿ ਸਾਧਸੰਗਤਿ ਗੁਰ ਕਾਰ ਕਮਾਵੈ ॥
> ਪਾਣੀ ਪੱਖਾ ਪੀਹਣਾ ਪੈਰ ਧੋਇ ਚਰਨਾ ਮਿਤੁ ਪਾਵੈ ॥
> ਗੁਰਬਾਣੀ ਲਿਖਿ ਪੋਥੀਆਂ ਤਾਲ ਮ੍ਰਿਦੰਗ ਰਬਾਬ ਵਜਾਵੈ ॥
> ਨਮਸਕਾਰ ਡੰਡੌਤ ਕਰਿ ਗੁਰ ਭਾਈ ਗਲਿ ਮਿਲਿ ਗਲਿ ਲਾਵੈ ॥ ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇਕੈ ਭਲਾ ਮਨਾਵੈ॥ ਪਾਰਸ ਪਰਸ ਅਪਰਸਿ ਹੋਇ ਪਰ ਤਨ ਪਰ ਧਨ ਹਥੁ ਨਾ ਲਾਵੈ॥ ਗੁਰ ਸਿਖ ਗੁਰ ਸਿਖ ਪੂਜਕੇ ਭਾਇ ਭਗਤਿ ਭੈ ਭਾਣਾ ਭਾਵੈ ॥ ਆਪੁ ਗਵਾਇ ਨ ਆਪੁ ਗਣਾਵੈ ॥ ੧੭ ॥ ਗੁਰਮੁਖਿ ਪੈਰ ਸਕਾਰਥੇ ਗੁਰਮੁਖਿ ਮਾਰਗ ਚਾਲ ਚਲੰਦੇ ॥ ਗੁਰੂਦੁਆਰੇ ਜਾਨਿ ਚਲਿ ਸਾਧਸੰਗਤਿ ਚਲਿ ਜਾਇ ਬਹੰਦੇ ॥ ਧਾਵਨ ਪਰਉਪਕਾਰ ਨੋਂ ਗੁਰਸਿਖਾਂ ਨੋਂ ਖੋਜ ਲਹੰਦੇ ॥ ਦੁਬਿਧਾ ਪੰਥਿ ਨ ਧਾਵਨੀ ਮਾਯਾ

ਵਿਚ ਉਦਾਸ ਰਹੰਦੇ ॥ ਬੰਦ ਖਲਾਸੀ ਬੰਦਗੀ ਵਿਰਲੇ ਕੇਈ ਹੁਕਮੀ ਬੰਦੇ ॥ ਗੁਰ ਸਿਖਾਂ ਪਰਦੱਖਣਾ ਪੈਰੀ ਪੈ ਰਹਿਰਾਸ ਕਰੰਦੇ ॥ ਗੁਰ ਚੇਲੇ ਪਰਚੇ ਪਰਚੰਦੇ ॥ ੧੨ ॥ ਗੁਰਸਿੱਖ ਮਨ ਪਰਗਾਸੁ ਹੈ ਪਿਰਮ ਪਿਆਲਾ ਅਜਰੁ ਜਰੰਦੇ ॥ ਪਾਰਬ੍ਰਹਮੁ ਪੂਰਨ ਬ੍ਰਹਮੁ ਬ੍ਰਹਮੁ ਬਿਬੇਕੀ ਧਿਆਨ ਧਰੰਦੇ ॥ ਸਬਦ ਸੁਰਤਿ ਲਿਵਲੀਣ ਹੋਇ ਅਕਥ ਕਥਾ ਗੁਰ ਸਬਦ ਸੁਣੰਦੇ ॥ ਭੂਤ ਭਵਿਖਹੁੰ ਵਰਤਮਾਨ ਅਬਿਗਤਿ ਗਤਿ ਅਤਿ ਅਲਖ ਲਖੰਦੇ ॥ ਗੁਰਮੁਖ ਸੁਖਫਲੁ ਅਛਲੁ ਛਲੁ ਭਗਤਿ ਵਛਲੁ ਕਰਿ ਅਛਲੁ ਛਲੰਦੇ ॥ ਭਵਜਲ ਅੰਦਰਿ ਬੋਹਿਥੈ ਇਕਸ ਪਿਛੈ ਲਖ ਤਰੰਦੇ ॥ ਪਰਉਪਕਾਰੀ ਮਿਲਨਿ ਹਸੰਦੇ ॥ ੧੪ ॥ ਵਾਰ ੬ ॥ ੧੪ ॥

ਇਕ ਸਮੇਂ ਸ੍ਰੀ ਗੁਰੂ ਅਰਜਨ ਸਾਹਿਬ ਦੀਵਾਨ ਵਿਖੇ ਸਿੰਘਾਸਨ ਪਰ ਬੈਠੇ ਹੋਏ ਏਹ ਤੁਕ ਉਚਰੀ (ਮੇਰੇ ਠਾਕੁਰ ਰਖ ਲੇਵਹੁ ਕਿਰਪਾ ਧਾਰੀ॥ ਕੋਟਿ ਮਧੇ ਕੋ ਵਿਰਲਾ ਸੇਵਕ ਹੋਰ ਸਗਲੇ ਬਿਉਹਾਰੀ) ਇਹ ਸੁਣਕੇ ਭਾਈ ਗੁਰਮੁਖ ਨਾਮੇ ਸਿਖ ਨੇ ਬੇਨਤੀ ਕੀਤੀ ਹੇ ਸਤਿਗੁਰੂ ਜਿਸਦੀ ਆਪ ਵਡਿਆਈ ਕਰਦੇ ਹੋ ਅਰ ਜੋ ਕੋਟਾਂ ਮਧੇ ਵਿਰਲਾ ਅਰ ਇਕ ਹੈ, ਕਿਰਪਾ ਕਰਕੇ ਐਸੇ ਸਿਖ ਦਾ ਦਰਸ਼ਨ ਕਰਾਵੋ। ਬਚਨ ਹੋਇਆ ਗੁਜਰਾਤ ਸ਼ਹਿਰ ਵਿਖੇ ਭਾਈ ਭਿਖਾਰੀ ਹੈ, ਜੋ ਕਰਤਾਰ ਦੇ ਭਾਣੇ ਵਿਚ ਸਦਾ ਪ੍ਰਸੰਨ ਰਹਿੰਦਾ ਹੈ। ਵਿਦਾ ਮੰਗਕੇ ਦੋ ਸਿਖ ਰਸਤਾ ਲੰਘਕੇ ਗੁਜਰਾਤ ਵਿਚ ਪਹੁੰਚਕੇ ਪੁਛਦੇ ਭਿਖਾਰੀ ਦੇ ਘਰ ਆਏ, ਭਾਈ ਨੂੰ ਇਕ ਪਾਟੀ ਪੁਰਾਣੀ ਦਰੀ ਗੰਢਦਿਆਂ ਡਿਠਾ। ਜਦ ਬੁਲਾਯਾ ਤਾਂ ਉਸਨੇ ਆਦਰ ਦੇ ਅੰਦਰ ਬੈਠਾਯਾ ਅਰ ਤਿਸਦੇ ਪੁਤਰ ਦਾ ਵਿਆਹ ਅਰ ਅਤਿ ਉਤਸ਼ਾਹ ਹੋ ਰਿਹਾ ਸੀ, ਨਾਲ ਹੋਕੇ ਗਹਿਣੇ ਕਪੜੇ ਸਭ ਸਾਮਾਨ ਜੋ ਬਣਵਾਯਾ ਸੀ ਭਿਖਾਰੀ ਨੇ ਦਿਖਾਯਾ ਸਿਖਾਂ ਨੇ ਮਿਠੀ ਮਠਿਆਈ ਪਕਵਾਨ ਅਰ ਗਰੀ ਬਦਾਮ ਛੁਹਾਰੇ ਸਪਾਰੀ ਅਤੇ ਗੋਟੇ ਕਿਨਾਰੀ ਨਾਲ ਸਵਾਰੀ ਨੂੰਹ ਦੀ ਪੋਸ਼ਾਕ ਅਰ ਸੋਨੇ ਚਾਂਦੀ ਦੇ ਗਹਿਣੇ ਤਯਾਰੀ ਆਦਿ ਵਸਤਾਂ ਦੇਖਕੇ ਇਕ ਕੋਣੇ ਵਿਚ ਕਫਣ ਤਖਤਾ ਆਦਿ ਮਿਰਤਕ ਦੀ ਸਮਗ੍ਰੀ ਪਈ ਵੇਖਕੇ ਪੁਛਿਆ ਜੋ ਇਹ ਕਿਸ ਦੇ ਵਾਸਤੇ ਹੈ? ਭਾਈ ਭਿਖਾਰੀ ਬੋਲੇ ਇਸ ਦੀ ਬੀ ਲੋੜ ਪੈਣੀ ਹੈ, ਓਸ ਵੇਲੇ ਯਤਨ ਨਾ ਕਰਨਾ ਪਵੇਗਾ ਸਿਖਾਂ ਨੇ ਕਿਹਾ ਕਿਸ ਨੂੰ ਲੋੜ ਪਏਗੀ, ਉੱਤਰ ਦਿਤਾ ਫੇਰ ਦਸਾਂਗੇ, ਸਾਂਤਿ ਆਦਿ ਸਭ ਸ਼ਗਨ ਹੋਏ ਸਾਹੇ ਦਾ ਦਿਨ ਆਯਾ, ਬੜਾ

ਅਡੰਬਰ ਰਚਾਯਾ ਇਸਤ੍ਰੀਆਂ ਘੋੜੀਆਂ ਵਧਾਵੇ ਗਾਉਣ, ਢੋਲਕਾਂ ਮ੍ਰਿਦੰਗ ਵਜਾਉਣ। ਦੂਲਹੇ ਨੂੰ ਸ਼ਨਾਨ ਕਰਾਇ ਮੁਕਟ ਸੇਹਰੇ ਪਹਿਨਾਇ ਘੋੜੀ ਤੇ ਚੜ੍ਹਾਇ ਜਨੇਤ ਸਜਾਏ ਬਾਜੇ ਵਜਦੇ ਢੁਕਾਉ ਹੋਯਾ ਵੇਦੀ ਲਾਵਾਂ ਫੇਰੇ ਸਭ ਲੋਕਕ ਵੇਦਕ ਰੀਤੀਆਂ ਗੁਰਮਤ ਅਨੁਸਾਰ ਕੀਤੀਆਂ, ਤਿੰਨ ਦਿਨ ਜੰਞ ਰਹੀ, ਤੀਜੇ ਦਿਨ ਤੀਜੇ ਪਹਿਰ ਡੋਲੀ ਲੇਕੇ ਆਉਂਦਿਆਂ ਰਾਹ ਵਿਚ ਸਾਹਨਾਂ ਦਾ ਘੋਲ ਹੋ ਰਿਹਾ ਸੀ ਅਚਾਨ-ਚਕ ਬਾਲਕ ਦੀ ਵਖੀ ਵਿਚ ਇਕ ਸਾਹਨ ਦਾ ਸਿੰਙ ਲਗਾ ਜਿਦੇ ਨਾਲ ਓਹ ਮੂਰਛਾ ਖਾਇਕੇ ਡਿਗਾ, ਗੰਢ ਜੋੜਾ ਚਿਤਰਿਆ ਰਹਿ ਗਿਆ, ਚੁਕਕੇ ਲੈ ਆਏ ਪਰ ਘਰ ਆਉਂਦਿਆਂ ਸ੍ਵਾਸ ਨਿਕਲ ਗਏ। ਇਸ ਵੇਲੇ ਸਬੰਧੀਆਂ ਨੂੰ ਨਾ ਚਿਤ ਨ ਚੇਤੇ, ਅਚਾਣਚਕ ਅਕਾਸ਼ੋਂ ਬਿੱਜ ਆਣ ਪਈ, ਇਸ ਅਕਾਲ ਮ੍ਰਿਤੂ ਦੇ ਦੁਖ ਨੂੰ ਕੌਣ ਬਰਨਨ ਕਰੇ। ਜਿਨ੍ਹਾਂ ਇਸਤ੍ਰੀਆਂ ਨੇ ਫੂਲ ਚੌਂਕ ਦਾਵਣੀਆਂ ਟਿਕੇ ਰੇਸ਼ਮੀ ਪਰਾਂਦੇ ਪਾਇਕੇ ਕੇਸ ਗੁੰਦਾਇ ਹੋਏ ਸੇ, ਹੁਣ ਓਨਾਂ ਨੇ ਸੁਆਹ ਦੇ ਬੁਕ ਸਿਰ ਵਿਚ ਪਾਏ, ਅਰ ਮਥੇ ਛਾਤੀ ਪਿਟ ਪਿਟਕੇ ਲਾਲ ਕੀਤੇ, ਹਾਇ ਹਾਇ ਦੀ ਕਹਾਹ, ਕਹੀਏ ਕੀ ਮੌਤ ਦਾ ਸਿਆਪਾ ਹੋਣ ਲਗਾ। ਭਾਈ ਭਿਖਾਰੀ ਨੇ ਜੋ ਸਭ ਵਸਤਾਂ ਪਹਿਲੇ ਹੀ ਤਿਆਰ ਕੀਤੀਆਂ ਹੋਈਆਂ ਸਨ ਤਤ ਛਿਨ ਮ੍ਰਿਤਕ ਸ਼ਨਾਨ ਕਰਾਇ ਕਫਨ ਪਹਿਨਾਏ ਤਖਤੇ ਉਤੇ ਪਾਇ ਮਸਾਣ ਭੂਮੀ ਵਿਚ ਲਿਜਾਇ ਸਸਕਾਰ ਕੀਤਾ ਸ਼ਨਾਨ ਕਰ ਸੋਹਲਾ ਪੜ੍ਹ ਕੜਾਹ ਪ੍ਰਸ਼ਾਦਿ ਵਰਤਾਇ ਸੰਧਯਾ ਵੇਲੇ ਘਰ ਆਨ ਬੈਠਾ, ਸੰਬੰਧੀਆਂ ਨੂੰ ਗੁਰਬਾਣੀ ਸੁਣਾਇ ਧੀਰਜ ਦੇਣ ਲਗਾ:-

> ਬਿਰਖੈ ਹੇਠਿ ਸਭਿ ਜੰਤ ਇਕਠੇ ਇਕਿ ਤਤੇ ਇਕਿ ਬੋਲਣਿ
> ਮਿਠੇ॥ ਅਸਤੁ ਉਦੋਤੁ ਭਇਆ ਉਠਿ ਚਲੇ ਜਿਉ ਜਿਉ
> ਅਉਧ ਵਿਹਾਣੀਆਂ ॥ ਪੁਨਾ: ਜਗ ਸੁਫਨਾ ਬਾਜੀ ਬਨੀ
> ਖਿਨ ਮਹਿ ਖੇਲ ਖਿਲਾਇ ॥ ਸੰਜੋਗੀ ਮਿਲਿ ਏਕਸੇ
> ਵਿਜੋਗੀ ਉਠਿ ਜਾਇ। ਪੁਨਾ: ਜੀਅ ਜੰਤ ਸਭ ਤੇਰਾ ਖੇਲ॥
> ਵਿਜੋਗ ਮਿਲ ਵਿਛੁੜਿਆ ਸੰਜੋਗੀ ਮੇਲ॥ ਇਤਯਾਦਿ॥

ਅਤੇ ਪਹਿਰ ਸਵਾ ਪਹਿਰ ਰਾਤ ਜਾਂਦੀ ਤਕ ਲੋਕ ਪਰਚਾਉਣੀ ਕਰਨ ਵਾਲੇ ਆਉਂਦੇ ਰਹੇ। ਉਪਰੰਤ ਇਕਾਂਤਿ ਅਵਸਰ. ਪਾਇ ਸਿਖਾਂ ਨੇ ਕਹਿਆ ਮਹਾਰਾਜ ਧੰਨ ਹੋ, ਤੁਸੀਂ ਜੋ ਹਰਖ ਸ਼ੋਕ ਤੇ ਵਿਰਕਤ ਹੋ, ਪਰੰਤੂ ਜੋ ਤੁਸੀਂ ਭਵਿਖਤ ਹੋਣ ਹਾਰ ਨੂੰ ਜਾਣਦੇ ਸੇ ਤਾਂ ਕਿਉਂ ਨਾ ਗੁਰੂ ਸਾਹਿਬ ਪਾਸ ਬੇਨਤੀ ਕੀਤੀ ਓਹ ਸਮਰਥ ਸਨ ਕੁਲੇਖ ਮਿਟਾਇ ਦਿੰਦੇ, ਜੇ ਤੁਸੀਂ ਸਾਨੂੰ ਹੀ ਆਖ ਦੇਂਦੇ ਤਾਂ ਅਸੀਂ ਹੀ ਪ੍ਰਾਰਥਨਾ ਕਰਦੇ। ਭਿਖਾਰੀ ਬੋਲਿਆ ਭਾਈ

ਇਸ ਲਈ ਕਰਤਾਰ ਨੇ ਅਗੰਮ ਗਿਆਨ ਕਿਸੇ ਨੂੰ ਨਹੀਂ ਦਿਤਾ, ਗੁਰੂ ਸਾਹਿਬ ਬਾਰੰਬਾਰ ਇਹੋ ਉਪਦੇਸ਼ ਦਿੰਦੇ ਹਨ ਕਿ:-

(ਹਉਮੈ ਜਤਨ ਨਾਮ ਲਿਵ ਲਾਵਨ ॥ ਭਾਣਾ ਮੰਨਣ ਪੰਥ ਇਹ ਪਾਵਨ) ਪੁਨ: (ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮ ਪਦਾਰਥ ਨਾਨਕ ਮਾਂਗੈ ॥ ਪੁਨਾ (ਮੰਮਾ ਮਾਂਗਨਹਾਰ ਇਆਨਾ ॥ ਦੇਨਹਾਰ ਦੇ ਰਹਿਓ ਸੁਜਾਨਾ ॥ ਜੋ ਦੀਨੋ ਸੋ ਏਕਹਿ ਬਾਰ ॥ ਮਨ ਮੂਰਖ ਕਹ ਕਰਹਿ ਪੁਕਾਰ ॥ ਜਉ ਮਾਂਗਹਿ ਤਉ ਮਾਂਗਹਿ ਬੀਆ ॥ ਜਾ ਤੇ ਕੁਸਲ ਨ ਕਾਹੂ ਥੀਆ ॥) । ਪੁਨ: (ਦਦਾ ਦੋਸ ਨ ਦੇਊ ਕਿਸੈ ਦੋਸ ਕਰੰਮਾ ਆਪਣਿਆਂ ॥ ਜੋ ਮੈ ਕੀਆ ਸੋ ਮੈ ਪਾਇਆ ਦੋਸ ਨ ਦੀਜੈ ਅਵਰ ਜਨਾ) ਪੁਨਾ: ਸੁਖੁ ਦੁਖੁ ਪੂਰਬ ਜਨਮ ਕੇ ਕੀਏ ॥ ਸੋ ਜਾਣੈ ਜਿਨਿ ਦਾਤੈ ਦੀਏ ॥ ਕਿਸਨੋ ਦੋਸ ਦੇਹ ਤੂ ਪ੍ਰਾਣੀ ਸਹੁ ਆਪਣਾ ਕੀਆ ਕਰਾਰਾ ਹੇ) ॥

ਇਕ ਸੰਤ ਦਾ ਬਚਨ ਹੈ-

ਬਾਜ ਚਢੇ ਬਾਜ ਹਾਥ ਬਾਜਤੇ ਨਗਾਰੇ ਸਾਥ ਕਬਹੂੰ ਕਿ ਪਜਾਦੇ ਪਾਇ ਪੋਟ ਸਿਰ ਸਹੀਏ । ਕਬਹੂੰ ਕਿ ਮੇਵਾ ਔ ਮਿਠਾਈ ਕੀ ਨ ਚਾਹ ਹੋਤ ਕਬਹੂੰ ਕਿ ਮੂਠੀ ਭਰ ਨਾਜ ਕੀ ਨ ਲਹੀਏ । ਜਬ ਲੋ ਕ੍ਰਿਪਾ ਨ ਕਰੇ ਕ੍ਰਿਪਾ ਨਿਧ ਰਮਾਪਤਿ ਤੌ ਲੋ ਭਲੀ ਬੁਰੀ ਸਭ ਹੀ ਕੀ ਸੀਸ ਸਹੀਏ । ਹਾਰੀਏ ਨ ਹਿੰਮਤ ਵਿਸਾਰੀਏ ਨਾ ਹਰਿ ਨਾਮ ਜਾਹੂ ਬਿਧਿ ਰਾਖੇ ਰਾਮ ਤਾਹੂ ਬਿਧਿ ਰਹੀਏ ।

ਇਹ ਸੁਣਕੇ ਸਿਖ ਨਮਸਕਾਰ ਕਰਕੇ ਜਸ ਗੌਂਦੇ ਨਿਸਚੈ ਨੂੰ ਸਲਾਹੁੰਦੇ ਗੁਰੂ ਕੇ ਹਜ਼ੂਰ ਪਹੁੰਚੇ। ਇਸ ਕਾਰਨ ਲਿਖਾ ਹੈ।

ਗੁਰ ਸਿਖੀ ਬਾਰੀਕ ਹੈ ਖੰਡੇਧਾਰ ਗਲੀ ਅਤਿ ਭੀੜੀ।
ਓਥੈ ਟਿਕੈ ਨ ਭੁਣਹਣਾ ਚਲ ਨ ਸਕੈ ਉਪਰ ਕੀੜੀ।

*

ਵਖਯਾਨ ੩੪

ਦੋਹਰਾ–ਤਨ ਮਨ ਧਨ ਸਰਵਸਵ ਨਿਜ ਨਿਜ ਪ੍ਰਭ ਅਰਪਨ ਕੀਨ।
ਕਰ ਨਿਜ ਤਿਨ੍ਹਿ ਗੁਰੂ ਸੁਧਾਸਵ ਕਰਤੇ ਦੀਨ।

ਮਹਾਸ਼ਯ ਗਣ ਜੈਸੇ ਪਿਤਾ ਮਾਤਾ ਦੀ ਆਗਯਾਕਾਰੀ ਸੰਤਾਨ ਦੇ ਅਰ ਪਤੀ ਦੀ ਆਗਯਾਕਾਰੀ ਪਤਨੀ ਦੇ, ਰਾਜਾ ਦੀ ਫਰਮਾਂ-ਬਰਦਾਰੀ ਪਰਜਾ ਦੇ ਸੁਖ ਭੋਗ, ਅਨੰਦ ਅਰ ਬ੍ਰਿਧੀ ਦਾ ਕਾਰਨ ਹੈ, ਤੈਸੇ ਹੀ ਗੁਰੂ ਦੀ ਤਾਬਿਆਦਾਰੀ ਸਿਖਾਂ ਨੂੰ ਸੁਖਕਾਰੀ ਹੁੰਦੀ ਹੈ। ਗੁਰੂ ਨਾਨਕ ਸਾਹਿਬ ਜੀ ਨੇ ਕਰਤਾਰ ਦੇ ਭਾਣੇ ਵਿਚ ਪ੍ਰਸੰਨ ਰਹਿਣ ਦਾ ਨਮੂਨਾ ਆਪ ਬਣਕੇ ਦਿਖਾਯਾ ਅਰ ਸਿੱਖਾਂ ਨੂੰ ਸਿਖਾਯਾ। ਯਥਾ–(ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ)॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥ ਪੁਨਾ: (ਜੋ ਕਿਛੁ ਕਰੈ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ) ਸਿਖ ਆਗਿਨਤ ਹੋਏ, ਪਰ ਏਹ ਸਿਖਿਆ ਗੁਰੂ ਅੰਗਦ ਜੀ ਨੇ ਪਾਈ। ਜੋ ਹੁਕਮ ਮਿਲਿਆ ਪੁਤਰ ਲਹਿਣਾ ਏਹ ਕੰਮ ਕਰਨਾ ਹੈ, ਤਾਂ ਹਥ ਜੋੜੇ ਕਿਹਾ ਬਹੁਤ ਭਲਾ, ਅਰ ਜੇ ਆਪ ਹੀ ਹੁਕਮ ਦੇਕੇ ਫੇਰ ਕਿਹਾ ਏਹ ਕਿਉਂ ਕੀਤਾ ਤਾਂ ਅਗੋਂ ਉਤਰ ਨਹੀਂ ਦਿਤਾ ਜੋ ਆਪ ਦੀ ਆਗਿਆ ਅਨੁਸਾਰ, ਸਗੋਂ ਖਿਮਾਂ ਮੰਗੀ ਕਿ ਭੁਲ ਗਿਆ। ਭਲਾ ਤੇ ਭੁਲਾ ਇਨਹਾਂ ਦੋਹਾਂ ਅਖਰਾਂ ਨਾਲ ਹੀ ਗੁਰਿਆਈ ਇਨਾਂ ਦੇ ਹਥ ਆਈ ਇਹੋ ਸਿਖਿਆ ਗੁਰੂ ਅਮਰ ਜੀ, ਤੇ ਗੁਰੂ ਰਾਮਦਾਸ ਨੇ ਪਾਈ, ਨਿੰਮ੍ਰਤਾ ਭਗਤੀ ਸੇਵਾ ਨਾਲ ਗੁਰੂ ਸਾਹਿਬ ਨੂੰ ਰਿਝਾਯਾ, ਅਰ ਸੰਗਤ ਵਿਚ ਇਕ ਪ੍ਰਮੇਸ਼ਰ ਦਾ ਨਾਮ ਜਪਾਯਾ, ਪਰਸਪਰ ਪ੍ਰੀਤੀ ਅਰ ਨਾਮ ਦਾਨ ਇਸ਼ਨਾਨ ਇਕ ਈਸ਼੍ਵਰ ਦੀ ਉਪਾਸ਼ਨਾ ਦੇ ਪ੍ਰਤਾਪ ਦਿਨੋ ਦਿਨ ਬ੍ਰਿਧੀ ਹੋਈ, ਪਰੰਤੂ ਪ੍ਰਿਥੀਆ ਜੀ ਨੇ ਦੁਬਿਧਾ ਦਾ ਬੀਜ ਬੀਜਿਆ। ਸੋ ਅਜਿਹਾ ਫੈਲਿਆ ਕਿ ਗੁਰੂ ਹਰਿਰਾਇ ਸਾਹਿਬ ਇਕ ਦਿਨ ਕੀਰਤ ਪੁਰ ਤੇ ਬਾਹਰ ਰੜੇ ਥਲ ਵਿਚ ਹੈਰਾਨ ਹੋਏ ਦੇਰ ਤਕ ਖੜੇ ਦੇਖਕੇ ਸੰਗਤ ਨੇ ਬੇਨਤੀ ਪੂਰਬਕ ਪੁਛਿਆ, ਇਸਦਾ ਕੀ ਕਾਰਨ ਹੈ? ਤਾਂ ਗੁਰੂ ਸਾਹਿਬ ਜੀ ਨੇ ਉੱਤਰ ਦਿਤਾ।

ਯਥਾ–ਜਗ ਤਾਰਨ ਸ੍ਰੀ ਸਤਿਗੁਰ ਬਾਬਾ ॥ ਖੰਡ ਪਖੰਡਨ ਸ਼ੇਰ ਸ਼ਰਾਬਾ ॥ ੩੫ ॥ ਭਰਯੋ ਜਹਾਜ਼ ਤਿਨਹ ਜੋ ਭਾਰਾ ॥ ਪਰਯੋ ਭ੍ਰਮਰ ਮਹਿ ਭ੍ਰਮਤ ਉਦਾਰਾ ॥ ਘਾਟ ਪਹੁਚਯੋ ਮਗ ਛੁਟ

ਗਯੋ॥ ਖੰਡ ਖੰਡ ਹੱਟ ਨਜਾਰੋ ਭਯੋ ॥੩੬॥ ਜੁਦੇ ਜੁਦੇ ਸਗਰੇ ਹਵੈ ਗਏ॥ ਪਰੇ ਭਵਰ ਕੋ ਅਵਘਟ ਲਹੇ। ਕੋ ਦੁਹ ਪੰਥ ਪਰੇ ਬਹਜਾਤੇ। ਕੋ ਕੋ ਕੰਠਹਿ ਆਨ ਲਗਾਤੇ॥੩੭॥ ਆਪ ਆਪ ਹੁਏ ਸਭ ਕੋ ਗਏ। ਤਿਸਕੋ ਹਮ ਅਬ ਦੇਖਤ ਭਏ। ਸੁਨ ਕਰ ਬਚਨ ਭਯੰਕਰ ਗੁਰ ਕੇ। ਸਿਖਨ ਕੇ ਉਰ ਤ੍ਰਬ ਬਹੁ ਧਰਕੇ ॥੩੮॥ ਭਏ ਦੀਨ ਭਨਤ ਬਹੁ ਬਿਨਤੀ। ਭੋ ਗੁਰ ਭਈ ਸਭਨ ਕੋ ਗਿਨਤੀ॥ ਭੇਵ ਨਾ ਪਾਯ ਸਕੇਂ ਕਯਾ ਆਸ਼ੇ ॥ ਸਮਝਾਵਹੁ ਕਰਹੁ ਪ੍ਰਕਾਸ਼ੇ ॥੩੯॥ ਜਿਮ ਦਾਸਨਿ ਤੇ ਸਮਝੀ ਜਾਇ ॥ ਤਿਸ ਪ੍ਰਕਾਰ ਦਿਹੁ ਹਮਹਿ ਬਤਾਇ ॥ ਕ੍ਰਿਪਾ ਸਿੰਧ ਸੁਣ ਕੈ ਮੁਸਕਾਏ ॥ ਭੋ ਸਿਖਹੁ ਬੂਝਹੁ ਇਸ ਭਾਏ ॥੪੦॥ ਸਿਖ ਸੇਵਕ ਅਬ ਭੂਲ ਗਏ ਹੈਂ॥ ਡਾਭੁਲਾਵਨੀ ਬਿਖੈ ਪਏ ਹੈਂ ॥ ਅਰਥ ਲੋਭ ਕੇ ਬਸੀ ਪਰੇ ਹੈਂ ॥ ਪਾਖੰਡਨ ਕੀ ਪੂਜ ਕਰੇ ਹੈਂ॥੪੧॥ ਕਾਚੇ ਪਾਚੇ ਗੁਰੂ ਕਹਾਵੈਂ॥ ਤਨਕ ਸਿਧ ਜਗ ਮੈਂ ਦਿਖਰਾਵੈਂ॥ ਕਾਚੀ ਮਤ ਕੇ ਹੋਇ ਤਿਨ ਪਾਛੇ॥ ਚਲਹਿ ਕੁਮਗ ਨਹਿ ਪ੍ਰਤਾਪਿ ਆਛੇ ॥੪੨॥ ਸਤ ਮਤ ਤਯਾਗੇ ਓਹ ਅਨੁਰਾਗੇ॥ ਕਾਚੇ ਕੀ ਸੰਗਤ ਮਹਿ ਲਾਗੇ॥ ਤਜ ਕਰ ਭਗਤਿ ਕੁਮਾਰਗ ਚਲੇ। ਕਿਸ ਪ੍ਰਕਾਰ ਪ੍ਰਾਪਤਿ ਹੁਇ ਭਲੇ ॥੪੩॥ ਜਿਸਤੇ ਮੰਤ੍ਰ ਕਰਹਿ ਮੁਖ ਜਾਪ ॥ ਪੁਨ ਨਿੰਦੇਹ ਤਿਹ ਮੂਰਖਨ ਆਪ॥ ਇਸ ਜਹਾਜ ਭਰੀ ਪੁਰ ਫੂਟਯੋ॥ ਜੁਦੋ ਜੁਦੋ ਭਾਜ ਬਹੁੰ ਟੂਟਯੋ ॥੪੪॥ ਸੁਨ ਗੁਰ ਵਾਕ ਸਿਖ ਬਿਸਮਾਏ॥ ਕਿਤਕ ਕਾਲ ਧਰ ਮੌਨ ਬਿਤਾਏ ॥ ਬਹੁਰ ਸਮਝ ਕਰ ਗੁਰੂ ਪ੍ਰਤਾਪ॥ ਬੋਲੀ ਸੰਗਤ ਛੋਰ ਸੰਤਾਪ ॥੪੫॥ ਸ੍ਰੀ ਪ੍ਰਭੂ ਤੁਮ ਹੋ ਬਖਸ਼ਨ ਹਾਰੇ ॥ ਭਵਜਲ ਤੇ ਨਿਜ ਸਿਖ ਉਧਾਰੇ ॥ ਬਡ ਕਸੂਤ ਸੰਗਤ ਮਹਿ ਭਯੋ ॥ ਸ੍ਰੀ ਮੁਖ ਤੇ ਜੁ ਸੁਨਾਵਨ ਕਯੋ ॥੪੬॥ ਨਿਜ ਜਹਾਜ ਕਬ ਮੇਲੈ ਇਹੇ ॥ ਜੁਦੇ ਜੁਦੇ ਕੇ ਇਸ ਬਿਧ ਰਹੇ ॥ ਤੁਮਰੇ ਨਾਮ ਲਾਜ ਹੀ ਤੁਮਕੋ॥ ਕਰਹੁ ਕਿਨਹਿ ਸੰਗਤ ਕੋ ਨੀਕੋ॥੪੭॥ ਭਗਤ ਖਜਾਨੇ ਬਖਸ਼ਹੁ ਸਦਾ ॥ ਗਈ ਬਹੋਰਤ ਹੋ ਜਦ ਕਦਾ ॥ ਸਰਬ ਭਾਂਤ ਸਮਰਥ ਗੁਸਾਈਂ ॥ ਕਾਰਨ ਕਰਨ ਸੁ ਅਧਿਕ ਬਡਾਈ॥੪੮॥ ਬਿਨਤੀ ਸੁਨਕੈ ਸ੍ਰੀ ਹਰਿਰਾਇ॥

(੬) ਹੋਰ ਗ੍ਰੰਥ ਪੁਸਤਕ* ਪਰਾਕ੍ਰਿਤ ੧ ਸੰਸਕ੍ਰਿਤ ੨ ਇਬਰਾਨੀ ੩ ਯੂਨਾਨੀ ੪ ਅਰਬੀ ੫ ਅਰਬੀ ਇਕ ਭਾਖਾ ਵਿਚ ਹਨ। ਜੋ ਖਾਸ ਇਕ ਦੇਸ਼ ਨਿਵਾਸੀ ਹੀ ਲਾਭ ਪਾ ਸਕਦੇ ਹਨ। ਪ੍ਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਨੀ ਵਿਚ ਅਨੇਕ ਭਾਸ਼ਾ ਹਨ ਅਨੇਕ ਦੇਸੀ ਅਨੇਕ ਲੋਕ ਭੀ ਲਾਭ ਪਾਇ ਸਕਦੇ ਹਨ।

(੭) ਹੋਰ ਗ੍ਰੰਥ ਪੁਸਤਕਾਂ ਦੇ ਪਾਠ ਕਠਨ ਭਾਸ਼ਾ ਹੋਣੇ ਦੇ ਕਾਰਨ ਸ਼ੀਘਰ ਲਾਭ ਨਹੀਂ ਲੈ ਸਕਦੇ, ਪਰੰਤੂ ਗੁਰੂ ਗ੍ਰੰਥ ਸਾਹਿਬ ਸੁਗਮ ਪੰਜਾਬੀ ਭਾਖਾ ਹੋਣੇ ਦੇ ਕਾਰਨ ਅਲਪ ਕਾਲ ਮੈਂ ਹੀ ਲਾਭਕਾਰੀ ਅਰ ਉਪਕਾਰੀ ਹੁੰਦਾ ਹੈ।

ਹੋਰਨਾਂ ਗ੍ਰੰਥਾਂ ਪੁਸਤਕਾਂ ਦੇ ਅਰਥ ਭਿੰਨ ਭਿੰਨ ਕਰਕੇ ਭਿੰਨ ਭਿੰਨ ਮਤ ਹੋ ਗਏ ਹਨ ਜਿਹਾ ਕਿ ਸਨਾਤਨ ਧਰਮੀ ਬੋਧ ਜੈਨ ਦਯ ਨੰਦੀ ਆਰਯਾ, ਅਰ ਰੋਮਨ ਕੈਥਲਕ ਪ੍ਰੋਟਸਟੈਂਟ ਅਰ ਸ਼ੀਆ ਸੁੰਨੀ ਆਦਿ, ਪਰੰਤੂ ਗੁਰੂ ਗ੍ਰੰਥ ਸਾਹਿਬ ਜੀ ਦੇ ਆਦਿ ਏਕਾ ਹੈ ਉਸਦੀ ਟੀਕਾ ਪ੍ਰਥਮ ਪਉੜੀ ਉਸਦੀ ਟੀਕਾ ਸਾਰੀ ਜਪੁਜੀ ਉਸਦੀ ਟੀਕਾ ਸਮਗਰ ਬਾਣੀ ਗ੍ਰੰਥ ਜੀ ਦੀ ਉਸਦੀ ਟੀਕਾ ਭਾਈ ਗੁਰਦਾਸ ਭਾਈ ਮਨੀ ਸਿੰਘ ਜੀ ਦੀ ਬਾਣੀ ਹੈ, ਇਸ ਕਾਰਨ ਅਰਥ ਇਕੋ ਭਗਤੀ ਗਯਾਨ ਵਿਖੇ ਰਹਿੰਦਾ ਹੈ।

(੯) ਹੋਰ ਗ੍ਰੰਥਾਂ ਵਿਚ ਇਕ ਪਰਮੇਸ਼ਰ ਕੇਵਲ ਕਹਿਕੇ ਸੁਣਾਇਆ ਹੈ, ਗੁਰੂ ਗ੍ਰੰਥ ਸਾਹਿਬ ਵਿਚ ਉਹ ੧ ਲਿਖਕੇ ਦਿਖਾਇਆ ਅਰ ਧਿਆਇਆ ਹੈ ਜੋ ਇਹੋ ਜਗਤ ਦਾ ਮੂਲ ਹੈ।

(੧੦) ਚਹੁਵਾਂ ਜੁਗਾਂ ਦੇ ਵਾਸਤੇ ਚਾਰ ਵੇਦ ਰਚੇ ਗਏ, ਸੋ ਆਪੋ ਆਪਣੇ ਸਮਯ ਵਿਚ ਉਹ ਉਪਕਾਰੀ ਹੋਏ, ਪਰੰਤੂ ਚਹੁਆਂ ਜੁਗਾਂ ਵਿਚ ਹੀ ਉਪਕਾਰੀ ਅਰ ਆਪਨੇ ਪਰਾਏ ਸਭ ਦਾ ਹਿਤਕਾਰੀ ਸੁਖਕਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ। ਯਥਾ–ਬਿਲਾਵਲ ਮਹਲਾ ੩ ॥ ਪੂਰਾ ਥਾਟੁ ਬਣਾਇਆ

---

*(੧) ਪੁਰਾਤਨ ਸਮਯ ਦੀ ਭਾਸ਼ਾ ਯਾ ਵੇਦ ਭਾਸ਼ਾ।
(੨) ਖਟ ਸ਼ਾਸਤ੍ਰ ਪੁਰਾਣ ਆਦਿ ਦੀ ਭਾਸ਼ਾ।
(੩) ਬੇਬਲ ਦੀ ਭਾਖਾ ਜਿਸ ਨੂੰ ਮੂਸਾ, ਦਾਊਦ, ਸੁਲੇਮਾਨ ਆਦਿਕਾਂ ਨੇ ਲਿਖਿਆ।
(੪) ਇੰਜੀਲ ਦੀ ਭਾਸ਼ਾ ਜੋ ਪਹਿਲੇ ਰਸੂਲਾਂ ਨੇ ਲਿਖੀ।
(੫) ਕੁਰਾਨ ਦੀ ਭਾਖਾ।

ਪੂਰੇ ਵੇਖਹੁ ਏਕ ਸਮਾਨਾ ॥ ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ ਮਤੁ ਕੋ ਧਰਹੁ ਗੁਮਾਨਾ ॥ ੧ ॥ ਸਤਿਗੁਰ ਕੀ ਜਿਸਨੋ ਮਤਿ ਆਵਹਿ ਸੋ ਸਤਿਗੁਰ ਮਾਹਿ ਸਮਾਨਾ ॥ ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥ ੧ ॥ ਰਹਾਉ ॥ ਚਹੁੰ ਜੁਗਾਂ ਕਾ ਹੁਣਿ ਨਿਬੇੜਾ ਨਰ ਮਾਨੁਖਾਂ ਨੋ ਏਕ ਨਿਧਾਨਾ ॥ ਜਤੁ ਸੰਜਮ ਤੀਰਥ ਓਨਾਂ ਜੁਗਾਂ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ ॥ ੨ ॥ ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ ॥ ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਨਾ ॥ ੩ ॥ ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਇ ਚੂਕੈ ਮਨਿ ਅਭਿਮਾਨਾ ॥ ਕਹਤੁ ਸੁਨਤ ਸਭੇ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ ॥ ੪ ॥ ੪ ॥

(੧੧) ਹਰੇਕ ਧਰਮ ਗ੍ਰੰਥ ਆਪਸ ਵਿਚ ਵਿਰੋਧੀ ਹਨ, ਪਰ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਰ ਲਿਖੇ ਚਾਰ ਉਪਦੇਸ਼ਾਂ ਨਾਲ ਸਭ ਦੀ ਸੰਮਤੀ ਹੈ, ਅਰ ਸਭ ਇਹਨਾਂ ਨੂੰ ਪ੍ਰਨਾਮ ਕਰਦੇ ਹਨ।

(੧੨) ਸਭਨਾਂ ਧਰਮ ਪੁਸਤਕਾਂ ਦਾ ਮਾਨ ਸਨਮਾਨ ਪਤਿ ਪ੍ਰਤਿਸ਼ਟਾ ਪ੍ਰਤਖਯ ਸੰਸਾਰ ਵਿਚ ਇਸ ਤੇ ਘਟ ਦੇਖੀ ਜਾਂਦੀ ਹੈ ਇਸਦੀ ਸਭ ਤੋਂ ਵਧੀਕ ਹੈ। ਇਸੇ ਤਰ੍ਹਾਂ ਇਸ ਦੇ ਮੰਨਣ ਵਾਲਿਆਂ ਸਿਖਯਕਾਂ ਦਾ ਸਨਮਾਨ ਕ੍ਰਿਪਾ ਨਿਧਾਨ ਭਗਵਾਨ ਦੇ ਦੀਵਾਨ ਵਿਚ ਬੀ ਹੋਵੇਗਾ।

ਮੈ ਮੂਰਖ ਕੀ ਕੇਤਕ ਬਾਤ ਹੈ ਕੋਟ ਅਪਰਾਧੀ ਤਰਿਆ ਰੇ ॥ ਗੁਰ ਨਾਨਕ ਜਿਨ ਸੁਣਿਆ ਪੇਖਿਆ ਸੇ ਫਿਰ ਗਰਭਾਸ ਨ ਪਰਿਆ ਰੇ ॥

*

ਵਖਯਾਨ ੩੧
ਖਾਲਸਾ ਧਰਮ ਹੋਣ ਦਾ ਕਾਰਨ

ਦੋਹਰਾ-

ਹਰਿ ਨਰ ਤਨ ਧਰ ਕਰ ਆਏ ਕਲਿ ਨਰ ਤਾਰਨ ਹੇਤ।
ਸਿਖੀ ਸੁਖ ਸਿਖਨ ਦੀਓ ਰਚ ਹਰਿ ਨਾਮਹਿ ਸੇਤ ॥੧॥
ਗੁਰੂ ਗੋਬਿੰਦ ਮ੍ਰਿਗਿੰਦ ਹੋਇ ਪੂਰਨ ਕੀਨੋ ਕਾਮ।
ਦੇ ਸੰਗਤ ਕੋ ਬੀਰਤਾ ਧਰਿਓ ਖਾਲਸਾ ਨਾਮ ॥ ੨ ॥

ਸਰੇਸ਼ਟ ਜਨੋਂ ! ਸ੍ਰਿਸ਼ਟੀ ਦੀ ਉਤਪਤੀ ਭਿੰਨ ੨ ਮਤਾਂ ਦੇ ਅਚਾਰਯਾਂ ਨੇ ਭਿੰਨ ਭਿੰਨ ਪ੍ਰਕਾਰ ਨਿਜ ਬੁਧੀ ਅਨੁਸਾਰ ਵਰਨਨ ਕਰੀ ਹੈ, ਪਰ ਇਸ ਗਲ ਵਿਚ ਸਭ ਦੀ ਏਕਤਾ ਹੈ, ਜੋ ਪਰਮੇਸ਼ਰ ਨੇ ਬਚਨ ਕੀਤਾ ਅਰ ਉਸ ਤੇ ਸਮਗਰ ਸ੍ਰਿਸ਼ਟੀ ਰਚਨਾ ਹੋਈ । ਗੁਰੂ ਸਾਹਿਬ ਦਾ ਕਥਨ ਬੀ ਇਹੋ ਹੈ (ਕੀਤਾ ਪਸਾਉ ਏਕੋ ਕਵਾਉ ॥ ਤਿਸਤੇ ਹੋਏ ਲਖ ਦਰੀਆਉ ॥) ਅਰ ਹੋਰ ਵਧੀਕ ਕੋਈ ਕਹੇ ਤਾਂ ਸਤਿਗੁਰੂ ਕਹਿੰਦੇ ਹਨ (ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥ ਵਖਤੁ ਨ ਪਾਇਓ ਕਾਦੀਆਂ ਜਿ ਲਿਖਣਿ ਲੇਖੁ ਕੁਰਾਣੁ ॥ ਤਿਥਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨ ਕੋਈ ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥) ਪੁਨਾ: (ਕਰਤੇ ਕੀ ਮਿਤਿ ਨ ਜਾਨੈ ਕੀਆ ॥ਨਾਨਕ ਜੋ ਤਿਸੁ ਭਾਵੈ ਸੋ ਵਰਤੀਆ ॥ ਪੁਨਾ: ਪਿਤਾ ਕਾ ਜਨਮ ਕਿ ਜਾਨੈ ਪੂਤ ॥ ਸਗਲ ਪਰੋਈ ਆਪਣੈ ਸੂਤ॥) ਪੁਨਾ: (ਪਿਤਾ ਜਨਮ ਜਿਮ ਪੂਤ ਨ ਪਾਵੈ ॥ ਕਹਾ ਕਵਨ ਕਾ ਭੇਦ ਬਤਾਵੈ॥) ਦਸਮ ਪਾਤਸ਼ਾਹ ਬਚਿਤਰ ਨਾਟਕ ਦੇ ਛੇਵੇਂ ਅਧਿਆਇ ਮੈਂ ਸ੍ਰੀ ਮੁਖ ਤੇ ਐਉਂ ਵਰਨਨ ਕਰਦੇ ਹਨ–ਕਿ ਗੰਧਮਾਧਨ ਗਿਰ ਤੇ ਛੇ ਕੋਹ ਹੇਠ ਸਪਤ ਸ੍ਰਿੰਗ ਪਰਬਤ ਦੇ ਕੋਲ ਹੇਮਕੁੰਟ ਨਾਮੇ ਪਰਬਤ ਦੇ ਉਪਰ ਬੈਠਕੇ ਜਿਥੇ ਰਾਜਾ ਪੰਡ ਨੇ ਯੋਗ ਸਾਧਨਾ ਕੀਤੀ ਅਰ ਹੁਣ ਉਥੇ ਪੰਡ ਕੇਸ ਨਾਮੇ ਗਰਾਮ ਵਸਦਾ ਹੈ, ਉਸ ਸਥਾਨ ਮੈਂ ਬੈਠਕੇ ਅਸਾਂ ਐਸੀ ਕਠਨ ਤਪਸਿਆ ਕੀਤੀ, ਜੋ ਉਪਾਸ਼ਨਾ ਕਰਦੇ ਕਰਦੇ ਹੰਤਾ ਮਮਤਾ ਮਿਟਾਇਕੈ ਉਪਾਸਜ ਨਾਲ ਅਭੇਦ ਹੀ ਹੋ ਰਹੇ । ਇਧਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਨ ਬਾਣੀ ਔਰ ਇੰਦਰਿਆਂ ਨੂੰ ਵਿਕਾਰਾਂ ਤੇ ਰੋਕ ਯੋਗ ਸਾਧਨਾ ਕਰਕੇ ਨਿਰਾਕਾਰ ਅਲਖ ਪਰਮਾਤਮਾਂ ਦੀ ਅਰਾਧਨ ਰੂਪ ਸੇਵਾ ਕੀਤੀ, ਤਿਸ ਕਾਰਨ ਸਰਬ ਜਗਤ ਦੇ ਗੁਰੂ ਅਕਾਲ ਪੁਰਖ ਪਰਮੇਸ਼ਰ ਨੇ ਦਯਾਲ ਹੋਇਕੇ ਮੈਨੂੰ ਆਗਿਆ ਦਿਤੀ, ਤਾਂ ਜਨਮ ਧਾਰਕੇ ਇਸ ਘੋਰ ਕਲਿਯੁਗ ਵਿਚ ਆਏ । ਸੰਸਾਰ ਦੇ ਛਿਨ ਭੰਗਰ ਸੁਖਾਂ ਦੀ ਪਰਾਪਤੀ ਵਿਖੇ ਚਿੰਤਾ ਸਰੀਰਿਕ ਸੰਤਾਪ ਅਰ ਦੁਖਾਂ ਤੇ ਡਰਦਿਆਂ ਸਾਡਾ ਚਿਤ ਨਹੀਂ ਚਾਹੁੰਦਾ ਸੀ, ਕਿਉਂਕਿ ਮਨ ਦੀ ਬਿਰਤੀ ਪ੍ਰਭੂ ਦੇ ਚਰਨਾਂ ਵਿਚ ਦ੍ਰਿੜ ਲਗ ਰਹੀ ਸੀ ਪਰੰਤੂ ਪ੍ਰਭੂ ਨੇ ਸਾਡੇ ਮਨ ਦਾ ਸਮੋਧ ਕਰਕੇ ਅਰ ਅਗਰੋਕਤ ਆਗਿਆ ਦੇਕੇ ਇਸ ਪ੍ਰਿਥਵੀ ਮੰਡਲ ਮਾਤ ਲੋਕ ਵਿਚ ਭੇਜਿਆ ।

'ਹੇ ਤਪੱਸਵੀ ! ਅਰੰਭ ਵਿਚ ਜਦ ਮੈਂ ਤਾਮਸੀ ਸ੍ਰਿਸ਼ਟ ਰਚੀ ਤਾਂ ਉਹ ਆਪਣੀਆਂ ਭੁਜਾਂ ਦੇ ਬਲ ਨੂੰ ਸੰਭਾਲ ਨਾ ਸਕੇ, ਅਭਿਮਾਨ ਕਰਕੇ ਬਾਵਰੇ ਹੋਏ ਉਪਾਸ਼ਨਾ ਭਗਤੀ ਕਰਨੋਂ ਰਹਿ ਗਏ, ਮੈਂ ਛਿਨ ਮਾਤਰ ਵਿਚ ਉਨਹਾ ਦਾ ਨਾਸ ਕੀਤਾ, ਅਰ ਤਿਨਾਂ ਦੀ ਥਾਂ ਸਾਤਕੀ ਗੁਣ ਤੇ ਦੇਵਤਾ ਉਤਪਤ

ਕੀਤੇ ਮਾਨ ਪਰਤਿਸ਼ਟਾ ਹੋਂਦੀ ਦੇਖਕੇ ਓਹ ਭੀ ਆਪਣੇ ਆਪ ਨੂੰ ਹੀ ਪਰਮੇਸ਼ਰ ਮੰਨ ਬੈਠੇ। ਮਹਾਂ ਦੇਵ ਨੇ ਆਪਣਾ ਨਾਮ ਵਸ਼ੇਸ਼ਰ ਮਹੇਸ਼ਰ ਵਿਸ਼ਵਨਾਥ ਵਿਸ਼ਨੂੰ ਨੇ ਵਿਸੰਭਰ ਲਖਯਮੀ ਨਾਥ ਬ੍ਰਹਮਾ ਨੇ ਬਿਧਾਤਾ ਪਰੰ ਬ੍ਰਹਮ ਸੁਯੰਭੂ ਪ੍ਰਗਟ ਕੀਤਾ, ਉਪਰੰਤ ਅਠ ਸਾਖੀ ਜੀਵਾਂ ਦੇ ਸ਼ੁਭਾਸ਼ੁਭ ਕਰਮਾਂ ਦੀ ਗਵਾਹੀ ਦੇਣੇ ਵਾਸਤੇ ਠਹਿਰਾਏ। ਏਹ ਆਪਣੀ ਹੀ ਪੂਜਾ ਕਰਾਉਨ ਲਗੇ ਜੋ ਸਾਥੋਂ ਬਿਨਾਂ ਹੋਰ ਕੋਈ ਦੂਜਾ ਠਾਕਰ ਨਹੀਂ, ਹੁਣ ਕੋਈ ਸੂਰਜ ਨੂੰ ਕੋਈ ਚੰਦਰਮਾ ਨੂੰ ਕੋਈ ਅਗਨੀ ਕੋਈ ਪਵਣ ਨੂੰ ਈਸ਼ਵਰ ਜਾਣਕੇ ਪੂਜਨ ਲਗੇ, ਕਿਨਾਂ ਨੇ ਪੱਥਰ ਵੱਟੇ ਹੀ ਪੂਜੇ, ਜਦ ਇਹ ਸਾਰੇ ਹੀ ਪ੍ਰਮੇਸ਼ਰ ਦੀ ਆਗਿਆ ਨੂੰ ਭੁਲ ਗਏ ਅਰ ਆਪ ਹੀ ਈਸ਼ਰ ਬਣ ਬੈਠੇ ਤਾਂ ਪ੍ਰਭੂ ਨੇ ਰਿਸ਼ੀ ਮੁਨੀ ਸਿਧ ਸਾਧੂ ਕਈ ਠਹਿਰਾਏ, ਮਾਯਾ ਦੇ ਵਸ ਹੋਏ ਇਨਾਂ ਨੇ ਭੀ ਸਾਲਗ ਰਾਮ ਆਦਿ ਪੱਥਰਾਂ ਦੀ ਹੀ ਪੂਜਾ ਕੀਤੀ। ਪ੍ਰਯੋਜਨ ਇਹ ਜੋ ਜੋ ਕੋਈ ਜਗਤ ਵਿਚ ਸਿਆਣਾ ਹੋਇਆ ਜਿਸਨੂੰ ਥੋਹੜੀ ਜੇਹੀ ਭੀ ਸਿਧੀ ਹਥ ਆਈ ਓਸਨੇ ਆਪਣਾ ਹੀ ਪੰਥ ਚਲਾਇਆ। ਰਿਖੀਆਂ ਨੇ ਆਪਣੇ ੨ ਧਰਮ ਸ਼ਾਸਤ੍ਰ ਰਚੇ, ਬ੍ਰਹਮਾਂ ਨੇ ਚਾਰ ਵੇਦ ਹੀ ਪ੍ਰਸਿੱਧ ਕੀਤੇ, ਪਰ ਜਿਨ੍ਹਾਂ ਦੀ ਪ੍ਰੀਤ ਪ੍ਰਮੇਸ਼ਰ ਦੇ ਚਰਨਾਂ ਵਿਚ ਦ੍ਰਿੜ ਹੋਈ ਓਹ ਇਹਾਂ ਸਿਮਰਤੀਆਂ ਅਰ ਵੇਦਾਂ ਦੇ ਰਾਹ ਨਾ ਆਏ। ਸਿਮ੍ਰਿਤੀਆਂ ਅਰ ਵੇਦਾਂ ਦੇ ਮੰਨਣ ਵਾਲੇ ਕਰਮ ਕਾਂਡੀ ਅਗਨੀ ਹੋਤਰੀ ਹੋਏ ਤਿਨਾਂ ਨੂੰ ਦੰਡ ਦੇਣ ਲਗੇ ਪਰ ਜਿਨਾਂ ਨੂੰ ਪਰਮੇਸ਼ਰ ਦਾ ਪ੍ਰੇਮ ਸੀ, ਤਿਨਾਂ ਨੇ ਭੀੜ ਕਲੇਸ਼ ਸਹਾਰੀ ਪਰ ਪ੍ਰਭੂ ਦੀ ਉਪਾਸ਼ਨਾ ਨਾ ਤਜੀ।

ਉਪਰੰਤ ਪ੍ਰਭੂ ਨੇ ਦਤਾਤ੍ਰੇਯ ਅਵਤਾਰ ਪ੍ਰਗਟਾਇਆ ਪਰ ਇਸ ਨੇ ਭੀ ਆਪਣਾ ਹੀ ਪੰਥ ਚਲਾਇਆ, ਨਹੁੰ ਵਧਾਏ ਅਰ ਸਿਰ ਪੁਰ ਜਟਾਂ ਦੇ ਜੂੜੇ ਗੁੰਦਵਾਏ ਫੇਰ ਪ੍ਰਭੂ ਨੇ ਸਿਧਾਂ ਦਾ ਗੁਰੂ ਗੋਰਖਨਾਥ ਉਪਜਾ-ਇਆ ਜਿਸ ਨੇ ਕੰਨ ਪਾਟੇ ਜੋਗੀਆਂ ਦਾ ਭੇਖ ਚਲਾਇਆ ਜਿਸਦੇ ਅਗੇ ਭੀ ਬੜੇ ਬੜੇ ਰਾਜਿਆਂ ਨੇ ਸੀਸ ਨਿਵਾਇਆ ਪ੍ਰੇਮ ਸੇ ਬਿਨਾਂ ਏਹ ਭੀ ਸੂਨ ਨਿਰੇ ਭੇਖ ਬਨਾਉਣ ਵਿਚ ਹੀ ਉਰਝ ਰਹੇ ਤਾਂ ਪ੍ਰਭੂ ਨੇ ਰਾਮਾਨੰਦ ਨੂੰ ਉਤਪਤਿ ਕੀਤਾ, ਇਸਨੇ ਬੈਰਾਗੀ ਭੇਜ ਬਣਾਇਆ ਸਭ ਦੇ ਗਲ ਵਿਚ ਕੰਨੀ ਕਾਠ ਦੀ ਪਾਈ ਅਰ ਪ੍ਰਭੂ ਦੀ ਭਗਤੀ ਮੂਰਤੀ ਪੂਜਨ ਵਿਚ ਹੀ ਸਮਝਾਈ, ਫੇਰ ਹਜ਼ਰਤ ਯਿਸੂ ਆਏ ਪਰ ਏਹਨਾਂ ਭੀ ਆਪਣੇ ਨੂੰ ਪੁਤਰ ਕਹਾਇਆ ਅਰ ਪ੍ਰਮੇਸ਼ਰ ਦੇ ਨਾਲ ਆਪ ਨੂੰ ਰਲਾਇਆ।

ਸ੍ਰੀ ਅੰਮ੍ਰਿਤਸਰ ਜੀ ਕਰਤਾਰ ਪੁਰ ਕਟਾਸ ਆਦਿ ਅਨੇਕ ਤੀਰਥਾਂ ਅਰ ਗੁਰਦਵਾਰਿਆਂ ਵਿਖੇ ਮੇਲੇ ਲਗਦੇ ਹਨ, ਕਿਉਂਕਿ ਸ਼ੁਰੂ ਬਰਖ ਅਜ ਥੋਂ ਆਰੰਭ ਹੁੰਦਾ ਹੈ, ਇਸ ਵਾਸਤੇ ਸਭ ਕੋਈ ਖੁਸ਼ੀ ਮਨਾਉਂਦਾ ਹੈ, ਅਰ ਸਮਝਦੇ ਹਨ ਕਿ ਜੇ ਇਹ ਦਿਨ ਸੁਖ ਅਨੰਦ ਨਾਲ ਬੀਤੇ ਤਾਂ ਸਮੱਗਰ ਬਰਸ ਸੁਖ ਦਾ ਬੀਤੇਗਾ, ਅਰ ਖਾਲਸਾ ਪੰਥ ਨੂੰ ਵਧੀਕ ਆਨੰਦ ਇਸ ਕਾਰਨ ਹੈ, ਜੋ ਅਜ ਖਾਲਸੇ ਦਾ ਜਨਮ ਦਿਨ ਹੈ, ਇਸ ਦੀ ਵਾਰਤਾ ਐਉਂ ਹੈ, ਕਿ ਦਿਹਲੀ ਵਿਖੇ ਧਰਮ ਦੀ ਰਖਿਆ ਹਿਤ ਅਰ ਸ਼ਰਨਾਗਤ ਪੁਰਸ਼ਾਂ ਦੇ ਤਿਲਕ ਜਨੇਊ ਦੀ ਰਖਿਆ ਅਰ ਆਪਣੇ ਉਸ ਵਾਕ ਦੇ ਪੂਰਨ ਕਰਨ ਦੇ ਕਾਰਨ ਜੋ ਕਸ਼ਮੀਰੀ ਪੰਡਤਾਂ ਨੂੰ ਕਹਿਆ ਸੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸੀਸ ਦਿਤਾ। ਏਸ ਵੇਲੇ ਭੁਚਾਲ ਆਇਆ ਆਕਾਸ਼ ਗਰਜਿਆ। ਘੋਰ ਅੰਧੇਰੀ ਬਹੀ ਜਿਸ ਵਿਚ ਸਿਰ ਤਾਂ ਇਕ ਸਿਖ ਅਨੰਦਪੁਰ ਜੀ ਨੂੰ ਲੈ ਆਯਾ, ਅਰ ਧੜ ਦੇ ਕਾਰਨ ਪਾਤਸ਼ਾਹੀ ਹੁਕਮ ਸੁਣਾਇਆ ਗਿਆ, ਭਈ ਕੋਈ ਸਿਖ ਹੈ ਤਾਂ ਲੈ ਜਾਵੇ। ਪਰ ਆਲਮਗੀਰੀ ਅੰਧੇਰ ਗਰਦੀ ਤੇ ਡਰਦਾ ਕੋਈ ਨਾ ਬੋਲਿਆ। ਜਿਸ ਨੂੰ ਕਹਿਣ ਤੂੰ ਸਿਖ ਹੈਂ ਆਪਣੇ ਗੁਰੂ ਦੀ ਸੇਵਾ ਕਰ, ਓਹੋ ਮੁਕਰੇ ਕਿ ਮੈਂ ਸਿਖ ਨਹੀਂ ਹਾਂ, ਅੰਤ ਨੂੰ ਇਕ ਲੁਬਾਣੇ ਸਿਖ ਨੇ ਬੜੀ ਚਤੁਰਾਈ ਨਾਲ ਸਸਕਾਰ ਕੀਤਾ। ਏਹ ਖਬਰ ਜਦ ਦਸਮ ਪਾਤਸ਼ਾਹ ਜੀ ਨੇ ਸੁਣੀ ਤਾਂ ਬਚਨ ਹੋਇਆ ਭਾਵੇਂ ਅਸੀਂ ਪ੍ਰਤਗਿਆ ਕਰ ਚੁਕੇ ਹਾਂ ਜੋ ਕੋਈ ਭੇਖ ਨਹੀਂ ਬਣਾਵਾਂਗੇ।

ਯਥਾ–ਪਖਾਣ ਪੂਜ ਹੌਂ ਨਹੀਂ ॥ ਨ ਭੇਖ ਭੀਜ ਹੌਂ ਕਹੀਂ ॥
ਜਟਾ ਨ ਸੀਸ ਧਾਰਹੌਂ ॥ ਨਾ ਮੁਦ੍ਰਕਾ ਸਵਾਰ ਰਹੌਂ ॥
ਨ ਕਾਨ ਕਾਹੂ ਕੀ ਧਰੋਂ ॥ ਕਹਯੋ ਪ੍ਰਭੂ ਸੁ ਮੈਂ ਕਰੋਂ ॥
ਪੁਨਾ: ਨ ਨੈਨੰ ਮਚਾਊਂ ॥ ਨ ਡਿੰਭੰ ਦਿਖਾਊਂ ॥

[ਬਚਿਤ੍ਰ ਨਾਟਕ ੬ ਧਯਾਯ

ਇਤਯਾਦਿਕ। ਤਥਾਪਿ ਐਸਾ ਪੰਥ ਰਚਾਂਗਾ, ਜੋ ਹਜ਼ਾਰ ਮਨੁਖ ਵਿਚ ਇਕ ਬੈਠਾ ਹੋਵੇ ਤਾਂ ਲੁਕ ਨਾ ਸਕੇ ਅਰ ਮੁਕਰ ਜਾਵੇ ਕਿ ਮੈਂ ਸਿਖ ਨਹੀਂ ਤਾਂ ਲੋਕ ਉਸਨੂੰ ਸਿਖ ਜਾਨਣ। ਅਰ ਦੋ ਸੌ ਬਰਸ ਪਹਿਲੇ ਜੋ ਗੁਰੂ ਨਾਨਕ ਸਾਹਿਬ ਜੀ ਭਵਿਸ਼ਦ ਬਚਨ ਕਿਹਾ ਸੀ।

ਆਵਨ ਅਠਤਰੈ ਜਾਨ ਸਤਾਨਵੇਂ ਹੋਰ ਭੀ ਉਠਸੀ ਮਰਦ ਕਾ ਚੇਲਾ ॥

ਸੋ ਪੂਰਾ ਹੋਵੇ, ਅਰ ਮਹਾਂਕਾਲ, ਸਰਬ ਕਾਲ, ਅਕਾਲ ਪੁਰਖ,

ਕਾਲਪੁਰਖ ਮਹਾਲੋਹ, ਸਰਬ ਲੋਹ; ਪਰ ਮੇਸਰ ਦੀ ਅਰਾਧਨਾ ਪੂਜਨ ਕਰਕੇ ਆਪਣੇ ਆਪ ਨੂੰ ਗੁਰੂ ਬਨਾਉਣ ਅਰ ਪੂਜਾਉਣ ਵਾਲੇ ਮਨ ਮਤੀਏ ਮਸੰਦਾਂ ਦਾ ਨਾਸ ਕਰਕੇ ਹੁਕਮਨਾਮੇ ਲਿਖਵਾਏ ਦੂਰ ਦੂਰ ਦੇਸਾਂ ਤੇ ਸੰਗਤਾਂ ਨੂੰ ਸਦਵਾਇਆ, ਅਰ ਬੜੇ ਖੁਲੇ ਮੈਦਾਨ ਉਚੇ ਅਸਥਾਨ ਤੇ ਤੰਬੂ ਅਰ ਉਸਤੇ ਕੁਛ ਨੀਵੇਂ ਥਾਂ ਇਕ ਸੁੰਦਰ ਸਾਇਵਾਨ ਲਗਵਾਇਆ, ਅਰ ਸੇਵਕਾਂ ਨੇ ਦੀਵਾਨ ਸਜਾਇਆ। ਪਿਛਲੀ ਰਾਤ ਸਤਿਗੁਰੂ ਜਾਗੇ, ਸੌਚ ਅਸ਼ਨਾਨ ਕਰ ਸੁੰਦਰ ਪੋਸ਼ਾਕ ਪਹਿਰ ਜਗਮਗਾਉਂਦੇ ਸਿੰਘਾਸਨ ਪਰ ਅਰੂੜ ਹੋ ਸੰਗਤ ਨੂੰ ਦਰਸ਼ਨ ਦੇ ਤਿਨਾਂ ਦੇ ਮਨੋਰਥ ਪੂਰਨ ਕਰਨ ਲਗੇ।

ਹੁਣ ਅਕਾਲ ਪੁਰਖ ਦੇ ਉਸ ਹੁਕਮ ਨੂੰ ਜੋ ਸਭ ਤੋਂ ਪਹਿਲਾਂ ਵਿਸ਼ਨੂੰ ਭਗਵਾਨ ਦੇ ਮੁਖ ਦਵਾਰਾ ਬ੍ਰਹਮਾ ਜੀ ਨੂੰ ਮਿਲਿਆ* ਅਹਿਮੇਵਾ ਸਮੇਂ ਵਾਗਰੇ ਨਾਨਯਦਯਦਸਤ ਪਰਮ। ਪਸਚਾਦਈ ਯਦੇ ਤਚਯੋ ਵਸ਼ਿਜਯੇਤ ਸੋ ਸੰਮਯੰਹੰ ਚਤੁ: ਸਲੋਕ ਭਾਗਵਤ ਕਾ ਸਲੋਕ ੩

‡ਸਰਵ ਗੁਹਯ ਤਵੰਭੂਯਾ: ਸ੍ਰਣੁਮੇ ਪਰਮੰਵਚਾ: ॥ ਇਸਟੋਯ ਸਮੈ ਦ੍ਰਿੜ ਮਤਸਿ ਤਤੋ ਵਖਯਾਮਿ ਤੇ ਹਿਤੰ । ਮਨ ਮਨਾਭਵਮਦ ਭਕਤੋ ਮਦਯਾਜੀਮਾਂ ਨਮਸਕੁਰੂ ਮਾਮੈ ਵੇਖਯਸਿ ਸਤਯੰਤੈ ਪ੍ਰਤਿਜਾਨੇ ਪ੍ਰਿਯੋਸਿਮੇ ॥੬੫॥

[ਗੀਤਾ ੧੮ ਧ:

੦ਅਕਾਸ਼ ਤੇ ਪਤਤੰ ਤੋਯੰ ਯਥਾ ਗਛ ਤੇ ਸਾਗਰਿੰ। ਸਰਵ ਦੇਵਾ ਨਮਸ਼ਕਾਰ: ਕੇਸ਼ਵੰ ਪ੍ਰਤਿ ਗਛਤਿ।

[ਵਿਸ਼ਨ ਸਹੰਸਰ ਨਾਮ ੧੩੬ ਸਲੋਕ

---

*ਮੈਂ ਹੀ ਸਾਂ ਭੂਤ ਕਾਲ ਮੈਂ ਸਤ ਅਸਤ ਤੇ ਜੀਵ ਈਸ਼ਵਰ ਤੋ ਪਰੇ ਇਸ ਸਮੇਂ ਬੀ ਮੈਂ ਹਾਂ ਹੋਰ ਦੂਜਾ ਕੋਈ ਨਹੀਂ ਪਰਲੋ ਦੇ ਪਿਛੋਂ ਭੀ ਮੈਂ ਹੀ ਹੋਵਾਂਗਾ।

‡ਮੈਂ ਤੈਨੂੰ ਸਭ ਤੋ ਗੁਪਤ ਗਲ ਕਹਿੰਦਾ ਹਾਂ, ਤੂੰ ਮੇਰੇ ਬਚਨ ਸੁਣ- ਮੈਂ ਅਸਲ ਗਲ ਤੈਨੂ ਦਸਦਾ ਹਾਂ, ਸੋ ਇਹ ਹੈ ਕਿ ਮਨ ਦੀ ਮਨੌਤੀ ਤਜਕੇ ਮੇਰੀ ਭਗਤੀ ਕਰ ਮੇਰੀ ਹੀ ਪੂਜਾ ਕਰ ਮੈਨੂੰ ਹੀ ਮਥਾ ਟੇਕ ਜੋ ਐਸਾ ਕਰਦਾ ਹੈ ਮੈਨੂੰ ਪਿਆਰਾ ਹੈ।

੦ਅਕਾਸ਼ ਤੇ ਡਿਗਾ ਹੋਯਾ ਜਲ ਜੈਸੇ ਕਿਤੇ ਹੋਵੇ ਸਮੁੰਦਰ ਮੈਂ ਚਲਾ ਜਾਂਦਾ ਹੈ, ਤੈਸੇ ਸਰਬ ਦੇਵਤਾਓਂ ਕੋ ਕੀਤੀ ਹੋਈ ਨਮਸਕਾਰ ਪਰਮੇਸ਼ਰ ਨੂੰ ਪਹੁੰਚਦੀ ਹੈ।

ਅਰ ਹੋਰ ਦੇਵਤਾ ਰਿਖੀ ਮੁਨਿ ਅਵਤਾਰ ਦਤਾਤ੍ਰੇਯ ਸ਼ੰਕਰਾਚਾਰਯ ਮੁਹੰਮਦ ਆਦਿਕਾਂ ਨੂੰ ਸਮੇਂ ਸਮੇਂ ਪਰ ਮਿਲਿਆ ਅਰ ਓਹ ਸਭ ਭੁਲਾਇ ਬੈਠੇ ਸੇ, ਜਿਸ ਕਰਕੇ ਗੁਰੂ ਸਾਹਿਬ ਨੂੰ ਸੰਸਾਰ ਵਿਚ ਤਨ ਧਾਰਕੇ ਆਉਣਾ ਪਿਆ, ਅਰ ਗੁਰੂ ਨਾਨਕ ਸਾਹਿਬ ਜੀ ਦੇ ਆਸ਼ਯ (ਏਕੋ ਕਹੀਐ ਨਾਨਕਾ ਦੂਜਾ ਕਾਹੇਕੂ) ਪੂਰਾ ਕਰਨ ਅਰਥਾਤ ਇਕ ਅਕਾਲ ਪੁਰਖ ਦੇ ਨਾਮ ਜਪਾਉਣ ਨੂੰ ਖਾਲਸਾ ਪੰਥ ਪਰਗਟ ਕਰਨਾ ਚਾਹਿਆ। ਗੁਰੂ ਸਰ ਦੀ ਰੀਤੀ ਹੈ ਕਿ ਅਧਿਕਾਰੀ ਨੂੰ ਵਸਤੂ ਅਰ ਪਦਵੀ ਦਿਤੀ ਜਾਏ; ਪੁਤਰ ਆਦਿ ਸਬੰਧ ਦਾ ਕੁਛ ਪਖ ਨਾ ਕੀਤਾ ਜਾਏ ਜਿਹਾ ਕੁ ਗੁਰੂ ਨਾਨਕ ਜੀ ਆਦਿ ਗੁਰੂ ਸਾਹਿਬ ਅਰ ਤਿਨਾਂ ਦੀ ਗੱਦੀ ਨਸ਼ੀਨਾਂ ਨੇ ਪੁਤਰਾਂ ਦੇ ਹੋਂਦਿਆਂ ਗੱਦੀ ਸਿਖਾਂ ਅਰ ਜਵਾਈ ਨੂੰ ਅਰ ਛੋਟੇ ਪੁਤਰ ਅਰ ਪੋਤਰੇ ਅਰ ਬਾਬੇ ਨੂੰ ਦਿਤੀ ਤੇਹਾ ਹੀ ਸਤਿਗੁਰੂ ਚੁਣਨੇ ਲਗੇ। ਖੰਡਾ ਹਥ ਧਰੇ ਬੀਰ ਰਸ ਨਾਲ ਕਰੇ ਹੋਏ ਬੋਲੇ ਕੋਈ ਐਸਾ ਸਿਖ ਹੋਵੇ ਜੋ ਆਪਣਾ ਸੀਸ ਭੇਟ ਕਰੇ ਕਿਉਂਕਿ ਬਚਨ ਹੈ (ਪਹਿਲਾ ਮਰਣੁ ਕਬੂਲ ਜੀਵਣ ਕੀ ਛਡਿ ਆਸ ॥ ਹੋਹੁ ਸਭਨ ਕੀ ਰੇਣਕਾ ਤਉ ਆਉ ਹਮਾਰੈ ਪਾਸ॥) ਵਾਰ ਡਖਣੇ ੨੩ ਸਲੋਕ ਪੁਨ: (ਜੇ ਤਉ ਪ੍ਰੇਮ ਖੇਲਨ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ) ॥

ਸੁਣਕੇ ਸਭ ਲੋਕ ਚਕ੍ਰਿਤ ਹੋਏ ਖੜੇ, ਬੋਲਿਆ ਕੋਈ ਨਹੀਂ, ਦੂਜੀ ਵੇਰ ਵੀ ਸਭ ਚੁਪ ਤੀਜੀ ਵੇਰ ਕਿਹਾ ਤਾਂ ਇਕ ਸਿੱਖ ਉਠ ਖੜੋਤਾ; ਉਸਨੇ ਬੇਨਤੀ ਕੀਤੀ ਜੀ ਮੇਰਾ ਨਾਮ ਦਯਾ ਰਾਮ ਛਤਰੀ ਜਾਤ ਲਾਹੌਰ ਦਾ ਵਸਨੀਕ ਹਾਂ ਮੇਰਾ ਸਿਰ ਹਾਜ਼ਰ ਹੈ। ਸਤਿਗੁਰੂ ਤਿਸ ਨੂੰ ਬਾਹੋਂ ਫੜਕੇ ਤੰਬੂ ਦੇ ਅੰਦਰ ਲੈ ਗਏ। ਚੌਕੀ ਪੁਰ ਬਠਾਯਾ, ਅਰ ਲਹੂ ਭਰੀ ਤਲਵਾਰ ਹੱਥ ਵਿਚ ਲਈ ਬਾਹਰ ਆਇਕੇ ਫੇਰ ਏਸੇ ਤਰ੍ਹਾਂ ਬਚਨ ਕੀਤਾ ਜੋ ਇਕ ਸਿਰ ਹੋਰ ਲੋੜੀਦਾ ਹੈ, ਕੋਈ ਸਿਖ ਐਸਾ ਹੋਵੇ ਜੋ ਆਪਣਾ ਸਿਰ ਦੇਵੇ, ਹਸਤਨਾਪੁਰ ਵਾਸੀ ਇਕ ਧਰਮਾ ਨਾਮੇ ਜਟ ਸਿਖ ਦੀਵਾਨ ਵਿਚੋਂ ਉਠਕੇ ਆਯਾ ਅਰ ਸਿਰ ਚਰਨਾਂ ਅਗੇ ਝੁਕਾਇਆ।। ਇਸਨੂੰ ਭੀ ਸਤਿਗੁਰੂ ਤੰਬੂ ਅੰਦਰ ਲੈ ਗਏ। ਚੌਂਕੀ ਉਪਰ ਬੈਠਾਯਾ, ਜਦ ਲਹੂ ਵਹਿੰਦਾ ਬਾਹਰ ਆਯਾ ਉਸਨੂੰ ਦੇਖਕੇ ਸਭ ਦਾ ਮਨ ਘਬਰਾਯਾ। ਇਤਨੇ ਵਿਚ ਗੁਰੂ ਜੀ ਲਹੂ ਭਰੀ ਤਲਵਾਰ ਲਈ ਬਾਹਰ ਆਏ ਹੋਰ ਇਕ ਸਿਰ ਮੰਗਿਆ ਦੀਵਾਨ ਸਾਰਾ ਡੋਲ ਉਠਿਆ, ਕਈਆਂ ਦੇ ਸਰੀਰ ਕਈਆਂ ਦੇ ਕਲੇਜੇ ਕੰਬ ਉਠੇ ਛਾਤੀ ਧੜਕੀ ਕੋਈ ਕੈਹਣ ਐਸਾ ਵਰ੍ਹੇ ਰਾਤੀ ਦਾ ਦਿਨ ਸੰਗਤਾਂ ਪ੍ਰੇਮ ਭਾਵਨਾ ਨਾਲ ਦੂਰ ਦੂਰ ਦੇਸਾਂ ਤੋਂ ਭੇਟਾ ਲੈਕੇ ਦਰਸ਼ਨ ਨੂੰ ਆਈਆਂ ਹਨ, ਇਨਾਂ ਨੂੰ ਖਬਰ ਨਹੀਂ ਕੀ ਸਿਰੜ

ਚੜ ਗਿਆ ਹੈ। ਗਾਜਰਾਂ ਮੂਲੀਆਂ ਦੀ ਤਰਾਂ ਮਨੁਖ ਵਢੀ ਜਾਂਦੇ ਹਨ। ਕੋਈ ਕਹਿਣ ਭਾਈ ਕਲਿਯੁਗ ਦਾ ਸਮਾਂ ਹੈ ਮਹਾਂਕਾਲੀ ਦੁਰਗਾਦਾ ਦਰਸ਼ਨ ਹੈ, ਸੋ ਤੇਜ ਸਹਾਰਿਆ ਨਹੀਂ ਗਿਆ ਦੇਵੀ ਉਲਟੀ ਪੈ ਗਈ ਹੈ, ਕੋਈ ਕਹਿਣ ਇਨ੍ਹਾਂ ਦੀ ਬੁਧਿ ਉਲਟ ਹੋ ਗਈ ਹੈ, ਪਹਿਲੇ ਸੈਂਕੜੇ ਮਸੰਦ ਸਾੜ ਸੁਟੇ, ਰਾਜਿਆਂ ਨਾਲ ਵਿਰੋਧ, ਪਾਤਸ਼ਾਹ ਨਾਲ ਲੜਾਈ ਵੈਰ ਵਧਾ ਲਿਆ ਹੈ, ਸਿਖ ਸੇਵਾ ਕਰਦੇ ਸੇ ਹੁਣ ਉਨਾਂ ਨੂੰ ਬੀ ਵਢੀ ਜਾਂਦੇ ਹਨ, ਦਰਸ਼ਨ ਜਰ ਨਹੀਂ ਸਕੇ। ਥਾਂ ਥਾਂ ਲੋਕ ਨਿੰਦਾ ਕਰਨ ਲਗੇ। ਬਹੁਤੇ ਹੀ ਲੋਕ ਦੀਵਾਨ ਵਿਚੋਂ ਉਠਕੇ ਚਲੇ ਗਏ ਤਾਂ ਬੀਤੀ ਜਾ ਸਿਖ ਉਠਿਆ ਜੋ ਦੁਵਾਰਕਾ ਤੇ ਆਯਾ ਮੋਹਕਮ ਚੰਦ ਨਾਮ ਜਾਤ ਦਾ ਛੀਂਬਾ ਸੀ, ਇਸਨੇ ਸਿਰ ਭੇਟ ਕੀਤਾ, ਫੇਰ ਚੌਥਾ ਸਿਖ ਫੇਰ ਪੰਜਾ ਆਯਾ ਦੇਖਕੇ ਕਈ ਦੌੜੇ ਗਏ, ਅਰ ਬੋਲੇ ਮਾਤਾ ਜੀ ਗੱਦੀ ਪੋਤਰੇ ਨੂੰ ਦੇਹ ਅਰ ਇਨਾਂ ਨੂੰ ਵਖਰੇ ਅੰਦਰ ਬੈਠਾਇ ਰਖੋ ਜੇ ਕੁਛ ਚਿਰ ਸੁਖੀ ਵਸਣਾ ਹੈ ਅਜ ਐਸਾ ਉੱਤਮ ਦਿਨ ਵਸਾਖੀ ਦਾ ਦੂਰ ਦੂਰ ਦੇਸਾਂ ਤੋਂ ਸੰਗਤਾਂ ਆਈਆਂ ਭਾਂਤ ਭਾਂਤ ਦੀਆਂ ਭੇਟਾਂ ਤਿਨ੍ਹਾਂ ਨ ਚੜਾਈਆਂ ਹਨ, ਗੁਰੂ ਬਾਹੋਂ ਪਕੜ ਤੰਬੂ ਅੰਦਰ ਲਿਜਾਂਦੇ ਅਰ ਗਾਜਰਾਂ ਮੂਲੀਆਂ ਦੀ ਤਰਾਂ ਤਿਨਾਂ ਦੇ ਸਿਰ ਕਟਦੇ ਜਾਂਦੇ ਹਨ ਲਹੂ ਦੇ ਪਰਨਾਲੇ ਵਗ ਤੁਰੇ ਹਨ ਪੰਜ ਸਿਖ ਵਢ ਸੁਟੇ ਹਨ, ਇਸ ਵਿਚ ਕੋਈ ਸੰਦੇਹ ਨਹੀਂ ਕਿ ਗੁਰੂ ਭਾਰੀ, ਪੂਰਾ ਰਿਪਹਾਰੀ ਅਵਤਾਰੀ ਚਮਤਕਾਰੀ, ਖੜਗਧਾਰੀ ਮੁਰਾਰੀ, ਤੇਜਸਵੀ ਬਲਵਾਨ ਪ੍ਰਗਟਿਆ ਹੈ ਪਰ ਮਹਾਂਕਾਲੀ ਆਦਿ ਸ਼ਕਤੀ ਦੀ ਭਾਰੀ ਖੜਗ ਇਸਨੇ ਧਾਰੀ। ਸੋ ਨਹੀਂ ਸਹਾਰੀ ਗਈ। ਇਸ ਤਰਾਂ ਥਾਂਓ ਥਾਂਈ ਚਰਚਾ ਹੋਣ ਲਗੀ ਪਰ ਗੁਰੂ ਜੀ ਦੀ ਅਗਾਧਗਤੀ ਨੂੰ ਕੌਣ ਜਾਣੇ।

ਹੁਣ ਗੁਰੂ ਸਾਹਿਬ ਉਨ੍ਹਾਂ ਪੰਜਾ ਸਿਖਾਂ ਨੂੰ ਨਾਲ ਲੈਕੇ ਬਾਹਰ ਨਿਕਲੇ, ਸਿੰਘਾਸਨ ਪਰ ਆਪ ਬੈਠੇ ਅਰ ਤਿਨ੍ਹਾਂ ਨੂੰ ਸ਼ਨਾਨ ਕਰਵਾਇ ਨਵੀਨ ਬਸਤ੍ਰ ਪੈਹਨਾਇ ਸ਼ਸਤ੍ਰਾਂ ਦਾ ਕਮਰਕਸਾ ਕਰਾਇ ਆਗਯਾ ਦਿਤੀ ਜੋ ਤੁਸੀਂ ਸਿਰ ਦੇ ਚੁਕੇ ਹੋ, ਤਾਂਤੇ ਤਨ ਧਨ ਜਾਤੀ ਅਭਿਮਾਨੀ ਸਾਕ ਸੰਬੰਧ ਕੁਲ ਕਾਨ ਤਿਆਗਕੇ ਕਰਤਾਰ ਦੇ ਹੋ ਗਏ ਸੰਸਾਰ ਵਲੋਂ ਮਰਕੇ ਸਤਿਗੁਰੂ ਦੇ ਘਰ ਜਨਮੇ ਹੋ ਤਾਂਤੇ ਸਚਿਆਈ ਅਰ ਉਪਕਾਰ ਅਰ ਧਾਰਮਿਕ ਜੀਉਣ ਵਿਚ ਜੀਵੋ ਸੋ ਦੋਨੋਂ ਹਥ ਜੋੜ ਸਨਮੁਖ ਹੋਏ, ਸ੍ਰੀ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰਨ ਲਗੇ ਅਰ ਆਪ ਸਰਬ ਲੋਹ ਦੇ ਪਾਤਰ ਵਿਚ ਸਤਦਰਵ ਨਦੀ ਦਾ ਪਵਿੱਤਰ ਜਲ ਪਾਇ ਖੰਡਾ ਫੇਰਕੇ ਆਦਿ ਮੰਤਰ ਸ੍ਰੀ ਜਪੁਜੀ, ਜਾਪ ਜੀ, ਸੁਧਾ ਸਵੱਯੇ ਅਰ ਚੌਪਈ (ਹਮਰੀ ਕਰਹੁ ਹਾਥ ਦੈ ਰਛਾ) ਸੰਪੂਰਨ ਅਨੰਦ

ਸਾਹਿਬ ਜੀ ਦਾ ਪਾਠ ਕਰਕੇ ਖੜੇ ਹੋਏ ਇਕ ਅਕਾਲ ਪੁਰਖ ਦਾ ਧਿਆਨ ਧਰ ਚੰਡੀ ਦੀ ਵਾਰ ਦੀ ਪਹਿਲੀ ਪੌੜੀ ਪੜ੍ਹ ਕਰ ਅਰਦਾਸ ਕੀਤੀ, ਇਸ ਤਰਾਂ ਅੰਮ੍ਰਿਤ ਤਿਆਰ ਹੋਇਆ।

ਇਸ ਸਮਯ ਸਾਹਿਬ ਰਾਮ ਕੌਰ ਜੀ ਨੇ ਅੰਦਰ ਮਾਤਾ ਜੀ ਦੇ ਪਾਸ ਪਹੁੰਚਕੇ ਸਭ ਬ੍ਰਿਤਾਂਤ ਸੁਣਾਇਆ। ਮਾਤਾ ਜੀ ਨੇ ਤਤਛਿਨ ਝੋਲੀ ਵਿਚ ਪਤਾਸੇ ਲਏ ਅਰ ਬਾਹਰ ਆਇਕੇ ਅੰਮ੍ਰਿਤ ਵਿਚ ਪਾਏ ਦਿਤੇ ਅਰ ਆਪ ਫਿਰ ਅੰਦਰ ਚਲੀ ਗਈ ਇਸ ਕੰਮ ਤੇ ਸਤਿਗੁਰੂ ਪ੍ਰਸੰਨ ਹੋਏ ਅਰ ਸੰਗਤ ਨੇ ਭੀ ਮਾਤਾ ਜੀ ਦਾ ਅਤਿ ਧੰਨਵਾਦ ਕੀਤਾ ਜੋ ਮਾਤਾ ਨੇ ਖਾਲਸਾ ਆਪਣਾ ਪੁਤਰ ਜਾਣਕੇ ਬੜੀ ਕ੍ਰਿਪਾ ਕੀਤੀ, ਜੇਹੜੀ ਵਿਚ ਮਿਠਾਸ ਪਾਇ ਦਿਤੀ, ਕਿਉਂਕਿ ਅੰਮ੍ਰਿਤ ਤਿਆਰ ਕਰਦਿਆਂ ਇਕ ਚੁਲਾ ਵਿਚੋਂ ਹੋਰ ਭਾਂਡੇ ਵਿਖੇ ਪਾਇ ਸਤਿਗੁਰੂ ਨੇ ਪਾਸ ਰਖਿਆ ਉਸ ਵਿਚੋਂ ਦੋ ਚਿੜਿਆਂ ਨੇ ਪੀਤਾ, ਸੋ ਪੀਂਦਿਆਂ ਹੀ ਐਸੇ ਘੋਰ ਜੁਧ ਕਰਨੇ ਲਗੇ ਜੋ ਹਟੇ ਨਹੀਂ ਜਦ ਤਕ ਉਨ੍ਹਾਂ ਵਿਖੇ ਪ੍ਰਾਣ ਰਹੇ, ਇਸੇ ਤਰਾਂ ਖਾਲਸਾ ਜੀ ਨੇ ਭੀ ਲੜਨਾ ਸੀ, ਪਰ ਮਾਤਾ ਜੀ ਨੇ ਮਿਠਾਸ ਮਿਲਾਇ ਮੈਤਰੀ ਦਾ ਬੀਜ ਬੋਯਾ।

ਹੁਣ ਗੁਰੂ ਸਾਹਿਬ ਨੇ ਆਪਣੇ ਸਨਮੁਖ ਖੜੇ ਕਰ ਪਹਿਲੇ ਸ੍ਰੀ ਜਪੁਜੀ ਦੀ ਪ੍ਰਥਮ ਪੌੜੀ ਦਾ ਪਾਠ ਤਿਨ੍ਹਾਂ ਤੇ ਕਰਾਇ ਪੰਜ ਵੇਰ ਕਰਕੇ ਪੰਜ ਚੁਲੇ ਛਕਾ ਪੰਜ ਛਟੇ ਨੇਤਰਾਂ ਪੁਰ ਲਾਏ ਪੰਜ ਕੇਸਾਂ ਵਿਖੇ ਪਾਇ ਗੁਰ ਮੰਤਰ ਨਾਲੋਂ ਨਾਲ ਬੋਲ ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹ॥ ਕਹਾਉਂਦੇ ਗਏ। ਉਪਰੰਤ ਆਦਿ ਪੌੜੀ ਪੜ੍ਹਾਇ ਤਿਨਾਂ ਦਾ ਜਨਮ ਸਥਾਨਵਾਸੀ ਨਾਮ ਅਰ ਪੁਛਕੇ ਪਹਿਲੇ ਦਾ ਨਾਮ ਦਯਾ ਸਿੰਘ ਦੂਜੇ ਦਾ ਨਾਮ ਧਰਮ ਸਿੰਘ ਤੀਜੇ ਦਾ ਨਾਮ ਹੁਕਮ ਸਿੰਘ ਚਉਥੇ ਦਾ ਸਾਹਿਬ ਸਿੰਘ ਪੰਜਵੇਂ ਦਾ ਹਿੰਮਤ ਸਿੰਘ ਨਾਮ ਰਖਿਆ। ਅਰ ਜਨਮ ਪਟਣੇ ਦਾ ਵਾਸੀ ਅਨੰਦਪੁਰ ਦੀ ਕਹਿਣੀ ਆਪ ਸੋਢ ਬੰਸ ਖਾਲਸਾ ਬਣਾਇ ਆਪਣੀ ਜੋਤ ਪ੍ਰਦਾਨ ਕਰਕੇ ਆਪ ਸਮਾਨ ਪ੍ਰਧਾਨ ਨਿਜ ਰੂਪ ਕੀਤਾ, ਅਰ ਰਹਿਤਾਂ ਰੀਤਾਂ ਦਸੀਆਂ ਮੀਣੇ, ਮਸੰਦ ਧੀਰਮਲੀਏ ਸਿਰ ਗੁੰਮ, ਇਨ੍ਹਾਂ ਪੰਜਾਂ ਨਾਲ ਮੇਲ ਨਹੀਂ ਕਰਨਾ, ਨੜੀ ਮਾਰ ਕੁੜੀ ਮਾਰ ਦੀ ਸੰਗਤ ਨਹੀਂ ਕਰਨੀ, ਜੂਠ ਝੂਠ ਜੂਆ ਪਰ ਧਨ ਪਰ ਇਸਤਰੀ ਰੰਗ ਸੂਹਾ, ਅਧੇ ਨਾਉਂ ਤੇ ਬੋਲਨਾ ਯਾ ਕਿਸੇ ਨੂੰ ਸਦਨਾ ਸਿਖ ਦਾ ਮੂੰਹ ਫਿਟਕਾਰਨਾ, ਨੰਗੇ ਸਿਰ ਰਹਿਣਾ, ਖਾਣਾ ਸੌਣਾ ਬਹਿਣਾ ਕਦੇ ਨਹੀਂ, ਕੇਸਾਂ ਦਾ ਅਦਬ ਰਖਣਾ। ਕੇਸ ਉਤਾਰਨੇ,

ਤਮਾਕੂ ਪੀਣਾ ਬਰਤਨਾਂ ਕੁਠਾ ਖਾਣਾ ਪਰਇਸਤ੍ਰੀ ਸੰਗ ਇਨ੍ਹਾਂ ਚਾਰ ਕੁਰਹਿਤਾਂ ਦਾ ਮੂਲੋਂ ਤਿਆਗ ਕਰਨਾ ਕੇਸ ੧ ਕੱਛ ੨ ਕ੍ਰਿਪਾਨ ੩ ਕੰਘਾ ੪ ਕੜਾ ੫ ਏਹ ਪੰਜ ਕਕੇ ਸਦਾ ਧਾਰਨ ਕਰਨੇ, ਜਪ ਜਾਪ ਪੜੇ ਬਿਨਾਂ ਪ੍ਰਸ਼ਾਦ ਨਹੀਂ ਛਕਣਾ ਸੰਧਿਆ ਨੂੰ ਰਹਿਰਾਸ, ਸੌਣ ਸਮੇਂ ਸੋਹਲਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਦਰਸ਼ਨ ਸ਼ਬਦ ਸਾਧ ਸੰਗਤ ਨਾਲ ਮੇਲ ਨਿਤ ਕਰਨਾ, ਦਿਨ ਵਾਰ ਗੁਰਪੁਰਬ ਕਰਨੇ, ਕੜਾਹ ਪ੍ਰਸ਼ਾਦਿ ਵਰਤਾਉਣਾ, ਸਿਖਾਂ ਅਭਯਾਗਤਾਂ ਦਾ ਸਤਕਾਰ, ਸ਼ਸਤਰ ਵਿਦਯਾ ਘੋੜੇ ਦੀ ਸਵਾਰੀ ਕਰਨੀ, ਗੁਰਮੁਖੀ ਵਿਦਯਾ ਸਿਖਣੀ, ਸਚ ਬੋਲਣਾ ਧਰਮ ਦੀ ਕਿਰਤ ਕਰਨੀ ਦਸਵੰਧ ਵਾਹਿਗੁਰੂ ਨਮਿਤ ਦੇਣਾ, ਮਾਤਾ ਪਿਤਾ ਵਿਦਯਾ ਦਾਤਾ ਗੁਰੂ ਦਾ ਆਦਰ ਕਰਨਾ, ਇਤਯਾਦਿ ਰਹਿਤਾਂ ਦ੍ਰਿੜਾਈਆਂ ਅਰ ਬਚਨ ਕੀਤਾ, ਦੁਸ਼ਟਾਂ ਦਾ ਨਾਸ ਹੋਵੇਗਾ, ਮੈਂ ਤੁਹਾਨੂੰ ਰਾਜਯੋਗ ਦਿਤਾ ਹੈ, ਅਰ ਦੇਗ ਤੇਗ ਫਤਹ ਤੁਹਾਡੀ ਹੋਵੇਗੀ, ਦੁਖ ਸੁਖ ਆਦਿ ਸਰਬ ਸਮੇਂ ਵਿਖੇ ਮਹਾਂਕਾਲ ਦੀ ਸ਼ਰਨ ਹੋਣਾ, ਤੁਰਕ ਮਲੇਛ ਦਾ ਵਿਸਾਹ ਨਹੀਂ ਕਰਨਾ, ਇਤਯਾਦਿ ਅਨੇਕਾਂ ਰਹਿਤਾਂ ਦਸਕੇ ਪਿਛਲੇ ਪਾਪ ਖਿਮਾ ਅਗੋਂ ਨਵਾਂ ਜਨਮ ਕਰਕੇ ਬਲ ਬੀਰਤਾ ਬੁਧਿ ਬਿਨਯਤਾ ਰਾਜ ਤੇਜ ਬਸੁਧਾ ਵਡਿਆਈ ਬਖਸ਼ੀ ਕਿ ਗੁਰੂ ਖਾਲਸਾ ਖਾਲਸਾ ਗੁਰੂ।

ਸ੍ਵੈਯਾ॥ ਜੋ ਧਰਨੀ ਹਰਨਾਛ ਹਰੀ ਬਰ ਜੀਤ ਕੈ ਬਾਮਨ
ਬ੍ਯਾਹ ਲਯਾਯੋ ॥ ਬਾਰ ਇਕੀਸ ਛਿਤੀਸ ਬਿਦਾਰ ਕੈ ਜਾਂ
ਭ੍ਰਿਗੁ ਨੰਦਨ ਬਿਪ੍ਰ ਰਿਝਾਯੋ ॥ ਜਾਂ ਲਗ ਦੇਵਨ ਖਯਤਰਨ
ਕੇ ਗਨ ਜੂਝ ਮਰੇ ਕਿਛ ਪਾਰ ਨ ਪਾਯੋ ॥ ਸੋ ਧਰਨੀ ਗੁਰ
ਦੇ ਨਿਜ ਖਾਲਸੇ ਚੱਛੂ ਤਰੇ ਕਰਕੇ ਸਿਰ ਨਯਾਯੋ ॥ ੬੧ ॥

ਇਸ ਵੇਲੇ ਪਰੇਮ ਨਾਲ ਗਦ ਗਦ ਹੋਏ ਪੰਜਾਂ ਪਯਾਰਿਆਂ ਨੇ ਦੋਨੋਂ ਹਥ ਜੋੜਕੇ ਬੇਨਤੀ ਕੀਤੀ:-

ਯਥਾ-ਸਵੈਯਾ ॥

ਦੀਨ ਅਧੀਨ ਕਮੀਨ ਸਦਾ ਹਮ ਜੰਤ ਅਨਾਥ ਮਹਾਂ
ਬੁਰਿਆਰੀ । ਕਾਮਰੁ ਕ੍ਰੋਧ ਸੁਰ ਦਾਰਿਦ ਚੌਪਤ ਝੂਠ ਔ ਲੋਭ
ਪਰੇਮਧ ਜਾਰੀ । ਘੋਰ ਹੁਤੇ ਬਿਪਤਾ ਦਲ ਸੰਕਟ ਆਵਨ
ਜਾਨ ਸਿਰੂਪਰ ਭਾਰੀ ॥ ਅੰਮਰਤ ਪਾਇ ਬਚਾਇ ਲਏ
ਗੁਰੂ ਕੌਨ ਕਹੈ ਉਪਮਾ ਜੁ ਤਿਹਾਰੀ ॥ ੧ ॥ ਰੰਕਨ
ਜੌਤਲ ਕੇ ਹਮ ਬਾਰਿਕ ਤੈ ਕਰਕੇ ਸੁ ਨਿਵਾਜੇ ॥ ਕੰਚਨ

ਭੈ ਜੁ ਮਨੂਰਹ ਤੇ ਰਵਿ ਜਾਇਕ ਕੋ ਸਭਹੀ ਡਰ ਭਾਜੇ।
ਊਰ ਭਏ ਸਭ ਹੀ ਜਗ ਮੈਂ ਕਰ ਆਯੁਧ ਲੇ ਬਸੁਧਾਮਧ
ਗਾਜੇ। ਤ੍ਰੈ ਪਦ ਪੰਕਜ ਕੇ ਬਲ ਤੇ ਪ੍ਰਭ ਜੰਤੁ ਭਏ
ਹਮ ਰਾਜਨ ਰਾਜੇ ॥ ੨ ॥

ਕਿਰਪਾ ਨਿਧਾਨ ਸਤਿਗੁਰੂ ਨੇ ਤਿਨ੍ਹਾਂ ਨੂੰ ਪੰਜ ਪਿਆਰੇ ਨਾਮ ਤੇ ਪਰਸਿਧ ਕੀਤਾ, ਅਰ ਤਿਨਾਂ ਤੇ ਆਪ ਅੰਮ੍ਰਿਤ ਛਕਕੇ ਰੀਤੀ ਚਲਾਈ, ਅਰ ਦਯਾ ਸਿੰਘ ਜੀ ਤੇ ਸਾਹਿਬਜ਼ਾਦਿਆਂ ਨੂੰ ਅੰਮ੍ਰਿਤ ਛਕਾਇਆ। ਇਸਤਰਾਂ ਇਹ ਅਕਾਲਪੁਰਖ ਦੀ ਆਗਿਆ ਅਨੁਸਾਰ ਪੰਥ ਪ੍ਰਗਟਾਇਆ, ਇਨਾਂ ਪੰਜਾਂ ਤੇ ਫੇਰ ਚਾਲੀ ਮੁਕਤੇ ਸਿੰਘ ਹੋਏ, ਦਿਨਾਂ ਵਿਖੇ ਵਧਦੇ ਵਧਦੇ ਐਨੇ ਵਧੇ ਜੋ ਹਜ਼ਾਰਾਂ ਨੇ ਅੰਮ੍ਰਿਤ ਛਕਿਆ। ਆਪਣਾ ਤਨ ਮਨ ਧਨ ਸਿਰ ਤਕ ਗੁਰੂ ਅਰਪਨ ਕਰਕੇ ਹਉਮੈਂ ਮਮਤਾ ਤੇ ਨਿਰਲੇਪ ਰਹੇ, ਸਮੂਹ ਖਾਲਸੇ ਦਾ ਭਰੋਸਾ ਇਕ ਅਕਾਲ ਪੁਰਖ ਦੇ ਉਪਰ ਅਰ ਭਾਣੇ ਵਿਚ ਪ੍ਰਸੰਨ ਰਹਿਣਾ ਇਹ ਤਪ ਸੀ। ਖਜ਼ਾਨਾ ਖਾਲਸੇ ਦਾ ਇਕ, ਲੰਗਰ ਇਕ ਹੁੰਦਾ ਸੀ–ਸੰਮਤ ਨਾਨਕ ਸ਼ਾਹੀ ੨੩੦ ਬਿਕ੍ਰਮੀ ੧੭੫੬ ਮਿਤੀ ਵਿਸਾਖੋਂ ੧ ਐਤਵਾਰ ਸਵਾ ਪਹਿਰ ਦਿਨ ਚੜੇ ਖਾਲਸਾ ਪੰਥ ਪ੍ਰਗਟਿਆ ਇਸ ਕਾਰਨ ਵਿਸਾਖੀ ਗੁਰਪੁਰਬ ਦਾ ਦਿਨ ਠਹਿਰਿਆ ਹੈ, ਇਸ ਦਿਨ ਯਥਾ ਸ਼ਕਤਿ ਕੜਾਹ ਪ੍ਰਸ਼ਾਦਿ ਸ਼ਬਦ ਕੀਰਤਨ ਸੰਗਤ ਦਾ ਦੀਵਾਨ ਲਗਾਇਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਭੋਗ ਖਾਲਸੇ ਦੇ ਜਨਮ ਦੀ ਕਥਾ ਸੁਣਕੇ ਆਨੰਦ ਮਨਾਓ। ਜਿਨ੍ਹਾਂ ਨੇ ਅਜੇ ਤਕ ਅਮ੍ਰਿਤ ਨਹੀਂ ਛਕਿਆ ਉਹਨਾਂ ਨੂੰ ਜਹਾਜ ਚੜ੍ਹਾਓ ਸਤਿਗੁਰੂ ਦੇ ਉਪਦੇਸ਼ ਅਰ ਪਰੋਪਕਾਰ ਸੁਣਾਓ, ਨਿਸੰਗ ਹੋਕੇ ਗੁਰੂ ਕਾ ਜਸ ਗਾਓ, ਅਰਦਾਸ ਕਰਕੇ ਪਿਛਲੀਆਂ ਤਨਖਾਹਾਂ ਬਖਸ਼ਾਓ, ਅਗੋਂ ਕੱਛ ਕ੍ਰਿਪਾਨਾਦਿ ਰਹਿਤ ਰਖਣ ਦਾ ਨੇਮ ਠਹਿਰਾਓ, ਅਰ ਮਨ ਨੂੰ ਗੁਰਮੁਖ ਕਰਕੇ ਸਚ ਖੰਡ ਦਾ ਅਧਿਕਾਰੀ ਬਣਾਓ (ਕਹਿ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ) ॥ ਇਤਿ ॥

*

ਵਖਯਾਨ ੩੬

ਦੋਹਰਾ–ਕਲਗੀਧਰ ਦਸਮੇਸ਼ ਗੁਰ ਛਾਪ ਦਈ ਸਿਰ ਕੇਸ ॥
ਧਰੀ ਖਾਲਸਾ ਪੰਥ ਨੇ ਤਾਂਤੇ ਭਯੋ ਸੁਬੇਸ ॥ ੧ ॥

(੧) ਖਾਲਸਾ ਜੀ ਦੇ ਸਰੀਰਕ ਇਨਾਂ ਵਿਚੋਂ ਸਭ ਤੇ ਵਡਾ ਚਿਨ੍ਹ

ਅਰ ਜਿਸਦਾ ਹੋਣਾ ਅਤਿ ਅਵਸ਼ ਹੈ ਸੋ ਕੇਸ ਹਨ । ਯਦਿ ਸਿਰ ਪਰ ਕੇਸ ਹਨ, ਅਤ ਕੰਘਾ ਕ੍ਰਿਪਾਨ ਕੱਛ ਕੜਾ ਏਹ ਚਾਰੇ ਹੀ ਨਾ ਹੋਣ, ਅਮ੍ਰਿਤ ਬੀ ਨਾ ਛਕਿਆ ਹੋਵੇ, ਤਾਂ ਬੀ ਉਸ ਨੂੰ ਸਿਖ ਕਹਿੰਦੇ, ਅਰ ਭਾਵੇਂ ਓਹ ਸਰਵਰੀਆਂ ਹੋਵੇ ਨਾਮਦੇਵੀ ਹੋਵੇ, ਬਿਖਿਆ ਪਾਨੀ ਹੋਵੇ ਤਾਂ ਬੀ ਉਸਦੇ ਦਰਸ਼ਨ ਮਾਤਰ ਤੇ ਸਿੰਘ ਹੋਣੇ ਦਾ ਭ੍ਰਮ ਹੋ ਸਕਦਾ ਹੈ, ਕੀ ਜਾਣੀਏ ਏਹ ਸਿੰਘ ਹੋਵੇ ? ਪਰੰਤੂ ਕੱਛ ਕ੍ਰਿਪਾਨ ਕੜਾ ਕੰਘਾ ਚਾਰੇ ਨਸ਼ਾਨ ਹੋਰ ਬੀ ਸਾਰਾ ਸਿਖੀ ਦਾ ਸਮਾਨ ਹੋਵੇ ਪਰ ਇਕ ਕੇਸ ਨਾ ਹੋਣ ਤਾਂ ਉਸਨੂੰ ਸਿਖ ਨਾ ਕੋਈ ਕਹਿੰਦਾ ਨਾ ਸਮਝਦਾ ਅਰ ਨਾ ਸੰਦੇਹ ਕਰਦਾ ਹੈ, ਤਾਂਤੇ ਕੇਸ ਹੋਣੇ ਅਤਿ ਆਵਸ਼ਯ ਹਨ । ਜਿਸ ਦੇ ਸਿਰ ਪਰ ਕੇਸ ਹਨ, ਹੋਰ ਕੋਈ ਰਹਿਤ ਨਹੀਂ ਹੈ ਸੰਭਵ ਹੈ ਕਿ ਕਦੀ ਓਹ ਅਮ੍ਰਿਤ ਛਕ ਕੇ ਰਹਿਤਵਾਨ ਹੋ ਜਾਵੇ, ਪਰ ਜਿਸਦੇ ਸਿਰ ਪੁਰ ਕੇਸ ਨਹੀਂ ਉਸ ਪਰ ਕੋਈ ਉਮੇਦ ਨਹੀਂ ਪੈ ਸਕਦੀ ਕਿ ਏਹ ਸਤਿਗੁਰੂ ਦਾ ਪ੍ਰੇਮੀ ਹੈ, ਵਾ ਸਿਖ ਹੈ, ਅਤ ਜਿਸ ਨੇ ਰਖਕੇ ਉਤਾਰ ਦਿਤੇ ਹਨ ਅਥਵਾ ਸੰਤਾਨ ਆਪਣੇ ਪੁਤ੍ਰਾਂ ਦੇ ਸਿਰਪੁਰ ਨਹੀਂ ਰਖਾਏ ਓਹ ਫਿਰ ਗੁਰੂ ਸਖੀ ਤੇ ਖਾਰਜ ਪੰਥ ਨੂੰ ਕਲੰਕ ਰੂਪ ਅਰ ਹੋਰਨਾਂ ਵਾਸਤੇ ਬੁਰਾ ਨਮੂਨਾ ਹੈ।

(੨) ਕੇਸ ਕੁਦਰਤੀ ਚਿੰਨ੍ਹ ਹੈ ਜਿਨਾਂ ਦਾ ਹੋਣਾ ਕੁਦਰਤ ਅਰਥਾਤ ਈਸ਼ਵਰੀਯ ਇਛਾ ਹੈ, ਕਿਉਂਕਿ ਯਦੀ ਦੋ ਸੋ ਵਾਰ ਉਮਰ ਭਰ ਵਿਚ ਉਤਾਰੇ ਜਾਣ ਤਾਂ ਬੀ ਸ਼ੀਘਰ ਹੀ ਫੇਰ ਉਪਜਦੇ ਹਨ।

(੩) ਸਰੀਰ ਦੀ ਅੰਤਰੀਯ ਪੁਸ਼ਟੀ ਨਾਲ ਇਹ ਪੁਸ਼ਟ ਅਰ ਘਨੇ ਹੁੰਦੇ ਹਨ, ਜੁਬਾ ਅਵਸਥਾ ਅਰ ਬਲ ਦਾ ਨਿਸ਼ਾਨ ਹਨ।

(੪) ਸਰੀਰ ਦੀ ਅਰੋਗਤਾ ਨਾਲ ਕੇਸਾਂ ਦਾ ਪੂਰਾ ਸਬੰਧ ਹੈ, ਏਹ ਸਰੀਰ ਦੀ ਅਸਥਿ ਧਾਤੂ ਸੋ ਉਪਜੀ ਉਪਧਾਤੂ ਹੈ ਇਨਾਂ ਦੇ ਸਰੂਪ ਬਦਲਨੇ ਨਾਲ ਰੋਗ ਅਰ ਅਰੋਗਤਾ ਦੀ ਪੂਰੀ ਜਾਚ ਹੋ ਸਕਦੀ ਹੈ, ਜਦ ਤਕ ਕੇਸ ਕਾਲੇ ਚਮਕੀਲੇ ਲਚਕਨੇ ਪਕੇ ਰਹਿਣ ਨਾ ਉਖੜਦੇ ਨਾ ਟੁਟਦੇ ਹੋਣ, ਤਾਂ ਜਾਣੋ ਕਿ ਮਨੁਖ ਅਰੋਗ ਹੈ, ਅਰ ਸਰੀਰ ਦੀ ਉਤਮ ਰੀਤੀ ਨਾਲ ਪਾਲਨਾ ਹੋ ਰਹੀ ਹੈ। ਜਿਉਂ ਜਿਉਂ ਅਵਸਥਾ ਵਿਚ ਭੇਦ ਹੁੰਦਾ ਹੈ, ਕੇਸਾਂ ਦਾ ਰੰਗ ਬਦਲਦਾ ਹੈ ਕੱਕਾ ਚਿਟਾ ਪੀਲਾ ਹੁੰਦਾ ਹੈ। ਕੋਈ ਲੋਕ ਕਲਪ ਲਾਕੇ ਸਿਰ ਦਾੜ੍ਹੀ ਦੇ ਕੇਸ ਰੰਗ ਕੇ ਕਾਲੇ ਕਰਦੇ ਹਨ, ਪਰ ਇਸ ਰੰਗ ਨਾਲ ਨਾ ਅਵਸਥਾ ਵਿਚ ਨਾ ਅਰੋਗਤਾ ਵਿਚ ਨਾ ਹੀ ਲੋਕਾਂ ਦੇ ਦੇਖਣ ਵਾਲਾ ਤੁਰਤ ਪਛਾਣ ਜਾਂਦਾ ਹੈ; ਇਸੇ ਕਾਰਨ ਗੁਰੂ ਸਾਹਿਬ ਜੀ ਆਗਯਾ ਨਹੀਂ ਮਿਲੀ,

ਕਿ ਖਾਲਸਾ ਕਲਪ ਲਾਵੇ।

(੫) ਸਫਾਈ ਰਖਣੀ, ਉਜਲੇ ਸੁਥਰੇ ਨਿਰਮਲ ਰਹਿਣਾ ਉਦਮੀ ਹੋਣਾ ਅਰੋਗਤਾ ਦਾ ਮੂਲ ਹੈ, ਅਰ ਅਰੋਗਤਾ ਸੰਸਾਰ ਵਿਚ ਇਕ ਅਦ੍ਵਿਤੀਯ ਪਦਾਰਥ ਹੈ; ਜਿਸ ਨਾਲ ਉਮਰਾ ਵਧਦੀ ਅਰ ਸੁਖ ਪ੍ਰਾਪਤਿ ਹੁੰਦਾ ਹੈ, ਸੋ ਉਦਮ ਅਰ ਸਫਾਈ ਨਿਰਮਲਤਾਈ ਤੇ ਪ੍ਰਾਪਤਿ ਹੁੰਦੀ ਹੈ, ਅਰ ਕੇਸਾਂ ਤੇ ਤੁਰਤ ਜਾਣੀ ਜਾਂਦੀ ਹੈ, ਜਿਸ ਇਸਤ੍ਰੀ ਜਾਂ ਪੁਰਸ਼ ਦੇ ਸਿਰ ਮੂੰਹ ਦੇ ਕੇਸ ਸੁਥਰੇ ਹਨ ਜਾਣੋ ਇਹ ਉਦਮੀ ਅਰ ਬੁਧਿਮਾਨ ਹੈ। ਮੈਲੇ ਹੋਣ ਤਾਂ ਜਾਣੋ ਦਲਿਦ੍ਰੀ ਆਲਸੀ ਮੂਰਖ ਹੈ। ਇਨ੍ਹਾਂ ਦਾ ਸਾਰ ਨਿਰਮਲ ਹੋਣਾ ਹੀ ਸ਼ਿੰਗਾਰ ਹੈ। ਕੇਸਾਂ ਨੂੰ ਦੂਜੇ ਤੀਜੇ ਦਿਨ ਧੋਂਦੇ ਰਹਿਣਾ ਅਰ ਨਿਤ ਕੰਘਾ ਕਰਨ ਨਾਲ ਨਿਰੇ ਸੁਥਰੇ ਅਰ ਨਿਖਰੇ ਹੋਏ ਹੀ ਨਹੀਂ ਹੁੰਦੇ, ਸਗਮਾਂ ਲੰਮੇ ਅਤੇ ਸੋਹਣੇ ਹੋ ਜਾਂਦੇ ਹਨ। ਜੇ ਕੋਈ ਨਾ ਧੋਵੇ ਅਰ ਨਾਂ ਕੰਘਾ ਫੇਰੇ ਉਸਦੇ ਸਿਰ ਦਾੜੀ ਦੇ ਕੇਸ ਕੇਵਲ ਕਰੂਪ ਹੀ ਨਹੀਂ, ਸਗਮਾਂ ਰੁਖੇ ਅਰ ਖੁਸਨੇ ਟੁਟਣੇ ਹੋ ਜਾਂਦੇ ਹਨ, ਅਰ ਤਿਨਾਂ ਦੇ ਵਿਚ ਜੂੰਆਂ ਪੈ ਜਾਂਦੀਆਂ ਹਨ, ਜੋ ਘ੍ਰਿਣਾ ਦਾ ਕਾਰਨ ਹੁੰਦੀਆਂ ਹਨ।

(੬) ਮਿਸਿਸ ਐਫ. ਏ. ਸਟੀਲ ਸਾਹਿਬਾ ਡਿਪਟੀ ਕਮਿਸ਼ਨਰ ਹਿਸਾਰ ਦੀ ਸੁਪਤਨੀ ਅਰ ਸੂਬੇ ਪੰਜਾਬ ਦੇ ਜਨਾਨੇ ਸਕੂਲਾਂ ਦੀ ਇੰਨਸਪੈਕਟਰਾ ਰਹੀ ਹੈ, ਆਪਣੀ ਰਚੀ ਹੋਈ 'ਸੁਘੜ ਬੀਬੀ' ਨਾਮੇ ਪੋਥੀ ਦੇ ਦੂਸਰੇ ਭਾਗ ਸਫਾ ੨੦੯ ਸਤਰ ਅਠਵੀਂ ਵਿਚ ਇਸਤ੍ਰੀਆਂ ਨੂੰ ਸਿਖਿਆ ਦਿੰਦੀ ਹੈ, ਕਿ (ਤੁਸਾਂ ਡਿਠਾ ਹੋਵੇਗਾ, ਜੋ ਸਿਖਾਂ ਦੇ ਸਿਰ ਪੁਰ ਕੇਸ ਕੇਹੇ ਸੁੰਦਰ ਲਗਦੇ ਅਰ ਸੋਭਾ ਦਿੰਦੇ ਹਨ, ਕਿਉਂ ? ਇਸ ਕਾਰਨ ਜੋ ਉਨਾਂ ਵਿਚ ਕੇਸਾਂ ਦਾ ਸੁਰਤ ਸਮਾਲ ਰਖਣੀ, ਧੋਂਦੇ ਰਹਿਣਾ ਕੰਘਾ ਫੇਰਨਾ ਧਾਰਮਿਕ ਰਹਿਤ ਹੈ, ਚੰਗੇ-ਸੁਥਰੇ ਹੋਣਾ ਨਿਰਸੰਦੇਹ ਬੜੀ ਸੁੰਦਰਤਾਈ ਹੈ) ਦੂਜੇ ਮਤਾਂ ਦੇ ਕੇਸਾਂ ਦੀ ਵਡਿਆਈ ਕਰਨ, ਪਰ ਅਫਸੋਸ ਹੈ ਉਨਾਂ ਪੁਰ ਜੋ ਮੂੰਹ ਸਿਰ ਮਨਾਉਂਦੇ ਅਰ ਕੇਵਲ ਲਚਕਣੇ ਹੋਣੇ ਦੀ ਥਾਂ ਤਿੰਨਾਂ ਨੂੰ ਸਦੀਆਂ ਸਮਾਨ ਤਿਖੇ ਬਣਾਉਂਦੇ ਹਨ, ਕਰਤਾਰ ਨੇ ਤਿੰਨਾਂ ਨੂੰ ਮਰਦ ਬਣਾਯਾ, ਅਤੇ ਓਹ ਘੋਟਾ ਫਿਰਾਉਂਦੇ ਅਰ ਇਸਤ੍ਰੀਆਂ ਵਰਗਾ ਚੇਹਰਾ ਕਰਾਉਂਦੇ ਨਹੀਂ ਲਜਾਉਂਦੇ ਹਨ।

(੭) ਕਈ ਡਾਕਟਰ ਸਾਹਿਬਾਨ ਦੀ ਰਾਇ ਹੈ, ਕਿ ਸਿਰ ਮੂਲੋਂ ਮੁੰਡਿਆ ਹੋਯਾ ਸੋਭਾ ਭੀ ਨਹੀਂ ਦਿੰਦਾ, ਅਰ ਬਹੁਤੀਆਂ ਦਿਮਾਗੀ ਬੀਮਾਰੀਆਂ ਭੀ ਸਰਦੀ ਗਰਮੀ ਦੇ ਲਗਣ ਦੇ ਕਾਰਨ ਆ ਗੁਸਦੀਆਂ ਹਨ, ਪਰ ਇੰਚ ਦੋ ਇੰਚ ਲੰਮੇ ਵਾਲ ਸਾਰੇ ਸਿਰ ਪਰ ਹੋਣੇ ਲੋੜੀਂਦੇ ਹਨ ਜੈਸਾ ਕਿ ਸਾਹਿਬਾਨ ਅੰਗਰੇਜ਼ ਰਖਦੇ ਹਨ ਇਨਾਂ ਨੂੰ ਵਿਚਾਰਨਾਂ ਚਾਹੀਦਾ

ਹੈ, ਅਰ ਅਸੀਂ ਮੰਨਦੇ ਹਾਂ ਕਿ ਡਾਕਟਰਾਂ ਦੀ ਰਾਇ ਬਹੁਤ ਅਛੀ ਹੈ ਪਰ ਕਾਨੂੰਨ ਕੁਦਰਤ ਅਰਥਾਤ ਈਸ਼ਵਰੀਯ ਨਿਯਮ ਦਸਦੇ ਹਨ ਜੋ ਬਾਲ ਅਵਸਥਾ ਵਿਚ ਏਹ ਝੰਡ ਸਜਦੀ ਹੈ। ਜੁਵਾਨੀ ਵਿਚ ਕੇਸ ਲੰਮੇ ਹੀ ਸੋਭਦੇ ਹਨ। ਜਦ ਤਕ ਸਰੀਰ ਅਸ਼ਕਿਤ ਹੈ, ਸਿਰ ਪਰ ਝੰਡ ਹੋਂਦੀ ਹੈ, ਜਵਾਨੀ ਵਿਚ ਸ਼ਕਤੀ ਬਲ ਵਧੀ ਕੇਸ ਭਾਰੇ ਅਰ ਲੰਮੇ ਹੋਏ ਬ੍ਰਿਧ ਅਵਸਥਾ ਵਿਚ ਸ਼ਕਤੀ ਬਲ ਨਿਤਯਾ ਘਟਦਾ ਹੈ ਕੇਸ ਭੀ ਹਲਕੇ ਹੁੰਦੇ ਜਾਂਦੇ ਹਨ, ਤਾਂ ਜੋ ਲੋਕ ਮੁਨਾਉਂਦੇ ਹਨ, ਉਹ ਬੁਧ ਦੇ ਉਲਟ ਅਰ ਜੋ ਕਤਰਾਉਂਦੇ ਹਨ ਕਾਨੂੰਨ ਕੁਦਰਤ ਦੇ ਉਲਟ ਚਲਦੇ ਹਨ, ਜਿਸ ਕਰਕੇ ਉਹਨਾਂ ਦਾ ਦਿਮਾਗ ਅਜੇਹਾ ਨਿਰਬਲ ਹੋ ਜਾਂਦਾ ਹੈ ਕਿ ਥੋੜਾ ਸਾ ਭਾਰ ਬੀ ਤਿਨ੍ਹਾਂ ਦਾ ਸਿਰ ਨਹੀਂ ਸਹਾਰ ਸਕਦਾ।

(੮) ਸਰੀਰ ਦੇ ਹਰੇਕ ਅੰਗ ਨੂੰ ਪੂਰੇ ਅਕਾਰ ਪਰ ਰਖਣ ਵਾਲੀ ਸ਼ਕਤੀ (ਮਾਦਾ) ਕੇਸ ਕਟਾਉਣ ਵਾਲੇ ਮਨੁਖਾਂ ਦੀ ਰਾਤ ਦਿਨ ਉਨਾਂ ਦੇ ਸਿਰ ਮੂੰਹ ਦੇ ਵਾਲ ਵਧਾਉਣ ਵਿਚ ਹੀ ਲਗੀ ਰਹਿੰਦੀ ਹੈ, ਹੋਰ ਅੰਗ ਅਰ ਬੁਧੀ ਗਿਆਨ ਦੀ ਬ੍ਰਿਧੀ ਨਹੀਂ ਕਰ ਸਕਦੀ।

(੯) ਕੇਸਾਂ ਨਾਲ ਭੇਜੇ ਅਰਥਾਤ ਦਿਮਾਗ ਦੀ ਰਖਿਆ ਰਹਿੰਦੀ ਹੈ ਜੋ ਨਾ ਸਰੀਰ ਦੀ ਗਰਮੀ ਬਾਹਰ ਨਿਕਲਦੀ, ਅਰ ਨਾ ਬਾਹਰ ਦੀ ਓਪਰੀ ਗਰਮੀ ਸਰਦੀ ਜੋ ਦੁਖ ਦੇ ਕਾਰਨ ਹੋਂਦੀ ਹੈ ਅਰ ਅੰਦਰ ਆ ਸਕਦੀ ਹੈ ਕਈ ਰੋਗ ਜੋ ਤਿਖੀ ਧੁਪ ਦੇ ਲਗਨ ਨਾਲ ਜਾਂ ਹੋਰ ਕਿਸੇ ਪ੍ਰਕਾਰ ਦੀ ਗਰਮੀ ਸਰਦੀ ਨਾਲ ਜਿਹਾ ਕੁ ਜ਼ੁਕਾਮ ਹੋਣਾ ਨਿਛਾਂ ਆਉਣੀਆਂ ਨਾਸਾਂ ਅਰ ਅੱਖਾਂ ਵਿਚੋਂ ਪਾਣੀ ਵਗਨਾ ਇਤਆਦਿ ਹੋਂਦੇ ਹਨ, ਇਨਾਂ ਤੋਂ ਕੇਸ ਬਚਾਉਂਦੇ ਹਨ।

(੧੦) ਭੇਜਾ ਅਰਥਾਤ ਦਿਮਾਗ ਇਸਨੂੰ ਤਰਾਵਤ ਦੀ ਲੋੜ ਅਵਸ਼ਯ ਰਹਿੰਦੀ ਹੈ, ਵੇਖਣ ਵਿਚ ਆਉਂਦਾ ਹੈ, ਜੋ ਕਈ ਲੋਕ ਸਿਰ ਵਿਚ ਘਿਉ ਝਸਦੇ ਅਰ ਕਈ ਮਖਣ ਦਾ ਪੇੜਾ ਰਖਦੇ ਅਰ ਕਈਆਂ ਰੋਗਾਂ ਵਿਚ ਡਾਕਟਰ ਬਰਫ ਰਖਾਉਂਦੇ ਹਨ ਓਹ ਖੁਸ਼ਕੀ ਦਿਮਾਗ ਦੀ ਬੀਮਾਰੀ ਕੇਸਾਂ ਵਾਲਿਆਂ ਨੂੰ ਬਹੁਤ ਘਟ ਲਗਦੀ ਹੈ ਕਿਉਂਕਿ ਕੇਸਾਂ ਨਾਲ ਬਹੁਤਾ ਚਿਕਨਾਹਟ (ਤਰੀ) ਬਣੀ ਰਹਿੰਦੀ ਹੈ, ਕਈ ਦਿਨਾਂ ਤਕ ਨਾਸ ਨਹੀਂ ਹੋਂਦੀ, ਗੁਦਾ ਅਰ ਮਗਜ਼ ਤਰ ਰਹਿੰਦਾ ਹੈ ਸਰਦੀ ਵਿਚ ਕੇਸ ਗਰਮ ਰਖਦੇ ਅਰ ਗਰਮੀ ਵਿਚ ਕੇਸ ਠੰਢੇ ਰਖਦੇ ਅਰ ਲਹੂ ਵਗੇ ਤਾਂ ਖੁਸ਼ਕ ਨਹੀਂ ਹੋਣ ਦਿੰਦੇ।

(੧੧) ਕੇਸਾਂ ਤੇ ਬਿਨਾਂ ਮਗਜ ਅਜਿਹਾ ਕਮਜ਼ੋਰ ਹੋ ਜਾਂਦਾ ਅਰ ਉਸ ਦਾ ਬਲ ਐਸਾ ਨਾਸ ਹੋਂਦਾ ਹੈ ਜੋ ਰੰਚਕ ਬੋਝ ਨਹੀਂ ਸਹਾਰ ਸਕਦਾ, ਪ੍ਰੀਖਿਆ ਕਰਕੇ ਦੇਖੋ ਜਿਸ ਦਾ ਸਿਰ ਮੁੰਡਿਆ ਹੋਵੇ, ਸਾਫ ਹੋਵੇ, ਟੋਪੀ ਮਾਤਰ ਭੀ ਨਹੀਂ ਰਖ ਸਕਦਾ ਪਲ ਪਲ ਪਿਛੋਂ ਟੋਪੀ ਉਤਾਰ ਕੇ ਸਿਰ ਪਰ ਹਥ ਫੇਰਦੇ ਬਹੁਤਾ ਟੋਪੀ ਉਤਾਰ ਕੇ ਬੈਠਦੇ ਹਨ ਕੇਸਾਂ ਨਾਲ ਇਤਨਾ ਬਲ ਬਣਿਆ ਰਹਿੰਦਾ ਹੈ ਸਾਰੇ ਥਾਨ ਦੀ ਪਗ ਸਿਰ ਪਰ ਹੋਵੇ ਤਾਂ ਕੁਛੀ ਪਰਵਾਹ ਨਹੀਂ ਹੋਂਦੀ ਅਰ ਨਿਹੰਗਾਂ ਸਿੰਘਾਂ ਦੇ ਸਿਰ ਦੇ ਦੁਮਾਲੇ ਕਈ ਸੇਰ ਸਰਬ ਲੋਹ ਨਾਲ ਰਾਤ ਦਿਨ ਸਜੇ ਰਹਿੰਦੇ ਹਨ।

(੧੨) ਪਰੀਖਿਆ ਕੀਤੀ ਗਈ ਹੈ, ਕਿ ਧਰਤੀ ਬਹੁਤ ਛੇਤੀ ਕਰੜੀ ਤੋਂ ਕਰੜੀ ਵਸਤ ਨੂੰ ਭੱਛਨ ਕਰ ਲੈਂਦੀ ਹੈ, ਅਰਥਾਤ ਆਪਣੇ ਰੂਪ ਵਿਚ ਮਿਲਾ ਲੈਂਦੀ ਹੈ ਪਰੰਤੂ ਇਕ ਹਜਾਰ ਬਰਸ ਤੇ ਉਪਰ ਦੀਆਂ ਕਬਰਾਂ ਦੇ ਪੱਟਣ ਨਾਲ ਜਾਣਿਆ ਗਿਆ ਹੈ ਕਿ ਮ੍ਰਿਤਕ ਦੀਆਂ ਹੱਡੀਆਂ ਦਾ ਤਾਂ ਨਾਮ ਨਿਸ਼ਾਨ ਨਹੀਂ ਦਿਸਿਆ ਪਰੰਤੂ ਸਿਰ ਦੇ ਵਾਲ ਜਿਉਂ ਦੇ ਤਿਉਂ ਨਿਕਲੇ ਇਹ ਨਾਂ ਗਲੇ ਇਨਾਂ ਦੇ ਹੋਣ ਨਾਲ ਕਈ ਸਾਧਾਰਨ ਚੋਟਾਂ ਤੇ ਸਿਰ ਬਚ ਰਹਿੰਦਾ ਹੈ, ਅਰ ਤਲਵਾਰ ਦੀ ਭਾਰੀ ਚੋਟ ਤੇ ਭੀ ਮੁੰਡਤ ਸਿਰ ਨਾਲੋਂ ਕੇਸ ਹੋਣੇ ਤੇ ਬਹੁਤ ਹੀ ਰਖਿਆ ਰਹਿੰਦੀ ਹੈ।

(੧੩) ਵਾਦੀ ਲੋਕ ਕਹਿੰਦੇ ਹਨ (੧) ਸਿਖ ਸਿਰ ਉਤੇ ਨਿਕੰਮਾ ਭਾਰ ਰਖ ਲੈਂਦੇ ਹਨ (੨) ਇਹਨਾਂ ਵਿਚ ਜੂਆਂ ਪੈ ਜਾਂਦੀਆਂ ਹਨ (੩) ਅੜ ਜਾਂਦੇ ਹਨ ਅਰ ਔਖਿਆਂ ਕਰਦੇ ਹਨ। ਉਤਰ (੧) ਭਾਰ ਦੂਜੀ ਵਸਤ ਦਾ ਹੋਂਦਾ ਹੈ ਆਪਣੇ ਅੰਗ ਦਾ ਨਹੀਂ ਹੋਂਦਾ, ਛਟਾਂਕ ਭਾਰ ਕੋਈ ਹੋਰ ਵਸਤ ਰਖਦੇ ਤਾਂ ਭਾਰ ਹੋਂਦਾ, ਕੇਸ ਸਰੀਰ ਦਾ ਅੰਗ ਹਨ, ਜੋ ਇਨਾਂ ਨੂੰ ਭਾਰ ਸਮਝਦੇ ਹਨ, ਓਹ ਸਮਝਣ ਤਾਂ ਧੜ ਉਤੇ ਸਿਰ ਦਾ ਭਾਰ ਹੈ, ਸੱਜੇ ਖੱਬੇ ਲਟਕਦੀਆਂ ਬਾਹਾਂ ਦਾ ਭਾਰ ਹੈ, ਉਹਨਾਂ ਨੂੰ ਚਾਹੀਦਾ ਹੈ ਜੋ ਇਹ ਸਭੋ ਭਾਰ ਉਤਾਰ ਕੇ ਹੌਲੇ ਹੋ ਰਹਿਣ। ਵਲਾਇਤੀ ਅਥਵਾ ਦੇਸੀ ਲੇਡੀਆਂ ਰਾਣੀਆਂ ਅਰ ਸਾਮਾਨਯ (ਵੇਸਵਾ) ਜੋ ਅਤਿ ਕੋਮਲ ਨਾਜ਼ਕਾਂ ਸੁੰਦਰ ਪਦਮਨੀਆਂ ਜਿਨਾਂ ਦਾ ਇਹ ਲੰਮੇ ਕੇਸ ਸ਼ਿੰਗਾਰ ਹੈ, ਉਨ੍ਹਾਂ ਨੂੰ ਭਾਰ ਨਾ ਲਗੇ, ਸਗਮਾਂ ਆਪਣੇ ਕੇਸ ਹੌਲੇ ਹੋਣ ਤਾਂ ਹੋਰ ਬਨਾਉਟੀ ਲੈਕੇ ਲਾਉਣ ਅਤੇ ਪੁਰਸ਼ ਜੋ ਆਪਣੇ ਆਪ ਨੂੰ ਸੂਰਮੇ ਬਹਾਦਰ ਮਰਦ ਬੀਰ ਸਿਪਾਹੀ ਨਾਮ ਪ੍ਰਗਟ ਰਖਦੇ ਕਰਨ ਉਨ੍ਹਾਂ ਨੂੰ ਭਾਰ ਨਾ ਲਗੇ (੨) ਜੂਆਂ ਕਪੜੇ ਆਦਿਕ ਵਿਚ ਬੀ ਪੈ ਜਾਂਦੀਆਂ ਹਨ ਜੋ ਮੈਲਾ ਰਹੇ ਹੁਣ ਜੂਆਂ ਤੋਂ ਕਪੜੇ ਨਾ

ਪਾਈਏ ? ਮਗਜ਼ ਵਿਚ ਕੀੜੇ ਪੈ ਜਾਂਦੇ ਹਨ ਪੇਟ ਵਿਚ ਪੈ ਜਾਂਦੇ ਹਨ ਦਵਾ ਕਰਕੇ ਕੀੜੇ ਕਢੀਦੇ ਹਨ, ਸਿਰ ਪੇਟ ਨੂੰ ਕਦੀ ਨਹੀਂ ਕਿਸੇ ਉਤਾਰਿਆ ਯਾ ਫਾੜਿਆ ਅਰ ਕੇਸ ਮੈਲੇ ਰਖਣ ਦਾ ਦੰਡ ਮਿਲਦਾ ਹੈ ਕੀੜੇ ਪੈਣੇ, ਪਰ ਜੇ ਸਤਿਗੁਰੂ ਦੀ ਆਗਿਆ ਅਨੁਸਾਰ ਅਠੀਂ ਦਿਨੀਂ ਕੇਸੀ ਸ਼ਨਾਨ ਅਰ ਨਿਤ ਦੋ ਵੇਲੇ ਕੰਘਾ ਕਰੀਏ ਰੇਸ਼ਮ ਦੀਆਂ ਤਾਰਾਂ ਸਮਾਨ ਕੇਸ ਸੁੰਦਰ ਰਹਿਣਗੇ। ਮੈਲੇ ਅਰ ਭ੍ਰਿਸ਼ਟ ਮੁੰਨੇ ਕਤਰੇ ਹੋਏ ਵਾਲਾ ਵਿਚ ਜੂਆਂ, ਅਰ ਕੰਘਾ ਕਰਕੇ ਸੁਧ ਪਵਿਤਰ ਰਖਣ ਵਾਲੇ ਸਿਖਾਂ ਦੇ ਕੇਸ ਸੁੰਦਰ ਸੁਥਰੇ ਹੁੰਦੇ ਹਨ, (੩) ਅੜ ਜਾਣੇ ਔਖੇ ਹੋਣਾਂ ਸਭ ਗਫ਼ਲਤਾਂ ਦਾ ਹੀ ਫਲ ਹੈ, ਜੋ ਮੋਨੇ ਮੁਨਾਉਣ ਵਿਚ ਹੀ ਕਰਨ, ਉਨਾਂ ਨੂੰ ਬੀ ਐਸਾ ਹੀ ਹੋਵੇਗਾ।

(੧੪) ਕੇਸ਼ਵ ਨਾਮ ਭਗਵਾਨ ਦਾ ਹੈ ਅਰ ਇਸ ਸ਼ਬਦ ਦਾ ਅਰਥ ਕੋਸ਼ ਮੈਂ ਹੈ, ਵਿਸ਼ਨੂੰ ਭਗਵਾਨ, ਕੇਸੀ ਦੈਤਯ ਕੋ ਮਾਰਨੇ ਹਾਰਾ ਕ੍ਰਿਸ਼ਨ, ਸੂਰਜ ਆਦਿ ਅੰਸ਼ ਵਾਲਾ ਪ੍ਰਮੇਸ਼ੁਰ, ਅਛੇ ਸੁੰਦਰ ਕੇਸਾਂ ਵਾਲਾ ਲੰਮੇ ਸੋਹਣੇ ਵਾਲਾਂ ਵਾਲਾ (ਪਦਮ ਚੰਦ ਕੋਸ਼) ਅਛੇ ਕੇਸ ਉਹੀ ਹਨ, ਜੋ ਲੰਮੇ ਸੁਧ ਸਾਫ ਹੋਣ ਤਾਂਤੇ ਸਿਧ ਹੋਇਆ ਜੋ ਵਿਸ਼ਨੂੰ ਮਹਾਰਾਜ ਦੇ ਕੇਸ ਕਟੇ ਹੋਏ ਨਹੀਂ ਇਸੀ ਭਾਵ ਤੇ ਸ੍ਰੀ ਗੁਰੂ ਨਾਨਕ ਸਾਹਿਬ ਨਿਰਾਕਾਰ ਪਰਮਾਤਮਾ ਦੀ ਉਸਤਤ (ਵਡੇ ਮੇਰੇ ਸਾਹਿਬਾ ਅਲਖ ਅਪਾਰਾ ॥ ਕਿਉਂ ਕਰਿ ਕਰਉ ਬੇਨਤੀ ਹਉ ਆਖਿ ਨ ਜਾਣਾ॥ ਨਦਰਿ ਕਰਹਿ ਤਾ ਸਾਚੁ ਪਛਾਣਾ॥ ਸਾਚੋ ਪਛਾਣੋ ਤਾਮਿ ਤੇਰਾ ਜਾਮਿ ਆਪਿ ਬੁਝਾਵਹੇ॥ ਦੂਖ ਭੂਖ ਸੰਸਾਰਿ ਕੀਏ ਸਹਸਾ ਏਹੁ ਚੁਕਾਵਹੇ॥ ਬਿਨਵੰਤਿ ਨਾਨਕ ਜਾਇ ਸਹਿਸਾ ਬੁਝੈ ਗੁਰ ਬੀਚਾਰਾ॥ ਵਡਾ ਸਾਹਿਬੁ ਹੈ ਆਪਿ ਅਲਖ ਅਪਾਰਾ ॥੬॥ ਕਰਕੇ ਫੇਰ ਸਰਗੁਣ ਸਕਾਰ ਮੂਰਤ ਦੀ ਸੋਭਾ ਬਰਨਨ ਕਰਦੇ ਲੰਮੇ ਕੇਸ਼ ਭੀ ਸਿੰਗਾਰ ਅਰ ਸੋਭਾ ਦਾ ਕਾਰਨ ਲਿਖਦੇ ਹਨ, ਅਰ ਉਪਦੇਸ਼ ਕੀਤਾ ਹੈ, ਜੋ ਉਸ ਲੰਮੇ ਕੇਸਾਂ ਵਾਲੀ ਮੂਰਤੀ ਦਾ ਧਯਾਨ ਕਰੋ। ਯਥਾ–ਤੇਰੇ ਬੰਕੇ ਲੋਇਣ ਦੰਤ ਰੀਸਾਲਾ। ਸੋਹਣੇ ਨਕ ਜਿਨ ਲੰਮੜੇ ਵਾਲਾ॥ ਕੰਚਨ ਕਾਇਆ ਸੋਇਨੇ ਕੀ ਢਾਲਾ॥ ਸੋਵੰਨ ਢਾਲਾ ਕ੍ਰਿਸ਼ਨ ਮਾਲਾ ਜਪਹੁ ਤੁਸੀਂ ਸਹੇਲੀਹੋ॥ ਜਮ ਦੁਆਰਿ ਨ ਹੋਹੁ ਖੜੀਆਂ ਸਿਖ ਸੁਣਹੁ ਮਹੇਲੀਹੋ॥ [ਛੰਤ ਵਡਹੰਸ ਮ: ੧

ਦਸਮ ਗੁਰੂ ਜੀ ਚਰਿਤ੍ਰ ਪਖਯਾਨ ਕੇ ਆਦਿ ਮੈਂ ਦੇਵੀ ਕੀ ਅਸ਼ੀਰਬਾਦ ਵਿਸ਼ਯ ਕੇ ਸਤਾਰਵੇਂ ਸਵਯੇ ਵਿਚ ਮਹਾਂ ਕਾਲਕਾ ਜੋ ਧਯਾਨ ਲਿਖਾ ਹੈ, ਉਸ ਸੇ ਭੀ ਮਹਾਂ ਰੂਪਰ ਜਿਸ ਨੂੰ ਗੁਰੂ ਜੀ ਨੇ ਮਹਾਂਕਾਲ ਕਰਕੇ ਕਥਨ ਕੀਤਾ ਹੈ, ਤਿਸ ਦੇ ਲੰਬੇ ਕੇਸ਼ ਸਿਧ ਹੁੰਦੇ ਹਨ ਯਥਾ–(ਮੁੰਡ ਕੀ ਮਾਲ

ਦਿਸਾਨ ਕੇ ਅੰਬਰ ਬਾਮ ਕਰਯੋ ਗਲ ਮੈਂ ਅਸਿਭਾਰੋ ॥ ਲੋਚਨ ਨਾਲ ਕਰਾਲ ਦਿਪੈ ਦੋਊ ਭਾਲ ਬਿਰਜਾਤ ਹੈ ਅਨਿਆਰੋ ॥ ਛੂਟੇ ਹੈ ਬਾਲ ਮਹਾਂ ਬਿਕਰਾਲ ਬਿਸਾਲ ਲਸੈ ਰਦ ਪੰਤਿ ਉਜਿਆਰੇ ॥ ਛਾਡਤ ਜ੍ਵਾਲ ਲਏ ਕਰ ਬਯਾਲ ਸੁ ਕਾਲ ਸਦਾ ਪ੍ਰਤਿਪਾਲ ਤਿਹਾਰੋ ॥ ੧੭॥ ਔਰ ਅਨੇਕ ਪੁਰਾਣ ਅਰ ਗ੍ਰੰਥਾਂ ਵਿਖੇਸ਼ਿਵ ਜੀ ਕੇ ਸਿਰ ਪਰ ਜਟ ਕਾ ਜੂੜਾ ਲਿਖਾ ਹੈ (ਜਟਾ ਜੂਟ ਸਿਰ ਗੰਗ) ਬ੍ਰਹਮਾਂ ਜੀ ਦੇ ਸਿਰ ਤੇ ਕੇਸਾਂ ਵਿਚੋਂ ਨਾਗ ਉਤਪਾਤ ਹੋਏ ਭਾਗਵਤ ਕੇ ਤੀਸਰੇ ਸਿਕੰਧ ਮੇਂ ਅਰ ਦਾੜੀ ਦੈਤਯ ਪਤੀ ਕਲੰਦਰ ਨੇ ਬਾਲਕ ਅਵਸਥਾ ਵਿਚ ਖੈਂਚੀ ਜਿਸ ਕਰਕੇ ਬ੍ਰਹਮਾ ਜੀ ਦੇ ਨੇਤਰ ਜਲ ਭਰ ਆਏ ਅਰ ਮਾਨ ਜਲੰਧਰ ਰਖਯਾ ਏਹ ਕਥਾ ਪਦਮ ਪੁਰਾਨ ਕਾਤਕ ਮਹਾਤਮ ਮੇਂ ਲਿਖੀ ਹੈ। ਭੈਰਉ ਜੀ ਦੇ ਸਿਰ ਪਰ ਕੇਸ ਉਨ੍ਹਾਂ ਦੀ ਮੂਰਤ ਹੀ ਦਸਦੀ ਹੈ, ਬਰਨ ਜੀ ਦੀ ਦਾੜੀ ਅਰ ਕੇਸ ਪ੍ਰਸਿਧ ਹਨ, ਮੁਸਲਮਾਨ ਭੀ ਖਵਾਜਾ ਖਿਜਰ ਕਰਕੇ ਕਹਿੰਦੇ ਅਰ ਦਾੜੀ ਵਾਲੀ ਤਸਵੀਰ ਪਰ ਲਿਖਦੇ ਹਨ। ਹੋਰ ਜਿਤਨੇ ਦੇਵਤੇ ਹਨ ਉਨ੍ਹਾਂ ਦੀਆਂ ਮੂਰਤੀਆਂ ਵਿਚ ਦੇਖੋ ਸਿਰ ਦੇ ਮਧ ਵਾ ਪਿਛਲੇ ਭਾਗ ਵਿਖੇ ਜੂੜਾ ਕੀਤਾ ਹੋਯਾ ਹੁੰਦਾ ਹੈ ਸਨਾਤਨ ਸਮਯ ਸੇ ਚਾਰ ਸਨਕਾਦਕ ਦਤਾ ਤਰੇਯ ਕਰਦਮ ਕਪਲਦੇਵ ਵਸ਼ਿਸ਼ਟ ਬਾਲਮੀਕੀ। ਨਾਰਦ ਆਦਿ ਮੁਨੀ ਸਭ ਜਟਾਜੂਟ ਕੇਸਾਂ ਵਾਲੇ ਹੀ ਲਿਖੇ ਹਨ, ਸੁਕਦੇਵ ਜੀ ਸੇ ਲੇ ਬਿਆਸ ਪਰਾਸਰ ਦੇਵਲ ਦੁਰ ਬਾਸਾ ਆਦਿ ਕਾਸਮ ਮਰੀਚ ਸ੍ਰੀ ਵਿਸ਼ਨੂ ਪ੍ਰਯੰਤ ਸਭ ਰਿਖੀ ਮਹਾਂ ਰਿਖੀ ਕੇਸਾਂ ਵਾਲੇ ਹੀ ਰਹੇ ਹਨ, ਕੋਈ ਮੁੰਡਤ ਨਹੀਂ ਹੋਇਆ । ਦੇਵਤਾਉਂ ਵਿਖੇ ਸੁਰ ਕਿੰਨਰ ਗੰਧਰਬ ਯਖਯ ਨਾਟਯ ਨ੍ਰਿਤ ਗਾਇਨਵਾਦਯ (ਵਜੰਤ੍ਰੀ) ਕਰਨੇਹਾਰੇ ਵਿਸ਼ਕਰਮਾ ਸਿਲਪ ਚਿਤਰਕਾਰ (ਤਰਖਾਣ ਅਸਵਨੀ ਕੁਮਾਰ ਵੈਦ ਸਭ ਹਨ ਪਰ ਨਾਈ ਬਾਲ ਮੁੰਡਨੇ ਵਾਲਾ ਕੋਈ ਦੇਵਤਿਆਂ ਮੇਂ ਨਹੀਂ ਲਿਖਾ ਹੈ। ਚਕਿਸਤਾ ਗ੍ਰੰਥਾਂ ਵਿਖੇ ਸਰੀਰ ਦੀਆਂ ਅਸ਼ਟ ਧਾਤੂ ਸੇ ਮਜਾ ਵਾ ਅਸਥਿ ਧਾਤੂ ਸੇ ਉਪਜੇ ਕੇਸ ਉਪਧਾਤੂ ਹੈਂ ਮਗਜ਼ ਨੂੰ ਤਰ ਰਖਦੇ ਸੀਤ ਉਸ਼ਨ ਸੇ ਬਚਾਉਂਦੇ ਸ਼ਸਤਰ ਚੋਟ ਤੇ ਰਖਿਆ ਕਰਤੇ ਇਸਤ੍ਰੀ ਹੋ ਅਥਵਾ ਪੁਰਸ਼ ਦੋਹਾਂ ਦੇ ਸਰੀਰ ਦਾ ਸ਼ਿੰਗਾਰ ਰੂਪ ਹਨ ਇਸ ਲਈ ਚੂੜਾ ਕਰਮ ਔਰ ਕੇਸਾਂਤ ਕਰਮ ਸਮੇਂ ਮੰਤਰੇ ਹੋਏ ਜਲ ਸੇ ਧੋਣੇ ਹੀ ਸਰੇਸ਼ਟ ਹਨ ਮੁੰਡਾਨੇ ਉਚਿਤ ਨਹੀਂ ਜੈਸੇ ਸਿਖ ਰਖਦੇ ਹਨ ਤੈਸੇ ਸਭ ਨੂੰ ਰਖਣੇ ਯੋਗ ਹਨ। ਇਨਾਂ ਦੇ ਮੁੰਡਨ ਦੀ ਰੀਤੀ ਪਹਿਲੇ ਦੰਡੀ ਸੰਨਿਆਸੀ ਅਰ ਅਵਧੂਤਾਂ ਚੋ ਚਲੀ ਜੋ ਸ਼ੰਕਰਾਚਾਰਯ ਜੀ ਦੇ ਚੇਲੇ ਹੋਏ ਸ਼ੰਕਰਾਚਾਰਯ ਸੁਆਮੀ ਨੇ ਮੁਸਲਮਾਨਾਂ ਦੇ ਪੈਗੰਬਰ ਮੁਹੰਮਦ ਸਾਹਿਬ ਦੀ ਆਣ ਮੰਨਕੇ ਦੋ ਮੁਸਲਮਾਨੀ ਰੀਤਾਂ ਪ੍ਰਚਲਤ ਕੀਤੀਆਂ ਪਹਿਲੀ ਕੇਸਾਂ ਦਾ ਤਿਆਗ ਦੂਸਰਾ

ਮ੍ਰਿਤਕ ਨੂੰ ਧਰਤੀ ਵਿਖੇ ਦਬਾਉਣਾ। ਪਰੰਤੂ ਜਦ ਇਹ ਬਹੁਤ ਸ਼ੀਘਰ ਪ੍ਰਚਲਤ ਹੋਣੇ ਲਗੀਆਂ ਕਿਉਂਕਿ ਦੁਰਗੰਧੀ ਔਰ ਜੂਠ ਮੈਲ, ਸੁਗੰਧੀ ਅਰ ਪਵਿਤਰਤਾ ਨਾਲੋਂ ਛੇਤੀ ਪਸਰਦੀਆਂ ਹਨ ਤਾਂ ਬ੍ਰਾਹਮਣਾਂ ਨੇ ਕੇਵਲ ਸਿਖਾ (ਬੋਦੀ) ਮਾਤਰ ਚਿੰਨ੍ਹ ਰਖਕੇ ਮੁੰਡਨ ਕਰਨ ਦੀ ਆਗਿਆ ਦਿਤੀ ਅਰ ਇਹ ਅਪਵਿਤ੍ਰ ਕਰਮ ਹੈ ਜੋ ਸ਼ਾਸਤ੍ਰੋਕਤ ਰੀਤੀ ਸੇ ਧਾਤੂ ਮਾਂਜਨੇ ਸੇ ਪਵਿਤਰ ਉਸਤਰਾ ਮਲ ਮੂਤ ਕੇ ਮਲੀਨ ਸਥਾਨ ਮੇਂ ਫਿਰਦਾ ਹੋਯਾ, ਸਿਰ ਅਰ ਮੂੰਹ ਪਰ ਫਿਰਦਾ ਹੈ ਕੋਈ ਮਾਂਜਦਾ ਨਹੀਂ, ਇਸ ਅਪਵਿਤ੍ਰਤਾ ਨੂੰ ਸਮਝਕੇ ਮੂੰਹ ਸਿਰ ਮੁੰਡਾਵਨੇ ਦੇ ਪੀਛੇ ਹਿੰਦੂ ਲੋਕ ਸ਼ਨਾਨ ਕਰਕੇ ਪਵਿਤ੍ਰ ਹੁੰਦੇ ਹਨ, ਯਵਨ ਮਤ ਮੈਂ ਏਹ ਦੋਸ਼ ਨਹੀਂ ਹੈ, ਯਵਨ ਲੋਗ ਅਪਵਿਤ੍ਰਤਾ ਅਰ ਜੂਠ ਅਰ ਜੂਠ ਛੂਤਕਾ ਨਾਮ ਹੀ ਨਹੀਂ ਜਾਣਦੇ ਇਸੀ ਕਾਰਨ ਸ਼ਾਸਤ੍ਰਕਾਰੋਂ ਨੇ ਉਨਾਂ ਨੂੰ ਮਲੇਛ ਸੰਗਯਾ ਦਿਤੀ ਹੈ ਸੋ ਇਹ ਸਵਾਮੀ ਸ਼ੰਕਰਾਚਾਰਯ ਦੀ ਚਲਾਈ ਰੀਤੀ ਵਿਸ਼ਸ਼ਟ ਵੇਦ ਵਯਾਸ ਸੁਕਦੇਵ ਆਦਿ ਪੂਰਬਲੇ ਆਚਾਰਯ ਦੇ ਵਿਰੁਧ ਹੋਣੇ ਤੇ ਸ਼ਾਸਤ੍ਰੋਕਤ ਧਰਮ ਨਹੀਂ, ਮਨ ਮਾਨੀ ਰੀਤੀ ਹੈ ਅਰ ਮਨਮਤ ਦਾ ਅਯੋਗ ਹੈ ਫੇਰ ਖਾਸ ਕਰਕੇ ਗੁਰੂ ਘਰ ਮੈਂ ਤਾਂ ਬਹੁਤ ਹੀ ਤਯਾਗ ਹੈ। ਮਗਜ਼ ਨੂੰ ਤਰ ਰਖਕੇ ਬੁਧੀ ਦੇ ਵਧਾਉਣੇ ਵਾਲੇ ਕੇਸਾਂ ਦੇ ਮੁੰਡਨੇ ਤੇ ਮਨ ਦਾ ਮੁੰਡਨਾ ਸਾਰ ਹੈ। ਇਸੀ ਭਾਵ ਸੇ ਸ੍ਰੀ ਮੁਖਵਾਕ ਹੈ (ਮਨ ਮੁੰਡਿਆ ਨਹੀਂ ਕੇਸ ਮੁੰਡਾਇ ਕਾਇ ਜੋ ਕਿਛ ਕੀਆ ਸੋ ਮਨ ਕੀਆ ਮੂੰਡਾ ਮੂੰਡ ਅਜਾਇ) ਮੁਕਤੀ ਦਾ ਸਾਧਨ ਮੰਨਕੇ ਭੀ ਕੇਸਾਂ ਦਾ ਮੁੰਡਨਾ ਅਯੋਗ ਕਿਹਾ ਹੈ ਯਥਾ (ਮੂੰਡ ਮੂੰਡਾਏ ਜਉ ਸਿਧ ਪਾਈ ਮੁਕਤੀ ਭੇਡ ਨ ਗਈਆ ਕਾਈ) ਭਾਵ ਏਹ ਕਿ ਕੇਸ ਕਟਨੇ ਯਾ ਮੁੰਡਨੇ ਸਰਵ ਥਾਂ ਅਨੁਚਿਤ ਹਨ।

(੧੫) ਕੇਸਾਂ ਦਾ ਹੋਣਾ ਸਰੀਰ ਦ ਸ਼ਿੰਗਾਰ ਅਰ ਖੁਸ਼ੀ ਪ੍ਰਤਿਸ਼ਟਾ ਦਾ ਇਜ਼ਹਾਰ ਹੈ, ਅਰ ਕੇਸਾਂ ਦਾ ਮੁੰਡਨਾ ਸੋਗ ਅਰ ਵਿਯੋਗ (ਅਰ ਦੰਡ ਅਰ ਆਪੋ ਉਤਰ ਜਾਣਾ ਰੋਗ ਪ੍ਰਗਟ ਕਰਦਾ ਹੈ) ਜੈਸੇ ਮਾਤਾ ਪਿਤਾ ਦੇ ਮਰਨੇ ਪਰ ਤੀਰਥ ਯਾਤ੍ਰਾ ਕਰਕੇ ਮ੍ਰਿਤਕਸੰਬੰਧੀਆਂ ਹਿਤ ਸੋਗ ਦਾ ਚਿੰਨ੍ਹ ਮੁੰਡਨ ਹੀ ਹੈ।

(੧੬) ਬਾਵਨ ਅਵਤਾਰ ਦੀ ਮੂਰਤੀ ਦੇਖੋ ਤਾਂ ਸਿਰ ਪਰ ਕੇਸਾਂ ਦਾ ਜੂੜਾ ਹੈ, ਰਾਮ ਚੰਦਰ ਜੀ ਦੀ ਸੁੰਦਰਤਾ ਬਰਨਨ ਕਰਦੇ ਗੋ ਸਵਾਮੀ ਤੁਲਸੀ ਦਾਸ ਜੀ ਬਾਲਕਾਂਡੇ ੪੪੯ ਵੀਂ ਚੌਪਈ ਮੈਂ ਲਿਖਦੇ ਹਨ। (ਚਿਕਨੇ ਕਚ ਕੁੰਚਤ ਗਭੁਆਰੇ। ਬਹੁ ਪ੍ਰਕਾਰ ਰਚ ਮਾਤ ਸਵਾਰੇ।) ਮਾਤਾ ਨੇ ਗੁੰਦੇ ਸਵਾਰੇ ਲਿਖੇ ਹਨ ਨਾਈ ਨੇ ਸਵਾਰੇ ਯਾ ਮੁੰਡੇ ਨਹੀਂ ਲਿਖੇ। ਪੁਨਾ ਅਜੁਧਿਆ ਕਾਂਡ ੧੯੭ ਚੋਪਾਈ ਮੇਂ (ਸਕਲ ਸੋਚ ਕਰ ਰਾਮ ਨਹਾਵਾ।) ਸੁਚ ਸੁਜਾਨ ਬਟਖੀਰ ਮੰਗਵਾ। ਅਨੁਜ ਸਹਿਤ ਸਿਰ ਜਟਾ ਬਨਾਏ। ਦੇਖ ਸੁਮੰਤ ਨਯਨ

ਜਲ ਛਾਏ। ਹਨੂੰਮਾਨ ਨਾਟਕ ਅੰਕ ੨ ਕਵਿਤ ੯੨ ਮੇਂ ਲਿਖਾ ਹੈ (ਰਾਜ ਸਮਾਜ ਉਤਾਰ ਸਭੈ ਰਘੁਰਾਜ ਕਹੀ ਅਬ ਹੈ ਸਭ ਫੀਕੋ। ਲੈ ਬਟ ਦੂਧ ਬਨਾਇ ਜਟਾ ਸਿਰ ਬੀਰਹਿ ਬੀਰ ਬਨਾਵਤ ਨੀਕੋ।) ਇਸ ਤੇ ਕੇਸ ਸਿਧ ਹੁੰਦੇ ਹਨ, ਕਿਉਂਕਿ ਕਤਰੇ ਹੋਏ ਯਾ ਮੁੰਡੇ ਵਾਲਾਂ ਦੀਆਂ ਜਟਾਂ ਨਹੀਂ ਬਨ ਸਕਦੀਆਂ। ਸ੍ਰੀ ਕ੍ਰਿਸ਼ਨ ਚੰਦਰ ਸਦਾ ਕੇਸ ਲੰਬੇ ਚਾਹੁੰਦੇ ਅਰ ਰਖਦੇ। ਯਥਾ-(ਮਈਆ ਮੋਰੀ ਕਬ ਬਾਢਗੀ ਚੋਟੀ। ਕਿਤੀਬਾਰ ਮੁਹਿ ਦੂਧ ਪਿਆਯੋ ਯਹ ਅਜਹੂ ਲੋ ਛੋਟੀ। ਤੂੰ ਜੋ ਕਹਤ ਬਲ ਬੇਨੀ ਜੈਸੀ ਹ੍ਵੈ ਹੈ ਲਾਂਬੀ ਮੋਟੀ। ਯਹ ਤੋ ਨਾਤ ਗੁਹਤ ਨਾਗਨ ਜਿਉਂ ਕਰ ਲੈ ਭੂਮਹਿ ਲੋਟੀ। ਧੂਤ ਧੂਤ ਮੁਹਿ ਦੂਧ ਪਿਲਾਯੋ ਦਈ ਨ ਮਾਖਨ ਰੋਟੀ। ਸੂਰ ਸਿਆਮ ਤ੍ਰਿਭਵਨ ਜਨ ਮੋਹੇ ਹਰਿ ਹਲਧਰ ਕੀ ਜੋਟੀ)। ਇਸ ਪਦ ਵਿਖੇ ਬਲਦੇਵ ਜੀ ਦੇ ਸਿਰ ਭੀ ਕੇਸ ਸਿਧ ਹੋਂਦੇ ਹਨ ੨੯ ਭਗਵਤ ਮੈਂ ਸ੍ਰੀ ਵੇਦ ਵਿਆਸ ਸੁਕਦੇਵ ਜੀ ਅਰ ਭਾਸ਼ਾ ਕੇ ਕਵੀ ਸੂਰਦਾਸ ਜੀ ਕ੍ਰਿਸ਼ਨਾ ਅਵਤਾਰ ਮੈਂ ਗੁਰੂ ਕਲਗੀਧਰ ਮਹਾਰਾਜ ਕੇਸਾਂ ਨੂੰ ਨਾਗਾਂ ਅਰ ਨਾਗਾਂ ਦੇ ਬਚਿਆਂ ਦੀ ਉਪਮਾ ਦੇਂਦੇ ਰਹੇ ਹਨ। ਯਥਾ (ਨਾਗਨ ਕੇ ਛੌਨਾਂ ਹੈ ਕਿ ਕੀਨੇ ਕਾਹੂ ਟੋਨਾ ਹੈ) ਸੋ ਇਹ ਉਪਮਾਂ ਕਤਰੇ ਹੋਏ ਜਾ ਮੁੰਡੇ ਕੇਸਾਂ ਨੂੰ ਨਹੀਂ ਆ ਸਕਦੀ। ਭਗਤ ਅਜ ਤਕ ਗਾਉਂਦੇ ਹਨ (ਬੰਸੀਵਾਰੇ ਆ ਰਹੁ ਹਮਾਰੇ ਦੇਸ ਤੇਰੀ ਸੋਹਣੀ ਸੂਰਤ ਲੰਮੇ ਕੇਸ)।

(੧੭) ਪ੍ਰਸਰਾਮ ਜੀ ਬ੍ਰਾਹਮਣ ਅਰ ਰਿਖੀ ਸੇ ਇਨਹਾਂ ਦੇ ਸਿਰ ਪਰ ਕੇਸਾਂ ਦਾ ਜੂੜਾ ਸੀ ਜੋ ਹਨੂਮਾਨ ਨਾਟਕ ਦੇ ੧ ਅੰਕ ੯੦ ਵੇ ਕਬਿਤ ਸੇ ਸਿਧ ਹੋਂਦਾ ਹੈ। ਲਛਮਨ ਜੀ ਸ੍ਰੀ ਰਘੁਬੀਰ ਜੀ ਸੇ ਆਗਯਾ ਮੰਗਦੇ ਹਨ ਕਿ (ਕਹੋ ਬਾਂਧ ਡਾਰੋਂ ਕਹੋ ਦੇਸ ਤੇ ਨਿਕਾਰੋਂ ਕਹੋ ਬਾਰਧ ਉਤਾਰੋ ਕਹੋ ਜੂਰਾ ਕਾਟ ਲੀਜੀਏ। ਪਰ ਰਾਜਾ ਕਾਰ ਬੀਰਜ ਅਰਜਨ ਸਹੰਸਰ ਬਾਹੂ ਨੂੰ ਇਨਾਂ ਨੇ ਮਾਰਿਆ ਤਾਂ ਉਸਨੂੰ ਕੇਸਾਂ ਸੇਂ ਪਕੜਕੇ ਐਸੇ ਹੀ ਮਾਰਿਆ ਜੈਸੇ ਸ੍ਰੀ ਕ੍ਰਿਸ਼ਨ ਚੰਦਰ ਨੇ ਰਾਜਾ ਕੰਸ ਨੂੰ ਕੇਸੋਂ ਪਕੜਕੇ ਪਛਾੜਿਆ ਸੀ। ਅਸਵਸਥਾਮਾ ਦਾ ਸੀਸ ਉਤਾਰਨ ਸਮਯ ਅਰਜਨ ਨੂੰ ਸ੍ਰੀ ਕ੍ਰਿਸ਼ਨ ਜੀ ਅਤੇ ਰਾਜਾ ਯੁਧਿਸ਼ਟਰ ਨੇ ਵਰਜਿਆ। ਬ੍ਰਾਹਮਣ ਦਾ ਮਾਰਨ। ਏਹ ਹੈ ਜੋ ਇਸ ਦੇ ਕੇਸ ਮੁੰਡਨ ਕਰ ਦੇਣੇ, ਤਦ ਅਰਜਨ ਨੇ ਬ੍ਰਹਮ ਹਤਯਾ ਕੇ ਭਯ ਸੇ ਸਿਰ ਦੀ ਹੁੰਦੀ ਕੇਸਾਂ ਦਾ ਜੂੜਾ ਉਤਾਰ ਦੀਆ (ਭਗਵਤ ੧ ਸਕੰਦ ਰੁਕਮੀ ਭਰਾਤਾ ਨੂੰ ਮਰਤੇ ਦੇਖ ਰੁਕਮਨੀ ਰਾਣੀ ਨੇ ਸ੍ਰੀ ਕ੍ਰਿਸ਼ਨ ਚੰਦਰ ਸੁਵਾਮ ਨੂੰ ਰੋਕਿਆ, ਤਬ ਤਿਸਕੀ ਬਿਨਤੀ ਮੰਨਕੇ ਸ੍ਰੀ ਕ੍ਰਿਸ਼ਨ ਨੇ ਰੁਕਮੀ ਨੂੰ ਛੋੜ ਦੀਆ, ਪਰ ਆਪਣਾ ਪ੍ਰਣ ਪੂਰਾ ਕਰਨੇ ਕੇ ਬੀਚਾਰ ਸ ਤਿਸਕਾ ਜੂੜਾ

ਕਾਟ ਦੀਆ ਅਰਥਾਤ ਮੁੰਡ ਕਰ ਬਿਰੂਪ ਕਰ ਦੀਆ (ਭਗਵਤ ਦਸਮ ਸਕੰਧ) ਕਿਉਂਕਿ ਕੇਸ ਉਤਾਰਨੇ ਇਸ ਸਮਯ ਬ੍ਰਾਹਮਣਾਂ ਖਤਰੀਆਂ ਨੂੰ ਸਿਰ ਉਤਾਰਨੇ ਕੇ ਸਮਾਨ ਦੰਡ ਸੀ। ਕਲ ਕੇ ਪ੍ਰਭਾਵ ਸੈ ਅਬ ਪਲਿਓਂ ਪੈਸੇ ਦੇਕੇ ਮੂੰਡ ਮੁੰਡਵਾਉਂਦੇ ਹਨ। ਸਨਕਾਦਕ ਕਪਲ ਦੇਵ ਰਿਖਭਦੇਵ ਯਗ ਅਵਤਾਰ ਰਾਜਾ ਪ੍ਰਿਥੂ ਆਦਿ ਅਵਤਾਰਾਂ ਦੀ ਕਥਾ ਪੜ੍ਹਣੇ ਸੁਣਨੇ ਸੇ ਇਨਕੇ ਸਿਰ ਪਰ ਕੇਸ ਸਿਧ ਹੁੰਦੇ ਹਨ।

(੧੮) ਬਾਬਾ ਆਦਮ ਇਬਰਹਮ ਇਸਰਾਇਲ ਯੂਸਫ ਇਸਰਾਕ ਦਾਨੀਏਲ ਹਜ਼ਰਤ ਮੂਸਾ ਦਾਊਦ ਸੁਲੇਮਾਨ ਆਦਿ ਸਭ ਪੈਗ਼ੰਬਰਾਂ ਦੇ ਸਿਰ ਪਰ ਕੇਸ ਲੰਮੇ ਸੋਹਣੇ ਰਹੇ ਹਨ। ਕਦੀ ਮੂੰਡੇ ਨਹੀਂ ਗਏ, (ਬੈਬੁਲ ਦੀਆਂ ਮੂਰਤੀ ਅਤੇ ਕਹਾਣੀਆਂ ਨਾਮੇ ਪੋਥੀ ਕ੍ਰਿਸਚਨ ਸੁਸਾਇਟੀ ਵਲੋਂ ਛਪੀ ਹੋਈ ਹੈ, ਉਸ ਵਿਚ ਸਭ ਪੈਗੰਬਰਾਂ ਦੀਆਂ ਮੂਰਤਾਂ ਦੇ ਸਿਰ ਸਾਬਤ ਹਨ) ਯਹੂਦੀਆਂ ਦੇ ਮੂਸਾ ਅਰ ਈਸਾਈਆਂ ਦੇ ਯਿਸੂ ਮਸੀਹ ਅਰ ਮੁਸਲਮਾਨਾਂ ਦੇ ਹਜ਼ਰਤ ਮੁਹੰਮਦ ਤਕ ਸਭ ਦੇ ਸਿਰ ਸਾਬਤ ਰਹੇ, ਮੁਹੰਮਦ ਸਾਹਿਬ ਸੇ ਮੂੰਡਨੇ ਕੀ ਰੀਤ ਚਲੀ ਜੋ ਪਹਿਲੇ ਸੰਕ੍ਰਾਚਾਰਯ ਦੇ ਡੰਡੀ ਸੰਨਿਆਸਿਓਂ ਮੇਂ ਆਈ, ਕਾਲਖ ਸਿਆਹੀ ਅਰ ਮਲੀਨਤਾ ਦੀ ਖਿਲਰਦੀ ੨ ਸਹਿਜੇ ਸਹਿਜੇ ਸਰਬ ਜਗਤ ਵਿਖੇ ਛਾਈ, ਇਥੋਂ ਤਕ ਜੋ ਹੁਣ ਦੇ ਨੌਜਵਾਨਾਂ ਨੇ ਦਾਹੜੀ ਭੀ ਉਤਰਵਾਈ, ਜਿਸ ਨਿਸ਼ਾਨੀ ਨਾਲ ਕਰਤਾਰ ਨੇ ਮਰਦਾਂ ਨੂੰ ਇਸਤ੍ਰੀਆਂ ਤੇ ਵਖਰਾ ਕੀਤਾ ਸੀ ਅਰ ਨਰ ਨਾਰ ਦੀ ਪਛਾਣ ਹੋਂਦੀ ਸੀ, ਓਹ ਭੀ ਸਾਫ ਕਰਾਈ।

(੧੯) ਬੈਬਲ ਜਿਸ ਨੂੰ ਈਸਾਈ ਅਸਮਾਨੀ ਪੋਥੀ ਮੰਨਦੇ ਹਨ ਤਿਸ ਵਿਚ ਲਿਖਿਆ ਹੈ, ਇਕ ਸੈਮਸੂਨ ਨਾਮੇ ਪੈਗੰਬਰ ਵਡਾ ਬਲੀ ਹੋਇਆ, ਫਲਿਸਤੀ ਕੌਮ ਦੇ ਲੋਕਾਂ ਨੇ ਇਸ ਦੇ ਹਥੋਂ ਦੁਖ ਕੇ ਕਈ ਵਾਰ ਇਸਨੂੰ ਮਾਰਨਾ ਚਾਹਿਆ, ਪਰ ਇਹ ਸਦਾ ਵੈਰੀਆਂ ਉਤੇ ਪ੍ਰਬਲ ਗਰਜਦਾ ਸੀ, ਇਸ ਦਾ ਬਲ ਹਨੂਮਾਨ ਅਰ ਭੀਮਸੈਨ ਦੇ ਸਮਾਨ ਲਿਖਿਆ ਹੈ, ਹਜ਼ਾਰ ਹਜ਼ਾਰ ਸ਼ਤਰੂ ਉਤੇ ਇਹ ਇਕੋ ਭਾਰੂ ਹੁੰਦਾ ਸੀ। ਸਾਮ ਦਾਮ ਭੇਦ ਆਦਿ ਕਰਦਿਆਂ ਬਹੁਤ ਸਮਯ ਅਰ ਧਨ ਖਰਚ ਕੇ ਉਸ ਦੇ ਵੈਰੀਆਂ ਨੇ ਉਸ ਦੀ ਮਿਤਰ ਇਕ ਇਸਤ੍ਰੀ ਦੀ ਰਾਹੀਂ ਤਿਸ ਨੂੰ ਪੁਛਾਯਾ। ਸੈਮਸੂਨ ਦੀ ਓਹ ਪ੍ਰਾਣ ਪ੍ਰਿਯ ਸਹੇਲੀ ਸੀ ਉਸ ਦੇ ਪੁਛਣੇ ਤੇ ਉਸ ਨੇ ਸਚ ਸਚ ਦਸ ਦਿਤਾ, ਕਿ ਜਨਮ ਤੋਂ ਲੈਕੇ ਮੇਰੇ ਸਿਰ ਦੇ ਕੇਸ ਨਹੀਂ ਕਟੇ ਗਏ, ਇਸ ਕਾਰਨ ਮੈਂ ਬਲੀ ਹਾਂ। ਤਦ ਉਨ੍ਹਾਂ ਨੇ ਯਤਨ ਕਰਕੇ ਸੁਤੇ ਹੋਏ ਦੇ ਕੇਸ ਉਤਰਾਏ ਤਾਂ ਤਿਸ ਦਾ ਬਲ

ਨਸ਼ਟ ਹੋਜਾ, ਅਰ ਫਿਰ ਤਿਸਦੀ ਦੁਰਦਸ਼ਾ ਕਰਕੇ ਸਾਰੀ ਬਿਭੂਤੀ ਤਿਨਾਂ ਨੇ ਛੀਨ ਲਈ।

(੨੦) ਮਨੌਕਤ ਸਿਖਯਾ ਪ੍ਰਵਿਰਤਰਣੇ ਤੇ ਹੁਣ ਉਦਾਸੀ ਭਾਵੇ ਮੁੰਡਤ ਦੇਖੇ ਜਾਂਦੇ ਹਨ, ਪਰ ਇਸ ਮਤ ਦੇ ਆਚਾਰਯ ਸ੍ਰੀ ਗੁਰੂ ਨਾਨਕ ਸ੍ਰੀ ਚੰਦ ਸਾਹਿਬ ਦੇ ਕੇਸ ਦਾਹੜੀ ਤਿਨਾਂ ਦੀ ਬਾਣੀ ਅਰ ਪ੍ਰਾਚੀਨ ਮੂਰਤੀਆਂ ਤੇ ਪ੍ਰਗਟ ਹੋਂਦੇ ਹਨ। ਗੁਰੂ ਪੰਥ ਪ੍ਰਕਾਸ਼ ਗ੍ਰੰਥ ਦੇ ੭੨ ਅਧਿਆਇ ੩ ਸਵੈਯੇ ਮੈਂ ਲਿਖਾ ਹੈ, (ਸ੍ਰੀ ਸੀਸ ਬਾਲਕ ਹੀ ਪਨ ਤੇ ਅਵਧੂਤ ਜਤੀ ਜਟਾਜੂਟ ਰਹਾਏ) ਪੁਨਾ ੧੮ ਵਾਂ ਕ: ਸੀਸਤਾਜ ਚੌਕਲ ਦਲਕ ਕਾ ਝਲਕ ਰਹੀਯੋ।

ਸੇਲੀ ਗਲ ਮੇਲੀ ਔ ਸੁਹੇਲੀ ਫੂਲ ਮਾਲ ਹੈ।
ਸੋਹਿਤ ਸਮਸਰ ਸਫਾਇ ਸੂਧੀ ਸਵੇਤ ਸਭ
ਪਾਉ ਲਗ ਪੈਰਣ ਪਹਰ ਰਾਖਯੋ ਲਾਲ ਹੈ।
ਆਸਾ ਕਰ ਏਕ ਦੂਤੀ ਮਾਹਿ ਕਰਮੰਡਲ ਔ
ਪਾਦਕਾ ਪਦਮ ਪਦ ਪਾਵਨ ਬਿਸਾਲ ਹੈ।
ਐਨ ਰਸ ਸਾਂਤ ਗੁਰੂ ਨਾਨਕ ਸਰੂਪ ਬਨਯੋ
ਆਯੋ ਗੁਰਦਿਤਾ ਹਰਿਗੋਬਿੰਦ ਕਾ ਬਾਲ ਹੈ।

ਪੁਨਾ: ਸੰਮਤ ੧੬੯੩ ਸੇ ੧੯੩੧ ਤਕ ਉਦਾਸੀਓਂ ਕਾ ਭੇਖ ਯੇਹ ਲਿਖਾ ਹੈ।

ਨਿਸ ਦਿਨ ਗੁਰਬਾਣੀ ਕੀ ਰਟਤੇ। ਸਤ ਸੰਤੋਖ ਬੀਚ ਦਿਨ ਕਟਤੇ। ਜੋ ਆਸਨ ਪਰ ਬੈਠਿਓ ਤਾਈ। ਆਵਤ ਛਕ ਤੇ ਸੋ ਬਰਤਾਈ। ਗਲ ਮੈਂ ਰੰਗ ਮਜੀਠੀ ਚੋਲਾ। ਸਿਰ ਪਰ ਦਲਕੀ ਤਾਜ ਅਮੋਲਾ। ਗਲ ਮੈਂ ਸੇਲੀ ਔ ਉੰਨ ਮਾਲਾ। ਝੋਲਾ ਤੂੰਬਾ ਆਸਨ ਕਾਲਾ। ਦਾਹੜੀ ਕੇਸ ਸਾਫ ਸਭ ਰਖਤੇ। ਭਜਨਾਨੰਦ ਵਿਖੇ ਰਸ ਚਖਤੇ। ਚੇਲਾ ਜਿਸਕੋ ਜਬੈ ਬਨਾਤੇ। ਜਰ ਜੋਰੂ ਧਰ ਤਿਆਗ ਜਨਾਤੇ। ਚਰਨ ਧੋਏ ਜਲ ਮੈ ਦੇ ਮੀਠਾ। ਪੌੜੀ ਪਾਂਚ ਪਢਤ ਜਪ ਈਠਾ। ਚਰਨ ਸਾਧਕੇ ਧੋਇ ਧੋਇ ਪੀਓ॥ ਅਰਪ ਸਾਧਕੋ ਅਪਨਾ ਜੀਓ॥ ਯਹਿ ਸੁਖਮਨੀ ਕੀ ਪੜ ਪੌਰੀ। ਪਗਪਾਹੁਲ ਦੇਤੇ ਅਤਿ ਗੌਰੀ। ਸਤਯ ਨਾਮ ਉਪਦੇਸ਼ ਦ੍ਰਿੜਾਤੇ, ਬਿਨ ਗੁਰ ਗ੍ਰੰਥ ਨ ਔਰ ਪੁਜਾਤੇ। ਬਿਨ ਪਰਮੇਸ਼ਰ ਔਰ ਨ ਭਜਤੇ, ਦੇਵੀ

ਦੇਵ ਸਿਲਾ ਨਹੀ ਜਪਤੇ । ਮਾਸ ਸ਼ਰਾਬ ਤਮਾਕੂ ਭੰਗੇ।
ਇਤਿਆਦਿਕ ਨਹਿ ਛੂਵਤ ਅੰਗੇ ॥ ੧੯ ॥

ਅਥ ਮੁੰਡਤ ਹੋਣਾ ਤਮਾਕੂ ਪੀਣਾ ਉਦਾਸੀਓਂ ਕੀ ਮਨਮਤ ਹੈ।

(੨੧) ਗੁਰਮਤ ਤੇ ਅਗਯਾਤ ਲੋਕ ਕਪੋਲ ਕਲਪਣਾ ਕਰਤੇ ਹੈਂ; ਕੇਸ ਰਖਨੇ ਕੀ ਰੀਤੀ ਗੁਰੂ ਗੋਬਿੰਦ ਸਿੰਘ ਜੀ ਸੇ ਪਰਚਲਤ ਹੋਈ ਹੈ, ਪਹਿਲੇ ਨੌਂ ਗੁਰੂ ਸਾਹਿਬ ਤੋਂ ਮੁੰਡਤ ਰਹੇ ਹੈਂ, ਗੁਰੂ ਨਾਨਕ ਸਾਹਿਬ ਕੇ ਮਿਲਨੇ ਤਕ ਗੁਰੂ ਅੰਗਦ ਜੀ ਐਸੇ ਹੀ ਗੁਰੂ ਅੰਗਦ ਜੀ ਕੇ ਮਿਲਨੇ ਤਕ ਗੁਰੂ ਅਮਰ ਦਾਸ ਜੀ ਕੈਸੇ ਰਹੇ, ਨਹੀਂ ਕਹਿ ਸਕਦੇ ਪਰ ਇਹ ਤਾਂ ਨਿਸਚੇ ਹੈ, ਕਿ ਗੱਦੀ ਪਰ ਸ਼ੁਸ਼ੋਭਤ ਹੋਏ, ਦਸੋਂ ਗੁਰੂ ਸਾਹਿਬ ਕੇਸਾਧਾਰੀ ਹੋਏ ਜੋ ਉਹਨਾਂ ਦੇ ਮੁਖਵਾਕ ਬਾਣੀ ਤੇ ਪ੍ਰਗਟ ਹੁੰਦਾ ਹੈ, (ਕੇਸਾਂ ਕਾ ਕਰ ਬੀਜਨਾ ਸੰਤ ਚਵਰ ਢੁਲਾਵਉ) ਮਹਲਾ ੫ ਰਾਗ ਸੂਹੀ (ਮੇਰੇ ਰਾਮ ਹਰਿਜਨ ਕੈ ਹਉ ਬਲਿਜਾਈ ॥ ਕੇਸਾਂ ਕਾ ਕਰਿ ਚਵਰੁ ਝੁਲਾਵਾਂ ਚਰਨ ਧੂੜਿ ਮੁਖਿ ਲਾਈ ॥ ਪੁਨਾ: (ਸੇ ਦਾੜੀਆਂ ਸਚੀਆਂ ਜਿ ਗੁਰ ਚਰਨੀ ਲਗਨ) ਕੀ ਇਨਾਂ ਬਚਨਾਂ ਤੋਂ ਪ੍ਰਤੀਤ ਹੋ ਸਕਦਾ ਹੈ, ਕਿ ਕੋਈ ਪੁਰਸ਼ ਬੋਦੀ ਪਟਿਆਂ ਖਸਖਾਸੀ ਵਾਲਾਂ ਨਾਲ ਚੌਰ ਯਾ ਪਖੇ ਦਾ ਕੰਮ ਲੈ ਸਕੇ, ਏਹ ਸੇਵਾ ਅਰ ਪ੍ਰੇਮ ਕੇਸਾਂ ਤੇ ਹੀ ਹੋ ਸਕਦਾ ਹੈ, ਅਰ ਕੇਸਾਂ ਵਾਲਾ ਹੀ ਕਹਿ ਸਕਦਾ ਹੈ।

(੨੨) ਮਹਾਂ ਭਾਰਥ ਦਰੋਣ ਪਰਬ ਮੈਂ ਭੀਮਸੈਨ 'ਅਰ ਕਰਨ ਦਾ ਪਰਸਪਰ ਭਾਰੀ ਜੁਧ ਹੋ ਰਿਹਾ ਸੀ, ਇਧਰ ਸਾਂਤਕ ਅਰ ਭੂਰਿਸ੍ਰਿਵਸ ਲੜਨੇ ਲਗੇ । ਸੋਮ ਦੱਤ ਨਾਮੇ ਚੰਦਰਵੰਸੀ ਰਾਜਾ ਦੇ ਪੁਤਰ ਭੂਰਿ ਸ੍ਰਿਵਸ ਨੇ ਸਾਂਤਯਕਿ ਨੂੰ ਮੁਕੀਆਂ ਚਪੇੜਾਂ ਲੱਤਾਂ ਨਾਲ ਦ੍ਵੰਦਤਾਯੁਧ ਕਰਦੇ ਮੁਕਟ ਲਾਹ ਕੇ ਕੇਸਾਂ ਤੇ ਪਕੜ ਲੀਆ ਅਰ ਤਲਵਾਰ ਖਿੱਚਕੇ ਸਾਂਤਯਕਿ ਦਾ ਦਾ ਸਿਰ ਧੜ ਵਖਰਾ ਕਰਨਾ ਚਾਹੁੰਦਾ ਸੀ, ਕਿਉਂਕਿ ਸਾਂਤਯਕਿ ਅਤਿ ਮਾਰ ਪੈਣੇ ਤੇ ਬਿਸੁਧ ਮੂਰਛਾ ਹੋ ਗਿਆ ਸੀ। ਇਹ ਦੇਖ ਸ੍ਰੀ ਕ੍ਰਿਸ਼ਨ ਚੰਦਰ ਬੋਲੇ ਹੇ ਅਰਜਨ ਜਿਸ ਸਾਂਤਯਕਿ ਨੇ ਆਪਨੀ ਸ਼ਸਤਰ ਵਿਦਯਾ ਕੇ ਬਲ ਸੇ ਤੇਰੇ ਬਦਲੇ ਤੇਰੇ ਅਣਗਿਣਤ ਵੈਰੀ ਮਾਰੇ, ਦੇਖ ਭੂਰਸ੍ਰਿਵਸ ਨੇ ਇਸ ਨੂੰ ਕੈਸਾ ਦੁਖੀ ਕੀਤਾ ਹੈ, ਤੂੰ ਇਸ ਨੂੰ ਸਹਾਇਤਾ ਨਹੀਂ ਦਿੰਦਾ। ਤਬ ਅਰਜਨ ਨੇ ਬਾਨ ਚਲਾਯਾ ਤਲਵਾਰ ਸਮੇਤ ਤਿਸ ਦੀਆਂ ਦੋਨੋਂ ਭੁਜਾਂ ਕਾਟ ਉਡਾਈਆਂ ਭੂਰਿ ਸ੍ਰਿਵਸ ਕਾ ਮਨੋਰਥ ਨਾ ਪੂਰਾ ਹੋਇਆ, ਗਾਲੀ ਲਗਾ ਦੇਣ ਕਿ ਤੂੰ ਠੱਗ ਹੈਂ, ਮੈਂ ਆਪਣੇ ਵੈਰੀ ਨਾਲ ਲੜਦਾ ਸਾਂ, ਅਰ ਤੈਂ ਚੋਰ ਸਮਾਨ ਆਏ ਮੇਰੇ ਹਾਥ ਉਡਾਏ ਦੀਏ ਏਹ ਨਿੰਦਤ ਕਰਮ ਤੈਂ ਕੀਤਾ ਤੂੰ

ਮਹਾਂ ਪਾਪੀ ਹੈਂ ਅਰਜਨ ਬੋਲੇ ਤੂੰ ਜੋ ਸਾਂਤਿਕਿ ਕੇ ਕੇਸ ਖਿਚੇ, ਏਹ ਨਿੰਦਤ ਕੰਮ ਤੈਂ ਕੀਤਾ ਤੇਰੀ ਬੁਧਿ ਨਾਸ ਹੋ ਗਈ ਤਾਂ ਤੇ ਮੇਰਾ ਧਰਮ ਸੀ ਦਯਾ ਕਰਨੀ, ਅਰ ਸਹਾਇਤਾ ਦੇਣੀ। ਸੀਸ ਕਟਨੇ ਸੇ ਐਸਾ ਕ੍ਰੋਧ ਨਹੀਂ ਹੁੰਦਾ ਜੈਸਾ ਖਯਤ੍ਰੀ ਨੂੰ ਕੇਸ ਖੈਂਚਨ ਪਰ ਹੁੰਦਾ ਹੈ। ਇਸ ਕਥਾ ਤੋਂ ਸਿਧ ਹੁੰਦਾ ਹੈ ਕਿ ਇਸ ਸਮਯ ਤਕ ਖਯਤ ਰਾਜਾ ਕੇਸਾਧਾਰੀ ਸੇ ਅਰ ਕੇਸਾਂ ਦਾ ਨਿਰਾਦਰ ਅਨੁਚਿਤ ਹੈ।

(੨੩) ਕੇਸ ਉਪਲੱਖਤ ਹਨ ਸੁਭ ਗੁਣਾਂ ਦੇ ਭਗਵਤ ਭਜਨ ਕੀਰਤਨ ਭਾਵ ਸਰਧਾ ਆਦ ਸੁਭ ਗੁਣਾਂ ਤੇ ਬਿਨਾਂ ਕੇਵਲ ਕੇਸਧਾਰੀ ਹੋਕਰ ਅਰ ਅਭਿਮਾਨ ਕਰਨੇ ਹਾਰੇ ਐਸੇ ਹੀ ਹੈਂ ਜੈਸੇ ਔਰ ਵਾਹਯ ਪਖੰਡ ਕਰਮੀ ਭੇਖੀ ਦੰਭੀ ਯਮ ਪੁਰੀ ਮੈਂ ਦੁਖ ਦੇ ਅਧਿਕਾਰੀ ਹੁੰਦੇ ਹਨ। ਇਸ ਕਾਰਨ ਸ੍ਰੀ ਮੁਖਵਾਕ ਹੈ, "ਤੀਰਥ ਕੋਟ ਕੀਏ ਇਸਨਾਨ ਦੀਏ ਬਹੁ ਦਾਨ ਮਹਾਂ ਬ੍ਰਤਿ ਧਾਰੇ ॥ ਦੇਸ ਫਿਰਿਓ ਕਰ ਭੇਸ ਤਪੋ ਧਨ ਕੇਸ ਧਰੇ ਨ ਮਿਲੇ ਹਰਿ ਪਿਆਰੇ ॥ ਆਸਨ ਕੋਟ ਕੀਏ ਅਸਟਾਂਗ ਧਰੇ ਬਹੁ ਨਯਾਸ ਕੀਏ ਮੁਖ ਕਾਰੇ ॥ ਦੀਨ ਦਯਾਲ ਅਕਾਲ ਭਜੇ ਬਿਨ ਅੰਤਕੋ ਅੰਤਕੇ ਧਾਮ ਸਿਧਾਰੇ ॥ ੧੦ ॥" ਪ੍ਰਯੋਜਨ ਇਹ ਕੇਸ ਗੁਰੂ ਕਾ ਬਿਰਦ ਹੈ, ਅਥਵਾ ਸਿਖੀ ਦਾ ਚਿੰਨ੍ਹ ਹੈ ਦਿਨਾਂ ਦੇ ਹੁੰਦਿਆਂ ਤੁਸੀਂ ਇਨਾਂ ਦੀ ਸ਼ਰਮ ਕਰੋ, ਕਿ ਲੋਕ ਅਪਵਾਦ ਕਰਨਗੇ ਦੇਖੋ ਸਿਖ ਹੋਕੇ ਕੀ ਕਰਮ ਕਰਦਾ ਹੈ, ਜਿਹਾ ਕੁ ਲੋਕ ਕਹਿੰਦੇ ਹਨ ਕੋਈ ਕੇਸ਼ ਧਾਰੀ ਤਮਾਕੂ ਪੀਏ ਯਾ ਕੋਰੇ ਹੁਕੇ ਨੂੰ ਭੀ ਹਥ ਲਾਵੇ ਤਾਂ ਉਸਨੂੰ ਸ਼ਰਮਿੰਦਾ ਕਰਦੇ ਹਨ, ਵਾਹ ਭਾਈ ਜੀ ਸਿਖ ਹੋ ਕੇ ਏਹ ਕੀ ਕਰਦੇ ਹੋ? ਮੁਸਲੱਕੇ ਪਿੰਡਾਂ ਵਿਚ ਕੋਈ ੨ ਸਿਖ ਆਪ ਨਹੀਂ ਵਰਤਦੇ ਪਰ ਵੇਹਦੇ ਹਨ, ਤਾਂ ਉਹਨਾਂ ਨੂੰ ਬੀ ਲੋਕ ਧਿਕਾਰਦੇ ਅਰ ਸ਼ਰਮਿੰਦਾ ਕਰਦੇ ਹਨ, ਕੇਸਾ ਧਾਰੀ ਹੋਕੇ ਲਤਾਂ ਮੁਨਾਵੇ ਯਾ ਦਾੜ੍ਹੀ ਕਤਰਾਵੇ ਤਾਂ ਕੈਸਾ ਬੁਰਾ ਲਗਦਾ ਹੈ, ਅਰ ਤਿਸ ਨੂੰ ਅਨਮਤੀਏ ਬੀ ਨਿੰਦਦੇ ਹਨ, ਕਿ ਏਹ ਆਪਣੇ ਗੁਰੂ ਦਾ ਹੁਕਮ ਨਹੀਂ ਮੰਨਦਾ ਬੇਮੁਖ ਹੈ ਅਰ ਕੇਸਾਧਾਰੀ ਹੋਕੇ ਗੁਰੂ ਕਾ ਬਿਰਦ ਜਾਣਕੇ ਮੰਦੇ ਕਰਮ ਤਿਆਗੇ ਤਾਂ ਸੋਭਾ ਪਾਉਂਦਾ ਹੈ, ਐਸੇ ਸਿਖ ਦੀ ਸਤਿਗੁਰੂ ਬੀ ਬਿਰਦ ਦੀ ਲਾਜ ਰਖਦੇ ਹਨ, ਯਥਾ (ਨਾਮ ਧਰੀਕ ਉਧਾਰੇ ਭਗਤਹ ਸੰਸਾ ਕਉਨ) ਪਰ ਜੋ ਬਿਰਧ ਕੇਸ ਰਖਕੇ ਕੁਕਰਮ ਕਰਦਾ ਹੈ, ਓਹ ਪੰਥ ਨੂੰ ਐਸਾ ਹੈ, ਜੈਸੇ ਕਪੁਤ ਕੁਲ ਨੂੰ ਕਲੰਕਤ ਕਰਦਾ ਹੈ ਮਨ ਦੇ ਪਰੇਮ ਤੇ ਬਿਨਾਂ ਤਨ ਦੇ ਸਿੰਗਾਰ ਮਾਤਰ ਸਾਧਨ ਨਿਸਫਲ ਹਨ ਇਸ ਭਾਵ ਸੇ ਕਹਾ ਹੈ (ਕੇਸ ਧਰੇ ਨਾ ਮਿਲੇ ਹਰਿ ਪਿਆਰੇ)

(੨੪) ਜੈਸੇ ਕੇਸਾਂ ਦਾ ਕਟਾਉਣਾ ਅਰ ਮੁੰਡਾਉਣਾ ਬੀ ਨਿੰਦਤ

ਕਾਨੂੰਨ ਕੁਦਰਤ ਦੇ ਉਲਟ ਹੈ, ਐਸੇ ਹੀ ਵਧਾਉਣਾ ਬੀ ਅਨੁਚਿਤ ਹੈ. (ਮਿਲੇ ਨਾ ਤੀਰਥਿ ਨਾਤਿਆ ਡਡਾਂ ਜਲਵਾਸੀ ॥ ਵਾਲ ਵਧਾਇਐ ਜੇ ਮਿਲੇ ਵਣ ਜਟਾ ਪਲਾਸੀ ॥ ਨੰਗੇ ਰਹਿਆਂ ਜੇ ਮਿਲੇ ਵਣ ਮਿਰਗ ਉਦਾਸੀ ॥ ਭਸਮੁ ਲਾਇ ਜੇ ਪਾਈਐ ਖਰ ਖੇਹ ਨਿਵਾਸੀ ॥ ਜੇ ਪਾਈਐ ਚੁਪ ਕੀਤਿਆਂ ਪਸੂਆਂ ਜੜਹਾਸੀ ॥ ਵਿਣ ਗੁਰ ਮੁਕਤਿ ਨ ਹੋਵਈ ਗੁਰ ਮਿਲੇ ਖਲਾਸੀ ॥ ੧੪ ॥ ਪਉੜੀ ੩੬ ਵਾਰ) ਭੂਠੇ ਮੁਲ ਖਰੀਦੇ ਹੋਏ ਵਾਲ ਅਰ ਕਟਾਏ ਮੁੰਡਾਏ ਘਟਾਏ ਹੋਏ ਵਾਲ ਦੋਵੇਂ ਮਨਮਤ ਵਿਖੇ ਗਿਣੇ ਜਾਂਦੇ ਹਨ। ਬ੍ਰਹਮਚਾਰੀ, ਨਾਂਗੇ, ਜਟਾਧਾਰੀ ਵਧਾਉਂਦੇ ਅਰ ਦੰਡੀ ਸੰਨਯਾਸੀ, ਪਰਮ ਹੰਸ ਮੁੰਡਾਉਂਦੇ ਹਨ ਅਰ ਦੋਨੋਂ ਪਰਸਪਰ ਝਗੜੇ ਪਾਉਂਦੇ ਕਲੇਸ਼ ਉਠਾਉਂਦੇ ਕੁਕਰਮ ਕਮਾਉਂਦੇ ਹਨ ਤਾਂਤੇ ਪਾਰਬ੍ਰਹਮ ਪਰਮੇਸ਼ਰ ਨੂੰ ਨਹੀਂ ਭਾਉਂਦੇ, ਇਸੀ ਭਾਵ ਤੇ ਲਿਖਾ ਹੈ, (ਪ੍ਰੀਤ ਇਕ ਸਿਉ ਕੀਏ ਆਨ ਦੁਬਿਧਾ ਜਾਇ ॥ ਭਾਵੇਂ ਲਾਂਬੇ ਕੇਸ ਕਰਿ ਭਾਵੇਂ ਘਰਰ ਮੁੰਡਾਇ ॥ (੨੫) ਦੁਬਿਧਾ ਜਿਸ ਘਰ ਵਿਚ ਆਵੇ ਘਰ ਨਾਸ ਕਰਦੀ ਹੈ, ਦੇਸ ਰਾਜ ਲੋਕ ਪਰਲੋਕ ਸਭ ਦੀ ਨਾਸ ਕਰਨ ਹਾਰੀ ਹੈ, ਓਹ ਦੁਬਿਧਾ ਦੂਰ ਹੁੰਦੀ ਹੈ ਇਕ ਵਾਹਿਗੁਰੂ ਨਾਲ ਪ੍ਰੀਤ ਕਰਨ ਤੇ ਜਦ ਦੁਬਿਧਾ ਦਵੈਤ ਮਿਟ ਜਾਵੇ ਫੇਰ ਚਾਹ ਕੋਈ ਬੈਰਾਗੀ ਮਤ ਹੋ ਕਰ ਲੰਮੇ ਕੇਸ ਵਧਾਵੇ, ਭਾਵੇਂ ਦੰਡੀ ਸੰਨਯਾਸੀ ਵਾ ਮਹੰਮਦੀ ਹੋ ਕਰ ਅਛੀ ਤਰਾਂ ਮੁੰਡਾਵੇ ਏਕ ਸਮਾਨ ਹਨ, ਅਰਥ ਇਹ ਜੋ ਪਰਵਿਰਤੀ ਵਧਾਵੇ ਅਥਵਾ ਭਲੀ ਪ੍ਰਕਾਰ ਨਿਰਵਿਰਤੀ ਮਾਰਗ ਮੇਂ ਏਕਾਂਤ ਸੇਵੀ ਹੋ ਰਹੇ, ਐਸੇ ਪੁਰਸ਼ ਨੂੰ ਲੇਪ ਛੇਪ ਨਹੀਂ, ਕਿਉਂਕਿ ਇਸ ਪਦ ਵਾਲਾ ਨਾ ਵਧਾਉਂਦਾ ਅਰ ਨਾ ਘਟਾਉਂਦਾ ਹੈ ਨਿਰਪਖ ਸਮ ਬਿਵਹਾਰ ਰਖਦਾ ਹੈ ਜੈਸੀ ਗੁਰਮੁਖਾਂ ਦੀ ਰੀਤੀ ਹੈ।

(੨੫) ਕੇਸ ਸੁਮਤਾਈ ਅਰ ਸ੍ਰੇਸ਼ਟਾਚਾਰੀ ਭਲਮਾਣਸੀ ਦੇ ਚਿੰਨ੍ਹ ਹਨ, ਕਈ ਵੇਰ ਸਿਖਾਂ ਦੇ ਪੁਤ੍ਰ ਜੇ ਕਪੁਤ੍ਰ (ਬਦਮਾਸ਼) ਵਸ਼ਈ ਦੁਰਾਚਾਰੀ ਨਿਕਲਨ ਤਾਂ ਮੋਨੇ ਹੋ ਜਾਂਦੇ ਹਨ ਅਰ ਮੋਨਿਆਂ ਦੇ ਸਤਸੰਗੀ ਭਲੇ ਮਾਣਸ ਸਪੁਤ੍ਰ ਨਿਕਲਣ ਤਾਂ ਕੇਸਾਧਾਰੀ ਹੋ ਜਾਂਦੇ ਹਨ।

(੨੬) ਧਿਆਨ ਦੇਣੇ ਤੇ ਪਰਗਟ ਹੁੰਦਾ ਹੈ ਕਿ ਜੋ ਕੋਈ ਮਨੁਖ ਆਪਣਾ ਧਨ ਠਗਾ ਆਵੇ, ਉਸ ਨੂੰ ਲੋਕ ਕੇਂਹਦੇ ਹਨ ਏਹ ਤਾਂ ਸਿਰ ਮੁਨਾ ਬੈਠਾ ਹੈ) (ਸਿਰ ਮੁਨਾਇਕੇ ਮਹੂਰਤ ਪੁਛਣ ਚਲੇ) ਪੁਨਾ: (ਲੈ ਹੁਣ ਬੈਠਕੇ ਸਿਰ ਮੁਨਾ) ਏਹ ਪੰਜਾਬ ਵਿਚ ਪਰਸਿੱਧ ਕਹਾਉਤਾਂ ਹਨ, ਅਰ ਉਸ ਨੇ ਭਲੀ ਪ੍ਰਕਾਰ ਉਸਕਾ ਮੂੜ ਮੁੰਡਾ ਜੋ ਨੁਕਸਾਨ ਹੋਣੇ ਤੇ ਫੇਰ ਸਮਝ ਸਮਝ ਪਰ ਹਿੰਦੁਸਤਾਨੀ ਲੋਕ ਬੋਲਦੇ ਹਨ, ਅਰ ਜੇ ਕੋਈ ਬਚਨ ਕਹਿ

ਕਰ ਨਾ ਪੂਰਾ ਕਰੇ ਤਾਂ ਲੋਕ ਕਹਿੰਦੇ ਹਨ; ਕਿਉਂ ਮੂੰਹ ਤੇ ਦਾਹੜੀ ਹੈ ਕਿ ਨਹੀਂ ਅਥਵਾ ਫਿਟੇ ਦਾਹੜੀ, ਅਰ ਮੁੰਨੀ ਸਿਰ ਮੁੰਨੀ; ਮੁਨਾਉਣ ਤੇਰਾ ਸਿਰ ਮੁੰਨਿਆਂ, ਤੇਰਾ ਝਾਟਾ ਮੁੰਨਿਆਂ ਇਤਿਆਦਿ ਗਾਲੀਆਂ ਹਨ ਸੋ ਇਹ ਸਭ ਗਾਲੀਆਂ ਉਨਾਂ ਨੂੰ ਪੈਂਦੀਆਂ ਅਰ ਭਾਰੀ ਨੁਕਸਾਨ, ਅਤੀ ਘਾਟੇ ਵਿਚ ਹੁੰਦੇ ਹਨ ਜੋ ਸਚ ਮੁਚ ਕੇਸ ਮੁਨਾਉਂਦੇ ਹਨ। ਮੁਨਾ ਬੈਠਣ ਨਾਮ ਤੇ ਘਾਟਾ ਅਰ ਨੁਕਸਾਨ ਸਮਝਿਆ ਜਾਂਦਾ ਹੈ, ਜੋ ਸਚ ਮੁਚ ਮੁਨਾਉਂਦੇ ਯਾ ਕੇਸ ਕਟਾਉਂਦੇ ਹਨ, ਉਨ੍ਹਾਂ ਦਾ ਘਾਟਾ ਕੌਣ ਗਿਣੇ, ਕਿਥੇ ਪੂਰਾ ਹੋਵੇਗਾ ?

ਹੁਣ ਏਹ ਵਖਯਾਨ ਬਹੁਤ ਵਧ ਗਿਆ ਹੈ, ਪਰ ਧਰਮ ਵਿਚ ਦਲੀਲ ਅਰ (ਅਕਲ) ਬੁਧੀ ਦੇ ਪ੍ਰਮਾਨ ਬਿਅਰਥ ਹੁੰਦੇ ਹਨ, ਕੇਵਲ ਅਚਾਰਯ ਦੀ ਆਗਿਆ ਦੀ ਸਵੀਕਾਰ ਹੁੰਦੀ ਹੈ, ਜਿਸਦੇ ਭਾਗਯ ਅੱਛੇ ਹੋਣ ਉਸਨੂੰ ਸਰਧਾ ਅਰ ਪ੍ਰਤੀਤ ਆਉਂਦੀ ਹੈ, ਸਰਧਾਵਾਨ ਕੇਵਲ ਗੁਰੂ ਦੀ ਆਗਜ੍ਯਾ, ਮੁਖ ਸਮਝਦਾ ਹੈ, ਸ੍ਰੀ ਗੁਰੂ ਕਲਗੀਧਰ ਦੀ ਆਗਜ੍ਯਾ ਅਨੁਸਾਰ ਕੇਸ ਧਾਰਨ ਕਰੋ ਜੋ ਸ੍ਰਿਸ਼ਟੀ ਦੇ ਅਰੰਭ ਤੋਂ ਬ੍ਰਹਮਾਦਿ ਦੇਵਤਾ ਰਿਖੀਆਂ ਨੇ ਧਾਰਨ ਕੀਤੇ ਹਨ, ਅੰਮ੍ਰਿਤ ਛਕੋ, ਮਨਮਤ ਤਜੋ (ਤਿਆਗੇ ਮਨ ਕੀ ਮਤੜੀ ਵਿਸਾਰੇ ਦੂਜਾ ਭਾਉ ਹੀ ॥ ਇਉ ਪਾਵਹਿ ਹਰਿ ਦਰਸਾਵੜਾ ਨਹਿ ਲਾਗੈ ਤਤੀ ਵਾਉ॥) ॥ ਇਤੀ ॥

❋

ਵਖਯਾਨ ੩੭

ਦੋਹਰਾ–ਕਲਗੀਧਰ ਆਗਿਆ ਦਈ ਪਹਿਨਹੁ ਕਟ ਮਹਿ ਕਛ ॥
ਬੀਰ ਉਦਮੀ ਨਰਨ ਕਾ ਬਾਨਾ ਸੁੰਦਰ ਸਵੱਛ ॥ ੧ ॥

ਪਿਆਰੇ ਭਾਈਓ ਕੇਸਾਂ ਤੋਂ ਉੱਤਰ ਸਿਖੀ ਦਾ ਦੂਜਾ ਚਿੰਨ੍ਹ ਕਛ ਹੈ, ਇਸ ਦੇ ਧਾਰਨ ਦੀ ਆਗਿਆ ਅੰਮ੍ਰਿਤ ਛਕਣੇ ਸਮੇਂ ਐਉਂ ਮਿਲਦੀ ਹੈ, ਜੋ ਕੱਛ ਦਾ ਵਿਸਾਹ ਨਹੀਂ ਕਰਨਾ, ਇਕ ਪਾਉਂਚਾ ਲਾਹੁਣਾ ਤਾਂ ਦੂਜਾ ਪਾ ਲੈਣਾ, ਜੇ ਦੋਵੇਂ ਪੈਰ ਇਕਠੇ ਨਹੀਂ ਲਾਹੁਣੇ, ਜੇ ਪੁਠੀ ਪੈ ਜਾਵੇ ਯਾ ਕਿਸੇ ਤਰਾਂ ਉੱਤਰ ਜਾਵੇ, ਤਾਂ ਤੁਰਤ ਭੁਲ ਬਖਸ਼ਾਉਣੀ ਚਾਹੀਏ, ਜਦ ਤਕ ਪਹਿਨ ਨਾ ਲਵੇ ਜਲ ਛਕਣਾ ਸਿਖ ਦਾ ਧਰਮ ਨਹੀਂ। ਘਟ ਤੋਂ ਘਟ

ਦੋ ਕਛੈਹਰੇ ਸਿਖ ਕੋਲ ਅਵਸ਼ਯ ਹੋਣੇ ਉਚਿਤ ਹਨ।

ਗੋਡਿਆਂ ਦੇ ਉਪਰਲੇ ਭਾਗ ਦਾ ਨਾਉਂ ਜੋ ਲਕ ਤਕ ਹੈ, ਕਛ ਹੈ, ਉਸਦੇ ਉਪਰ ਪੈਹਨਣੇ ਵਾਲੇ ਬਸਤਰ ਦਾ ਨਾਉਂ ਭੀ ਕੱਛ ਹੈ, (ਦੇਖ ਮੰਗਲ ਕੋਸ਼) ਜੈਸੇ ਬਾਂਹ ਦੇ ਮੁਢ ਦਾ ਨਾਉਂ ਕੱਛ ਹੈ, ਜੈਸੇ ਜੰਘਾਂ ਦੇ ਮੁਢ ਦਾ ਨਾਉਂ ਭੀ ਕੱਛ ਹੈ। ਭਾਸ਼ਾ ਵਿਚ ਇਸ ਨੂੰ ਕਾਛਨੀ ਯਾ ਕਟਬੰਧ ਕਹਿੰਦੇ ਹਨ ਧੋਤੀ ਦੇ ਦੂਜੇ ਸਿਰੇ ਦਾ ਨਾਮ ਜੋ ਪਿਛੇ ਨੂੰ ਮੋੜਕੇ ਟੰਗਦੇ ਹਨ ਕੱਛ ਹੈ ਪਰ ਗੁਰਮਤ ਵਿਚ ਕੱਛ ਸੀਤੀ ਹੋਈ ਦੇ ਪੌਂਚੇ ਉੱਪਰ ਨੇਫਾ ਬਣਿਆ ਹੋਵੇ, ਇਸ ਦਾ ਨਾਮ ਕੱਛ ਹੈ ਏਹ ਕੇਸਾਂ ਦੀ ਸਹਾਇਕ ਅਰ ਸੋਭਦਾਇਕ ਹੈ, ਇਸਦੇ ਪਹਿਨਣੇ ਤੇ ਕੇਸ ਗੁਰੂ ਕਲਗੀਧਰ ਦੀ ਛਾਪ ਹੁੰਦੇ ਹਨ, ਇਸਤੇ ਬਿਨਾਂ ਨਹੀਂ ਪ੍ਰਤੀਤ ਹੁੰਦਾ ਕਿ ਕੇਸ ਗੁਰੂ ਜੀ ਕੀ ਛਾਪ ਹਨ ਜਾਂ ਕਿਸੀ ਹੋਰ ਦੇ ਹਨ।

ਇੰਦ੍ਰੇ ਜਿਤ ਅਰ ਸੂਰਬੀਰਾਂ ਦਾ ਪਹਿਰਾਵਾ ਹੈ ਭੈਰੋਂ ਜਤੀ, ਮਹਾਂਬੀਰ ਹਨੂਮਾਨ, ਸ੍ਰੀ ਰਾਮ ਚੰਦਰ ਲਛਮਣ ਆਦਿ ਔਰ ਅਨੇਕ ਜੋਧੇ ਅਰ ਜਤੀਆਂ ਨੇ ਪਹਿਨੇ ਹੈਂ।

> ਰਾਮ ਲਛਮਣ ਜੂ ਸੋ ਬੋਲ ਕਹਿਓ ਕੁਲ ਪੂਜ ਆਯੋ ਹੈ ਪ੍ਰਭਾਤ ਹੋਤੇ ਜਨਕ ਕੇ ਜਾਏ ਹੋ । ਜੋ ਕਹੋ ਤੋ ਰਾਜਾ ਦਸਰਥ ਜੂ ਪੈ ਪਹੁੰਚਾਊਂ ਨਹੀਂ ਸੰਗ ਚਲੋ ਤੁਮੈ ਕੌਤਕ ਦਖਾਏ ਹੋ । ਛੋਟੀ ਸੀ ਕਛੋਟੀ ਕਟ ਧਨ ਹੂੰ ਨ ਮੋਟੀ ਕਰ ਚੋਟੀ ਧਰ ਕਹਯੋ ਨੈਕ ਹੋ ਹੂੰ ਚਢਾਏ ਹੋਂ । ਰਾਜਾ ਤੋ ਜਨਮ ਰਿਖਰਾਜ ਤੇ ਮੈਂ ਪਾਇਯੋ ਗੁਨ ਐਸੇ ਸ਼ਿਵਕੇ ਧਨਖ ਹੂ ਤੇ ਗੁਨ ਪਾਇ ਹੋ।
>
> (ਹਨੂ ਨਾਟਕ ੧ ਅੰਕ ੩੭ ਕਬਿਤ)

ਏਸਦੇ ਪਹਿਰਨੇ ਸੇ ਪੁਰਸ਼ ਬੀਰਤਾ ਯੁਕਤ ਸਵਾਧਾਨ ਸੂਰਮਾਂ ਖਤਰੀ ਪਰਤੀਤ ਹੁੰਦਾ ਹੈ, ਧਰਮਸਥਲ ਦੀ ਰਖਿਆ ਰਹਿੰਦੀ ਹੈ, ਲੱਜਾ ਸ਼ਰਮ ਬਣੀ ਰਹਿੰਦੀ ਹੈ। ਅਰ ਧੋਤੀ ਬਣੇਗੀ ਪੰਜ ਗਜ਼ ਕਪੜਾ ਲਗਕੇ ਕਛਾਂ ਉਤਨੇ ਵਿਚ ਬਣ ਗੀਆਂ ਚਾਰ, ਨਾਲੇ ਖਰਚ ਦਾ ਬਚਾਉ ਨਾਲੇ ਗੁਰੂ ਦੀ ਆਗਿਆ ਮੰਨਣੇ ਦੇ ਕਾਰਨ ਪਰਲੋਕ ਦਾ ਸੁਧਾਰ। ਹਿੰਦੂਆਂ ਦੀ ਧੋਤੀ ਮੁਸਲਮਾਨਾਂ ਦਾ ਤੰਬਾ ਖਾਲਸਾ ਜੀ ਦੀ ਕਛ ਤੇਰ ਪਹਿਰਨੇ ਦਾ ਬਸਤਰ ਹੈ, ਇਸ ਦੇ ਗੁਣਾਂ ਦੇ ਕਾਰਨ ਯੂਰਪ ਦੇਸ ਨਿਵਾਸੀ ਜੋ ਸਰਬ ਦਾ ਗੁਣ ਗਰਾਹਕ ਹਨ, ਤਿਨਾਂ ਨੇ ਧਾਰਨ ਕੀਤੀ ਬਾਲਕ ਤੇ ਲੈਕੇ ਬ੍ਰਿਧ ਪਰਯੰਤ

ਹਰੇਕ ਯੂਰਪੀਅਨ ਪਤਲੂਨ ਦੇ ਹੇਠਾਂ ਕਛ ਪਹਿਨਦਾ ਹੈ। ਸਗਮਾਂ ਇੰਗਲੈਂਡ ਦੀਆਂ ਕੰਨਜ਼ਾਂ ਅਰ ਇਸਤ੍ਰੀਆਂ ਬੀ ਪਹਿਨਦੀਆਂ ਹਨ। ਫੇਰ ਜੋ ਖਾਲਸਾ ਹੋਕੇ ਨਹੀਂ ਪਹਿਨਦੇ ਸਤਿਗੁਰੂ ਤੇ ਬੇਮੁਖ ਮਨਮਤੀ ਐਸੇ ਪਵਿਤਰ ਹਨ, ਜੈਸੇ ਜਨੇਊ ਤੋਂ ਬਿਨਾਂ ਹਿੰਦੂ ਯਾ ਅਸੁਨਤੀ ਮੁਸਲਮਾਨ। ਕੱਛ ਖਾਲਸਾ ਜੀ ਨੂੰ ਸਦਾ ਧਾਰਨੀਯ ਹੈ। ਧਰਮ ਸ਼ਾਸਤਰ ਦੀ ਆਗਜਾਨੁਸਾਰ ਧੋਤੀ ਦੀ ਲਾਂਗ ਖੋਲਕੇ ਲਘੁਸ਼ੰਕਾ ਕਰਨੀ ਯੋਗ ਹੈ ਪਰ ਜੋ ਖੋਹਲੇ ਬਿਨਾਂ ਕਰਦੇ ਹਨ, ਪਤਤ ਹੋਂਦੇ ਹਨ. ਅਰ ਦੇਖੋ ਤਾਂ ਬਹੁਤਾ ਐਸਾ ਹੀ ਕਰਦੇ ਹਨ ਪਤਤ ਹੋਂਦੇ ਹਨ ਅਰ ਦੇਖੇ ਜਾਂਦੇ ਹਨ ਕੱਛ ਪਹਿਰਨੇ ਵਾਲੇ ਇਸ ਦੋਸ਼ ਤੇ ਪਵਿਤਰ ਰਹਿੰਦੇ ਹਨ, ਇਸ ਤੇ ਧਾਰਮਕ ਬਿਵਹਾਰਕ ਦੋਨੋਂ ਪ੍ਰਕਾਰ ਸੇ ਸਭਨਾਂ ਨੂੰ ਧਾਰਨੀਯ ਹੈ।

ਇਸਤੇ ਉਤਰਕੇ ਸਿਖ ਧਰਮ ਦਾ ਤੀਜਾ ਚਿੰਨ ਕ੍ਰਿਪਾਨ ਹੈ, ਸ੍ਰਿਸ਼ਟੀ ਕਰਤਾ ਨੇ ਅਰੰਭ ਵਿਚ ਦੋ ਵਿਦਯਾ ਪ੍ਰਧਾਨ ਰਚੀਆਂ। ਸ਼ਾਸਤ੍ਰ ਵਿਦਯਾ ਨਾਲ ਬ੍ਰਾਹਮਣ ਚਾਰ ਬਰਨ ਦੇ ਪੂਜਨੀਕ ਕੁਲਾਂ ਦੇ ਪਰੋਹਤ ਜਗਤ ਦੇ ਗੁਰੂ ਹੋਏ, ਸ਼ਸਤਰ ਵਿਦ੍ਯਾ ਨਾਲ ਛਤਰੀ ਪ੍ਰਿਥਵੀ ਦੇ ਪਤੀ ਰਾਜਾ ਮਹਾਰਾਜ ਨਰੇਸ ਭੂਪਤੀ ਨਾਮ ਸੇ ਚਾਰ ਬਰਨ ਦੇ ਰਾਜਾ ਊਚ ਬਣੇ। ਸੋ ਏਹ ਦੋਵੇਂ ਵਿਦਿਆ ਕਲਗੀਧਰ ਮਹਾਰਾਜ ਨੇ ਖਾਲਸਾ ਪੰਥ ਨੂੰ ਬਖਸ਼ੀਆਂ ਹਨ, ਸ੍ਰਿਸ਼ਟੀ ਕਰਤਾ ਨੇ ਪਹਿਲੇ ਖੰਡਾ ਰਚਕੇ ਪਿਛੋਂ ਉਤਪਤੀ ਕੀਤੀ ਯਥਾ (ਖੰਡਾ ਪ੍ਰਥਮੈ ਮਨਾਇਕੈ ਜਿਨ ਸਭ ਸੰਸਾਰ ਉਪਾਇਆ) ਪੁਨਾ (ਪ੍ਰਿਥਮ ਭਗੌਤੀ ਸਿਮਰਕੈ ਗੁਰ ਨਾਨਕ ਲਈਂ ਧਿਆਇ) ਵਿਸ਼ਨੂ ਭਗਵਾਨ ਦੇ ਹਸਤ ਕਮਲ ਮੈਂ ਸੁਦਰਸ਼ਨ ਚਕ੍ਰ ਕਮੋਦਕੀ, ਗਦਾ, ਨੰਦੀਗਨ ਖੜਗ ਅਰ ਸ਼ਿਵਜੀ ਮਹਾਰਾਜ ਦੇ ਹਥ ਮੈਂ ਤ੍ਰਿਸੂਲ ਪਿਨਾਕੀ ਧਨੁਖ ਆਦਿ ਸ਼ਾਸਤਰ ਪਰ ਸਿਧ ਹਨ ਬਰਨ ਦੀ ਫਾਂਸੀ, ਯਮ ਰਾਜਾ ਦਾ ਦੰਡ; ਇੰਦਰ ਦਾ ਬੱਜਰ ਪੁਨਾ: ਸੁਯੰਭੂ ਮਨੂ ਪ੍ਰਿਥੂ ਪਯੋਬ੍ਰਤਾ ਉਤਾਨ ਪਾਦ ਆਦਿ ਰਾਜਾ ਹਿਰਨਜ ਕਸ਼ਪ ਹਰਨਾਕਸ਼ ਮੂਰ ਮਧੁ ਕੈਟਭ ਕਾਲਨੇਮੀ ਪੁਲੋਮੀ ਆਦਿ ਰਾਖਸ਼ ਮਤਸ਼ ਬੈਰਾਹ ਨਰਸਿੰਘ ਸ੍ਰੀ ਰਾਮ ਚੰਦਰ, ਕਿਸ਼ਨ, ਪਰਸ ਰਾਮ ਨਿਹਕਲੰਕ ਹੈਯਗ੍ਰੀਵ ਆਦਿ ਅਵਤਾਰ ਸਭ ਸ਼ਸਤਰ ਧਾਰੀ ਹੋਏ, ਵਗ ਉਸਦਾ ਹੁੰਦਾ ਹੈ, ਜਿਸਦੇ ਹੱਥ ਡੰਡਾ ਹੋਵੇ, ਰਾਜ ਉਸਦਾ ਜਿਸਦੀ ਤਲਵਾਰ ਚਲੇ। ਚੋਹਵਾਂ ਜੁਗਾਂ ਵਿਖੇ ਰਾਜ ਸ਼ਸਤਰ ਧਾਰੀ ਕਰਦੇ ਰਹੇ। ਧ੍ਰੂਵ ਪ੍ਰਹਿਲਾਦ ਰਾਜਾ ਬਲ ਅੰਬਰੀਕ ਜਨਕ ਯੁਧਿਸ਼ਟਰ ਅਰਜਨ ਆਦਿ ਭਗਤ ਬੀ ਸ਼ਸਤਰ ਧਾਰਦੇ ਰਹੇ, ਵਿਸ਼ਵਾਮਿਤ੍ਰ ਆਦਿ ਰਿਖੀ ਬੀ ਸ਼ਸਤ੍ਰ ਧਾਰੀ ਹੋਏ। ਸੰਨਯਾਸੀ ਬੈਰਾਗੀ ਆਦਿ ਸਾਧੂ ਅਰ ਮੁਸਲਮਾਨ ਯਹੂਦੀ ਈਸਾਈ ਆਦਿ

ਸਭ ਜਿਨਾਂ ਨੇ ਸ਼ਸਤ੍ਰ ਪਕੜੇ ਰਾਜਾ ਹੋਏ, ਸ਼ਸਤਰ ਵਿਦਯਾ ਨਾਲ ਸ਼ਸਤਰ ਧਾਰੇ ਬਿਨਾਂ ਜੈਨ ਲੋਕ ਪਰਜਾ ਬਣ ਰਹੇ ਹਨ, ਸ਼ਸਤ੍ਰ ਧਾਰ ਕਰ ਯੁਧ ਕਰਨੇ ਤੇ ਚੰਡਕਾ ਦੁਰਗਾ ਘਰ ਘਰ ਪੂਜੀ ਜਾਂਦੀ ਹੈ ਸਿਖ ਬੀ ਪੈਰੀਂ ਪਏ ਕਹਿੰਦੇ, ਅਰ ਨਿੰਮਰਤਾ ਗਰੀਬੀ ਧੀਰਜ ਖਿਮਾਂ ਕਰਦੇ, ਅਰ (ਜੋ ਤੈ ਮਾਰਨ ਮੁਕੀਆਂ ਤਿਨਾਂ ਨਾ ਮਾਰੇ ਘੁੰਮਿ ॥ ਆਪਨੜੈ ਘਰਿ ਜਾਈਐ ਪੈਰ ਤਿਨਾਂ ਦੇ ਚੁੰਮ ॥) ਪੜ੍ਹਦੇ ਹੋਏ ਅਜਿਹੇ ਮੁਰਦਾ ਮਨ ਹੋ ਗਏ, ਜੋ ਹਰ ਕੋਈ ਇਨਾਂ ਨੂੰ ਦਬਾਉਣਾ ਲਗਾ ਤਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ਼ਸਤਰ ਪਕੜੇ, ਅੰਤ ਵਿਚ ਗੁਰੂ ਕਲਗੀਧਰ ਨੇ ਸ਼ਸਤ੍ਰ ਵਿਦਯਾ ਸਿਖਣੀ ਅਰ ਸ਼ਸਤਰ ਪਹਿਰਨੇ ਅਵੱਸ਼ ਕਰਕੇ ਆਗਿਆ ਦਿਤੀ (ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ ॥ ਸੈਫ ਸਰੋਹੀ ਸੈਹਥੀ ਯਹੈ ਹਮਾਰੇ ਪੀਰ ।) ਪੁਨਾ:-ਜਮਧਰ ਦਮਦਾੜ੍ਹਾ ਜਬਰ ਜੋ ਧਾਂਤਕ ਜਿਹ ਨਾਇ॥) ਲੂਟ ਕੂਟ ਲੀਜਤ ਜਿਨੈ ਬਿਨ ਬਾਂਧੇ ਘਰ ਜਾਇ ॥ ਹੁਕਮ ਨਾਮੇ ਲਿਖਵਾਇਕੇ ਜੋ ਕੋਈ ਸ਼ਸਤਰ ਪਹਿਨਕੇ ਆਵੇਗਾ ਉਸ ਪਰ ਗੁਰੂ ਕੀ ਖੁਸ਼ੀ ਹੋਵੇਗੀ। ਸ਼ਸਤਰ ਪਹਿਨਾਇ ਕਮਰਕਸੇ ਕਰਾਇ ਖਾਲਸਾ ਪੰਥ ਦਾ ਛੱਤਰੀ ਬਰਨ ਕੀਤਾ, ਘੋੜੇ ਪਰ ਚੜ੍ਹਨਾ, ਯੁਧ ਕਰਨਾ, ਸ਼ਤਰੂ ਨਾਲ ਅੜਨਾ, ਸਨਮੁਖ ਹੋਕੇ ਮਾਰਨਾ ਜਾਂ ਮਰਨਾ, ਪਿਛਾਹਾਂ ਨੂੰ ਮੂੰਹ ਨਾ ਧਰਨਾ, ਸਵਾਮੀ ਦਾ ਲੂਣ ਖਾਧਾ ਸਫਲ ਕਰਨਾ, ਖਾਲਸੇ ਦਾ ਧਰਮ ਹੈ। ਅੰਤਰਜਾਮੀ ਸਤਿਗੁਰੂ ਨੂੰ ਵਿਦਤ ਸੀ ਕਿ ਐਸਾ ਸਮਾਂ ਆਵੇਗਾ ਜਦ ਰਾਜਯ ਬਿਵਸਥਾ ਅਨੁਸਾਰ ਕਿਸੇ ਨੂੰ ਸ਼ਸਤਰ ਪਹਿਰਨੇ ਦੀ ਆਗਿਆ ਨਾ ਹੋਵੇਗੀ, ਅਰ ਸਮਗਰ ਖਾਲਸਾ ਫੌਜ ਵਿਖੇ ਬੀ ਨਹੀਂ ਸਮਾਇ ਸਕੇਗਾ । ਤਾਂਤੇ ਕ੍ਰਿਪਾਨ ਦੀ ਆਗਿਆ ਦਿਤੀ, ਜੋ ਸਦਾ ਸੀਸ ਪਰ ਰਖੇ। ਇਹ ਬੀਰਤਾ ਦਾ ਬੀਜ ਰੂਪ ਹੈ, ਸਮਯ ਪਰ ਸਹਾਇਤਾ ਦਿੰਦੀ ਹੈ, ਇਸ ਤੇ ਬਿਨਾਂ ਅੰਮ੍ਰਿਤ ਨਹੀਂ ਤਿਆਰ ਹੋ ਸਕਦਾ, ਕਿਰਪਾਨ ਭੇਟ ਬਿਨਾਂ ਕੜਾਹ ਪ੍ਰਸ਼ਾਦਿ ਵਰਤਾਉਣਾ ਦੀ ਆਗਿਆ ਨਹੀਂ। ਕ੍ਰਿਪਾਨ ਸਦਾ ਅੰਗ ਸੰਗ ਰਖਣੀ ਉਚਿਤ ਹੈ, ਦਸਤਾਰ (ਪੱਗ) ਵਿਖੇ ਇਸਦਾ ਸਥਾਨ ਹੈ।

ਚਉਥਾ ਕਕਾ ਸਿੰਘ ਧਰਮ ਦਾ ਚਿੰਨ੍ਹ ਕੰਘਾ ਹੈ ਸਦਾ ਅੰਗ ਸੰਗ ਰਖਣ ਦੀ ਆਗਿਆ ਹੈ, ਕੇਸਾਂ ਵਿਚ ਇਸ ਦਾ ਸਥਾਨ ਹੈ, ਅਰ ਕੇਸਾਂ ਦੇ ਸੁਧ ਰਖਣੇ ਦਾ ਸਾਧਨ ਹੈ, ਦੋ ਵੇਲੇ ਕੰਘਾ ਫੇਰਨਾ ਲਿਖਿਆ ਹੈ, ਨਿਤ ਕੰਘਾ ਕਰਨੇ ਤੇ ਕੇਸ ਅੜਦੇ ਨਹੀਂ ਜੂੰ ਨਹੀਂ ਪੈਂਦੇ, ਸਾਫ ਸੁਧ ਰਹਿੰਦੇ ਅਰ ਸੋਭਾ ਦਿੰਦੇ ਹਨ, ਇਸਤੇ ਬਿਨਾਂ ਸਿੰਘ ਤਨਖਾਹੀਆ ਹੁੰਦਾ ਹੈ ਅਰ ਤਿਸਨੂੰ ਵਿਘਨ ਪੈਂਦੇ ਹਨ, ਗੁਰੂ ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ, ਇਕ

ਦਿਨ ਕਲਗੀਧਰ ਮਹਾਰਾਜ ਸ਼ਿਕਾਰ ਚੜ੍ਹੇ ਤਾਂ ਦੁਪਹਿਰ ਢਲ ਗਈ ਸ਼ਿਕਾਰ ਹਥ ਨਾ ਆਯਾ ਤਾਂ ਬਚਨ ਹੋਇਆ ਭਾਈ ਫੌਜ ਵਿਚੋਂ ਕਿਸੇ ਕੰਘਾ ਕੀਤੇ ਬਿਨਾਂ ਦਸਤਾਰ ਸਜਾਈ ਹੈ, ਇਕ ਬੋਲਿਆ ਜੀ ਮੈਂ ਛੇਤੀ ਨਾਲ ਤੁਰ ਪਿਆ ਸਾਂ ਬਚਨ ਹੋਯਾ ਫੇਰ ਐਸਾ ਨਹੀਂ ਕਰਨਾ, ਸਦਾ ਕੰਘਾ ਕਰਕੇ ਦਸਤਾਰ ਸਜਾਓ।

ਪੰਜਵਾਂ ਕਕਾ ਸਿਖ ਧਰਮ ਦਾ ਚਿੰਨ੍ਹ ਕੜਾ ਹੈ, ਇਸ ਨੂੰ ਭੀ ਖਾਲਸਾ ਜੀ ਸਦਾ ਪਹਿਨਦੇ ਹਨ, ਜੈਸੇ ਵਿਵਾਹ ਸਮੇਂ ਯਗ ਸਮਯ ਔਰ ਬੀ ਕਈ ਸ਼ੁਭ ਕਾਰਜਾਂ ਵਿਖੇ ਬਰਨੀ ਕਰਦੇ ਕੰਙਣਾ ਬਨਦੇ ਹਨ, ਐਸਾ ਹੀ ਇਹ ਸਤਿਗੁਰ ਨਾਲ ਸੰਬੰਧ ਬਨਾਉਣ ਵਾਲਾ ਖਾਲਸਾ ਧਰਮ ਦਾ ਕੰਙਣਾ ਹੈ। ਸਿੰਘਾਂ ਤੇ ਬਿਨਾਂ ਹੋਰ ਅੰਨਮਤੀਏ ਨਹੀਂ ਪਹਿਨਦੇ, ਜਿਸ ਦੇ ਹਥ ਵਿਖੇ ਹੈ, ਜਾਣੋ ਸਿੰਘ ਹੈ, ਭੁਜਾ ਦਾ ਭੂਖਨ ਹੈ, ਕਿਸੇ ਸਮਯ ਇਸਨੇ ਢਾਲ ਦਾ ਕੰਮ ਦਿਤਾ ਹੈ। ਲੋਹ ਰਖ ਹੈ (ਲੋਹ ਰਖ ਸਰਬ ਦਾ ਬਿਲਾਸ) ਨਦੀ ਤਲਾਉ ਸਮੁੰਦਰ ਆਦਿ ਜਲ ਦੇ ਭਯ ਅਰ ਅਗਨੀ ਦੇ ਭਯ ਸੇ ਕੇਸ ਕਛ ਬਹੁਤ ਸ਼ੀਘਰ ਗਲਦੇ ਜਲਦੇ ਅਰ ਕੰਘਾ ਕਿਰਪਾਨ ਗਿਰ ਜਾਂਦੇ ਹਨ, ਇਸ ਵੇਲੇ ਮ੍ਰਿਤਕ ਸਰੀਰ ਦੀ ਹਸਤੀ ਤਕ ਸਿੰਘ ਧਰਮ ਦਾ ਚਿੰਨ ਕੜਾ ਹੀ ਰਹਿੰਦਾ ਹੈ, ਜੋ ਨਾਂ ਗਲਦਾ, ਨਾ ਗਿਰਦਾ ਹੈ, ਕਾਮਾਤੁਰ ਹੋਯਾ ਕਟ ਬਸਤਰ ਛੋਰਦਿਆਂ ਔਰ ਬੀ ਹਰੇਕ ਪ੍ਰਕਾਰ ਦੇ ਵਿਕਾਰ ਕਰਨੇ ਭੁਜਾ ਵਿਚ ਰਹਿੰਦਾ ਮਾਨੋ ਪਾਪ ਤੇ ਰੋਕਣੇ ਨੂੰ ਕਹਿੰਦਾ ਹੈ ਤਾਂਤੇ ਧਾਰਨੇ ਜੋਗਯ ਹੈ।

ਇਹ ਪੰਜ ਕਕੇ ਹਨ, ਕੇਸ ੧, ਕਛ ੨, ਕਿਰਪਾਨ ੩ ਕੰਘਾ ੪ ਕੜਾ ੫ ਜੋ ਸਰੀਰ ਪਰ ਧਾਰਨੀਯ ਹਨ, ਇਨਾਂ ਦੇ ਧਾਰਨੇ ਸੇ ਅੰਤਰੀਵ ਦੈਵੀ ਸੰਪਤਾ ਵਿਸ਼ੇਖ ਸੁਭ ਗੁਣ ਰੂਪ ਕੇਸ ੧ ਅਠ ਪ੍ਰਕਾਰ ਦਾ ਕਾਮ ਰੋਕਣਾ, ਜਤ ਰੂਪੀ ਕੱਛ, ੨ ਹਰਿ ਗੁਰੂ ਪਦ ਪ੍ਰੀਤੀ ਅਰ ਪ੍ਰਤੀਤ ਰੂਪੀ ਕਰਦ ਸਤਯਾਸਤ ਸੁਭਾਸੁਭ ਦੀ ਵਿਵੇਚਨਾ ਰੂਪ ਕੰਘਾ ੪ ਦਾਨ ਰੂਪ ਕੜਾ ੫ ਧਾਰਨ ਹੁੰਦੇ ਹਨ, ਜੋ ਪਰਲੋਕ ਵਿਚ ਆਤਮਾ ਦੇ ਸੰਗੀ ਹੋਕੇ ਗੁਰਪੁਰੀ ਵਿਖੇ ਨਿਵਾਸ ਕਰਵਾਉਂਦੇ ਹਨ।

ਇਹ ਨਿਸਚੇ ਹੋ ਚੁਕਾ ਹੈ, ਕਿ (ਬਿਨ ਗੁਰ ਪੂਰੇ ਨਹੀਂ ਉਧਾਰ॥ ਬਾਬਾ ਨਾਨਕ ਆਖੇ ਇਹ ਬੀਚਾਰ) ਅਰ ਪੂਰੇ ਗੁਰੂ ਨੇ ਇਹ ਰਹਿਤਾਂ ਕਹੀਆਂ ਹਨ ਜੋ ਨਹੀਂ ਧਾਰਦੇ ਸੋ ਚੌਰਾਸੀ ਭੋਗਣਗੇ (ਰੇ ਮਨ ਲੋਭੀ ਸੁਣ ਮਨ ਮੇਰੇ ਸਤਿਗੁਰ ਸੇਵ ਦਿਨ ਰਾਤਿ ਸਵੇਰੇ॥ ਬਿਨਾ ਸਤਿਗੁਰ ਪਚਿ ਮੂਏ ਸਾਕਤ ਨਿਗੁਰੇ ਗਲਿ ਜਮ ਫਾਸਾ ਹੇ॥ ੧੧॥ ਮਨਮੁਖ ਆਵੈ ਮਨਮੁਖ ਜਾਵੈ॥

ਮਨਮੁਖਿ ਫਿਰਿ ਚੋਟਾਂ ਖਾਵੈ ॥ ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪ ਨ ਮਾਸਾ ਹੇ ॥

[ਸੋਲਹਾ ੨ ਮਾਰੂ ਮ: ੫

ਉਸ ਵੇਲੇ ਕੋਈ ਜੀਵ ਦਾ ਸਹਾਇਕ ਨਹੀਂ ਹੋਵੇਗਾ ਹੋਰ ਲੋਕਾਂ ਵਲ ਦੇਖੋ ਕੋਈ ਨਾਈ ਅਗੇ ਸੀਸ ਡਾਹੁੰਦੇ ਅਰ ਆਪਣਾ ਸਿਰ ਮੂੰਹ ਚਟਮ ਕਰਾਉਂਦੇ ਸਿਰ ਮੂੰਹ ਮੁੰਡਾਉਂਦੇ ਨਹੀਂ ਲਜਾਉਂਦੇ, ਕੋਈ ਝੂਠੇ ਵਾਲ ਲਾਇਕੇ ਜਟਾਂ ਵਧਾਉਂਦੇ ਸਿਰ ਸੁਆਹ ਪਾਉਂਦੇ ਨਹੀਂ ਸ਼ਰਮਾਂਦੇ, ਕੰਨ ਪੜੋਂਦੇ ਇੰਦਰੀ ਪਰ ਸੰਗਲ ਬਨ੍ਹਾਉਂਦੇ ਕੋਈ ਤਤੇ ਤਾਂਬੇ ਦੇ ਛਾਪੇ ਦ੍ਵਾਰਕਾ ਜੈਸੇ ਦੂਰ ਦੇਸ ਵਿਚ ਜਾਇਕੇ ਤਪਾਇਕੇ ਲਵਾਉਂਦੇ, ਕੋਈ ਕਾਠ ਦੀਆਂ ਕੰਠੀਆਂ ਕੰਠ ਵਿਚ ਪਾਉਂਦੇ, ਕੋਈ ਹਥ ਠੂਠਾ ਅਰ ਦੇਸ ਮੋਕਲਾ ਦਿਖਾਉਂਦੇ ਅਰ ਭਿਛਾਰੀ ਬਣਾਉਂਦੇ, ਕੋਈ ਭਗਵੇ ਨੀਲੇ ਕਪੜੇ ਗੋਦੜੀਆਂ ਕੰਬਲ ਉੜ੍ਹਾਉਂਦੇ, ਕੋਈ ਇੰਦਰੀ ਕਟਾਉਂਦੇ, ਸੁੰਨਤਾ ਬੈਠਾਉਂਦੇ ਰੋਜੇ ਰਖਵਾਉਂਦੇ, ਕਈ ੨ ਕਸ਼ਟਾਂ ਕਲੇਸ਼ਾਂ ਵਿਚ ਪਾਉਂਦੇ ਹਨ, ਪ੍ਰੰਤੂ ਧੰਨ ਗੁਰੂ ਨਾਨਕ ਸਾਹਿਬ ਅਰ ਗੁਰੂ ਗੋਬਿੰਦ ਸਿੰਘ ਮਹਾਰਾਜ ਜਿਨਾਂ ਨੇ (ਭੂਲੇ ਮਾਰਗੁ ਜਿਨਹਿ ਬਤਾਇਆ ॥ ਐਸਾ ਗੁਰੁ ਵਡਭਾਗੀ ਪਾਇਆ) ਅਰ ਕੀਟ ਤੇ ਸਿੰਘ ਸਜਾਇਆ. ਚਾਰ ਬਰਨਾਂ ਨੂੰ ਇਕ ਛਤਰੀ ਬਰਨ ਬਨਾਯਾ, ਕਮੀਨਿਆਂ ਨੂੰ ਸਰਦਾਰੀ ਦਾ ਖਿਤਾਬ ਦਿਵਾਯਾ, ਚਿੜੀਆਂ ਕੋਲੋਂ ਬਾਜਾਂ ਨੂੰ ਤੁੜਵਾਯਾ. ਕਾਗਾਂ ਨੂੰ ਕੋਇਲ ਅਰ ਬਗਲਿਆਂ ਨੂੰ ਹੰਸ ਕਰ ਦਿਖਾਯਾ, ਇਹ ਨਿਸਚੇ ਜਾਣੋ ਕਿ ਜਿਸ ਤਰਾਂ ਸ਼ਰੀਰਕ ਪੀੜਾ ਅਰ ਬਿਆਧੀਆਂ ਤੇ ਛੁਡਾਇਆ ਇਸੇ ਤਰਾਂ ਪਰਲੋਕ ਵਿਖੇ ਯਮ ਪੁਰੀ ਅਰ ਨਰਕ ਦੀ ਸਾਸਨਾ ਤੇ ਭੀ ਬਚਾਇਆ ਹੈ, ਜਿਨਾਂ ਗੁਰ ਸਿਖੀ ਦਾ ਮਾਰਗ ਨਹੀਂ ਪਾਯਾ, ਉਨਾਂ ਨੇ ਮਨੁਖ ਜਨਮ ਹੀ ਬਿਅਰਥ ਬਿਤਾਯਾ ਹੈ।

ਜਿਨਾ ਗੁਰੁ ਨਹੀ ਭੇਟਿਆ ਭੈ ਕੀ ਨਾਹੀ ਬਿੰਦ॥ ਆਵਣੁ ਜਾਵਣੁ ਦੁਖ ਘਣਾ ਕਦੇ ਨ ਚੂਕੈ ਚਿੰਦ॥ ਕਾਪੜ ਜਿਵੈਂ ਪਛੋੜੀਐ ਘੜੀ ਮੁਹਤ ਘੜੀਆਲੁ । ਨਾਨਕ ਸਚੇ ਨਾਮ ਬਿਨੁ ਸਿਰਹੁ ਨ ਚੁਕੈ ਜੰਜਾਲੁ ॥ ਮਾਰੂ ੧ ਵਾਰ ੪)
ਪੁਨ:-ਕੋਈ ਵਿਛੁੜਿ ਜਾਇ ਸਤਿਗੁਰੂ ਪਾਸਹੁ ਤਿਸੁ ਕਾਲਾ ਮੁਹ ਜਮਿ ਮਾਰਿਆ ॥ ਤਿਸੁ ਅਗੈ ਪਿਛੈ ਢੋਈ ਨਾਹੀ ਗੁਰਸਿਖੀ ਮਨਿ ਵੀਚਾਰਿਆ॥ ਸਤਿਗੁਰੂ ਨੋ ਮਿਲੇ ਸੋਈ ਜਨ ਉਬਰੇ ਜਿਨ ਹਿਰਦੈ ਨਾਮ ਸਮਾਰਿਆ॥ਪੌੜੀ੨ਵਾਰ੨੦ ਵਾ ਸਾ:)

ਪੁਨਾ: ਮੁੰਢਹੁ ਭੁਲੇ ਮੁੰਢ ਤੇ ਕਿਥੈ ਪਾਇਨਿ ਹਥੁ ॥
ਤਿੰਨੈ ਮਾਰੇ ਨਾਨਕ ਜਿ ਕਰਣ ਕਾਰਣ ਸਮਰਥੁ ॥
(ਗੋੜੀ ਵਾਰ ੨ ਮ: ੫ ਸ: ੨੭)

ਜਿਨਾਂ ਨੂੰ ਵਾਹਿਗੁਰੂ ਨੇ ਚੁਣਿਆ ਹੈ, ਓਹੀ ਗੁਰਮਤ ਨੂੰ ਧਾਰਦੇ ਹਨ, ਜਿਨਾਂ ਨੇ ਗੁਰ ਸਿਖੀ ਦੀ ਰਹਿਤ ਕਮਾਈ ਹੈ, ਓਹ ਆਪਣੇ ਧੰਨ ਭਾਗ ਸਮਝਣ, ਜਿਹਾ ਕਿ ਸ੍ਰੀ ਮੁਖਵਾਕ ਹੈ-

ਪੂਰਨ ਭਾਗ ਭਏ ਜਿਸ ਪ੍ਰਾਣੀ ॥ ਸੋ ਪਾਏ ਏਹ ਪਦ ਨਿਰਬਾਣੀ ॥

॥ ਇਤਿ ॥

*

ਵਖਯਾਨ ੩੯

ਚੌਪਈ–ਸ੍ਰੀ ਗੁਰੂ ਰਾਮਦਾਸ ਹਰਿ ਲੋਕ। ਗਮਨ ਸਮੇਂ ਜੋ ਕਹਿਆ ਸਲੋਕ। ਗੌੜੀ ਵਾਰ ਲਿਖੇ ਰਾਖਾ। ਸੋਈ ਦਸਮ ਗੁਰੂ ਜੀ ਭਾਖਾ ॥ ੧ ॥ ਅੰਤ ਸਮੇਂ ਕੀ ਸਿਖ ਸੁਨਾਈ ਸੋਈ ਨੰਦ ਲਾਲ ਕੋ ਗਾਈ। ਜੋ ਤਨਖਾਹ ਨਾਮਾ ਮੈਂ ਆਈ। ਪੜ੍ਹ ਸਪਤ ਦਸਮੀ ਚੌਪਾਈ ॥ ੨॥ ਠੰਢੇ ਪਾਣੀ ਜੋ ਨਹੀਂ ਨਾਵੇ । ਬਿਨ ਜਪ ਪੜ੍ਹੇ ਪ੍ਰਸਾਦਿ ਜੋ ਪਾਵੇ। ਬਿਨ ਰਹਿਰਾਸ ਸਮਯ ਜੋ ਖੋਵੇ। ਕੀਰਤਨ ਪੜ੍ਹੇ ਬਿਨ ਰਣ ਜੋ ਸੋਵੇ। ਚੁਗਲੀ ਕਰ ਜੋ ਕਾਜ ਬਿਗਾਰੇ। ਧ੍ਰਿਗ ਤਿਸ ਜਨਮ ਜੋ ਧਰਮ ਬਿਸਾਰੇ।

ਪਿਆਰੇ ਭਾਈਓ ! ਸ੍ਰੀ ਗੁਰੂ ਰਾਮਦਾਸ ਸਾਹਿਬ ਨਿਤ ਕ੍ਰਿਤਿ ਦਾ ਉਪਦੇਸ਼ ਸ੍ਰੀ ਮੁਖ ਤੇ ਐਉਂ ਦਿੰਦੇ ਹਨ (ਮਹਲਾ ੪ ਗੁਰ ਸਤਿਗੁਰੂ ਕਾ ਜੋ ਸਿਖ ਅਖਾਏ ॥ ਸੋ ਭਲਕੇ ਉਠ ਹਰਿ ਨਾਮ ਧਿਆਵੈ ॥ ਉਦਮ ਕਰੇ ਭਲਕੇ ਪਰਭਾਤੀ ਇਸਨਾਨ ਕਰੇ ਅੰਮ੍ਰਿਤਸਰ ਨਾਵੈ ॥ ਉਪਦੇਸ ਗੁਰੂ ਹਰਿ ਹਰਿ ਜਾਪੈ ਸਭ ਕਿਲ ਬਿਖ ਪਾਪ ਦੋਖ ਲਹਿ ਜਾਵੈ ॥ ਫਿਰ ਚੜੈ ਦਿਵਸ ਗੁਰਬਾਣੀ ਗਾਵੈ ॥ ਬਹਿਦਿਆ ਉਠਦਿਆ ਹਰਿ ਨਾਮ ਧਿਆਵੈ ॥ ਜੋ ਸਾਸਿ ਗਿਰਾਸ ਧਿਆਏ ਮੇਰਾ ਹਰਿ ਹਰਿ ਸੋ ਗੁਰ ਸਿਖ ਗੁਰੂ ਮਨਿ ਭਾਵੈ ॥ ਜਿਸਨੋ ਦਇਆਲ ਹੋਵੈ ਮੇਰਾ ਸੁਆਮੀ ਤਿਸ ਗੁਰਸਿਖ ਗੁਰੂ ਉਪਦੇਸ਼ ਸੁਣਾਵੈ ॥ ਜਨ ਨਾਨਕ ਧੂੜ ਮੰਗੈ ਤਿਸ ਗੁਰਸਿਖ ਕੀ ਜੋ ਆਪ ਜਪੈ ਅਵਰਹ ਨਾਮ ਜਪਾਵੈ ॥

ਇਸ ਵਿਖੇ ਦਸਿਆ ਹੈ ਕਿ ਜੇ ਸਤਿਗੁਰੂ ਦਾ ਸਿਖ ਕਹਾਵੇ, ਸੋ ਇਹ ਕੰਮ ਮਨਜ਼ੂਰ ਕਰੇ।

(੧) ਅੰਮ੍ਰਿਤ ਵੇਲੇ ਪਿਛਲੀ ਰਾਤ ਸ੍ਰੀ ਵਾਹਿਗੁਰੂ ਨਾਮ ਜਪਦਾ ਹੋਇਆ (ਊਠਤ ਸੁਖੀਆ ਬੈਠਤ ਸੁਖੀਆ) ਇਹ ਸ਼ਬਦ ਪੜ੍ਹਕੇ ਅਰਦਾਸ ਕਰੇ ਕਿ ਹੇ ਪ੍ਰਮੇਸਰ ਤੇਰੀ ਕ੍ਰਿਪਾ ਨਾਲ ਰਾਤ ਸੁਖ ਦੀ ਬੀਤੀ ਹੁਣ ਦਿਨ ਸੁਖ ਦਾ ਚੜੇ ਗੁਰਮੁਖ ਦਾ ਮੇਲ ਸਾਧੂ ਦਾ ਸੰਗ ਤੇਰੇ ਨਾਮ ਦਾ ਰੰਗ ਤੇਰਾ ਨਾਮ ਚਿਤ ਆਵੇ।

(੨) ਸੌਚ ਦਾਤਨ ਆਦਿ ਕਰਕੇ ਉੱਦਮ ਕਰੇ, ਜੋ ਸਵੇਰੇ ੨ ਸ਼ਨਾਨ ਕਰ ਲਵੇ, ਜੇ ਅੰਮ੍ਰਿਤਸਰ ਜੀ ਵਿਚ ਨਿਵਾਸ ਹੋਵੇ ਤਾਂ ਉਥੇ ਟੁਭਾ ਲਗਾਵੇ, ਜੇ ਹੋਰ ਕਿਤੇ ਹੋਵੇ ਤਾਂ ਅੰਮ੍ਰਿਤਸਰ ਸੰਤ ਸੰਗਤ ਵਿਚ ਜਾਵੇ, ਜੇ ਕਿਸੇ ਗਰਾਮ ਵਿਚ ਏਹ ਬੀ ਨਾ ਹੋਵੇ ਤਾਂ ਅੰਮ੍ਰਿਤਸਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ; ਪਾਠ ਕਰਨਾ ਸੁਣਨਾ ਮਾਨਸੀ ਸ਼ਨਾਨ ਹੈ, ਸੋ ਕਰੇ, ਪਰ ਵਸ ਲਗਦੇ ਸ਼ਨਾਨ ਨੇਮ ਅਰ ਅੰਮ੍ਰਿਤ ਵੇਲੇ ਪਹਿਰ ਰਾਤ ਰਹਿੰਦੀ ਤੋਂ ਲੈ ਸੂਰਜ ਉਦੇ ਹੋਣ ਤੇ ਪਹਿਲੇ ਕਰ ਲਵੇ, ਤਾਪ ਆਦਿ ਰੋਗ ਵਿਖੇ ਯਤਨ ਨਾ ਕਰੇ।

(੩) ਗੁਰੂ ਉਪਦੇਸ਼ ਸ੍ਰੀ ਜਪੁਜੀ ਗੁਰਮੰਤਰ ਆਦਿ ਬਾਣੀ ਦੁਆਰਾ ਸ੍ਰੀ ਵਾਹਿਗੁਰੂ ਦਾ ਜਾਪ ਕਰੇ, ਤਿਸ ਕਰਨੇ ਤੇ ਮਨ ਤਨ ਦੇ ਕੀਤੇ ਪਾਪ ਸਭ ਨਸ਼ਟ ਹੁੰਦੇ ਹਨ।

(੪) ਫੇਰ ਸਾਰਾ ਦਿਨ ਉਠਦੇ ਬੈਠਦੇ ਹਰ ਸਮਯ ਮਨ ਵਿਚ ਵਾਹਿਗੁਰੂ ਨੂੰ ਚਿਤਾਰੇ ਉਸਦਾ ਭੈ ਰਖੇ।

(੫) ਐਸਾ ਕਰਨੇ ਵਾਲਾ ਸਿਖ ਗੁਰੂ ਨੂੰ ਭਾਉਂਦਾ ਹੈ।

ਯਥਾ–ਪਾਪੜਿਆ ਪਛਾੜਿ ਬਾਣੁ ਸਚਾਵਾ ਸੰਨ੍ਹਿ ਕੈ ॥
ਗੁਰ ਮੰਤ੍ਰੜਾ ਚਤਾਰਿ ਨਾਨਕ ਦੁਖੁ ਨ ਥੀਵਈ ॥ ੨ ॥
[ਵਾਰ ੨ ਗੂਜਰੀ ਕੀ ੧੩ ਪੌੜੀ

ਨਿਤ ਗੁਰਮਤ ਪੜ੍ਹਨੇ ਹਾਰੇ ਦੀ ਸਤਿਗੁਰੂ ਸਹਾਇਤਾ ਰਖਦੇ ਹਨ, ਬਿਨਾਂ ਗੁਰਮੰਤਰ ਜਪੁਜੀ ਪਾਠ ਦੇ ਭੋਜਨ ਖਾਂਦਾ ਹੈ, ਸੋ ਮਹਾਂ ਮਲੀਨ ਭ੍ਰਸ਼ਟ ਹੈ, ਕੁਤਿਆਂ ਨਾਲੋਂ ਜੋ ਸਭ ਦੀ ਜੂਠ ਅਰ ਕੈ (ਉਲਟੀ) ਨੂੰ ਅਰ ਬਾਲਕਾਂ ਦੇ ਵਿਸ਼ਟੇ ਨੂੰ ਖਾ ਜਾਂਦੇ, ਅਰ ਸੂਅਰਾਂ ਨਾਲੋਂ ਜੋ ਵਿਸ਼ਟਾ ਭਛੀ ਹਨ ਅਰ ਗਧੇ ਕਾਉਂ ਸਰਪ ਜੋ ਮਹਾਂ ਮਲੀਨ ਵਿਸ਼ਟਾ ਫਰੋਲਨ ਹਾਰੇ ਵਿਖ ਭਰੇ ਤਿਰਜਕ ਜੂਨਾਂ ਹਨ ਇਨਾਂ ਸਭਨਾਂ ਨਾਲੋਂ ਉਹ ਦੁਸ਼ਟ ਮੰਦੇ ਮਲੀਨ ਭ੍ਰਸ਼ਟ ਹਨ, ਕਿਉਂਕਿ ਕੁਤੇ ਸਰਪ ਆਦਿ ਗੁਰਮੰਤਰ ਨੂੰ ਮੰਨਕੇ ਵਿਖ ਉਤਾਰ ਲੈਂਦੇ ਅਰ

ਉਸਤਾਦ ਦੀ ਸੇਨਤ ਪਰ ਕੰਮ ਕਰਦੇ ਹਨ, ਅਰ ਇਹ ਮਨੁਖ ਹੋਕੇ ਬੇਮੁਖ ਹਨ।

ਯਥਾ-ਗੁਰਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥ ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲ ਖਲਹ ॥ ੩੩ ॥

ਗੁਰੂ ਘਰ ਦੇ ਸਿਖਾਂ ਨੂੰ ਪ੍ਰਾਤੇ ਜਪ, ਸੰਧਿਆ ਰਹਿਰਾਸ ਰਾਤ ਸੋਹਿਲਾ ਪੜ੍ਹਨਾ ਖਾਸ, ਪਰਭਾਤ ਵੇਲੇ ਸ਼ਨਾਨ ਕਰਕੇ ਜਪੁਜੀ ਦਾ ਪਾਠ, ਹੋਰ ਬਾਣੀਆਂ ਪੜ੍ਹੇ ਤਾਂ ਮਨ ਦਾ ਪਰੇਮ ਜੀਵ ਦਾ ਭਲਾ ਹੈ, ਪਰ ਇਨ੍ਹਾਂ ਤਿੰਨਾਂ ਬਿਨਾਂ ਤਾਂ ਜਨਮ ਹੀ ਭ੍ਰਸ਼ਟ ਹੈ ਜਿਨਾਂ ਨੂੰ ਮਲੇਛ ਸੱਦੀਏ ਅਰ ਨਾਲ ਨਾ ਛੋਹੀਏ ਓਹ ਪੰਜ ਵੇਲੇ ਨਿਮਾਜਾਂ ਪੜ੍ਹਨ ਅਰ ਸਿਖ ਗੁਰੂ ਕੇ ਜਪ ਰਹਿਰਾਸ ਨਾ ਜਪਨ, ਸ਼ੋਕ; ਅਤਿ ਸ਼ੋਕ, ਸ਼ੇਖ ਫਰੀਦ ਜੀ ਦੇ ਮੁਖ ਦਵਾਰਾ ਸਤਿਗੁਰੂ ਜੀ ਲਿਖਦੇ ਹਨ-

ਫਰੀਦਾ ਬੇ-ਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥
ਕਬ ਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥ ੭੦ ॥
ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ॥
ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥ ੭੧ ॥
ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥ ਕੁੰਨੇ
ਹੇਠਿ ਜਲਾਈਐ ਬਾਲਣ ਸੰਦੈ ਥਾਇ ॥ ੭੨ ॥

ਇਕ ਵਾਰੀ ਸੰਗਤ ਨੇ ਪੁਛਿਆ, ਹੇ ਸਤਿਗੁਰੂ ਸਭ ਤੋਂ ਵਡਾ ਪਾਪ ਕੀ ਹੈ? ਤਾਂ ਬਚਨ ਹੋਯਾ ਪਰਮੇਸਰ ਤੇ ਬੇਮੁਖ ਹੋਣਾ; ਅਰ ਕ੍ਰਿਤਘਣਤਾ ਸਭ ਤੇ ਵਡੇ ਪਾਪ ਹਨ, ਜੋ ਜਪ ਰਹਿਰਾਸ, ਸੋਹਿਲਾ ਬੀ ਨ ਪੜ੍ਹਨ ਉਹ ਹਰਿ ਤੇ ਬਮੁਖ ਹਨ, ਵਾਹਿਗੁਰੂ ਦਾ ਦਾਨ ਖਾਨ ਪਾਨ ਪਹਿਰਾਨ ਅਰੋਗਤਾ ਆਦਿ ਪਦਾਰਥ ਭੋਗਦੇ, ਘਰ ਮਾਲ ਸੰਪਦਾ ਸੰਬੰਧੀਆਂ ਵਿਚ ਅਨੰਦ ਰਹਿੰਦੇ, ਅਰ ਨਾਮ ਜਪਣ ਵੇਲੇ ਆਲਸੀ ਹੋ ਬਹਿੰਦੇ, ਤਿੰਨਾਂ ਪ੍ਰਤੀ ਸਤਿਗੁਰੂ ਐਸਾ ਕਹਿੰਦੇ ਹਨ। (ਮਨਮੁਖ ਨਾਮ ਨ ਚੇਤਿਓ ਧ੍ਰਿਗੁ ਜੀਵਣ ਧ੍ਰਿਗੁ ਵਾਸ ॥ ਜਿਸਦਾ ਦਿਤਾ ਖਾਣਾ ਪੈਨਣਾ ਸੋ ਮਨ ਨ ਵਸਿਓ ਗੁਣ ਤਾਸਿ ॥ ਇਹੁ ਮਨਿ ਸਬਦਿ ਨ ਭੇਦਿਓ ਕਿਉ ਹੋਵੈ ਘਰ ਵਾਸ। (ਵਾਰਾਂ ਤੇ ਵਧੀਕ ਮ: ੩ ਸ: ੪੧)

ਪੁਨਾ-ਜਿਸ ਕਾ ਦੀਆ ਪੈਨੈ ਖਾਇ ॥ ਤਿਸੁ ਸਿਉ ਆਲਸੁ ਕਿਉ ਬਨੈ ਮਾਇ ॥ ਖਸਮੁ ਬਿਸਾਰਿ ਆਨ ਕੰਮਿ ਲਾਗਹਿ ॥ ਕਉਡੀ ਬਦਲੇ ਰਤਨੁ ਤਿਆਗਹਿ ॥ ਪ੍ਰਭੂ ਤਿਆਗਿ ਲਾਗਤ ਅਨ ਲੋਭਾ ॥ ਦਾਸਿ ਸਲਾਮੁ ਕਰਤ ਕਤ ਸੋਭਾ ॥ ਅੰਮ੍ਰਿਤ ਰਸੁ ਖਾਵਹਿ ਖਾਨ ਪਾਨ ॥ ਜਿਨਿ ਦੀਏ ਤਿਸਹਿ ਨ ਜਾਨਹਿ ਸੁਆਨ ॥ (ਗੌੜੀ ਮ: ੫)

ਤਾਂਤੇ ਪਰਮੇਸਰ ਤੋਂ ਬੇਮੁਖ ਅਰ ਗੁਰੂ ਸਾਹਿਬ ਦੇ ਨਿਤਨੇਮ ਦੇ ਚੋਰ ਕਦੀ ਨ ਬਣੀਏ। ਮਾਤਾ ਦੇ ਗਰਬ ਵਿਚ ਤਨ ਅਰ ਧਨ ਦੇ ਦਸਵੰਧ ਦੇਣ ਦਾ ਕਰਾਰ ਕੀਤਾ ਹੋਇਆ ਹੈ ਉਹ ਪੂਰਾ ਨਹੀਂ ਕਰਦੇ ੬੦ ਘੜੀਆਂ ਸਤਿ ਸੰਗ ਕਥਾ ਕੀਰਤਨ ਜਾਂ ਨਿਤਨੇਮ ਦੀ ਬਾਣੀ ਪੜਨ ਵਿਚ ਲਾਈ ਜਾਈਏ ਤਾਂ ਸਰੀਰ ਅਰੋਗ ਰਹਿੰਦਾ ਹੈ, ਵਾਹਿਗੁਰੂ ਦੇ ਸਨਮੁਖ ਚਾਹੀਦਾ ਹੈ, ਪਰਲੋਕ ਵਿਚ ਸ਼ਰਮਿੰਦੇ ਨਹੀਂ ਹੋਣਾ ਪਵੇਗਾ, ਨਾ ਲਾਈਏ ਤਾਂ ਵਰਹੇ ਵਿਚ ਪੰਦਰਾਂ ਦਿਨ ਰੋਗੀ ਹੋ ਜਾਣ ਨਾਲ ਕਸਰ ਨਿਕਲ ਜਾਂਦੀ ਹੈ ਸ਼ਰਮਿੰਦਗੀ ਅਰ ਬੇਮੁਖਤਾਈ ਦਾ ਕਲੰਕ ਵਖਰਾ ਲਗਦਾ ਹੈ, ਤਾਂਤੇ ਨਿਤਨੇਮ ਬਾਣੀ ਦੇ ਪਾਠ ਵਿਚ ਵਿਘਨ ਕਦੀ ਨਾ ਪਾਈਏ।

ਤਨਖਾਹ ਨਾਮੇ ਦੀ ਤੀਜੀ ਚੌਪਈ ਵਿਖੇ ਆਗਿਆ ਹੈ (ਪ੍ਰਾਤਾਕਾਲ ਸਤਸੰਗ ਨ ਜਾਵੇ ॥ ਓਹ ਤਨਖਾਹੀਆ ਬੜੇ ਕਹਾਵੇ ॥ ਸਤਿਸੰਗ ਜਾਇ ਕਰ ਚਿਤ ਡੁਲਾਵੇ ॥ ਈਹਾ ਊਹਾ ਠੌਰ ਨ ਪਾਵੈ ॥ ੩ ॥ ਹਰਿ ਰਸ ਸੁਨਤੇ ਬਾਤ ਚਲਾਵੇ ॥ ਕਹਿ ਗੋਬਿੰਦ ਸਿੰਘ ਵਹੁ ਜਮ ਪੁਰ ਜਾਵੈ) ਪੁਨਾ ਯਥਾ ਸ੍ਰੀ ਮੁਖਵਾਕ (ਮੇਰੇ ਮਾਧਉ ਜੀ ਸਤਿਸੰਗਤਿ ਮਿਲੇ ਸੁ ਤਰਿਆ ॥ ਗੁਰ ਪ੍ਰਸਾਦਿ ਪਰਮ ਪਦ ਪਾਇਆ ॥ ਸੂਕੇ ਕਾਸਟ ਹਰਿਆ। ਪੁਨਾ–ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥ ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥ ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥ ਧਨੁ ਧੰਨ ਸਤਿਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ। ਪੁਨਾ: ਸਾਧ ਸੰਗਿ ਪ੍ਰਭੁ ਦੇਹ ਨਿਵਾਸਾ ॥ ਸਰਬ ਸੂਖੁ ਨਾਨਕ ਪਰਗਾਸੁ ॥ ਪੁਨਾ: ਏਕ ਪਲਕ ਸੁਖ ਸਾਧ ਸਮਾਗਮ ਕੋਟ ਬੈਕੁੰਠਹਿ ਪਾਏ ॥

ਐਸੇ ਹੀ ਵੇਦ ਸ਼ਾਸਤਰ ਪੁਰਾਣ ਅਰ ਰਿਸ਼ੀ ਮੁਨੀ ਆਦਿਕ ਸਭ ਸਤਿਸੰਗ ਦੀ ਮਹਿਮਾ ਕਰਦੇ ਹਨ, ਗੋਸਵਾਮੀ ਤੁਲਸੀ ਦਾਸ ਰਾਮਾਯਣ ਮੈ: ਮਤਿ ਕੀਰਤਿ ਗਤ ਭੂਤ ਭੁਲਾਈ ਜਬ ਜਿਹ ਜਤਨ ਜਹਾਂ ਜਿਹ ਪਾਈ। ਸੋ ਜਾਨਵ ਸਤਸੰਗ ਪ੍ਰਭਾਊ। ਲੋਕਹੁ ਬੇਦ ਨ ਆਨ ਉਪਾਊ। ਪੁਨਾ: ਵਿਚਾਰ ਮਾਲੇ: ਸਤਿਸੰਗਤਿ ਸੁਖ ਪਲਕ ਜੋ ਮੁਕਤਿ ਨ ਤਾਸ ਸਮਾਨ) ਬ੍ਰਹਮਾਦਿਕ ਬਿੰਦ੍ਰਾਦਿ ਭੂਅ ਨਿਪਟ ਅਲਪ ਇਹ ਜਾਨ ॥ ੧ ॥ ਪੁਨਾ: ਨੀਤੀ ਸਾ: ਦੋਹਿਰਾ ॥ ਹੋਇ ਸੁ ਸੰਗਤ ਸਹਜ ਸੁਖ ਦੁਖ ਕੁਸੰਗ ਕੀ ਖਾਨ। ਗਾਂਧੀ ਔਰ ਲੁਹਾਰ ਕੇ ਦੇਖਹੁ ਬੈਠ ਦੁਕਾਨ ॥ ੧ ॥ ਪੁਨਾ: ਕੁਸੰਗਾ ਪਰਿਸਜਿ ਕ੍ਰਿਯਤੇ ਸੰਤ ਸੰਗਨਾ। ਕੁਸੰਗਾ ਕ੍ਰਿਸ਼ਨ ਨਾਗਸੂ ਸੰਤ ਸਗੰਚ ਭੇਖਜੰ ॥ ੧ ॥

ਇਤਿਆਦਿ ਅਨੇਕ ਸ਼ਾਸਤਰ ਭਰੇ ਪਏ ਹਨ, ਪਰੰਤੂ ਜੋ ਗੁਰੂ ਬਚਨਾਂ ਦੇ ਅਨੁਸਾਰ ਚਲਦੇ ਹਨ, ਸਤਸੰਗ ਨਿਤ ਨਿਤ ਕਰਦੇ ਹਨ, ਸੋ ਧੰਨ ਹਨ। ਨਿਤ ਗੁਰੂ ਕਾ ਦਰਸ਼ਨ ਕਰਨਾ ਕੇਹੜਾ ਹੈ, ਜੋ ਨਿਤ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪਾਠ ਕਰਨਾ ਜਿਸ ਕਰਨੇ ਤੇ ਕਈ ਕੁਮਤਾਂ ਅਨੇਕਾਂ ਵਿਘਨ ਆਧ ਬਿਆਧਿ ਉਪਾਧਿ ਨਸ਼ਟ ਹੁੰਦੇ ਹਨ। ਮੇਰੇ ਪਿਤਾ ਦਾ ਸਦਾ ਇਹ ਨਿਯਮ ਸੀ, ਕਿ ਜੋ ਕੋਈ ਚਿੰਤਾਤੁਰ ਵਾ ਦੁਖਾਤੁਰ ਭਾਵੇਂ ਉਹ ਕਿਸੇ ਪਰਕਾਰ ਦੇ ਦੁਖ ਨਾਲ ਦੁਖੀ ਹੋਵੇ, ਆਪਨੀ ਬਯਥਾ ਸੁਣਾਵੇ, ਇਨਾਂ ਨੇ ਕਿਸੇ ਸ਼ਬਦ ਦਾ ਪਾਠ ਦਸਣਾ ਜਿਸ ਕਰਕੇ ਉਸ ਦਾ ਮਨੋਰਥ ਪੂਰਨ ਹੁੰਦਾ ਸੀ। ਅੰਮ੍ਰਿਤਸਰ ਜੀ ਵਿਖੇ ਡਿਪਟੀ ਭਵਾਨੀ ਦਾਸ ਐਕਿਸਟਰਾ ਅਸਿਸਟੰਟ ਕਮਿਸ਼ਨਰ ਬੜੇ ਸ਼ਰਧਾਲੂ ਮਹਾਤਮਾਂ ਪੁਰਸ਼ ਸਨ, ਉਹਨਾਂ ਦੇ ਪਾਸ ਇਕ ਮਿਤਰ ਨੇ ਕਿਹਾ, ਕਿ ਮੇਰਾ ਇਕਲੌਤਾ ਪੁਤਰ ਹੈ ਅਰ ਏਹ ਕੁਸੰਗ ਨਾਲ ਬਿਗੜਦਾ ਜਾਂਦਾ ਹੈ ਕੀ ਉਪਾਵ ਕਰਾਂ? ਡਿਪਟੀ ਸਾਹਿਬ ਨੇ ਉਤਰ ਦਿਤਾ ਯਤਨ ਕਰੋ ਕਿਸੇ ਤਰਾਂ ਏ ਪੰਜ ਪਤਰੇ ਗੁਰੂ ਗਰੰਥ ਸਾਹਿਬ ਜੀ ਦੇ ਰੋਜ ਪੜੇ ਤਾਂ ਆਪੇ ਸੁਧਰ ਜਾਏਗਾ, ਉਸ ਨੇ ਯਤਨ ਕੀਤਾ, ਨਿਰਾ ਇਕ ਮਹੀਨੇ ਦੇ ਅੰਦਰ ੨ ਦੇਵਤਾ ਸੁਭਾਵ ਹੋ ਗਿਆ, ਧਨ ਬੀ ਤਿਸ ਕਮਾਇਆ ਅਰ ਪਰਤਿਸਟਾ ਬੀ ਪਾਈ, ਇਹ ਆਪਣੇ ਨੇਤਰੀਂ ਦੇਖੀ ਗਲ ਹੈ। ਤਾਂਤੇ ਨਿਤਨੇਮ ਬਾਣੀ ਅਰ ਗੁਰੂ ਗਰੰਥ ਸਾਹਿਬ ਜੀ ਦਾ ਪਾਠ ਕਰਨੇ ਤੇ ਸਰਬ ਮਨੋਰਥ ਪੂਰਨ ਹੁੰਦੇ ਹਨ, ਸਾਧ ਸੰਗਤ ਵਿਚ ਬੈਠਕੇ ਸੁਰਤ ਸਬਦ ਦਾ ਅਭਯਾਸ ਕਰੇ, ਆਪਣੇ ਇਸ਼ਟ ਦੇਵ ਸਤਿਗੁਰ ਜੀ ਦੇ ਗੁਰਪੁਰਬ ਸਬਦ ਕੀਰਤਨ ਜਥਾ ਕਰਕੇ ਮਨਾਓ, ਲੰਗਰ ਅਨਾਥਾਂ ਨੂੰ ਵਰਤਾਓ, ਕੜਾਹ ਪ੍ਰਸ਼ਾਦਿ ਭੇਟ ਚੜ੍ਹਾਓ, ਪਰਦੇਸੀ ਸਿਖ ਸੰਤ ਕੋਈ ਆਵੇ, ਯਥਾ ਸਕਤ ਤਿਸ ਦਾ ਸਤਕਾਰ ਕਰੋ, ਅੰਨ ਜਲ ਫਲ ਦਲ ਬਿਸਰਾਮ ਦੇਕੇ ਤਿਸ ਦਾ ਸ੍ਰਮ ਉਤਾਰੇ, ਜਿਸ ਗ੍ਰਹਸਥੀ ਦੇ ਘਰੋਂ ਅਤਿੱਥ ਨਿਰਾਸ ਜਾਵੇ, ਉਹ ਘਰ ਸ਼ਮਸ਼ਾਨ ਸਮਾਨ ਜਿਆਨ ਅਰ ਉਸ ਦੇ ਨਿਵਾਸੀ ਭੂਤਾਂ ਤੁਲਯ ਹਨ।

ਯਥਾ:-ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ ॥
ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ ॥੧੯੨॥
ਪੁਨਾ: ਆਯਾ ਹੈ-ਭਲਕੇ ਉਠਿ ਪਰਾਹੁਣਾ ਮੇਰੈ ਘਰਿ ਆਵਉ ॥ ਪਾਉ ਪਖਾਲਾ ਤਿਸਕੇ ਮਨਿ ਤਨਿ ਨਿਤ ਭਾਵਉ ॥

ਪੁਨਾ: ਖਾਲਸਾ ਪੰਥ ਖਯਤਰੀ ਬਰਨ ਹੈ, ਯੁਧ ਅਰ ਬੀਰ ਰਸ ਖਯਤਰੀਆਂ ਦਾਸਨਾਤਨ ਧਰਮ ਹੈ, ਸ਼ਾਸਤ੍ਰ ਹਥ ਵਿਚ ਹੋਵੇ ਤਾਂ ਪੂਜਾ, ਸ਼ਸਤਰ ਹੋਵੇ ਤਾਂ ਰਾਜ, ਇਸੀ ਤੇ ਗੁਰੂ ਸਾਹਿਬ ਨੇ ਮੰਗਿਆ ਹੈ (ਦੇਗ ਤੇਗ ਜਗ

ਮੈਂ ਦੋਊ ਚਲੇ) ਪੁਨਾ: ਖਤਰੀ ਸਬਦੰ ਸੂਰ ਸਬਦੰ, ਤਾਂਤੇ ਘੋੜੇ ਦੀ ਸਵਾਰੀ ਅਰ ਸ਼ਸਤਰ ਵਿਦਿਆ ਦਾ ਅਭਿਆਸ ਸਦਾ ਹੋਣਾ ਚਾਹੀਯੇ ਇਹੀ ਦੋਨੋਂ ਕੰਮਾਂ ਦਾ ਹੁਲਾਸ ਰਾਜਿਆਂ ਨੂੰ ਹੁੰਦਾ ਹੈ, ਸੋ ਉਹੀ ਗੁਰੂ ਸਾਹਿਬ ਨੇ ਖਾਲਸੇ ਨੂੰ ਬਖਸ਼ਿਆ ਹੈ (ਅਤ੍ਰ ਕੇ ਚਲਈਯਾ ਛਿਤ ਛੱਤ੍ਰਕੇ ਧਰਈਆ ਛਤਰੀ ਛਹੁੰਰਿਤ ਛਕੇ ਸਿਰ ਕਲਹ ਸੁਹਾਤ ਹੈ ॥ ਕਬਿੱਤ ੯੭ ਅੰਕ ੧ ਨਾਟਕ ਗੁਰਮੁਖੀ ਪੁਨਾ: ਪੰਜਾਬ ਦੇਸ ਅਦਿਕਾਲ ਤੇ ਹੈ ਇਸ ਦੀ ਭਾਸ਼ਾ ਬੀ ਪੰਜਾਬੀ ਤਦ ਤੋਂ ਹੀ ਹੈ, ਪਰੰਤੂ ਇਸ ਦੀ ਖਬਰ ਸੁਰਤ ਕਿਸੇ ਨਹੀਂ ਲਈ ਇਸ ਕਾਰਨ ਕੋਈ ਪੁਸਤਕ ਨਾਗਰੀ ਕੋਈ ਉਰਦੂ ਵਿਚ ਲਿਖਦੇ ਅਰ ਵਪਾਰ ਵਿਵਹਾਰ ਕਾਰ ਰੁਜ਼ਗਾਰ ਦੀਆਂ ਵਹੀਆਂ ਵਿਚ ਲੰਡੇ ਪ੍ਰਧਾਨ ਰਹੇ, ਇਸ ਵਿਚ ਲੰਡੇ ਪ੍ਰਧਾਨ ਰਹੇ ਜਿਸ ਕਾਰਨ ਏਹ ਦੇਸ ਹਰੇਕ ਕੰਮ ਵਿਚ ਪਿਛੇ ਰਹਿੰਦਾ ਗਿਆ। ਇਸ ਥੋੜ ਨੂੰ ਬੀ ਗੁਰੂ ਨਾਨਕ ਸਾਹਿਬ ਨੇ ਪੂਰਾ ਕੀਤਾ, ਗੁਰਮੁਖੀ ਅਖਰ ਰਚੇ, ਸੁਧ ਪੰਜਾਬੀ ਬੋਲੀ ਦਾ ਸੁਧ ਉਚਾਰਨ ਇਨ੍ਹਾਂ ਹੀ ਅਖਰਾਂ ਦਵਾਰਾ ਹੋ ਸਕਦਾ ਹੈ।

(੨) ਹੋਰਨਾਂ ਭਾਸ਼ਾਂ ਦੇ ਪਠਣਹਾਰੇ ਨਾਸਤਕ ਯਾ ਚਾਲਾਕ ਛਲ ਵਲ ਝੂਠ ਕਪਟ ਵਿਚ ਪ੍ਰਬੀਨ ਯਾ ਆਲਸੀ ਸੁਸਤ ਬੁਤਪ੍ਰਸਤ ਹੋ ਜਾਂਦੇ ਹਨ, ਗੁਰਮੁਖੀ ਪੜਨ ਹਾਰੇ ਸਿਧੇ ਸੂਧੇ ਨਿਰਛਲ ਸਾਫ ਦਿਲ ਨਿਡਰ ਸਰਧਾਵਾਨ ਪ੍ਰੇਮੀ ਸਿਦਕਵਾਨ ਰਹਿੰਦੇ ਹਨ।

(੩) ਹੋਰ ਭਾਸ਼ਾ ਪੜ੍ਹਨ ਵਿਚ ਬਹੁਤ ਸਮਯ ਲਗਦਾ ਹੈ, ਇਹ ਸਭ ਤੇ ਸ਼ੀਘਰ ਆਉਂਦੀ ਹੈ।

(੪) ਹੋਰ ਭਾਸ਼ਾ ਕਠਨ ਹਨ, ਏਹ ਸਭ ਤੇ ਸੁਖੇਨ ਹੈ, ਜਿਹਾ ਕੁ ਨਾਗਰੀ ਮੈਂ ਦੰਤੀ ਤਾਲਵਯੀ ਮੂਰਧਨਯ ਤੀਨ ਸ਼ਕਾਰ ਹਨ, ਉਰਦੂ ਫਾਰਸੀ ਮੈਂ ਸੇ ਸੀਨ ਸੁਆਦ ਅਰ ਜ਼ੇ ਜ਼ਾਲ ਜ਼ੋਇ ਜ਼ੁਆਦ ਦਾ ਉਚਾਰਣ ਇਕੋ ਹੀ ਹੈ, ਇਸ ਕਾਰਨ ਲਿਖਣੇ ਮੇਂ ਕਠਨ ਹੈ, ਐਸੇ ਹੀ ਔਰ ਭਾਸ਼ਾ ਹਨ, ਪਰ ਗੁਰਮੁਖੀ ਵਿਚ ਇਕੋ ਸਸਾ ਇਕੋ ਜਜਾ ਹੈ ਤਾਂਤੇ ਸੁਖੇਨ ਹੈ।

(੫) ਅੰਗਰੇਜ਼ੀ ਭਾਸ਼ਾ ਦੇ ਲਿਖਣੇ ਮੈਂ ਕਈ ਲਫਜ਼ ਐਸੇ ਹਨ, ਜਿਨ੍ਹਾਂ ਵਿਚ ਕਈ ਅਖਰ ਲਿਖਣੇ ਪੈਂਦੇ ਹਨ ਪਰ ਬੋਲਨ ਵਿਚ ਓਹ ਨਹੀਂ ਆਉਂਦੇ ਅਰ ਗੁਰਮੁਖੀ ਲਿਖਣੀ ਇਸੇ ਕਰਕੇ ਸੁਖੇਨ ਹੈ ਕਿ ਇਸ ਵਿਚ ਓਹੋ ਅਖਰ ਬੋਲਦਾ ਹੈ ਜੋ ਲਿਖਿਆ ਹੋਂਦਾ ਹੈ ਜੋ ਬੋਲਦਾ ਨਹੀਂ ਉਸਨੂੰ ਲਿਖਦੇ ਬੀ ਨਹੀਂ।

(੬) ਫਾਰਸੀ ਉਰਦੂ ਵਿਚ ਲਾਮ ਵਾਉ ਟੇ ਲੁਟ ਤਿੰਨ ਅਖਰ ਲਿਖਕੇ ਲੁਟ ਲੂਟ ਲੋਟ ਲੌਟ ਜੋ ਚਾਹੇ ਸੋ ਪੜੇ ਪੜੇ ਇਕ ਨੁਕਤੇ ਨਾਲ

ਲਫਜ਼ ਬਦਲ ਦਾ ਅਰਥ ਦਾ ਅਨਰਥ ਹੋ ਜਾਂਦਾ ਹੈ ਜੈਸੇ ਹੇਠ ਨੁਕਤਾ ਲਗੇ ਤਾਂ *ਮੁਜਰਮ ਉਤੇ ਲਗੇ ਤਾਂ †ਮੁਖਰਮ ਨਾ ਲਗੇ ਤਾਂ ‡ਮਹਰਮ ਐਸੇ ਨੁਕਤੇ ਲਗੇ, ਤਾਂ ਬਕਲਮ ਨਾ ਲਗੇ ਤਾਂ ਬਿਇਲਮ ਪੜੇ ਜਾਂਦੇ ਹਨ।

ਪਰ ਗੁਰਮੁਖੀ ਵਿਚ ਇਹ ਭੁਲ ਨਹੀਂ ਹੋ ਸਕਦੀ, ਕਿਉਂਕਿ ਲਗਾਂ ਮਾਤ੍ਰਾਂ ਬਰਾਬਰ ਹਨ।

(੭) ਕੋਈ ਭੀ ਭਾਸ਼ਾ ਪਰਦੇਸੀਆਂ ਨੂੰ ਵਯਾਕਰਨ ਬਿਨਾਂ ਨਹੀਂ ਆ ਸਕਦੀ ਪਰ ਗੁਰਮੁਖੀ ਪੜੇ ਹਜ਼ਾਰਾਂ ਪਰਦੇਸੀ ਹਨ ਜੋ ਵਿਆਕਰਨ ਦਾ ਤਾਂ ਨਾਮ ਹੀ ਨਹੀਂ ਜਾਣਦੇ ਇਹ ਬਿਨਾਂ ਵਯਾਕਰਨ ਦੇ ਕੰਮ ਚਲਾ ਸਕਦੇ ਹਨ।

(੮) ਸਾਡੇ ਦੇਸਾਂ ਦੀ ਤਾਂ ਇਹ ਮਾਤਰੀ ਭਾਸ਼ਾ ਹੈ; ਜੋ ਮਾਵਾਂ ਦੇ ਮੂੰਹੋਂ ਸੁਣਕੇ ਇਆਣੇ ਬਾਲ ਬੋਲਦੇ ਅੰਤ ਅਵਸਥਾ ਤਕ ਨਹੀਂ ਭੁਲਦੇ।

(੯) ਅੰਗਰੇਜੀ ਦੇ ਅਖਰ ੨੬ ਫ਼ਾਰਸੀ ਦੇ ੩੦ ਯੂਨਾਨੀ ਦੇ ਇਬਰਾਨੀ ਦੇ ਬਹੁਤ ਗੁਰਮੁਖੀ ਦੇ ੩੫ ਕੇਵਲ ਸੁਧ ਉਚਾਰਣ ਕੇ ਲੀਏ ਹੀ ਹਨ ਸਵ ਾਂ ਮਿਲਾਈਏ ਤਾਂ ਇਸਦੇ ਬੀ ਸੰਸਕ੍ਰਿਤ ਦੀ ਤਰਾਂ ੫੨ ਹੀ ਹਨ।

(੧੦) ਵਿਦਯਾ ਪੜਨੀ ਹੀ ਮੁਖਯਤਾ ਹੈ ਵਿਦਵਾਨ ਹੀ ਦੇਵਤਾ ਹੈ, ਵਿਦਵਾਨ ਰਾਜਿਆਂ ਕਰਕੇ ਪੂਜਨੀਕ ਹੁੰਦਾ ਹੈ ਵਿਦਵਾਨ ਹਰੇਕ ਪਦਾਰਥ ਵਿਚੋਂ ਸੁਖ ਲੈਂਦਾ ਅਸਾਰ ਤਜ ਕਰ ਸਾਰਗ੍ਰਾਹੀ ਹੋਂਦਾ ਹੈ, ਵਿਦਵਾਨ ਹੀ ਆਤਮ ਗਿਆਨੀ ਹੋ ਸਕਦਾ ਹੈ, ਓਹ ਵਿਦਿਆ ਗਰੰਥਾਂ ਵਿਖੇ ਰਹਿੰਦੀ ਹੈ। ਯਦਯਪਿ ਅਨਭਾਸਾ ਜਾਨਣੀ ਵਿਦਵਾਨੀ ਹੈ, ਤਾਂ ਭੀ ਆਪਣੀ ਮਾਤਰੀ ਭਾਸ਼ਾ ਮੇਂ ਵਿਦਯਾ ਅਤਿ ਸ਼ੀਘਰ ਅਰ ਨਿਰਯਤਨ ਪਰਾਪਤ ਹੁੰਦੀ ਹੈ। ਇਸੀ ਕਾਰਨ ਤੇ ਯੂਰਪੀਅਣ ਲੋਕਾਂ ਨੇ ਵੇਦ ਪੁਰਾਨ ਸਿਮ੍ਰਿਤਾਂ ਸ਼ਾਸਤਰ ਕੁਰਾਨ ਤੋਰੇਤ ਜੰਬੂਰ ਇੰਜੀਲ ਭਾਰਤ ਰਾਮਾਯਾਨ ਆਦਿ ਇਤਿਹਾਸ ਅਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਕ ਸਰਬ ਗਰੰਥਾਂ ਪੁਸਤਕਾਂ ਦਾ ਸਵਦੇਸ਼ੀ ਭਾਸ਼ਾ ਅੰਗਰੇਜ਼ੀ ਵਿਖੇ ਤਰਜਮਾ ਕਰ ਲਿਆ ਹੈ, ਇਸੇ ਕਾਰਨ ਓਹ ਸਭ ਵਿਦਵਾਨ ਹੁੰਦੇ ਹਨ ਸਾਨੂੰ ਬੀ ਉਚਿਤ ਹੈ ਅਸੀਂ ਸਰਬ ਗਰੰਥ ਗੁਰਮੁਖੀ ਅਖਰ ਅਰ ਪੰਜਾਬੀ ਭਾਖਾ ਵਿਖੇ ਲਿਖੀਏ ਜਿਸ ਤੇ ਲੋਕ ਸ਼ੀਘਰ ਅਰ ਸੁਖੇਨ ਹੀ ਗਿਆਨ ਪਰਾਪਤ ਕਰਨ।

(੧੧) ਬਿਕ੍ਰਮ ਸੰਮਤ ੧੯੨੨ ਵਿਚ ਜਦ ਲਾਰਡ ਮਿੰਟਗੁਮਰੀ ਸਾਹਿਬ ਨੇ ਇਸਤ੍ਰੀ ਸਿਖਿਆ ਦਾ ਪ੍ਰਬੰਧ ਕਰਕੇ ਪਾਠਸ਼ਾਲਾ ਬਣਾਈਆਂ, ਤਾਂ ਪੜਾਉਣ ਵਾਸਤੇ ਕੇਵਲ ਨਾਟਕ ਅਰ ਪੰਜ ਗਰੰਥਾਂ ਤੇ ਬਿਨਾਂ ਹੋਰ ਕੋਈ ਪੁਸਤਕ ਨਹੀਂ

---

*ਪਾਪੀ। †ਖੁਸ਼। ‡ਵਾਕਫ ਜਾਣੂ।

ਮਿਲਦਾ ਸੀ, ਇਕ ਪੰਡਿਤ ਨੇ ਇਸਤ੍ਰੀ ਸਿਖਯਾ ਨਾਮੇ ਪੁਸਤਕ ਰਚੀ ਤਾਂ ੧੦੦੦) ਇਨਾਮ ਪਾਇਆ। ਹੁਣ ਇਤਨੇ ਗਰੰਥ ਬਣ ਗਏ ਅਰ ਛਪ ਕਰ ਪ੍ਰਵਿਰਤ ਹੋ ਰਹੇ ਹਨ ਜਿਨ੍ਹਾਂ ਦੀ ਗਿਣਤੀ ਹੀ ਨਹੀਂ ਹੋ ਸਕਦੀ। ਵਯਾਕਰਣ ਕੋਸ਼ ਕਾਵਯ ਧਾਰਮਿਕ ਗਰੰਥ ਸਭਾਓਂ ਅਰ ਸੁਸਾਇਟੀਆਂ ਦੀ ਵਲੋਂ ਪ੍ਰਕਾਸ਼ਤ ਹੋ ਰਹੇ ਹਨ ਗੁਰਮੁਖੀ ਵਿਦਯਾ ਦੀ ਬ੍ਰਿਧੀ ਖਾਲਸਾ ਧਰਮ ਦੀ ਬ੍ਰਿਧੀ ਹੈ ਸੁਖ ਸੰਪਤਾ ਦੇਸ਼ ਉਨਤੀ ਅਮਨ ਚੈਨ ਦੀ ਬ੍ਰਿਧੀ ਹੈ। ਤਾਂਤੇ ਗੁਰਮੁਖੀ ਵਿਦਯਾ ਦੀ ਬ੍ਰਿਧੀ ਕਰੋ ਅਰ ਪੜ੍ਹੋ ਸੰਬੰਧੀਆਂ ਨੂੰ ਪੜ੍ਹਾਓ ਪਾਠ ਸ਼ਾਲਾ ਬਣਾਓ। ਖਾਲਸਾ ਕਾਲਜ ਦਾ ਜਸ ਵਧਾਓ ਖਾਲਸਾ ਸਕੂਲ ਨੂੰ ਸਹਾਇਤਾ ਦੇਵੋ, ਗੁਰਮੁਖੀ ਨਾਲ ਗੁਰਮਤ ਦਾ ਪ੍ਰਚਾਰ ਕਰੋ, ਜਗਤ ਦਾ ਉਪਕਾਰ ਕਰੋ, ਗੁਰਮੁਖ ਬਣੋ ਇਹ ਅੰਮ੍ਰਿਤ ਛਕਣੇ ਸਮਯ ਦਾ ਉਪਦੇਸ ਹੈ, ਗੁਰਮੁਖੀ ਵਿਦਯਾ ਸਿਖਣੀ ਇਸ ਨੂੰ ਕਮਾਓ ਪਰ ਆਸ਼ਕ ਮਸ਼ੂਕੀ ਦੇ ਕਿੱਸੇ ਪੜ੍ਹ ਲਿਖਕੇ ਇਸ ਧਾਰਮਕ ਵਿਦਯਾ ਨੂੰ ਅਪਵਿਤ੍ਰ ਨਾ ਬਣਾਓ ਅਰ ਗੁਰਮੁਖੀ ਨਾਮ ਨੂੰ ਲਾਜ ਨਾ ਲਾਓ।

❋

ਵਖਯਾਨ ੩੯

ਦੋਹਾ–

ਉਭਯ ਲੋਕ ਹੋਵਤ ਸੁਖਦ ਗੁਰੂ ਆਯਸ ਅਨੁਸਾਰ।
ਰਹਿਣਾ ਰਹਿਣੀ ਮੈਂ ਸਦਾ ਤਾਂਤੇ ਅਤਿ ਗੁਣਕਾਰ ॥੧॥
ਰਹਿਤ ਸਿਖ ਜੋ ਰਹਿਤ ਮੈਂ ਨਿਤ ਉਰ ਮਿਟਤ ਬਿਕਾਰ।
ਤਾਂਤੇ ਰਹਿਤ ਜੋ ਕਹਿਤ ਗੁਰ ਬਰਨੋਂ ਕ੍ਰਮ ਅਨੁਸਾਰ ॥੨॥

ਪਿਆਰੇ ਭਾਈਓ! ਅੰਮ੍ਰਤ ਸਮਯ ਦੀਆਂ ਰਹਿਤਾਂ ਵਿਚੋਂ ਕੇਸ ਕਛ ਕ੍ਰਿਪਾਨ ਕੰਘਾ ਕੜਾ ਧਾਰਨਾ, ਜਪੁ ਜਾਪੁ ਰਹਿਰਾਸ ਸੋਹਲੇ ਦਾ ਪਾਠ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਬਦ ਪੜ੍ਹਨਾ ਸਬਦ ਸਤਿਸੰਗ ਗੁਰਪੁਰਬ ਕੜਾਹ ਪ੍ਰਸ਼ਾਦ ਸਿਖ ਸੰਤ ਅਭਿਆਗਤਾਂ ਦਾ ਸਤਿਕਾਰ ਕਰਨਾ, ਘੋੜੇ ਦੀ ਸਵਾਰੀ ਸ਼ਸਤ੍ਰ ਵਿਦਯਾ, ਗੁਰਮੁਖੀ ਵਿਦਯਾ, ਦਾ ਅਭਿਆਸ ਰਖਣਾ, ਪਿਛੇ ਬਰਨਨ ਹੋਇਆ। ਹੁਣ ਸੁਣੋ ਜੋ ਸਿਖਾਂ ਦੇ ਲੋਕ ਪਰਲੋਕ ਦੇ ਸੁਧਾਰ ਦੇ ਸਾਧਨ ਸਤਿਗੁਰੂ ਜੀ ਨੇ ਕਹੇ ਹਨ–

ਗੁਰੂ ਕੇ ਸਿਖਾਂ ਨੂੰ ਸਚ ਬੋਲਨ ਵਿਚ ਨਾਮਜ਼ਦ ਅਰ ਅਜਿਹਾ ਪਰਸਿਧ ਹੋਣਾ ਚਾਹੀਏ ਹੈ, ਜੈਸਾ ਕਿ ਇਕ ਰਾਜਾ ਯੁਧਿਸ਼ਟਰ ਨੂੰ ਧਰਮ ਪੁਤਰ ਸਦਦੇ ਹਨ, ਰਾਜਾ ਨੂੰ ਹੋਯਾਂ ਪੰਜ ਹਜ਼ਾਰ ਬਰਸ ਬੀਤ ਚੁਕੇ ਹਨ, ਪਰ ਸਚ ਦੇ ਪਰਤਾਪ ਰਾਜਾ ਦਾ ਨਾਮ ਅਜੇ ਤਕ ਜੀਊਂਦਾ ਹੈ। ਇਕ ਵਾਰੀ ਰਾਜਾ ਯੁਧਿਸਟਰ ਨੇ ਜਗ ਕਰਨ ਦੀ ਇਛਾ ਕੀਤੀ। ਤਾਂ ਰੁਪਏ ਦੀ ਲੋੜ ਸਮਝਕੇ ਰਾਜਾ ਬਲ ਤੋਂ ਕਰਜ਼ਾ ਲੈਣ ਗਏ, ਤਾਂ ਬਲ ਨੇ ਪੁਛਿਆ ਕਿ ਜਿਨੀਂ ਅਖੀਂ ਲੈ ਜਾਓਗੇ, ਓਨੀਂ ਅਖੀਂ ਦੇ ਜਾਓਗੇ? ਵਿਚਾਰ ਕਰਕੇ ਰਾਜਾ ਨੇ ਕਿਹਾ, ਨਹੀਂ ਲੈਣ ਵਾਲੇ ਦੀਆਂ ਅਖਾਂ ਦੇਣ ਵੇਲੇ ਨਹੀਂ ਰਹਿੰਦੀਆਂ, ਤਾਂ ਰਾਜਾ ਬਲ ਨੇ ਕਹਿਆ ਫੇਰ ਮੈਂ ਨਹੀਂ ਦਿੰਦਾ, ਖਾਲੀ ਚਲੇ ਆਏ, ਧਨ ਗਵਾਇਆ ਪਰ ਸਚ ਨਾ ਛਡਿਆ। ਦਰੋਣਾ ਜੀ ਦੇ ਯੁਧ ਸਮੇਂ ਕ੍ਰਿਸ਼ਨ ਕਹਿ ਰਹੇ ਪਰ ਰਾਜਾ ਦੇ ਅਸਵਥਾਮਾ ਮਰ ਗਿਆ ਏਹ ਝੂਠ ਕਹਿਣਾ ਨਾ ਮੰਨਿਆਂ, ਇਸ ਦਾ ਫਲ ਇਹ ਹੈ ਜੋ ਰਾਜਾ ਧਰਮ ਪੁਤਰ ਸਦਵਾਯਾ। ਜਦ ਗੁਰੂ ਸਾਹਿਬਾਂ ਨੇ ਅੰਮ੍ਰਿਤਸਰ ਜੀ ਨਗਰ ਵਸਾਇਆ, ਤਾਂ ਇਕ ਹਟ ਵਾਲਾ ਗੁਰੂ ਕੇ ਹਜ਼ੂਰ ਆਇਆ ਬੇਨਤੀ ਕੀਤੀ ਜੋ ਕੰਮ ਨਹੀਂ ਚਲਦਾ ਕੀ ਉਪਾਵ ਕਰੀਏ? ਸ੍ਰੀ ਗੁਰੂ ਅਰਜਨ ਸਾਹਿਬ ਬਚਨ ਕੀਤਾ, ਭਾਈ ਵਾਧਾ ਚਾਹੁੰਦੇ ਹੋ ਤਾਂ ਸੱਚ ਬੋਲਿਆ ਕਰੋ ਉਹ ਸੱਚ ਬੋਲਣ ਲਗਾ ਦਸ ਪੰਦਰਾਂ ਦਿਨ ਤਾਂ ਗਾਹਕ ਕੋਈ ਨਾ ਠਹਰਿਆ, ਪਰ ਜਦ ਲੋਕਾਂ ਨੇ ਸਮਝਿਆ ਕਿ ਏਹ ਸਚ ਬੋਲਦਾ ਹੈ ਫੇਰ ਤਾਂ ਚੋਗਣੀ ਗਾਹਕੀ ਪੈਣ ਲਗੀ, ਉਹਦਾ ਨਾਮ ਹੀ ਭਾਈ ਸੱਚ ਪਰਸਿਧ ਹੋਯਾ ਇਸ ਵੇਲੇ ਬੀ ਅੰਮ੍ਰਿਤਸਰ ਜੀ ਵਿਚ ਜੋ ਨਾਮ ਦੇ ਸਚ ਨਾਮੀਏ ਪਰਸਿਧ ਹਨ ਤਾਂ ਭੀ ਹੋਰ ਸਭਨਾਂ ਕੋਲੋਂ ਰਾਜ਼ੀ ਹਨ।

ਗੁਰੂ ਕਾ ਵਾਕ ਹੈ:-

ਸੇਈ ਸਾਹ ਭਗਵੰਤ ਸੇ ਸਚੁ ਸੰਪੈ ਹਰਿ ਰਾਸਿ ॥
ਨਾਨਕ ਸਚੁ ਸਚਿ ਪਾਈਐ ਤਿਹ ਸੰਤਨ ਕੈ ਪਾਸਿ ॥

ਮੁਸਲਮਾਨ ਪਾਤਸ਼ਾਹ ਸਿਖਾਂ ਦੇ ਜਾਨੀ ਦੁਸ਼ਮਨ ਰਹੇ, ਪਰ ਜੇ ਕੋਈ ਸਿਖ ਕਚੈਹਰੀ ਵਿਚ ਗਵਾਹੀ ਦੇਵੇ, ਤਾਂ ਉਸੇ ਪੁਰ ਫੈਸਲਾ ਕਰ ਦਿੰਦੇ ਸੇ ਉਨਾਂ ਨੂੰ ਪਰਤੀਤ ਸੀ ਕਿ ਸਿਖ ਝੂਠ ਨਹੀਂ ਬੋਲਦੇ ਸ਼ੋਕ ਹੈ ਜੋ ਓਹ ਸਚ ਗਵਾਏ ਬੈਠੇ, ਹੁਣ ਤਾਂ ਅਸੀਂ ਗੁਰੂ ਕੇ ਨਾਮ ਨੂੰ ਲਾਜ ਲਾਉਂਦੇ ਹਾਂ, ਜੋ ਗੁਰੂ ਨਾਨਕ ਜੀ ਗੁਰੂ ਗੋਬਿੰਦ ਸਿੰਘ ਜੀ ਅਰ ਸਿਖ ਅਸੀਂ ਝੂਠੀਆਂ ਗਵਾਹੀਆਂ ਦੇਣ ਵਾਲੇ, ਚੋਰ ਅਰ ਯਾਰ ਅਧਰਮੀ ਅਪਕਰਮੀ ਬਟਪਾਰ ਬੇਵਕੂਫ ਅਰ ਗਵਾਰ ਸ਼ਰਾਬੀ ਕਬਾਬੀ ਜੇਲਖਾਨਿਆਂ ਦੇ ਭਰਨ ਵਾਲੇ ਭ੍ਰਿਸ਼ਟਾਕਾਰ ਹੇ ਸਤਿਗੁਰੂ ਤੂੰ ਹੀ ਸੁਮੱਤ ਦੇਹ ਜੋ ਤੇਰੀ ਆਗਯਾ ਅਨੁਸਾਰ

ਹੋਣ। ਸਤਿਗੁਰੂ ਨੇ ਤਾਂ ਪਰਮੇਸ਼ਰ ਦਾ ਰੂਪ ਹੀ ਸਚ ਹੈ, ਦਸਿਆ ਹੈ। ਯਥਾ (ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ) ਅਰ ਪਾਪਾਂ ਦਾ ਪ੍ਰਾਸ਼ਚਿਤ ਬੀ ਸਤ ਹੀ ਹੈ, (ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥ ਨਾਨਕ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ) (ਵਾਰ ਆਸਾ ਕੀ)। ਸਾਡੀ ਤਾਂ ਉਪਾਸ਼ਨਾ ਸਚ ਦੀ, ਉਪਾਸ਼ਜ ਸਚ ਮੰਤ੍ਰ ਸਤਿਨਾਮ ਧਿਆਨ ਸਚ ਦਾ ਯਥਾ-

ਸਚੁ ਤੀਰਥੁ ਸਚੁ ਇਸਨਾਨੁ ਅਰੁ ਭੋਜਨੁ ਭਾਉ ਸਚੁ ਸਦਾ ਸਚੁ ਭਾਖੰਤ ਸੋਹੈ ॥ ਸਚੁ ਪਾਇਓ ਗੁਰ ਸਬਦਿ ਸਚੁ ਨਾਮੁ ਸੰਗਤੀ ਬੋਹੈ ॥ ਜਿਸੁ ਸਚੁ ਸੰਜਮੁ ਵਰਤੁ ਸਚੁ ਕਬਿ ਜਨ ਕਲ ਵਖਾਣੁ ॥ ਦਰਸਨਿ ਪਰਸਿਐ ਗੁਰੂ ਕੈ ਸਚੁ ਜਨਮੁ ਪਰਵਾਣੁ ॥ ਗੁਰ ਸਿਖੀ ਦੀ ਬੜੀ ਭਾਰੀ ਰਹਿਤ ਸਿਖ ਏਹਾ ਰਖੇ ਜੋ ਸਚ ਬੋਲੇ।

ਪੁਨਾ: ਧਰਮ ਦੀ ਕਿਰਤ ਕਰਨੀ ਇਸਕਾ ਭਾਵ ਇਹ ਹੈ ਕਿ ਸਿਖ ਹੋਕੇ ਉਹ ਕਿਰਤ ਕਰੇ ਜਿਸ ਵਿਚ ਧਰਮ ਨਾ ਵਿਗੜੇ, ਜੈਸੇ ਤਮਾਕੂ ਅਰ ਇਸ ਦੀ ਨਸਵਾਰ ਨਿਖੇਧ ਕੀਤੀ ਗਈ ਹੈ, ਸਿਖ ਨਾ ਇਹਦੀ ਆੜਤ ਲਵੇ, ਨਾ ਵੇਚੇ ਨਾ ਕੁਏ ਨਾਂ ਬੀਜੇ ਨਾ ਬਜਾਵੇ ਨਾ ਹਥ ਲਾਵੇ। ਨੌਕਰੀ ਕੀਤੀ ਪਰ ਜੇ ਹੁਕੇ ਨੂੰ ਹਥ ਲਾਉਣਾ ਪਏ ਯਾ ਇਸ ਵਾਸਤੇ ਅਗੇ ਯਾ ਪਾਨੀ ਵੀ ਲਿਆਉਣਾ ਪਵੇ ਤਾਂ ਨੌਕਰੀ ਵੀ ਨਾ ਕਰੇ। ਸਿਰੁ ਮੁੰਡਨੇ ਕੁਠਾ ਮਾਸ ਬੇਚਨਾਂ ਲਿਆਉਣਾ ਪਕਾਉਣਾ ਝੂਠ ਬੋਲਨਾ ਇਤਯਾਦਿ ਗੁਰਮਤ ਵਿਰੁਧ ਕੋਈ ਕੰਮ ਜਿਸ ਵਿਚ ਕਰਨਾ ਪਵੇ ਓਹ ਕਿਰਤ ਨਾ ਕਰੇ। ਦਸਾਂ ਨਹੁੰਵਾਂ ਦੀ ਕਮਾਈ ਕਰੇ, ਵੰਡ ਖਾਵੇ ਧਨ ਦੇ ਲੋਭ ਵਿਚ ਧਰਮ ਨਾ ਹਾਰੇ ਧਰਮ ਦੀ ਕਿਰਤ ਇਹ ਬੀ ਹੈ ਜਿਸ ਵਿਚ ਇਸ ਧਰਮ ਦਾ ਨਿਤਨੇਮ ਪੂਜਾ ਪਾਠ ਹੁੰਦਾ ਰਹੇ, ਕਿਰਤ ਕਾਰ ਵਿਚ ਅਜੇਹਾ ਨਾ ਫਸੇ ਜੋ ਛੇ ਘੜੀ ਰੋਜ ਉਮਰਾ ਦੇ ਦਸਵੰਧ ਦੀਆਂ ਬੀ ਨਾ ਦਿਤੀਆਂ ਜਾਣ ਅਰ ਝੂਠ ਬੋਲਣਾ ਪਏ, ਜਪੁਜੀ ਰਹਿਰਾਸ ਸੋਹਲੇ ਦਾ ਪਾਠ ਬੀ ਨਾ ਹੋ ਸਕੇ ਯਾ ਰਿਸ਼ਵਤ ਖਾਣੀ ਪਏ ਐਸੇ ਪਾਪਾਂ ਤੋਂ ਬਚਕੇ ਕਿਰਤ ਕਰਨੇ ਦਾ ਨਾਮ ਧਰਮ ਦੀ ਕਿਰਤ ਹੈ। ਸੋ ਕਰਨੇ ਦੀ ਆਗਜਾ ਹੈ। ਬਿਹੰਗਮ ਸਾਧੂ ਹੋ ਜਾਵੇ ਤਾਂ ਬੀ ਸਤਸੰਗ ਗੁਰਦੁਆਰੇ ਪਖਾ ਪਾਨੀ ਪ੍ਰੀਸਣਾ ਝਾੜ ਲੇਪਣ ਕਥਾ ਕੀਰਤਨ ਆਦਿ ਸੇਵਾ ਦੀ ਹੀ ਕਿਰਤ ਕਰੇ। ਵੇਹਲਾ ਨਾ ਰਹੇ। ਦਸਵੰਧ ਤਨ ਦਾ ਅਰ ਦਸਵੰਧ ਧਨ ਦਾ ਦੇਣਾ ਏਹ ਸਤਿਗੁਰੂ ਜੀ ਦੀ ਆਗਯਾ ਹੈ। ਸ੍ਰੀ ਮੁਖਵਾਕ ਅਰ ਸ਼ਾਸਤਰੋਕਤ ਹੈ ਕਿ ਮਾਤਾ ਦੇ ਗਰਭ ਵਿਚ ਜੀਵ ਦਾ ਸਰੀਰ ਪੰਜ ਮਹੀਨੇ ਅਰ ਬੀਸ ਦਿਨ

ਵਿਚ ਬਣਦਾ ਹੈ ਤੇ ਛੇਵੇਂ ਮਹੀਨੇ ਜੀਵ ਕਲਾ ਪਰਵੇਸ਼ ਕਰਦੀ ਹੈ। ਇਸ ਵੇਲੇ ਸਿਰ ਤਲੇ ਪੈਰ ਉੱਪਰੇ ਜੇਰ ਦੀ ਗੁਥੀ ਵਿਚ ਸੀਤਾ ਹੋਯਾ ਨੌ ਦਵਾਰੇ ਦਸ ਇੰਦਰੇ ਹਨ। ਬੰਦ ਹੁੰਦੇ ਹਨ । ਘਬਰਾਉਂਦਾ ਅਰ ਦੁਖੀ ਹੁੰਦਾ ਰਾਤ ਦਿਨ ਪੁਕਾਰਦਾ ਹੈ। ਹੇ ਕਰਤਾਰ ਮੇਰੇ ਸਿਰਜਨਹਾਰ ਇਸ ਭੋਰੇ ਤੇ ਬਾਹਰ ਕਢੋ। ਤਾਂ ਹੁਕਮ ਹੁੰਦਾ ਹੈ ਬਾਹਰ ਨਿਕਲਕੇ ਤੂੰ ਹਉਮੈ ਅਹੰਕਾਰ ਵਿਚ ਆਪਣੇ ਜਿਹਾ ਕਿਸੇ ਨੂੰ ਨਹੀਂ ਜਾਣਦਾ ਇਥੇ ਪਿਆ ਹੀ ਤ੍ਰਾਹ ਤ੍ਰਾਹ ਕਰਦਾ ਹੈ ਤੈਨੂੰ ਇਸ ਦੁਖ ਦੇ ਸਮਯ ਮਨ ਇਕਾਗਰ ਹੋਣੇ ਤੇ ਸੌ ਜਨਮ ਦਾ ਚੇਤਾ ਹੈ। ਅਰ ਮੈਨੂੰ ਤੇਰੇ ਹਜ਼ਾਰਾਂ ਜਨਮਾਂ ਦਾ ਚੇਤਾ ਹੈ। ਤਾਂ ਜੀਵ ਫੇਰ ਬੇਨਤੀ ਕਰਦਾ ਹੈ ਹੇ ਪ੍ਰਭੂ ਇਥੇ ਇਕ ਪਲ ਪਲ ਬੀ ਜੁਗਾਂ ਸਮਾਨ ਦੁਖਾਂ ਦਾ ਹੈ। ਇਕ ਵੇਰ ਬਾਹਰ ਨਿਕਲਾਂ ਤਾਂ ਐਤਕੀ ਸਾਰਾ ਜੀਉਣਾ ਤੇਰੇ ਭਜਨ ਵਿਚ ਅਰ ਆਪਨੀ ਸਾਰੀ ਕਮਾਈ ਤੇਰੇ ਸੰਤਾਂ ਦੀ ਸੇਵਾ ਵਿਚ ਤੇਰੇ ਹਿਤ ਹੀ ਲਾਵਾਂਗਾ। ਤਾਂ ਬਚਨ ਹੁੰਦਾ ਹੈ ਇਹ ਨਹੀਂ ਪੁਜਣਾ। ਕਰਾਰ ਉਤਨਾ ਕਰ ਜੋ ਪੂਰਾ ਉਤਰੇ। ਪ੍ਰਯੋਜਨ ਇਹ ਕਿ ਚੌਥਾਈ ਛੇਵਾਂ ਹਿਸਾ ਫੇਰ ਦਸਵੰਧ ਪਰ ਠਹਿਰਾਉ ਹੋਯਾ । ਜੋ ਤਨ ਧਨ ਦੋਹਾਂ ਦਾ ਦਸਵੰਧ ਦੇਵਾਂਗਾ। ਅਰ ਜਲ ਜਾਮਨ ਹੋਯਾ । ਤਾਂ ਆਗਿਆ ਪਾਇ ਪਰਸੂਤ ਪਾਉਨ ਨੇ ਬਾਹਰ ਕਢਿਆ। ਇਸੀ ਤੇ ਗੁਰੂ ਸਾਹਿਬ ਚੇਤਾ ਕਰਾਉਂਦੇ ਹਨ । "ਮੁਖ ਤਲੇ ਪੈਰ ਉਪਰੇ ਵਸੰਦੋ ਕੁਹਥੜੇ ਥਾਇ ॥ ਨਾਨਕ ਸੋ ਧਣੀ ਕਿਉ ਵਿਸਾਰਿਓ ਉਧਰਹਿ ਜਿਸਦੈ ਨਾਇ" ॥ ੨ ॥

(ਵਾਰ ਜੈਤਸਰੀ)

ਪੁਨਾ: ਰਕਤੁ ਬਿੰਦੁ ਕਰਿ ਨਿੰਮਿਆ ਅਗਨਿ ਉਦਰ ਮਝਾਰਿ ॥ ਉਰਧ ਮੁਖੁ ਕੁਚੀਲ ਬਿਕਲੁ ਨਰਕਿ ਘੋਰਿ ਗੁਬਾਰਿ ॥ ਹਰਿ ਸਿਮਰਤ ਤੂ ਨਾ ਜਲਹਿ ਮਨਿ ਤਨਿ ਉਰ ਧਾਰਿ ॥ ਬਿਖਮ ਥਾਨਹੁ ਜਿਨਿ ਰਖਿਆ ਤਿਸੁ ਤਿਲੁ ਨ ਵਿਸਾਰਿ ॥ ਪ੍ਰਭ ਬਿਸਰਤ ਸੁਖੁ ਕਦੇ ਨਾਹਿ ਜਾਸਹਿ ਜਨਮੁ ਹਾਰਿ ॥ [ਪੌੜੀ ੨ ਵਾਰ ਜੈਤਸਰੀ

ਪੁਨਾ: ਕਾਹੇ ਭਈਆ ਫਿਰਤੌ ਫੂਲਿਆ ਫੂਲਿਆ ॥ ਜਬ ਦਸ ਮਾਸ ਉਰਧ ਮੁਖ ਰਹਿਤਾ ਸੋ ਦਿਨੁ ਕੈਸੇ ਭੂਲਿਆ ॥ [ਸੋਰਠਾ ਕਬੀਰ ੨

ਪੁਨਾ: ਜਿਥੇ ਅਗਨ ਭਖੈ ਭੜਿਹਾਰੇ ਊਰਧ ਮੁਖ ਮਹਾਂ ਗੁਬਾਰੇ ॥ ਸਾਸਿ ਸਾਸਿ ਸਮਾਲੇ ਸੋਈ ਓਥੈ ਖਸਮਿ

ਛਡਾਇ ਲਇਆ ॥ ਵਿਚਹੁ ਗਰਭੈ ਨਿਕਲਿ ਆਇਆ ਖਸਮੁ
ਵਿਸਾਰਿ ਦੂਨੀ ਚਿਤੁ ਲਾਇਆ ॥ ਆਵੈ ਜਾਇ ਭਵਾਈਐ
ਜੋਨੀ ਰਹਣੁ ਨ ਕਿਤ ਹੀ ਥਾਇ ਭਵਿਆ ॥ ਪੁਨਾ:
ਰੇ ਨਰ ਗਰਭ ਕੁੰਡਲ ਜਬ ਆਛਤ ਉਰਧ ਧਿਆਨ
ਲਿਵਲਾਗਾ ॥ ਮਿਰਤਕ ਪਿੰਡਿ ਪਦ ਮਦ ਨਾ ਅਹਿਨਿਸਿ
ਏਕੁ ਅਗਿਆਨ ਸੁ ਨਾਗਾ ਤੇ ਦਿਨ ਸੰਮਲੁ ਕਸਟ ਮਹਾ
ਦੁਖ ਅਬ ਚਿਤ ਅਧਿਕ ਪਸਾਰਿਆ ॥ ਗਰਭ ਛੋਡਿ
ਮ੍ਰਿਤ ਮੰਡਲ ਆਯਾ ਤਉ ਨਰਹਰਿ ਮਨਹੁ ਵਿਸਾਰਿਆ ॥ ੧ ॥
ਫਿਰਿ ਪਛਤਾਵਹਿਗਾ ਮੂੜਿਆ ਤੂੰ ਕਵਨ ਕੁਮਤਿ ਭ੍ਰਮਿ
ਲਾਗਾ ॥ ਚੇਤਿ ਰਾਮੁ ਨਹੀ ਜਮਪੁਰਿ ਜਾਹਿਗਾ ਜਨੁ
ਬਿਚਰੈ ਅਨਰਾਧਾ ॥

ਅਰ ਜਲ ਜਦ ਸਰੀਰ ਉੱਤੇ ਛੁਹੇ ਕੈਸੀ ਹੀ ਨੀਂਦਰ ਜੜਤਾ ਵਿਚ ਜੀਵ ਹੋਵੇ। ਤੁਰਤ ਚਿਤੰਨ ਕਰਕੇ ਆਪਨੀ ਜਾਮਨੀ ਭੁਗਤਾਉਂਦਾ ਹੈ। ਤਾਂਤੇ ਦਸਵੰਧ ਦੇਕੇ ਸਦਾ ਕਰਤਾਰ ਤੇ ਸੁਰਖਰੂ ਰਹਿਣਾ ਚਾਹੀਏ। ਜੋ ਨਹੀਂ ਦਿੰਦਾ ਕਰਤਾਰ ਦਾ ਦੇਣਦਾਰ ਹੋਕੇ ਅੰਤ ਨੂੰ ਖੁਵਾਰ ਹੁੰਦਾ ਹੈ। ਤਨ ਦਾ ਦਸਵੰਧ ਰੋਗ ਵਿਚ ਅਰ ਧਨ ਦੇ ਦਸਵੰਧ ਦੀ ਕਸਰ ਚੋਰ ਰੋਗ ਰਾਜਾ ਅਗਨੀ ਅਰ ਜਲ ਪੂਰਾ ਕਰ ਲੈਂਦਾ ਹੈ।

ਦੋਹਰਾ–ਧਨ ਕੇ ਭਾਗੀ ਚਾਰ ਹੈਂ ਧਰਮ ਚੋਰ ਨ੍ਰਿਪ ਆਗ।
ਕੋਪੈ ਤਾਪੈ ਭ੍ਰਾਤ ਤ੍ਰੈ ਜੋ ਕਰੇ ਜੇਸ਼ਟੇ ਤਯਾਗ।

ਦਸਵੰਧ ਦੇਣੇ ਵਾਲੇ ਦਾ ਤਨ ਅਰੋਗ ਅਰ ਧਨ ਦੀ ਰਖਿਆ ਰਹਿੰਦੀ ਹੈ ਜੈਸੇ ਚਾਰ ਬਿਓਪਾਰੀ ਵਣਜ ਦੀ ਇਛਾ ਕਰਕੇ ਪਰਦੇਸ ਤੁਰੇ। ਰਾਹ ਵਿਚ ਭੁਲੀ ਪਏ ਘੋਰ ਬਨ ਵਿਚ ਜਾ ਨਿਕਲੇ ਰਾਤ ਅੰਧੇਰੀ ਆਈ ਜਾਣਕੇ ਤਿਨਾਂ ਵਿਚਾਰਿਆ ਭਈ ਨੀਤੀ ਸ਼ਾਸਤ੍ਰ ਅਰ ਮਹਾਤਮਾ ਦਾ ਬਚਨ ਹੈ, (ਆਸਨੰ ਭ਼ਾਰਨੰ ਕ੍ਰਿਤਵਾ ਮਾਰਗ ਸ੍ਰੀ ਵਵਰਜਤਯੇਤ। ਜਾਗ੍ਰਤੰ ਭਜ ਬਿਨਾਸ਼ਾਧ ਯਤੋ ਕ੍ਰੋਧ ਤਤੋ ਖਿਜਮਾ) ਤਾਂਤੇ ਪਹਿਰ ਪਹਿਰ ਜਾਗਕੇ ਪਹਿਰਾ ਦੇਈਦੇ। ਤਿੰਨਾਂ ਜਣਿਆਂ ਨੇ ਤਾਂ ਏਹ ਗਲ ਮੰਨ ਲਈ ਚੌਥੇ ਕਿਹਾ ਮੈਂ ਤਾਂ ਗੁਰੂ ਕਾ ਸਿਖ ਹਾਂ। ਗੁਰੂ ਕੀ ਆਗਿਆ ਮੰਨ ਕੇ ਦਸਵੰਧ ਦਿੰਦਾ ਹਾਂ ਮੇਰੇ ਧਨ ਨੂੰ ਚੋਰ ਨਹੀਂ ਲੈਣਗੇ। ਸਾਥੀਆਂ ਨੇ ਬਹੁਤ ਸਮਝਾਯਾ ਪਰ ਉਸ ਸਿਦਕੀ ਸਿਖ ਨੇ ਇਕ ਨਾਂ ਮੰਨੀ। ਸੋਹਲੇ ਦਾ ਪਾਠ ਕਰਕੇ ਬਿਸਤਰਾ ਵਿਛਾਇਆ ਅਰ ਅਰਾਮ ਨਾਲ ਨਚਿੰਤ ਹੋਕੇ ਸੌਂ ਰਿਹਾ, ਸਾਥੀਆਂ ਨੇ

ਵਿਚਾਰਿਆ ਭਾਈ ਅਸੀਂ ਤਾਂ ਆਪਣੇ ਮਾਲ ਦੀ ਰਾਖੀ ਨੂੰ ਜਾਗਣਾ ਹੀ ਹੈ ਪਰ ਇਹਨੂੰ ਦੋ ਘੜੀਆਂ ਖਪਾਈਏ ਤਾਂ ਸਹੀ ਇਹ ਵਿਚਾਰ ਕੇ ਸਿਖ ਦੀ ਗਠੜੀ ਉਨਾਂ ਉਸ ਬੜੇ ਭਾਰੇ ਸੰਘਣੇ ਬ੍ਰਿਛ ਉਪਰ ਧਰਕੇ ਲੁਕਾਇ ਰਖੀ। ਅਧੀ ਰਾਤ ਵੇਲੇ ਧਾੜ ਆਈ, ਇਹ ਨਿਰੇ ਤਿੰਨ ਜਣੇ ਓਹ ਧਾੜਵੀ ਪੰਜਾਹ ਚੋਰ ਪਰਾਨ ਪਿਆਰੇ ਕਰਕੇ ਸਭ ਅਸਬਾਬ ਨਕਦੀ ਵਾਂਸਲੀ ਗੰਢ ਬੁਚਕੇ ਚੋਰਾਂ ਦੇ ਅਗੇ ਧਰ ਦਿਤੇ ਅਰ ਹਥ ਜੋੜ ਬੇਨਤੀਆਂ ਕਰਕੇ ਛੁਟੇ। ਘਰੋਂ ਖਟਣ ਤੁਰੇ ਇਥੇ ਵਿਚਾਰੇ ਪੂੰਜੀ ਬੀ ਲੁਟਾਇ ਬੈਠੇ ਜਾਗ ਚੌਥਾ ਭੀ ਉਠਿਆ ਪਰ ਕੀ ਕਰ ਸਕਦਾ ਸੀ। ਰੋਂਦਿਆਂ ਰਾਤ ਬੀਤੀ ਦਿਨ ਚੜੇ ਸੋਝਲਾ ਹੋਯਾ। ਤਾਂ ਸਾਥੀ ਬੋਲੇ ਭਈ ਮਾਲ ਸਭਨਾਂ ਦਾ ਗਿਆ, ਪਰ ਰੋਣਾ ਧੋਣਾ। ਡਰ ਸਾਨੂੰ ਵਧੀਕ ਹੋਇਆ। ਸਿਖ ਦੀ ਨਜ਼ਰ ਲੰਮੇ ਪਿਆਂ ਹੀ ਸਿਧੀ ਉਪਰ ਨੂੰ ਗਈ ਸੀ, ਆਪਣੀ ਗੰਢ ਬਿਰਛ ਉਤੇ ਚੜਕੇ ਲਾਹ ਲਈ ਅਰ ਬੋਲਿਆ ਕਿ ਜੋ ਗੁਰੂ ਕੇ ਸਨਮੁਖ ਰਹਿੰਦੇ ਦਸਵੰਧ ਪਰਮੇਸ਼ਰ ਨਮਿਤ ਦਿੰਦੇ ਹਨ, ਉਨਾਂ ਦੇ ਧਨ ਦੀ ਰਖਵਾਲੀ ਸਤਿਗੁਰੂ ਆਪ ਕਰਦੇ ਹਨ, ਜਿੰਨਾਂ ਚਿਰ ਮੇਰੀ ਗੰਢ ਵਿਚ ਰਹਿੰਦੀ ਸੀ ਤੁਹਾਡੀ ਬੀ ਰਖਿਆ ਹੋਂਦੀ ਸੀ, ਤੁਸਾਂ ਮੇਰੀ ਗੰਢ ਛਪਾਈ ਭਈ ਇਸਨੂੰ ਖਪਾਵਾਂਗੇ ਕਰਤਾਰ ਨੇ ਤੁਹਾਨੂੰ ਖਪਣ ਜੋਗਾ ਕਰ ਦਿਤਾ, ਮੇਰੀ ਗੰਢ ਤੁਹਾਡੇ ਹਥੀਂ ਛਪਾਈ ਲੁਟੇਰਿਆਂ ਨੂੰ ਨਜ਼ਰ ਨਾ ਆਈ। ਦਸਵੰਧ ਦੇਣ ਦੀ ਮਹਿਮਾ ਪਰਤਖ ਦਿਸ ਆਈ। ਤਾਂਤੇ ਦਸਵੰਧ ਸਤਿਗੁਰੂ ਦਾ ਦੇਣਾ ਉਚਿਤ ਹੈ। ਏਹੋ ਉਪਦੇਸ਼ ਸੁਖਮਨੀ ਜੀ ਮੇਂ ਸਤਿਗੁਰੂ ਜੀ ਕਰਦੇ ਹਨ:-

> ਦਸ ਬਸਤੂ ਲੇ ਪਾਛੈ ਪਾਵੈ ॥ ਏਕ ਬਸਤੁ ਕਾਰਨਿ
> ਬਿਖੋਟਿ ਗਵਾਵੈ ॥ ਏਕ ਭੀ ਨਾ ਦੇਇ ਦਸ ਭੀ ਹਿਰਿ
> ਲੇਇ ॥ ਤਉ ਮੂੜਾ ਕਹੁ ਕਹਾ ਕਰੇਇ ॥ ਜਿਸੁ ਠਾਕੁਰ ਸਿਉ
> ਨਾਹੀ ਚਾਰਾ॥ ਤਾ ਕਉ ਕੀਜੈ ਸਦ ਨਮਸਕਾਰਾ॥[ਅਸਟਪਦੀ੫,ਪੌੜੀ੧
> ਜੋ ਅਪਨੇ ਗੁਰ ਤੇ ਮੁਖ ਫਿਰ ਹੈਂ। ਈਹਾਂ ਊਹਾਂ
> ਤਿਨਕੇ ਗ੍ਰਿਹਿ ਗਿਰਿ ਹੈਂ । ਇਹਾਂ ਉਪਹਾਸ ਨ ਸੁਰ
> ਪੁਰ ਬਾਸਾ। ਸਭ ਬਾਤਨ ਤੇ ਰਹੇ ਨਿਰਾਸਾ ॥੫॥
> ਦੂਖ ਭੂਖ ਤਿਨਕੋ ਰਹੇ ਲਾਗੀ। ਸੰਤ ਸੇਵ ਤੇ ਜੋ ਹੈਂ
> ਤਯਾਗੀ। ਜਗਤ ਵਿਖੇ ਕੋਈ ਕਾਮ ਨ ਸਰਹੀ।
> ਅੰਤਹ ਕੁੰਡ ਨਰਕ ਕੀ ਪਰਹੀ ॥੬॥ ਤਿਨਕੋ ਸਦਾ
> ਜਗਤ ਉਪਹਾਸਾ॥ ਅੰਤਹਿ ਕੁੰਡ ਨਰਕ ਕੀ ਬਾਸਾ॥ ਗੁਰ
> ਪਗ ਤੇ ਜੇ ਬਿਮੁਖ ਸਿਧਾਰੇ ॥ ਈਹਾਂ ਊਹਾਂ ਤਿਨਕੇ ਮੁਖ ਕਾਰੇ ॥੭॥
> [ਬਚਿਤ੍ਰ ਨਾਟਕ ੧੩ ਧਯਾ

ਤਾਂਤੇ ਹੇ ਭਾਈਓ ਸਤਿਗੁਰੂ ਦੇ ਸਨਮੁਖ ਰਹੋ ਜੋ ਤੁਹਾਡਾ ਲੋਕ ਪਰਲੋਕ ਸੁਧਾਰੇ, ਬੇਮੁਖ ਜਨਮ ਨਾ ਗਵਾਓ ਮਤ ਅਗੇ ਪਛਤਾਓ, ਸਚ ਬੋਲੋ, ਧਰਮ ਦੀ ਕਿਰਤ ਕਰੋ, ਦਸਵੰਧ ਦੇਣ ਵਾਲਾ ਧਰਮ ਦੇ ਕੰਮਾਂ ਵਿਚ ਸਦਾ ਅਗੇ ਵਧਦਾ ਰਹਿੰਦਾ ਹੈ। ਜਦ ਕਿਤੇ ਧਰਮ ਦੇ ਅਰਥ ਧਨ ਦੇਣਾ ਪਏ, ਉਸ ਨੂੰ ਪੀੜਾ ਨਹੀਂ ਮਲੂਮ ਹੁੰਦੀ, ਕ੍ਰਿਪਾਨਤਾ ਨਹੀਂ ਕਰਦਾ ਕਿਉਂਕਿ ਝਟ ਦਸਵੰਧ ਦੀ ਗੁਥੀ ਨੂੰ ਲੈਂਦਾ ਹੈ, ਅਰ ਕਢਕੇ ਦਿੰਦਾ ਹੈ ਨੌਕਰ ਆਪਣੀ ਤਨਖਾਹ ਵਿਚੋਂ ਅਰ ਕਿਰਤੀ ਆਪਣੀ ਮੇਹਨਤ ਵਿਚੋਂ ਅਰ ਵਿਹਾਰੀ ਵਪਾਰੀ ਆਪਣੇ ਲਾਭ ਵਿਚੋਂ ਇਸ ਦਸਵੰਧ ਦਾ ਲੇਖਾ ਗਿਣਕੇ ਸਦਾ ਵਖਰਾ ਰਖ ਲੈਣ ਉਸ ਵਿਚੋਂ ਦਿੰਦੇ ਜਾਣ, ਗੁਰੂ ਪਰਮੇਸ਼ਰ ਨਮਿੱਤ ਭਾਵੇਂ ਕਿਸੇ ਧਰਮ ਅਰਥ ਕੰਮ ਵਿਚ ਦਾਨ ਕਰਨ ਪਰ ਸਾਕ ਸਬੰਧ ਅਰ ਲਿਹਾਜ ਵਾਲੇ ਅਰ ਆਪਣੀ ਧੀ ਭੈਣ ਆਦਿ ਸੰਬੰਧ ਵਿਚ ਕਿਤੇ ਨਾ ਵਰਤਨ। ਦਸਵੰਧ ਦੇਣੇ ਵਾਲੇ ਸਿਖ ਦਾ ਹਥ ਤੰਗ ਕਦੀ ਨਹੀਂ ਹੋਵੇਗਾ ਓਹ ਲੋੜਵੰਦ ਕਦੀ ਨਹੀਂ ਹੋਵੇਗਾ ਬਹੁਤ ਫਲ ਹੈ ਦੇਕੇ ਦੇਖ ਲਵੋ। ਪ੍ਰੀਖਿਆ ਕੀਤੇ ਬਿਨਾਂ ਕਹਿਣੇ ਉਪਰ ਪਰਤੀਤ ਕੋਈ ਵਿਰਲਾ ਹੀ ਕਰਦਾ ਹੈ। ॥ ਇਤੀ ॥

*

ਵਖਯਾਨ ੪੦

ਦੋਹਰਾ-

ਨਯਾ ਜਨਮ ਇਸ ਜੀਵ ਦਾ ਪੰਥ ਮਾਹਿ ਪਰਵੇਸ਼।
ਹੋਂਦਾ ਅੰਮ੍ਰਿਤ ਛਕਨ ਤੇ ਪੁਨ ਸੁੰਦਰ ਸੁਭ ਬੇਸ।
ਦਸਮ ਗੁਰੂ ਕਾ ਅੰਮ੍ਰਿਤ ਮੀਠਾ। ਜੋ ਜਾਨੈ ਜਿਨ ਪੀ ਕਰ ਡੀਠਾ। ਕਾਤਰਤਾ ਕੋ ਮਨ ਤੇ ਪੀਠਾ। ਹਰਿ ਸਿਮਰਨ ਮਹਿ ਮਨ ਕੀਆ ਮੀਠਾ ॥ ੨ ॥ ਪਾਨ ਕਰਹੁ ਪਲ ਢੀਲ ਨਾ ਲਾਓ। ਸੁਨ ਸੁਭ ਗੁਰ ਉਪਦੇਸ਼ ਕਮਾਓ। ਬਰਨ ਅਬਰਨ ਨਰਨ ਸਮਝਾਓ। ਗੁਰ ਜਹਾਜ ਪਰ ਸਭਨ ਚੜ੍ਹਾਓ ॥ ੩ ॥ ਭਵ ਸਾਗਰ ਤੇ ਪਾਰ ਉਤਾਰੋ। ਸਚ ਖੰਡ ਮਹਿ ਸੁਗਮ ਪਧਾਰੋ। ਧਰਮ ਖਾਲਸਾ ਖਾਲਸ ਪ੍ਰਭ ਕਾ। ਹੋਤ ਉਧਾਰ ਇਸੀ ਮਹਿ ਸਭ ਕਾ ॥ ੪ ॥

ਸਜਣ ਪਰਸ਼ੋ! ਆਤਮ ਦਾ ਅੰਮ੍ਰਿਤ ਛਕਕੇ ਨਵਾਂ ਜਨਮ ਹੋਂਦਾ ਹੈ ਇਸ ਵੇਲੇ ਉਪਦੇਸ਼ ਦੇਕੇ ਸਤਿਗੁਰੂ ਕਾਵਾਂ ਤੋਂ ਕੋਇਲ ਅਰ ਬਗਲਿਆਂ ਤੇ ਹੰਸ ਅਰ ਮਨੁਖਾਂ ਤੇ ਪਰਮਹੰਸ ਅਰਥਾਤ ਦੇਵਤਾ ਕਰ ਦਿੰਦੇ ਹਨ। ਉਨਾਂ ਦਾ ਬਰਨਨ ਪਿਛੇ ਹੋਂਦਾ ਆਇਆ ਹੈ, ਹੁਣ ਉਨਹਾਂ ਵਿਚੋਂ ਤੇਰਵੀਂ ਸਿਖਿਆ ਹੈ, ਮਾਤਾ ਪਿਤਾ ਅਰ ਵਿਦਯਾ ਦਾਤਾ ਗੁਰੂ ਦਾ ਸਤਿਕਾਰ ਕਰਨਾ। ਵਿਚਾਰ ਮਾਲਾ ਦੇ ਕਰਤਾ ਸੰਤ ਅਨਾਥ ਪੁਰੀ ਜੀ ਨੇ ਲਿਖਿਆ ਹੈ, ਈਸ਼ੁਰੀ ਗਿਆਨ ਦੇਕਰ ਮੋਖਯ ਦਾਤਾ ਸਚੇ ਸਤਿਗੁਰੂ ਸਭ ਤੇ ਵਡੇ ਹਨ। ਉਨਾਂ ਤੇ ਹੇਠ ਇਸ ਜੀਵ ਦੇ ਉਪਕਾਰੀ ਅੱਠ ਗੁਰੂ ਹੋਰ ਹਨ ਯਥਾ–੧ ਮਾਤ, ੨ ਤਾਤ, ੩ ਭਰਾਤ, ੪ ਸੁਹਿਰਦ, ੫ ਇਸ਼ਟ, ੬ ਦੇਵ, ੭ ਨ੍ਰਿਪ, ੮ ਪਰਾਨ।

ਅਨਾਥ ਸੁ ਗੁਰ ਸਭ ਤੇ ਅਧਿਕ ਦਾਨ ਗਿਆਨ ਵਿਗਯਾਨ ੧ ਇਨ੍ਹਾਂ ਵਿਚੋਂ ਮਾਤਾ ਸਭ ਤੇ ਪਹਿਲੇ ਅਰ ਦੂਜਾ ਨੰਬਰ ਪਿਤਾ ਦਾ ਹੈ, ਪਰੰਤੂ ਮਾਤਾ ਪਿਤਾ ਸਿਰ ਅਥਵਾ ਇਕ ਸਮਾਨ ਹਨ, ਕਿਉਂਕਿ ਮਾਤਾ ਧੜ ਪਿਤਾ ਸਿਰ ਅਥਵਾ ਮਾਤਾ ਖਬਾ ਅੰਗ ਪਿਤਾ ਸਜਾ ਅੰਗ ਦੋਵੇਂ ਮਿਲਕੇ ਸਰੀਰ ਹੋਂਦਾ ਹੈ, ਕਰਤਾ ਪੁਰਖ ਦੀ ਕੁਦਰਤ ਇਨਾਂ ਦੇ ਬੀਰਜ ਤੇ ਸਰੀਰ ਉਤਪਤ ਕਰਦੀ ਹੈ, ਅਰ ਪਾਲਨਾ ਬੀ ਇਨਾਂ ਦਵਾਰਾ ਹੀ ਹੋਂਦੀ ਹੈ, ਅਖੀਆਂ ਦਾ ਲਿਹਾਜ ਪਏ ਤਾਂ ਕਈ ਮਿਤਰ ਬਣ ਜਾਂਦੇ ਹਨ, ਪਰ ਮਾਤਾ ਪਿਤਾ ਉਸ ਸਮਯ ਪਾਲਨਾ ਕਰਦੇ ਹਨ ਜਦ ਅਖੀਆਂ ਅਜੇ ਖੁਲੀਆਂ ਹੀ ਨਹੀਂ ਹਨ, ਜਿਸ ਵੇਲੇ ਕਿ ਅਖਾਂ ਖੁਲੀਆਂ ਵੀ ਹੋਣ ਤਾਂ ਪਛਾਣ ਨਹੀਂ ਸਕਦੀਆਂ। ਮਾਤਾ ਦਸ ਮਹੀਨੇ ਗਰਭ ਵਿਚ ਰਖਦੀ ਅਰ ਪ੍ਰਸੂਤਾ ਪੀੜਾ ਦੇ ਅਤੇ ਦੁਖ ਦਾ ਰਸ ਚਖਦੀ ਫੇਰ ਆਪਣਾ ਦੁਧ ਚੁੰਘਾਉਂਦੀ ਛਾਤੀ ਦੇ ਉਪਰ ਲਿਟਾਉਂਦੀ ਗੋਦ ਵਿਚ ਸਵਾਉਂਦੀ ਮਥਾ ਮੂੰਹ ਚੁੰਮਦੀ, ਅਰ ਗਲ ਨਾਲ ਲਾਉਂਦੀ ਮੈਲ ਮੂਤਰ ਧੋਂਦੀ ਅਰ ਹਰੇਕ ਦੁਖ ਪੀੜਾ ਵਿਚ ਸਹਾਇਕ ਹੁੰਦੀ ਹੈ, ਵਾਰ ਵਾਰ ਪਾਣੀ ਪਿਔਂਦੀ ਅਰ ਮੁਖੜਾ ਦੇਖ ਜਾਉਂਦੀ ਹੈ ਪਿਤਾ ਦੇਸਾਂ ਪਰਦੇਸਾਂ ਵਿਚ ਭਰਮ ਕੇ ਕਈ ਤਰਾਂ ਦੇ ਦੁਖ ਉਠਾਉਂਦਾ ਹੈ, ਮਿਹਨਤ ਮਜੂਰੀ ਨੌਕਰੀ ਚਾਕਰੀ ਕਰਕੇ ਜੀਵਕਾ ਕਮੌਂਦਾ ਹੈ ਛਲ ਕਰਕੇ ਬਲ ਕਰਕੇ ਜੋ ਕੁਛ ਘਰ ਲਿਆਉਂਦਾ ਹੈ, ਆਪਣੇ ਮੂੰਹੋਂ ਕਢਕੇ ਭੀ ਆਪਣੇ ਬਚਿਆਂ ਦੇ ਮੁਖ ਪਾਉਂਦਾ ਹੈ ਇਸ ਪਰ ਸਤਿਗੁਰੂ ਲਿਖਦੇ ਹਨ।

ਬਹੁ ਪਰਪੰਚੁ ਕਰ ਪਰ ਧਨ ਲਿਆਵੈ ॥ ਸੁਤ ਦਾਰਾ ਪਹਿ ਆਨਿ ਲੁਟਾਵੈ ॥

ਵਿਦਯਾ ਪੜਾਇ ਗੁਣ ਸਿਖਾਇ ਜੀਵਕਾ ਕਮਾਉਣ ਦੇ ਯੋਗ ਕਰਕੇ ਉਪਰੰਤ ਤਿਸਦੇ ਧਾਰਮਿਕ ਸੰਸਕਾਰ ਬੀ ਪੂਰਨ ਕਰਦਾ ਹੈ। ਵਿਆਹ

ਕਰਾਇਕੇ ਇਸ ਦੇ ਸੁਖ ਦੇ ਸਾਧਨ ਬਣਾਉਂਦਾ ਅਰ ਆਪਣੀ ਸਾਰੀ ਅਵਸਥਾ ਦੀਆਂ ਪਰਾਪਤ ਕੀਤੀਆਂ ਹੋਈਆਂ ਸਿਖਣਾ ਸਿਖਾਉਂਦਾ ਹੈ, ਅੰਤ ਆਪਣੀ ਸੰਚਿਤ ਸੰਪਤਾ ਬਿਭੂਤੀ ਸਰਬੰਸ ਤਕ ਪਰਸੰਨਤਾਂ ਪੂਰਬਕ ਦਿੰਦਾ ਅਰ ਦੇਇਕੇ ਹਰਖਿਤ ਹੁੰਦਾ ਹੈ, ਪਿਤਾ ਸਦਾ ਆਪਣੀ ਸੰਤਾਨ ਦੀ ਬਿਧੀ ਵਡਿਆਈ ਨੂੰ ਦੇਖਕੇ ਕ੍ਰਿਤਾਰਥ ਹੁੰਦਾ ਹੈ, ਪਿਤਾ ਦੇ ਸਮਾਨ ਹੋਰ ਕੋਈ ਦਿਆਲੂ ਨਹੀਂ, ਦਾਤਾ ਅਰ ਤਰਾਤਾ ਨਹੀਂ। ਮਾਤਾ ਪਿਤਾ ਦੇ ਉਪਕਾਰ ਕੋਈ ਉਤਾਰ ਨਹੀਂ ਸਕਦਾ। ਕਹਿੰਦੇ ਹਨ ਕਿ ਅਵਲ ਮੁਜਫਰ ਜਲਾਉਦੀਨ ਮੁਹੰਮਦ ਅਕਬਰ ਪਾਤਸ਼ਾਹ ਦੇ ਦਰਬਾਰੀ ਰਾਜਾ ਬੀਰਬਲ ਨੇ ਹੋਰ ਸਰੀਰਕ ਸੁਖ ਦੇਣ ਅਰ ਸੇਵਾ ਕਰਨੇ ਤੇ ਬਾਝ ਸਵਰਨ ਨਾਲ ਤੁਲਾਦਾਨ ਕਰਵਾਇ ਕੇ ਕਿਹਾ ਮਾਤਾ ਜੀ ਹੁਣ ਤੇਰੇ ਉਪਕਾਰ ਦਾ ਪ੍ਰਤਿਫਲ ਪੂਰਾ ਹੋਇਆ? ਮਾਤਾ ਜੀ ਹੁਣ ਤੇਰੇ ਜਨਮ ਸਮਯ ਜਦ ਪਰਸੂਤ ਪੀੜਾ ਲਗੀ ਤਾਂ ਜੋਤਸ਼ੀ ਨੂੰ ਪੁਛਿਆ, ਕਿ ਜੇ ਇਸ ਵੇਲੇ ਬਾਲਕ ਜਨਮੇਂ ਤਾਂ ਕੈਸਾ ਹੋਵੇ? ਜਯੋਤਸ਼ੀ ਬੋਲੇ ਪਹਿਰ ਰਾਤ ਜਾਂਦੀ ਤਕ ਲਗਨ ਐਸਾ ਕ੍ਰੂਰ ਹੈ ਕਿ ਜੋ ਬਾਲਕ ਜਨਮੇਂ ਸੋ ਜਨਮ ਦ੍ਰਿਦਰੀ ਹੋਵੇ, ਫੇਰ ਅਧੀ ਰਾਤ ਤਕ ਜਨਮੇਂ ਤਾਂ ਕੋਤਵਾਲ ਹੋਵੇ, ਫੇਰ ਅਧੀ ਰਾਤ ਦੇ ਪਿਛੋਂ ਤੀਜੇ ਪਹਿਰ ਵਿਚ ਬਾਲਕ ਜਨਮੇਂ, ਤਾਂ ਵਿਦਵਾਨ ਬੁਧਿਮਾਨ ਗੁਣੀ ਅਰ ਧਨੀ ਰਾਜਾ ਦਾ ਮੁਖ ਮੰਤ੍ਰੀ (ਵਜ਼ੀਰ) ਹੋਵੇ, ਅਰ ਜੇ ਚੋਥੇ ਪਹਿਰ ਜਨਮੇਂ ਤਾਂ ਰਾਜ ਯੋਗ ਪਿਆ ਹੈ ਪ੍ਰਿਥੀਪਤਿ ਮਹਾਰਾਜਾ ਹੋਵੇ, ਅਰ ਤੇਰੇ ਜਨਮ ਦਾ ਸਮਯ ਨੇੜੇ ਸੀ, ਪਰ ਇਹ ਸਮਝ ਕੇ ਜੋ ਮੇਰਾ ਪੁਤਰ ਰਾਜਾ ਹੋਵੇ, ਮੈਂ ਯਤਨ ਕਰਨ ਲਗੀ। ਜਦ ਕੋਈ ਚਾਰਾ ਚਲਦਾ ਨਾ ਡਿਠਾ,ਤਾਂ ਮੈਂ ਆਪਣੇ ਪੈਰਾਂ ਵਿਚ ਰਸਾ ਪਾਇਛੱਤ ਨਾਲਲਟਕਾਇ ਸਿਰ ਹੇਠ ਪੈਰ ਉਪਰ ਕਰਕੇ ਲਟਕ ਰਹੀ। ਇਸਤਰੀ ਨੂੰ ਇਹ ਵੇਲਾ ਅਤਿ ਕਠਨ ਔਖਾ ਅਰ ਦੁਸਹਿ ਹੁੰਦਾ ਹੈ, ਪੀੜਾ ਭਾਰੀ ਸਹਾਰੀ ਪਰ ਮੈਂ ਹਠ ਨਾ ਹਾਰੀ, ਦੋਪਹਿਰ ਬਿਤਾਏ ਤਾਂ ਪ੍ਰਾਣ ਨਕ ਤਕ ਆਏ, ਮੂਰਛਾ ਹੋਈ ਅਰ ਸਰੀਰ ਠੰਢਾ ਹੋਇਆ ਸੰਬੰਧੀਆਂ ਨੇ ਬਹੁਤ ਸਮਝਾਯਾ, ਪਰ ਮੈਂ ਮਨ ਉਤੇ ਇਕ ਨਾ ਲਾਯਾ, ਓੜਕ ਤੀਜੇ ਪਹਿਰ ਮੈਂ ਮੂਰਛਤ ਹੋਈ ਨੂੰ ਸੰਬੰਧੀਆਂ ਨੇ ਹੇਠਾਂ ਲਾਹਿਆ ਤਾਂ ਤੇਰਾ ਜਨਮ ਹੋਇਆ, ਬਹੁਤ ਚਿਰ ਪਿਛੋਂ ਕਈ ਕਈ ਯਤਨ ਕਰਨੇ ਤੇ ਅਰ ਉਮਰ ਵਧੀ ਸੀ, ਕਿ ਮੇਰੇ ਪ੍ਰਾਣ ਬਚੇ। ਓਹ ਭਯਾਨਕ ਵੇਲਾ ਜਦ ਚੇਤੇ ਆਉਂਦਾ ਹੈ ਤਾਂ ਰੋਮ ਖੜੇ ਹੋ ਜਾਂਦੇ ਹਨ, ਓਹ ਇਕ ਇਕ ਪਲ ਜੁਗਾਂ ਦਾ ਸੀ, ਓਹ ਪੀੜ ਦੀ ਲਹਿਰ ਮੌਤ ਦੀ ਨਹਿਰ ਅਰ ਕਹਿਰ ਦੀ ਦੁਪਹਿਰ ਤੇ ਕਾਲੇ ਨਾਗ ਦੀ ਜ਼ਹਿਰ ਸਮਾਨ ਸੀ, ਜੋ ਮੈਂ ਸਹਾਰੀ ਜਿਸਦਾ ਫਲ ਮੈਂ ਤੇਰਾ ਰਾਜ ਭਾਗ ਦੇਖਦੀ ਹਾਂ। ਇਹ ਸੁਣਕੇ

ਰਾਜਾ ਬੀਰਬਲ ਜੋ ਅਤਿ ਬੁਧਿਮਾਨ ਸੀ, ਇਸ ਦੁਖ ਨੂੰ ਸਮਝਦਾ ਸੀ, ਤਿਸਨੇ ਮਾਤਾ ਦੇ ਚਰਨਾਂ ਪਰ ਸਿਰ ਝੁਕਾਯਾ।

ਪ੍ਰਯੋਜਨ ਇਹ ਕਿ ਮਾਤਾ ਪਿਤਾ ਸਦਾ ਆਪਣੀ ਸੰਤਾਨ ਦਾ ਸੁਖ ਚਾਹੁੰਦੇ ਹਨ, ਅਰ ਸੰਤਾਨ ਕੀ ਬ੍ਰਿਧੀ ਅਰ ਅਰੋਗਤਾ ਵਧੀ ਦੇਖਕੇ ਹਰਖਤ ਹੁੰਦੇ ਹਨ, ਇਨਾਂ ਦੀ ਸੇਵਾ ਤੇ ਜਗਤ ਪਿਤਾ ਭਗਵੰਤ ਦੀ ਪ੍ਰਸੰਨਤਾ ਹੁੰਦੀ ਹੈ।

ਭਾਈ ਗੁਰਦਾਸ ਜੀ ਲਿਖਦੇ ਹਨ:-

ਮਾਂ ਪਿਉ ਪਰਹਰਿ ਸੁਣੈ ਵੇਦੁ ਭੇਦੁ ਨਾ ਜਾਣੈ ਕਥਾ ਕਹਾਣੀ। ਮਾਂ ਪਿਉ ਪਰਹਰਿ ਕਰੇ ਤਪੁ ਵਣ ਖੰਡਿ ਭੁਲਾ ਫਿਰੈ ਬਿਬਾਣੀ। ਮਾਂ ਪਿਉ ਪਰਹਰਿ ਕਰੇ ਪੂਜ ਦੇਵੀ ਦੇਵ ਨ ਸੇਵ ਕਮਾਣੀ। ਮਾਂ ਪਿਉ ਪਰਹਰਿ ਨਾਵਣਾ ਅਠਸਠਿ ਤੀਰਥ ਘੁੰਮਣਵਾਣੀ। ਮਾਂ ਪਿਓ ਪਰਹਰਿ ਕਰੇ ਦਾਨ ਬੇਈਮਾਨ ਅਗਿਆਨ ਪਰਾਣੀ। ਮਾਂ ਪਿਓ ਪਰਹਰਿ ਵਰਤ ਕਰਿ ਮਰਿ ਮਰਿ ਜੰਮੈ ਭਰਮਿ ਭੁਲਾਣੀ। ਗੁਰ ਪ੍ਰਮੇਸ਼ਵਰੁ ਸਾਰੁ ਨ ਜਾਣੀ। [ਵਾਰ ੩੭ ਪੌੜੀ ੧੩

ਪੁਨਾ:-ਨੂੰਹ ਨਿਤ ਕੰਤ ਕੁਮੱਤ ਦੇਇ ਵਿਹਰੇ ਹੋਵਨ ਸਸ ਵਿਗੋਈ। ਲਖ ਉਪਕਾਰ ਵਿਸਾਰ ਕੈ ਪੁਤ ਕਪੁਤ ਚੱਕੀ ਉਠ ਝੋਈ। ਹੋਵੇ ਸਰਵਨ ਵਿਰਲਾ ਕੋਈ। [੧੧ ਪੌੜੀ ਵਾਰ ੩੭

ਪੁਨਾ:-ਕਾਮਣਿ ਕਾਮਣਿ ਆਰੀਏ ਕੀਤੇ ਕਾਮਣੁ ਕੰਤ ਪਿਆਰੇ। ਜੰਮੇ ਸਾਂਈ ਵਿਸਾਰਿਆ ਮਾਪਿਆਂ ਵੀਵਾਹਿਆ ਵਿਸਾਰੇ। ਸੁਖਾਂ ਸੁਖਿ ਵੀਵਾਹਿਆ ਸਉਣੁ ਸੰਜੋਗੁ ਵੀਚਾਰਿ ਵੀਚਾਰੇ। ਪੁਤ ਨੂੰਹੈ ਦਾ ਮੇਲੁ ਵੇਖਿ ਅੰਗ ਨ ਮਾਵਨਿ ਮਾਂ ਪਿਉ ਵਾਰੇ। ਨੂੰਹ ਨਿਤ ਮੰਤ ਕੁਮੰਤ ਦੇਇ ਮਾਂ ਪਿਉ ਛਡਿ ਵਡੇ ਹਤਿਆਰੇ॥ ਵਖ ਹੋਵੈ ਪੁਤ ਰੰਨੁ ਲੈ ਮਾਂ ਪਿਓ ਦੇ ਉਪਕਾਰ ਵਿਸਾਰੇ॥ ਲੋਕਾਚਾਰ ਹੋਇ ਵਡੇ ਕੁਚਾਰੇ॥

[ਵਾਰ ੩੭ ਪੌੜੀ ੧੩

ਮਾਤਾ ਪਿਤਾ ਤੇ ਬੇਮੁਖ ਹੋਣਾ ਅਤਿ ਭਾਰੀ ਕ੍ਰਿਤਘਨਤਾ ਹੈ। ਅਰ ਕ੍ਰਿਤਘਨਤਾ ਮਹਾਂ ਘੋਰ ਪਾਪ ਹੈ, ਜਿਸਦਾ ਫਲ ਸ੍ਰੀ ਮੁਖਵਾਕ ਦੁਵਾਰਾ ਇਹ ਹੈ-

ਨਰਕ ਘੋਰ ਬਹੁ ਦੁਖ ਘਣੇ ਅਕਿਰਤਘਣਾ ਕਾ ਥਾਨੁ
ਤਿਨਿ ਪ੍ਰਭਿ ਮਾਰੇ ਨਾਨਕਾ ਹੋਇ ਹੋਇ ਮੁਏ ਹਰਾਮੁ॥
[੨੯ ਸ: ੧ ਵਾਰ ਗੌੜੀ

ਸਰੀਰ ਦੀ ਅਕਿਰਤੀ ਪਰਕਿਰਤੀ ਜ਼ਾਤਿ ਗੁਣ ਪ੍ਰਸਿਧ ਨਾਮ ਸਤਕਾਰ ਸੰਪਦਾ ਆਦਿ ਸਭ ਪਿਤਾ ਦੇ ਅਰ ਪਿਤਾ ਤੇ ਹੀ ਪ੍ਰਾਪਤਿ ਹੁੰਦੇ ਹਨ। ਪਿਤਾ ਦਾ ਪੁਤਰ ਸਦਵਾਣ ਕੇ ਸਭ ਕੋਈ ਸਭ ਬਿਰਾਦਰੀ ਭਾਈਚਾਰੇ ਵਿਚ ਆਦਰ ਦੇ ਯੋਗ ਹੁੰਦਾ ਹੈ, ਪਿਤਾ ਤੇ ਬਿਨਾਂ ਵੇਸਿਆ ਦਾ ਪੁਤਰ ਸਭਾ ਵਿਚ ਸਤਕਾਰ ਨਹੀਂ ਪਾ ਸਕਦਾ (ਜਿਉਂ ਵਸ਼ਯਾ ਪੂਤ ਨ ਨਾਉ) ਪੁਤਰ ਦੇ ਕਈ ਹਜਾਰ ਦੂਸ਼ਨ ਪਿਤਾ ਭੁਲਾਇ ਦਿੰਦਾ ਹੈ, ਪਿਤਾ ਤੋਂ ਬਿਨਾਂ ਇਕ ਪਲ ਮਾਤਰ ਬੀ ਕੋਈ ਸਹਾਰਾ ਨਹੀਂ ਦਿੰਦਾ। ਜਗਤ ਤੇ ਬਹੁਤੇ ਲੋਕ ਆਪ ਚੰਗੇ ਭੋਜਨ ਪਾਇਕੇ ਪ੍ਰਸੰਨ ਹੁੰਦੇ ਹਨ, ਪਰ ਪਿਤਾ ਪੁਤਰ ਨੂੰ ਖਵਾਇਕੇ ਅਨੰਦ ਮੰਨਦਾ ਹੈ। ਕਿਸੇ ਨੂੰ ਕੋਈ ਇਕ ਪੈਸਾ ਨਹੀਂ ਦੇ ਸਕਦਾ ਪਰ ਪਿਤਾ ਪੁਤਰ ਆਪਣਾ ਸਰਬੰਸ ਦਿੰਦਾ ਅਰ ਖੁਸ਼ ਹੁੰਦਾ ਹੈ ਕਿਰਤਾ ਬੀਰਜ ਪਿਤਾ ਦੇ ਨਾਮ ਤੇ ਕਾਰਤ ਬੀਰਜ ਅਰਜਨ ਸਹਸ੍ਰ ਬਾਹੂ ਅਰ ਦਸਰਥ ਪਿਤਾ ਦੇ ਨਾਮ ਤੇ ਰਾਮ ਚੰਦ੍ਰ ਦਸਰਥ ਅਰ ਵਾਸਦੇਵ ਪਿਤਾ ਦੇ ਨਾਮ ਤੇ ਕ੍ਰਿਸ਼ਨ ਵਾਸਦੇਵ, ਪੰਡ ਪਿਤਾ ਦੇ ਪੁਤਰ ਪਾਂਡਵ, ਅਰ ਧ੍ਰਿਤ ਰਾਸ਼ਟਰ ਦੇ ਨਾਮ ਤੇ ਕੋਰਵ ਧਾਰਤ ਰਾਸਟਰ (ਸਘੋਖੇ ਧਾਰਤ ਰਾਸ਼ਟਰਾਣਾਂ ਹਰਦਿਆ ਨਿਵੇਦਾਰਿਯਨ) ਸਦੇ ਜਾਂਦੇ ਰਹੇ। (ਗੀਤਾ ੧ ਅਧਯਾ) ਗੁਰੂ ਗ੍ਰੰਥ ਸਾਹਿਬ ਜੀ ਵਿਖੇ (ਫੇਰ ਵਸਾਇਆ ਫੇਰੁ ਆਣ ਸਤਿਗੁਰੂ ਖਾਡੂਰ) ਫੇਰੂ ਦੇ ਪੁਤਰ ਗੁਰੂ ਅੰਗਦ ਜੀ ਅਤੇ ਭਲਉ ਭੂਹਾਲ ਤੇ ਜੋ ਤਨਉ ਨ੍ਰਿਪਤ ਨਾਥ ਨਾਨਕ ਬਰ) ਤੇ ਜੋ ਪੁਤਰ ਗੁਰੂ ਅਮਰ ਜੀ ਅਰ (ਕਵਿ ਕਲ ਠਕੁਰ ਹਰਦਾਸ ਤਨਯ ਗੁਰੂ ਰਾਮਦਾਸ ਸਰ ਅਭਰ ਭਰੇ)।

ਤੇ ਹਰਿਦਾਸ ਦੇ ਪੁਤਰ ਗੁਰੂ ਰਾਮਦਾਸ ਸਾਹਿਬ ਆਦਿ ਸਭਨਾਂ ਦੇ ਪਿਤਾ ਦੇ ਨਾਮ ਨੂੰ ਮੁਖ ਰਖਕੇ ਆਪਨਾ ਨਾਮ ਸਦਾਇਆ। ਪਿਤਾ ਮਾਤਾ ਦੀ ਭਗਤੀ ਤੇ ਸੇਵਾ ਦਾ ਕਾਰਨ ਸਰਵਨ ਦਾ ਨਾਮ ਲਖਾਂ ਬਰਸ ਬੀਤ ਗਏ ਪਰ ਅਜ ਤਕ ਅਟਲ ਹੈ। ਪਿਤਾ ਭਗਤ ਦੀ ਔਧੀ ਰਾਮ ਚੰਦਰ ਜੀ ਨੇ ਕੀਤੀ ਅਰ ਇਸ ਤੇ ਹੀ ਸ੍ਰੀ ਰਾਮ ਚੰਦਰ ਜੀ ਨੂੰ ੧੪ ਬਰਸਾਂ ਦਾ ਗਿਆ ਰਾਜ ਫੇਰ ਪ੍ਰਾਪਤ ਹੋਯਾ। ਪਿਤਾ ਭਗਤ ਹੋਕੇ ਹੀ ਰਾਜਾ ਪੂਰ ਨੇ ਆਪਣੇ ਪਿਤਾ ਜੁਜਾਤਿ ਨੂੰ ਬੁੜਾਪਾ ਦਿਤਾ ਅਰ ਰਾਜ ਦਾ ਵਰ ਪਾਇਆ। ਪਿਤਾ ਭਗਤ ਹੋਕੇ ਹੀ ਸ੍ਰੀ ਕ੍ਰਿਸ਼ਨ ਨੇ ਵਸਦੇਵਾਂ ਦੇ ਬੰਧਨ ਛੁਡਾਏ, ਅਰ ਰਾਜ ਸੁਖ ਦਿਖਾਏ। ਪਿਤਾ ਦੀ ਪ੍ਰਸੰਨਤਾ ਦੇ ਕਾਰਨ ਹੀ ਰਾਜਾ ਦਿਲੀਪ ਦਾ ਜਸ ਦਸਮ ਪਾਤਸ਼ਾਹ ਸਤਿਗੁਰੂ ਜੀ ਨੇ ਦੂਸਰੀ ਹਿਕਾਇਤ ਜ਼ਫਰ ਨਾਮੇਂ ਮੇਂ ਲਿਖਾ। ਭਾਰਤ ਵਰਖ ਨਿਵਾਸੀ ਸਨਾਤਨ ਧਰਮੀ ਹਿੰਦੂਆਂ ਵਿਖੇ ਸਰਾਧ ਖਯਾਹ ਅਰ ਮਿਤਰ ਕ੍ਰਿਯਾ ਦੀ ਰੀਤੀ ਪਰ ਹਜਾਰਾਂ ਧਨ ਖਰਚ ਕਰਨੇ

ਕੇਵਲ ਪਿਤਾ ਮਾਤਾ ਦੀ ਭਗਤੀ ਦਾ ਹੀ ਪਰਯੋਜਨ ਹੈ। ਪਿਤਰ ਭਗਤ ਪੁਰਸ਼ ਦੇ ਸੋਤਰ ਅਰ ਤਿਸਦੀ ਸੰਤਾਨ ਸੁਭ ਹੁੰਦੀ ਹੈ। ਯਹੂਦੀ ਈਸਾਈ ਅਰ ਮੁਸਲਮਾਨ ਇਨਾਂ ਤਿਨਾਂ ਹੀ ਮਤਾਂ ਦੇ ਵਡਕੇ ਹਜ਼ਰਤ ਮੂਸਾ ਪੈਗੰਬਰ ਨੇ ਬੈਬਲ ਵਿਚ ਲਿਖਿਆ ਹੈ ਕਿ ਸੀਨਾ ਪਹਾੜ ਉਤੇ ਪਰਮੇਸਰ ਨੇ ਦਰਸ਼ਨ ਦਿਤਾ, ਅਰ ਦਸ ਹੁਕਮ ਸੁਣਾਏ, ਜਿਨਾਂ ਵਿਚੋਂ ਪੰਜਵਾਂ ਹੁਕਮ ਏਹ ਹੈ (ਤੂ ਆਪਣੇ ਪਿਤਾ ਮਾਤਾ ਦਾ ਆਦਰ ਕਰ) ਅਰ ਉਹ ਕਰਦੇ ਹਨ, ਗੁਰੂ ਘਰ ਵਿਖੇ ਸਿਖਾਂ ਨੂੰ ਅੰਮ੍ਰਿਤ ਸੰਸਕਾਰ ਆਦਿ ਹਰੇਕ ਸਮੇਂ ਮਾਤਾ ਪਿਤਾ ਦੀ ਸੇਵਾ ਦਾ ਉਪਦੇਸ਼ ਮਿਲਦਾ ਹੈ ਅਰ ਆਪਣੀ ਪ੍ਰਾਰਥਨਾ ਵਿਚ ਸਤਿਗੁਰੂ ਸਦਾ ਅਕਾਲ ਪੁਰਖ ਪਰਮੇਸ਼ਰ ਨੂੰ ਆਪਣਾ ਮਾਤਾ ਪਿਤਾ ਮੰਨਿਆਂ ਅਰ ਆਪ ਤਿਸਦੇ ਬਾਲਕ ਇਆਣੇ ਪੁਤਰ ਬਣੇ ਹਨ, ਜਿਸ ਵਿਚ ਪਰਗਟ ਹੁੰਦਾ ਹੈ। ਕਿ ਮਾਤਾ ਪਿਤਾ ਦੇ ਸਮਾਨ ਪਿਆਰ ਕਰਨ ਵਾਲਾ ਅਰ ਪਾਲਕ ਹੋਰ ਕੋਈ ਨਹੀਂ, ਅਰ ਪੁਤਰ ਉਨਾਂ ਦੀ ਗੋਦ ਵਿਚ ਰੇਹਕੇ ਸੁਖੀ ਨਿਰਭਯ ਅਰ ਨਿਸਚਿੰਤ ਰਹਿੰਦਾ ਅਰ ਇਸਨੂੰ ਤਿਨਾਂ ਦਾ ਆਦਰ ਭਉ ਆਵਸ਼ਯ ਹੈ। ਯਥਾ-

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ।

ਪੁਨਾ:-ਹਰਿ ਜੀਉ ਮਾਤਾ ਹਰਿ ਜੀਉ ਪਿਤਾ ਹਰਿ ਜੀ ਪ੍ਰਤਿ ਪਾਲਕ ॥
ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ ॥

ਪੁਨ:-ਤੇਰੇ ਭਰੋਸੇ ਪਿਆਰੇ ਮੈਂ ਲਾਡ ਲਡਾਇਆ ॥
ਭੂਲਹਿ ਚੂਕਹਿ ਬਾਰਕ ਤੂ ਹਰਿ ਪਿਤਾ ਮਾਇਆ ॥

ਪੁਨ:-ਜੈਸਾ ਬਾਲਕ ਭਾਇ ਸੁਭਾਈ ਲਖ ਅਪਰਾਧ ਕਮਾਵੈ ॥
ਕਰਿ ਉਪਦੇਸ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ॥

ਇਤਯਾਦਿ ਅਰ ਦਸਮ ਪਾਤਸ਼ਾਹ ਮਹਾਰਾਜ ਨੇ ਕਲਗੀ ਅਵਤਾਰ ਵਿਖੇ ਕਲਿਯੁਗ ਦੇ ਲਖਨਾਂ ਵਿਚ ਲਿਖਿਆ ਹੈ, ਕਿ ਜਦ ਕਲਿਯੁਗ ਘੋਰ ਜ਼ੋਰ ਮੈਂ ਹੋਵੇਗਾ ਤਾਂ ਏਹ ਕਰਮ ਹੋਣਗੇ:-

ਨਾ ਪ੍ਰੀਤ ਮਾਤ ਸੰਗਾ ॥ ਅਧੀਨ ਅਰਧੰਗਾ ॥ ੪੦ ॥

ਪੁਨਾ:-ਅਧਰਮ ਕਰਮ ਕਰ ਹੈ ॥ ਨ ਤਾਤ ਮਾਤ ਡਰ ਹੈ ॥
ਕੁਮੰਤਰ ਮਿਤਰ ਕੋ ਹੈ। ਸੁਮੰਤਰ ਕੋ ਨ ਲਹੈ ॥ ੪੫ ॥

ਪੁਨਾ:-ਤਾਤ, ਮਾਤ ਕੀ ਨਿੰਦ ਨੀਚ ਊਚਹਿ ਸਮ ਜਾਨੈ ॥ ੭੫ ॥

ਪੁਨਾ: ਪਿਤ ਮਾਤ ਨ ਮਾਨੈ ਕਛੂ ਨ ਜਾਨੈ ਲਹਿ ਘਰਨਿ ਤੇ ਗਾਰੀ ॥ ੯੩ ॥

ਪੁਨ: ਔਰ ਗਰੰਥੋਂ ਮੇਂ-ਮਾਤਾ ਪਿਤਾ ਸੁਤ ਮਾਨਹਿ ਤੋ ਲੌ। ਅਬਲਾ

ਮੁਖ ਦੀਸਤ ਨਹਿ ਜੇ ਲੈ । ਗੁਰੂ ਸਾਹਿਬ ਨੇ ਮਾਤਾ ਪਿਤਾ ਦੀ ਸੇਵਾ ਦਾ ਉਪਦੇਸ਼ ਦੇ ਇਕ ਪਤਿਬ੍ਰਤਾ ਧਰਮ ਸਵਾਮ ਧਰਮ ਆਦਿ ਕਰਮ ਦਸਕੇ (ਕਲਿਯੁਗੁ ਉਧਾਰਿਆ ਗੁਰਦੇਵ ॥ ਮਲ ਮੂਤ ਮੂੜ ਜਿ ਮੁਘਦ ਹੋਤੇ ਸਭਿ ਲਗੇ ਤੇਰੀ ਸੇਵ) ਆਸਾ ਮ: ੫ ਸ਼ਬਦ। ਗ੍ਰੰਥ ਸ਼ਾਸਤ੍ਰਾਂ ਦੇ ਪ੍ਰਮਾਨ ਬਹੁਤ ਹਨ, ਮੋਹਰੀ ਜੀ ਨੇ ਆਗਿਆ ਮੰਨੀ ਤਾਂ ਵਰ ਮਿਲਿਆ (ਮੋਹਰੀ ਪੁਤ ਸਨਮੁਖਿ ਹੋਆ) ਅਰ ਗੁਰੂ ਅਰਜਨ ਜੀ ਨੇ ਆਗਿਆ ਮੰਨੀ ਤਾਂ ਗੁਰਿਆਈ ਦੀ ਗੱਦੀ ਪਰ ਬੈਠੇ। ਬਾਬਾ ਅਟਲ ਜੀ ਨੇ ਪਿਤਾ ਜੀ ਦਾ ਮਾਣ ਰਖਣ ਹਿਤ ਸਰੀਰ ਤਿਆਗ ਦਿਤਾ। ਸਾਹਿਬ ਅਜੀਤ ਸਿੰਘ ਜੁਝਾਰ ਸਿੰਘ ਜੀ ਨੇ ਪਿਤਾ ਦੇ ਬਚਨ ਮੰਨਕੇ ਯੁਧ ਮੇਂ ਸਨਮੁਖ ਜਾ ਪਰਾਣ ਦਿਤਾ ਅਰ ਨਿਰਾਦਰ ਕਰਨੇ ਤੇ ਪਿਰਥੀਆ ਜੀ ਦਾ ਮਾਣ ਬਸ ਮਾਣੀਏ, ਅਰ ਧੀਰ ਮਲੀਏ ਰਾਮ ਰਾਇ ਤਿਆਗ ਗਏ ਤਾਂਤੇ ਸਦਾ ਪਿਤਾ ਦੀ ਆਗਿਆਕਾਰੀ ਕਰੋ ਮਾਤਾ ਪਿਤਾ ਸਿਖਿਆਤ ਦੇਵਤਾ ਹਨ, ਇਨਾਂ ਦੀ ਮਹਿਮਾਂ ਦੇ ਗਰੰਥ ਭਰੇ ਪਏ ਹਨ।

ਵਿਦਿਆ ਦਾਤਾ ਗੁਰੂ ਤਾਂ ਪਸ਼ੂਆਂ ਤੋਂ ਮਨੁਖ ਬਣਾ ਦਿੰਦੇ ਹਨ, ਅਰ ਐਸਾ ਉਪਕਾਰ ਕਰਦੇ ਹਨ ਜਿਸ ਦਾ ਵਾਰ ਪਾਰ ਨਹੀਂ, ਉਨਾਂ ਦੀ ਦਿੱਤੀ ਹੋਈ ਵਿਦਿਆ ਤੇ ਸਾਰੀ ਅਵਸਥਾ ਸੁਖ ਦੀ ਬੀਤਦੀ ਹੈ। ਹਜ਼ਾਰਾਂ ਰੁਪਏ ਜੀਵ ਕਮਾਉਂਦਾ ਅਰ ਸਭਾਓਂ ਮੇਂ ਮਾਨ ਪਾਉਂਦਾ ਹੈ, ਉਨ੍ਹਾਂ ਤੇ ਬੇਮੁਖ ਹੋਣਾ ਭਾਰੀ ਅਨਰਥ ਹੈ ਜੈਸੇ ਕਥਨ ਹੈ:-

ਏਕ ਅਖਯਰ ਦਾਤਾਰਉ ਤਾਸ ਗੁਰੂ ਨ ਮੰਨਜਤੇ
ਸੰਤ ਜਨਮ ਚੰਡਾਲ ਸ੍ਵਾਨ ਨਾਦਿ ਪਰਵਰਤਤੇ ॥

ਭਾਈ ਨੰਦ ਲਾਲ ਜੀ ਦੇ ਤਨਖਾਹ ਨਾਮੇ ਵਿਚ ਬਚਨ ਹੈ (ਗੁਰ ਕੀ ਨਿੰਦਾ ਸੁਨੈ ਨਾ ਕਾਨ) ਸ੍ਰੀ ਮੁਖਵਾਕ ਬੀ ਏਹ ਉਪਦੇਸ ਦਿੰਦੇ ਹਨ:-

(੧) ਜੋ ਗੁਰ ਗੋਪੇ ਆਪਣਾ ਤਿਸਨੋ ਠਉਰ ਨਾ ਨਾਉ॥ ਜਿਉਂ ਛੁਟੜ ਘਰ ਘਰ ਫਿਰੇ ਦੁਹਾਚਾਰਣ ਬਦਨਾਉਂ॥

(੨) ਜੋ ਗੁਰ ਗੋਪੇ ਆਪਣਾ ਤੇ ਨਰ ਬੁਰਿਆਰੀ ॥ ਹਰਿ ਜੀਉ ਤਿਨਕਾ ਦਰਸਨ ਨਾ ਕਰਹੁ ਪਾਪਿ ਸਟ ਹਤਿਆਰੀ ॥

(੩) ਨਾਨਕ ਗੁਰੂ ਨ ਚੇਤਨੀ ਮਨ ਆਪਣੇ ਸੁਚੇਤ ॥ ਛੁਟੇ ਤਿਲ ਬੂਆੜ ਜਿਉਂ ਸੁੰਞੇ ਅੰਦਰ ਖੇਤ ॥ ਸਤਿਗੁਰੂ ਬਿਨਾਂ ਪਰਲੋਕ ਨਹੀਂ ਸੁਧਰਦਾ ਐਸੇ ਹੀ ਗੁਰੂ (ਉਸਤਾਦ) ਅਰਥਾਤ ਵਿਹਾਰਕ ਗੁਰੂ ਤੇ ਬਿਨਾਂ ਲੋਕ ਨਹੀਂ ਸੁਧਰਦਾ । ਤਾਂਤੇ ਬਿਵਹਾਰਿਕ ਅਰ ਪਰਮਾਰਥਿਕ ਦੋਹਾਂ ਗੁਰੂਆਂ ਦੇ ਕ੍ਰਿਤਗਯ ਰਹੋ ਕ੍ਰਿਤਘਣ ਕਦੀ ਨਾ ਬਣੋ।

ਵਖਯਾਨ ੪੧

ਦੋਹਰਾ-ਹਰਖ ਸੋਗ ਸੁਖ ਦੁਖ ਪੁਨਹ ਮਾਨ ਅਮਾਨ ਸਮਾਨ।
ਗੁਰਮੁਖ ਰਹਿ ਪ੍ਰਸੰਨ ਸਦ ਭਾਣਾ ਭਗਵਤ ਜਾਨ ॥ ੧ ॥

ਪਿਆਰੇ ਭਾਈਓ ! ਗੁਰ ਸਿਖੀ ਦਾ ਸਭ ਤੋਂ ਵਡਾ ਨਿਯਮ ਅਥਵਾ ਕਰਮ ਇਹ ਹੈ, ਜੋ ਅਕਾਲ ਪੁਰਖ ਦੇ ਭਾਣੇ ਵਿਚ ਪ੍ਰਸੰਨ ਰਹੋ, ਸੋ ਇਹ ਅੱਖਰ ਲਿਖਣ ਬੋਲਨ ਵਿਚ ਤਾਂ ਬਹੁਤ ਥੋੜੇ ਹਨ ਪਰ ਕਮਾਉਣ ਵਿਚ ਅਤਯੰਤ ਹੀ ਦੁਸਹਿ ਅਰ ਕਠਨ ਹਨ। ਕਰਤਾਰ ਦਾ ਭਾਣਾ ਅਮਿਟ ਹੈ, ਅਡੋਲ ਹੈ, ਅਵਸ਼ਯ ਹੋਕੇ ਰਹਿੰਦਾ ਹੈ, ਅਰ ਸਭ ਕੋਈ ਮੰਨਦਾ ਹੈ ਪਰ ਭਾਣੇ ਵਿਚ ਰਾਜੀ ਰਹਿਣਾ ਯਾ ਨਿਹਚਾ ਨਾ ਹਾਰਨਾ ਏਹ ਗਲ ਬੜੀ ਕਠਨ ਹੈ। ਗੁਰੂ ਸਾਹਿਬ ਨੇ ਭਾਣੇ ਮੰਨਣ ਅਰ ਭਾਣੇ ਵਿਚ ਰਾਜੀ ਰਹਿਣ ਦਾ ਉਪਦੇਸ਼ ਸ੍ਰੀ ਜਪੁਜੀ ਦੀ ਪਹਿਲੀ ਪੌੜੀ ਵਿਖੇ ਹੀ ਅਰੰਭ ਕੀਤਾ, ਅਰ ਅੰਤ ਤਕ ਦਿੰਦੇ ਗਏ ਹਨ ਜਿਹਾਕੁ "ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ"
(੧ ਪਉੜੀ ਜਪੁਜੀ)

ਪੁਨਾ: ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮਿ ਨ ਕੋਇ ॥ ਨਾਨਕ
ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥ (੨ ਪੌੜੀ ਜਪੁਜੀ)

ਪੁਨਾ: ਹੁਕਮੀ ਹੁਕਮਿ ਚਲਾਏ ਰਾਹੁ ॥ ਨਾਨਕ ਵਿਗਸੈ ਵੇਪਰਵਾਹੁ ॥ ੩॥

ਮੰਨੇ ਦੀਆਂ ਪੌੜੀਆਂ ਦਾ ਭੀ ਇਹੋ ਭਾਵ ਹੈ, ਜੋ ਭਾਣੇ ਵਿਚ ਰਾਜੀ ਰਹੋ।

ਪੁਨਾ:-ਜੋ ਤੁਧੁ ਭਾਵੈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥
(ਜਪੁਜੀ ੧੬ ਸੇ ੧੯ ਪੌੜੀ ਤਕ

ਪੁਨਾ:-ਜੋ ਤੁਧੁ ਭਾਵੈ ਸੋ ਭਲਾ ਸਚ ਤੇਰਾ ਭਾਣਾ ॥ ੧ ॥ (ਵਾਰ ਗੂਜਰੀ)

ਪੁਨਾ:-ਜੋ ਤੁਧੁ ਭਾਵੈ ਸੋ ਭਲਾ ਨਾਨਕ ਦਾਸ ਸਰਣਾ ॥

ਪੁਨਾ:-ਇਕਨਾ ਭਾਣੇ ਕਢਿ ਲਏ ਇਕਨਾ ਮਾਇਆ ਵਿਚ ਨਿਵਾਸ ॥
(ਵਾਰ ਆਸਾ)

ਪੁਨਾ:-ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮ ਪਦਾਰਥ ਨਾਨਕ ਮਾਗੈ ॥
(ਆਸਾ ਮ: ੫)

ਪੁਨਾ:-ਗੁਰਮੁਖਿ ਤੇਰਾ ਭਾਣਾ ਭਾਵੈ ॥ ਮਾਰੂ ਮ: ੩ ਸੋਹਿਲਾ ੨੦
ਪੁਨਾ:-ਹੁਕਮੁ ਨ ਜਾਣੈ ਬਹੁਤਾ ਰੋਵੈ ॥ ਅੰਦਰਿ ਧੋਖਾ ਨੀਦ ਨ ਸੋਵੈ ॥
ਪੁਨਾ:-ਜੇ ਧਨ ਖਸਮੈ ਚਲੈ ਰਜਾਈ ॥ ਦਰਿ ਘਰਿ ਸੋਭਾ ਮਹਲਿ ਬੁਲਾਈ ॥

ਸ੍ਰੀ ਮੁਖਵਾਕ ਦੁਆਰਾ ਉਨਾਂ ਦੀ ਹੀ ਵਡਿਆਈ ਹੋਈ ਜਿਨਾਂ ਨੇ ਭਾਣਾ ਮੰਨਿਆਂ ਇਸ ਪਰ ਕਥਾ ਹੈ-ਜੋ ਭਾਈ ਭਿਖਾਰੀ ਭਾਬੜਾ ਗੁਜਰਾਤ ਵਿਚ ਰਹਿੰਦਾ ਅਰ ਆਪਣੀ ਹਟੀ ਦੀ ਕਿਰਤ ਕਰਕੇ ਨਿਰਬਾਹ ਕਰਦਾ ਸੀ ਗੁਰੂ ਸਾਹਿਬ ਦੇ ਸ਼ਬਦ ਬਾਣੀ ਸਤਿਸੰਗਤ ਵਿਚ ਸੁਣਕੇ ਇਹ ਗੁਰੂ ਕਾ ਸਿਖ ਹੋਇਆ। ਜਿਥੇ ਕਿਤੇ ਸਿਖ ਸਾਧ ਪਰਮੇਸਰ ਜੀ ਦਾ ਭਗਤ ਸੁਣੇ ਜਿਨਾਂ ਨੂੰ ਕੇਵਲ ਪਰਮੇਸਰ ਦਾ ਆਸਰਾ ਹੋਵੇ ਉਹਨਾਂ ਦੇ ਅੰਨ ਬਸਤਰ ਦੀ ਸੇਵਾ ਪਾਲਨ ਪੋਸਨ ਪਰੇਮ ਨਾਲ ਕਰੇ। ਗਿਆਨ ਚਰਚਾ ਸਬਦ ਨਾਲ ਕਰ ਅਰ ਰਾਤ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪੜ੍ਹੇ।

ਇਕ ਦਿਨ ਮੀਰੀ ਪੀਰੀ ਦੇ ਧਨੀ ਦੇਗ ਤੇਗ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਕਾਲ ਤਖਤ ਦੇ ਦੀਵਾਨ ਵਿਖੇ ਇਹ ਸ਼ਬਦ ਪੜਿਆ (ਮੇਰੇ ਠਾਕੁਰ ਰਖ ਲੇਵਹੁ ਕਿਰਪਾਧਾਰੀ ॥ ਕੋਟਿ ਮਧੇ ਕੋ ਵਿਰਲਾ ਸੇਵਕ ਹੋਰ ਸਗਲੇ ਬਿਉਹਾਰੀ ॥) ਤਾਂ ਸਿਖਾਂ ਨੇ ਪ੍ਰਸ਼ਨ ਕੀਤਾ ਜੀ ਸਚੇ ਪਾਤਸ਼ਾਹ ਕਿਰਪਾ ਕਰਕੇ ਐਸੇ ਗੁਰਮੁਖ ਸਿਖ ਦਾ ਦਰਸ਼ਨ ਕਰਾਵਹੁ ਜੇਹੜਾ ਕੋਟਾਂ ਮਧੇ ਵਿਰਲਾ ਹੋਵੇ। ਤਾਂ ਬਚਨ ਹੋਇਆ (ਹੈਨ ਵਿਰਲੇ ਨਾਹੀ ਘਣੇ ਫੈਲ ਫਕੜ ਸੰਸਾਰ) ਪਰ ਤੁਸੀਂ ਗੁਜਰਾਤ ਵਿਚ ਜਾਓ ਉਥੇ ਭਾਈ ਭਿਖਾਰੀ ਭਾਬੜਾ ਗੁਰੂ ਕਾ ਸਿਖ ਹੈ, ਉਸਦਾ ਦਰਸ਼ਨ ਕਰੋ। ਆਗਿਆ ਪਾਇਕੇ ਓਹ ਸਿਖ ਭਾਈ ਭਿਖਾਰੀ ਦੇ ਘਰ ਆਣ ਪਹੁੰਚੇ ਅਰ ਡਿਠਾ ਕਿ ਭਾਈ ਭਿਖਾਰੀ ਦੇ ਪੁਤਰ ਦਾ ਵਿਵਾਹ ਹੈ ਸਾਕਾਂ ਸਬੰਧੀਆਂ ਦਾ ਮੇਲ ਆਇਆ ਹੋਇਆ ਹੈ ਇਸਤ੍ਰੀਆਂ ਮੰਗਲਾਚਾਰ ਦੇ ਸ਼ਬਦ ਗਾਇ ਰਹੀਆਂ ਹਨ, ਹਲਵਾਈ ਮਿਠਾਈ ਬਣੌਂਦੇ ਹਨ ਦਰਜੀ ਗੋਟੇ ਕਿਨਾਰੀਦਾਰ ਬਸਤਰਾਂ ਦੇ ਜੋੜੇ ਸੀਊਂਦੇ, ਸੁਨਿਆਰੇ ਸੋਨਾ ਜੜਦੇ ਲੋਕ ਬਾਹਰ ਅੰਦਰ ਨਿਕਲਦੇ ਵੜਦੇ ਰਾਗ ਰੰਗ ਹੋ ਰਹੇ ਹਨ ਅਰ ਭਾਈ ਆਪ ਇਕ ਪਾਟੀ ਪੁਰਾਣੀ ਦਰੀ ਨੂੰ ਗੰਢ ਤੁਪ ਰਿਹਾ ਹੈ ਸਿਖਾਂ ਨੂੰ ਦੇਖ ਅਰ ਗੁਰੂ ਸਾਹਿਬ ਦਾ ਨਾਮ ਸੁਣਕੇ ਉਠ ਖਲੋਤਾ ਬੜੇ ਆਦਰ ਨਾਲ ਅੰਦਰ ਲੈ ਗਿਆ। ਚਰਨ ਧੋਇਕੇ ਚਰਨਾਮ੍ਰਿਤ ਲਿਆ ਆਸਨ ਪੁਰ ਬੈਠਾਇਆ ਅਰ ਪ੍ਰਸ਼ਾਦ ਛਕਾਯਾ ਸਿਖਾਂ ਨੇ ਬੜੇ ਅਨੰਦ ਨਾਲ ਭਰਪੂਰ ਤ੍ਰਿਪਤ ਹੋਕੇ ਪੁਛਿਆ ਸਾਨੂੰ ਬੀ ਕੋਈ ਸੇਵਾ ਦਸੋ। ਤਾਂ ਭਿਖਾਰੀ ਨੇ ਤਿਨਾਂ ਨੂੰ ਅੰਦਰਲੀ ਕੋਠੜੀ ਵਿਚ ਲਿਜਾਇਕੇ ਸਭ ਸਮਗਰੀ ਸੌਂਪ ਦਿਤ। ਜੋ ਇਹੋ ਕਫਨ ਪਾਉਣ। ਤਾਂ ਇਨ੍ਹਾਂ ਸਿਖਾਂ ਨੂੰ ਨਜ਼ਰ ਆਇਆ ਜੋ ਅੰਦਰ

ਇਕ ਨੁਕਰ ਵਿਚ ਲਕੜੀਆਂ ਦਾ ਢੇਰ ਅਰ ਚੰਦਨ ਦੀਆਂ ਪੜਕਾਠੀਆਂ ਅਰ ਕਫਨ ਤਖਤਾ ਆਦਿ ਮਿਰਤਕ ਦਾ ਸਾਮਾਨ ਪਿਆ ਹੈ । ਪੁਛਿਆ ਵਿਆਹ ਵਿਖੇ ਸਗਨਾਂ ਦੇ ਵਿਚ ਇਹ ਕੀ ਅੰਦਰ ਰਖਿਆ ਹੈ ? ਭਿਖਾਰੀ ਬੋਲਿਆ ਇਸ ਦੀ ਬੀ ਲੋੜ ਪੈਣੀ ਹੈ ਅਤੇ ਅੰਦਰ ਪਈ ਹਰੇਕ ਵਸਤ ਵੇਲੇ ਸਿਰ ਕੰਮ ਆ ਜਾਂਦੀ ਹੈ। ਸੰਧਿਆ ਵੇਲੇ ਜੰਞ ਚੜੀ ਰਾਤ ਸਾਰੀ ਵਾਜੇ ਵਜੇ ਆਤਸ਼ ਬਾਜੀ ਚਲੀ ਬਹੁਤ ਦਾਨ ਕੀਤੇ ਹਥਲੇਵੇਂ ਆਦਿ ਸਭ ਕਰਮ ਮੰਗਲਾਚਾਰ ਬੜੇ ਉਤਸ਼ਾਹ ਨਾਲ ਪੂਰਨ ਹੋਯਾ ਤੀਸਰੇ ਦਿਨ ਡੋਲਾ ਲੈਕੇ ਘਰ ਆਏ। ਰਾਹ ਵਿਚ ਸਾਹਨਾਂ ਦਾ ਘੋਲ ਹੋ ਰਿਹਾ ਸੀ ਅਚਾਨਕ ਬਾਲਕ ਦੀ ਵਖੀ ਵਿਚ ਇਕ ਸਾਹਨ ਦਾ ਸਿੰਗ ਲਗਾ ਜਿਸ ਨਾਲ ਮੂਰਛਾ ਖਾਇਕੇ ਡਿਗਾ ਦੂਲਹੇ ਨੂੰ ਅਜੇਹਾ ਸੂਲ ਉਠਿਆ ਜੋ ਘਰ ਆਉਂਦਿਆਂ ਤਕ ਬਾਲਕ ਲੋਟ ਪੋਟ ਹੁੰਦਾ ਮੂਰਛਾ ਖਾਇਕੇ ਡਿਗ ਪਿਆ। ਵੈਦ ਹਕੀਮ ਬਥੇਰੇ ਆਏ ਪਰ ਰੋਗਾਂ ਦੇ ਉਪਾ ਹੁੰਦੇ ਹਨ ਮੌਤ ਦਾ ਉਪਾਉ ਕੋਈ ਕੀ ਕਰੇ, ਚਾਰ ਘੜੀ ਦਿਨ ਰਹੇ ਅੰਤ ਦੇ ਸਵਾਸਾਂ ਤੇ ਉਪਰੰਤ (ਦੇਹਾਂਤ) ਹੋ ਗਿਆ ਸਾਹੁਰੇ ਪੇਉਕੇ ਸਬੰਧੀਆਂ ਦਾ ਵਿਰਲਾਪ ਤਾਂ ਅਤਿਅੰਤ ਸੀ, ਪਰੰਤੂ ਇਸ ਸਮਯ ਰਾਹ ਜਾਂਦੇ ਰਾਹੀ ਬੀ ਦੁਖੀ ਹੋਏ ਹੋਏ ਕਿਸੇ ਸਬੰਧੀ ਨੂੰ ਸਰੀਰ ਦੀ ਸੁਧ ਨਹੀਂ ਰਹੀ ਪਰ ਭਿਖਾਰੀ ਨੇ ਉਨਾਂ ਦਰਸ਼ਨ ਕਰਨ ਆਏ ਸਿਖਾਂ ਨੂੰ ਕਿਹਾ ਭਾਈ ਜੇ ਸਾਰੀ ਰਾਤ ਮ੍ਰਿਤਕ ਰਿਹਾ ਤਾਂ ਉਪਰਲੇ ਸਬੰਧੀ ਘਾਇਲ ਹੋਕੇ ਮਰਨ ਤੁਲ ਹੋ ਜਾਣਗੇ ਅਰ ਜੇ ਸਸਕਾਰ ਕਰ ਆਈਏ ਤਾਂ ਦੁਖ ਕੁਛ ਘਟ ਜਾਏਗਾ ਸਸਕਾਰ ਦੀ ਸਮਗਰੀ ਸਭ ਤਿਆਰ ਪਈ ਹੈ ਇਹ ਕਹਿਕੇ ਮ੍ਰਿਤਕ ਨੂੰ ਸ਼ਨਾਨ ਕਰਾਇ ਕਫਨ ਪਹਿਨਾਇ ਤਖਤੇ ਪਰ ਪਾਇ ਸ੍ਰੀ ਵਾਹਿਗੁਰੂ ਨਾਮ ਸਤਿ ਕਹਿੰਦੇ ਮਸਾਣ ਭੂਮਕਾ ਵਿਖੇ ਲਿਜਾਇ ਅਰਦਾਸ ਕਰਕੇ ਸਸਕਾਰ ਕੀਤਾ, ਰਾਤ ਘਰ ਆਇ ਬੈਠੇ ਅਰ ਵਾਹਿਗੁਰੂ ਦਾ ਭਾਣਾ ਮੰਨਕੇ ਧੀਰਜ ਵਿਚ ਰਹੇ, ਪਰਚਾਉਣੀ ਕਰਨ ਵਾਲੇ ਲੋਕਾਂ ਦਾ ਆਉਣਾ ਜਾਣਾ ਬੰਦ ਹੋਯਾ, ਤਾਂ ਸਿਖਾਂ ਨੇ ਪੁਛਿਆ ਭਾਈ ਜੀ ਤੂੰ ਧੰਨ ਹੈਂ। ਇਸ ਮਹਾਂ ਦੁਸਹ ਦੁਖ ਵਿਚ ਤੂੰ ਨਿਸਚਾ ਨਹੀਂ ਡੁਲਾਇਆ ਅਰ ਜੇ ਤੁਹਾਨੂੰ ਖਬਰ ਸੀ ਕਿ ਮੇਰੇ ਪੁਤਰ ਨੇ ਮਰ ਜਾਣਾ ਹੈ ਤਾਂ ਤੁਸਾਂ ਇਸਦਾ ਵਿਆਹ ਕਿਉਂ ਕੀਤਾ ? ਭਾਈ ਭਿਖਾਰੀ ਕਹਿਆ ਭਾਈ ਜੀ ਜੇਹੇ ਅਸਾਂ ਜੀਆਂ ਦੇ ਕਰਮ ਹੋਂਦੇ ਹਨ ਤੇਹਾ ਫਲ ਭੋਗਣਾ ਪੈਂਦਾ ਹੈ, ਇਸ ਪੁਰ ਸ੍ਰੀ ਮੁਖਵਾਕ ਹਨ (ਜੇਹੇ ਕਰਮ ਕਮਾਂਵਦੇ ਤੇਵੇਹੇ ਫਲਤੇ)

ਪੁਨਾ:-ਆਪੇ ਬੀਜਿ ਆਪੇ ਹੀ ਖਾਹੁ ॥

ਪੁਨਾ:-ਮਾਥੈ ਜੋ ਧੁਰਿ ਲਿਖਿਆ ਸੋ ਮੇਟ ਨ ਸਕੈ ਕੋਇ ॥ ਨਾਨਕ
ਜੋ ਲਿਖਿਆ ਸੋ ਵਰਤਦਾ ਸੋ ਬੂਝੈ ਜਿਸ ਨੋ ਨਦਰ ਹੋਇ ॥

ਪੁਨਾ:-ਲਬ ਲੋਭ ਜੋ ਕਰਮ ਕਮਾਵੈ ॥ ਆਪਣਾ ਕੀਤਾ ਆਪੇ ਪਾਵੈ ॥

ਭੈਰਉ ਮਹਲਾ ੫ ॥

ਤਉ ਕੜੀਐ ਜੇ ਹੋਵੈ ਬਾਹਰਿ ॥ ਤਉ ਕੜੀਐ ਜੇ ਵਿਸਰੈ ਨਰਹਰਿ ॥ ਤਉ ਕੜੀਐ ਜੇ ਦੂਜਾ ਭਾਏ ॥ ਕਿਆ ਕੜੀਐ ਜਾ ਰਹਿਆ ਸਮਾਏ ॥ ੧ ॥ ਮਾਇਆ ਮੋਹਿ ਕੜੇ ਕੜਿ ਪਚਿਆ ॥ ਬਿਨੁ ਨਾਵੈ ਭ੍ਰਮਿ ਭ੍ਰਮਿ ਭ੍ਰਮਿ ਖਪਿਆ ॥ ੧ ॥ ਰਹਾਉ ॥ ਤਉ ਕੜੀਐ ਜੇ ਦੂਜਾ ਕਰਤਾ ॥ ਤਉ ਕੜੀਐ ਜੇ ਅਨਿਆਇ ਕੋ ਮਰਤਾ ॥ ਤਉ ਕੜੀਐ ਜੇ ਕਿਛੁ ਜਾਣੈ ਨਾਹੀ ॥ ਕਿਆ ਕੜੀਐ ਜਾ ਭਰਪੂਰਿ ਸਮਾਹੀ ॥ ੨ ॥ ਤਉ ਕੜੀਐ ਜੇ ਕਿਛੁ ਹੋਇ ਧਿਙਾਣੈ ॥ ਤਉ ਕੜੀਐ ਜੇ ਭੂਲਿ ਰੰਞਾਣੈ ॥ ਗੁਰਿ ਕਹਿਆ ਜੋ ਹੋਇ ਸਭੁ ਪ੍ਰਭੁ ਤੇ ॥ ਤਬ ਕਾੜਾ ਛੋਡਿ ਅਚਿੰਤ ਹਮ ਸੋਤੇ ॥ ੩ ॥ ਪ੍ਰਭ ਤੂ ਹੈ ਠਾਕੁਰ ਸਭ ਕੋ ਤੇਰਾ॥ ਜਿਉਂ ਭਾਵੈ ਤਿਉਂ ਕਰਹਿ ਨਬੇਰਾ ॥ ਦੁਤੀਆ ਨਾਸਤਿ ਇਕੁ ਰਹਿਆ ਸਮਾਇ ॥ ਰਾਖਹੁ ਪੈਜ ਨਾਨਕ ਸਰਣਾਇ ॥੪॥੫॥੧੮॥

ਪੁਨਾ:-ਮਿਰਤੁ ਦੂਖ ਸੂਖ ਲਿਖਿ ਪਾਹਿ ॥ ਤਿਲ ਨਹੀਂ ਬਧਹਿ ਘਟਹਿ ਨ ਘਟਾਏ॥ ਸੋਈ ਹੋਇ ਜੋ ਕਰਤੇ ਭਾਵੈ ਕਹਿ ਕੈ ਆਪੁ ਵੰਞਾਵਣਾ ॥

(੧੩ ਪੌੜੀ ੧੪ ਸੋਹਲਾ ਮਾਰੂ ਮ: ੫)

ਪੁਨਾ:-ਦਦੈ ਦੋਸ ਨ ਦੇਊ ਕਿਸੈ ਦੋਸ ਕਰੰਮਾ ਆਪਣਿਆ ॥ ਜੋ ਮੈ ਕੀਆ ਸੋ ਮੈ ਪਾਇਆ ਦੋਸ ਨ ਦੀਜੈ ਅਵਰ ਜਨਾ ॥

ਸੋ ਇਨਾ ਉਪਦੇਸ਼ਾਂ ਨੂੰ ਬਿਚਾਰ ਕੇ ਕਰਤਾਰ ਦੇ ਭਾਣੇ ਵਿਚ ਰਾਜੀ ਰਹੀਏ ਤਾਂ ਹੀ ਚੰਗਾ ਹੈ, ਗੁਰੂ ਸਾਹਿਬ ਜੀ ਆਪ ਫੁਰਮਾਉਂਦੇ ਹਨ (ਤੇਰਾ ਕੀਆ ਮੀਠਾ ਲਾਗੈ ॥ ਹਰਿਨਾਮ ਪਦਾਰਥ ਨਾਨਕ ਮਾਂਗੈ) ਸਿਖਾਂ ਕਹਿਆ ਜੇ ਤੁਹਾਨੂੰ ਐਤਨੀ ਪਹੁੰਚ ਹੈ, ਤਾਂ ਗੁਰੂ ਸਾਹਿਬ ਪਾਸ ਬੇਨਤੀ ਕਰਕੇ ਆਰਜਾ ਵਧਾਇ ਲੈਂਦੇ ਤਾਂ ਭਾਈ ਕਹਿਆ ਸਤਿਗੁਰ ਅੰਤਰਜਾਮੀ ਹਨ, ਜਾਣੀ ਜਾਣ ਹਨ, ਸਿਖਾਂ ਦਾ ਸਦਾ ਭਲਾ ਚਾਹੁੰਦੇ ਹਨ, ਜਿਸ ਵਿਚ ਉਨਾਂ ਸਾਡਾ ਭਲਾ ਸਮਝਿਆ ਸੋ ਕੀਤਾ, ਫੇਰ ਅਸੀਂ ਜਾਣ ਬੁਝਕੇ ਕਿਉਂ ਆਪਣਾ ਬੁਰਾ ਮੰਗੀਏ ਅਤੇ ਚੰਗੀ ਗਲ ਤਾਂ ਇਹ ਹੈ, ਨਿਸਕਾਮ ਭਗਤੀ ਨਿਰਵਾਣ ਕੀਰਤਨ ਕਰੀਏ ਪਰ ਜੇ ਮੰਗੀਏ ਹੀ ਮੰਗੀਏ ਤਾਂ ਵਾਹਿਗੁਰੂ ਨਾ ਨਾਮ ਮੰਗੀਏ, ਜੋ ਪਰਲੋਕ ਵਿਖੇ ਸਹਾਇਕ ਹੋਵੇ, ਮਨ ਨੂੰ ਸ਼ਾਂਤਿ ਸੰਤੋਖ ਧੀਰਜ ਅਰ ਧਰਮ

ਸਿਦਕ ਭਰੋਸਾ ਮੰਗੀਏ ਝੂਠੇ ਆਗਮਾਂ ਪਾਈ ਪਦਾਰਥ ਜੋ ਅਜ ਹਨ ਤੇ ਕਲ ਨਹੀਂ ਹੋਣਗੇ ਮੰਗਕੇ ਨਿਰਾਰਥਕ ਜਨਮ ਨ ਗਵਾਈਏ ਸਤਿਗੁਰੂ ਇਹ ਉਪਦੇਸ਼ ਦਿੰਦੇ ਹਨ:-

ਮੰਮਾਂ ਮਾਂਗਨਹਾਰ ਇਆਨਾ ॥ ਦੇਨਹਾਰ ਦੇ ਰਹਿਓ ਸੁਜਾਨਾ ॥
ਜੋ ਦੀਨੋ ਸੋ ਏਕਹਿ ਬਾਰਾ ॥ ਮਨ ਮੂਰਖ ਕਹ ਕਰਹਿ ਪੁਕਾਰਾ ॥
ਜਉ ਮਾਂਗਹਿ ਤਉ ਮਾਂਗਹਿ ਬੀਆ ਜਾ ਤੇ ਕੁਸਲ ਨ ਕਾਹੂ ਥੀਆ ॥
ਮਾਂਗਨਿ ਮਾਂਗ ਤ ਏਕੈ ਮਾਂਗ ॥ ਨਾਨਕ ਜਾਤੇ ਪਰਹਿ ਪਰਾਗ ॥

ਤਾਂਤੇ ਕਰਤਾਰ ਦੀ ਆਗਯਾ ਅਰ ਗੁਰੂ ਦੀ ਰਜਾਇ ਉਤੇ ਰਾਜੀ ਰਹਿਣਾ ਸਿਖ ਦਾ ਧਰਮ ਹੈ। ਗੁਰਮੁਖ ਹਰਖ ਔਰ ਸੋਗ ਦੋਹਾਂ ਤੇ ਵਖਰੇ ਰਹਿੰਦੇ ਹਨ, (ਜਨਮੇ ਕਉ ਵਾਜਹਿ ਵਾਧਾਏ ਸੋਹਿਲੜੇ ਅਗਿਆਨੀ ਗਾਏ ॥ ਜੋ ਜਨਮੈਂ ਤਿਸੁ ਸਰਪਰ ਮਰਨਾ ਕਿਰਤ ਪਾਇਆ ਸਿਰ ਸਾਹਾ ਹੇ ॥ ੭ ॥ ਸੰਜੋਗ ਵਿਜੋਗ ਮੇਰੇ ਪ੍ਰਭ ਕੀਏ ਸ੍ਰਿਸਟ ਉਪਾਇ ਦੁਖਾ ਸੁਖ ਦੀਏ ॥ ਦੁਖ ਸੁਖ ਹੀ ਤੇ ਭਲੇ ਨਿਰਾਲੇ ਗੁਰਮੁਖਿ ਸੀਲ ਸਨਾਹਾ ਹੇ ॥ (ਪੌੜੀ ੭-੮ ਸੋਹਲਾ ੧੨ ਮਾਰੂ ਮ: ੧।) ਇਹ ਸੁਣ ਨਮਸਕਾਰ ਕਰਕੇ ਜਸ ਗਾਉਂਦੇ ਸਿਖ ਵਿਦਾ ਹੋਏ। ਭਾਈ ਗੁਰਦਾਸ ਜੀ ਵਾਰ ੧੧ ਪੌੜੀ ੩੦ ਤੁਕ ੮ ਵਿਚ ਲਿਖਦੇ ਹਨ (ਗੁਜਰਾਤੇ ਵਿਚ ਜਾਣੀਐ ਭੇਖਾਰੀ ਭਾਭੜਾ ਸੁਲਾਸ ॥ ਗੁਰਮੁਖਿ ਭਾਉ ਭਗਤਿ ਰਹਰਾਸਿ ॥ ੧੦ ॥

ਭਗਵੰਤ ਦਾ ਭਗਤ ਅਰ ਸਤਿਗੁਰੂ ਦਾ ਸਿਖ ਉਹੋ ਹੋ ਸਕਦਾ ਹੈ, ਜੋ ਭਾਣੇ ਵਿਚ ਧੀਰਜ ਅਰ ਪ੍ਰਸੰਨ ਰਹੇ, ਰੋ ਕੇ ਦੁਖ ਸਭ ਕੋਈ ਮੰਨਦਾ ਹੈ, ਪਰ ਧੀਰਜ ਧਰ ਕੇ ਰਾਜੀ ਹੋਕੇ ਮੰਨਣਾ ਬੜਾ ਕਠਨ ਹੈ, ਇਸੀ ਪਰ ਸ੍ਰੀ ਮੁਖਵਾਕ ਹਨ:(ਤੇਰਾ ਭਾਣਾ ਤੂਹੈ ਮਨਾਇਹਿ ਜਿਸਨੋ ਹੋਇ ਦਇਆਲਾ ॥)
ਪੁਨਾ:-ਤੇਰਾ ਮਹਿਲ ਅਗੋਚਰ ਮੇਰੇ ਪਿਆਰੇ ਬਿਖਮ ਤੇਰਾ ਹੈ ਭਾਣਾ ॥
(ਬਸੰਤ ਮ: ੫ ਸ: ੨੦)

ਅਰ ਭਾਣਾ ਓਹ ਮੰਨੇ ਜਿਸਦਾ ਪਰਮੇਸ਼ਰ ਨਾਲ ਸੱਚਾ ਪਰੇਮ ਹੋਵੇ। ਆਸ਼ਕਾਂ ਨੂੰ ਮਸ਼ੂਕ ਦੇ ਦੋਖ ਦਿਸਦੇ ਹੀ ਨਹੀਂ ਸਗਮਾਂ ਦੋਖ ਗੁਨ ਹੋਕੇ ਭਾਸਦੇ ਹਨ, ਜੈਸੇ ਕਿਸੀ ਪੁਰਸ਼ ਨੇ ਤੁਲਸੀ ਦਾਸ ਜੀ ਨੂੰ ਕਿਹਾ ਕਿ ਭਗਤ ਲੋਕ ਜਪ ਤਪ ਦਾਨ ਧਰਮ ਪਰੋਪਕਾਰ ਕਰਨੇ ਸਦਾ ਦੁਖੀ ਅਰ ਦਰਿਦ੍ਰੀ ਦੇਖੇ ਜਾਂਦੇ ਹਨ ਅਰ ਪਾਪੀ ਵਿਸ਼ਟੀ ਦੁਰਾਚਾਰੀ ਸੁਖ ਭੋਗਦੇ ਰਾਜ ਕਰਦੇ ਨਜਰ ਆਉਂਦੇ ਹਨ ਇਸ ਤੋਂ ਪ੍ਰਗਟ ਹੁੰਦਾ ਹੈ ਜੋ ਰਾਮ ਜੀ ਦੇ ਘਰ ਬੜਾ ਹਨੇਰ ਹੈ, ਅਰ ਜਿਥੇ ਅੰਧਾ ਧੁੰਧ ਪਈ ਹੋਈ ਹੈ ਤੁਸੀ ਉਥੇ ਕੀ ਸੁਖ ਪਾਓਗੇ ?

ਤੁਲਸੀ ਦਾਸ ਬੋਲੇ ਵਾਹ ਵਾਹ !! ਸਾਨੂੰ ਬੀ ਅੰਧਾਧੁੰਧ ਹੀ ਲੋੜੀਦਾ ਜੀ, ਕਿਉਂਕਿ ਅਸੀਂ ਕਿਥੋਂ ਦੇ ਧਰਮੀ ਹਾਂ ਜੋ ਚਾਨਣ ਭਾਲੀਏ। ਹੁਣ ਜੇ ਓਥੇ ਅੰਧਾ ਧੁੰਧ ਪਈ ਹੈ ਤਾਂ ਅਸੀਂ ਬੀ ਦੱਬੇ ਘੁਟੇ ਲੰਘ ਜਾਵਾਂਗੇ ਪਰਯੋਜਨ ਇਹ ਕਿ ਪਰੇਮੀਆਂ ਨੂੰ ਆਪਣੇ ਪ੍ਰੀਤਮ ਦੇ ਔਗੁਣ ਬੀ ਗੁਣ ਰੂਪ ਭਾਸਦੇ ਹਨ, ਯਥਾ-ਪੂਰੇ ਕਾ ਕੀਆ ਸਭ ਕਿਛ ਪੂਰਾ ਘਟ ਵਧ ਕਿਛ ਨਾਹੀ ॥ ਨਾਨਕ ਗੁਰਮੁਖ ਐਸਾ ਜਾਣੇ ਪੂਰੇ ਮਾਹਿ ਸਮਾਹੀ ॥ (ਵਾਰਾਂ ਤੇ ਵਧੀਕ)

ਪੁਨਾ:-ਰਾਗ ਰਾਮਕਲੀ ਮਹਲਾ ੫

ਤਨ ਤੇ ਛੁਟਕੀ ਅਪਨੀ ਧਾਰੀ ॥ ਪ੍ਰਭ ਕੀ ਆਗਿਆ
ਲਗੀ ਪਿਆਰੀ ॥ ਜੋ ਕਿਛੁ ਕਰੈ ਸੁ ਮਨਿ ਮੇਰੇ ਮੀਠਾ ॥
ਤਾਂ ਇਹ ਅਚਰਜੁ ਨੈਨਹੁ ਡੀਠਾ ॥ ੧ ॥

ਪੁਨਾ:-ਜੋ ਕਿਛੁ ਕਰੈ ਸੋਈ ਸੁਖੁ ਜਾਨਾ ॥ ਮਨਿ ਅਸਮਝ ਸਾਧ
ਸੰਗਿ ਪਤੀਆਨਾ ॥

ਇਤਯਾਦਿ ਬਾਰੰ ਬਾਰ ਇਹੋ ਆਗਯਾ ਹੈ ਅਤੇ ਸੁਖਮਨੀ ਜੀ ਵਿਖੇ ਚੌਧਵੀਂ ਅਸਟਪਦੀ-

ਤਜਹੁ ਸਿਆਨਪ ਸੁਰਿ ਜਨਹੁ ਸਿਮਰਹੁ ਹਰਿ ਹਰਿ ਰਾਇ ॥
ਏਕ ਆਸ ਹਰਿ ਮਨਿ ਰਖਹੁ ਨਾਨਕ ਦੂਖੁ ਭਰਮੁ ਭਉ ਜਾਇ ॥ ੧ ॥

ਅਸਟਪਦੀ ॥

ਮਾਨੁਖ ਕੀ ਟੇਕ ਬਿਰਥੀ ਸਭ ਜਾਨੁ ॥ ਦੇਵਨ ਕਉ ਏਕੈ
ਭਗਵਾਨੁ ॥ ਜਿਸਕੈ ਦੀਐ ਰਹੈ ਅਘਾਇ ॥ ਬਹੁਰਿ ਨ
ਤ੍ਰਿਸਨਾ ਲਾਗੈ ਆਇ ॥ ਮਾਰੈ ਰਾਖੈ ਏਕੋ ਆਪਿ ॥
ਮਾਨੁਖ ਕੈ ਕਿਛੁ ਨਾਹੀ ਹਾਥਿ ॥ ਤਿਸਕਾ ਹੁਕਮੁ ਬੂਝਿ
ਸੁਖੁ ਹੋਇ ॥ ਤਿਸਕਾ ਨਾਮੁ ਰਖੁ ਕੰਠਿ ਪਰੋਈ ॥ ਸਿਮਰਿ
ਸਿਮਰਿ ਸਿਮਰਿ ਪ੍ਰਭੁ ਸੋਇ ॥ ਨਾਨਕ ਬਿਘਨੁ ਨ
ਲਾਗੈ ਕੋਇ ॥ ੧ ॥

ਇਨਾਂ ਸਭਨਾਂ ਦਾ ਭਾਵ ਭਾਣਾ ਮੰਨਣ ਦਾ ਹੀ ਹੈ।

ਗੁਰਮੁਖ ਨਾਮ ਹੀ ਉਸ ਦਾ ਹੈ ਜੋ ਵਾਹਿਗੁਰੂ ਦਾ ਭਾਣਾ ਮਿਠਾ ਕਰਕੇ ਮੰਨਦਾ ਹੈ। ਯਥਾ-

ਮਾਰੂ ਸੋਹਲੇ ਮਹਲਾ ੩ ॥

ਜੋ ਤੁਧੁ ਕਰਨਾ ਸੋ ਕਰਿ ਪਾਇਆ ॥ ਭਾਣੇ ਵਿਚਿ ਕੋ ਵਿਰਲ਼ ਆਇਆ ॥

ਭਾਣਾ ਮੰਨੇ ਸੋ ਸੁਖੁ ਪਾਏ ਭਾਣੇ ਵਿਚਿ ਸੁਖੁ ਪਾਇਦਾ ॥ ੧ ॥ ਗੁਰਮੁਖਿ ਤੇਰਾ ਭਾਣਾ ਭਾਵੈ ॥ ਸਹਜੇ ਹੀ ਸੁਖੁ ਸਚੁ ਕਮਾਵੈ ॥ ਭਾਣੇ ਨੋ ਲੋਚੇ ਬਹੁਤੇਰੀ ਆਪਣਾ ਭਾਣਾ ਆਪਿ ਮਨਾਇਦਾ ॥ ੨ ॥ ਤੇਰਾ ਭਾਣਾ ਮੰਨੇ ਸੁ ਮਿਲੈ ਤੁਧੁ ਆਏ ਜਿਸੁ ਭਾਣਾ ਭਾਵੈ ਸੋ ਤੁਝਹਿ ਸਮਾਏ ॥ ਭਾਣੇ ਵਿਚ ਵਡੀ ਵਡਿਆਈ ਭਾਣਾ ਕਿਸਹਿ ਕਰਾਇਦਾ ॥ ੩ ॥ ਜਾ ਤਿਸੁ ਭਾਵੈ ਤਾਂ ਗੁਰੂ ਮਿਲਾਇ॥ ਗੁਰਮੁਖਿ ਨਾਮੁ ਪਦਾਰਥੁ ਪਾਇ ॥ ਤੁਧੁ ਆਪਣੇ ਭਾਣੇ ਸਭਿ ਸ੍ਰਿਸਟਿ ਉਪਾਈ ਜਿਸਨੋ ਭਾਣਾ ਦੇਹਿ ਤਿਸੁ ਭਾਇਦਾ ॥ ੪ ॥ ਮਨਮੁਖੁ ਅੰਧੁ ਕਰੇ ਚਤੁਰਾਈ॥ ਭਾਣਾ ਨਾ ਮੰਨੇ ਬਹੁਤੁ ਦੁਖੁ ਪਾਈ॥ ਭਰਮੇ ਭੁਲਾ ਆਵੈ ਜਾਇ ਘਰੁ ਮਹਲੁ ਨ ਕਬਹੂ ਪਾਇਦਾ ॥ (ਸੋਹਲੇ ੨੦

ਪੁਨਾ:-ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰ ਲੰਘਾਇ ॥
ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਹਿ ॥ [ਵਾਰਾਂ ਤੇ ਵਧੀਕ ਸਲੋਕ ੨੭ ਮ: ੪

ਬਾਂਛੇ ਨਾ ਸਵਰਗ ਬਾਸ ਮਾਨੈ ਨਾ ਨਰਕ ਤ੍ਰਾਸ ਆਸਾ ਨਾ ਕਰਤ ਚਿਤ ਹੋਨਹਾਰ ਹੋਇ ਹੈ । ਸੰਪਤ ਨਾ ਹਰਖ ਬਿਪਤ ਮੈਂ ਨਾ ਸੋਗ ਤਾਹਿ ਸੁਖ ਦੁਖ ਸਮਸਰਿ ਬਿਹਸ ਨਾ ਰੋਇ ਹੈ । ਜਨਮ ਜੀਵਨ ਮ੍ਰਿਤ ਮੁਕਤਿ ਨ ਭੇਦ ਖੇਦ ਗੰਮਤਾ ਤਿਕਾਲ ਬਾਲ ਬ੍ਰਿਧ ਅਵਲੋਇ ਹੈ। ਗਯਾਨ ਗੁਰ ਅੰਜਨ ਕੈ ਚੀਨਤ ਨਿਰੰਜਨ ਕੋ ਬਿਰਲੋ ਸੰਸਾਰ ਪਰੇਮ ਭਗਤਿ ਮੈਂ ਕੋਇ ਹੈ ॥ ੪੦੯ ॥ (ਭਾਈ ਗੁਰਦਾਸ ਕਬਿਤ ॥

ਗੁਰ ਪ੍ਰਕਾਸ ਨਾਮੇ ਗਰੰਥ ਵਿਖੇ ਵਰਨਨ ਹੈ-ਹਉਮੈਂ ਤਜਨ ਨਾਮ ਲਿਵ ਲਾਵਨ। ਭਾਣਾ ਮੰਨਣ ਪੰਥ ਇਹ ਪਾਵਨ।

ਗੁਰਮਤ ਦੇ ਅਨੁਕੂਲੀਆਂ ਵਾਸਤੇ ਇਹ ਤਿੰਨ ਗਲਾਂ ਈਸ਼ਰ ਪਰਾਪਤੀ ਦਾ ਸਾਧਨ ਹਨ-

(੧) ਹਉਮੈ ਦਾ ਤਿਆਗ। (੨) ਨਾਮ ਦਾ ਜਪਨਾ। (੩) ਭਾਣਾ ਕਰਤਾਰ ਦਾ ਮੰਨਣਾ ਜਿਨਾਂ ਵਿਚ ਇਹ ਤਿੰਨ ਕਰਮ ਹਨ ਉਨਾਂ ਨੂੰ ਮਹਾਂ ਪੁਰਸ਼ ਜਾਨਣਾ ਯੋਗ ਹੈ। ਤਾਂਤੇ (ਹੁਕਮਿ ਰਜਾਈ ਚਲਣਾ ਨਾਨਕ ਲਿਖਿਐ ਨਾਲਿ) ਸਮਝਕੇ ਜਿਨਾਂ ਹਉਮੈ ਤਜੀ ਅਰ ਕਰਤਾਰ ਦਾ ਕੀਤਾ ਸਿਰਾਂ ਉਤੇ ਜਾਣਕੇ ਭਾਣਾ ਮੰਨਿਆ ਹੈ ਓਹ ਧੰਨਜ ਹਨ ਉਹ ਪ੍ਰਸੰਨ ਹਨ (ਇਹ ਲੋਕ ਸੁਖੀਏ ਪਤਲੋਕ ਸੁਹੇਲੇ, ਨਾਨਕ ਹਰਿ ਪ੍ਰਭੁ ਆਪਹਿ ਮੇਲੇ)। ਇਤੀ

*

ਵਖਯਾਨ ੪੨

ਦੋਹਰਾ-ਸਿਖਿਆ ਦੇਵਤ ਸੁਤਨ ਕੋ ਜੈਸੇ ਤਾਤਰੁ ਮਾਤ ॥
ਸਤਿਗੁਰ ਤੈਸ ਸਿਖਾਂਵਤੇ ਸਿਖਤ ਹਿਤ ਕੀ ਬਾਤ ॥ ੧ ॥

ਪਿਆਰੇ ਭਾਈਓ, ਭਾਈ ਗੁਰਦਾਸ ਜੀ ਲਿਖਦੇ ਹਨ-

ਜੈਸੇ ਮਾਤ ਪਿਤਾ ਪ੍ਰਤਿ ਪਾਲਤ ਅਨਿਕ ਸੁਤ ਅਨਿਕ ਸੁਤਨ ਪੈ ਨ ਤੈਸੇ ਹੁਇ ਆਵਈ ॥ ਜੈਸੇ ਮਾਤ ਪਿਤਾ ਚਾਹਤ ਹੈ ਸੁਤਨ ਕੌ ਤੈਸੇ ਨ ਸੁਤਨ ਵਿਚ ਚਾਹ ਉਪਜਾਵਈ । ਜੈਸੇ ਮਾਤ ਪਿਤਾ ਸੁਤ ਸੁਖ ਦੁਖ ਸੋਗਾਨੰਦ ਸੁਖ ਦੁਖ ਮੈਂ ਨ ਤੈਸੁ ਸੁਤ ਠਹਿਰਾਵਈ । ਜੈਸੇ ਮਨ ਬਚ ਕ੍ਰਮ ਸਿਖ ਨ ਲਡਾਵੈਂ ਗੁਰ ਤੈਸੇ ਗੁਰ ਸੇਵਾ ਗੁਰ ਸਿਖ ਨ ਹਿਤਾਵਈ ॥ ੧੭੧ ॥

ਪੁਤਰ ਭਾਂਵੇ ਕਪੁਤਰ ਹੋਵੇ ਪਰ ਪਿਤਾ ਮਾਤਾ ਪੁਤਰਾਂ ਦੇ ਔਗੁਣ ਚੇਤੇ ਨਹੀਂ ਨਖਦੇ, ਪੁਤਰਾਂ ਦਾ ਧਿਆਨ ਖੇਡ ਵਿਚ ਹੁੰਦਾ ਹੈ ਇਸ ਕਾਰਨ ਓਹ ਸਿਖਿਆ ਦਾਇਕ ਮਾਤਾ ਪਿਤਾ ਗੁਰੂ ਨੂੰ ਸ਼ਤਰੂ ਸਾਮਾਨ ਸਮਝਦਾ ਹੈ, ਪੁਤਰ ਅਗਿਆਨ ਦੇ ਕਾਰਨ ਚੇਤੇ ਨਹੀਂ ਰਖਦਾ ਪਰ ਮਾਤਾ ਪਿਤਾ ਗੁਰੂ ਲੋਭ ਦੇਕੇ ਸਮ ਦਮ ਵੇਦ ਦੰਡ ਭਯ ਦੇਕੇ ਜਿਸ ਪ੍ਰਕਾਰ ਸਿਖਿਆ ਦੇਣੇ ਦਾ ਪਰਯਤਨ ਕਰਦੇ ਹਨ ਐਸੇ ਹੀ ਅਸੀਂ ਨਾਮ ਮਾਤ੍ਰ ਸਿਖ ਸਦਾਉਂਦੇ ਅਰ ਦੰਭ ਦਿਖਾਉਂਦੇ ਭੇਖ ਮਾਤ੍ਰ ਬੀ ਬਨਾਉਂਦੇ ਹਾਂ; ਪਰੰਤੂ ਰਹਿਤ ਰਖਣੀ ਨਹੀਂ ਚਾਹੁੰਦੇ ਅਰ ਮਨਮਤਾਂ ਵਧਾਉਂਦੇ ਗੁਰਬਾਣੀ ਨੂੰ ਭੁਲਾਉਂਦੇ ਅਰ ਆਪਣੇ ਆਪ ਨੂੰ ਮਨਮੁਖ ਯਾ ਬੇਮੁਖ ਬਣਾਉਂਦੇ ਹਾਂ ਤਾਂ ਭੀ ਸਤਿਗੁਰੂ ਪਰਮ ਦਿਆਲੂ ਸਾਨੂੰ ਸਮਝਾਉਂਦੇ ਅਰ ਸ਼ੁਭ ਸਿਖਿਆ ਦੇਕੇ ਪਰੇਤਾਂ ਤੇ ਦੇਵਤਾ ਬਣਾਉਂਦੇ ਹਨ। ਆਗਯਾ ਦਿੰਦੇ ਹਨ, ਕਿ ਤੁਰਕ †ਅਰਥਾਤ ਮੁਸਲਮਾਨ ਦਾ ਵਿਸਾਹ ਕਦੀ ਨਾ ਕਰਨਾ ਚਾਣਿਕਯ ਮੁਨੀ ਦਾ ਮਤਾ ਸੈਨਾਪਤੀ ਕਵੀ ਨੇ ਕਿਹਾ ਹੈ-

ਦੋਹਰਾ-ਪ੍ਰਾਤ ਨ ਕੀਜੈ ਕਾਨੜਾ ਤੁਰਕ ਨ ਕੀਜੈ ਮਿਤ।

---

†ਤੁਰਕਸਤਾਨ ਮੇਂ ਰਹਿਣੇ ਵਾਲੀ ਇਕ ਖਾਸ ਕੌਮ ਹੈ ਜਿਸਦਾ ਨਾਮ ਤਮੋ ਗੁਣੀ ਜਾਲਮ ਹੋਣੇ ਤੇ ਤੁਰਕ ਸਦਿਆ ਜਾਂਦਾ ਹੈ, ਇਥੇ ਤੁਰਕ ਦਾ ਭਾਵ ਜ਼ਾਲਮ ਅਨਿਆਈ ਧੱਕੇ ਖੋਰ ਮੁਸਲਮਾਨ ਹੈ।

(੧) ਕਾਰਨ ਇਹ ਹੈ, ਜੋ ਸੰਗਤ ਦਾ ਫਲ ਅਵਸ਼ ਹੁੰਦਾ ਹੈ, ਜੈਸੇ ਸ੍ਰੀ ਮੁਖਵਾਕ ਹੈ:-ਸੰਗਤ ਕਾ ਗੁਣ ਬਹੁ ਅਧਕਾਈ ਪੜ ਸੂਆ ਗਨਕ ਉਧਾਰੇ ॥ ਪੁਨਾ:-(ਰਾਮ ਤੁਮ ਪਾਰਸ ਚੰਦਨ ਹਮ ਕਾਸਟ ਲੋਸਟ ਹਰਿ ਸੰਗਿ ਹਰਿ ਸਤਸੰਗੁ ਹਰਿ ਕੰਚਨੁ ਚੰਦਨੁ ਕੀਨੇ)।

ਪੁਨਾ:-ਤੁਮ ਚੰਦਨ ਹਮ ਅਰਿੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧਿ ਨਿਵਾਸਾ ॥
[ਆਸਾ ਰਵਿਦਾਸ ਜੀ

ਕਬੀਰ ਪਾਰਸ ਚੰਦਨੈ ਤਿਨ ਹੈ ਏਕ ਸੁਗੰਧ ॥ ਤਿਹ
ਮਿਲਿ ਤੇਊ ਊਤਮ ਭਏ ਲੋਹ ਕਾਠ ਨਿਰਗੰਧ ॥ ੭੭॥

ਪੁਨਾ:-ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹਦਿਸਿ ਜਾਇ ॥
ਜੋ ਜੈਸੀ ਸੰਗਤ ਕਰੇ ਸੋ ਤੈਸੋ ਫਲੁ ਖਾਇ ॥ (੮੬ ਸਲੋਕ ਕਬੀਰ ਜੀ)

ਪੁਨਾ:-ਨੀਚ ਸੰਗ ਕੀਜੇ ਨਹੀਂ ਸੁਨਹੋ ਮੀਤ ਕਮਾਰ। ਭੇਡ ਪੂਛ
ਭਾਦਰੋਂ ਨਦੀ ਕੋ ਗਹਿ ਲੰਘਯੋ ਪਾਰ। (ਚਰਿਤ੍ਰ ਪਖਿਆਨ)

ਭਾਵ ਇਹ ਕਿ ਸੰਗ ਦੋਖ ਦਾ ਫਲ ਜਰੂਰ ਲਗਦਾ ਹੈ, ਯਥਾ-

ਦੋਹਰਾ-ਊਚ ਸੰਗ ਤੇ ਊਚ ਫਲ ਨੀਚ ਸੰਗ ਤੇ ਨੀਚ ।
ਹੋਵਤ ਹੈ ਅਵਸ਼ ਜਿਉਂ ਜਲ ਮਿਲ ਮਾਟੀ ਕੀਚ।

ਊਚ ਸੰਗ ਤੇ ਊਚ ਅਰ ਨੀਚ ਪਦਵੀ ਹੋਂਦੀ ਹੈ ਜੈਸੇ ਮਦਰਾ ਗੰਗਾ ਜਲ ਦੀ ਸੰਗਤ ਕਰਨੇ ਤੇ ਪਵਿਤਰ ਅਰ ਗੰਗਾ ਜਲ ਕਿੱਕਰ ਦੇ ਸਕਾਂ ਦੀ ਸੰਗਤ ਤੇ ਅਪਵਿਤਰ ਹੋ ਜਾਂਦੀ ਹੈ। ਨੀਤੀ ਸ਼ਾਸਤਰ ਮੇਂ ਲਿਖਾ ਹੈ-

ਹੋਇ ਸੁ ਸੰਗਤ ਸਹਿਜ ਸੁਖ ਦੁਖ ਕੁਸੰਗ ਕੀ ਖਾਨ ।
ਗਾਂਧੀ ਔਰ ਲੁਹਾਰ ਕੇ ਦੇਖਹੁ ਬੈਠ ਦੁਕਾਨ ।

ਪੁਨਾ ਦੋਹਰਾ

ਗ੍ਰਿਹੁ ਭੇਖਜ ਜਲ ਪਵਨ ਪਰ ਪਾਇ ਕੁਜੋਗ ਸੁਜੋਗ ॥
ਹੋਇ ਕੁ ਵਸਤ ਜਵਰਤ ਜਗਲਗਹਿ ਸੁਲਛਨ ਲੋਗ ॥
(ਤੁਲਸੀ ਰਾਮਾਇਣ)

(੨) ਨੀਚ ਤੁਰਕਾਂ ਦੀ ਸੰਗਤ ਤੇ ਝੂਠੀ ਸੁਗੰਦ ਉਠਾਵਣੇ ਦਾ ਸੁਭਾਵ ਹੋ ਜਾਂਦਾ ਹੈ।

(੩) ਪਵਿਤ੍ਰਤਾ ਨਹੀਂ ਰਹਿੰਦੀ ਅਪਵਿਤ੍ਰਤਾ ਦਾ ਸੁਭਾਉ ਹੋ ਜਾਂਦਾ ਹੈ।

(੪) ਚਿਤ ਨਿਰਦਈ ਅਰ ਕਠੋਰ ਹੋ ਜਾਂਦਾ ਹੈ। ਛਲ ਵਲ ਕਪਟ ਧਰੋਹ ਝੂਠ ਬੋਲਨੇ ਦਾ ਸੁਭਾਵ ਪੈ ਜਾਂਦਾ ਹੈ। ਜਿਹਾ ਕੁ ਗੁਰੂ ਸਾਹਿਬ ਨੇ ਅਨੰਦ ਪੁਰ ਦੇ ਜੁੱਧ ਵਿਚ ਤੁਰਕਾਂ ਦਾ ਈਮਾਨ ਸਿਖਾਂ ਨੂੰ, ਦਿਖਾਯਾ, ਸਹੁਵਾਂ ਸੁਗੰਦਾਂ ਉਠਾਇ ਕਲਮਾਂ ਪੜ੍ਹਕੇ ਭੀ ਲੁਟ ਮਾਰ ਕਰਨ ਨੂੰ ਆਇ ਪਏ। ਦੇਖੋ ਗੁਰ ਪ੍ਰਤਾਪ ਸੂਰਜ ਗ੍ਰੰਥ ੬ ਰਾਸ ੨੬ ਅੰਸੂ ਵਿਖੇ ਬਰਨਨ ਹੈ:-

ਚੌਪਈ॥ ਸ੍ਰੀ ਕਲਗੀਧਰ ਤਬਹ ਵਿਚਾਰਾ। ਇਨਹ ਦਿਖਾਵਹੁ ਕਰ ਪਤਯਾਰਾ। ਧੰਮਾ ਅਪਨ ਹਜੂਰ ਹਕਾਰਯੋ। ਸਭਨ ਸੁਨਾਵਤ ਤਿਸੈ ਉਚਾਰਯੋ।੧। ਅਵਰੰਗਾ ਅਰ ਗਿਰਿਪਤਿ ਸਾਰੇ। ਸਹਿਤ ਸਮਾਜਿ ਚਹਿਤ ਨਿਕਾਰੇ। ਪ੍ਰਿਥਮ ਹਮਾਰੀ ਸੰਪਤਿ ਜਾਵੈਂ। ਤਿਸ ਪਸਚਾਤੀ ਨਿਕਰ ਸਿਧਾਵੈਂ।੨। ਅਪਰ ਸਮਾਜ ਸਾਥ ਹਮ ਰਾਖੇ। ਜੰਗਲ ਦੇਸ ਜਾਨ ਅਭਿਲਾਖੇ। ਇਮ ਸੁਨ ਧੰਮਾ ਬਾਹਰ ਗਯੋ। ਗਿਰਪਤਿ ਸਾਥ ਕਹਿਤ ਬਿਧ ਭਯੋ।੩। ਸੁਨ ਕਰ ਹਰਖੇ ਸਭ ਹਨ ਮਾਨੀ। ਉਮਰਾਵਨ ਭੀ ਨੀਕੇ ਜਾਨੀ। ਨਿਤ ਕੋ ਰਣ ਮੁਹਿੰਮ ਮਿਟ ਜਾਇ। ਅਪਨੇ ਅਪਨੇ ਸਦਨ ਸਿਧਾਇ। ਲਸ਼ਕਰ ਬਿਖੇ ਬਿਰਖਭ ਬਨਜਾਰੇ। ਕਰੇ ਬਟੋਰਨ ਤਤ ਛਿਨ ਸਾਰੇ।੬। ਬਿਰਖਭ ਗੋਨ ਯੁਤ ਪੰਚ ਹਜਾਰ। ਭੇਜ ਦੀਏ ਸਤਿਗੁਰ ਦਰਬਾਰ। ਆਨ ਖਿਰੇ ਢਿਗ ਪ੍ਰਭ ਪੁਨ ਕਹਯੋ। ਧਰਮ ਇਮਾਨ ਦੁਹਨ ਜਿਮ ਲਹਯੋ।੭। ਸੌ ਕਰਕੇ ਹਮਰੇ ਢਿਗ ਆਨੋ। ਤੌ ਹਮ ਜਾਨੇ ਸਚ ਬਖਾਨੇ। ਪਠ ਧੰਮਾ ਪਹੁੰਚਯੋ ਸਭ ਪਾਸ। ਕਹਯੋ ਗੁਰੂ ਕੋ ਕੀਨ ਪ੍ਰਕਾਸ਼।੮। ਧਰਮ ਗਿਰੀਸਨ ਨੈ ਕਰ ਦੀਨ। ਸ਼ਿਵ ਠਾਕੁਰ ਕੀ ਆਨਹਿ ਕੀਨ। ਤੁਰਕਨ ਕਰਯੋ ਇਮਾਨ ਪਠਾਵਾ। ਜਿਮ ਪ੍ਰਭੁ ਕਹਯੋ ਤਥਾ ਮੰਗਵਾਵਾ।੯। ਸਤਿਗੁਰ ਕੋਸਪ ਕੋ ਬੁਲਵਾਯੋ। ਪ੍ਰਥਕ ਸਭਨ ਤੇ ਕਹਿ ਸਮਝਾਯੋ। ਟੂਟੀ ਪਨਹੀ ਜੀਨ ਪੁਰਾਨੇ। ਬਰਦ ਪੋਸ਼ ਹੈ ਜਿਤਕ ਮਹਾਨੇ।੧੦। ਮਰੇ ਤੁਰੰਗਮ ਚਰਮ ਅਨੇਕ। ਸੰਚਵਾਇ ਕਰ ਹਾਡ ਜਿਤੇਕ। ਸੰਚ ਠੀਕਰੀ ਬਾਸਨ ਫੂਟੇ। ਜੀਰਨ ਬਸਤਰ ਸਾਜ ਸਭ ਟੂਟੇ।੧੧। ਸਕਲ ਗੋਨ ਭਰ ਕੀਜਹਿ ਤਿਆਰੀ। ਨਿਸਾ ਪਰੈ ਦਿਹੁ ਵਹਿਰ ਨਿਕਾਰੀ। ਕੋਟਵਾਲ ਕੀਨੋ ਤਿਮ ਕਾਜੂ। ਲੀਓ ਸਕੇਲ ਪੁਰਾਨ ਸਮਾਜੂ।੧੨। ਬ੍ਰਿੰਦ ਚੰਡਾਲ ਚਮਾਰਨ ਪ੍ਰੇਰੇ। ਬਿਸ਼ਟਾ ਅਸਤ ਭਰੰਤ ਘਨੇਰੇ। ਪੁਨ ਘੋੜਨ ਕੀ ਲੀਦ ਭਰਾਈ। ਸੂਕੇ ਗੀਲ ਚਰਮ ਸਮੁਦਾਈ।੧੩। ਜਿਨ ਤੇ ਬਹੁ ਗਿਲਾਨ ਦੁਰਗੰਧਾ। ਐਸੇ ਮਾਸ ਪਾਇ ਦਿਯ ਬੰਧਾ। ਜਿਸ ਕੇ ਛੂਹੇ ਧਰਮ ਹੁਇ ਹਾਨੀ। ਐਸੇ ਭਰ ਭਰ ਗੋਨ ਮਹਾਨੀ।੧੪। ਪੰਚ ਹਜਾਰ ਗੋਨ ਭਰਵਾਈ। ਬਿਨ ਦੇਖੇ ਸਰਬ ਸਿਵਾਈ। ਨਿਸਾ ਪਰੀ ਲਗ ਕੀਨਸਿ ਤਿਆਰੀ ਲਾਦਹੁ ਆਗਿਆ ਗੁਰੂ ਉਚਾਰੀ।੧੫।

ਵਹਿਰ ਸਭਨ ਢਿਗ ਲਿਖੇ ਪਠਾਏ । ਅਬ ਚਾਹਤ ਹਮ ਨਿਕਰ ਸਿਧਾਏ। ਸਹਿਰਤ ਪਸਰੀ ਅਪਨ ਬਿਰਾਨੇ । ਛੋਰ ਦੁਰਗ ਪ੍ਰਭ ਚਲੇ ਪਯਾਨੇ।੧੬। ਪ੍ਰਥਮ ਖਜਾਨਾ ਕਰਹਿ ਨਿਕਾਰਨ। ਬਹੁਰ ਗੁਰੂ ਕੇ ਕੂਚ ਪਧਾਰਨ । ਅੰਤਰ ਸਭਨ ਸੁਨੀ ਇਹ ਬਾਤ। ਲਸ਼ਕਰ ਸਗਰੇ ਮਹਿ ਬਿਖਯਾਤ ।੧੭। ਗਿਰਿ ਪਤਿ ਰਾਜੇ ਜੇਤਕ ਰਾਨੇ। ਉਰ ਹਰਖੇ ਰਣ ਮਿਟਯ ਮਹਾਨੇ। ਜੋਰ ਦਸਤ ਖਵਾਜਾਰੂ ਵਜੀਦ। ਵਹਿਰ ਗੁਰੂ ਕੀ ਲਿਖੀ ਰਸੀਦ ।੧੮। ਰਿਦੇ ਮੁਦਤ ਤੇ ਸ਼ੋਕ ਮਿਟਾਏ ਕ੍ਰਿਖਿ ਮੁਰਝਾਇ ਮਨੋ ਜਲ ਪਾਏ। ਕੋਟਵਾਰ ਗੁਰ ਕੇ ਢਿਗ ਗਯੋ। ਹਾਥ ਜੋਰ ਪੁਨ ਭਾਖਤ ਭਯੋ ।੧੯। ਰਾਤ ਅੰਧੇਰੀ ਤਿਮਰ ਮਹਾਨਾ। ਮਗ ਨਹਿ ਸੂਝੇ ਆਵਨ ਜਾਨਾ। ਨਹੀਂ ਤੇਲ ਜੋ ਜਲਹਿ ਮਸਾਲਾ। ਚਲਤੇ ਹੋਇ ਪ੍ਰਕਾਸ਼ ਬਿਸਾਲਾ ।੨੦। ਜਿਮ ਆਯਸ ਹੁਇ ਬਨੈ ਉਪਾਇ। ਸੁਨਕਰ ਸ੍ਰੀ ਗੋਬਿੰਦ ਸਿੰਘ ਰਾਇ । ਅਪਨ ਹਾਥ ਤੇ ਬਰਛਾ ਦੀਨ। ਲੇਹੁ ਕੂਪ ਢਿਗ ਜਾਹੁ ਪਰਬੀਨ ।੨੧। ਤਿਸ ਊਪਰ ਤੋਮਰ ਧਰ ਦੀਜੈ। ਇਕ ਦਿਸ ਤੇਲ ਨਿਕਾਰਨ ਕੀਜੈ। ਦੂਸਰ ਦਿਸਾ ਰਹ ਜਲ ਤੈਸੇ ਖਾਨ ਪਾਨ ਹਿਤ ਲੀਜੇ ਵੈਸੇ ।੨੨। ਅਹੈ ਬ੍ਰਿਖਭ ਜੋ ਪੰਚ ਹਜਾਰ ਦਸ ਹਜਾਰ। ਤਹਿ ਸ੍ਰਿੰਗ ਬਿਚਾਰ । ਸਭ ਪਰ ਦਿਹੁ ਮਜਾਲ ਬੰਧਵਾਇ । ਤੇਲ ਕੂਪ ਤੇ ਲਿਹੁ ਨਿਕਸਾਇ ॥੨੩॥ ਲੇ ਗੁਰ ਕਰਤੇ ਤੋਮਰ ਆਏ। ਧਰੇ ਕੂਪ ਪਰ ਕਾਢਨ ਲਾਏ। ਦੇਖਤ ਬਿਸਮੈ ਹੁਇ ਕਰ ਸਾਰੇ ਬੰਧ ਮਸਾਲਨ ਸਗਰੀ ਜਾਰੇ।੨੪। ਲੋਕ ਸੈਂਕਰੇ ਲਗੇ ਸੁਧਾਰਨ। ਕਰੀ ਮਸਾਲੇ ਤਤ ਛਿਨ ਜਾਰਨ। ਹੁਕਮ ਗੁਰੂ ਕੇ ਪੁਨ ਇਮ ਭਯੋ। ਖੀਨਖਾਬ ਜੇਤਕ ਬਚ ਗਯੋ ।੨੫। ਦ੍ਵੈ ਦ੍ਵੈ ਗਜ ਗੋਨਨ ਪਰ ਡਾਰੇ। ਤਿਮਹੀ ਤਤ ਛਿਨ ਤਿਨ ਪਰ ਧਾਰੇ। ਦਸ ਹਜਾਰ ਜਬ-ਜਰੀ ਮਸਾਲਾ। ਜਿਤ ਕਿਤ ਦਿਪਤ ਪ੍ਰਕਾਸ਼ ਬਿਸਾਲਾ ।੨੬। ਲਸ਼ਕਰ ਵਹਿਰ ਤਿਆਰ ਪਿਖ ਹੋਏ। ਮਨ ਮਹਿ ਚਹਿ ਲੂਟਯੋ ਸਭ ਕੋਏ। ਲਾਖਹੁ ਬੀਰ ਤਿਆਰ ਹੁਇ ਠਾਂਢੇ। ਦੇਖਤ ਦਰਬ ਗੁਰੂ ਅਬ ਕਾਢੇ ।੨੭। ਊਚੋ ਅਹੈ ਮੋਰਚਾ ਜੋਈ। ਤਿਸਕੇ ਢਿਗ ਢਿਗ ਕੀਨੇ ਸੋਈ । ਸਨੇ ਸਨੇ ਸਭ ਬ੍ਰਿਖਭ ਨਿਕਾਰੇ। ਊਪਰ ਤੋਪਹਿ ਕੀਨਸਿ ਤਿਆਰੇ ।੨੮। ਬਹੁ ਜ੍ਵਾਲਾ ਬਮਣੀ ਗਹਿ ਹਾਥ। ਖਰੇ ਕਰੇ ਤਹਿ ਸਿਖ ਗਨ ਨਾਥ। ਆਪ ਅਨੰਦ ਪੁਰੇ ਚਲ ਬੈਸੇ। ਕਪਟੀ ਹਤਹਿ ਪਿਖਨ ਕੋ ਤੈਸੇ ।੨੯। ਹਾਂਕਤ ਚਾਲੇ ਬ੍ਰਿੰਦ ਲੁਬਾਨੇ। ਪਰਸਯੋ ਸਭਨ ਪ੍ਰਕਾਸ਼ ਮਹਾਨੇ। ਰਾਜਨ ਕੀ-ਸਿਪਾਹ ਗਨ ਆਈ। ਸਨੇ ਸਨੇ ਦੇਖਤ ਨਟਕਾਤੀ ।੩੦। ਖੀਨ ਖਾਬ ਕੀ ਚਮਕਤ ਜਰੀ। ਜਾਨੀ ਦੌਲਤ ਅਚਰਜ ਭਰੀ। ਕੰਚਨ ਚਾਂਦੀ ਹੋਇ ਜਵਾਹਰ। ਪਿਖੀਅਤ ਬਤ ਪਰ ਭਾਉ ਹੀ ਜਾਹਰ ।੩੧। ਸੁਨ ਰਾਜਨ ਭੀ ਧਰਮ ਬਿਸਾਰਾ। ਉਮਾਰਵਨ ਧਿਆਨ

ਕਉ ਹਾਰਾ। ਸਪਤ ਮਾਸ ਦੁਖ ਪਾਵਤ ਰਹੇ । ਲਰਤ ਹਜਾਰੋਂ ਮ੍ਰਿਤ ਕੋ ਲਹੇ ।੩੨। ਦਰਬ ਕਰੋਰਹੁ ਬਿਚ ਤੇ ਚਾਲਾ। ਜਿਸ ਤੇ ਤ੍ਰਿਪਤੇ ਸੈਨ ਬਿਸਾਲਾ। ਖਾਲੀ ਦੁਰਗ ਰਹੋ ਕਿਆ ਲੈ ਹੈਂ। ਚਢਹਿ ਗੁਰੂ ਕਿਸ ਦੇਸ ਸਿਧੈ ਹੈਂ ।੩੩। ਵਧਯੋ ਲੋਭ ਮਨ ਵਿਖੇ ਘਨੇਰਾ। ਧਰਮ ਇਮਾਨ ਹਤਯੋ ਤਿਸ ਬੇਰਾ। ਸ਼ਿਵ ਠਾਕੁਰ ਅਰ ਕਸਮ ਕੁਰਾਨਾ। ਬਜਾ ਪਯੋ ਲੋਭ ਦਯੋ ਕਰ ਹਾਨਾ ।੩੪। ਪਰੈ ਪਹਾਰੀ ਪੂਰਬ ਆਇ। ਭਯੋ ਰੌਰ ਦਈ ਲੂਟ ਮਚਾਇ। ਮਿਲ ਮਿਲ ਨਰਦਸ ਬੀਸਕਿ ਚਾਲੀ। ਬ੍ਰਿਖਭ ਸਹਿਤ ਸੀ ਗੋਨ ਸੰਭਾਲੀ।੩੫। ਤਿਨ ਪਰ ਸਾਠ ਕਿ ਸੌ ਮਿਲਿ ਆਏ। ਕਰ ਬਲ ਬਾਹਨ ਛੀਨ ਤਿਸਾਏ। ਸੋ ਨਹਿ ਦੇਤ ਲਰਨ ਜਬ ਲਾਗੇ । ਸ਼ਸਤ੍ਰ ਪਰੇ ਚਲ ਕੇਤਕ ਭਾਗੇ ।੩੬। ਲਗੀ ਹੋਨ ਗੋਰਨ ਕੀ ਮਾਰ। ਜਿਸਤੇ ਮਰੇ ਹਜਾਰ ਜੁਝਾਰ ।੩੭। ਕੁਛ ਆਪਸ ਮਹਿ ਮੂਰਖ ਮਰੇ। ਕਿਛ ਸਤਿਗੁਰੂ ਮਾਰੇ ਅਰ ਹਰੇ। ਲੇਲੇ ਗੋਨ ਗਏ ਨਿਜ ਡੇਰੇ। ਧਰੇ ਛਿਪਾਇ ਨਹੀਂ ਦ੍ਰਿਗ ਹੇਰੇ ।੩੮। ਨਿਜ ਨਿਜ ਮਹਿ ਕਰ ਕਰ ਤਕਰਾਈ। ਖਾਨ ਪਾਨ ਬਲ ਗੌਨਿ ਛਪਾਈ। ਜਾਹਿ ਪੂਜਾ ਠਾਕਰਕੀ ਕਰੈਂ ਸਾਂਭ ਸਾਂਭ ਕਰ ਗੁਪਤੀ ਧਰੈਂ ।੩੯। ਜਾਨਹਿ ਹਮ ਸਭ ਕੁਛ ਲੇ ਆਏ। ਪੁਤ੍ਰ ਪੌਤ੍ਰ ਲਗ ਬੈਠਹਿ ਖਾਏ। ਲੂਟ ਗਵਾਰ ਸਰਬ ਲੈ ਗਏ। ਨਿਸ ਮਹਿ ਨਹੀਂ ਨਿਹਾਰਤ ਭਏ ।੪੦।

ਪੁਨਾ ੨੭ ॥ ਅੰਸੂ ॥

ਪ੍ਰਾਤੇ ਦਾਸਨ ਆਦਿ ਹਟਾਇ । ਆਪਹਿ ਖੇਲਨ ਲਗ ਲਪਟਾਏ। ਅੰਤਰ ਤੇ ਕਰ ਭਾਰ ਨਿਕਾਰੇ। ਚਮਰੇ ਪਨਹੀ ਹਾਡ ਨਿਹਾਰੇ ।੨। ਹੇਰਤ ਗੇਰਹਿ ਦੂਰ ਬਗਾਵਹਿ। ਵਿਸ਼ਟਾ ਹਾਥ ਲਗੇ ਪਛੁਤਾਵਹਿ। ਇਕ ਤੋਂ ਅਪਨਾ ਧਰਮ ਗਵਾਯੋ ਦੁਤਿਜੇ ਲੇਤੇ ਜੰਗ ਮਚਾਯੋ ।੩। ਤਿਨੀ ਨਪਾਕ ਜੁ ਛੂਵਤ ਭਏ। ਮਾਰੇ ਬਿਨਾਂ ਮੂੜ ਮਰ ਗਏ। ਲੱਜਤ ਕਾਸਮ ਮਹਿ ਨਹਿ ਕਹੈਂ। ਰਿਦੇ ਬਸੂਰਤ ਦੇ ਬਹ ਲਹੈਂ ।੪। ਧਿਕ ਧਿਕ ਅਪਨੋ ਜਨਮ ਬਖਾਨੇ। ਧਰਮ ਹੀਨ ਕੀ ਦੁਰਗਤਿ ਜਾਨੈ। ਭਯੋ ਸਭਨ ਕੇ ਤਬ ਉਪਹਾਸਾ। ਬਿਗਸੇ ਸਤਿਗੁਰੂ ਪੇਖ ਤਮਾਸ਼ਾ।੫। ਕਹਿ ਸਿੰਘਨ ਕੋ ਨਿਕਟ ਹਕਾਰੇ। ਅਬ ਦੁਰਜਨ ਕੇ ਧਰਮ ਨਿਹਾਰੇ। ਸਭ ਪਰਬਤ ਬਾਸੀ ਮਤ ਕਾਚੇ।ਏਹ ਸਭ ਬੈਨ ਭਨਹਿ ਨਹੀਂ ।੬। ਤੁਰਕ ਪਹਾਰੀ ਪਰ ਬਿਸਵਾਸ। ਧਰੈ ਨਾ ਮਮ ਸਿਖ ਜੋ ਮਤ ਰਾਸ ।੧੦।

ਸਾਹਿਬ ਦਸਮ ਪਾਤਸ਼ਾਹ ਨਾਲ ਅਨੰਦ ਪੁਰ ਦੇ ਜੁਧ ਵਿਚ ਮੁਸਲਮਾਨਾਂ ਨੇ ਝੂਠੀ ਸੁਗੰਦ ਖਾਕੇ ਛਲ ਕਰਨਾ ਸੂਰਜ ਪ੍ਰਕਾਸ਼ ੬ ਰੁਤ ੨੭ ਅੰਸੂ ॥

ਕਿਤਕ ਬਿਤੇ ਦਿਨ ਜਬ ਇਸ ਭਾਂਤੀ। ਤਬ ਆਈ ਅਵਰੰਗ ਕੀ ਪਾਤੀ। ਕਸਮ ਕੁਰਾਨ ਆਦਿ ਕੀ ਖਾਈ। ਤੁਮਰੋ ਬੁਰੋ ਨ ਚਿਤੇ ਕਦਾਈ।੨੪।

ਜੇ ਕੋਸੇ ਤਵ ਬੁਰਾ ਤਕਾਵੈ। ਨਹਿ ਦਰਗਾਰ ਠਉਰ ਹਮ ਪਾਵੈ। ਸਚ ਜਾਨਹੁ ਏ ਲਿਖਜੋ ਹਮਾਰੇ। ਤਜੋ ਅਬੈ ਸੰਗ੍ਰਾਮ ਅਖਾਰੇ।੨੫। ਹਮਰੀ ਓਰ ਆਪ ਚਲ ਆਵਹੁ ਹੁਇ ਹੈ ਮੇਲ ਸਦਾ ਹਰਖਾਵਹੁ। ਇਤ ਆਵਨ ਜੇ ਚਾਹਿਤ ਨਾਹੀ। ਮਨ ਭਾਵਤ ਬਿਚਰਹੁ ਜਗਮਾਂਹੀ।੨੬। ਏਕ ਬਾਰ ਤਜ ਦੁਰਗ ਲਰਾਈ। ਇਹ ਮਨਹੁ ਬਨ ਮੇਲਤਦਾਈ। ਸੁਨ ਗੁਰ ਕਹਜੋ ਨ ਸਾਚ ਤੁਮਾਰੇ। ਕਰਹੁ ਅਨਤ ਮੁਖ ਆਨ ਉਚਾਰੇ।੨੭।

ਜ਼ਫਰ ਨਾਮੇ ਦੀ ਪਹਿਲੀ ਹਕਾਯਤ ਵਿਚ ਲਿਖਿਆ ਹੈ:-"ਹਰਾਂ ਕਸਕਿ ਕੌਲਿ ਕਰਾਂ ਕੁਨਦ ਏਤਬਾਰ, ਹਮਾਂ ਰੋਜ਼ ਆਖਰ ਸ਼ਵਦ ਮਰਦ ਖੁਆਰ ॥"

ਪੈਂਦੇ ਖਾਨ ਦੇ ਭਾਗ ਅੱਛੇ ਜੋ ਗੁਰੂ ਘਰ ਵਿਖੇ ਆਣ ਨੌਕਰੀ ਕਰਨ ਲੱਗਾ, ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਪਰਮ ਉਦਾਰ ਸੁੰਦਰ ਥੋੜੇ ਕੀਮਤੀ ਪੁਸ਼ਾਕਾਂ ਦੇ ਜੋੜੇ ਰੁਪਏ ਮੋਹਰਾਂ ਦੇ ਤੋੜੇ ਤਿਸ ਨੂੰ ਥੋਹੜੇ ਨਹੀਂ ਪਰਦਾਨ ਕੀਤੇ, ਪੁਤ੍ਰਾਂ ਸਮਾਨ ਪਾਲਦੇ ਅਰ ਸ਼ਸਤ੍ਰ ਦੇਕੇ ਸਮਯ ਸਮਯ ਪਰ ਸੰਭਾਲਦੇ। ਪਰ ਜੁਧ ਦਾ ਵੇਲਾ ਆਯਾ ਤਾਂ ਬੇਮੁਖ ਹੋਗਿਆ, ਅੰਤ ਨੂੰ ਮੁਸਲਮਾਨਾਂ ਨਾਲ ਰਲਕੇ ਪਾਤਸ਼ਾਹ ਪਾਸ ਚੁਗਲੀ ਅਰ ਫਰਯਾਦ ਕੀਤੀ, ਫੌਜ ਚੜਾਇ ਲਿਆਯਾ, ਅਰ ਗੁਰੂ ਸਾਹਿਬ ਦਾ ਸਾਹਮਣਾ ਕਰਕੇ ਮੋਯਾ ਅਰ ਨਿਮਕ ਹਰਾਮ ਹੋਯਾ।

ਗੁਸਾਈਂ ਤੁਲਸੀ ਦਾਸ ਜੀ ਨੇ ਕਿਹਾ ਹੈ-

ਬਾਇਸ ਪਾਲੀਐ ਅਤਿ ਅਨੁਰਾਗਾ। ਹੋਇ ਨਿਰਾਮਿਖ ਕਬਹੁ ਕਿ ਕਾਗਾ।

ਇਸ ਪੈਂਦੇ ਖਾਂ ਦੇ ਪੋਤਰੇ ਗੁਨ ਖਾਨ ਉਤੇ ਦਸਮ ਗੁਰੂ ਜੀ ਨੇ ਕਿਰਪਾ ਦ੍ਰਿਸਟੀ ਕਰਕੇ ਪੰਜ ਰੁਪਏ ਰੋਜ ਲਾ ਦਿਤੇ, ਅਰ ਭਾਵੇਂ ਸਿਖਾਂ ਨੇ ਤਿਸਦੇ ਦਾਦੇ ਦੀ ਨਿਮਕ ਹਰਾਮੀ ਅਰ ਇਸਦੀ ਮੁਸਲਮਾਨੀ ਬੀ ਸੁਨਾਈ, ਪਰ ਪਰਮ ਕ੍ਰਿਪਾਲੂ ਸਤਿਗੁਰੂ ਨੇ ਸਭ ਔਗੁਣ ਭੁਲਾਇ ਕੇ ਪਾਸ ਰਖਿਆ, ਤਾਂ ਬੀ ਇਸ ਦੁਸ਼ਟ ਨੇ ਅਵਸਰ ਪਾਇਕੇ ਕਟਾਰ ਦਾ ਘਾਉ ਕੀਤਾ।

ਬਾਬਾ ਗੁਰਬਖਸ਼ ਸਿੰਘ ਬਾਬਾ ਦੀਪ ਸਿੰਘ ਜੀ ਮਨੀ ਸਿੰਘ ਜੀ ਨੱਥਾ ਸਿੰਘ ਸਬੇਗ ਸਿੰਘ ਤਾਰੂ ਸਿੰਘ ਜੀ ਆਦਿ ਜਿਤਨੇ ਸ਼ਹੀਦ ਹੋਏ ਤੁਰਕਾਂ ਦੇ ਹੀ ਜ਼ੁਲਮ ਤੇ ਹੋਏ।

ਐਹਮਦਸ਼ਾਹ ਦੁਰਾਨੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਬੇਅਦਬੀ

ਕੀਤੀ, ਸਿਖਾਂ ਦੇ ਸਿਰ ਕਟਵਾਇਕੇ ਰਾਮ ਤੀਰਥ ਤਲਾਉ ਭਰਿਆ, ਅਰ ਪੰਥ ਦੀ ਜੜ ਉਖੇੜ ਨੀਚਾ ਹੀ ਪਰੰਤੂ ਸਤਿਗੁਰੂ ਦੀ ਕਿਰਪਾ ਨਾਲ ਫੇਰ ਨਵੇਂ ਸਿਰੇ ਖਾਲਸਾ ਪੰਥ ਪ੍ਰਗਟਿਆ।

ਸੰਨ ੧੮੯੮ ਮੇਂ ਲਾਹੌਰ ਵਿਚ ਲੇਖਰਾਜ ਦਯਾ ਨੰਦੀਆ ਇਨਾਂ ਦੀ ਹੀ ਸੰਗਤ ਕਰਨੇ ਤੇ ਮਾਰਿਆ ਗਿਆ ਇਤਯਾਦਿ ਅਨੇਕ ਦੂਖਨ ਹਨ, ਤਾਂਤੇ ਸਿਖਿਯਾ ਹੈ ਜੋ ਐਸੇ ਜ਼ਾਲਮ (ਅਨਯਾਈਂ) ਕਠੋਰ ਚਿਤ ਤੁਰਕ ਦੀ ਸੰਗਤ ਕਦੀ ਨਾ ਕਰੇ ਅਰ ਨਾ ਇਸਦੀ ਗਲ ਉਤੇ ਵਿਸਾਹ ਕਰੇ। ਇਨ੍ਹਾਂ ਦੀ ਮੋਹਰ ਲਾਂਗੜ ਟੋਪੀ ਆਦਿ ਸਿਰ ਪਰ ਨਾ ਰਖੇ, ਇਨਾਂ ਹਥੋਂ ਕੁਠਾ ਮਾਸ ਨਾ ਲਵੇ, ਨਾ ਛੂਹੇ ਨਾ ਖਾਉ, ਨਾ ਇਨਾਂ ਨੂੰ ਸਲਾਮ ਕਰੇ।

ਰਹਿਤ ਨਾਮਾ ਨੰਦ ਲਾਲ ਛੰਦ ਅੰਕ ੧੦, ੧੪, ੨੯, ੩੯, ੩੩, ੩੪, ੩੮ ॥

॥ ਇਤੀ ॥

*

ਵਖਯਾਨ ੪੩

ਕਬਿਤ-ਸ੍ਰੀ ਗੋਬਿੰਦ ਸਿੰਘ ਮਹਾਰਾਜ ਜੂ ਬਿਨੋਦੀ ਨਾਥ ਲੈ ਕੇ
ਪੰਥ ਗੋਦ ਮੇਂ ਲਡਾਵੇਂ ਜੈਸੇ ਬਾਲ ਕੋ। ਰੀਤਿ ਦੇਵੈ
ਨੀਤਿ ਦੇਵੈ ਪ੍ਰੀਤ ਔ ਪ੍ਰਤੀਤ ਦੇਵੈ ਰਾਗ ਰੰਗ ਗੀਤ
ਦੇਵੈ ਮੀਤ ਦਵੈ ਨਾਲ ਕੋ। ਦੇਵੈ ਮਨ ਨੀਵਾਂ ਮਤ
ਊਚੀ ਔ ਗਰੀਬੀ ਚਾਲ ਦੇਵੈ ਪ੍ਰਾਤਕਾਲ ਮੇਂ ਸਨਾਨ
ਸੁਧਾਤਾਲ ਕੋ। ਗ੍ਰਾਮ ਧਾਮ ਦਾਮ ਬਾਮ ਸੰਪਤਾ ਸੰਗ੍ਰਾਮ
ਜੀਤ ਦੈ ਦੈ ਕੇ ਨਿਹਾਲ ਕਰੈਂ ਏਕ ਏਕ ਕਾਲ ਕੋ।

ਪਿਆਰੇ ਖਾਲਸਾ ਜੀ-ਕਲਗੀਧਰ ਮਹਾਰਾਜ ਨੇ ਅੰਮ੍ਰਿਤ ਛਕਾਇਆ ਅਰ ਖਾਲਸਾ ਜੀ ਨੂੰ ਧਾਰਨੇ ਜੋਗ ਰਹਿਤਾਂ ਦਸਕੇ ਆਗਿਆ ਦਿਤੀ, ਜੋ ਇਹ ਰਹਿਤਾਂ ਧਾਰਨ ਕਰੋ ਅਰ ਨਿੰਦਨੀਯ ਵਸਤਾਂ ਦੇ ਤਿਆਗ ਦੀ ਭੀ ਆਗਯਾ ਦਿਤੀ ਜੋ ਇਨ੍ਹਾਂ ਕਰਮਾਂ ਨੂੰ ਤਿਆਗੋ, ਜੈਸਾ ਕਿ ਦੁਧ ਦੇ ਨਾਲ ਵੈਦ ਦੀ ਆਗਿਆ ਮਿਲਦੀ ਹੈ ਕਿ ਦੁਧ ਪੀਕੇ ਪਿਛੋਂ ਹੋਰ ਕੁਛ ਨਾ ਖਾਓ ਨਾ ਪੀਓ ਮਿਠਾ ਵਿਚ ਮਿਲਾਇਕੇ ਛਕੋ ਪਰ ਦੁਧ ਦੇ ਨਾਲ ਯਾ ਪਿਛੋਂ ਦਹੀਂ

ਅਚਾਰ ਖੱਟਾ ਕਾਂਜੀ ਮੂਲੀ ਆਦਿ ਸਭ ਵਿਕਾਰ ਜਾਣਕੇ ਤਜੇ ਕਿਉਂਕਿ ਪਥ ਰਖਣੇ ਸੇ ਦਵਾਈ ਰੋਗ ਨਿਵਿਰਤ ਕਰਦੀ ਹੈ, ਕੁਪੱਥ ਸੇ ਨਿਸਫਲ ਹੋ ਜਾਂਦੀ ਹੈ, ਅਨੁਪਾਨ ਰਖਣ ਸੇ ਹੀ ਵਿਖੇ ਅੰਮ੍ਰਿਤ ਕਾ ਫਲ ਦਿੰਦੀ ਹੈ, ਅਨੁਪਾਨ ਨਾ ਹੋਵੇ ਪਥ ਅਰ ਸੰਜਮ ਦੇ ਨਾ ਕਰਨੇ ਤੇ ਅੰਮ੍ਰਿਤ ਵਿਖ ਸਮਾਨ ਹੋ ਜਾਂਦਾ ਹੈ, ਤਾਂਤੇ ਅੰਮ੍ਰਿਤ ਛਕਣੇ ਦਾ ਫਲ ਤਦੇ ਹੈ, ਜੇ ਗੁਰੂ ਸਾਹਿਬ ਦੀ ਆਗਿਆ ਅਨੁਸਾਰ ਅਗ੍ਰੋਕਤ ਵਸਤਾਂ ਦਾ ਤਿਆਗ ਹੋਵੇ ਪਿਤਾ ਸਮਾਨ ਸਤਿਗੁਰੂ ਭੋਲੇ ਭਾਲੇ ਪੰਥ ਖਾਲਸਾ ਜੀ ਨੂੰ ਸਿਖਿਆ ਸਮਝਾਉਂਦੇ ਹਨ।

ਦੋਹਰਾ ॥ ਮੀਣਾ ਅਤੇ ਮਸੰਦੀਆ ਮੋਨਾ ਕੁੜੀ ਜੁਮਾਰ।
ਹੋਇ ਸਿਖ ਵਰਤਣ ਕਰੇ ਅੰਤ ਕਰੇਂਗਾ ਖੁਆਰ ॥ ੧ ॥

ਭਈ ਮੀਣੇ ਆਦਿਕਾਂ ਦੀ ਸੰਗਤ ਅਰ ਇਨਾਂ ਨਾਲ ਮੇਲ ਯਾ ਵਰਤਣ ਰਖਣੀ ਬੀ ਸਿਖੀਓਂ ਖਾਰਜ ਹੋਣਾ ਹੈ ਤਾਂਤੇ ਮੀਣੇ ੧ ਮਸੰਦ ੨ ਧੀਰਮਲੀਏ ੩ ਰਾਮਰਾਈਏ ੪ ਸਿਰਗੁੰਮ ੫ ਅਰ ਨੜੀਮਾਰ ਕੁੜੀਮਾਰ ਦੀ ਸੰਗਤ ਨਹੀਂ ਕਰਨੀ।

ਸ੍ਰੀ ਗੁਰੂ ਅਮਰ ਦੇਵ ਜੀ ਦੇ ਦੋਹਤੇ ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਵਡੇ ਪੁਤਰ ਭਰਾਤਾ ਹੋਣੇ ਤੇ ਬੀ ਪ੍ਰਿਥੀਆ ਜੀ ਆਪ ਅਰ ਉਨਹਾਂ ਦੀ ਸੰਤਾਨ ਅਰ ਤਿਨਾਂ ਦੇ ਸਿਖਾਂ ਦਾ ਤਿਆਗ ਹੋਗਿਆ ਅਰ ਇਨਹਾਂ ਦੀ ਸੰਗਯਾ ਮੀਣੇ ਪ੍ਰਸਿਧ ਹੋ ਗਈ ਕਿਉਂਕਿ ਪ੍ਰਿਥੀਆ ਜੀ ਵਿਖੇ ਦੋ ਭਾਰੇ ਔਗੁਣ ਦੂਸ਼ਣ ਰੂਪ ਹੋਏ, ਪਹਿਲਾਂ ਇਹ ਕਿ ਗੁਰੂ ਰਾਮਦਾਸ ਸਾਹਿਬ ਜੀ ਦੀ ਆਗਿਆਕਾਰੀ ਨਾ ਕੀਤੀ ਦੂਸਰਾ ਇਨਾਂ ਦਾ ਮਨ ਈਰਖਾ ਨਾਲ ਜਲਦਾ ਸੀ ਅਰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਸੇਵਾ ਇਨਾਂ ਨੇ ਪਰੇਮ ਨਾਲ ਨਾ ਕੀਤੀ। ਸਦਾ ਆਪਣੇ ਮਨ ਵਿਖੇ ਅਭਿਮਾਨ ਰਖਦੇ ਸੀ ਕਿ ਅਸੀਂ ਪੁਤਰ ਹਾਂ ਗੁਰੂ ਅਰਜਨ ਸਾਹਿਬ ਜੀ ਦੀਆਂ ਭੇਜੀਆ ਹੋਈਆਂ ਦੋ ਪੱਤ੍ਰਕਾ ਇਨਾਂ ਨੇ ਲੁਕਾ ਰਖੀਆਂ, ਜਦ ਪੁਛਿਆ ਤਾਂ ਮੁਕਰ ਗਏ, ਗੁਰਿਆਈ ਤਿਲਕ ਗੁਰੂ ਅਰਜਨ ਜੀ ਨੂੰ ਹੋਯਾ ਤਾਂ ਦੁਖ ਮੰਨਕੇ ਇਹ ਪਿਤਾ ਨਾਲ ਐਸੇ ਝਗੜੇ ਜਿਸ ਕਰਕੇ ਗੁਰੂ ਸਾਹਿਬ ਨੇ ਇਹ ਸ਼ਬਦ ਉਚਾਰਿਆ—

ਸਾਰੰਗ ਮਹਲਾ ੪ ਘਰੁ ੩ ਦੁਪਦਾ

ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥ ਜਿਨਕੇ ਜਣੇ
ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥ ੧ ॥
ਰਹਾਉ ॥ ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ
ਧਨੁ ਕਿਸਹਿ ਨਾ ਆਪੁ ॥ ਖਿਨ ਮਹਿ ਛੋਡਿ ਜਾਇ

ਬਿਖਿਆ ਰਸੁ ਤਉ ਲਾਗੈ ਪਛੁਤਾਪ ॥੨॥ ਜੋ ਤੁਮਰੇ ਪ੍ਰਭੁ ਹੋਤੇ ਸੁਆਮੀ ਹਰਿ ਤਿਨ੍ਕੇ ਜਾਪਹੁ ਜਾਪ॥ ਉਪਦੇਸੁ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ ॥੨॥੧॥੭॥

ਪੁਨਾ:-ਸੂਹੀ ਮਹਲਾ ੪ ॥ ਤਿਨੀ ਅੰਤਰਿ ਹਰਿ ਆਰਾਧਿਆ ਜਿਨ ਕਉ ਧੁਰਿ ਲਿਖਿਆ ਲਿਖਤੁ ਲਿਲਾਰਾ॥ ਤਿਨ ਕੀ ਬਖੀਲੀ ਕੋਈ ਕਿਆ ਕਰੇ ਜਿਨਕਾ ਅੰਗ ਕਰੇ ਮੇਰਾ ਹਰਿ ਕਰਤਾਰਾ ॥੧॥ ਹਰਿ ਹਰਿ ਧਿਆਇ ਮਨ ਮੇਰੇ ਮਨ ਧਿਆਇ ਹਰਿ ਜਨਮ ਜਨਮ ਕੇ ਸਭਿ ਦੁਖ ਨਿਵਾਰਨ ਹਾਰਾ ॥੧॥ ਰਹਾਉ ॥ ਧੁਰਿ ਭਗਤਿ ਜਨਾ ਕਉ ਬਖਸਿਆ ਹਰਿ ਅੰਮ੍ਰਿਤ ਭਗਤਿ ਭੰਡਾਰਾ॥ ਮੂਰਖ ਹੋਵੈ ਸੁ ਉਨਕੀ ਰੀਸ ਕਰੇ ਤਿਸੁ ਹਲਤਿ ਪਲਤਿ ਮੁਹੁ ਕਾਰਾ॥੨॥ ਸੇ ਭਗਤ ਸੇ ਸੇਵਕਾ ਜਿਨਾ ਹਰਿਨਾਮੁ ਪਿਆਰਾ ॥ ਤਿਨ ਕੀ ਸੇਵਾ ਤੇ ਹਰਿ ਪਾਈਐ ਸਿਰਿ ਨਿੰਦਕ ਕੈ ਪਵੈ ਛਾਰਾ॥ ਜਿਸੁ ਘਰਿ ਵਿਰਤੀ ਸੋਈ ਜਾਣੈ ਜਗਤ ਗੁਰ ਨਾਨਕ ਪੂਛਿ ਕਰਹੁ ਬੀਚਾਰਾ॥ ਚਹੁ ਪੀੜੀ ਆਦਿ ਜੁਗਾਦਿ ਬਖੀਲੀ ਕਿਨੈ ਨਾ ਪਾਇਓ ਹਰਿ ਸੇਵਕ ਭਾਈ ਨਿਸਤਾਰਾ ॥

ਇਨਹਾਂ ਸ਼ਬਦਾਂ ਤੇ ਪਰਗਟ ਹੋਂਦਾ ਹੈ ਜੋ ਪ੍ਰਿਥੀਆ ਜੀ ਦੀ ਅਨ ਆਗਿਆਕਾਰੀ ਅਰ ਈਰਖਾ ਕੈਸੀ ਭਾਰੀ ਸੀ ਜਿਸ ਤੇ ਗੁਰੂ ਪਿਤਾ ਜੀ ਨੇ ਕ੍ਰੋਧ ਵਿਚ ਇਹ ਸ਼ਬਦ ਕਹੇ:-

ਪ੍ਰਿਥੀਆ ਜੀ ਨੇ ਗੁਰੂ ਅਰਜਨ ਸਾਹਿਬ ਨਾਲ ਬੀ ਪ੍ਰਣਾਂਤ ਤਕ ਵਿਰੋਧ ਰਖਿਆ।ਗੁਰੂ ਸਾਹਿਬ ਨੇ ਕਾਬਲ ਦੀ ਸੰਗਤ ਭਤੀਜੇ ਜਾਣਕੇ ਮੇਹਰਬਾਨ ਜੀਨੂੰ ਬਖਸ਼ੀ ਅਰ ਲਾਹੌਰੋਂ ਚਲਕੇ ਕਾਬਲ ਕੰਧਾਰ ਤਕ ਸਾਰਾ ਪਛਮ ਦੇਸ ਪ੍ਰਿਥੀਆ ਜੀ ਨੂੰ ਦੇ ਦਿਤਾ ਜੋ ਹੁਣ ਤਕ ਇਨਾਂ ਦੀ ਸੰਤਾਨ ਉਗਰਾ ਹੁੰਦੀ ਹੈ ਤਾਂ ਬੀ ਪਾਤਸ਼ਾਹ ਪਾਸ ਫਰਿਆਦੀ ਹੋਏ, ਸੁਲਹੀ ਖਾਨ, ਸੁਲਬੀਖਾਨ ਚਾੜ੍ਹਕੇ ਲਿਆਏ, ਚੰਦੂਸ਼ਾਹ ਦੀਵਾਨ ਨਾਲ ਮੈਤਰੀ ਕਰਕੇ ਉਸ ਨੂੰ ਬੀ ਇਨਾਂ ਨੇ ਵੈਰੀ ਬਣਾਇਆ; ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ ਤੇ ਐਸੇ ਦੁਖੇ ਜੋ ਦਾਈ ਨੂੰ ਧਨ ਦਾ ਲੋਭ ਦੇਕੇ ਵਿਖ ਦੇਣ ਭੇਜਿਆ ਸਪਾਧੇ ਭੇਜੇ, ਖਡਾਵੇ ਬ੍ਰਾਹਮਣ ਨੂੰ ਲੋਭ ਦੇਕੇ ਵਿਖ ਚੂਰੀ ਵਿਚ ਮਿਲਾਕੇ ਖਵਾਣੀ ਚਾਹੀ

ਜਿਸ ਨੂੰ ਗੁਰੂ ਹਰਿਗੋਬਿੰਦ ਸਾਹਿਬ ਨੇ ਕੁਤੇ ਅਗੇ ਪਵਾ ਦਿਤਾ, ਅਰ ਕੁਤੇ ਦੇ ਮਰਨ ਤੇ ਬ੍ਰਾਹਮਣ ਦਾ ਪਾਪ ਪ੍ਰਗਟਿਆ ਅਰ ਉਸ ਨੇ ਪ੍ਰਿਥੀਆ ਜੀ ਦਾ ਕਰਮ ਸੁਣਾਇਆ ਤਿਸ ਪਰਥਾਇ ਏਹ ਸ਼ਬਦ ਉਚਾਰਿਆ–

ਭੈਰਉ ਮਹਲਾ ੫ ॥

ਲੇਪੁ ਨ ਲਾਗੋ ਤਿਲ ਕਾ ਮੂਲਿ ॥ ਦੁਸਟੁ ਬ੍ਰਾਹਮਣੁ
ਮੂਆ ਹੋਇਕੈ ਸੂਲ ॥੧॥ ਹਰਿ ਜਨ ਰਾਖੇ ਪਾਰਬ੍ਰਹਮਿ
ਆਪਿ ॥ ਪਾਪੀ ਮੂਆ ਗੁਰ ਪਰਤਾਪਿ ॥੧॥ ਰਹਾਉ ॥
ਆਪਣਾ ਖਸਮੁ ਜਨਿ ਆਪਿ ਧਿਆਇਆ ॥ ਇਆਣਾ
ਪਾਪੀ ਓਹੁ ਆਪਿ ਪਚਾਇਆ ॥੨॥ ਪ੍ਰਭ ਮਾਤ ਪਿਤਾ
ਆਪਣੇ ਦਾਸ ਕਾ ਰਖਵਾਲਾ ॥ ਨਿੰਦਕ ਕਾ ਮਾਥਾ
ਈਆਂ ਊਹਾ ਕਾਲਾ ॥੩॥ ਜਨ ਨਾਨਕ ਕੀ ਪਰਮੇਸਰਿ
ਸੁਣੀ ਅਰਦਾਸਿ ॥ ਮਲੇਛੁ ਪਾਪੀ ਪਚਿਆ ਭਇਆ ਨਿਰਾਸੁ ॥੪॥੫੭॥

ਅੰਤ ਨੂੰ ਮਰਦੀ ਵੇਰ ਪੁਤਰ ਮਿਹਰਵਾਨ ਨੂੰ ਵਸੀਅਤ ਕਰ ਗਏ ਕਿ ਬਦਲਾ ਲੈਣਾ ਮੇਲ ਕਦੀ ਨਾ ਕਰਨਾ ਲਾਹੌਰ ਵਿਚ ਰਹਿੰਦਿਆਂ ਨਿਕਟ ਵਰਤੀ ਸਿਖ ਭਾਵੇਂ ਵਰਜਦੇ ਰਹੇ ਪਰ ਗੁਰੂ ਹਰਿਗੋਬਿੰਦ ਸਾਹਿਬ ਆਪ ਮਿਹਰਵਾਨ ਜੀ ਦੇ ਪਾਸ ਤੁਰਕੇ ਗਏ, ਪਰਸ਼ਾਦ ਭੇਟ ਕਰਕੇ ਕਿਹਾ ਸਾਡੇ ਦੋਹਾਂ ਦੇ ਪਿਤਾ ਇਸ ਵੇਲੇ ਧਰਤੀ ਮੰਡਲ ਪੁਰ ਨਹੀਂ ਹੁਣ ਤੁਸੀਂ ਵਿਰੋਧ ਨਾਂ ਰਖੋ, ਪਰ ਮਿਹਰਵਾਨ ਜੀ ਨੇ ਏਹ ਗਲ ਨਾ ਮੰਨੀ ਅਰ ਮੇਲ ਨਾ ਕੀਤਾ। ਸ੍ਰੀ ਗੁਰੂ ਦਸਮ ਪਾਤਸ਼ਾਹ ਜਦ ਜੁਧ ਕਰਦੇ ਹੋਏ ਅਨੰਦਪੁਰ ਤੋਂ ਨਿਕਲ ਮਾਲਵੇ ਵਿਚ ਵਿਚਰਦੇ ਸੇ, ਤਾਂ ਪ੍ਰਿਥੀਏ ਜੀ ਦੀ ਵੰਸ ਵਿਚੋਂ ਸੋਢੀ ਕੌਲ ਜੀ ਬੜਾ ਪ੍ਰਸਿਧ ਸੀ. ਗੁਰੂ ਸਾਹਿਬ ਦਾ ਆਗਮਨ ਸੁਣਕੇ ਕਾਹਲੀ ਨਾਲ ਬਾਹਰ ਨਿਕਲ ਆਯਾ, ਤਾਂ ਇਸਦੇ ਹਥ ਵਿਚ ਕੁਸ਼ਾ ਦੇ ਪਵਿਤ੍ਰ ਦੇਖਕੇ ਗੁਰੂ ਸਾਹਿਬ ਨੇ ਪੁਛਿਆ, ਏਹ ਕੀ ਪਾਯਾ ਹੈ? ਕੌਲ ਜੀ ਨੇ ਉੱਤਰ ਦਿਤਾ ਮੈਂ ਅੰਦਰ ਸਰਾਧ ਕਰਵਾਉਂਦਾ ਸਾਂ ਤੁਹਾਡਾ ਆਉਣਾ ਸੁਣਕੇ ਬਾਹਰ ਨਿਕਲ ਆਯਾ ਹਾਂ, ਏਹ ਪਵਿਤ੍ਰ ਹਥ ਵਿਚ ਹੀ ਪਏ ਰਹੇ। ਗੁਰੂ ਸਾਹਿਬ ਕਿਹਾ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਤੁਸੀਂ ਅੰਸ ਹੋਏ, ਪਰ ਅਫਸੋਸ ਤੁਹਾਨੂੰ ਪਰਤੀਤ ਨਾ ਆਈ, ਅਜੇ ਤੁਹਾਡੇ ਪਿਤਰਾਂ ਦੀ ਗਤੀ ਨ ਹੋਈ ਜੋ ਤੁਸੀਂ ਸਰਾਧ ਕਰਵਾਉਂਦੇ ਹੋ? (ਸੂਰਜ ਪ੍ਰਕਾਸ਼ ੧ ਐਨ ੫ ਅੰਸੂ)

ਇਤਯਾਦਿ ਕਾਰਨਾਂ ਤੇ ਭਾਈ ਗੁਰਦਾਸ ਜੀ ਨੇ ਛਤੀਸਵੀਂ ਵਾਰ ਹੀ ਇਨਾਂ ਦੇ ਪ੍ਰਥਾਇ ਲਿਖੀ ਅਰ ਇਨ੍ਹਾਂ ਦਾ ਨਾਮ ਮੀਣਾ ਅਰਥਾਤ ਕਪਟੀ ਛਲੀਏ ਪ੍ਰਸਿਧ ਹੋਯਾ।

ਯਥਾ–ਤੀਰਥ ਮੰਝ ਨਿਵਾਸ ਹੈ ਬਗਲਾ ਅਪਤੀਣਾ। ਲਵੇ ਬੰਬੀਹਾ ਬਰਸਦੇ ਜਲ ਜਾਇ ਨ ਪੀਣਾ। ਘੁੱਘੂ ਸੁੱਝ ਨ ਸੁਝਈ ਕਰਮਾਂ ਦਾ ਹੀਣਾ, ਨਾਭ ਕਥੂਰੀ ਮਿਰਗ ਦੇ ਵੱਤੈ ਓਡੀਣਾ। ਸਤਿਗੁਰ ਸਚੇ ਪਾਤਸ਼ਾਹ ਮੁਹਿ ਕਾਲੇ ਮੀਣਾ ॥ ੧ ॥ ਨੀਲਾਰੀ ਦੇ ਮਟ ਵਿਚ ਪੈ ਗਿਦੜ ਰਤਾ। ਜੰਗਲ ਅੰਦਰ ਜਾਇਕੇ ਪਾਖੰਡ ਕਮੱਤਾ। ਦਰ ਸੇਵੈ ਮਿਰਗਾਵਲੀ ਹੁਇ ਬਹੈ ਅਵਤਾ। ਕਰੇ ਹਕੂਮਤ ਅਗਲੀ ਕੂੜੇ ਮਦ ਮੱਤਾ। ਬੋਲਣ ਕਾਜ ਵਿਗਾੜਿਆ ਜਿਉਂ ਮੂਲੀ ਪਤਾ। ਤਿਉਂ ਦਰਗਹ ਮੀਣਾ ਮਾਰੀਐ ਕਰ ਕੂੜ ਕੁਪੱਤਾ।

(੨ ਵਾਰ ਪੌੜੀ ੨੬)

ਇਨਹਾ ਦੇ ਵੰਸ ਦੇ ਸੋਢੀ ਗੁਰੂ ਰਾਮਦਾਸ ਸਾਹਿਬ ਤਕ ਨਾਮ ਲੈਕੇ ਅਗੋਂ ਆਪਣੇ ਘਰ ਦੀਆਂ ਪਾਤਸ਼ਾਹੀਆਂ ਗਿਣਦੇ ਹਨ ਗੱਦੀ ਦੇ ਮਾਲਕਾਂ ਦਾ ਨਾਮ ਭੀ ਅਰਦਾਸ ਵਿਚ ਨਹੀਂ ਲੈਂਦੇ; ਤਾਂਤੇ ਮੀਣੇ ਤਿਆਗੋ।

ਸ੍ਰੀ ਗੁਰੂ ਰਾਮਦਾਸ ਸਾਹਿਬ ਗੁਰਿਆਈ ਪਾਈ ਤਾਂ ਗੁਰੂ ਅਮਰਦੇਵ ਜੀ ਨੇ ਲਛਮੀ ਇਨਹਾਂ ਦੀ ਚਰਨੀ ਲਾਈ ਸੰਗਤਾਂ ਦੂਰੋਂ ਦੂਰੋਂ ਆਉਣ ਭੇਟਾ ਚੜਾਉਣ ਅਰ ਮਨ ਬਾਂਛਤ ਵਰ ਪਾਉਣ। ਇਕ ਵਾਰ ਸਿਖਾਂ ਨੇ ਬੇਨਤੀ ਕੀਤੀ ਜੀ ਸਚੇ ਪਾਤਸ਼ਾਹ ਕਈ ਸਿਖ ਇਤਨੀ ਦੂਰ ਹਨ ਜੋ ਦਿਵਾਲੀ ਵਿਸਾਖੀ ਦਰਸ਼ਨ ਨੂੰ ਨਹੀਂ ਆ ਸਕਦੇ ਤਾਂਤੇ ਦਸਵੰਧ ਕਾਰ ਭੇਟ ਮੰਨਤ ਗੋਲਕ ਹਜ਼ੂਰ ਨਹੀਂ ਮੰਗਵਾ ਸਕਦੇ ਅਰ ਗ੍ਰਹਸਤ ਵਿਚ ਲੋੜ ਪਈ ਵਰਤਿਆ ਜਾਂਦਾ ਹੈ, ਤਾਂ ਗੁਰੂ ਤੋਂ ਬੇਮੁਖ ਹੋਈਦਾ ਹੈ; ਇਸ ਕਾਰਨ ਜੇ ਆਪ ਕੋਈ ਸਿਖ ਭੇਜ ਦਿਤਾ ਕਰੋ ਤਾਂ ਕਾਰ ਭੇਟ ਹਜ਼ੂਰ ਪਹੁੰਚ ਜਾਇਆ ਕਰੇ ਅਰ ਅਸੀਂ ਬੇਮੁਖ ਹੋਣ ਤੋਂ ਬਚੀਏ। ਇਹ ਸੁਣ ਕੇ ਗੁਰੂ ਸਾਹਿਬ ਨੇ ਭਾਈ ਬੁਢਾ ਭਾਈ ਗੁਰਦਾਸ ਭਾਈ ਸਾਲੋ ਆਦਿ ਸਿਖ ਠਹਿਰਾਏ ਏਹ ਜੋ ਗੁਰੂ ਸਾਹਿਬ ਜੀ ਦੀ ਥਾਂ ਜਾਂਦੇ ਭੇਟਾ ਲੈਂਦੇ ਉਪਦੇਸ਼ ਦਿੰਦੇ ਅਰ ਮਸਨਦ ਪਰ ਬੈਠਦੇ ਸੇ ਇਸ ਕਾਰਨ ਅਥਵਾ ਗੁਰੂ ਸਾਹਿਬ ਜੀ ਦੀ ਮਸਨਦ ਨਾਲ ਸਬੰਧ ਹੋਣੇ ਤੇ ਇਨਾਂ ਦਾ ਨਾਮ ਮਸੰਦ ਪ੍ਰਸਿਧ ਹੋਯਾ ਇਨਾਂ ਦੀ ਪੂਜਾ ਭੀ ਸਿਖ ਗੁਰੂ ਸਮਾਨ ਹੀ ਕਰਨੇ ਲਗੇ। ਗੁਰੂ ਅਰਜਨ ਜੀ ਗੁਰੂ ਹਰਿਗੋਬਿੰਦ ਸਾਹਿਬ ਤਕ ਤਾਂ ਏਹ ਚੰਗੇ ਰਹੇ ਜਦ ਬੜੇ ਮਸੰਦ ਮ੍ਰਿਤ ਹੋ ਗਏ ਨਵੇਂ ਉਨਾਂ ਦੀ ਥਾਂ ਆਏ ਗੁਰੂ ਹਰਿਰਾਇ ਸਾਹਿਬ ਦੇ ਸਮੇਂ ਏਹ ਵਿਗੜਨ ਲਗੇ ਪੂਜਾ ਦੇ ਧਨ ਨੇ ਇਨਹਾਂ ਦੀ ਬੁਧ ਮਲੀਨ ਕਰ ਦਿਤੀ ਧਨ ਚੁਰਾਉਣ ਲਗੇ, ਗੁਰੂ ਹਰਿ ਕ੍ਰਿਸ਼ਨ ਸਾਹਿਬ ਬਾਲ ਅਵਸਥਾ ਵਿਚ ਹੀ ਜੋਤੀ ਜੋਤ ਸਮਾਏ ਇਸ ਵੇਲੇ ਇਨਹਾਂ ਨੇ ਮੰਜੀਆਂ ਲਈਆਂ ਅਰ ਆਪ ਗੁਰੂ ਬਣਨੇ ਦਾ ਉੱਦਮ ਕੀਤਾ, ਪਰ

ਸ਼ਕਤੀ ਤੇ ਬਿਨਾਂ ਬਣ ਨਾ ਸਕੇ, ਗੁਰੂ ਤੇਗ ਬਹਾਦਰ ਸਾਹਿਬ ਵੈਰਾਗ ਰੂਪ ਵਿਦੇਸ਼ ਰਟਨ ਵਿਚ ਰਹੇ; ਜਦ ਕਲਗੀਧਰ ਮਹਾਰਾਜ ਗੱਦੀ ਪਰ ਬੈਠੇ, ਅਰ ਲੇਖਾ ਪੁਛਿਆ, ਤਾਂ (ਇਨਾਂ ਨੂੰ ਖਾਧਾ ਉਗਲਛਣਾ ਅਤਿ ਕਠਨ ਹੋਯਾ ਲੇਖਾ ਦੇ ਨ ਸਕੇ) ਹੁਣ ਏਹ ਆਪ ਗੁਰੂ ਕਹਾਉਂਦੇ ਸੇ, ਇਨਾਂ ਨੂੰ ਅਹੰਕਾਰ ਸੀ, ਅਸੀਂ ਜਿਸ ਨੂੰ ਚਾਹੀਏ ਗੁਰੂ ਬਣਾਈਏ, ਬੜੇ ਲੋਭੀ ਅਰ ਪਖੰਡੀ ਅਰ ਛੇ ਮਹੀਨੇ ਪਿਛੋਂ ਐਉਂ ਸਿਖਾਂ ਪਾਸੋਂ ਧਨ ਲੈਣ ਚੜਦੇ ਸੇ, ਜਿਸਤਰਾਂ ਰਾਜਾ ਦਾ ਕਰ ਤਹਿਸੀਲਦਾਰ ਲੈਂਦਾ ਹੈ, ਅਰ ਜੇ ਕਿਸੇ ਸਿਖ ਪਾਸੋਂ ਸਰ ਨਾ ਆਵੇ ਤਾਂ ਬੜਾ ਤੰਗ ਕਰਦੇ ਅਰ ਸਰਾਪ ਦਿੰਦੇ ਸੇ) ਇਨਾਂ ਨੇ ਉਤਰ ਦਿਤਾ ਤੂੰ ਸਾਡੇ ਹਥਾਂ ਵਿਚ ਜੰਮਿਆ ਅਰ ਪਾਲਿਆ ਸਾਡੀ ਮੇਹਨਤ ਤੂੰ ਕੀ ਜਾਣੇ ? ਅਸੀਂ ਦੇਸਾਂ ਪ੍ਰਦੇਸਾਂ ਵਿਖੇ ਜਾਂਦੇ ਰਾਹ ਦੇ ਦੁਖ ਝਾਗਦੇ ਤੁਹਾਡੇ ਗੁਣ ਗਾਉਂਦੇ ਸਿਖਾਂ ਨੂੰ ਸੁਣਾਉਂਦੇ ਅਰ ਰਿਝਾਉਂਦੇ ਤੁਹਾਡੇ ਪਾਸ ਲਿਆਉਂਦੇ ਭੇਟਾ ਚੜ੍ਹਾਉਂਦੇ ਚੰਗੇ ਪਦਾਰਥ ਦਿਵਾਉਂਦੇ ਹਾਂ, ਤੁਸਾਂ ਭਲੀ ਕਦਰ ਕੀਤੀ, ਲੇਖਾ ਪੁਛਨ ਲਗੇ ? ਹੁਣ ਅਸੀਂ ਚੋਰ ਹੋਏ ਮਸੰਦ ਕਾਹਦੇ ਹੋਏ ? ਭਲਾ ਇਨਾਮ ਤੁਸਾਂ ਦਿਤਾ। ਏਹ ਕਹਿੰਦੇ ਮਾਤਾ ਗੁਜਰੀ ਜੀ ਦੇ ਪਾਸ ਜਾ ਪੁਕਾਰੇ ਜੁਧ ਦਾ ਸਮਾਂ ਆਯਾ ਤਾਂ ਭਾਈ ਸਾਲੋਂ ਦਾ ਪੋਤਰਾ ਦੁਨੀ ਚੰਦ ਮਸੰਦ ਅਧੀ ਰਾਤੀਂ ਗੁਰੂ ਤੇ ਬੇਮੁਖ ਹੋਯਾ ਕੰਧ ਟੱਪਕੇ ਨੱਠ ਆਯਾ, ਪਰ ਇਸ ਮੌਤ ਤੇ ਡਰਦਾ ਨੱਠਾ ਸੋ ਦੁਖ ਪਾਇਕੇ ਅੰਮ੍ਰਿਤਸਰ ਜੀ ਵਿਚ ਆਇਕੇ ਮੌਤ ਦਾ ਗਰਾਸ ਹੋਯਾ ॥

(੪ ਰੁਤ ੨੪ ਅੰਸੂ)

ਚੇਤੋ ਮਸੰਦ ਸਾਰੇ ਮਸੰਦਾਂ ਦਾ ਸਰਦਾਰ ਸੀ, ਇਸ ਨੇ ਸੁਚੇ ਜੜਾਊ ਗੇਂਡੇ ਦਾ ਚੂੜਾ ਚੁਰਾਯਾ ਅਰ ਪੁਛਿਆ ਤਾਂ ਮੁਕਰ ਗਿਆ, ਗੁਰੂ ਸਾਹਿਬ ਨੇ ਤਹਕੀਕਾਤ ਕਰਕੇ ਇਸ ਨੂੰ ਗੁੜ ਦੀ ਪੱਤ ਨਾਲ ਸਾੜਕੇ ਮਾਰਿਆ।

(ਰੁਤ ੧੫-੧੬ ਅੰਸੂ

ਮਸੰਦਾਂ ਦੇ ਸਵਾਂਗ ਭੰਡਾਂ ਨੇ ਵਿਖਾਏ ਕਈਯਾ ਮੱਈਯਾ ਨਾਮੇ ਮਸੰਦ ਨੇ ਬੰਗਾਲੇ ਸਿਖਾਂ ਦਾ ਭੇਜਿਆ ਹੋਯਾ ਬਾਦਲੇ ਦਾ ਥਾਨ ਚੁਰਾਯਾ ਸੋ ਪ੍ਰਗਟ ਹੋ ਆਇਆ।

(੩ ਰੁਤ ੨੯-੩੦ ਅੰਸੂ)

ਨੰਦ ਚੰਦ ਮਸੰਦ ਨੇ ਸਾਧਾਂ ਦਾ ਗੁਰੂ ਗਰੰਥ ਸਾਹਿਬ ਲੁਕਾ ਰਖਿਆ।

(੩ ਰੁਤ ੩੧ ਅੰਸੂ)

ਇਤਯਾਦ ਚੋਰੀ ਯਾਰੀ ਸਿਖਾਂ ਨਾਲ ਖੁਆਰੀ ਕਰਦੇ ਪੂਜਾ ਦੇ ਧਾਨ ਨੇ ਇਨਾਂ ਦੀ ਮੱਤ ਮਾਰੀ ਦੇਖਕੇ ਗੁਰੂ ਸਾਹਿਬ ਨੇ ਤੇਲ ਦੇ ਕੜਾਹੇ ਤਪਾਇ ਤਿਨਾਂ ਦੇ ਵਿਚ ਪਾਇ ਸੈਂਕੜੇ ਹੀ ਰਾਮਰਾਇ ਜੀ ਦੇ ਮਸੰਦ ਸਾੜੇ। ਕੋਈ।

ਕੋਈ ਭਲੇ ਪੁਰਸ਼ ਭਾਈ ਫੇਰੂ ਜੀ ਆਦਿ ਬਚਾਇ ਦੁਸ਼ਟ ਮਸੰਦ ਮਰਵਾਇ ਸੰਗਤ ਦੇ ਸਿਰੋਂ ਕਲੰਕ ਹਿਟਾਇ ਸਿਖਾਂ ਨੂੰ ਸੁਤੰਤਰ ਕੀਤਾ, ਅਰ ਆਗਿਆ ਦਿਤੀ ਕਿ ਉਨਾਂ ਮਸੰਦਾਂ ਨਾਲ ਮੇਲ ਭੀ ਨਹੀਂ ਰਖਣਾ ਚਾਹੀਏ, ਜੋ ਗੁਰੂ ਤੇ ਬੇਮੁਖ ਕਰਕੇ ਆਪ ਹੀ ਗੁਰੂ ਬਣਕੇ ਪੁਜਾਉਣ ਅਤੇ ਇਸ ਵੇਲੇ ਬੀ ਜੋ ਆਪ ਗੁਰੂ ਕਹਾਉਣ ਜਾ ਗੁਰੂ ਦੀ ਕਾਰ ਭੇਟ ਚੁਰਾਉਣ, ਓਹ ਬੀ ਮਸੰਦ ਹਨ।

(੩) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵਡੇ ਸਪੁਤ੍ਰ ਬਾਬਾ ਗੁਰਦਿਤਾ ਦੀਨ ਦੁਨੀ ਦਾ ਟਿਕਾ ਤਿਨਾਂ ਦੇ ਵਡੇ ਪੁਤ੍ਰ ਧੀਰ ਮਲ ਜੀ ਗੁਰੂ ਹਰਿਰਾਇ ਸਾਹਿਬ ਦੇ ਵਡੇ ਭ੍ਰਾਤਾ ਸੇ। ਇਨਾਂ ਦੇ ਮਨ ਵਿਚ ਧਨ ਦਾ ਲੋਭ ਅਰ ਚਤੁਰਾਈ ਦਾ ਮਾਨ ਸੀ, ਪ੍ਰਿਥੀਏ ਜੀ ਦੀ ਤਰਾਂ ਏਹ ਬੀ ਆਪਣੇ ਆਪ ਭਗਤੀ ਭਾਉ ਸੇਵਾ ਸਰਧਾ ਪਰੇਮ ਨਿੰਮ੍ਰਤਾ ਤੇ ਬਿਨਾਂ ਹੀ ਗੁਰੂ ਬਣਨਾ ਚਾਹੁੰਦੇ ਸੇ। ਜਦ ਪੈਂਦੇ ਖਾਨ ਪਠਾਨ ਗੁਰੂ ਸਾਹਿਬ ਤੇ ਨਿਮਕ ਹਰਾਮ ਹੋਯਾ ਨਠਾ ਲਾਹੌਰ ਵਿਚ ਫਰਿਆਦਿ ਹੋਕੇ ਗੁਰੂ ਸਾਹਿਬ ਉਤੇ ਬਾਦਸ਼ਾਹੀ ਫੌਜ ਚੜ੍ਹਾਇ ਲਿਆਯਾ ਅਰ ਕਰਤਾਰ ਪੁਰ ਵਿਖੇ ਬੜਾ ਭਾਰੀ ਸੰਗ੍ਰਾਮ ਮਚਾਯਾ, ਪੈਂਦੇ ਖਾਨ ਮਾਰਿਆ ਅਰ ਗੁਰੂ ਸਾਹਿਬ ਨੇ ਫਤਹ ਪਾਈ ਤਾਂ ਏਹ ਤੁਰਕਾਂ ਨਾਲ ਰਲਕੇ ਗੁਰੂ ਸਾਹਿਬ ਦੇ ਵਿਰੁਧ ਸ਼ਤ੍ਰੂਆਂ ਨੂੰ ਸਹੈਤਾ ਦਿੰਦਾ ਰਿਹਾ, ਸਾਹਿਬ ਕੀਰਤਪੁਰ ਵਿਚ ਆਇ ਰਹੇ ਤਾਂ ਧੀਰ ਮਲ ਨਾਂ ਆਯਾ ਅਰ ਇਸ ਨੇ ਸਾਫ ਕਹਿ ਦਿਤਾ ਕਿ ਮੈਂ ਤੁਹਾਡੇ ਨਾਲ ਰਲਕੇ ਪਾਤਸ਼ਾਹ ਨਾਲ ਵਿਗਾੜ ਲਵਾਂ? ਫੇਰ ਜਦ ਗੁਰੂ ਸਾਹਿਬ ਨੇ ਸਦਵਾਯਾ ਤਾਂ ਬੀ ਨਹੀਂ ਆਯਾ, ਅਰ ਜਦ ਬਹੁਤ ਵੇਰ ਸਦਨੇ ਤੇ ਨਾਂ ਆਯਾ, ਤਾਂ ਚਾਂਦਨੀ ਤਣਵਾਇ ਫਰਸ਼ ਪਰ ਪਲੰਘ ਬਿਛਵਾਇ ਤਕੀਏ ਲਗਵਾਇ ਚੌਰ ਛਤ੍ਰ ਕਰਵਾਇ ਆਪੇ ਹੀ ਗੁਰੂ ਬਣਨਾ ਚਾਹਿਆ, ਤਾਂ ਗੁਰੂ ਹਰਿਗੋਬਿੰਦ ਜੀ ਨੇ ਇਨ੍ਹੂੰ ਕਢਵਾਯਾ ਅਰ ਪੰਜ ਪੈਸੇ ਨਲੇਰ ਭੇਟ ਧਰਕੇ ਗੁਰਿਆਈ ਦਾ ਤਿਲਕ ਗੁਰੂ ਹਰਿਰਾਇ ਜੀ ਨੂੰ ਲਗਾਯਾ ਉਪਰੰਤ ਜਦ ਗੁਰੂ ਹਰਿ ਗੋਬਿੰਦ ਸਾਹਿਬ ਜੋਤੀ ਜੋਤ ਮਿਲੇ ਤਾਂ ਇਨਾਂ ਪਾਸੋਂ ਪਾਠ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਮੰਗਿਆ ਤਾਂ ਬੀ ਇਸ ਨੇ ਨਾ ਦਿਤਾ, ਅਰ ਈਰਖਾ ਕਰਦੇ ਰਹੇ, ਹਰਿਰਾਇ ਸਾਹਿਬ ਪਰ ਫਰਯਾਦੀ ਹੁੰਦੇ ਰਹੇ ਬਕਾਲੇ ਵਿਚ ਮੰਜੀ ਲਾਇਕੇ ਆਣ ਬੈਠੇ, ਫੇ ਗੁਰੂ ਤੇਗ ਬਹਾਦਰ ਸਾਹਿਬ ਜੀ ਉਤੇ ਬੰਦੂਕ ਦਾ ਫੈਰ ਕੀਤਾ ਅਰਸਭ ਸਮਾਨ ਲੁਟਕੇ ਲੈ ਗਏ, ਜੋ ਮਖਣ ਸ਼ਾਹ ਨੇ ਮੁੜਵਾਯਾ ਅਰ ਦਸਮ ਪਾਤਸ਼ਾਹ ਜੀ ਨੂੰ ਬੀ ਅਸਵਾਰਾ ਸਾਹਿਬ ਉਤਾਰੇ ਵਾਸਤੇ ਨਾ ਦਿਤਾ। ਇਨ੍ਹਾਂ ਦੇ ਸਿਖ ਅਰਦਾਸ ਵਿਚ ਛੇ ਪਾਤਸ਼ਾਹੀਆਂ ਦੇ ਨਾਮ ਲੈਂਦੇ ਹਨ, ਅਗੇ ਨਹੀਂ ਲੈਂਦੇ ਅਰ ਗੁਰੂ ਗ੍ਰੰਥ ਸਾਹਿਬ ਜੀ ਨਾਲੋਂ ਬੀ ਇਨਾਂ ਦੀ ਸੰਤਾਨ ਆਪਨਾ ਆਦਰ

ਵਧੀਕ ਕਰਾਉਂਦੀ ਹੈ ਤਾਂਤੇ ਇਨਾਂ ਦਾ ਭੀ ਤਿਆਗ ਕੀਤਾ ਗਿਆ ਜਦ ਤਕ ਅੰਮ੍ਰਿਤ ਨਾ ਛਕਣ ਇਨਾਂ ਦੀ ਸੰਤਾਨ ਧੀਰ ਮਲੀਏ ਕਹਾਉਂਦੀ ਹੈ, ਖਾਲਸਾ ਜੀ ਇਨਾਂ ਨਾਲ ਮੇਲ ਜੋਲ ਨਹੀਂ ਕਰ ਸਕਦੇ।*

(੪) ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਵਡੇ ਪੁਤ੍ਰ ਟਿਕਾ ਰਾਮ ਰਾਇ ਜੀ, ਜੋਗ ਅਰ ਭੋਗ ਦੋਹਾਂ ਵਿਖੇ ਲਾਇਕ, ਗੁਰੂ ਸਾਹਿਬ ਨੇ ਇਨਾਂ ਨੂੰ ਆਪਣੇ ਥਾਂ ਸ਼ਕਤਿ ਬਖਸ਼ਕੇ ਦਿੱਲੀ ਭੇਜਿਆ, ਪਾਤਸ਼ਾਹ ਨੂੰ ਇਨਾਂ ਨੇ ਅਣਗਿਣਤ ਕਰਾਮਾਤਾਂ ਦਿਖਾਈਆਂ ਜਿਨਾਂ ਵਿਚੋਂ ਬਹੁਤ ਬੜੀਆਂ ਪਰਸਿਧ ਅਰ ਵਿਖਯਾਤ ਹਨ। ਪਰ ਅੰਤ ਨੂੰ ਮੁਲਾਹਜੇ ਵਿਚ ਆ ਗਏ, ਖੁਸ਼ਾਮਦ ਦੇ ਮਾਰੇ ਇਨਾਂ ਨੇ ਗੁਰਬਾਨੀ ਦੇ ਦੋ ਅਖਰ ਉਲਟਾਏ, ਜੋ ਮਿਟੀ ਮੁਸਲਮਾਨ ਕੀ ਪਾਠ ਨੂੰ ਮਿਟੀ ਬੇਈਮਾਨ ਕੀ ਪੜਿਆ, ਇਹ ਸੁਣਕੇ ਗੁਰੂ ਸਾਹਿਬ ਨੇ ਇਨ੍ਹਾਂ ਨੂੰ ਅਜਿਹਾ ਤਿਆਗਯਾ ਜੋ ਫੇਰ ਮਥੇ ਨਾ ਲਾਯਾ ਗੁਰਬਾਣੀ ਦਾ ਅਖਰ ਗੁਰੂ ਨੇ ਪੁਤਰਾਂ ਨਾਲੋਂ ਵਧ ਪਿਆਰਾ ਕੀਤਾ, ਅੰਤ ਨੂੰ ਜਗਤ ਤੇ ਉਦਾਸ ਹੋਏ ਗਦੀ ਦਾ ਤਿਲਕ ਛੋਟੇ ਪੁਤਰ ਗੁਰੂ ਹਰਿਕ੍ਰਿਸ਼ਨ ਜੀ ਨੂੰ ਕਰਕੇ ਜੋਤੀ ਜੋਤ ਸਮਾਏ।

ਇਸ ਵੇਲੇ ਥੋਂ ਰਾਮਰਾਇ ਜੀ ਮਨ ਵਿਖੇ ਵਿਰੋਧ ਰਖਕੇ ਪਾਤਸ਼ਾਹ ਨੂੰ ਪ੍ਰੇਰਨ ਲਗੇ, ਅੰਤ ਨੂੰ ਪਾਤਸ਼ਾਹ ਨੇ ਸਦ ਭੇਜਿਆ ਕਿ ਦਿੱਲੀ ਵਿਖੇ ਮੈਨੂੰ ਦਰਸ਼ਨ ਦਿਓ, ਅਰ ਗੁਰੂ ਸਾਹਿਬ ਦਿੱਲੀ ਵਿਖੇ ਪਹੁੰਚੇ ਤਾਂ ਰਾਮ ਰਾਇ ਜੀ ਨੇ ਐਸਾ ਵਿਰੋਧ ਕੀਤਾ ਜੋ ਪਰਸਪਰ ਸਰਾਪ ਹੋਏ, ਭਾਵੇਂ ਗੁਰੂ ਸਾਹਿਬ ਸਮਰਥ ਸਨ, ਪਰ ਬਹਾਨਾਂ ਇਹੋ ਹੀ ਬਣਿਆਂ, ਜੋ ਰਾਮਰਾਇ ਜੀ ਦਾ ਸਰਾਪ 'ਮਾਈ ਦਾ ਖਾਜਾ" ਮੰਨਕੇ ਹੀ ਸਤਿਗੁਰ ਜੋਤੀ ਜੋਤ ਸਮਾਏ।

ਉਪਰੰਤ ਜਮਨਾ ਨਦੀ ਵਿਖੇ ਇਧਰੋਂ ਕਲਗੀਧਰ ਮਹਾਰਾਜ ਗੁਰੂ ਗੋਬਿੰਦ ਸਿੰਘ ਅਰ ਉਧਰੋਂ ਰਾਮਰਾਇ ਜੀ ਬੇੜੀਆਂ ਪਰ ਚੜੇ ਆਏ, ਅਰ ਪਿਛਲਾ ਸਭ ਵਿਰੋਧ ਵਿਸਾਰਕੇ ਸਤਿਗੁਰੂ ਜੀ ਨੇ ਮੇਲ ਕੀਤਾ, ਪਰਸਪਰ ਬਚਨ ਬਿਲਾਸ ਹੋ ਰਹੇ ਸੇ, ਤਾਂ ਗੁਰੂ ਸਾਹਿਬ ਜੀ ਨੇ ਦੇਖਿਆ, ਜੋ ਰਾਮਰਾਇ ਜੀ ਦੇ

---

*ਇਸ ਵੇਲੇ ਧੀਰ ਮਲ ਜੀ ਦੇ ਕੁਲ ਦੀਪਕ ਸ਼ੁਭ ਸੰਤਾਨ ਗੁਰੂ ਅੰਸ ਸੋਢੀ ਸਾਹਿਬ ਨੋ ਨਿਹਾਲ ਸਿੰਘ ਜੀ ਨੇ ਆਪਣੇ ਵਡੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਦੀ ਗੱਦੀ ਤਾਬਿਆ ਹੋਕੇ ਅਮ੍ਰਿਤ ਛਕ ਲਿਆ ਅਰ ਧੀਰ ਮਲ ਜੀ ਦੇ ਨਾਮ ਦਾ ਕਲੰਕ ਧੋ ਦਿਤਾ ਹੈ। ਹੁਣ ਪੰਥ ਖਾਲਸਾ ਵਿਚ ਭੀ ਪੂਜਨੀਕ ਅਰ ਸਤਕਾਰ ਦੇ ਜੋਗ ਹਨ।

ਨਾਲ ਸਿਖ ਸੰਗਤ ਗੁਰੂ ਸਾਹਿਬ ਵਲ ਪਿਠ ਕਰਕੇ ਖੜੋਤੇ ਹਨ। ਉਨਾਂ ਦੀ ਗੁਰੂ ਭਗਤੀ ਅਰ ਦ੍ਰਿੜ ਵਿਸ਼ਵਾਸ ਦੇਖਕੇ ਤਾਂ ਮਹਾਰਾਜ ਹਰਖਿਤ ਹੋਏ, ਅਰ ਬਚਨ ਹੋਯਾ 'ਰਾਮਰਾਇ ਗੁਰ ਪੂਠਾ ਅਰ ਸੰਗਤ ਭੂਤਨੀ'। ਇਤਆਦਿ ਕਾਰਨਾਂ ਤੇ ਰਾਮਰਾਇ ਨਾਲ ਮੇਲ ਹੋਇਆ ਪਰ ਸੰਗਤ ਨਾਲ ਮੇਲ ਨਾ ਰਿਹਾ, ਇਸਤੇ ਆਗਿਆ ਮਿਲਦੀ ਹੈ, ਰਾਮਰਾਈਯਾਂ ਨਾਲ ਮੇਲ ਨਾ ਕਰਨਾ ਅਜੇ ਤਕ ਬੀ ਰਾਮਰਾਈਯੇ ਆਪਣੀ ਮਨ ਕਲਪਤ ਅਰਦਾਸ ਕਰਦੇ ਹਨ, ਅਰਦਾਸ ਵਿਖੇ ਅਠਵੇਂ ਨਾਵੇਂ ਦਸਵੇਂ ਪਾਤਿਸ਼ਾਹ ਦਾ ਨਾਮ ਨਹੀਂ ਲੈਂਦੇ।

(ਸੂਰਜ ਪ੍ਰਕਾਸ਼ ੨ ਰਿਤੂ ੩ ਅੰਸੂ)

(੫) ਸਿਰਗੁੰਮ, ਭਾਵੇਂ ਲੋਕ ਸਿਰ ਮੁੰਨੇ ਦਾ ਨਾਮ ਸਿਰਗੁੰਮ ਕਹਿੰਦੇ ਹਨ, ਜਿਸਦੇ ਬੋਦੀ ਦਾ ਚਿੰਨ ਹੋਵੇ, ਪਰ ਅਸਲ ਸਿਰ ਗੁੰਮ ਓਹ ਹਨ, ਜੇਹੜੇ ਅੰਮ੍ਰਿਤ ਛਕਕੇ ਫੇਰ ਕੇਸ ਉਤਾਰ ਦੇਣ ਯਾ ਦਾਹੜੀ ਮੁੰਡਾਉਣ ਯਾ ਸਿਖ ਪੁਤ ਮੋਨਾਂ ਹੋ ਜਾਵੇ ਅਰਥਾਤ ਸਿਖੀ ਧਰਮ ਤੋਂ ਪਤਿਤ ਹੋਏ ਇਨਾਂ ਪੰਜਾਂ ਨਾਲ ਮੇਲ ਨਹੀਂ ਕਰਨਾ, ਕਿਸੀ ਪ੍ਰਕਾਰ ਦਾ ਵਰਤਾਰਾ ਇਨਾਂ ਨਾਲ ਸਿਖ ਨਾ ਰਖੇ ਜੇ ਰਖੇ ਤਾਂ ਏਹ ਗੁਰੂ ਤੇ ਬੇਮੁਖ ਕਰਨਗੇ, ਅਰ ਗੁਰੂ ਕੀ ਬੇਮੁਖਤਾਈ ਨਰਕ ਦਾ ਕਾਰਨ ਹੈ।

ਯਥਾ:-ਜੋ ਅਪਨੇ ਗੁਰ ਤੇ ਮੁਖ ਫਿਰ ਹੈਂ, ਈਹਾਂ ਊਹਾਂ ਤਿਨਕੇ
ਗ੍ਰਿਹ ਗਿਰ ਹੈ ॥ ਈਹਾਂ ਉਪਹਾਸ ਨ ਸੁਰ ਪੁਰ ਬਾਸਾ,
ਸਭ ਬਾਤਨ ਤੇ ਰਹੇ ਨਿਰਾਸਾ ॥

ਪੁਨਾ:-ਗੁਰ ਪਗ ਤੇ ਜੋ ਬਿਮੁਖ ਸਿਧਾਰੇ, ਈਹਾਂ ਊਹਾਂ ਤਿਨਕੇ
ਮੁਖ ਕਾਰੇ ॥ ਗੁਰ ਦੋਖੀ ਸਗ ਕੀ ਮ੍ਰਿਤ ਪਾਵੇਂ, ਨਰਕ
ਕੁੰਡ ਡਾਰੇ ਪਛਤਾਵੇ। (ਬਚਿਤਰ ਨਾਟਕ)

ਪੁਨਾ:-ਮਤ ਕੋ ਭਰਮਿ ਭੂਲੈ ਸੰਸਾਰ ॥ ਗੁਰ ਬਿਨ ਕੋਇ ਨ
ਉਤਰਸਿ ਪਾਰ ॥

ਤਾਂਤੇ ਗੁਰੂ ਸਾਹਿਬ ਦੀ ਆਗਿਆ ਅਨੁਸਾਰ ਚਲੋ ਮਨਮੁਖਾਂ ਅਰ ਮਨਮਤੀਆਂ ਦਾ ਸੰਗ ਤਿਆਗਕੇ ਆਪਣਾ ਲੋਕ ਪਰਲੋਕ ਸੁਧਾਰੋ ॥ ਇਤੀ ॥

*

ਵਖਯਾਨੰ ੪੪

ਦੋਹਰਾ:-ਸਿਖਿਆ ਦੇਕਰ ਤਾਤ ਕੋ ਯਥਾ ਤਾਤ ਸਮਝਾਤ ॥
ਤੈਸੇ ਸਿਖਨ ਕੋ ਗੁਰੂ ਸਿਖ੍ਯਾ ਸੁਮਤਿ ਬਤਾਤ ॥
ਗੁਰ ਦਾਤਾ ਭਰਾਤਾ ਸਦਾ ਮਾਤਾ ਸਮਾ ਲਡਾਤ ॥
ਮਾਂ ਲਾਲਨ ਬਿਨਸਿਸ ਸਮਾ ਬੇਮੁਖ ਹੀਯ ਪਛਤਾਤ ॥

ਸੰਗਤ ਜੀ, ਸਤਿਗੁਰੂ ਆਗਿਆ ਦਿੰਦੇ ਹਨ ਨੜੀ ਮਾਰ ਕੁੜੀ ਮਾਰ ਦੀ ਸੰਗਤ ਨਹੀਂ ਕਰਨੀ, ਨੜੀਮਾਰ ਦਾ ਪਰਯੋਜਨ ਹੈ ਤਮਾਕੂ ਪੀਣੇ ਵਾਲਾ, ਪੰਜਾਬ ਰਾਜਪੂਤਾਨਾ ਅਰ ਸਿੰਧ ਆਦਿ ਦੇਸਾਂ ਵਿਖੇ ਤਾਂ ਬੜੇ ਬੜੇ ਹੁਕੇ ਲੰਬੀਆਂ ਲੰਬੀਆਂ ਨੜੀਆਂ ਨਾਲ ਪੀਂਦੇ ਹਨ ਅਰ ਹਿੰਦੁਸਤਾਨ ਬੰਗਾਲ ਬਿਹਾਰ ਨਿਵਾਸੀ ਛੋਟੇ ਛੋਟੇ ਹੁਕਿਆਂ ਨੂੰ ਹੀ ਮੂੰਹ ਨਾਲ ਚੁੰਘਦੇ ਅਰ ਯੂਰਪ ਨਿਵਾਸੀਆਂ ਦਾ ਹੁਕਾ ਨਿਰਾ ਦੰਦਾਂ ਯਾਂ ਬੁਲਾ ਦੇ ਬਲ ਨਾਲ ਹੀ ਮੂੰਹ ਵਿਚ ਰਹਿੰਦਾ ਹੈ, ਅਰ ਚੁੰਘਿਆ ਜਾ ਸਕਦਾ ਹੈ, ਪਰ ਚੁਰਟ ਸਿਗਰਟ ਤਾਂ ਕੇਵਲ ਤਮਾਕੂ ਦੇ ਪਤਰ ਹੀ ਮਿਸਾਲੇ ਨਾਲ ਲਪੇਟੇ ਅਰ ਸੁਕਾਏ ਹੋਏ ਹੋਂਦੇ ਹਨ ਜਿਨਾਂ ਦੇ ਪੀਣ ਦਾ ਇਸ ਵੇਲੇ ਬਹੁਤ ਹੀ ਵਰਤਾਰਾ ਹੈ ਅਰ ਹੋਂਦਾ ਜਾਂਦਾ ਹੈ। ਇਨਾਂ ਸਭ ਤਰਾਂ ਦੇ ਤਮਾਕੂ ਪੀਣ ਵਾਲਿਆਂ ਨੂੰ ਨੜੀਮਾਰ ਹੀ ਕਹਿੰਦੇ ਹਨ ਕਲਗੀਧਰ ਮਹਾਰਾਜ ਦੇ ਸਿਖਾਂ ਤੇ ਬਿਨਾਂ ਹੋਰ ਕੋਈ ਇਸ ਤੇ ਨਹੀਂ ਬਚਿਆ, ਆਲਸੀ ਲੋਕਾਂ ਦਾ ਪਰਚਾਰ ਹੈ, ਕਲਜੁਗ ਦਾ ਰੂਪ ਹੈ, ਇਸ ਦਾ ਨਾਮ ਜਗਤ ਜੂਠ ਹੈ, ਇਸਦੇ ਪੀਣੇ ਵਾਲੇ ਪਵਿਤਰ ਨਹੀਂ ਕਹਾਏ ਜਾ ਸਕਦੇ, ਮਲੇਛਤਾਈ ਦਾ ਮੁਢ ਹੈ। ਪੀਣ ਵਾਲਿਆਂ ਦੇ ਮਨ ਅਜਿਹੇ ਹੀ ਭਰਿਸ਼ਟ ਹੋਂਦੇ ਹਨ ਜਿਹੀ ਇਸ ਦੀ ਨੜੀ ਅੰਦਰੋਂ ਸੜੀ ਹੋਈ ਹੋਂਦੀ ਹੈ। ਇਸ ਦੇ ਪੀਣੇ ਵਾਲਿਆਂ ਦੀ ਸੰਗਤ ਕਰਨੀ ਭੀ ਬੁਧਿ ਨਾਸ ਕਰਦੀ ਹੈ, ਮਨ ਸੁਧ ਸਵੇਤ ਬਸਤ੍ਰ ਦੇ ਸਮਾਨ ਹੈ, ਕਾਲੇ ਬਾਸਨ ਦੇ ਨਾਲ ਛੋਹਣੇ ਤੇ ਤੁਰਤ ਦਾਗੀ ਹੋਂਦਾ ਹੈ (ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥ ਬਾਸਨ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥ ੧੩੧ ॥) ਪੁਨਾ:-(ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥ ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥ ੮੮ ॥) ਇਸੇ ਸੰਗਤ ਦਾ ਫਲ ਹੈ, ਜੋ ਸਰੇਸ਼ਟ ਕੁਲੀਨ ਸਿੰਘਾਂ ਦੇ ਪੁਤਰਾਂ ਵਿਚੋਂ ਬਹੁਤ ਹੀ ਵਲਾਇਤ ਗਏ ਜਗਤ ਜੂਠ ਦੇ ਆਦੀ ਹੋ ਆਏ, ਗੁਰੂ ਕੀ ਮੋਹਰ ਸਿਰੋਂ ਗਵਾਇ ਆਏ ਦੁਧ ਦੀ ਸੰਗਤ

ਕਰਕੇ ਪਾਣੀ ਕੀਮਤੀ ਹੋ ਜਾਂਦਾ ਹੈ. ਗੁਲਾਬ ਬੇਦ ਮੁਸ਼ਕ, ਕਾਹਜਵਾਨ, ਸੌਂਫ ਆਦਿ ਔਸ਼ਧੀਆਂ ਦੀ ਸੰਗਤ ਕਰਕੇ ਅਰਕ ਬਣਿਆ ਮੁਲ ਪਾਉਂਦਾ ਸਭ ਨੂੰ ਸੁਹਾਉਂਦਾ ਅਰ ਰੋਗ ਗਵਾਉਂਦਾ ਹੈ। ਮਿਸਰੀ ਦੀ ਸੰਗਤ ਕਰਕੇ ਮਿਠਾ ਸਦਾਉਂਦਾ ਹੈ, ਗੁਰਾਂ ਦੀ ਸੰਗਤ ਕਰਕੇ ਪਵਿਤਰ ਹੋਂਦਾ ਹੈ ਅਰ ਉਹੋ ਪਾਣੀ ਜਿਸ ਨਾਲ ਮੂਰਛਿਤ ਨੂੰ ਭੀ ਸੁਧ ਆ ਜਾਵੇ ਕਿਕਰ ਗੁੜ ਦੀ ਸੰਗਤ ਕਰਕੇ ਅਪਵਿਤਰ ਸ਼ਰਾਬ ਬਣ ਜਾਂਦੀ ਹੈ, ਜਿਸ ਦੇ ਪੀਣੇ ਨਾਲ ਚੰਗੇ ਭਲੇ ਦੀ ਸੁਧ ਬੁਧ ਮਾਰੀ ਜਾਵੇ, ਚੰਦਨ ਨਾਲ ਸੁਗੰਧਤ ਅਰ ਮੈਲ ਮੂਤਰ ਨਾਲ ਮਿਲਕੇ ਦੁਰਗੰਧਤ ਹੋ ਜਾਂਦਾ ਹੈ। ਗੁਸਾਈਂ ਤੁਲਸੀ ਦਾਸ ਜੀ ਲਿਖਦੇ ਹਨ। (ਗ੍ਰਹ ਭੇਖਜ ਜਲ ਪਵਨ ਪਟ ਪਾਇ ਕੁਯੋਗ ਸੁਜੋਗ ਹੋਹਿ ਕੁਸਵਤ ਸੁਵਸਤ ਜਗ ਲਖਹਿ ਬਿਚਛਨ ਲੋਗ ॥ ੨੦ ॥ ਭਾਈ ਗੁਰਦਾਸ ਜੀ (ਜੈਸੇ ਤੋ ਸਲਿਲ ਮਿਲੇ ਬਰਨ ਬਰਨ ਬਿਖੈ ਜਾਹੀ ਜ਼ਾਹੀ ਰੰਗ ਮਿਲੇ ਸੋਈ ਹ੍ਵੈ ਦਿਖਾਵਈ। ਜੈਸੇ ਘ੍ਰਿਤ ਜਾਹੀ ਜਾਹੀ ਪਾਕ ਸਾਕ ਸੰਗ ਮਿਲੇ ਤੈਸੋ ਤੈਸ ਸਵਾਦ ਰਸ ਰਸਨਾ ਚਖਾਵਈ। ਜੈਸੇ ਸ੍ਵਾਂਗੀ ਏਕ ਹ੍ਵੈ ਅਨਿਕ ਭਾਂਤ ਭੇਖ ਧਾਰੈ ਜੋਈ ਜੋਈ ਸ੍ਵਾਂਗ ਕਾਛੈ ਸੋਈ ਤੌ ਕਹਾਵਈ। ਤੈਸੇ ਚਿਤ ਚੰਚਲ ਚਪਲ ਸੰਗ ਦੋਖ ਲੇਪ ਗੁਰਮੁਖਿ ਹੋਇ ਏਕ ਟੇਕ ਠਹਿਰਾਵਈ ॥ ੧੬੧ ॥

ਪੁਨਾ:-ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸਿ ਜਾਇ ॥ ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥

ਤਾਂਤੇ ਨੜੀਮਾਰ ਅਰ ਕੁੜੀਮਾਰ ਦੀ ਸੰਗਤ ਨਹੀਂ ਕਰਨੀ। ਕੁੜੀ ਨਾਮ ਇਥੇ ਕੰਨਯਾ ਦਾ ਹੈ, ਕੰਨਯਾ ਤੋਂ ਭਾਵ ਹੈ ਪੁਤਰੀ, ਧੀ ਇਸ ਦਾ ਮਾਰਨਾ ਭੀ ਮਹਾਂ ਪਾਪ ਹੈ। ਚਾਰ ਪਾਪ ਅਤਿ ਪਾਪ ਹਨ ੧ ਬ੍ਰਹਮ ਹਤਯਾ ੨ ਗੋ ਹਤਿਆ ੩ ਕੰਨਯਾ ਘਾਤ ੪ ਅਚਾਰ ਭ੍ਰਸ਼ਟ ਪੁਰਸ਼ ਦਾ ਅੰਨ ਖਾਣਾ ਗੁਰੂ ਸਾਹਿਬ ਲਿਖਦੇ ਹਨ।

ਬ੍ਰਾਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ।
ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਮਾਨੁ
ਪਾਹਿ ਏਤੇ ਜਾਹਿ ਵੀਸਰਿ ਨਾਨਕਾ ਇਕੁ ਨਾਮੁ ॥

(੧) ਪਹਿਲੇ ਸਮਯ ਵਿਖੇ ਇਹ ਪਾਪ ਨਹੀਂ ਹੋਂਦੇ ਸੇ ਕਲਿਯੁਗ ਵਿਖੇ ਬੁਧ ਮਲੀਨ ਹੋਣੇ ਤੇ ਇਹ ਸਮਝ ਹੋਈ ਕਿ ਪੁਤਰ ਵਾਲੇ ਉਚੇ ਅਰ ਧੀਤੇ ਨੀਵੇਂ ਹੁੰਦੇ ਹਨ ਅਰ ਨੀਵਾਂ ਬਨਨਾ ਕੋਈ ਨਹੀਂ ਚਾਹੁੰਦਾ ਤਾਂਤੇ ਕੰਨਯਾ ਘਾਤ ਹੋਣੇ ਲਗਾ।

(੨) ਮੂਰਖਤਾ ਦੇ ਕਾਰਨ ਪੁਤ੍ਰੀ ਦੇ ਵਿਵਾਹ ਸਮੇਂ ਦਾਜ ਦਹੇਜ

ਦੇਣੇ ਦੀ ਰੀਤੀ ਬੇਹੱਦ ਵਧ ਗਈ, ਜਿਸ ਦੇ ਨਾ ਕਰਨੇ ਤੇ ਸ਼ਰੀਕਾਂ ਵਿਖੇ ਨਿੰਦਾ, ਅਰ ਕਰਨ ਤਾਂ ਸਾਮਰੱਥਾ ਤੇ ਵਧੀਕ ਹੁੰਦੀ ਸੀ, ਇਸ ਕਾਰਨ ਤੇ ਕੰਨਯਾਂ ਘਾਤ ਹੋਣ ਲਗਾ।

(੩) ਕਲਿਯੁਗ ਵਿਖੇ ਘੋਰ ਪਾਪਾਂ ਦੇ ਕਾਰਨ ਕੰਨਯਾਂ ਬਾਲ ਵਿਧਵਾ ਹੋਣੇ ਲਗੀਆਂ ਅਰ ਇਹ ਦੁਖ ਮਾਤਾ ਪਿਤਾ ਨੂੰ ਦੁਸਹਿ ਪ੍ਰਤੀਤ ਹੋਇਆ ਜਿਸ ਤੇ ਕੰਨਯਾ ਘਾਤ ਹੋਣ ਲਗਾ।

(੧) ਮੁਸਲਮਾਨ ਅਨਿਆਈ ਪਾਤਸ਼ਾਹ ਅਰ ਤਿਨਾਂ ਦੇ ਅਹਿਲਕਾਰ ਹਿੰਦੂਆਂ ਦੀਆਂ ਸੁੰਦਰ ਕੰਨਿਆਂ ਮੰਗਕੇ ਅਥਵਾ ਜ਼ੋਰ ਨਾਲ ਛੀਨ ਕੇ ਲੈ ਜਾਂਦੇ ਸੇ ਇਸ ਤੇ ਦੁਖੇ ਹੋਏ ਲੋਕ ਬੀ ਕੰਨਯਾ ਘਾਤ ਕਰਨੇ ਲਗੇ।

(੧) ਸ੍ਰੀ ਗੁਰੂ ਨਾਨਕ ਜੀ ਦੇ ਪੁਤਰ ਲਖਮੀਚੰਦ ਜੀ ਦੇ ਪੁਤਰ ਧਰਮ ਚੰਦ ਜੀ ਦੇ ਘਰ ਇਕ ਪੁਤਰੀ ਜਨਮੀ ਸੋ ਖਤਰੀਆਂ ਦੇ ਘਰ ਵਿਆਹੀ ਜੋ ਗੁਰੂ ਤੋਂ ਬੇਮੁਖ ਸਨ ਓਹ ਆਪਣੇ ਜਾਤੀ ਅਭਿਮਾਨ ਵਿਚ ਗੁਰੂ ਨਿੰਦ ਕਰਨ ਅਰ ਬੋਲੀਆਂ ਮਾਰਨ ਜੋ ਬੀਬੀ ਸਹਾਰ ਨ ਸਕੇ ਇਕ ਦਿਨ ਅਤਿ ਦੁਖਤ ਹੋਈ ਪਿਤਾ ਜੀ ਪਾਸ ਰੋਈ ਤਾਂ ਤਿਨਾਂ ਕਿਹਾ ਕੰਨਯਾਂ ਕੋਈ ਬੇਦੀ ਨਾ ਰਖੇ ਇਸ ਕਾਰਨ ਬੇਦੀ ਬਹੁਤ ਚਿਰ ਤਕ ਜੰਮਦਿਆਂ ਸਾਰ ਹੀ ਧੀਆਂ ਮਾਰ ਦਿੰਦੇ ਰਹੇ। ਹੁਣ ਸਰਕਾਰ ਅੰਗਰੇਜ਼ੀ ਦੇ ਕਾਨੂੰਨ ਤੇ ਡਰਦੇ ਰਖਣ ਲਗੇ। ਮੂਰਖਤਾਈ ਨੇ ਲੋਕਾਂ ਨੂੰ ਇਹ ਅਭਿਮਾਨ ਦ੍ਰਿੜ ਕਰਾਇ ਦਿਤਾ ਕਿ ਪੁਤਰੇਤੇ ਉਚੇ ਅਰ ਧੀਆਂ ਵਾਲੇ ਨੀਵੇਂ ਹੋਂਦੇ ਹਨ, ਇਸ ਲਈ ਚੇਗਤੇ ਬਾਦਸ਼ਾਹਾਂ ਦੀਆਂ ਧੀਆਂ ਕੁਆਰੀਆਂ ਹੀ ਰਹੀਆਂ ਕਿ ਪਾਤਸ਼ਾਹ ਹੋਕੇ ਅਸੀਂ ਕਿਸ ਨੂੰ ਪੁਤਰੀ ਦੇਈਏ ਅਰ ਪੁਤਰੀ ਦੇਕੇ ਨੀਵੇਂ ਬਣੀਏ ਅਰ ਰਾਜਪੂਤਾਂ ਅਰ ਗੌੜ ਬ੍ਰਾਹਮਣਾਂ ਅਰ ਮੁਗ਼ਲ ਪਠਾਣਾਂ ਦੀਆਂ ਅਜੇ ਭੀ ਕਈ ਹਨ ਜਿਨਹਾਂ ਦੀ ਉਮਰ ਬੀਤ ਜਾਂਦੀ ਹੈ ਵਰ ਨਹੀਂ ਮਿਲਦਾ। ਐਸੇ ਹੀ ਉਚੀਆਂ ਜਾਤਾਂ ਦੇ ਖਤਰੀ ਭੀ ਨਹੀਂ ਦਿੰਦੇ ਸਨ ਪਰ ਹੁਣ ਕੁਛ ੨ ਸਮਝ ਆਉਂਦੀ ਜਾਂਦੀ ਹੈ।

(੨) ਇਸ ਦਾਜ ਦਹੇਜ ਦੀ ਰੀਤੀ ਵਧ ਜਾਣ ਨਾਲ ਲੋਕ ਧੀਆਂ ਨੂੰ ਸ਼ਤਰੂ ਸਮਝਦੇ ਹਨ ਕਿ ਏਹ ਲਹਿਣੇਦਾਰ ਹੈ। ਸਿੰਧ ਦੇਸ ਵਿਖੇ ਅਜ ਤਕ ਲੋਕ ਦੁਖੀ ਹਨ। ਨੌ ਜਵਾਨ ਨਵੀਨ ਵਿਦਯਾ ਪਠਤ ਪੁਰਸ਼ਾਂ ਨੇ ਕਈ ਕਮੇਟੀਆਂ ਕਰਕੇ ਪ੍ਰਬੰਧ ਕਰਨਾ ਚਾਹਿਆ ਪਰ ਮੂਰਖਤਾਈ ਦੇ ਕਾਰਨ ਮੰਨਿਆਂ ਕਿਸੇ ਨਹੀਂ ਗਲ ਕੀ ਸਾਰਾ ਭਾਰਤ ਹੀ ਦੀਨ ਦੁਖੀ ਹੋਇਆ, ਜ਼ਮੀਨਾਂ ਗਹਿਣੇ ਰਖਦੇ ਅਰ ਵੇਚਦੇ ਦੇਖਦੇ ਸਰਕਾਰ ਨੇ ਜ਼ੈਲਦਾਰਾਂ ਦੀ

ਮਾਰਫਤ ਖਰਚ ਵਿਵਾਹ ਆਦਿਕਾਂ ਦੇ ਮੁਕਰਰ ਕਰਵਾਏ, ਅੰਤ ਨੂੰ ਕਾਨੂੰਨ ਪਾਸ ਕੀਤਾ ਕਿ ਜ਼ਮੀਨ ਬਿਨਾਂ ਆਗਿਆ ਸਾਹਿਬ ਡਿਪਟੀ ਕਮਿਸ਼ਨਰ ਦੇ ਨਾ ਕੋਈ ਗਹਿਣੇ ਰਖੇ ਅਰ ਨ ਕੋਈ ਵੇਚੇ। ਵਡੇ ਵਡੇ ਸਹਿਰਾਂ ਵਿਖੇ ਲੋਕ ਦੀਵਾਲੀਏ ਹੋ ਕੇ ਕਲੰਕਤ ਹੋ ਜਾਂਦੇ ਹਨ ਲੋਕ ਪਰਲੋਕ ਦੋਨੋਂ ਨਾਸ ਕਰ ਲੈਂਦੇ ਹਨ ਪਰ ਖਰਚ ਦਾਜ ਦਹੇਜ ਆਦਿਕਾਂ ਦੇ ਨਹੀਂ ਘਟਾਉਂਦੇ।

(੩) ਦਸਮ ਪਾਤਸ਼ਾਹ ਜੀ ਨੇ ਇਸੇ ਕਾਰਨ ਪੁਨਰ ਵਿਵਾਹ ਅਰਥਾਤ ਚਾਦਰ ਪਾਉਂਣੇ ਦੀ ਅਰਥਾਤ ਅਨੰਦ ਦੀ ਰੀਤੀ ਪ੍ਰਚਲਤ ਕੀਤੀ, ਪਰੰਤੂ ਜਾਤੀ ਅਭਿਮਾਨ ਵਿਚ ਗ੍ਰਸੇ ਅਰ ਫਸੇ ਹੋਏ ਪੁਰਸ਼ ਅਜੇ ਤਕ ਇਨਾਂ ਵਿਚੋਂ ਨਹੀਂ ਨਿਕਲੇ, ਆਸ਼ਾ ਹੈ ਕਿ ਜਦ ਇਸ ਮਰਯਾਦਾ ਦੇ ਗੁਣਾਂ ਨੂੰ ਜਾਨਣਗੇ ਤਾਂ ਸੁਖ ਮਾਨਣਗੇ।

(੪) ਪਦਮਨੀ ਰਾਜਾ ਭੀਮ ਦੀ ਰਾਣੀ ਪਰ ਅਲਾਉ ਦੀਨ ਪਾਤਸ਼ਾਹ ਆਸ਼ਕ ਹੋਇਆ ਰਾਜੇ ਨੂੰ ਕੈਦ ਕੀਤਾ ਪਰ ਰਾਣੀ ਨੇ ਤਿਰੀਆ ਚਰਿਤ੍ਰ ਕਰਕੇ ਆਪਣਾ ਧਰਮ ਰਖਿਆ ਸਤ ਸੈ ਡੋਲੀ ਵਿਚ ਤਲਵਾਰ ਦੇ ਧਨੀ ਸੂਰਮੇਂ ਬੈਠਾਇਕੇ ਸਹੇਲੀਆਂ ਗੋਲੀਆਂ ਦੇ ਬਹਾਨੇ ਅੰਤਹ ਪੁਰੀ ਵਿਚ ਗਈ, ਉਥੇ ਚੰਗੀ ਤਰਾਂ ਹਥ ਦਿਖਾਇਕੇ ਆਪਣਾ ਧਰਮ ਅਰ ਆਪਣੇ ਪਤੀ ਨੂੰ ਬਚਾਇਆ।

(੫) ਸੰਨ ੧੭੯੨ ਈਸਵੀ ਵਿਚ ਉਦੇਪੁਰ ਦੇ ਰਾਣਾ ਦੇ ਘਰ ਕ੍ਰਿਸ਼ਨ ਕੁਮਾਰੀ ਬਾਈ ਨਾਮੇ ਕੰਨਯਾ ਜਨਮੀ ਏਹ ਕੰਨਿਆਂ ਵਡੀ ਹੋਕੇ ਐਸੀ ਸੁੰਦਰ ਸਰੂਪ ਗੁਣਾਂ ਵਿਚ ਹੋਈ ਜਿਸਦੀ ਸੋਭਾ ਸੁਣਕੇ ਜੈਪੁਰ ਅਰ ਜੋਧ ਪੁਰ ਦੇ ਰਾਜੇ, ਉਦੇ ਪੁਰ ਦੇ ਰਾਣਾ ਦੇ ਚੜਾਈ ਕਰਨ ਲਗੇ ਹਰ ਕੋਈ ਚਾਹੁੰਦੇ ਸੀ ਕਿ ਕਿਸੇ ਤਰਾਂ ਇਹ ਪੁਤ੍ਰੀ ਸਾਨੂੰ ਮਿਲੇ ਪਰ ਰਾਣਾ ਉਦੇਪੁਰ ਇਨਾਂ ਦੋਹਾਂ ਵਿਚੋਂ ਕਿਸੇ ਨੂੰ ਬੀ ਅਪਣੀ ਕੰਨਯਾ ਨਹੀਂ ਦੇਣੀ ਚਾਹੁੰਦਾ ਸੀ, ਕਿਉਂਕਿ ਇਹ ਦੋਵੇਂ ਭਾਵੇਂ ਸਮਰਥਾ ਵਿਚ ਵੱਡੇ ਸਨ, ਪਰ ਕੁਲ ਕਰਕੇ ਨੀਵੇਂ ਸਨ, ਅੰਤ ਨੂੰ ਜਦ ਲੜਾਈਆਂ ਵਿਚ ਰਾਜਾ ਅਤ ਦੁਖੀ ਸਾਸ ਨੱਕ ਤੋੜੀ ਆ ਗਏ, ਅਰ ਦੋਵੇਂ ਰਾਜੇ ਉਦੇਪੁਰ ਦੇ ਰਾਜ ਨੂੰ ਨਾਸ ਕਰਨਾ ਚਾਹੁੰਦੇ ਸੇ ਤਾਂ ਅਮੀਰ ਖਾਨ ਨਾਮੇ ਹਤਯਾਰੇ ਮੁਸਲਮਾਨ ਵਜੀਰ ਨੇ ਸਲਾਹ ਦਿਤੀ, ਭਈ ਕਲ ਦਾ ਮੂਲ ਕਿਸ਼ਨ ਕੁਮਾਰੀ ਨੂੰ ਮਾਰਕੇ ਨਿੱਤ ਦਾ ਝਗੜਾ ਮਿਟਾਈਏ। ਪਹਿਲਾਂ ਤਾਂ ਰਾਜਾ ਨੇ ਏਹ ਸਲਾਹ ਨ ਮੰਨੀ ਪਰ ਅੰਤ ਨੂੰ ਨਿਤ ਦੀ ਕੁਮੱਤ ਨੇ ਹਾਂ ਕਰਵਾਈ, ਪਰ ਕਿਸੇ ਦਾ ਹੀਯਾ ਨ ਪਵੇ ਜੋ ਏਹ ਖੂਨ ਕਰੇ, ਓੜਕ ਇਕ ਨੌਕਰ ਨੇ ਮੰਨਿਆ ਅਰ ਜਦ ਕੰਨਯਾਂ ਸਾਮਣੇ ਆਈ ਤਾਂ ਉਸ ਦੇ

ਹਥੋਂ ਕਟਾਰ ਡਿੱਗ ਪਈ। ਮਾਂ ਦੀਆਂ ਦੁਖ ਭਰੀਆਂ ਚੀਕਾਂ ਨਾਲ ਮਹੱਲ ਬੋਲ ਉਠਿਆ, ਪਰ ਉਸ ਦੀ ਪੇਸ਼ ਕੁਛ ਨ ਜਾਵੇ। ਅੰਤ ਨੂੰ ਏਹ ਸਲਾਹ ਹੋਈ ਜੋ ਵਿਖ ਦਿਤੀ ਜਾਵੇ, ਅਰ ਵਿਖ ਦਾ ਕਟੋਰਾ ਆਯਾ ਤਾਂ ਕੰਨਯਾਂ ਨੇ ਨਮਸਕਾਰ ਕਰਕੇ ਪਿਤਾ ਦੇ ਜਿੱਦ ਪਰ ਵਾਧੇ ਦੀ ਪ੍ਰਾਰਥਨਾ ਕੀਤੀ, ਅਰ ਇਕੋ ਡੀਕ ਲਾਕੇ ਪੀ ਗਈ। ਮਾਤਾ ਰੋਂਦੀ ਪਿਟਦੀ ਰਹੀ ਪਰ ਕੁਮਾਰੀ ਨੇ ਇਕ ਹੰਝੂ ਨਾ ਡੇਗੀ ਸਗੋਂ ਧੀਰਜ ਦੇਕੇ ਕਿਹਾ ਮਾਤਾ ਜੀ ਇਸ ਦੁਖ ਰੂਪ ਸੰਸਾਰ ਤੇ ਬਿਨਸਨਾ ਹੀ ਚੰਗਾ ਹੈ ਤੁਸੀਂ ਕਿਉਂ ਕਲਪਦ ਹੋ, ਅਸੀਂ ਤਾਂ ਜਮਾਂਦਰੂ ਹੀ ਮਰਨ ਲਈ ਜੰਮੀਆਂ ਹਾਂ ਪਰ ਮੈਂ ਪਿਤਾ ਦਾ ਧੰਨਵਾਦ ਕਰਦੀ ਹਾਂ, ਜਿਸ ਨੇ ਮੈਨੂੰ ਇਤਨਾ ਚਿਰ ਜੀਉਂਦਿਆਂ ਰਖਿਆ। ਅਤੇ ਵਿਖ ਕੈ ਹੋਕੇ ਨਿਕਲ ਗਈ, ਫੇਰ ਪਿਲਾਈ, ਤਿੰਨ ਵੇਰ ਨਿਕਲੀ, ਚੌਥੀ ਵਾਰ ਅਫੀਮ ਤੇ ਕਸੁੰਭੇ ਦੀ ਵਿਖ ਨਾਲ ਮਿਲੀ ਪੀਕੇ ਅਜੇਹੀ ਸੁਤੀ ਜੋ ਕ੍ਰਿਸ਼ਨ ਕੁਮਾਰ ਨੇ ਫੇਰ ਨਾ ਅਖਾਂ ਖੋਲੀਆਂ। ਇਸ ਦੇ ਵਿਯੋਗ ਨਾਲ ਮਾਂ ਦਾ ਬੀ ਅੰਨ ਜਲ ਛੁਟ ਗਿਆ, ਅਰ ਪੁਤ੍ਰੀ ਦੇ ਹਾਹੁਕੇ ਭਰਦੀ ਮਰ ਗਈ।

ਅਕਬਰ ਪਾਤਸ਼ਾਹ ਨੇ ਰਾਜਪੂਤਾਨੇ ਦੇ ਰਾਜਿਆਂ ਦੀਆਂ ਧੀਆਂ ਵਿਆਹੀਆਂ, ਅੱਜ ਤੋੜੀ ਜੈਮਲ ਫਤੇ-ਦੀ ਲੜਾਈ ਦੀਆਂ ਵਾਰਾਂ ਮਿਰਾਸੀ ਗਾਉਂਦੇ ਅਰ ਸੁਣਾਉਂਦੇ ਹਨ।

ਪੰਥ ਪ੍ਰਕਾਸ਼ ਦੇ ਪ੬ ਵੇਂ ਬਿਸਰਾਮ ਵਿਖੇ ਉਸਮਾਨ ਖਾਨ ਨਾਮੇ ਕਸੂਰੀਏ ਪਠਾਨ ਨੇ ਬ੍ਰਾਹਮਣ ਦੀ ਨਵੀਨ ਬਿਵਾਹਤਾ ਇਸਤ੍ਰੀ ਛੀਨ ਲਈ ਤਾਂ ਖਾਲਸਾ ਜੀ ਛੁਡਾਈ ਅਰ ਕਸੂਰ ਫਤਹ ਕੀਤਾ।

ਇਤਯਾਦਿਕ ਅਨੇਕਾਂ ਕਥਾ ਹਨ।

ਜੰਮਦੀ ਕੰਨਯਾਂ ਨੂੰ ਗਲਾਂ ਘੁਟਕੇ ਮਾਰਨਾ, ਵਾ ਦੁਧ ਨਾ ਦੇਣੇ ਤੇ ਭੁਖ ਨਾਲ ਵਾ ਸੀਤ ਰੁਤ ਵਿਚ ਸੀਤ ਨਾਲ, ਵੀ ਐਸੇ ਹੀ ਕਠੋਰ ਚਿਤ- ਨਿਰਦਈ ਹਿੰਸਕਾਂ ਦੇ ਅਨੇਕ ਕਰਮ ਹਨ ਪਰੰਤੂ ਸਰਕਾਰ ਅੰਗਰੇਜੀ ਮਹਾਰਾਣੀ ਵਿਕਟੋਰੀਆ ਦੇ ਰਾਜਯ ਪ੍ਰਬੰਧ ਨੇ ਏਹ ਸਭ ਕੰਮ ਰੋਕ ਦਿਤੇ ਹਨ। ਹੁਣ ਕੁੜੀਮਾਰ ਅਰਥਾਤ ਕੰਨਿਆਂ ਘਾਤੀ ਓਹ ਹਨ, ਜੋ ਕੰਨਿਆਂ ਦਾ ਧਨ ਖਾਇ ਜਾਂਦੇ, ਅਥਵਾ ਕੰਨਯਾਂ ਮੁਲ ਵੇਚਦੇ ਹਨ। ਨੰਦਲਾਲ ਜੀ ਦੇ ਰਹਿਤ ਨਾਮੇ ਵਿਖੇ ਸ੍ਰੀ ਮੁਖਵਾਕ ਲਿਖੇ ਹਨ।

ਸਿਖ ਹੋਇ ਜੋ ਕਰੇ ਕਰੋਧ, ਕੰਨਯਾ ਮੂਲ ਨ ਦੇਵੇ ਸੋਧ।
ਧੀਅ ਭੈਣ ਕਾ ਪੈਸਾ ਖਾਇ, ਕਹੈ ਗੋਬਿੰਦ ਸਿੰਘ ਧਕੇ ਜਮ ਖਾਹਿ।

ਅਥਵਾ ੧ ਰੋਗੀ ਭਰਤਾ, ਵਾ ੨ ਬਿਰਧ ਭਰਤਾ ਵਾ ੩ ਮਣਖੱਟੂ ਵਾ

੪ ਅੰਗ ਭੰਗ ੫ ਅਤਿਦੂਰਿ ਵਾ ੬ ਅਨਯਮਤਾ ਵਿਲੰਬੀ ਵਾ ੭ ਮੂਰਖ ਵਾ ਅਤਿ ਧਨੀ ਗਰਬਤ ਹੰਕਾਰੀ ਇਤਯਾਦਿ ਭਰਤਾ ਕੰਨਯਾ ਨੂੰ ਧਨ ਵਾ ਆਪਣਾ ਕਿਸੀ ਪ੍ਰਕਾਰ ਦਾ ਲਾਭਾਵਾ ਸੁਖ ਦੇਖਕੇ ਦਿੰਦੇ ਹਨ, ਕੰਨਯਾਂ ਘਾਤੀ ਹਨ ਓਹ ਕੰਨਯਾਂ ਦਾ ਸਾਰੀ ਅਵਸਥਾ ਦਾ ਸੁਖ ਨਸ਼ਟ ਕਰਦੇ ਹਨ, ਕੰਨਯਾਂ ਬਿਚਾਰੀ ਠੰਢੇ ਹਾਹੁਕੇ ਭਰਦੀ ਆਯੂ ਬਿਤਾਉਂਦੀ ਹੈ, ਐਸੇ ਪਾਪੀ ਕੁੜੀ ਮਾਰ ਦੀ ਸੰਗਤ ਬੀ ਨਹੀਂ ਕਰਨੀ ਚਾਹੀਜੇ। ॥ ਇਤੀ ॥

*

ਵਖਯਾਨ ੪੫

ਦੋਹਰਾ-ਨਿਤ ਦੇਵਤ ਸਿੱਖਨ ਸੁਮਤਿ ਸ੍ਰੀ ਸਤਿਗੁਰ ਦਸਮੇਸ਼॥
ਜੋ ਧਾਰਤ ਆਰਤ ਨ ਹੁਇੰ ਗਾਰਤ ਦੂਰਤ ਕਲੇਸ਼॥ ੧॥

ਕਬਿੱਤ-ਗੁਰਦਾਸ ਜੀ ਕਾ (ਆਂਬ ਕੀ ਸਧਰ ਕਤ ਮਿਟਤ ਨ ਆਂਬਲੀ ਖਾਏ ਪਿਤਾ ਕੋ ਪਯਾਰ ਨ ਪਰੋਸੀ ਪੈ ਪਾਈਐ॥ ਸਾਗਰ ਕੀ ਨਿਧਿ ਕਤ ਪਾਈਅਤਿ ਪੋਖਰ ਮੈ ਦਿਨਕਰ ਸਰਦੀਪ ਜੋਤ ਨ ਪੁਜਾਈਐ। ਇੰਦ੍ਰ ਬਰਖਾ ਸਮਾਨ ਪੁਜਸਿ ਨ ਕੂਲ ਜਲ ਚੰਦਨ ਸੁਬਾਸ ਨ ਪਲਾਸ ਮਹਿਕਾਈਐ। ਸ੍ਰੀ ਗੁਰੂ ਦਇਆਲ ਕੀ ਨ ਦਇਆ ਆਨ ਦੇਵ ਮੈ ਜੋ ਖੰਡ ਬ੍ਰਹਮੰਡ ਉਦੇ ਅਸਤ ਲੌ ਧਾਈਐ ॥ ੪੭੨॥ ੨॥

ਦੋਹਰਾ-ਜੂਠ ਝੂਠ ਜੂਆ ਤਜਹੁ ਪਰ ਧਨ ਅਰ ਪਰ ਨਾਰ॥
ਰੰਗ ਕੁਸੰਭਾ ਸਿਰ ਨਗਨ ਮੈਥਨ ਸੈਨ ਅਹਾਰ॥

ਗੁਰਮੁਖ ਪਿਆਰਿਓ ਖਾਲਸਾ ਧਰਮ ਦੀਆਂ ਰਹਿਤਾਂ ਐਸੀਆਂ ਹਨ, ਜਿਨਾਂ ਦੇ ਧਾਰਨ ਵਾਲਿਆਂ ਦੇ ਲੋਕ ਅਰ ਪਰਲੋਕ ਦੋਨੋਂ ਸੁਧਰਦੇ ਹਨ, ਸਤਿਗੁਰੂ ਆਗਿਆ ਦਿੰਦੇ ਹਨ ਅਪਵਿਤ੍ਰ ਰਹਿਣਾ ਅਪਵਿਤ੍ਰ ਖਾਣਾ ਪੀਣਾ ਪਹਿਨਣਾ ਸਭ ਕਰਮ ਤਿਆਗ ਅਰ ਅਪਵਿਤ੍ਰ ਰਹੋ ਅਰ ਵਡੀ ਅਪਵਿਤਰਤਾ ਸਾਰੇ ਬਿਮੁਖਤਾ ਹੈ, ਇਸਨੂੰ ਵੀ ਤਿਆਗ ਕਰੋ।

ਯਥਾ-ਜੂਠਿ ਨ ਰਾਗੀ ਜੂਠਿ ਨ ਵੇਦੀ, ਜੂਠਿ ਨ ਚੰਦ ਸੂਰਜ
ਕੀ ਭੇਦੀ॥ ਜੂਠਿ ਨ ਅਨੀ ਜੂਠਿ ਨ ਨਾਈ, ਜੂਠਿ ਨ
ਮੀਹੁ ਵਰ੍ਹਿਐ ਸਭ ਥਾਈ॥ ਜੂਠਿ ਨ ਧਰਤੀ ਜੂਠਿ ਨ

ਪਾਣੀ ॥ ਜੂਠਿ ਨ ਪਉਣੈ ਮਾਹਿ ਸਮਾਣੀ ॥ ਨਾਨਕ ਨਿਗੁਰਿਆ ਗੁਣੁ ਨਾਹੀ ਕੋਇ ॥ ਮੁਹਿ ਫੇਰਿਐ ਮੁਹੁ ਜੂਠਾ ਹੋਇ ॥ [ਸਲੋਕ ਮਹਲਾ ੧ ਵਾਰ ਸਾਰੰਗ]

ਸੰਸਾਰ ਦੇ ਸਾਰੇ ਪਦਾਰਥ ਇਕ ਛਾਬੇ ਵਿਚ ਪਾਇਕੇ ਦੂਜੇ ਛਾਬੇ ਵਿਚ ਅਰੋਗਤਾ ਪਾਈਏ ਤਾਂ ਸਰੀਰ ਦੀ ਅਰੋਗਤਾ ਦੇ ਪਾਸੰਗ ਨੂੰ ਬੀ ਨਹੀਂ ਪੁਜ ਸਕਦੇ। ਦੇਹ ਅਰੋਗ ਹੋਵੇਗੀ ਤਾਂ ਜਵਾਨੀ, ਧਨ ਰੂਪ ਗੁਣ ਰਾਜ ਮਾਲ ਸੰਪਦਾ ਭੋਗ ਸੁਖ ਸਮਾਜ ਸੰਬੰਧੀ ਵਿਦਯਾ ਬੁਧਿ ਆਦਿ ਸਭ ਪਦਾਰਥਾਂ ਦੀ ਲੋੜ ਹੈ, ਅਰ ਸਾਰੇ ਸੁਹਾਉਣੇ ਲਗਦੇ ਹਨ, ਅਰ ਸੁਖ ਦੇ ਸਾਧਨ ਹਨ, ਅਰ ਜੇ ਸਰੀਰ ਰੋਗੀ ਹੋਵੇ ਤਾਂ ਕੋਈ ਬੀ ਕੰਮ ਨਹੀਂ ਦਿੰਦਾ, ਅਰ ਸਾਰੇ ਦੁਖ ਰੂਪ ਭਾਸਦੇ ਹਨ। ਸੋ ਨਿਤ ਸਵੇਰੇ ਉਠਣਾ ਦਾਤਨ ਕੰਘਾ ਸ਼ਨਾਨ ਕਰਨਾ ਉਜਲ ਸ੍ਵਛ ਰਹਿਣਾ, ਸਥਾਨ ਅਰ ਬਸਤਰ ਸੁਧ ਰਖਣੇ ਜੂਠਾ ਕਿਸੇ ਦਾ ਨਾ ਖਾਣਾ ਏਹ ਸਭ ਅਰੋਗਤਾ ਦੇ ਹੇਤੂ ਹਨ। ਕਈ ਰੋਗ ਰੋਗੀਆਂ ਦੇ ਪਾਸ ਬੈਠਣ ਤੇ ਛੋਹਿਣ ਤੇ ਉਨਾਂ ਦੇ ਉਚੇਸ਼ਟ (ਜੂਠੇ) ਅੰਨ ਭੋਜਨ ਕਰਨੇ ਤੇ ਆ ਗ੍ਰਸਦੇ ਹਨ। ਵੈਦਕ ਗ੍ਰੰਥਾਂ ਵਿਖੇ ਲਿਖਾ ਹੈ ਜਿਸ ਕਮਰੇ ਵਿਚ ਰੋਗੀ ਹੋਵੇ ਉਸ ਕਮਰੇ ਵਿਚ ਖਾਣ ਵਾਲੀ ਵਸਤੂ ਕਦੀ ਨ ਰਖੀਏ, ਕਿਉਂਕਿ ਰੋਗੀ ਦੇ ਸ੍ਵਾਸਾਂ ਵਿਚ ਇਕ ਪ੍ਰਕਾਰ ਦੀ ਵਿਖ ਰਚੀ ਹੋਈ ਹੁੰਦੀ ਹੈ ਜੋ ਭੋਜਨ ਵਿਖੇ ਰਚਕੇ ਖਾਣੇ ਵਾਲਿਆਂ ਨੂੰ ਰੋਗੀ ਕਰ ਦਿੰਦਾ ਹੈ, ਫੇਰ ਲੋਕ ਕਹਿੰਦੇ ਹਨ ਜੀ ਸਾਡੇ ਘਰ ਤਾਂ ਅਜਿਹਾ ਤਾਪ ਧਸਿਆ ਹੈ, ਸਾਰੇ ਕੁਟੰਬ ਨੂੰ ਖਾਂਦਾ ਜਾਂਦਾ ਹੈ; ਇਸੇ ਕਰਕੇ ਸਰਕਾਰ ਅੰਗ੍ਰੇਜ਼ੀ ਤਪਦਿਕ ਹੈਜ਼ਾ ਤਾਊਨ (ਪਲੇਗ) ਸੀਤਲ ਕੋਹੜ। ਖੁਰਕ ਆਦਿ ਦੇ ਰੋਗੀਆਂ ਦੇ ਕਪੜੇ ਜਲਾਇ ਦਿੰਦੀ ਅਰ ਹੋਰ ਬਰਤਣਾ ਨੂੰ ਦਬਾਇ ਦਿੰਦੀ ਹੈ, ਸਾਡੇ ਦੇਸ ਦੇ ਲੋਕ ਬਿਖਮਜਰ ਵਾਲਿਆਂ ਦੇ ਮੰਜੇ ਪੀੜੇ ਕਪੜੇ ਚਿਖਾ ਵਿਚ ਪਾਇ ਜਲਾ ਦਿਤਾ ਕਰਦੇ ਹਨ।

ਰੋਗੀ ਦੇ ਭਾਂਡੇ ਵਿਚ ਅੰਨ ਖਾਣਾ ਯਾ ਪਾਣੀ ਪੀਣਾ ਬੀ ਰੋਗ ਦਾ ਹੇਤੂ ਹੈ; ਤਾਂ ਜੂਠ ਖਾਣੇ ਤੋਂ ਕਿਤਨਾ ਦੁਖ ਵਧੇਗਾ। ਇਸੇ ਕਰਕੇ ਸਤਿਗੁਰੂ ਆਗ੍ਯਾ ਦਿੰਦੇ ਹਨ, ਜੂਠ ਕਿਸੇ ਦੀ ਨਾ ਖਾਓ। ਜਿਸ ਨਾਲ ਰਲਕੇ ਅੰਮ੍ਰਿਤ ਛਕੀਏ ਅਰ ਰਹਿਤ ਬੈਹਤ ਬੀ ਉਸ ਨਾਲ ਮਿਲਦੀ ਹੋਵੇ ਤਾਂ ਵਿਚਾਰ ਨਹੀਂ ਪਰ ਹੋਰ ਕਿਸੇ ਦੀ ਜੂਠ ਨਹੀਂ ਖਾਣੀ ਚਾਹੀਏ। ਮਹਾਤਮਾ ਕਹਿੰਦੇ ਹਨ ਵਡਿਆਂ ਦਾ ਗੁਰੂਆਂ ਦਾ ਸੀਤ ਪ੍ਰਸ਼ਾਦ ਜ਼ਰੂਰ ਛਕਣਾ ਚਾਹੀਏ, ਅਰ ਪ੍ਰਮਾਨ ਦਿੰਦੇ ਹਨ:- (ਯਗ ਸ਼ੇਖ ਮੁਨਿ ਭੁਗਤਿ ਸੇਖ ਵਰ ਏਹ ਦੋਇ

ਭੋਜਨ) ਇਸ ਦਾ ਭਾਵ ਏਹ ਹੈ ਕਿ ਬੁੱਢਿਆਂ ਨੂੰ ਕੁਲ ਗੁਰੂ ਵਿਦਯਾ ਗੁਰੂ ਸੁਾਮੀ ਸਰਦਾਰ ਰਿਖੀ ਮੁਨੀ ਆਦਿਕਾਂ ਨੂੰ ਛਕਾਇਕੇ ਪਿਛੋਂ ਆਪ ਛਕੇ ਇਸ ਦਾ ਨਾਮ ਸੀਤ ਪ੍ਰਸਾਦ ਹੈ ਅਰ ਕੇਵਲ ਜੂਠ ਹੀ ਲਾਭਕਾਰੀ ਹੁੰਦੀ ਤਾਂ ਚੂਹੜੇ ਸਭ ਥੋਂ ਅਗੇ ਵਧੇ ਹੁੰਦੇ ਕਿਉਂਕਿ ਹੋਰ ਭਾਵੇਂ ਕੋਈ ਕਿੰਨਾ ਹੀ ਜੂਠ ਦਾ ਸ਼ਰਧਾਲੂ ਹੋਵੇ, ਕੁਛ ਨ ਕੁਛ ਵਿਚਾਰ ਕਰੇਗਾ, ਪਰ ਚੂਹੜਿਆਂ ਨੇ ਤਾਂ ਕਦੀ ਕਿਸੇ ਗਲ ਦਾ ਵਿਚਾਰ ਕੀਤਾ ਹੀ ਨਹੀਂ, ਖੱਟਾ ਮਿੱਠਾ ਰਲਿਆ ਹੋਯਾ ਹੋਵੇ ਹਿੰਦੂ ਦਾ ਹੋਵੇ ਯਾ ਮੁਸਲਮਾਨ ਦਾ ਸਭ ਅੰਮ੍ਰਿਤ ਕਰ ਜਾਂਦੇ ਹਨ। ਫੇਰ ਉਨ੍ਹਾਂ ਨੂੰ ਕੇਹੜੀ ਸਿਧੀ ਮਿਲ ਪਈ ਹੈ। ਤਾਂਤੇ ਵਰਤਾਇਕੇ ਛਕਣ ਦਾ ਨਾਮ ਹੈ ਸੀਤ, ਜਿਸ ਵਿਚੋਂ ਪਹਿਲੋਂ ਪਰਮੇਸ਼ਰ ਨਮਿੱਤ ਦੇ ਦਿਤਾ ਜਾਵੇ ਅਰ ਆਪੇ ਆਪ ਖਾਣਾ ਅਪਵਿਤ੍ਰ ਹੈ।

ਝੂਠ

ਗੁਰੂ ਸਾਹਿਬ ਦਾ ਉਪਦੇਸ਼ ਹੈ "ਸੱਚ ਬੋਲੋ ਅਰ ਕੂੜ ਤਯਾਗੋ" ਸ੍ਰੀ ਗੁਰੂ ਅਰਜਨ ਸਾਹਿਬ ਨੇ ਜਦ ਅੰਮ੍ਰਿਤਸਰ ਜੀ ਤੀਰਥ ਅਰ ਹਰਿਮੰਦਰ ਦਰਬਾਰ ਸਾਹਿਬ ਜੀ ਦੀ ਰਚਨਾ ਕੀਤੀ ਤਦ ਸ੍ਰੀ ਰਾਮ ਦਾਸ ਪੁਰਾ ਨਗਰ ਵਸਾਯਾ ਅਰ ਘਰ ਹਟਾਂ ਬਣਵਾਇਕੇ ਲੋਕਾਂ ਨੂੰ ਵਸਾਯਾ। ਇਕ ਦਿਨ ਲੋਕਾਂ ਨੇ ਬੇਨਤੀ ਕੀਤੀ "ਜੀ ਸਚੇ ਪਾਤਸ਼ਾਹ ਜੋ ਸੰਗਤ ਦਰਸ਼ਨ ਨੂੰ ਆਉਂਦੀ ਹੈ, ਪਰਸਾਦ ਉਨ੍ਹਾਂ ਨੂੰ ਗੁਰੂ ਕੇ ਲੰਗਰੋਂ ਮਿਲਦਾ ਹੈ, ਅਤੇ ਜਾਂ ਪੇਟ ਭਰ ਗਿਆ ਤਾਂ ਹੋਰ ਕੋਈ ਲੋੜ ਨਹੀਂ ਰਹਿੰਦੀ, ਸਾਡਾ ਨਿਰਬਾਹ ਕਿਸ ਤਰਾਂ ਚਲੇ?" ਤਾਂ ਬਚਨ ਹੋਯਾ "ਜੋ ਅੰਮ੍ਰਿਤ ਵੇਲੇ ਹਰਿ ਮੰਦਰ ਜੀ ਦਾ ਦਰਸ਼ਨ ਕਰਕੇ ਅਰ ਯਥਾ ਸ਼ਕਤਿ ਕਉਡੀ ਪੈਸਾ ਗੁਰੂ ਕੀ ਭੇਟ ਦਇਕੇ ਹੱਟੀ ਪਰ ਬੈਠਾ ਕਰੋ, ਤੁਹਾਨੂੰ ਬਰਕਤ ਹੋਵੇਗੀ।" "ਇਕ ਸਿਖ ਨੇ ਬੇਨਤੀ ਕੀਤੀ" ਜੋ ਮੇਰੀ ਹੱਟੀ ਪੁਰ ਗ੍ਰਾਹਕ ਨਹੀਂ ਟਿਕਦਾ, ਆਉਂਦੇ ਅਰ ਭਾਉ ਪੁਛਕੇ ਚਲੇ ਜਾਂਦੇ ਹਨ 'ਬਚਨ ਹੋਯਾ' ਸਚ ਬੋਲਿਆ ਕਰੋ। ਪਹਿਲਾਂ ਅਠ ਦਸ ਦਿਨ ਤਾਂ ਕੋਈ ਨਾ ਠਹਿਰਿਆ ਪਰ ਜਦ ਲੋਕਾਂ ਨੇ ਜਾਣ ਲਿਆ ਜੋ ਇਹ ਸੱਚ ਬੋਲਦਾ ਅਰ ਪੂਰਾ ਤੋਲਦਾ ਹੈ, ਇਕੋ ਗਲ ਕਹਿੰਦਾ ਹੈ, ਤਾਂ ਭੀੜ ਲਗੀ ਰਹੇ ਇਸ ਦਾ ਨਾਉਂ ਭੀ 'ਭਾਈ ਸੱਚ' ਪ੍ਰਸਿੱਧ ਹੋਯਾ। ਅਰ ਲਹਿਰ ਬਹਿਰ ਹੋ ਗਈ।

ਸੱਚ ਬੋਲਣ ਵਾਲੇ ਦੀ ਗੱਲ ਪੁਰ ਲੋਕ ਪ੍ਰਤੀਤ ਕਰਦੇ ਹਨ, ਅਰ ਝੂਠ ਦੀ ਸੁਗੰਧ ਪਰ ਨਹੀਂ (ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥ ਨਾਨਕ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥) ਅਰ ਝੂਠ ਦੀ ਮੈਲ ਹੈ

(ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥) ਕਲਯੁਗ ਦਾ ਰੂਪ ਕੂੜ ਹੈ (ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ) ਗਉੜੀ ਦੀ ੧ ਵਾਰ ਵਿਚ ਬਚਨ ਹੈ (ਕੂੜਿਆਰ ਪਿਛਾਹਾਂ ਸਟੀਅਨਿ ਕੂੜੁ ਹਿਰਦੈ ਕਪਟੁ ਮਹਾਂ ਦੁਖੁ ਪਾਵੈ ॥ ਮੁਹ ਕਾਲੇ ਕੂੜਿਆਰੀਆਂ ਕੂੜਿਆਰ ਕੂੜੇ ਹੋਇ ਜਾਵੈ ॥) ਪੁਨਾ: (ਕੂੜੁ ਬੋਲਿ ਮੁਰਦਾਰੁ ਖਾਇ ॥ ਅਵਰੀ ਨੋ ਸਮਝਾਵਣਿਜਾਇ ॥) ਵਾਰ ਮਾਝ।

ਪੁਨਾ:–ਲਬ ਕੁੱਤਾ ਕੂੜ ਚੂਹੜਾ ਠਗ ਖਾਧਾ ਮੁਰਦਾਰ ॥

ਪੁਨਾ:–ਥਾਉ ਨ ਪਾਇਨਿ ਕੂੜਿਆਰ ਮੁਹ ਕਾਲੇ ਦੋਜਕ ਚਾਲਿਆ॥ ਝੂਠ ਬੁਰਾ ਸੰਸਾਰ ਵਾਦੇ ਖਪੀਐ ॥

ਪੁਨਾ:–ਕੂੜਹੁ ਕਰੇ ਬਿਨਾਸ ਧਰਮਹੁ ਤਗੀਐ ॥

ਪੁਨਾ:–ਕੂੜੋ ਕੂੜੀ ਪਾਇ॥

ਪੁਨਾ:–ਸਚੁ ਸੁਹਾਵਾ ਕਾਢੀਐ ਕੂੜੈ ਕੂੜੀ ਸੋਇ ॥ ਨਾਨਕ ਵਿਰਲੇ ਜਾਣੀਅਹਿ ਜਿਨ ਸਚੁ ਪਲੈ ਹੋਇ ॥ (ਵਾਰ ਡਖਣੇ ੧੭ ਸਲੋਕ ੧)

ਪੁਨਾ:–ਕਲਿ ਹੋਈ ਕੁਤੇ ਮੁਹੀ ਖਾਜ ਹੋਆ ਮੁਰਦਾਰੁ। ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ। ਇਨਾਂ ਬਚਨਾਂ ਨੂੰ ਵਿਚਾਰ ਕੇ ਕੂੜ ਬੋਲਣਾ ਕਮਾਉਣਾ ਤਯਾਗੇ ਸਭ ਬਿਵਹਾਰ ਸੱਚ ਨਾਲ ਕਰੇ।

ਜੂਆ

ਗੁਰੂ ਕੇ ਸਿਖਾਂ ਨੂੰ ਜੂਆ ਖੇਲਣ ਦੀ ਆਗਯਾ ਨਹੀਂ ਹੈ, ਯਥਾ (ਚੋਰ ਜਾਰ ਜੂਆਰ ਤੇ ਬੁਰਾ ॥ ਅਣਹੋਂਦਾ ਭਾਰ ਨਿੰਦਕ ਸਿਰਿ ਧਰਾ) ਏਹ ਨਿੰਦਕ ਦੀ ਬੁਰਾਈ ਵਿਖੇ ਉਪਦੇਸ਼ ਕਰਦਿਆਂ ਜੁਆਰੀਆ ਦਾ ਨਾਮ ਬੁਰਿਆਂ ਵਿਖੇ ਗਿਣਿਆਂ ਹੈ ॥

ਪੁਨਾ:–ਚੋਰ ਜਾਰ ਜੂਆਰ ਪੀੜੇ ਘਾਣੀਐ ॥ ਨਿੰਦਕ ਲਾਇ ਤਬਾਰ ਮਿਲੇ ਹੜਵਾਣੀਐ॥ ਗੁਰੂ ੫ ਵਾਰ ਏਹ ਫਲ ਦਿਖਾਯਾ ਹੈ,

ਪੁਨਾ:–ਹਾਰ ਜੂਆਰ ਜੂਆ ਬਿਧੇ ਇੰਦਰੀ ਵਸਿ ਲੈ ਜਿਤਨੈ ॥

ਗੁਰੂ ੫ ਪਉੜੀ

ਪੁਨਾ:–ਬਹੁ ਚਿੰਤਾ ਪਿਰ ਚਾਲੇ ਹਾਰੀ ॥ ਜੂਆ ਖੇਲਣ ਕਾਚੀ ਸਾਰੀ ॥

ਗੁਰੂ ੫ ਗੌੜੀ

ਪੁਨਾ:–ਚੰਚਲ ਰਾਇ ਨ ਜਾਇ ਤਮਾਸੇ ॥ ਜੂਐ ਜਾਇ ਨ ਖੇਲੇ ਪਾਸੇ ॥

ਰਤਨ ਮਾਲਾ ਗੁਰੂ ੧

ਇਹ ਨਿਰੋਲ ਆਗਿਆ ਦਿਤੀ ਹੈ, ਸਤਿਗੁਰੂ ਦੇ ਸਿਖਾਂ ਨੂੰ ਤਾਂ ਜੂਏ ਦੇ ਨਾਮ ਲੈਣ ਦੀ ਯਾ ਖੇਲ ਦੇਖਣ ਦੀ ਅਥਵਾ ਜੁਆਰੀਏ ਦੀ ਸੰਗਤ ਕਰਨ ਦੀ ਬੀ ਆਗਿਆ ਨਹੀਂ ਪਰ ਜਿਨਾਂ ਸ਼ਾਸਤਰਾਂ ਨੇ ਲਿਖਿਆ ਹੈ ਕਿ ਬਰਸ ਵਿਚ ਦੋ ਅਰਥਾਤ ਸਰਦ ਪੂੰਨਯਾਂ ਅਰ ਦੀਪਮਾਲਾ ਨੂੰ ਜੂਆ ਖੇਡਨੇ ਤੇ ਧਨ ਵਧਦਾ ਹੈ, ਉਨਾਂ ਵਿਚੋਂ ਹੀ ਪਦਮ ਪੁਰਾਨ ਵਿਖੇ ਬਿਆਸ ਜੀ ਲਿਖਦੇ ਹਨ ਸ਼ਿਵ ਜੀ ਨੇ ਜੂਏ ਦੀ ਖੇਲ ਰਚੀ ਪਰ ਇਸਨੇ ਸ਼ਿਵ ਪਾਰਬਤੀ ਸਵਾਮਕਾਰਤਕ ਗਣੇਸ਼ ਸਭ ਨੂੰ ਬਿਪਤਾ ਦਿਖਾਈ। ਰਾਜਾ ਨਲ ਦੀ ਕਥਾ ਮਹਾਭਾਰਤ ਵਿਖੇ ਐਉਂ ਲਿਖੀ ਹੈ, ਰਾਜਾ ਯੁਧਿਸ਼ਟਰ ਆਦਿਕ ਨੂੰ ਜੂਏ ਨੇ ਰਾਜ ਸਿੰਘਾਸਨ ਤੋਂ ਉਤਾਰ ਬਨ ਬਨ ਰੁਲਾਯਾ (ਮਹਾਂ ਭਾਰਤ) ਅਰ ਰਾਜਾ ਰੁਕਮੀ ਨੂੰ ਪ੍ਰਾਣਾਂਤ ਤਕ ਪਹੁੰਚਾਯਾ ਤਾਂਤੇ, ਜੂਆ ਤਜੋ। (ਦੇਖੋ ਦਸਮ ਸਕੰਧ)

ਪਰ ਧਨ

ਦੇ ਅੰਗੀਕਾਰ ਕਰਨੇ ਵਾਲੇ ਨਰਕ ਵਿਖੇ ਜਾਣਗੇ, ਤਾਂ ਗੁਰੂ ਤਿਨਾਂ ਦੇ ਸਹਾਇਕ ਨਹੀਂ ਹੋਣਗੇ ਯਥਾ (ਹਕੁ ਪਰਾਇਆ ਨਾਨਕਾ ਉਸੁ ਸੂਅਰੁ ਉਸ ਗਾਇ ॥ ਗੁਰੁ ਪੀਰੁ ਹਾਮਾ ਤਾ ਭਰੇ ਜਾਂ ਮੁਰਦਾਰੁ ਨ ਖਾਇ ॥ ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥ ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥ ਨਾਨਕ ਗਲੀ ਕੂੜਈ ਕੂੜੋ ਪਲੈ ਪਾਇ ॥)

[ਵਾਰ ਮਾਝ

ਤਯਾਗ ਦਾ ਫਲ ਇਹ ਹੈ (ਪਰ ਧਨ ਪਰ ਦਾਰਾ ਪਰ ਹਰੀ ॥ ਤਾਕੇ ਨਿਕਟਿ ਬਸੈ ਨਰ ਹਰੀ ॥) (ਭੈਰਉ ਨਾਮਦੇਵ ਜੀ)

ਅਰ ਧਨ ਗ੍ਰਹਨ ਕਰਨੇ ਦਾ ਫਲ ਇਹ ਹੈ (ਵਸਤੁ ਪਰਾਈ ਅਪਨੀ ਕਰ ਜਾਨੈ ॥ ਹਉਮੈ ਵਿਚ ਦੂਖ ਘਾਲੇ ॥ (ਵਾਰ ਮਾਝ)

ਪੁਨਾ:-ਖੁਸ ਖੁਸ ਲੈਂਦਾ ਵਸਤ ਪਰਾਈ ॥ ਵੇਖੈ ਸੁਣੈ ਤੇਰੈ ਨਾਲ
ਖੁਦਾਈ ॥ ਦੁਨੀਆਂ ਲਬਿ ਪਇਆ ਖਾਤਿ ਅੰਦਰਿ
ਅਗਲੀ ਗਲ ਨਾ ਜਾਣੀਆਂ ॥ ੪ ॥ ਜਮਿ ਜਮਿ ਮਰੈ
ਮਰੈ ਫਿਰ ਜੰਮੈ ॥ ਬੁਤ ਸਜਾਇ ਪਇਆ ਦੇਸਿ ਲੰਮੈ ॥
ਜਿਨਿ ਕੀਤਾ ਤਿਸੈ ਨ ਜਾਣੀ ਅੰਧਾ ਤਾ ਦੁਖੁ ਸਹੈ ਪਰਾਣੀਆਂ ॥ ੫ ॥

[ਮਾਰੂ ਅਸਟਪਦੀ ੨ ਮ: ੫

ਮਹਿਮਾ ਏਹ ਹੈ, (ਹਉ ਤਿਸੁ ਘੋਲਿ ਘੁਮਾਇਆ ਪਰ ਦਰਬੈ ਨੋ ਹਥੁ ਨਾ ਲਾਵੈ) ॥ [ਵਾਰ ੧੨ ਪੌੜੀ ੪ ਗੁਰਦਾਸ ਜੀ]

ਦਸਮ ਗੁਰੂ ਆਪਣਾ ਨਿਯਮ ਲਿਖਦੇ ਹਨ (ਪਰ ਧਨ ਪਾਹਨ ਤੁਲ ਤ੍ਰਿਯਾ ਪਰ ਮਾਤ ਹਮਾਰੇ ॥) [ਚਰਿਤ੍ਰ ਅਨੂਪ ਕੌਰ ਕਾ ੨੨ ਵਾਂ]

ਪੁਨਾ:-[ਨਿਤਪ੍ਰਤਿ ਹਿਰਹਿ ਪਰ ਦਰਬੁ ਛਿਦ੍ਰ ਕਤ ਢਾਕੀਅਹਿ ॥]
[ਫੁਨਹੇ ੯ ਮ:

ਪਰਾਯਾ ਧਨ ਲੋਕ ਪਰਲੋਕ ਦੋਹਾਂ ਵਿਚ ਦੁਖ ਦਾਇਕ ਹੈ ਤਾਂਤੇ ਸਤਿਗੁਰੂ ਦਾ ਉਪਦੇਸ਼ ਹੈ ਪਰ ਧਨ ਤਯਾਗੋ।

ਪਰ ਨਾਰੀ

ਪਰ ਨਾਰੀ ਦੀ ਪ੍ਰੀਤਿ ਭਾਰੀ ਖਵਾਰੀ ਹੈ ਯਥਾ-[ਪਰ ਤ੍ਰਿਅ ਰਾਵਣ ਜਾਹਿ ਸੇਈ ਤਾ ਲਾਜੀਅਹਿ ॥ ਫੁਨਹੇ ੯ ਮ: ੫

ਪੁਨਾ:-ਪੈਰੀਂ ਕੰੜੇ ਸਾਰ ਦੇ ਸਿਰ ਟਪੇ ਆਕਾਸ ॥ ਪਾਤਾਲੋਂ ਪਤਿ ਉਤਰੈ ਪਰ ਤ੍ਰਿਆ ਰਤਾ ਮਾਸ ॥ ਥੇਮਾਂ ਨਾਲ ਲਗਾਈਐ ਕੋਇ ਨ ਆਵੈ ਪਾਸਿ ॥ ਭੀ ਫਿਰ ਲਾਇ ਵਿਛੁੰਨਿਐ ਤੋਖ ਕਰੈ ਫਰਿਆਦ ॥ ਅਵਿਗੁਣ ਆਰੇ ਨਾਨਕਾ ਸਭੋ ਕੋਈ ਵਾਦਿ ॥ [੬ ਮ: ੧ ਸਲੋਕ ਬਾਹਿਆਤਰ]

ਪੁਨਾ:-ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ ॥ [ਸੁਖਮਨੀ

ਪੁਨਾ:-ਪਰ ਘਰੁ ਜੋਹੈ ਹਾਣੇ ਹਾਣਿ ॥ ਮਨਮੁਖਿ ਭਰਮਿ ਭਵੈ ਬੇਬਾਣਿ ॥

ਪੁਨਾ:-ਪਰ ਧਨ ਪਰਦਾਰਾ ਪਰ ਨਿੰਦਾ ਇਨ ਸਿਉ ਪ੍ਰੀਤਿ ਨਿਵਾਰਿ ॥
[ਆਸਾ ਮ: ੫ ਸਬਦ ੩੭]

ਪੁਨਾ:-ਕਿਆ ਗਾਲਾਇਓ ਭੂਛ ਪਰ ਵੇਲਿ ਨ ਜੋਹੇ ਕੰਤ ਤੂ ॥ ਨਾਨਕ ਫੁਲਾ ਸੰਦੀ ਵਾੜਿ ਖਿੜਿਆ ਹਭੁ ਸੰਸਾਰੁ ਜਿਉ ॥
[ਮਾਰੂ ਵਾਰ ਡਖਣੇ ਦੀ

ਪੁਨਾ:-ਦੇਇ ਕਿਵਾੜ ਅਨਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ ॥ ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ ॥

ਪੁਨਾ:-ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ ॥ ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ ॥ ੧ ॥ [ਪ੍ਰਭਾਤੀ ਮ: ੫

ਪੁਨਾ:-ਦੇਖ ਪਰਾਈਆਂ ਚੰਗੀਆਂ ਮਾਵਾਂ ਧੀਆਂ ਭੈਣਾਂ ਜਾਣੇ ॥

ਪੁਨਾ:-ਉਸ ਸੂਅਰ ਉਸ ਗਾਇ ਹੈ ਪਰਤਨ ਹਿੰਦੂ ਮੁਸਲਮਾਣੈ ॥
[ਭਾਈ ਗੁਰਦਾਸ

ਅੰਗੇ ਢੰਗੇ ਚਿਤ ਨਾ ਲਾਏ ॥ ਗੁਰ ਕਾ ਦਿਤਾ ਅੰਗ ਹੰਢਾਏ ॥
ਪਰ ਘਰ ਜਾਇ ਨ ਕੀਜੈ ਕਥ ॥ ਏਹਾ ਹੈ ਸਤਿਗੁਰ ਕੀ ਨਥ ॥
[ਰਤਨ ਮਾਲਾ ੧੫ ਪੌੜੀ ਮ: ੧]

ਪੁਨਾ:-ਪਰਧਨ ਪਰਦਾਰਾ ਪਰਹਰੀ ॥ ਤਾਕੇ ਨਿਕਟ ਬਸੈ ਨਰ ਹਰੀ ॥

ਪੁਨਾ:-ਗੁਪਤੁ ਕਰਤਾ ਸੰਗਿ ਸੋ ਪ੍ਰਭੁ ਡਹਕਾਵਏ ਮਨੁਖਾਇ ॥ ਬਿਸਾਰਿ ਹਰਿ ਜੀਉ ਬਿਖੈ ਭੋਗਹਿ ਤਪਤ ਥੰਮ ਗਲਿ ਲਾਇ ॥ ੧ ॥ ਰੇ ਨਰ ਕਾਇ ਗ੍ਰਿਹਿ ਜਾਇ ॥ ਕੁਚਲ ਕਠੋਰ ਕਾਮਿ ਗਰਧਬ ਤੁਮ ਨਹੀ ਸੁਨਿਓ ਧਰਮ ਰਾਇ ॥ ੧ ॥ ਰਹਾਉ ॥ ਬਿਕਾਰ ਪਾਥਰ ਗਲਹਿ ਬਾਧੇ ਨਿੰਦ ਪੋਟ ਸਿਰਾਇ ॥ ਮਹਾਂ ਸਾਗਰੁ ਸਮੁਦੁ ਲੰਘਨਾ ਪਾਰਿ ਨ ਪਰਨਾ ਜਾਇ ॥ ੨ ॥ [ਇਹ ਸਾਰਾ ਸਬਦ ੧੧ ਮਾਰੂ ੫

ਪੁਨਾ:-ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ ॥ ਘਰੀ ਮੁਹ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ ॥ ੧ ॥ ਅੰਧੇ ਚੇਤਿ ਹਰਿ ਹਰਿ ਰਾਇਆ ॥ ਤੇਰਾ ਸੋ ਦਿਨੁ ਨੇੜੈ ਆਇਆ ॥ ੧ ॥ ਰਹਾਉ ॥ ਪਲਕ ਦ੍ਰਿਸਟਿ ਦੇਖਿ ਭੂਲੋ ਆਕ ਨੀਮ ਕੋ ਤੂੰਮਰ ॥ ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ ॥ ੨ ॥

ਪੁਨਾ:-ਮਨ ਰੇ ਕਉਨੁ ਕੁਮਤਿ ਤੈ ਲੀਨੀ ॥ ਪਰ ਦਾਰਾ ਨਿੰਦਿਆ ਰਸਿ ਰਚਿਓ ਰਾਮੁ ਭਗਤਿ ਨਹਿ ਕੀਨੀ ॥ ੧ ॥
[ਸੋਰਠਿ ਮ: ੯ ਸਬਦ ੩

ਪੁਨਾ:-ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ ॥
ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟਿ ਥਾਰੇ ॥
ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿੱਤ ਬਢੈਯਹੁ ॥
ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜੈਯਹੁ ॥
ਪਰ ਨਾਰੀ ਕੇ ਭਜੇ ਸਹਸ ਭਗਬਾਸਵ ਪਾਏ ॥
ਪਰ ਨਾਰੀ ਕੇ ਭਜੇ ਚੰਦ੍ਰ ਕਾਲੰਕ ਲਗਾਏ ॥
ਪਰ ਨਾਰੀ ਕੇ ਹੇਤ ਲੰਕ ਸੀਸ ਦਸ ਸੀਸ ਗਵਾਯੋ ॥
ਪਰ ਨਾਰੀ ਕੇ ਹੇਤ ਕਟਕ ਕਰਵਨ ਕੇ ਘਾਯੋ ॥

ਪਰ ਨਾਰੀ ਕੀ ਸੇ ਛੁਰੀ ਪੈਨੀ ਕਰਿ ਜਾਨਹੁ ॥
ਪਰ ਨਾਰੀ ਕੇ ਭਜੇ ਕਾਲ ਬਿਆਪਯੋ ਤਨ ਮਾਨਹੁ ॥
ਅਧਿਕ ਹਰੀਫੀ ਜਾਨਿ ਭੋਗ ਪਰ ਤ੍ਰਿਆਹਿ ਜੋ ਕਰਹੀ ॥
ਅੰਤ ਸ੍ਵਾਨ ਕੀ ਮ੍ਰਿਤ ਹਾਥ ਲੇਡੀ ਕੇ ਮਾਰਹੀ ॥
[ਗੁਰੂ ੧੦ ਚਰਿਤ੍ਰ ੨੨]

ਪਰ ਇਸਤ੍ਰੀ ਸਿਉ ਨੇਹੁ ਲਗਾਵੈ। ਕਹੈ ਗੋਬਿੰਦ ਸਿੰਘ ਉਹ
ਸਿਖ ਨਹੀਂ ਭਾਵੈ ॥ ੨੯ ॥ [ਨੰਦ ਲਾਲ]

ਪੁਨਾ:-ਲੂਕਿ ਕਮਾਨੋ ਸੋਈ ਤੁਮ੍ ਪੇਖਿਓ ਮੂੜ ਮੁਗਧ ਮੁਕਰਾਨੀ ॥
ਆਪ ਕਮਾਨੇ ਕਉ ਲੇ ਬਾਂਧੇ ਤਾਂ ਫਿਰਿ ਪਾਛੈ ਪਛਤਾਨੇ ॥ ੧ ॥
ਆਸਾ ਮ: ੫]

ਇਨਾਂ ਬਚਨਾਂ ਵਿਚ ਹੀ ਪਰ ਇਸਤਰੀ ਦੇ ਸਭ ਦੂਸ਼ਨ ਆ ਗਏ ਹਨ, ਤਾਂਤੇ ਪਰ ਇਸਤਰੀ ਤਜੋ, ਅਰ ਗੁਰ ਉਪਦੇਸ਼ ਦਵਾਰਾ ਸੁਖ ਆਨੰਦ ਭੋਗੋ।

ਕਸੁੰਭੇ ਦਾ ਰੰਗ

ਸ੍ਰੀ ਗੁਰੂ ਨਾਨਕ ਜੀ ਭੀ ਕਸੁੰਭੇ ਦੇ ਰੰਗ ਪਹਿਨਣ ਤੇ ਸਿਖਾਂ ਨੂੰ ਰੋਕਿਆ ਹੈ, ਯਥਾ-

ਮਨਮੁਖ ਨਾਮ ਵਿਹੂਣਿਆ ਰੰਗੁ ਕਸੁੰਭਾ ਦੇਖਿ ਨ ਭੁਲੁ ॥
ਇਸ ਕਾ ਰੰਗ ਦਿਨ ਥੋੜਿਆ ਛੋਛਾ ਇਸ ਦਾ ਮੁਲੁ ॥
[ਮ: ੩ ਵਾਰ ਸ੍ਰੀ ਰਾਗ ਪੌੜੀ ੯

ਪੁਨਾ:-ਮਿਤ੍ਰੁ ਪਿਆਰਾ ਨਾਨਕ ਜੀ ਮੈ ਛਡਿ ਗਵਾਇਆ ਰੰਗਿ
ਕਸੁੰਭੈ ਭੁਲੀ ॥ ਤਉ ਸਜਣ ਕੀ ਮੈ ਕੀਮ ਨ ਪਉਦੀ
ਹਉ ਤੁਧੁ ਬਿਨੁ ਅਢੁ ਨ ਲਹਿੰਦੀ ॥
[੧੩ ਸਲੋਕ ੨ ਵਾਰ ਰਾਮਕਲੀ ਦੀ

ਪੁਨਾ:-ਇਹ ਮਾਇਆ ਰੰਗ ਕਸੁੰਭ ਖਿਨ ਮਹਿ ਲਹਿ ਜਾਵਣਾ॥
[ਸੋਰਠ ਦੀ ਵਾਰ ਮ: ੪ ਪੌੜੀ ੬]

ਪੁਨਾ:-ਕਚਾ ਰੰਗ ਕਸੁੰਭ ਕਾ ਥੋੜੜਿਆ ਦਿਨ ਚਾਰਿ ਜੀਉ ॥
[ਸੂਹੀ ਮ: ੧ ਅਸਟਪਦੀ ਦੂਜੀ

ਇਨਾਂ ਸ਼ਬਦਾਂ ਵਿਚ ਕਸੁੰਭੇ ਦੇ ਰੰਗ ਦੀ ਸੁੰਦਰਤਾ ਅਰ ਕਚਾ ਹੋਣਾ ਅਲਪ ਕਾਲ ਵਿਚ ਲਹਿ ਜਾਣਾ ਅਰ ਮੁਲ ਖਰਚਿਆ ਹੋਇਆ ਨਿਕੰਮਾ ਜਾਣਾ ਇਤਿਆਦਿ ਦੂਸ਼ਨ ਦਿਖਾਏ ਹਨ ਅਰ ਇਸੇ ਰੰਗ ਦੇ ਸਮਾਨ ਸੁਹਾਉਣਾ

ਅਰ ਨਾਸਵੰਤ ਹੋਣਾ ਸੰਸਾਰ ਦਾ ਸੂਚਨ ਕਰਾਇਕੇ ਜਗਿਆਸੂ ਨੂੰ ਇਸ ਮਾਯਾ ਦੇ ਮੋਹ ਤੇ ਵਰਜਿਆ ਹੈ, ਅਰ ਮਜੀਠੀ ਰੰਗ ਦੀ ਉਪਮਾ ਪਰਮੇਸਰ ਦੇ ਨਾਮ ਨੂੰ ਦਿਤੀ ਹੈ ਇਸੀ ਆਸ਼ਯ ਅਨੁਸਾਰ ਦਸਮ ਪਾਤਸ਼ਾਹ ਨੇ ਕਸੁੰਭਾ ਪਹਿਨਣੇ ਤੋ ਸਿਖਾਂ ਨੂੰ ਰੋਕ ਦਿਤਾ ਹੈ।

[੨] ਕਸੁੰਭਾ ਰੰਗ ਸਿੰਗਾਰ ਰਸ ਦਾ ਹੈ, ਅਰ ਨੀਲਾ ਕਾਲਾ ਰੰਗ ਬੀਰ ਰਸ ਦਾ ਹੈ ਅਰ ਗੁਰੂ ਸਾਹਿਬ ਨੇ ਖਾਲਸਾ ਜੀ ਨੂੰ ਬੀਰ ਬਨਾਇਆ ਹੈ, ਜੇ ਸਿੰਗਾਰ ਰਸ ਵਧ ਜਾਵੇ ਤਾਂ ਬੀਰਤਾ ਨਹੀਂ ਰਹਿੰਦੀ। ਜੈਸੇ ਵਾਜਦ ਅਲੀ ਸ਼ਾਹ ਲਖਨਊ ਪਾਤਸ਼ਾਹ ਦੇ ਸਮਯ ਰਾਗ ਰੰਗ ਸਿੰਗਾਰ ਰਸ ਐਨਾ ਵਧਿਆ ਸੀ ਜੋ ਨਿੱਤ ਇੰਦਰ ਸਭਾ ਦੇ ਤਮਾਸ਼ੇ ਅਰ ਫੌਜ ਦੇ ਸਿਪਾਹੀਆਂ ਦੇ ਮੋਢਿਆਂ ਪਰ ਬੰਦੂਕਾਂ ਦੇ ਥਾਂ ਸਤਾਰਾਂ ਹੋ ਗਈਆਂ ਸਨ। ਇਸ ਦਾ ਫਲ ਏਹ ਹੋਇਆ ਜੋ ਰਾਜ ਗੁਵਾ ਬੈਠਾ ਤਾਂਤੇ ਭੀ ਵਰਜਤ ਹੈ।

[੩] ਕਸੁੰਭੇ ਦਾ ਸੂਹਾ ਰੰਗ ਬਹੁਤਾ ਇਸਤ੍ਰੀਆਂ ਪਹਿਨਦੀਆਂ ਹਨ; ਔਰ ਖਾਲਸਾ ਜੀ ਦਾ ਸੁਭਾਵ ਪੁਰਖਾਰਥੀ ਹੋਣਾ ਅਤਿ ਅਵਸ਼ਯ ਹੈ ਇਸਤ੍ਰੀਆਂ ਦੇ ਪ੍ਰੇਮੀ ਉਦਮ ਗਵਾ ਬੈਠਦੇ ਹਨ ਤਾਂਤੇ ਬੀ ਪਹਿਨਣਾ ਅਯੋਗ ਹੈ।

[੪] ਹਿੰਦੂ ਲੋਕ ਅਵਸ਼ਯ ਸੂਹਾ ਰੰਗ ਸੂਹਾ ਚੀਰਾ ਸਿਰ ਪਰ ਪਹਿਨਦੇ ਹਨ, ਅਰ ਮੁਸਲਮਾਨ ਨੀਲਾ ਯਾ ਸਫੇਦ, ਅਰ ਗੁਰੂ ਸਾਹਿਬ ਨੇ ਖਾਲਸਾ ਪੰਥ ਤੀਜਾ ਰਚਿਆ ਹੈ, ਇਸਤੇ ਬੀ ਸੂਹਾ ਪਹਿਨਣੇ ਤੇ ਰੋਕਿਆ ਹੈ ਅਰ ਬਸੰਤੀ ਸੁਰਮਈ ਸਫੇਦ ਵਿਧੇਯ ਮੰਨਿਆ ਹੈ।

(੫) ਸਭ ਤੇ ਵਡੀ ਗਲ ਏਹੋ ਹੈ (ਅਮਰ ਵੇਪਰਵਾਹ ਹੈ ਤਿਸ ਨਾਲ ਸਿਆਣਪ ਨਾ ਚਲਈ ਨਾ ਹੁਜਤ ਕਰਨੀ ਜਾਇ) ਜਿਸ ਕੰਮ ਤੇ ਰੋਕਿਆ ਹੈ, ਸਤਿਗੁਰੂ ਦੀ ਆਗਿਆ ਮੰਨਣੀ ਹੀ ਧਰਮ ਹੈ, ਅਰ ਸੂਹਾ ਪਹਿਨਣੇ ਵਿਚ ਭਾਵੇਂ ਹਜ਼ਾਰ ਗੁਣ ਬੀ ਪ੍ਰਗਟ ਦਿਖਾਈ ਦੇਣ ਤਾਂ ਭੀ ਤਿਆਗ ਹੀ ਸ੍ਰੇਸ਼ਟ ਹੈ, ਕਿਉਂਕਿ ਨੰਦ ਲਾਲ ਜੀ ਦੇ ਰਹਿਤਨਾਮੇ ਵਿਖੇ ਸਾਫ ਲਿਖਿਆ ਹੈ (ਸੂਹਾ ਪਹਿਨ ਲਵੇ ਨਸਵਾਰ ॥ਕਹੇ ਗੋਬਿੰਦ ਸਿੰਘ ਜਮ ਕਰੇ ਖੁਆਰ॥੧੧॥

ਇਥੇ ਸੂਹੇ ਰੰਗ ਦਾ ਅਰਥ ਆਦਿ ਗ੍ਰੰਥ ਜੀ ਦੇ ਬਚਨਾਂ ਅਨੁਸਾਰ ਕਸੁੰਭੇ ਦਾ ਰੰਗ ਹੀ ਹੈ, ਮਜੀਠੀ ਲਾਖੀ ਕਿਰਮਚੀ ਆਦਿ ਰੰਗਾਂ ਦਾ ਤਿਆਗ ਨਹੀਂ ਹੈ।

ਨੰਗੇ ਸੀਸ ਮੈਥਨ, ਸੈਨ ਅਹਾਰ ਕਲਗੀਧਰ ਮਹਾਰਾਜ ਨੇ ਰਹਿਤਨਾਮੇ ਵਿਖੇ ਨੰਦ ਲ਼ਾਲ ਜੀ ਨੂੰ ਫੁਰਮਾਯਾ ਹੈ।

ਗੁਰ ਕੋ ਛੋਡ ਅਵਰ ਸਿਉ ਮਾਗੈ । ਰਾਤ੍ਰੀ ਸਵੈ ਤੇੜ
ਹੋਇ ਨਾਂਗੈ । ਨਗਨ ਹੋਇ ਕਰ ਭੋਗ ਜੋ ਕਰੈ ।

ਨਗਨ ਹੋਇ ਜਲ ਮਜਨ ਧਰੈ ॥ ਦੋਹਰਾ ॥ ਨਗਨ
ਹੋਇ ਕਰ ਫੈਲ ਬਦ ਨਗਨ ਸੀਸ ਸੋ ਖਾਇ॥ ਨਗਨ
ਪ੍ਰਸਾਦਿ ਜੋ ਬਾਂਟਈ ਤਨਖਾਹੀ ਬਡੋ ਕਹਾਇ ॥ ੨੯ ॥

ਨੰਗੇ ਸੀਸ ਮੈਥਨ ਸੈਨ ਅਹਾਰ ਮਨਮਤੀਏ ਕਰਦੇ ਹਨ ਮਨੂ ਜੀ ਨੇ ਲਿਖਿਆ ਹੈ, ਕਿ ਸਿਰ ਕਜੇ ਭੋਜਨ ਖਾਣਾ ਰਾਕਸ਼ੀ ਅਹਾਰ ਹੈ, ਇਸੇ ਕਾਰਨ ਬ੍ਰਾਹਮਣ ਸਿਰੋਂ ਪਗ ਉਤਾਰਕੇ ਅਹਾਰ ਕਰਦੇ ਹਨ ਪਰ ਪਰਤਖ ਵਿਚ ਇਸ ਦੇ ਉਲਟ ਦੇਖਦੇ ਹਾਂ ਜੋ ਮਾਸ ਅਹਾਰੀ ਮੁਸਲਮਾਨ ਈਸਾਈ ਵਲਾਇਤੀ ਯੂਰਪੀਨ ਲੋਗ ਬਹੁਤਾ ਸਿਰ ਨੰਗੇ ਅਹਾਰ ਕਰਦੇ ਹਨ ਪਰ ਉਹਨਾਂ ਦਾ ਅਹਾਰ ਬਿਵਹਾਰ ਆਚਾਰ ਬ੍ਰਾਹਮਨ ਮਤ ਅਨੁਸਾਰ ਸਭ ਰਾਕਸ਼ੀ ਹੈ, ਦੇਵਤਾ ਕਦੀ ਨਹੀਂ ਹੋ ਜਾਂਦੇ। ਖਾਲਸਾ ਜੀ ਨੂੰ ਪੰਥ ਦੇ ਵਾਲੀ ਨੇ ਵਰਜਿਆ ਹੈ; ਅਰ ਐਸਾ ਕਰਨੇ ਤੇ ਕੇਸਾਂ ਦੀ ਬੇਅਦਬੀ ਸਮਝੀ ਜਾਂਦੀ ਹੈ, ਇਨਾਂ ਸਮਿਆਂ ਵਿਚ ਜੂੜਾ ਜਰੂਰ ਖੁਲ ਜਾਂਦਾ ਹੈ ਅਰ ਜੈਸਾ ਕਿ ਸਿਘ ਅਰ ਭੁਜੰਗੀ ਦਾ ਸਦਾ ਚੌਕਸ ਰਹਿਨਾ ਧਰਮ ਹੈ ਸੋ ਨਹੀਂ ਹੋ ਸਕੇਗਾ। ਤਨਖਾਹ ਲਗਦੀ ਆਈ ਹੈ।

ਹਿੰਦੂ ਮਤ ਵਿਚ ਕੋਈ ਵਡਾ ਸਿਰੋਂ ਮਰ ਜਾਵੇ ਤਾਂ ਚਾਉਥੇ ਤਾਈਂ ਚਾਰ ਦਿਨ ਸਿਰੋਂ ਨੰਗੇ ਬਹਿੰਦੇ ਹਨ ਜਾਂ ਬੰਗਾਲੀ ਜੋ ਬੰਦੀ ਬਾਜ ਹਨ ਸੋ ਅਵਸ਼ਯ ਸਿਰੋਂ ਨੰਗੇ ਰਹਿੰਦੇ ਹਨ ਪਰ ਗੁਰੂ ਕੇ ਸਿਖਾਂ ਨੂੰ ਪਗ ਭਾਵੇਂ ਛੋਟੀ ਜਿਹੀ ਹੀ ਹੋਵੇ ਸਿਰ ਪੁਰ ਰਖਣੀ ਅਤਿ ਅਵਸ਼ਯ ਹੈ। ਸਤਿਗੁਰੂ ਦੀ ਆਗਿਆ ਅਨੁਸਾਰ ਚਲਨਾ ਹੀ ਸ੍ਰੇਸ਼ਟਤਾ ਅਰ ਸਭਯਤਾ ਹੈਂ ਅਰ ਸਤਿਗੁਰੂ ਹੀ ਪਰਲੋਕ ਦੇ ਸਹਾਈ ਹਨ। ॥ ਇਤੀ ॥

*

ਵਖਯਾਨ ੪੯

ਦੋਹਰਾ—ਦੇਵਤ ਸਿਖਯਾ ਸਤਿਗੁਰੂ ਕਲਗੀਧਰ ਹਵੈ ਦਯਾਲ ॥
ਲੇਵਤ ਹੀਯ ਧਰ ਸਿਖ ਸੋ ਭਾਗ ਜਾਹਿ ਕੇ ਭਾਲ॥ ੧ ॥
ਪੁਨਾ:—ਸਾਹੁਰੁ ਪੀਹਰੁ ਪਲਰੈ ਹੋਇ ਨਿਲਜ ਨ ਲਜਾ ਧੋਵੈ ॥
ਰਾਵੈ ਜਾਰੁ ਭਤਾਰੁ ਤਜਿ ਖਿੰਜੋਤਾਣਿ ਖੁਸ਼ੀ ਕਿਉਂ ਹੋਵੈ ॥
ਸਮਝਾਈ ਨ ਸਮਝਈ ਮਰਨੇ ਪਰਨੇ ਲੋਕੁ ਵਿਗੋਵੈ

ਘਿਰਿ ਘਿਰਿ ਮਿਲਦੇ ਮੇਹਣੇ ਹੁਇ ਸ਼ਰਮਿੰਦੀ ਅੰਝੂ ਰੋਵੈ ॥
ਪਾਪ ਕਮਾਣੇ ਪਕੜੀਐ ਹਾਣਿ ਕਾਣਿ ਦੀਬਾਣਿ ਖੜੋਵੈ ॥
ਮਰੈ ਨ ਜੀਵੈ ਦੁਖ ਸਹੈ ਰਹੈ ਨ, ਘਰਿ ਵਿਚਿ ਪਰ ਘਰ ਜੋਵੈ ॥
ਦੁਬਿਧਾ ਅਵਗੁਣੁ ਹਾਰੁ ਪਰੋਵੈ ॥ ੬ ਪੌੜੀ ਵਾਰ ੩੩

ਸਾਹੁਰੇ ਪੇਉਕੇ ਤਿਆਗਕੇ ਨਿਲਜ ਹੋਈ, ਵੇਰ ਸ਼ਰਮਿੰਦਗੀ ਕਲੰਕ ਨੂੰ ਨਹੀਂ ਧੋ ਸਕਦੀ ਆਪਣੇ ਭਰਤੇ ਦੀ ਤਜੀ ਹੋਈ, ਵਾ ਵਰਤੇ ਨੂੰ ਤਜਕੇ ਵਾ ਮਨੋ ਭੁਲਾਇਕੇ ਮਿਤਰ ਨੂੰ ਜਾ ਮਿਲੇ ਤਾ ਓਹ ਦੋ ਚਿਤੀ ਕਿਸ ਤਰਾਂ ਅਨੰਦ ਪਾ ਸਕਦੀ ਹੈ। ਉਸ ਨੂੰ ਸਮਝਾਈਏ ਤਾਂ ਉਹ ਨਹੀਂ ਸਮਝਦੀ ਮਰਨੇ ਅਰ ਪਰਨੇ ਵਿਵਾਹ ਵਿਚ ਭਾਈਚਾਰੇ ਦੇ ਲੋਕ ਉਹਨੂੰ ਤਯਾਗ ਦਿੰਦੇ ਹਨ। ਜਿਧਰ ਜਾਵੇ ਉਧਰੋਂ ਹੀ ਮੇਹਣੇ ਮਿਲਦੇ ਹਨ। ਤਾਂ ਸ਼ਰਮਿੰਦੀ ਹੋਈ ਅੰਝੂ ਵਹਾਇ ਵਹਿ ਰੋਂਦੀ ਹੈ। ਆਪਣੇ ਕੀਤੇ ਪਾਪਾਂ ਦੀ ਫੜੀ ਹੋਈ ਕਿਸੇ ਦੀਵਾਨ ਮਜਲਸ ਵਿਚ ਖੜੋਵੇ ਤਾਂ ਕਾਣੀ ਹੋਈ ਨੂੰ ਹਾਂਨਤ ਆਉਂਦੀ ਹੈ। ਨਾ ਮਰਦੀ ਹੈ ਨਾ ਜੀਉਂਦੀ ਹੈ, ਦੁਖ ਸਹਿੰਦੀ ਹੈ, ਜੋ ਪਰ ਘਰ ਨੂੰ ਤਕਾਇਕੇ ਆਪਣੇ ਘਰ ਵਿਚ ਨਹੀਂ ਰਹਿੰਦੀ। ਇਸੇ ਤਰਾਂ ਜੇਹੜੇ ਦੁਬਿਧਾ ਵਿਚ ਪਏ ਹੋਏ ਹਨ ਓਹ ਔਗੁਣਾਂ ਦੇ ਹਾਰ ਪਰੋਂਦੇ ਹਨ ॥ ੬ ॥ ਤਾਂਤੇ ਦੁਬਿਧਾ ਤਜਕੇ ਕੇਵਲ ਕਲਗੀਧਰ ਦੇ ਆਸਰੇ ਹੋਵੇ ਅਰ ਰਹਿਤ ਰਖੇ ॥

ਚੌਪਈ॥ ਸਿੰਘ ਛਾਪ ਬਿਨ ਨਾਮ ਜੋ ਲੇਵੈ। ਤਾਂਕੋ ਉਤਰ ਕੋਇ ਨ ਦੇਵੈ। ਨਾਮ ਸਿੰਘ ਬਿਨ ਆਧਾ ਹੋਇ। ਅੰਮਰਤ ਛਕ ਨ ਬੁਲਾਵੈ ਕੋਇ ॥ ੧ ॥ ਸਿਖ ਦਾ ਮੂੰਹ ਨ ਕਦੀ ਫਿਟਕਾਰੇ। ਸਿਰ ਮੁਖ ਕੇ ਕਚ ਕਰੇ ਨ ਕਾਰੇ। ਹੁਕਾ ਅਤੇ ਹਰਾਮ ਹਲਾਲ। ਹੋਇ ਹਜਾਮਤ ਸਿਖ ਨਾ ਭਾਲ ॥ ੨ ॥ ਪਿਤਾ ਗੋਬਿੰਦ ਸਿੰਘ ਗੁਰ ਜਾਨੋ। ਸਾਹਿਬ ਦੇਈ ਮਾਤਾ ਮਾਨੋ। ਪੁਨ ਪਟਨੇ ਕਾ ਜਨਮ ਬਖਾਨੋ। ਵਾਸੀ ਅਨੰਦਪੁਰ ਦੀ ਠਾਨੋ ॥ ੩ ॥

ਦੋਹਰਾ-ਸੋਢ ਬੰਸ ਹੁਇ ਖਾਲਸਾ ਤਜੇ ਨ ਰਹਿਤ ਮ੍ਰਯਾਦ।
ਦਿਨ ਦਿਨ ਦੂਗਨੋ ਤੇਜ ਹੋਇ ਰਵਿਜਯੋਂ ਅੰਤ ਨ ਆਦਿ ॥੪॥

ਅਧੇ ਨਾਮ ਤੇ ਬੋਲਣਾ ਯਾ ਬੁਲਾਉਣਾ

ਖਾਲਸਾ ਜੀ ! ਜੈਸੇ ਸੰਨਿਆਸੀ ਸੰਤਾਂ ਦੇ ਨਾਮ ਦੇ ਅੰਤ ਵਿਖੇ ਗਿਰੀ ੧ ਪੁਰੀ ੨ ਪਰਬਤ ੩ ਬਨ ੪ ਭਾਰਤੀ ੫ ਸਾਰਸਵਤੀ ੬ ਭਗੀਰਥ ੭ ਸਾਗਰ ੮ ਆਸ਼ਰਮ ੯ ਆਰਨਿਯ ੧੦ ਇਨ੍ਹਾਂ ਦਸਾਂ ਵਿਚੋਂ ਇਕ ਪਦ ਜ਼ਰੂਰ ਆਉਂਦਾ ਹੈ, ਜੈਸੇ ਗੰਗਾ ਗਿਰੀ ੧ ਅਨਾਥ ਪੁਰੀ ੨ ਰਾਮ ਬਨ ੩ ਫੂਲ ਭਾਰਤੀ ੪ ਦਯਾ ਨੰਦ ਸਰਸਵਤੀ ੫ ਸਿਵਾਇਰਿਨਯ ੬ ਸੁਖ ਸਾਗਰ ੭ ਗਨੇਸ਼ ਪਰਬਤ ੮ ਰਾਮ ਤੀਰਥ ੯ ਸਾਂਤਿ ਆਸ਼ਰਮ ੧੦ ਬਦਰੀ ਆਸ਼ਰਮ ਆਦਿ ਜਿਸ ਤੇ ਜਾਣਿਆਂ ਜਾਂਦਾ ਹੈ ਜੋ ਦਸ ਨਾਮ ਸੰਨਿਆਸੀਆਂ ਵਿਚੋਂ ਏਹ ਅਮੁਕੇ ਨਾਮ ਦੇ ਪਿਛੇ ਦਾਸ ਪਦ ਅਵੱਸ਼ ਰਖਦੇ ਹਨ ਵਿਸ਼ਨੂੰ ਦਾਸ ਕ੍ਰਿਸ਼ਨਦਾਸ ਠਾਕਰਦਾਸ ਰਾਮਦਾਸ ਹਰੀਦਾਸ ਨਰਾਇਣਦਾਸ ਆਦਿ ਅਰ ਜੋਗੀ ਨਾਥ ਪਦ ਰਖਦੇ ਹਨ:-ਜੈਸੇ ਚਰਪਟ ਨਾਥ ਗੋਰਖ ਨਾਥ, ਮਛਿੰਦਰ ਨਾਥ, ਝੰਗਰ ਨਾਥ, ਭੰਗਰ ਨਾਥ, ਆਦਿ ਐਸੇ ਹੀ ਦਸਮ ਗੁਰੂ ਜੀ ਨੇ ਹਰੇਕ ਸਿਖ ਦੇ ਨਾਮ ਤੇ ਅੰਤ ਵਿਖੇ ਸਿੰਘ ਪਦ ਰਖਿਆ ਹੈ, ਜੈਸ ਦਯਾ ਸਿੰਘ ਧਰਮ ਸਿੰਘ ਮੋਹਕਮ ਸਿੰਘ ਹਿੰਮਤ ਸਿੰਘ ਸਾਹਿਬ ਸਿੰਘ ਝੰਡਾ ਸਿੰਘ ਗੰਡਾ ਸਿੰਘ ਘਮੰਡਾ ਸਿੰਘ ਬੀਰ ਸਿੰਘ ਰਣਧੀਰ ਸਿੰਘ ਆਦਿ ਜਿਸਤੇ ਤੁਰਤ ਜਾਣਿਆਂ ਜਾਂਦਾ ਹੈ ਕਿ ਏਹ ਦਸਮ ਗੁਰੂ ਕਾ ਸਿੱਖ ਹੈ । ਏਹ ਪਦ ਦਸਮ ਗੁਰੂ ਕੀ ਛਾਪ ਸਦਾਉਂਦਾ ਹੈ, ਅਰਥਾਤ ਚਿੰਨ ਇਸ ਤੇ ਬਿਨਾਂ ਸਿਖ ਦਾ ਅੱਧਾ ਨਾਮ ਹੈ, ਸੋ ਜੇ ਕੋਈ ਸਿੰਘ ਪਦ ਨਾ ਲਾਵੇ ਅਰ ਐਸਾ ਅੱਧਾ ਨਾਮ ਲੈਕੇ ਬੁਲਾਵੇ, ਤਾਂ ਨਾ ਬੋਲੇ, ਅਰ ਆਪ ਅੱਧਾ ਨਾਮ ਲੈਕੇ ਕਿਸੇ ਨੂੰ ਨਾ ਬੁਲਾਵੇ । (੧) ਸਿੰਘ ਨਾਮ ਸ਼ੇਰ ਕਾ ਹੈ ਜੋ ਮ੍ਰਿਗਾਵਲੀ ਦਾ ਰਾਜਾ ਹੈ। (੨) ਸਿੰਘ ਨਾਮ ਹਨਨ ਕਰਨੇ ਵਾਲੇ ਦਾ ਹੈ ਜੋ ਆਪਣੇ ਪ੍ਰਾਕ੍ਰਮ ਸੇ ਸਭਨੋ ਪਰ ਬਲੀ ਹੋਵੇ ਸ਼ਤ੍ਰੂਆਂ ਨੂੰ ਮਾਰੇ। (੩) ਬਿਸ਼ਨੂੰ ਸਹੰਸਰ ਨਾਮ ਵਿਖੇ ਭਗਤਾਂ ਦੇ ਸ਼ਤ੍ਰੂ ਨਾਸ ਕਰਨੇ ਤੇ ਸਿੰਘ ਨਾਮ ਭਗਵਾਨ ਵਿਸ਼ਨੂੰ ਦਾ ਹੈ। (੪) ਪੁਰਖ ਦੀ ਬੀਰਤਾ ਪ੍ਰਕਾਸ਼ਨ ਹਿਤ ਗੌਣੀ ਬ੍ਰਿਤੀ ਸੇ ਸਿੰਘ ਕਰਿਆ ਜਾਂਦਾ ਹੈ, ਜੋ ਹੇ ਪੁਰਖੋਂ ਮੈਂ ਸਿੰਘ ਵਾ ਅਮੁਕਾ ਸਿੰਘ ਸੂਰਮਾ ਹੈ ਭਾਵ ਸਿੰਘ ਵਤ ਸੂਰਮਾ ਹੈ, ਜੈਸੇ ਸ੍ਰੀ ਕ੍ਰਿਸ਼ਨ ਅਰਜਨ ਪ੍ਰਤਿ ਅਤੇ ਵਸਿਸ਼ਟ ਸ੍ਰੀ ਰਾਮ ਚੰਦ੍ਰ ਪ੍ਰਤਿ ਉਪਦੇਸ਼ ਸਮਯ ਕਹਿੰਦੇ ਰਹੇ ਹੈਂ ਪੁਰਖੋਂ ਵਿਚ ਸਾਰਦੂਲ। (੫) ਪੁਰਸ਼ ਦੀ ਸ੍ਰੇਸ਼ਟਤਾ ਜਣਾਉਣੇ ਹਿਤ ਸਿੰਘ ਪਦ ਨਾਮ ਦੇ ਨਾਲ ਜੋੜਦੇ ਹਨ, ਜੈਸੇ ਰਿਖਭ ਕੁੰਜਰ ਸ਼ੇਖ ਆਦਿ ਨਾਮ ਨਾਗਾਂ ਦੇ ਕੇਵਲ ਸਰੇਸਟਤਾ ਦੇ ਹੇਤ ਹਨ, ਤੈਸੇ ਏਹ ਬੀ ਪੁਰਖ ਕੁੰਜਰ ਪੁਰਖ ਰਿਖਭ,

ਪੁਰਖ ਸਿੰਘ ਪੁਰਖ ਸਾਰਦੂਲ ਆਦਿ ਸਭ ਪਦਾਂ ਦਾ ਅਰਥ ਕੇਵਲ ਸਰੇਸ਼ਟਤਾ ਮਾਤ੍ਰ ਦਾ ਹੀ ਹੈ ਬੀਰਤਾ ਅਰ ਖਤਰੀ ਧਰਮ ਦਾ ਪ੍ਰਕਾਸ਼ਕ ਅਰ ਪਰਮੇਸ਼ਵਰ ਨਾਮ ਜਾਣਕੇ ਪੰਥ ਵਿਖੇ ਨਾਮ ਦੇ ਅੰਤ ਵਿਚ ਬੋਲਨ ਦੀ ਆਗਯਾ ਹੈ, ਇਸ ਤੇ ਬਿਨਾਂ ਬੀਰਤਾ ਸੂਨ ਨਾਮ ਨਾਲ ਨਾਂ ਕਿਸੇ ਸਿੰਘ ਦੇ ਪੁਤ੍ਰ ਨੂੰ ਬੁਲਾਓ ਅਰ ਨਾ ਆਪ ਬੋਲੋ ॥

*

ਸਿੱਖ ਦਾ ਮੂੰਹ ਨਾ ਫਿਟਕਾਰੇ

ਗੁਰੂ ਕੇ ਸਿਖ ਦੇ ਮੂੰਹ ਫਿਟਕਾਰਨ ਦੀ ਆਗਯਾ ਨਹੀਂ ਹੈ, ਕਈ ਪੁਰਸ਼ਾਂ ਦਾ ਅਰ ਨਿਜ ਕਰਕੇ ਇਸਤ੍ਰੀਆਂ ਦਾ ਤਾਂ ਜ਼ਰੂਰ ਹੀ ਸੁਭਾਵ ਹੁੰਦਾ ਹੈ ਕਰੋਧ ਵਿਚ 'ਗਾਲੀ ਦਿੰਦੇ ਹੋਏ 'ਫਿਟੇ ਮੂੰਹ' ਕਹਿ ਦਿੰਦੀਆਂ ਹਨ, ਪਰ ਸਿਖਾਂ ਨੂੰ ਐਸੀ ਗਾਲੀ ਦੇਣੀ ਅਯੋਗ ਹੈ, ਇਸ ਪਰ ਗੁਰੂ ਸੂਰਜ ਪ੍ਰਕਾਸ਼ ਗ੍ਰੰਥ ਰੁਤ ਚੌਥੀ ਅੰਸੂ ੬ ਵਿਖੇ ਲਿਖਿਆ ਹੈ। ਇਕ ਸਮੇਂ ਦੀਵਾਨ ਵਿਖੇ ਦੂਰ ਦੂਰ ਤਕ ਸੰਗਤ ਬੈਠੀ ਦਰਸ਼ਨ ਕਰ ਰਹੀ ਸੀ, ਤਾਂ ਕਲਗੀਧਰ ਮਹਾਰਾਜ ਨੇ ਬਚਨ ਕੀਤਾ, ਭਾਈ ਕੋਈ ਅਜੇਹੀ ਵੀ ਇਸਤ੍ਰੀ ਹੈ ਜਿਸਨੇ ਪੁਰਸ਼ ਦਾ ਮੂੰਹ ਨਾ ਫਿਟਕਾਰਿਆ ਹੋਵੇ, ਨਾ ਬਾਲਕ ਦਾ ਨਾ ਜਵਾਨ ਦਾ ਨਾ ਬੁਢੇ ਦਾ ਇਹ ਸੁਣਕੇ ਸਭੇ ਇਸਤ੍ਰੀਆਂ ਚੁਪ ਹੋ ਰਹੀਆਂ ਕੋਈ ਨਾ ਬੋਲੀ, ਪਰ ਭਾਗਜਵਤੀ ਨਾਮੇ ਇਕ ਸਿਖ ਦੀ ਪੁਤਰੀ ਨੇ ਹਥ ਜੋੜਕੇ ਬੇਨਤੀ ਕੀਤੀ, ਹੇ ਸਚੇ ਪਾਤਸ਼ਾਹ ਜੀ ਮੈਂ ਮਰਦ ਜਾਤ ਦਾ ਮੂੰਹ ਕਦੀ ਨਹੀਂ ਫਿਟਕਾਰਿਆ ਆਪਣਾ ਹੋਵੇ ਯਾ ਪਰਾਇਆ ਛੋਟਾ ਹੋਵੇ ਯਾ ਵਡਾ ਨੌਕਰ ਸਾਰਖੇ ਨੂੰ ਬੀ ਪੁਰਸ਼ ਹੋਵੇ ਤਾਂ ਮੈਂ ਕਦੀ ਨਹੀਂ ਝਿੜਕਿਆ ਬਚਨ ਹੋਇਆ ਤੂੰ ਧੰਨ ਹੈਂ, ਪਰ ਸੰਗਤ ਨੂੰ ਕਿਸ ਤਰਾਂ ਪ੍ਰਤੀਤ ਆਵੇ ਜਦ ਤਕ ਤੂੰ ਇਸਦਾ ਕਾਰਨ ਨਾ ਸੁਣਾਵੇਂ, ਭਾਗਯਵਤੀ ਨੇ ਬੇਨਤੀ ਕੀਤੀ, ਹੇ ਪ੍ਰਭੂ ਜੀ ਅਸੀਂ ਸਤ ਭੈਣਾਂ ਹਾਂ ਪਿਤਾ ਆਗਰੇ ਦਾ ਕਾਰਦਾਰ (ਤਹਿਸੀਦਾਰ) ਸੀ ਅਚਾਨਕ ਪਿਤਾ ਮ੍ਰਿਤ ਹੋ ਗਿਆ ਹੈ, ਅਰ ਪਾਤਸ਼ਾਹ ਦੇ ਪਾਸ ਖਬਰ ਗਈ ਜੋ ਆਗਰੇ ਦਾ ਕਾਰਦਾਰ ਮਰ ਗਿਆ ਹੈ ਪੁਤਰ ਇਸਦਾ ਕੋਈ ਨਹੀਂ ਧੀਆਂ ਸਤ ਹਨ ਅਰ ਇਸਤ੍ਰੀ ਗਰਭਵੰਤੀ ਹੈ ਹੁਕਮ ਹੋਯਾ ਘਰ ਬਾਹਰ ਜ਼ਬਤ ਕਰਕੇ ਪਹਿਰਾ ਬੈਠਾਓ, ਅਰ ਉਡੀਕੋ, ਜੇ ਬਾਲਕ ਜਨਮੇ ਤਾਂ ਪੁਤ੍ਰ ਮਾਲਕ ਹੁੰਦਾ ਹੈ, ਸਭ ਕੁਛ ਦਾ ਗੁਜ਼ਾਰ ਕਰੋ, ਅਰ ਜੇ ਕੰਨਿਆਂ ਜਨਮੀ ਤਾਂ ਮਾਲਕ ਸਰਕਾਰ ਹੋਵੇਗੀ, ਹੁਣ ਜੰਦਰੇ ਵੱਜ ਗਏ ਚੌਂਕੀ ਬੈਠਾਈ ਗਈ, ਅਸੀਂ ਰਾਤ ਦਿਨ ਅਰਾਧਨਾ ਕਰੀਏ ਹੇ

ਪਰਮੇਸ਼ਵਰ ਤੂੰ ਪੜਦਾ ਕੱਜ, ਸੋ ਸਤਿਗੁਰੂ ਦੀ ਦਯਾ ਨਾਲ ਕਰਤਾਰ ਨੇ ਸਾਡੀ ਪੁਕਾਰ ਸੁਣੀ ਸਮਾਂ ਪੂਰਾ ਹੋਣੇ ਪਰ ਬਾਲਕ ਜਨਮਿਆਂ ਇਸ ਵੇਲੇ ਦੇ ਖਰਚ ਦਾ ਕੌਣ ਬਰਨਨ ਕਰ ਸਕਦਾ ਹੈ। ਜਿਧਰੋਂ ਕਿਧਰੋਂ ਵਧਾਈਆਂ ਦੀਆਂ ਹੀ ਅਵਾਜ਼ਾਂ ਆਈਆਂ; ਖੁਸ਼ੀਆਂ ਅਰ ਘਰ ਬਾਰ ਵਾਗੁਜ਼ਾਰ ਹੋ ਗਿਆ ਇਕ ਦਾੜੀ ਤੇ ਬਿਨਾਂ ਅਸੀਂ ਸਭੇ ਭੈਣਾਂ ਨਿਕੰਮੀਆਂ ਸੀਆਂ, ਉਸ ਦਿਨ ਤੇ ਮੈਂ ਕਦੀ ਕਿਸੇ ਮਰਦ ਦਾ ਮੂੰਹ ਨਹੀਂ ਫਿਟਕਾਰਿਆ। ਇਹ ਸੁਣਕੇ ਸਤਿਗੁਰੂ ਬੋਲੇ, ਪੁਤ੍ਰੀ ਤੂੰ ਧੰਨ ਹੈਂ ਤੂੰ ਸੁਖ ਭੋਗੇਂਗੀ, ਅਰ ਸੁਖੀ ਵਸੇਂਗੀ, ਦੇਖੋ ਇਕ ਦਾੜ੍ਹੀ ਤੇ ਬਿਨਾਂ ਸਭੇ ਨਿਕਾਰੀਆਂ ਸੀਆਂ, ਅਤੇ ਧ੍ਰਿਗ ਹੈ ਉਨਾਂ ਨੂੰ ਜੋ ਸਤਿਗੁਰੂ ਤੇ ਬੇਮੁਖ ਹੋਕੇ ਦਾੜ੍ਹੀ ਹੀ ਮੁੰਡਾਇ ਛਡਦੇ ਹਨ, ਉਨਾਂ ਦਾ ਨਾਮ ਹੀ ਮੂੰਹ ਮੁੰਡ ਯਾ ਮੁੰਨ ਹੈ। ਪਰਮੇਸ਼ਵਰ ਨੇ ਤਿਨਾਂ ਨੂੰ ਪੁਰਸ਼ ਬਣਾਯਾ ਪਰ ਓਹ ਦਾੜ੍ਹੀ ਮੁਨਾਇਕੇ ਤ੍ਰੀਮਤਾਂ ਬਣ ਰਹਿੰਦੇ ਹਨ ਦਾਹੜੀ ਨਾਲ ਮਰਦ ਦਾ ਚੇਹਰਾ ਸ਼ੇਰ ਸਮਾਨ ਭਾਸਦਾ ਹੈ, ਦਾਹੜੀ ਤੇ ਬਿਨਾਂ ਅੱਧਾ ਰਹਿ ਜਾਂਦਾ ਹੈ। ਈਸ਼ਵਰ ਦੀ ਇੱਛਾ ਹੈ ਕਿ ਮਰਦ ਦੇ ਮੂੰਹ ਉਤੇ ਦਾਹੜੀ ਹੋਵੇ, ਇਸਤ੍ਰੀ ਨੂੰ ਕੁਦਰਤ ਨੇ ਇਹ ਵਸਤ ਨਹੀਂ ਦਿਤੀ। ਹਿੰਦੂ ਮਤ ਦੇ ਆਦੀ ਅਚਾਰਯਾਂ ਮਹਾਤਮਾਂ ਬ੍ਰਹਮਾ ਜੀ ਦੇ ਮੁਖ ਪਰ ਦਾਹੜੀ ਹੈ, ਪਦਮ ਪੁਰਾਨ ਕਾਰਤਕ ਮਹਾਤਮ ਮੇਂ ਤੁਲਸੀ ਦੀ ਉਤਪਤੀ ਦੀ ਕਥਾ ਵਿਖੇ ਲਿਖਾ ਹੈ ਜਾਲੰਧਰ ਰਾਜਾ ਜਨਮਿਆਂ ਤਾਂ ਬ੍ਰਹਮਾ ਜੀ ਵਧਾਈ ਦੇਣ ਆਏ, ਇਸਦੇ ਪਿਤਾ ਨੇ ਤਿਨਾਂ ਦੀ ਗੋਦ ਵਿਖੇ ਬਾਲਕ ਦਿਤਾ, ਤਾਂ ਜਲੰਧਰ ਨੇ ਬਾਲ ਅਵਸਥਾ ਵਿਖੇ ਬ੍ਰਹਮਾ ਜੀ ਦੀ ਦਾਹੜੀ ਫੜਕੇ ਅਜਿਹੀ ਖਿਚੀ ਜੋ ਬ੍ਰਹਮਾ ਦੇ ਨੇਤ੍ਰ ਜਲ ਨਾਲ ਭਰ ਆਏ। ਮੁਸਲਮਾਨਾਂ ਨੇ ਮੁਹੰਮਦ ਸਾਹਿਬ ਦੇ ਮੂੰਹ ਪਰ ਯਹੂਦੀਆਂ ਦੇ ਵਡੇ ਹਜ਼ਰਤ ਮੂਸਾ ਦੀ, ਅਰ ਈਸਾਈਆਂ ਦੇ ਵਡੇ ਈਸਾ ਦੀ, ਅਤੇ ਹੋਰ ਵਡੇ ਵਡੇ ਰਖੀਸ਼੍ਵਰਾਂ ਅਰ ਮੁਨੀਸ਼ਰਾਂ ਦੀ ਦਾਹੜੀ ਸੀ। ਦਾਹੜੀ ਵਾਲੇ ਨੂੰ ਲਾਜ ਹੁੰਦੀ ਹੈ, ਜੇਹੜੇ ਮਨਾਉਂਦੇ ਹਨ ਉਨਾਂ ਵਿਚੋਂ ਬੀ ਜੇ ਕੋਈ ਬਚਨ ਕਹਿਕੇ ਨਾ ਪੂਰਾ ਕਰੇ ਤਾਂ ਲੋਕ ਉਲਾਹਮਾ ਦਿੰਦੇ ਹਨ, ਮੂੰਹ ਤੇ ਦਾਹੜੀ ਹੈ ਕਿ ਨਹੀਂ। ਸੂਰਮੇ ਪ੍ਰਣ ਕਰਦੇ ਕਹਿੰਦੇ ਹਨ, ਜੋ ਮੇਰੇ ਮੂੰਹ ਤੇ ਦਾਹੜੀ ਹੈ ਤਾਂ ਬਦਲਾ ਲੈਕੇ ਹੀ ਛੱਡਾਂਗਾ, ਅਰ ਜੇ ਕੋਈ ਕੁਕਰਮ ਕਰੇ ਤਾਂ ਬੀ ਐਸਾ ਕਹਿੰਦੇ ਹਨ, ਦਾਹੜੀ ਕੀ ਕਹਿੰਦੀ ਹੈ ਤੇ ਕਰਮ ਕੀ ਹਨ, ਪ੍ਰਯੋਜਨ ਇਹ ਕਿ ਦਾਹੜੀ ਵਾਲੇ ਨੂੰ ਲਾਜ ਹੁੰਦੀ ਹੈ, ਜਿਨਾਂ ਨੇ ਦਾਹੜੀ ਹੀ ਮੁਨਾਇ ਛਡੀ ਉਨਾਂ ਨੇ ਆਪਣੀ ਪਤ ਹੀ ਲਾਹ ਲਈ। ਜਦ ਤਕ ਦਾਹੜੀ ਨਾ ਆਵੇ, ਉਹ ਬਾਲ ਅਵਸਥਾ ਵਾਲਾ ਮੁੰਡਾ ਕਹਾਉਂਦਾ ਹੈ, ਉਹ ਬੁਧਿਮਾਨ ਸਲਾਹ ਵਿਚ ਨਹੀਂ ਲੈਂਦੇ। ਗੁਰੂ ਸਾਹਿਬ ਦਾ ਬਚਨ ਹੈ (ਸੇ ਦਾਹੜੀਆ

ਸਚੀਆ ਜਿ ਗੁਰ ਚਰਨੀ ਲਗੰਨਿ੍ ॥) ਪੁਨਾ:-(ਮੁਖ ਸਚੇ ਸਚੁ ਦਾੜੀਆ ਸਚੁ ਬੋਲਹਿ ਸਚੁ ਕਮਾਹਿ ॥) ਜੇ ਦਾਹੜੀ ਹੋਵੇਗੀ ਤਾਂ ਗੁਰ ਚਰਨੀ ਲਗੇਗੀ ਜੇ ਮੁਨਾਇ ਛਡੀ ਤਾਂ ਇਹ ਵਾਕ ਕਿਸ ਤਰਾਂ ਪੂਰਾ ਹੋਵੇਗੀ। ਸ੍ਰੀ ਗੁਰੂ ਨਾਨਕ ਜੀ ਆਦਿ ਦਸਾਂ ਹੀ ਸਤਿਗੁਰਾਂ ਦੀਆਂ ਮੂਰਤਾ ਦੇਖੋ ਦਾਹੜੀ ਸੁੰਦਰ ਸੋਭਦੀ ਹੈ। ਸ੍ਰੀ ਗੁਰੂ ਰਾਮਦਾਸ ਸਾਹਿਬ ਜਦ ਸ੍ਰੀ ਚੰਦ ਸਾਹਿਬ ਜੀ ਨੂੰ ਮਿਲੇ ਤਾਂ ਏਹ ਪਹਿਲੀ ਮੁਲਾਕਾਤ ਸੀ, ਗੁਰੂ ਸਾਹਿਬ ਦਰਸ਼ਨ ਕਰਕੇ ਪ੍ਰੇਮ ਵਿਚ ਮਗਨ ਹੋ ਗਏ, ਤਾਂ ਸ੍ਰੀ ਚੰਦ ਜੀ ਨੇ ਇਨਾਂ ਦੀ ਲੰਮੀ ਦਾਹੜੀ ਦੇਖਕੇ ਕਿਹਾ ਰਾਮਦਾਸ ਤੈਂ ਦਾਹੜੀ ਬੜੀ ਲੰਮੀ ਵਧਾਈ ਹੈ? ਇਹ ਸੁਣਕੇ ਗੁਰੂ ਸਾਹਿਬ ਬੋਲੇ ਧੰਨ ਸਤਿਗੁਰੂ ਹਨ, ਮਹਾਰਾਜ ਮੈਂ ਦਾਹੜੀ ਇਸ ਭਾਵਨਾ ਨਾਲ ਲੰਮੀ ਵਧਾਈ ਸੀ ਕਿ ਜਦ ਆਪ ਦਾ ਦਰਸ਼ਨ ਪਾਵਾਂਗਾ ਤਾਂ ਦਾਹੜੀ ਨਾਲ ਚਰਨ ਝਾੜਾਂਗਾ, ਪਰ ਮੈਨੂੰ ਇਸ ਵੇਲੇ ਦਰਸ਼ਨ ਦੇ ਅਨੰਦ ਵਿਚ ਚੇਤਾ ਭੁਲ ਗਿਆ ਆਪ ਨੇ ਬੜੀ ਕਿਰਪਾ ਕੀਤੀ ਜੋ ਯਾਦ ਕਰਾਯਾ, ਅਰ ਐਸਾ ਕਹਿੰਦੇ ਚਰਨ ਪਕੜਦੇ ਹੀ ਸੇ ਸੋ ਸ੍ਰੀ ਚੰਦ ਜੀ ਦੇ ਨੇਤਰ ਜਲ ਨਾਲ ਭਰ ਆਏ ਅਰ ਗਦ ਗਦ ਹੋਏ ਗੁਰੂ ਸਾਹਿਬ ਨੂੰ ਕੰਠ ਨਾਲ ਲਾਕੇ ਬੋਲੇ ਅਜਿਹੇ ਹੀ ਨਿੰਮ੍ਰਤਾ ਦੇ ਜਾਦੂ ਪਾਇਕੇ ਤੁਸਾਂ ਸਾਡੇ ਪਿਤਾ ਨੂੰ ਵਸ ਕੀਤਾ ਅਰ ਗੁਰਿਆਈ ਪਾਈ, ਅਸੀਂ ਅਪਨੇ ਅਭਿਮਾਨ ਵਿਚ ਖਾਲੀ ਰਹੇ, ਸਾਨੂੰ ਏਹ ਵਲ ਨਾ ਆਯਾ, ਅਰ ਜਿਸ ਤਰਾਂ ਸਾਡੇ ਪਿਤਾ ਨੇ ਆਪਣਾ ਸਰਬੰਸ ਤੁਹਾਨੂੰ ਦਿਤਾ ਅਸੀਂ ਬੀ ਆਪਣੀ ਗੱਦੀ ਤੁਹਾਨੂੰ ਹੀ ਦਿੰਦੇ ਹਾਂ, ਅਰ ਐਸਾ ਹੀ ਕੀਤਾ।

ਮਹਾਰਾਜਾ ਰਣਜੀਤ ਸਿੰਘ ਸਾਹਿਬ ਜਿਸਦਾ ਸੁੰਦਰ ਲੰਮਾ ਦਾਹੜਾ ਦੇਖਦੇ ਸੇ, ਰੁਜੀਨਾ ਲਗਾਇਕੇ ਆਪਣੇ ਦਰਬਾਰੀਆਂ ਵਿਚ ਰਖਦੇ ਸੇ, ਹਿੰਦੁਸਤਾਨ ਦੇ ਹਿੰਦੂ ਲੋਕ ਕੇਵਲ ਮੁਛਾਂ ਰਖਦੇ ਅਰ ਦਾਹੜੀ ਮੁਨਾਇ ਛਡਦੇ ਹਨ ਅਰ ਮੁਸਲਮਾਨ ਦਾਹੜੀ ਰਖਦੇ ਹਨ, ਇਕ ਵਾਰੀ ਕਿਸੇ ਹਿੰਦੂ ਨੇ ਆਪਣੇ ਮਿਤ੍ਰ ਮੁਸਲਮਾਨ ਨੂੰ ਕਿਹਾ, ਦਾਹੜੀ ਵਾਲੋਂ ਕੋ ਫਰਿਸ਼ਤੇ ਪਕੜੇਂਗੇ। ਦਾਹੜੀ ਮੁੰਨੇ ਵਹਾਂ ਭੀ ਅਕੜੇਂਗੇ ਮੁਸਲਮਾਨ ਮਿਤਰ ਨੇ ਉੱਤਰ ਦਿਤਾ।

ਮੂਛੋਂ ਸੇ ਪਕੜ ਕਰੇਂਗੇ ਨਿਹਾਇਤ ਜਿੱਚ।
ਪੂਛੇਂਗੇ ਕਿ ਤੈਂ ਦਾਹੜੀ ਕਿਉਂ ਮੁੰਡਾਈ ਭੜੂਏ ਰਿੱਛ।

ਸ੍ਰੀ ਮਦ ਭਗਵਤ ਦੇ ਚੌਥੇ ਸਕੰਧ ਵਿਚ ਕਥਾ ਹੈ। ਦਖਜੀ ਪ੍ਰਜਾਪਤਿ ਦੇ ਯੱਗ ਵਿਚ ਸਤੀ ਦੇ ਜਲ ਜਾਣੇ ਤੇ ਬੀਰ ਭਦਰਗਣ ਨੇ ਕੋਪ ਕਰਕੇ

ਪੂਖਾ ਸੂਰਜ ਦੇ ਦੰਦ ਭੰਨੇ, ਭਗ ਨਾਮਾ ਸੂਰਜ ਦੇ ਨੇਤ੍ਰ ਅੰਧੇ ਕੀਤੇ ਉਸ ਵੇਲੇ ਭ੍ਰਿਗੁ ਰਿਸ਼ੀ ਦੀ ਦਾਹੜੀ ਵਾਲ ਵਾਲ ਕਰਕੇ ਉਖਾੜੀ ਇਸ ਤੋਂ ਰਿਖੀਆਂ ਦੀ ਦਾਹੜੀ ਸਿਧ ਹੁੰਦੀ ਹੈ।

ਰਾਜਾ ਦਸਰਥ ਕ੍ਰਿਤ ਸਨਿਸਚਰ ਦੇਵਤਾ ਦੇ ਸਤੋਤਰ ਵਿਚ ਛਨੀ ਦੇਵਤਾ ਦਾ ਸਰੂਪ ਲਿਖਾ ਹੈ (ਦੀਰਘ ਸਮਸਰ ਜਟਾਦਿਚ) ਅਰਥਾਤ ਸਿਰ ਪਰ ਲੰਬੇ ਕੇਸ ਅਰ ਮੁਖ ਪਰ ਲੰਮੀ ਦਾਹੜੀ। ਬਰਨ ਦੇਵਤਾ ਦੀ ਦਾਹੜੀ, ਨਾਰਦ ਦੀ ਦਾਹੜੀ ਪਰੰਤੂ ਕਲਯੁਗੀ ਜੀਵ ਹਨ ਜੋ ਦਾਹੜੀ ਮੁਨਾਉਂਦੇ ਰਤੀ ਨਹੀਂ ਸ਼ਰਮਾਉਂਦੇ, ਐਸੀ ਦਾਹੜੀ ਵਾਲੇ ਮੂੰਹ ਨੂੰ ਗੁਰੂ ਦੀ ਆਗਯਾ ਹੈ ਕਦੇ ਨ ਫਿਟਕਾਰੋ।

ਸਿਰ ਅਰ ਮੁਖ ਦੇ ਕੇਸਾਂ ਨੂੰ ਰੰਗ ਲਾਕੇ ਕਾਲਾ ਨ ਕਰੋ

ਭਿੰਨ ਭਿੰਨ ਦੇਸਾਂ ਅਰ ਭਿੰਨ ਭਿੰਨ ਮਤ ਦੇ ਲੋਕ ਆਪਣੀ ਮਨਮਤ ਦੇ ਅਨੁਸਾਰ ਸਿਰ ਮੂੰਹ ਦੇ ਕੇਸਾਂ ਨੂੰ ਕਤਰਾ ਮੁੰਡਾਇ ਪੁਟਾਇ ਖੁਹਾਇ ਵਧਾਇ ਗੁੰਦਾਇ ਆਪਣਾ ਮਨ ਤਨ ਅਨੁਸਾਰ ਬਣਾਇਕੇ ਸੁੰਦਰ ਤਾਈ ਸ਼ਿੰਗਾਰ ਸਮਝਦੇ ਹਨ, ਪਰ ਅਸਲ ਵਿਚ ਸੁੰਦਰਜਤਾ ਅਰ ਸ਼ਿੰਗਾਰ ਉਹੋ ਚੰਗੇ ਹੈ ਜੋ ਕਰਤਾਰ ਦੀ ਇਛਾ ਅਨੁਸਾਰ ਹੋਵੇ ਕਿਉਂਕਿ ਸਿਰਜਨਹਾਰ ਅਭੁੱਲ ਹੈ, ਉਸ ਨੇ ਜੰਮਦੇ ਬਾਲ ਦੇ ਸਿਰ ਤੇ ਝੰਡ ਦਿਤੀ, ਫੇਰ ਜਿਉਂ ਜਿਉਂ ਉਮਰ ਵਿਚ ਵਧਿਆ ਤਿਉਂ੨ ਕੇਸ ਵਧਦੇ ਗਏ, ਸਮਾਂ ਆਯਾ ਲੋੜ ਪਈ ਤਾਂ ਦਾਹੜੀ ਆਈ, ਸਮਾਂ ਹੋਇਆ ਤਾਂ ਕਾਲੇ ਕੇਸ ਧੌਲੇ ਹੋਣ ਲਗ ਪਏ ਭ੍ਰਵਟਿਆਂ ਦੇ ਮੁਛਾਂ ਦੇ ਰੋਮ ਅਰ ਝਿਮਨੀਆਂ ਆਪੋ ਆਪਣੇ ਵਿਤ ਅਨੁਸਾਰ ਵਧਦੇ ਹਨ ਇਸਤ੍ਰੀਆਂ ਨੂੰ ਦਾਹੜੀ ਮੁਛ ਨਹੀਂ ਆਉਂਦੀ, ਪਰ ਮਨੁੱਖਾਂ ਨੂੰ ਕਰਤਾਰ ਨੇ ਦਿਤੀ ਅਰ ਸਿਰ ਦਾਹੜੀ ਦੇ ਰੋਮ ਆਪਣੇ ਵਿਤ ਅਨੁਸਾਰ ਵਧਦੇ ਹਨ ਫੇਰ ਕਿਸ ਤਰਾਂ ਸਮਝੀਏ ਜੋ ਇਹ ਗਲ ਕਰਤਾਰ ਦੀ ਇਛਾ ਅਰ ਤੇ ਬਿਨਾਂ ਹੈ ਅਰ ਜੇ ਉਸ ਦੀ ਇਛਾ ਆਗਜਾ ਦੇ ਵਿਚ ਹੈ ਤਾਂ ਸਾਨੂੰ ਪਰਵਾਨ ਹੀ ਕਰਨੀ ਜੋਗ ਹੈ (ਤਿਸ ਕਾ ਕੀਆ ਸਭੁ ਪਰਵਾਨੁ ॥ ਗੁਰ ਪਰਸਾਦਿ ਨਾਨਕ ਇਹੁ ਜਾਨੁ ॥੭॥) ਕੇਸ ਗੁਰੂ ਕੀ ਮੋਹਰ ਹਨ

ਉਸਨੂੰ ਭੰਨਣਾ ਤੋੜਨਾ ਬਨਾਉਣਾ ਅਯੋਗ ਹੈ, ਨਿਰਾ ਕੰਘੇ ਅਰ ਸ਼ਨਾਨ ਕਰਨੇ ਸੇ ਸੁਧ ਸੁਥਰੇ ਰਖਣਾ ਚਾਹੀਏ, ਇਸੀ ਤੇ ਇਨਾਂ ਦੀ ਸੁੰਦਰਤਾ ਹੁੰਦੀ ਹੈ।

ਕੇਸਾਂ ਦਾ ਕਾਲਾ ਰਹਿਣਾ ਜਵਾਨੀ ਅਰ ਅਰੋਗਤਾ ਪਰ ਹੈ, ਜਦ ਅੰਦਰੋਂ ਸਿਥਲਤਾ ਹੋਣ ਲਗੇ ਕੇਸ ਚਿਟੇ ਹੁੰਦੇ ਜਾਂਦੇ ਹਨ ਪੁਨਾ ਰੰਗ ਲਉਣ ਤੇ ਬਲ ਬੀਰਜ ਪੁਸ਼ਟਤਾ ਆਯੂ ਬ੍ਰਿਧੀ ਆਦਿ ਕੁਛ ਲਾਭ ਨਹੀਂ ਹੋ ਸਕਦਾ ਅਰ ਜੇ ਲੋਕਾਂ ਨੂੰ ਪਤਿਆਈਏ ਤਾਂ ਉਹ ਭੀ ਜਾਣ ਜਾਂਦੇ ਹਨ ਅਮੁਕਾ ਕਲਪ ਲਾਉਂਦਾ ਹੈ, ਇਸ ਤੇ ਗੁਰਮਤ ਮੈਂ ਕਲਪ ਤਿਆਗ ਨੀਜ ਹੈ (ਕਲਪ ਤਿਆਗੀ ਬਾਦ ਹੈ ਸਚਾ ਵੇਪਰਵਾਹ) ਇਥੇ ਅੰਤਰੀਵ ਅਰਥ ਮੈਂ ਕਲਪਨਾ ਸੇ ਭਾਵ ਹੈ, ਵਾਹਜ ਅਰਥ ਮੈਂ ਕਲਪ ਕੇਸ ਕਾਲੇ ਕਰਨੇ ਦਾ ਰੰਗ ਤਿਆਗਿਆ ਹੈ।

ਕਲਪ ਉਹੋ ਲਾਉਂਦੇ ਹਨ, ਜਿਨਾਂ ਦੇ ਮਨ ਵਿਖੇ ਵਾਸ਼ਨਾ ਹੁੰਦੀ ਹੈ ਕਿ ਸਾਨੂੰ ਲੋਕ ਜਵਾਨ ਸਮਝਨ ਯਾ ਵਿਆਹ ਹੋ ਜਾਵੇ ਯਾ ਇਸਤ੍ਰੀਆਂ ਰੀਝਨ, ਜਿਨਾਂ ਦਾ ਅੰਤ ਖੋਟਾ ਹੈ। (ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥ਸਰਪ ਜੋਨਿ ਵਲਿ ਵਲਿ ਅਉਤਰੈ॥੧॥)ਇਤਯਾਦਿ ਸਾਰਾ ਚਿਟੇ ਕੇਸਾਂ ਦਵਾਰੇ ਮੌਤ ਦਾ ਸੰਦੇਸਾ ਆਉਂਦਾ ਹੈ ਜੋ ਸਾਵਧਾਨ ਹੋ ਜਾਓ ਮੈਨੂੰ ਆਇਆ ਜਾਣੋ ਵਿਖੇ ਭੋਗ ਤਜਕੇ ਭਗਵੰਤ ਨੂੰ ਭਜੋ ਸੰਸਾਰ ਅਸਾਰ ਤੇ ਵੈਰਾਗ ਧਾਰਨ ਕਰੇ ਪਰ ਕਲਪ ਲਗਾਇਕੇ ਇਸ ਦੇ ਉਲਟ ਅਚੇਤ ਹੋਕੇ ਸੌਂ ਜਾਣਾ ਹੈ ਅਰ ਵਾਸ਼ਨਾ ਅਨੁਸਾਰ ਜਨਮ ਹੁੰਦਾ ਹੈ ਜੋ ਵਾਸ਼ਨਾ ਅਨਰਥ ਕਾਰੀ ਹੋਣਗੀਆਂ ਤੇ ਫਲ ਬੀ ਅਨਰਥ ਕਾਰੀ ਹੀ ਹੋਵੇਗਾ, ਇਸੀ ਤੇ ਰਾਜਾ ਦਸਰਥ ਨੇ ਕੰਨ ਦੇ ਕੋਲ ਚਿਟਾ ਕੇਸ ਆਇਆ ਮੌਤ ਦਾ ਸਨੇਹਾ ਸਮਝਕੇ ਰਾਮ ਜੀ ਨੂੰ ਰਾਜ ਤਿਲਕ ਦੇਕੇ ਈਸ਼ਰ ਉਪਾਸ਼ਨਾ ਅਰ ਵੈਰਾਗ ਪ੍ਰਾਪਤੀ ਚਾਹੀ ਸੀ, ਅਰ ਇਹੋ ਚਿਟੇ ਕੇਸ ਹੀ ਦਿਖਾਇਕੇ ਸਤਿਗੁਰੂ ਵਿਰਕਤ ਹੋਣੇ ਦਾ ਉਪਦੇਸ਼ ਕਰਦੇ ਹਨ।

ਦੇਖੁ ਫਰੀਦਾ ਜੁ ਥੀਆ ਦਾੜੀ ਹਈ ਭੂਰ॥
ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ॥੯॥

ਪੁਨਾ:-(ਸਿਰ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆ ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆ) ਤਾਂਤੇ ਕਲਪ ਤਿਆਗ ਕਰ ਅਵਿਦਿਆ ਦੀ ਨੀਂਦ ਤੇ ਜਾਗ ਕਰ ਵਾਹਿਗੁਰੂ ਦੇ ਭਜਨ ਵਿਖੇ ਉਦਯੋਗੀ ਬਣਨਾ ਉਚਿਤ ਹੈ।

ਇਤਿਆਦਿ ਕਾਰਨਾਂ ਤੇ ਹੀ ਪੰਥ ਮੈਂ ਕਲਪ ਲਾਉਣੇ ਵਾਲਾ ਤਨਖਾਹੀਆ ਕੀਤਾ ਜਾਂਦਾ ਹੈ।

ਤਾਂਤੇ ਹੇ ਭਾਈ ਪਿਆਰਿਓ ਸਤਿਗੁਰੂ ਦੀ ਆਗਿਆ ਅਨੁਸਾਰ ਰਹਿਤਾਂ ਰਖਣ ਵਿਚ ਸੁਚੇਤ ਰਹੋ, ਇਨਾਂ ਦਾ ਫਲ ਅੰਤ ਵਿਚ ਅਬਿਨਾਸੀ ਸੁਖ ਤੁਸੀਂ ਪਾਓਗੇ। ਜੈਸੇ ਬਚਨ ਹੈ:-

॥ ਕਬਿਤ ॥

ਜੈਸੇ ਹੀਰਾ ਹਾਥ ਮੈਂ ਤਨਕ ਸੋ ਦਿਖਾਈ ਦੇਤ ਮੋਲ ਕੀਏ ਦਮਕ ਨ ਭਰਤ ਭੰਡਾਰ ਜੀ। ਜੈਸੇ ਬਰਬਾਂਧੇ ਹੁੰਡੀ ਲਾਗਤ ਨਾ ਭਾਰ ਕਛੁ ਆਗੈ ਜਾਇ ਪਾਈਅਤ ਲਛਮੀ ਅਪਾਰ ਜੀ। ਜੈਸੇ ਬਟ ਬੀਜ ਅਤਿ ਸੂਖਮ ਸਰੂਪ ਹੋਤ ਬੋਏ ਬਿਥੁਧ ਕਰੈ ਬਿਰਖ ਬਿਥਾਰ ਜੀ। ਤੈਸੇ ਗੁਰ ਬਚਨ ਸਚਨ ਗੁਰ ਸਿਖਨ ਮੈਂ ਜਾਨੀਐ ਮਹਾਤਮ ਗਏ ਹੀ ਹਰਿਦਵਾਰ ਜੀ।

(੩੭ ਭਾਈ ਗੁਰਦਾਸ ਜੀ)

ਇਸ ਦੇ ਅਰਥ ਬਿਚਾਰਨੇ ਤੇ ਮਨ ਗੁਰਮਤਿ ਵਿਖੇ ਸ਼ਰਧਾਵਾਨ ਹੋਵੇਗਾ। ਇਤਿ

ਵਖਯਾਨ ੪੭

ਦੋਹਰਾ:-ਜੈਸੇ ਜਨਨੀ ਜਨਨ ਕੀ ਸਿਖਯਾ ਸੁਤ ਸੁਖਕਾਰ ॥
ਸੁਖਦ ਗੁਰੂ ਸਿਖਯਾ ਤਿਨੈ ਸਿਖਨ ਹੇਤ ਉਤਾਰ ॥ ੧ ॥
ਹਾਹੇ ਚਾਰੇ ਤਯਾਗਣ ਹੁਕਾ ਅਤੇ ਹਰਾਮ ॥
ਛੁਹੇ ਨਾ ਕਦੀ ਹਲਾਲ ਕੋ ਲੇ ਨ ਹਜਾਮਤ ਨਾਮ ॥ ੨ ॥

ਸਤਿਗੁਰੂ ਦੇ ਪਯਾਰਿਓ ! ਸਿਖ ਨਾਮ ਰਖਾਉਣੇ ਤੇ ਸਿਖ ਨਹੀਂ ਬਣੀਦਾ ਜਦ ਤੋੜੀ ਸਿਖੀ ਦੀ ਰਹਿਤ ਨਾ ਰਖੀਏ, ਅਰ ਸਿਖੀ ਦੇ ਉਪਦੇਸ਼ ਓਹ ਸੁਣ ਜੋ ਸੰਸਾਰ ਤੇ ਆਪਣਾ ਉਧਾਰ ਚਾਹੇ, ਜੋ ਮੁਕਤ ਦਾ ਅਭਿਲਾਖੀ ਹੋਵੇ ਜੋ ਜਨਮ ਮਰਨ ਦੇ ਦੁਖ ਤੋਂ ਛੁਟਣਾ ਚਾਹੇ (ਜੇ ਕੋ ਜਨਮ ਮਰਣ ਤੇ ਡਰੈ ॥ ਸਾਧ ਜਨਾ ਕੀ ਸਰਨੀ ਪਰੈ ॥) ਮਾਯਾ ਦੇ ਪਯਾਰੇ ਸੁਖ ਭੋਗਾਂ ਦੇ ਸ੍ਵਾਰਥੀ, ਵਿਸ਼ਯ ਵਿਕਾਰਾਂ ਦੇ ਅਭਿਲਾਖੀ, ਸਿਖੀ ਦੇ ਅਧਿਕਾਰੀ ਨਹੀਂ ਹੋ ਸਕਦੇ, ਸਤਿਗੁਰੂ ਸਦਾ ਕੁਕਰਮਾਂ ਤੇ ਰੋਕਦੇ ਹਨ, ਸ਼ੁਭ ਮਾਰਗ ਦਸਦੇ ਹਨ, ਅਰ ਬਣਾਉਂਦੇ ਹਨ ਬ੍ਰਹਮ ਗਯਾਨ ਦੀ ਪ੍ਰਾਪਤੀ ਦਾ, ਪਰ ਜੇ

ਸਿਖ ਓਨਾਂ ਰਹਿਤਾਂ ਨੂੰ ਨਾ ਧਾਰਨ ਅਰ ਗਿਆਨ ਨਾ ਪ੍ਰਾਪਤਿ ਕਰਨ ਤਾਂ ਉਨਾਂ ਦੇ ਜਨਮਾਂ ਨੂੰ ਧ੍ਰਿਕਾਰਾਂ ਮਿਲਦੀਆਂ ਅਰ ਲਾਜ ਲਗਦੀ ਹੈ, ਭਾਈ ਜੀ ਲਿਖਦੇ ਹਨ:-

ਜੈਸੇ ਕਾਛੀ ਫਲ ਹੇਤ ਬ੍ਰਿਧ ਬਿਰਖ ਰੋਪੈ ਨਿਹਫਲ ਰਹੇ ਤੇ ਬਿਰਖੈ ਨ ਕਾਹੂ ਕਾਜ ਹੈ। ਸੰਤਯਾ ਨਮਿਤ ਨ੍ਰਿਪ ਅਨਿਕ ਬਿਵਾਹ ਕਰੈ ਸੰਤਤ ਨ ਭਏ ਤ ਬਨਿਤਾ ਨ ਗ੍ਰਿਹ ਛਾਜ ਹੈ। ਬਿਦਤਾ ਦਾਨ ਜਾਣ ਜੈਸੇ ਪਾਧਾ ਬਿਹੂਨ ਬਨਿਤਾ ਨ ਗ੍ਰਿਹ ਛਾਜ ਹੈ। ਬਿਦਤਾ ਦਾਨ ਜਾਣ ਜੈਸੇ ਪਾਧਾ ਚਟਸਾਰ ਜੈਸੇ। ਵਿਦਿਆ ਹੀਨ ਦੀਨ ਖਲ ਨਾਮ ਉਪਰਾਜ ਹੈ ਸਤਿਗੁਰ ਸਿਖ ਸਾਖਾ ਸੰਗ ਹੈ ਸੁਗਧ ਨਾਹਿਨ ਗੁਰ ਬਿਨ, ਗਜਾਂਨ ਧ੍ਰਿਗ ਜਨਮ ਕਉ ਲਾਜ ਹੈ ॥ ੪੧੫ ॥

ਤਾਂਤੇ ਗੁਰ ਉਪਦੇਸ਼ ਸ੍ਰਵਨ ਕਰੇ ਬਿਚਾਰੇ ਅਰ ਧਾਰੇ ਜਨਮ ਸਵਾਰੇ ਅਰ ਏਹ ਬੀ ਨਿਸਚੇ ਜਾਣੇ ਜੋ ਹੋਰ ਕੋਈ ਮਨਮਤ ਜਿਨਾਂ ਦਾ ਬਰਨਨ ਪਿਛੇ ਹੋ ਚੁਕਾ ਹੈ ਹੋ ਜਾਵੇ ਤਾਂ ਥੋਹੜੇ ਯਤਨ ਨਾਲ ਹੀ ਖਿਮਾਂ ਹੋ ਸਕਦੀ ਹੈ, ਪਰੰਤੂ ਅਗੇ ਲਿਖੀਆਂ ਚਾਰ ਕੁਰਹਿਤਾਂ ਤੇ ਬਚੇ ਰਹੇ। ਜਿਨਾਂ ਦੇ ਕਰਨੇ ਤੇ ਫੇਰ ਅੰਮ੍ਰਿਤ ਛਕੇ ਬਿਨਾਂ ਅਰ ਭਾਰੀ ਤਨਖਾਹ ਭਰੇ ਬਿਨਾਂ ਸਿਖ ਹੀ ਨਹੀਂ ਹੋ ਸਕਦਾ।

[ਓਹ ੪ ਮਨਮਤਾਂ ਏਹ ਹਨ]

ਹੁਕਾ ਅਤੇ ਹਰਾਮ ਹਲਾਲ। ਹੋਇ ਹਜਾਮਤ ਸਿਖ ਨ ਭਾਲ।

ਹੁੱਕਾ ਤਮਾਕੂ

ਦੇ ਨਿਖੇਧ ਵਿਚ ਕਈ ਪੌਰਾਣਕ ਇਤਿਹਾਸ ਗੁਰ ਸੂਰਜ ਪ੍ਰਕਾਸ਼ ਆਦਿ ਗ੍ਰੰਥਾਂ ਵਿਖੇ ਲਿਖੇ ਹਨ ਜੋ ਅਜਮੇਰ ਦੇ ਰਾਜਾ ਦੀ ਪੁਤ੍ਰੀ ਇਕ ਬ੍ਰਾਹਮਣ ਦਾ ਰੂਪ ਗੁਣ ਜਪ ਤੇਜ ਦੇਖਕੇ ਮਿਲਨਾ ਚਾਹੁੰਦੀ ਸੀ ਪਰੰਤੂ ਤਪ ਦਾ ਤੇਜ ਅਰ ਸ੍ਰਾਪ ਤੇ ਡਰਦੀ ਸੀ। ਬਹੁਤ ਯਤਨ ਕਰ ਰਹੀ ਰਿਖੀ ਦਾ ਤਪ ਤੇਜ ਨਾ ਘਟਿਆ ਤਾਂ ਸਵਰਨ ਦਾ ਹੁਕਾ ਬਣਾਇ ਤਮਾਕੂ ਪਾਇ ਤਿਸਦੇ ਝੂਠੇ ਗੁਣ ਸੁਨਾਏ ਕਰ ਪਿਲਾਯਾ ਜਿਸ ਕਰਕੇ ਰਿਖੀ ਦੀ ਬੁਧਿ ਮਲੀਨ ਹੋਈ ਤਪ ਅਰ ਤੇਜ ਗਵਾਇ ਕ੍ਰਿਸ਼ਨ ਚਾਰ ਹੋਯਾ। ਇਸਦੇ ਪੀਣੇ ਵਾਲਿਆਂ ਦਾ ਕਥਰ ਹੈ ਕਿ ਅਗਨੀ ਜਲ ਗੁੜ ਅਰ ਤਮਾਲ ਪਤ੍ਰ ਹੈ ਇਨਾਂ ਵਿਚ ਕਿਸੀ ਪ੍ਰਕਾਰ ਦੀ ਹਿੰਸਾ ਨਹੀਂ ਕੋਈ ਅਪਾਵਨ ਵਸਤੂ ਨਹੀਂ ਤਾਂ ਇਸਦੇ ਪੀਣੇ ਤੇ ਕੀ ਪਾਪ ਹੈ? ਉਤਰ ਇਹ ਹੈ ਜੈਸੇ ਬਿਬੂਰ ਅਰਥਾਤ

ਕਿਕਰ ਨਾਮੇ ਬ੍ਰਿਛ ਦੇ (ਸਕ) ਛਿਲ ਅਰ ਗੁੜ ਭਿੰਨ ਭਿੰਨ ਅਪਵਿਤਰ ਨਹੀਂ ਪਰ ਮਿਲਨੇ ਤੇ ਸ਼ਰਾਬ ਬਣਦੀ ਹੈ ਜੋ ਆਸੁਰਾਂ ਦਾ ਅਹਾਰ ਹੈ, ਐਸੇ ਹੀ ਇਨਹਾਂ ਦੇ ਮਿਲਨ ਤੇ ਧਰਮ ਨਾਸਕ ਧੂੰਆਂ ਨਿਕਲਦਾ ਹੈ। ਅਸਕੰਧ ਪੁਰਾਨ ਮਥਰਾ ਖੰਡ ਬ੍ਰਹਮਾ ਨਾਰਦ ਸੰਬਾਦੇ ਪਰ ਅਧਯਾਯ ਮੈਂ ਐਸਾ ਕਥਨ ਹੈ।

(ਧੂਮ੍ਰ ਪਾਨ ਰਤੇ ਬਿਪਰੇ ਦਾਨੰ ਦਦਾਤਿ ਯੇ ਨਰ: ।
ਦਾਤਾਰੋ ਨਰਕੰ ਯਾਤਿ ਬ੍ਰਾਹਮਣੋ ਗ੍ਰਾਮ ਸੂਕਰ:) ।

ਅਰਥਾਤ ਨਾਰਦ ਜੀ ਦੇ ਪ੍ਰਸ਼ਨ ਕਰਨੇ ਤੇ ਬ੍ਰਹਮਾ ਜੀ ਨੇ ਪੰਝੀ ਸਲੋਕਾਂ ਵਿਖੇ ਇਸਦਾ ਨਿਖੇਧ ਕਰਕੇ ਅੰਤ ਦੇ ਛਬੀਸਵੇਂ ਸਲੋਕਾਂ ਵਿਚ ਕਹਿਆ ਕਿ ਜਿਸ ਬ੍ਰਹਮਣ ਦੀ ਪਰੀਤੀ ਤਮਾਕੂ ਦੇ ਧੂਏਂ ਪੀਣੇ ਵਿਖੇ ਹੋਏ ਉਸਨੂੰ ਜੋ ਕੋਈ ਦਾਨ ਦੇਵੇ ਸੋ ਦਾਤਾ ਭੀ ਨਰਕ ਵਿਖੇ ਨਿਵਾਸ ਪਾਵੇਗਾ ਅਰ ਬ੍ਰਾਹਮਣ ਗਰਾਮ ਦਾ ਸੂਕਰ ਬਣਕੇ ਵਿਸ਼ਟਾ ਅਹਾਰ ਕਰੇਗਾ। ਅਰ ਪੀਣੇ ਵਾਲੇ ਦੇ ਸਭ ਧਰਮ ਕਰਮ ਨਾਸ ਹੋ ਜਾਂਦੇ ਹਨ ਇਹ ਸੁਣਕੇ ਭੀ ਜੇਹੜਾ ਨਾ ਤਿਆਗੇ ਉਸ ਵਰਗਾ ਨੀਚ ਅਰ ਨਿੰਦਨੀਯ ਹੋਰ ਕੌਣ ਹੋਵੇਗਾ।

ਪੁਨਾ:-ਇਸਦਾ ਪੀਣੇ ਵਾਲਾ ਆਲਸੀ ਹੋ ਜਾਂਦਾ ਹੈ । ਭਾਵੇਂ ਬਲਗਮ ਦੇ ਨਾਸ ਵਾਸਤੇ ਪੀਂਦੇ ਹਨ ਪਰੰਤੂ ਪਹਿਲੇ ਨਾਲੋਂ ਦੁਗਣੀ ਵਧ ਜਾਂਦੀ ਹੈ। ਪਰਤਖ ਦੇਖਿਆ ਗਿਆ ਹੈ ਕਿ ਹਕਈ ਸਦਾ ਖੰਗਦੇ ਅਰ ਬਲਗਮ ਨਿਕਾਲਦੇ ਹਨ ਪਰ ਸਿਖਾਂ ਨੂੰ ਜੋ ਇਸਦੇ ਤਿਆਗੀ ਹਨ ਕਦੇ ਇਤਨੀ ਖਾਂਸੀ ਬਲਗਮ ਨਹੀਂ ਜੂਠ ਤੇ ਗਿਲਾਨ ਨਹੀਂ ਰਹਿੰਦਾ। ਕਿਉਂਕਿ ਪਲ ਪਲ ਪਿਛੋਂ ਇਹ ਮੂੰਹ ਵਿਚ ਰਹਿੰਦਾ ਹੈ, ਅਰ ਇਸੇ ਨਾਲ ਪਰਾਹੁਣਿਆਂ ਦਾ ਆਦਰ ਕਰਦੇ ਹਨ ਅਰ ਇਹੋ ਸਭਾ ਸਮਾਜਾਂ ਵਿਚ ਪ੍ਰਧਾਨ ਹੁੰਦਾ ਹੈ। ਅਰ ਹੋਰ ਭਾਂਡੇ ਮਾਂਜਦੇ ਹਨ ਪਰ ਇਸ ਦੀ ਪਿਤਲ ਦੀ ਗੁੜ ਗੁੜੀ ਜੁਤੀ ਨਾਲ ਛੋਂਹਦੀ ਰਹਿੰਦੀ ਹੈ ਤਾਂ ਭੀ ਗਿਲਾਨੀ ਨਹੀਂ ਮੰਨਦੇ। ਉਤਮ ਦਿਨ ਪੁਰਰ ਸਨਾਨ ਬ੍ਰਤ ਅਰ ਨਿਤਨੇਮ ਦੇ ਪਾਠ ਦਾ ਨਿਯਮ ਭੀ ਨਹੀਂ ਰਹਿੰਦਾ ਕਿਉਂਕਿ ਧੂਮਰ ਪਾਨੀਆਂ ਨੂੰ ਸਭ ਤੇ ਪਹਿਲੇ ਉਠਦਿਆਂ ਸਾਰ ਇਸੀ ਦੇ ਪੀਣੇ ਦਾ ਆਹਰ ਹੋਂਦਾ ਹੈ । ਠਾਕੁਰ ਦਵਾਰੇ ਸ਼ਿਵਾਲੇ ਆਦ ਮੰਦਰਾਂ ਵਿਚ ਰਾਮ ਕ੍ਰਿਸ਼ਨ ਭਗਵਾਨ ਵਿਸ਼ਨੂ ਆਦਿਕਾਂ ਦੀਆਂ ਪ੍ਰਿਤਮਾਂ ਨੂੰ ਸਮਯ ਸਮਜਾ ਅਰ ਰਿਤੂਆਂ ਦੇ ਅਨੁਸਾਰ ਅੰਨ ਭੋਜਨ ਮਿਠਾਈ ਮੇਵੇ ਫਲ ਆਦਿਕਾਂ ਦੇ ਭੋਗ ਭਗਤ ਜਨ ਲਾਉਂਦੇ ਹਨ ਪਰ ਤਮਾਕੂ ਦਾ ਭੋਗ ਕਦੀ ਕਿਸੇ ਨੇ ਨਹੀਂ ਲਾਇਆ ਮੰਦਰਾਂ ਦੇ ਬਾਹਰ ਬੈਠਕੇ ਭਾਵੇਂ ਆਲਸੀ ਅਮਲੀ

ਲੋਕ ਵਰਤਨ ਪਰ ਅੰਦਰ ਲਾਜ ਬੀ ਨਹੀਂ ਸਕਦੇ। ਹਰੇਕ ਵਸਤ ਦੇ ਦਾਨ ਦਾ ਮਹਾਤਮ ਹੈ, ਅਰ ਸ਼ਾਸਤਰ ਕਾਰਾਂ ਨੇ ਦਿਨ ਠਹਿਰਾਏ ਹੋਏ ਹਨ ਇਨਤੇ ਦਾਨ ਦਾ ਮਹਾਤਮ ਕੋਈ ਸਮਯ ਨਿਯਤ ਨਹੀਂ ਕੋਈ ਫਲ ਨਹੀਂ ਹੈ। ਕਈ ਅਗਿਆਤ ਧਨਵਾਨ ਲੋਕ ਪਰੇਤ ਕ੍ਰਿਤ ਦੇ ਅੰਤ ਤੇਰਵੇਂ ਦਿਨ ਪਰਾਨੀ ਦੇ ਨਮਿਤ ਜਗਤ ਦਾ ਦਿਖਾਵਾ ਸਿਹਜਾ ਆਦਿ ਸਮਗਰੀ ਦੇ ਨਾਲ ਚਾਂਦੀ ਦਾ ਹੁਕਾ ਬੀ ਦਾਨ ਕਰਦੇ ਹਨ ਅਰ ਲੋਭੀ ਬ੍ਰਾਹਮਨ ਲੈ ਭੀ ਜਾਦੇ ਹਨ ਪਰ ਜਿਸਦੇ ਸ਼ਾਸਤਰ ਦੇ ਅਨੁਸਾਰ ਉਹ ਸਹਿਜ ਦਾਨ ਕਰ ਰਹੇ ਹਨ ਅਰ ਉਸ ਵਿਖੇ ਹਰੇਕ ਵਸਤੂ ਦਾ ਮੰਤਰ ਦੇਵਤਾ ਸੰਕਲਪ ਮਹਾਤਮਾ ਲਿਖਿਆ ਹੈ ਇਸ ਅਪਾਵਨ ਵਸਤੂ ਦਾ ਗਰੁੜ ਪੁਰਾਨ ਨਾਸਕੇਤ ਪਾਖਿਆਨ ਪਰੇਤ ਮੰਜਰੀ ਆਦਿ ਕਿਸੇ ਸ਼ਾਸਤਰ ਵਿਚ ਨਾਮ ਤਕ ਨਹੀਂ, ਮੰਤਰ ਨਹੀਂ ਦੇਵਤਾ ਨਹੀਂ ਫਲ ਨਹੀਂ ਇਹ ਭੀ ਨਹੀਂ ਲਿਖਿਆ ਜੋ ਯਮ ਪੁਰੀ ਵਿਚ ਕਿਥੇ ਇਸ ਦੀ ਲੋੜ ਪੈਂਦੀ ਹੈ ਫੇਰ ਦੇਣੇ ਵਾਲਾ ਮਹਾਂ ਮੂਰਖ ਅਰ ਲੈਣੇ ਵਾਲੇ ਮਹਾਂ ਲੋਭੀ ਇਸ਼ਟ ਤੇ ਭਰਿਸ਼ਟ ਕੁਕਰਮੀ ਹਨ। ਕੁਛ ਦਿਨ ਦੇ ਸਮਿਆਂ ਦੀ ਸੁਤੰਤਰਤਾ ਦੇ ਕਾਰਨ ਉਦਾਸੀਆਂ ਵਿਖੇ ਭੀ ਜਗਤ ਜੂਠ ਦਾ ਪਰਚਾਰ ਹੋ ਗਿਆ ਹੈ ਪਰੰਤੂ ਅਖਾੜਿਆਂ ਦੇ ਮਹੰਤ ਇਸ ਤੇ ਬਚੇ ਹੋਏ ਹਨ ਅਰ ਅਖਾੜੇ ਦੀ ਡਿਉੜੀ ਤੇ ਬਾਹਰ ਭੇਖੀ ਸਾਧੂ ਆਪਣੀ ਧੂਣੀ ਲਾ ਬੈਠਦੇ ਹਨ ਸੋ ਜੈਸੇ ਪੇਟ ਪਾਲੂ ਨਿਰਮਲੇ ਕੇਵਲ ਪੇਟ ਦੀ ਖਾਤਰ ਹੀ ਭਗਵੇਂ ਬਸਤਰ ਰੰਗਦੇ ਅਰ ਕੱਛ ਕ੍ਰਿਪਾਨ ਦੀ ਰਹਿਤ ਤੇ ਰਹਿਤ ਹੋਏ ਗੁਰੂ ਤੇ ਬੇਮੁਖ ਹਨ ਤੈਸੇ ਹੀ ਕਈ ਇਕ ਉਦਾਸੀ ਭੀ ਇਸ਼ਟ ਭ੍ਰਿਸ਼ਟ ਹੋਏ ਧੂਣੀ ਲਾਉਂਦੇ ਹਨ ਵਾਕ ਹੈ:-

ਪੋਸਤ ਭਾਂਗ ਅਫੀਮ ਮਦ ਉਤਰ ਜਾਏ ਪਰਭਾਤ ॥
ਨਾਮ ਖੁਮਾਰੀ ਨਾਨਕਾ ਚੜੀ ਰਹੇ ਦਿਨ ਰਾਤ ॥

ਇਸ ਦਾ ਕਾਰਨ ਇਹ ਹੈ ਕਿ ਵਿਦਯਾ ਹੀਨ ਮੂਰਖ ਆਲਸੀ ਮਣਖਟੂ ਜੋ ਹੋਰ ਕੰਮ ਨਾ ਕਰ ਸਕੇ ਸਾਧੂ ਆ ਬਣੇ ਗੁਰੂ ਨੇ ਚੇਲਾ ਕਰਨੇ ਦੇ ਲੋਭ ਵਿਖੇ ਪਰੀਖਿਆ ਨਹੀਂ ਕੀਤੀ ਜੋ ਇਸ ਸੰਸਾਰ ਤੇ ਉਦਾਸ ਹੋਯਾ ਜਗਿਆਸੀ ਹੈ ਅਥਵਾ ਮਖਟੂ ਆਲਸੀ ਹੈ ਝਟ ਪਟ ਭੇਖ ਦੇ ਦਿਤਾ ਐਸੇ ਸਾਧੂ ਧੂਆਂ ਉਡਾਉਂਦੇ ਆਤਮ ਬੋਧ ਨਹੀਂ ਪਾਉਂਦੇ ਸਗਮਾਂ ਭੇਖ ਨੂੰ ਲਜਾ ਲਾਉਂਦੇ ਹਨ। ਇਹ ਕਲਜੁਗ ਦਾ ਭਰਸ਼ਟਾ ਚਾਰ ਪਰਵਰਤਿਆ ਹੋਇਆ ਹੈ। ਗੁਰਮਤ ਵਿਖੇ ਇਸ ਦਾ ਨਾਮ ਜਗਤ ਜੂਠ ਹੈ ਖਾਲਸਾ ਜੀ ਨੇ ਸਤਿਗੁਰੂ ਦੀ ਆਗਿਆ ਅਨੁਸਾਰ ਇਸਨੂੰ ਬਿਖਿਆ ਸਮਾਨ ਜਾਨਕੇ ਤਿਆਗਿਆ ਹੈ।

ਇਸ ਕਾਰਨ ਏਹਨੂੰ ਬਿਖਿਆ ਸਦਦੇ ਹਨ। ਆਪਣੇ ਸਰੀਰ ਦੀ ਮਲੀਨਤਾ ਨੂੰ ਹਥ ਨਾਲ ਧੋਕੇ ਫੇਰ ਹਥ ਮਾਂਜ ਲੈਂਦੇ ਹਨ ਪਰ ਇਸ ਨੂੰ ਹਥ ਭੀ ਨਹੀਂ ਛੁਹਾਉਂਦੇ ਜੇ ਲਗ ਜਾਵੇ ਤਾਂ ਸਮੇਤ ਬਸਤਰਾਂ ਦੇ ਸਨਾਨ ਕਰਦੇ ਅਰ ਤਨਖਾਹ ਦੇਕੇ ਪਵਿਤਰ ਹੋਂਦੇ ਹਨ। ਤਮਾਕੂ ਤੋਂ ਬਚਿਆ ਕੋਈ ਨਹੀਂ ਸਾਰੇ ਸੰਸਾਰ ਨੂੰ ਇਸ ਨੇ ਭ੍ਰਸ਼ਟ ਕੀਤਾ ਹੈ ਪਰ ਨਿਰਾ ਸਤਿਗੁਰੂ ਦੇ ਸਿਖ ਹੀ ਬਚੇ ਹਨ।

ਲੰਡਨ ਸ਼ਹਿਰ ਦਾ ਬ੍ਰਿਟਸ਼ ਮੈਡੀਕਲ ਜਨਰਲ ਅਰਥਾਤ ਵਡੇ ਹਸਪਤਾਲ ਦਾ ਡਾਕਟਰ ਲਿਖਦਾ ਹੈ ਕਿ ਤਮਾਕੂ ਕੇਵਲ ਸਰੀਰ ਨੂੰ ਹੀ ਦੁਖਦਾਈ ਨਹੀਂ ਸਗਵਾਂ ਵਿਦਯਾਰਥੀਆਂ ਦੇ ਗਿਆਨ ਅਰ ਬੁਧੀ ਦੀ ਬਿਰਧੀ ਨੂੰ ਭੀ ਰੋਕਦਾ ਹੈ।

ਅਮਰੀਕਾ ਦੀਆਂ ਲਗਪਗ ਸਭਨਾਂ ਯੂਨੀਵਰਸਟੀਆਂ ਅਰਥਾਤ ਮਹਾਂ ਵਿਦਯਾਲਯ ਵਿਖੇ ਮਹਾਂ ਵਿਦਯਾਲਯਾਂ ਦੇ ਵਿਦਿਆਰਥੀਆਂ ਨੂੰ ਤਮਾਕੂ ਪੀਣੇ ਦਾ ਸੁਭਾਵ ਨਾ ਪੈ ਜਾਵੇ ਇਸਦਾ ਜਤਨ ਕੀਤਾ ਗਿਆ ਹੈ।

ਬੋਸਟਨ ਯੂਨੀਵਰਸਟੀ ਨੇ ਇਸ ਗਲ ਦਾ ਢੰਡੋਰ ਫਿਰਾ ਦਿਤਾ ਹੈ ਕਿ ਜੇਹੜੇ ਵਿਦਯਾਰਥੀ ਹੁਕ ਤਮਾਕੂ ਦਾ ਤਿਆਗ ਨਹੀਂ ਕਰ ਸਕਦੇ ਉਨਾਂ ਦੇ ਨਾਮ ਕਾਲਜ ਵਿਚੋਂ ਖਾਰਜ ਕਰ ਦਿਤੇ ਜਾਣਗੇ।

ਨੀਊ ਯੂਨੀਵਰਸਟੀ ਅਰ ਹੋਰਨਾਂ ਵਡੇ ਵਡੇ ਵਿਦਯਾਲਯਾਂ ਨੇ ਭੀ ਇਹੋ ਪ੍ਰਬੰਧ ਚਲਾ ਦਿਤਾ ਹੈ। ਸੰਨ ੧੮੯੧ ਈਸਵੀ ਵਿਖੇ ਇਕ ਸਰਕਾਰੀ ਡਾਕਟਰ ਨੇ ਬੜੇ ਧਿਆਨ ਨਾਲ ਸੋਚ ਵਿਚਾਰ ਕਰਕੇ ਨਕਸ਼ੇ ਤਿਆਰ ਕੀਤੇ ਤਾਂ ੧੪੭ ਅੰਡਰ ਗਰੇਜੂਏਟ ਅਰਥਾਤ ਬੀ. ਏ. ਦੇ ਇਮਤਿਹਾਨ ਦੇਣੇ ਵਾਲਿਆ ਵਿਚੋਂ ੭੭ ਅਜਹੇ ਸਨ ਜੇਹੜੇ ਤਮਾਕੂ ਦੇ ਤਿਆਗੀ ਸਨ ਅਰ ੭੦ ਵਰਤਦੇ ਸਨ ਚਹੁ ਬਰਸਾਂ ਪਿਛੋਂ ਪੜਤਾਲ ਕੀਤੀ ਤਾਂ ਜਿਨਾਂ ੭੭ ਦਾ ਪਹਿਲੇ ਬਰਨਨ ਕੀਤਾ ਗਿਆ ਹੈ ਕਿ ਤਿਆਗੀ ਸਨ ਓਹ ਦੂਜੇ ਸਾਥੀਆਂ ਨਾਲੋਂ ਹਰੇਕ ਗਲ ਵਿਚ ਵਧੇ ਅਰ ਸੋਭਨੀਕ ਹੋ ਗਏ ਸੇ ਅਰਥਾਤ ਸੌ ਵਿਚੋ ੧੦ ਤੋਲ ਵਿਚ ਵਧ ਅਰ ਸੌ ਵਿਚੋਂ ੧੪ ਉਚਾਈ ਅਥਵਾ ਲੰਬਾਣ ਵਿਖੇ ਅਰ ਸੌ ਵਿਚ ੨੬ ਛਾਤੀ ਦੀ ਚੁੜਾਈ ਵਿਖੇ ਅਤੇ ਸੌ ਵਿਚੋਂ ੭੯ ਫੇਫੜਿਆਂ ਦੇ ਸੌਦਰਜ ਅਰ ਸੋਭਨੀਕ ਅਰੋਗਤਾ ਹੋਣ ਵਿਖੇ ਬ੍ਰਿਧੀ ਪਾ ਗਏ।

ਉਪਰੰਤ ਇਕ ਪ੍ਰੋਫੈਸਰ ਸਾਹਿਬ ਕਾਲਜ ਨੇ ਆਪਣੀ ਬੁਧੀ ਗਿਆਨ ਦੀ ਸ਼ਕਤੀ ਨਾਲ ਆਪਨੇ ਵਿਦਯਾਰਥੀਆਂ ਦੇ ਚਾਰ ਭਾਗ ਕੀਤੇ। ਕੁਛ ਚਿਰ ਪਿਛੋਂ ਜਦ ਪਰੀਖਿਆ ਕੀਤੀ ਤਾਂ ਜੇਹੜੇ ਵਿਦਯਾਰਥੀ ਅਵਲ ਦਰਜੇ

ਵਿਚ ਗਿਣੇ ਗਏ ਸੇ ਉਹਨਾਂ ਵਿਚੋਂ ਕੋਈ ਇਕ ਬੀ ਤਮਾਕੂ ਵਰਤਣ ਵਾਲਾ ਨਹੀਂ ਸੀ ਅਰ ਜੇਹੜੇ ਚੌਥੇ ਦਰਜੇ ਵਿਚ ਸਭ ਤੋਂ ਹੇਠਲੇ ਦਰਜੇ ਦੀ ਗਿਣਤੀ ਵਿਚ ਆਏ ਸੀ ਓਹ ਲਗ ਪਗ ਸਾਰਿਆਂ ਦੇ ਸਾਰੇ ਤੰਬਾਕੂ ਪੀਣ ਵਾਲੇ ਸਨ। ਗਲ ਕਾਹਦੀ ਤਮਾਕੂ ਪੀਣ ਦਾ ਫਲ ਹਰੇਕ ਪਰਕਾਰ ਨਿਸਚੇ ਹੋ ਚੁਕਾ ਹੈ ਕਿ ਖੋਟਾ ਅਰ ਖਰਾਬ ਹੈ।

ਤਮਾਕੂ ਦਾ ਵਰਤਨਾ ਅਰੋਗਤਾ ਦੇ ਲਈ ਭੀ ਅਤਿ ਭਿਆਨਕ ਹੈ। ਇਸ ਗਲ ਵਿਚ ਕਿਸੇ ਤੰਬਾਕੂ ਪੀਣੇ ਵਾਲੇ ਨੂੰ ਭੀ ਸੰਦੇਹ ਨਹੀਂ ਜੋ ਤਮਾਕੂ ਨ ਵਰਤਣਾ ਵਰਤਨ ਕੋਲੋਂ ਕਈ ਗੁਣਾ ਚੰਗਾ ਹੈ। ਇਹ ਸੁਣਕੇ ਅਨਗਿਣਤ ਅਗਯਾਤ ਲੋਕ ਅਵਸ਼ਯ ਇਹ ਆਖ ਦਿੰਦੇ ਹਨ ਕਿ ਬੜੇ ੨ ਬੁਧਿਮਾਨ, ਪੰਡਿਤ, ਕਵੀ ਹਾਕਮ, ਵਕੀਲ ਦਿਨ ਰਾਤ ਹੁਕਾ ਮੂੰਹ ਵਿਚ ਰਖਦੇ ਇਕ ਪਲ ਭਰ ਬੀ ਇਸਦਾ ਵਿਸਾਹ ਨਹੀਂ ਕਰਦੇ, ਓਹ ਵਿਪਰੀਤ ਬੁਧੀ ਕਿਓਂ ਨਹੀਂ ਹੁੰਦੇ। ਪਰ ਜੇ ਚੰਗੀ ਤਰਾਂ ਛਾਣ ਬੀਨ ਕੀਤੀ ਜਾਵੇ ਤਾਂ ਨਿਰਸੰਦੇਹ ਨਿਸਚੇ ਹੋ ਜਾਵੇਗਾ, ਕਿ ਜੇ ਕਦੀ ਓਹੀ ਤੰਬਾਕੂ ਦਾ ਤਿਆਗ ਰਖਦੇ ਤਾਂ ਹੋਰ ਬੀ ਚੰਗਾ ਕੰਮ ਕਰ ਸਕਦੇ।

ਵਲਾਇਤ ਵਿਚ ਚੁਰਟ ਪੀਣੇ ਦੀ ਚਾਲ ਵਧੀ ਹੋਈ ਦੇਖਕੇ ਡਾਕਟਰ ਨਿਕਲਸਨ ਸਾਹਿਬ ਐਮ. ਡੀ. ਨੇ ੨੯ ਲੜਦੇ ੯-੯ ਵਰਹੇ ਦੀ ਉਮਰ ਦੇ ਲੈਕੇ ੧੦ ਵਰ੍ਹਿਆਂ ਤੋੜੀ ਆਪਣੀ ਰਾਖੀ ਵਿਚ ਇਕ ਥਾਂ ਰਖੇ ਅਤੇ ਉਹਨਾਂ ਦੀ ਸਰੀਰਕ ਅਰੋਗਤਾ ਦਾ ਪਕਾ ਧਿਆਨ ਰਖਿਆ, ਫੇਰ ਦਸਾਂ ਪਹਿਰਾਂ ਪਿਛੋਂ ਪ੍ਰੀਖਯਾ ਕੀਤੀ ਤਾਂ ਪਰਗਟ ਹੋਇਆ ਜੋ ਚੁਰਟ ਪੀਣ ਨੇ ਉਨ੍ਹਾਂ ਨੂੰ ਅਤਿ ਹਾਨੀ ਪਹੁੰਚਾਈ, ਬਾਈ ਲੜਕਿਆਂ ਦੀ ਤਾਂ ਪਾਚਕ ਸ਼ਕਤੀ ਵਿਗੜ ਗਈ, ਅਰਥਾਤ ਹਾਜ਼ਮੇ ਖਰਾਬ ਹੋ ਗਏ ਸੇ. ਤੇ ਛਾਤੀ ਵਿਚ ਇਕ ਪ੍ਰਕਾਰ ਦਾ ਧੜਕਾ ਉਠ ਖੜੋਤਾ ਸੀ, ਤੇ ੬ ਦੀ ਨੀਂਦਰ ਬੀ ਘਟ ਹੋ ਗਈ ਸੀ, ਇਸ ਕਾਰਨ ਡਾਕਟਰ ਸਾਹਿਬ ਨੇ ਲਿਖਿਆ ਹੈ ਕਿ:-

[ਤਮਾਕੂ ਵਰਤਣਾ ਅਰੋਗਤਾ ਲਈ ਦੁਖਦਾਈ ਤੇ ਭਯਾਨਕ ਹੈ]

ਇਹ ਪਰਮਿਤ ਬਯਯ ਅਰਥਾਤ ਖਰਚ ਦੇ ਸੰਕੋਚ ਅਰ ਪਵਿਤ੍ਰਤਾ ਅਰ ਸਫਾਈ ਦਾ ਬੀ ਸ਼ਤ੍ਰੂ ਹੈ, ਸ੍ਵਾਸਾਂ ਨੂੰ ਸਦਾ ਦੇ ਲਈ ਮਲੀਨ ਕਰ ਦਿੰਦਾ ਹੈ ਪਾਚਕ ਸ਼ਕਤੀ (ਹਾਜ਼ਮੇ) ਨੂੰ ਵਿਗਾੜਦਾ ਹੈ, ਸਿਮ੍ਰਤੀ ਅਰ ਸਮਝ ਨੂੰ ਘਟਾਉਂਦਾ ਹੈ, ਐਥੋਂ ਤਕ ਜੋ ਕਦੀ ੨ ਉਮਰਾ ਨੂੰ ਬੀ ਘਟਾਉਂਦਾ ਹੈ।

ਤਮਾਕੂ ਪੀਣੇ ਦੇ ਪਰੇਮੀ ਅਰ ਜੇਹੜੇ ਚੁਰਟ ਸੀਗਾਰ ਪੀਣੇ ਦੇ ਪ੍ਰੇਮੀ ਹੋਣ, ਓਹ ਧਿਆਨ ਲਾਕੇ ਪੜ੍ਹਨ; ਕਿ ਅਮ੍ਰੀਕਾ ਦੇ ਇਕ ਨਾਮੀ ਡਾਕਟਰ

ਸਾਹਿਬ ਲਿਖਦੇ ਹਨ, ਜੋ ਇਸ ਚੁਰਟ ਅਰ ਸੀਗਾਰ ਵਿਚ ਪੰਜ ਵਸਤਾਂ ਅਜਿਹੀਆਂ ਮਿਸ੍ਰਤ ਹੁੰਦੀਆਂ ਹਨ ਜੋ ਮਨੁਖ ਦਾ ਨਾਸ ਕਰ ਦਿੰਦੀਆਂ ਹਨ ਪਹਿਲਾਂ ਤਮਾਕੂ ਦਾ ਤੇਲ, ਦੂਜਾ ਉਸ ਕਾਗਜ਼ ਦਾ ਸਾਰ ਜੋ ਉਹਦੇ ਉਪਰ ਲਪਟਿਆ ਹੋਇਆਂ ਹੁੰਦਾ ਹੈ। ਤੀਜਾ ਸੰਖੀਆ ਜੋ ਇਸ ਕਾਰਨ ਮਿਲਾਉਂਦੇ ਹਨ ਕਿ ਧੂੰਆਂ ਚਿੱਟਾ ਨਿਕਲੇ। ਚੌਥਾ ਸ਼ੋਰਾ ਜਿਸ ਦਾ ਪ੍ਰਯੋਜਨ ਇਹ ਹੁੰਦਾ ਹੈ ਕਿ ਤੰਬਾਕੂ ਡਿਗ ਨ ਪਏ। ਪੰਜਵੀਂ ਅਫੀਮ ਜਿਸ ਦਾ ਗੁਣ ਏਹ ਹੈ ਕਿ ਪੀਂਦਿਆਂ ਸਾਰ ਹੀ ਭੇਜੇ। ਦਿਮਾਗ ਵਿਚ ਅਸਰ ਪਹੁੰਚ ਜਾਏ। ਇਨਾਂ ਪੰਜਾਂ ਦਾ ਮਿਸ੍ਰਤ ਹੋਣਾ ਬਿਆਧੀ ਕਾਰਕ ਹੋ ਜਾਂਦਾ ਹੈ। ਭਲਾ ਅਜੇ ਭੀ ਇਹਦੇ ਵਿਚ ਕੁਛ ਸੰਦੇਹ ਹੈ (ਤਮਾਕੂ, ਦਾ ਵਰਤਨਾ ਅਰੋਗਤਾ ਦੇ ਵਾਸਤੇ ਅਤੇ ਦੁਖਦਾਈ ਅਰ ਭਯਾਨਕ ਹੈ, ਤੰਬਾਕੂ ਉਤੇ ਇੰਗਲੈਂਡ ਦੇ ਪ੍ਰਸਿਧ ਡਾਕਟਰ ਸਰ. ਪੀ. ਡਬਲਯੂ. ਰਿਚਰਡਸਨ ਸਾਹਿਬ ਦੀ ਸੰਮਤੀ ਭੀ ਪੂਰੇ ਵਿਦਵਾਨਾਂ ਵਾਲੀ ਹੈ। ਉਹ ਲਿਖਦੇ ਹਨ, ਕਿ-(ਤਮਾਕੂ ਦਾ ਵਰਤਣਾ ਅਰੋਗਤਾ ਦੇ ਲਈ ਅਤਿ ਦੁਖਦਾਈ ਅਰ ਭਯਾਨਕ ਹੈ।

(੧) ਜਿੰਦ ਦਾ ਰੂਪ ਲਹੂ ਹੈ, ਅਰ ਤਮਾਕੂ ਉਸ ਵਿਖੇ ਮਲੀਨਤਾ ਉਤਪਤ ਕਰਦਾ ਹੈ। (੨) ਆਮਾਸ਼ਯ ਅਰਥਾਤ ਓਝ (ਮੇਦੇ) ਨੂੰ ਨਿਰਬਲ ਬਣਾਕੇ ਪਾਚਕ ਸ਼ਕਤੀ ਨੂੰ ਵਿਗਾੜ ਦਿੰਦਾ ਹੈ। (੩) ਦਿਲ ਨੂੰ ਆਲਸੀ ਬਣਾਉਂਦਾ ਹੈ, ਅਰ ਉਸ ਵਿਖੇ ਵਿਗਾੜ ਪਾ ਦਿੰਦਾ ਹੈ। (੪) ਪੰਜਾਂ ਹੀ ਗਯਾਨ ਇੰਦਰੀਆਂ ਨੂੰ ਸਹਿਜੇ ੨ ਸਿਥਲ ਕਰ ਦਿੰਦਾ ਹੈ। (੫) ਭੇਜੇ (ਦਿਮਾਗ) ਵਿਚ ਬਹੁਤ ਸਾਰੇ ਰੱਦੀ ਮਾਦੇ ਅਰਥਾਤ ਨਿਕੰਮੀਆਂ ਧਾਤੂ ਉਤਪਤ ਕਰ ਦਿੰਦਾ ਹੈ, ਜੋ ਦੁਖਦਾਇਕ ਹੁੰਦੀਆਂ ਹਨ। (੬) ਨਾੜੀਆਂ ਅਰ ਪੱਠਿਆਂ ਉਤੇ ਇਸਦਾ ਅਸਰ ਬੁਰਾ ਹੁੰਦਾ ਹੈ। (੭) ਗਲਾ (ਸੰਘ) ਅਰ ਨਾਸਾਂ ਵਿਚ ਖੁਸ਼ਕੀ ਅਰ ਗਰਮੀ ਇਕੱਠੀ ਕਰ ਦਿੰਦਾ ਹੈ। (੮) ਫੇਫੜਿਆਂ ਵਿਚ ਅਜਿਹੇ ਘਾਉ ਉਤਪੰਨ ਕਰ ਦਿੰਦਾ ਹੈ, ਜਿਨਾਂ ਨਾਲ ਸਦਾ ਦੇ ਲਈ ਸਲੇਖਮ ਅਰਥਾਤ ਬਲਗਮ ਦਾ ਠਹਿਰ ਰੋਗ ਜਾਣ ਦਾ ਡਰ ਹੈ।

ਇਤਯਾਦਿ ਅਨੇਕ ਦੂਸ਼ਨ ਬੜੇ ਬੜੇ ਮਹਾਨ ਵਿਦਵਾਨ ਡਾਕਟਰਾਂ ਨੇ ਤੰਬਾਕੂ ਪੀਣ ਵਾਲੇ ਲੋਕਾਂ ਦੇ ਉਪਕਾਰ ਵਾਸਤੇ ਦਸੇ ਹਨ, ਜਿਨ ਤੇ ਸਿੱਧ ਹੁੰਦਾ ਹੈ ਕਿ ਸ੍ਰੀ ਸਤਿਗੁਰੂ ਕਲਗੀਧਰ ਮਹਾਰਾਜ ਨੇ ਸਭ ਡਾਕਟਰ ਅਰ ਤਿਨਾਂ ਦੀ ਵਿਦਯਾ ਦੇ ਕਈ ਵਰ੍ਹੇ ਪਹਿਲੇ ਹੀ ਭਲਾਈ ਸੋਚਕੇ ਇਸ ਬਲਾ ਤੇ ਆਪਣੇ ਸਿਖਾਂ ਨੂੰ ਬਚਾਯਾ ਅਰ ਇਹ ਸਮਝਾਯਾ ਹੈ ਕਿ ਜਗਤ ਜੂਠ ਨਾਲ ਛੋਹਣਾ ਭੀ ਪਾਪ ਹੈ। ਅਰ ਇਹ ਭੀ ਸਿੱਧ ਹੁੰਦਾ ਹੈ ਜੋ

ਸਤਿਗੁਰੂ ਦੇ ਬਚਨ ਅਰ ਰਹਿਤਾਂ ਨੂੰ ਸਚਾਈ ਦੇ ਪਯਾਰੇ ਅਨਮਤੀਏ ਭੀ ਸੱਚ ਜਾਣਦੇ ਹਨ, ਜਿਨਾਂ ਵਿਚੋਂ ਪੌਰਾਣਕਾਂ ਨੇ ਆਪਣੀ ਰੀਤੀ ਅਨੁਸਾਰ ਕਥਾ ਅਰ ਸੰਬਾਦ ਅਰ ਮਹਾਤਮ ਸੁਣਾਏ, ਮੁਸਲਮਾਨਾਂ ਨੇ ਅੱਲਾ ਦਾ ਹੁਕਮ ਕਰਨ ਕਰਕੇ ਦਸਿਆ ਕਿ ਸਭ ਅਮਲ ਵਾਲੀਆਂ ਵਸਤਾਂ ਮਕਰੂਹ ਅਰਥਾਤ ਗਿਆਨੀ ਯੋਗ ਤਯਾਗਨੀਯ ਹਨ, ਅੰਗਰੇਜ਼ੀ ਡਾਕਟਰਾਂ ਨੇ ਆਪਣੀ ਦੇਸ ਰੀਤੀ ਅਨੁਸਾਰ ਗੁਣ ਔਗੁਣ ਪ੍ਰਗਟ ਕਰਕੇ ਤਯਾਗ ਕਰਾਯਾ ਪ੍ਰੰਤੂ ਗੁਰੂ ਸਾਹਿਬ ਕਲਗੀਧਰ ਮਹਾਰਾਜ ਨੇ ਆਗਯਾ ਦੇਕੇ ਜੂਠ ਨੂੰ ਹੁਕਮਨ ਬੰਦ ਕਰ ਦਿਤਾ ਹੈ। ਸਿਖ ਹੋਕੇ ਜੇ ਕੋਈ ਵਰਤੇ ਜਾਣਕੇ ਭਾਵੇਂ ਅਣਜਾਣ ਕੇ ਤਾਂ ਓਹ ਪਤਤ ਹੋ ਜਾਂਦਾ ਹੈ ਅਤੇ ੨੫) ਦੰਡ ਤਨਖਾਹ ਦੇਕੇ ਅੰਮ੍ਰਿਤ ਛਕੇ ਬਾਝ ਸਿੱਖ ਨਹੀਂ ਕਹਾਇ ਸਕਦਾ ਅਰ ਫੇਰ ਭੀ ਗੰਦਲ ਰਹਿੰਦਾ ਹੈ ਜੋ ਪੰਜਾਂ ਪਿਆਰਿਆਂ ਵਿਚ ਨਹੀਂ ਬੈਠ ਸਕਦਾ। ਜੇ ਕੋਈ ਪ੍ਰਸ਼ਨ ਕਰੇ ਕਈ ਗੁਰੂ ਸਾਹਿਬ ਨੇ ਵਰਜਿਆ ਹੈ ਤਾਂ ਆਦਿ ਗ੍ਰੰਥ ਸਾਹਿਬ ਜੀ ਮੈਂ ਕਿਉਂ ਨਹੀਂ ਲਿਖਿਆ? ਉਤਰ ਏਹ ਹੈ-

ਗੁਰੂ ਗ੍ਰੰਥ ਸਾਹਿਬ ਜੀ ਵਿਖੇ ਆਤਮਕ ਸਿਖਯਾ ਹਨ ਕਾਮ ਕ੍ਰੋਧ ਆਦਿਕਾਂ ਦਾ ਤਿਆਗ ਅਰ ਗੁਰੂ ਸੇਵਾ ਸਾਧੂ ਸੇਵਾ ਹਰੀ ਭਗਤੀ ਦੈਵੀ ਸੰਪਿਤ ਵਿਸਿਸ਼ਟ ਗੁਣਾਂ ਦਾ ਗ੍ਰਹਨ ਹੈ। ਮਨਬੁਧੀ ਤੇ ਤਨ ਦੀ ਸੁਧੀ ਅਰ ਆਚਰਨਾਂ ਦੀ ਸੁਧੀ ਸੁਤੇ ਹੀ ਹੋ ਜਾਂਦੀ ਹੈ ਸਿਖ ਹੋਣ ਭਾਵੇਂ ਸਿੰਘ ਤਮਾਕੂ ਦਾ ਨਾਮ ਨਹੀਂ ਲੈਂਦੇ। ਬਿਖਿਆ ਯਾ ਜਗਤ ਜੂਠ ਨਾਮ ਕਰਕੇ ਸਦਦੇ ਹਨ ਤਾਂ ਜਿਸਦਾ ਨਾਮ ਸਿੱਖ ਰਸਨਾ ਉਤੇ ਨਾ ਲਿਆਉਣ ਉਸ ਦਾ ਨਾਮ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਕਿਸ ਤਰਾਂ ਲਿਖਦੇ। ਏਹ ਜਗਤ ਜੂਠ ਸਮਗ੍ਰ ਸੰਸਾਰ ਵਿਚ ਵਰਤੀ ਅਰ ਸਮਗ੍ਰ ਸੰਸਾਰ ਦੇ ਮਤਾਂ ਦੇ ਲੋਕ ਇਸਨੇ ਭ੍ਰਸ਼ਟ ਕੀਤੇ। ਬਚੇ ਹਨ ਤਾਂ ਕੇਵਲ ਸਤਿਗੁਰੂ ਦੇ ਸਿੱਖ, ਵੇਦ ਵਯਾਸ ਭਗਵਾਨ ਨੇ ਅਸਕੰਦ ਪੁਰਾਨ ਵਿਖੇ ਇਸ ਦਾ ਨਿਖੇਧ ਕੀਤਾ ਪਰ ਉਨ੍ਹਾਂ ਦੇ ਮੰਨਣ ਵਾਲੇ ਹਿੰਦੂ ਵਾ ਸਨਾਤਨ ਧਰਮੀ ਇਸ ਤੇ ਨਾ ਬਚ ਸਕੇ, ਹਜ਼ਰਤ ਮੁਹੰਮਦ ਸਾਹਿਬ ਨੇ ਇਸਨੂੰ ਮਕਰੂਹ ਲਿਖਿਆ ਪਰ ਮੁਸਲਮਾਨ ਬੀ ਇਸ ਥੋਂ ਨਾ ਬਚ ਸਕੇ, ਈਸਾਈ ਬੁਧ, ਜੈਨ ਆਦਿ ਸਭ ਅਪਵਿੱਤ੍ਰ ਹੋਏ ਸਭ ਦੇ ਸੰਘ ਇਸਨੇ ਸਾੜੇ ਸਭ ਦੁਰਗੰਧਿਤ ਮੁਖ ਹੋਏ ਪਰ ਕੇਵਲ ਸਤਿਗੁਰੂ ਦੇ ਸਿਖ ਹੀ ਪਵਿਤ੍ਰ ਰਹੇ।

ਵੇਦ ਦੇ ਮੰਨਣ ਵਾਲੇ ਕੋਈ ਵਿਰਲੇ ੨ ਬਚੇ ਅਰ ਸ਼ਰਈ ਮੁਸਲਮਾਨ ਬੀ ਕੋਈ ਵਿਰਲੇ ੨ ਹੀ ਬਚੇ, ਪਰ ਗੁਰੂ ਕੇ ਬਚਨ ਮੰਨਨ ਵਾਲੇ ਖਾਲਸੇ ਜੀ ਦੀ ਕਯਾ ਬਾਤ ਹੈ। ਸਹਿਜਧਾਰੀ ਸਿਖ ਇਸਦੇ ਨਾਲ ਛੁਹਿੰਦੇ ਬੀ ਨਹੀਂ

ਵਰਤਣਾ ਅਰ ਵੇਚਣਾ ਇਸਦਾ ਨਫਾ ਖਾਣਾ ਤਾਂ ਇਕ ਵਲ ਰਿਹਾ ਆਕ੍ਰਤ ਸਾਰਖੀ ਨਹੀਂ ਲੈਂਦੇ, ਜਿਸਦਾ ਨਾਮ ਤਕ ਸਿਖ ਨ ਲੈਣ ਉਸ ਭ੍ਰਸ਼ਟ ਅਪਾਵਨ ਵਸਤੂ ਦਾ ਨਾਮ ਮਹਾਨ ਪਵਿਤ੍ਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਸਤਰਾਂ ਲਿਖਦੇ।

ਜੇ ਆਦਿ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਅੰਮ੍ਰਿਤ ਛਕਣਾ ਕਛ ਕ੍ਰਿਪਾਨ ਕੇਸ ਧਾਰਨ ਕਰਨੇ ਆਦਿ ਰਹਿਤਾਂ ਨਹੀਂ ਲਿਖੀਆਂ ਤਾਂ ਫੇਰ ਏਹ ਅਪ੍ਰਮਾਨ ਹਨ? ਭਲਾ ਅੰਮ੍ਰਿਤ ਸਮਯ ਏਹ ਉਪਦੇਸ ਨਹੀਂ ਹੁੰਦਾ ਕਿ ਨੜੀ ਮਾਰ ਕੁੜੀਮਾਰ ਨਾਲ ਮੇਲ ਨਹੀਂ ਕਰਨਾ, ਇਨਾਂ ਦੀ ਸੰਗਤ ਨਹੀਂ ਕਰਨੀ? ਭਲਾ ਰਹਿਤ ਨਾਮਿਆਂ ਵਿਚ ਇਸਦਾ ਤਯਾਗ ਨਹੀਂ ਲਿਖਿਆ? ਭਲਾ ਖਾਲਸਾ ਪੰਥ ਸਜੇ ਨੂੰ ੨੨੦ ਬਰਸ ਬੀਤ ਗਏ ਅਥਵਾ ਸਿੱਖ ਧਰਮ ਪ੍ਰਗਟੇ ਨੂੰ ੪੪੯ ਬਰਸ ਹੋ ਚੁਕੇ ਹਨ ਅਜ ਤਕ ਕਿਤੇ ਏਹ ਪ੍ਰਮਾਣ ਹੋਯਾ? ਭਲਾ ਸਿਘਾਂ ਨੇ ਤਾਂ ਇਸਨੂੰ ਧਾਰਮਿਕ ਅਸੂਲਾਂ ਵਿਚ ਲਿਆ ਕੇ ਤ੍ਰਿਆਗਿਆ ਪਰ ਹੋਰਨਾਂ ਬੁਧਵਾਨਾਂ ਵਿਦਵਾਨਾਂ ਨੇ ਇਸਦੇ ਔਗਣ ਨਹੀਂ ਪ੍ਰਗਟ ਕੀਤੇ? ਇਸ ਦੇ ਛੁਡਾਉਣੇ ਵਾਸਤੇ ਟੈਂਪਰੈਂਸ ਸੁਸਾਇਟੀਆਂ ਨਹੀਂ ਬਣਾਈਆਂ? ਭਲਾ ਇਸ ਦਾ ਪੀਣਾ ਵਰਤਣਾ ਤਾਂ ਡਾਕਟਰੀ ਅਸੂਲਾਂ ਦੇ ਅਨੁਸਾਰ ਸਰੀਰ ਦਾ ਨਾਸਿਕ ਨਹੀਂ ਸਾਬਤ ਹੋਇਆ? ਤਾਂਤੇ ਇਸ ਭ੍ਰਸ਼ਟਾਚਾਰ ਦਾ ਤਿਆਗ ਹੀ ਭਲਾ ਹੈ।

ਜੇ ਕੋਈ ਪ੍ਰਸ਼ਨ ਕਰੇ ਭਈ ਅਕਾਲ ਪੁਰਖ ਦੀ ਮਰਜ਼ੀ ਨਹੀਂ ਸੀ ਤਾਂ ਪੈਦਾ ਹੀ ਕਿਉਂ ਕੀਤਾ? ਇਹਦਾ ਉਤਰ ਭੀ ਸੁਣੋ, ਅਕਾਲ ਪੁਰਖ ਨੇ ਵਿਧ ਨਿਖਧ ਦੋਨੋਂ ਵਸਤਾਂ ਰਚੀਆਂ। ਵਿਖ ਭੀ ਰਚੀ ਅੰਮ੍ਰਿਤ ਭੀ ਰਚਿਆ ਹੁਣ ਆਪਣੀ ਇਛਾ ਤੇ ਵਿਖ ਖਾਕੇ ਮਰੀਏ ਯਾ ਅੰਮ੍ਰਿਤ ਪੀਕੇ ਜੀਵੀਏ। ਅਕਾਲ ਪੁਰਖ ਨੇ ਅਗਨੀ ਰਚੀ ਹੈ ਚਾਹੇ ਕੋਠਾ ਕਿਲਾ ਫੂਕ ਲਓ ਚਾਹੇ ਇੰਜਨ ਚਲਾਕੇ ਲਖਾਂ ਧਨ ਕਮਾ ਲਓ ਅਕਾਲ ਪੁਰਖ ਨੇ ਨਦੀਆ ਸਮੁੰਦਰ ਰਚੇ ਹਨ ਭਾਵੇਂ ਇਨ੍ਹਾਂ ਵਿਚ ਡੁਬ ਮਰੋ ਭਾਵੇਂ ਇਨ੍ਹਾਂ ਵਿਚੋਂ ਨਹਿਰਾਂ ਚਲਾਕੇ ਲਖਾਂ ਧਨ ਕਮਾ ਲਓ ਅਰ ਪਰਜਾ ਨੂੰ ਸੁਖੀ ਵਸਾ ਲਓ। ਇਤਯਾਦਿ ਅਨੇਕ ਵਸਤਾਂ ਅਕਾਲ ਪੁਰਖ ਨੇ ਰਚੀਆਂ ਹਨ, ਇਨਾਂ ਵਿਚੋਂ ਗੁਣ ਲੈਣੇ ਯਾ ਔਗੁਣ ਲੈਣੇ ਸਾਡਾ ਕਰਮ ਹੈ, ਐਸੇ ਹੀ ਤਮਾਕੂ ਰਚਿਆ ਹੈ ਧਰਮ ਨਾਸ ਕਰੋ ਯਾ ਰਖੋ ਇਹ ਵਿਚਾਰ ਆਪ ਪਰ ਹੀ ਹੈ।

ਯਥਾ–ਦੋਹਾ–ਬੀਜ ਬੁਯੋ ਜਿਹ ਦਿਵਸ ਤੇ ਯਾਕੋ ਧਰਨੀ ਮਾਹਿ। ਗਏ ਪਿਤਰ ਸੁਰ ਧਰਨ ਤਜ ਬੇਦ ਮੰਤਰ ਨਿਫਲਾਹਿ ॥ ੧ ॥ ਸ੍ਰੀ ਗੁਰੂ

ਜਾਵਤ ਪੰਥ ਮੈਂ ਅਟਕਿਯੋ ਅਸਵ ਇਕ ਵਾਕ। ਨਿਰਖ ਤਮਾਕੂ ਖੇਤ ਅਰ ਤਾਸ ਦੁਰਗੰਧ ਬਿਚਾਰ ॥੨॥ ਨਿੰਦਤ ਵਥ ਕੋ ਬੀਜ ਇਹ ਬਾਜ ਅੰਮ੍ਰਤੀ ਜਾਨ। ਤਯਾਗ ਤਮਾਕੂ ਕਰੈ ਸਿਖ ਪਰਸੇ ਨਹ ਮਤਿ ਮਾਨ ॥੩॥ ਕਲਗੀਧਰ ਆਗਿਆ ਦਈ ਪੰਥ ਖਾਲਸਾ ਮਾਹਿ। ਛੁਹੇ ਨ ਕੋ ਹਮ ਵਰਜਿਓ ਪਾਪ ਰੂਪ ਇਹ ਆਹਿ।

ਇਸ ਲਈ ਸਮੂਹ ਖਾਲਸਾ ਜੀ ਨੂੰ ਉਚਿਤ ਹੈ ਕਿ ਏਸ ਨੂੰ ਮਨੋਂ ਤਨੋਂ ਰੋਕਣ।

*

ਵਖਯਾਨ ੪੭

ਦੋਹਰਾ॥ ਸੁਖਦ ਸਰਬ ਸੰਸਾਰ ਕੋ ਦਾਤਾ ਸਰ ਬਾਧਾਰ। ਕਰਨ ਭਰਨ ਅਰ ਸਰਨ ਪਦ ਬੰਦਹੁ ਬਾਰੰ ਬਾਰ ॥੨॥ ਹੁਯਾ ਨ ਹੈ ਨਹਿ ਹੋਇਗੋ ਸਮਸਤ ਸ੍ਰੀ ਕਰਤਾਰ। ਆਦਿ ਅੰਤ ਮਧ ਸੱਚ ਹੈ ਇਕੋ ਓਅੰਕਾਰ ॥੨॥ ਨਿਰਭਯ ਅਰ ਨਿਰਵੈਰ ਹੈ ਕਰਤਾ ਪੁਰਖ ਅਕਾਲ। ਜੋਨਿ ਜਨਮ ਤੇ ਰਹਤ ਹੈ ਦੀਨ ਦਯਾਲ ਕ੍ਰਿਪਾਲ ॥੩॥ ਸਰਬ ਕਲਾ ਸਮਰਥ ਕੋ ਅਨਿਕ ਬਾਰ ਡੰਡੋਤ। ਜਾਸ ਜਾਪ ਤੇ ਨਾਸ ਹੁਇ ਤਾਸ ਬਿਘਨ ਅਰ ਮੋਤ ॥੪॥ ਮਨ ਬਚ ਕਰਮ ਕਰ ਪੁਨ ਕਰੋਂ ਗੁਰ ਪਦ ਪਦਮ ਪਰਨਾਮ। ਨਰ ਤੇ ਸਰ ਕਰ ਦਤ ਜੋ ਸੱਚ ਖੰਡ ਸੁਖ ਧਾਮ ॥੫॥ ਕਲਿ ਕਲਮਲ ਕਰ ਗ੍ਰਸਤ ਜੋ ਮੁਗਧ ਮੂਢ ਮਲ ਮੂਤ। ਕਥਾ ਕੀਰਤਨ ਗਾਵਤੇ ਸੁਨਤੇ ਬਨੇ ਸਪੂਤ ॥੬॥ ਗੁਰੂ ਨਾਨਕ ਅੰਗਦ ਅਮਰ ਰਾਮਦਾਸ ਗੁਰਦੇਵ। ਅਰਜਨ ਹਰਿ ਗੋਬਿੰਦ ਗੁਰੂ ਹਰਿਰਾਇ ਅਭੇਵ। ਗੁਰੂ ਹਰਿਕ੍ਰਿਸ਼ਨ ਨਵਮਗੁਰੂ ਤੇਗ ਬਹਾਦਰ ਜਾਨ। ਦਸਮ ਗੋਬਿੰਦ ਮ੍ਰਿਗਿੰਦ ਗੁਰੂ ਬੰਦਹੁ ਮਨ ਧਰ ਧਯਾਨ ॥੮॥ ਸ੍ਰੀ ਅੰਮ੍ਰਿਤਸਰ ਨਗਰ ਮੈਂ ਸੁਧਾ ਸਰੋਵਰ ਤੀਰ। ਗਿਆਨੀ ਗਿਆਨ ਮ੍ਰਿਗਿੰਦ ਜੀ ਗੁਰ ਜਸ ਕਥਹ ਗਹੀਰ ॥੯॥ ਧਰਮ ਖਾਲਸਾ ਧਾਰਤੇ ਦਸਮ ਗ੍ਰੰਥ ਅਰ ਆਦਿ ॥ ਦੋਨੋਂ ਸਮਝ ਸੁਨਾਵਤੇ ਬਾਣੀ ਰਸ ਸਠ ਸਵਾਦ ॥੧੦॥ ਇਤ ਗੁਰਪੁਰਬ ਮਨਾਵਤੇ ਸੰਬਤ ਮਹਿ ਦੁਇਬੀਸ। ਸੰਗਤ ਪ੍ਰਤਿ ਉਪਦੇਸ਼ ਤੇ ਗੁਰਮਤ ਸਭ ਕੋ ਸੀਸ ॥੧੧॥ ਕਾਤਕ ਪੂਨਿਯਾਂ ਪੋਹ ਸੁਦੀ ਸਤਮੀ ਸਾਰੀ ਰਾਤ। ਹਰਿਮੰਦਰ ਦਰਬਾਰ ਮੈਂ ਜਾਗ੍ਰਤ ਕਰਤ

ਪਰਭਾਤ ॥ ੧੨ ॥ ਇਨਹੀ ਰਚਿਆ ਗ੍ਰੰਥ ਇਹ ਸ੍ਰੀ ਗੁਰਪੁਰਬ ਪਰਕਾਸ । ਸਭ ਗੁਰਪੁਰਬ ਕੀ ਕਥਾ ਜਾ ਮੈਂ ਦੇਤ ਹੁਲਾਸ ॥ ੧੩ ॥ ਏਕ ਸਮਯ ਸਿਖਨ ਕਰੀ ਬਿਨਤੀ ਇਨਕੇ ਪਾਸ । ਗੁਰਪੁਰਬਨ ਕੇ ਕਰਨ ਦੀ ਬਿਧੀ ਬਤਾਵਹੁ ਖਾਸ ॥ ੧੪ ॥ ਪ੍ਰੇਮ ਭਰੀ ਬਾਣੀ ਸੁਨਤ ਬੋਲੇ ਬੋਧ ਮ੍ਰਿਗਿੰਦ । ਸੁਨਹੁ ਖਾਲਸਾ ਜੀ ਕਹੁ ਜਿਸ ਸੁਨ ਲਹੋ ਅਨੰਦ ॥ ੧੫ ॥

ਚੌਪਈ–ਪਸਰਯੋ ਪਾਪ ਰੂਪ ਕਲਿ ਘੋਰ । ਬਢੇ ਅਧਰਮੀ ਝੂਠੇ ਚੋਰ । ਤਬ ਸਭ ਸੰਤਨ ਕਰੀ ਪੁਕਾਰ । ਸੁਨ ਧਰਿਓ ਹਰਿ ਗੁਰ ਅਵਤਾਰ ॥ ੧੭ ॥ ਰਚਿਯਾ ਖਾਲਸਾ ਪੰਥ ਨਿਰਾਲਾ । ਸਤਯ ਨਾਮ ਦਾ ਮੰਤਰ ਸੁਖਾਲਾ । ਅੰਮ੍ਰਿਤਸਰ ਜੀ ਤੀਰਥ ਰਾਜ । ਜਿਸ ਵਿਚ ਨਿਤ ਸਤਸੰਗ ਸਮਾਜ ॥ ੧੮ ॥ ਗੁਰੂ ਗ੍ਰੰਥ ਸਾਹਿਬ ਗੁਰ ਰੂਪ । ਭੇਟ ਕੜਾਹ ਪ੍ਰਸਾਦਿ ਅਨੂਪ । ਪੂਜਨ ਜੋਗ ਏਕ ਕਰਤਾਰ । ਵਾਹਿਗੁਰੂ ਮੁਖ ਜਾਪ ਉਚਾਰ ॥ ੧੯ ॥ ਕਰਨਾ ਪਿਛਲੀ ਰਾਤ ਸਨਾਨ । ਯਥਾ ਸ਼ਕਤ ਦੇਣਾ ਨਿਤ ਦਾਨ । ਪ੍ਰਾਤੇ ਜਪ ਸੰਧਿਆ ਰਹਿਰਾਸ ਰਾਤ ਸੋਹਲਾ ਪੜਨਾ ਖਾਸ ॥ ੨੦ ॥ ਬਿਨ ਕਰਤਾਰ ਨ ਕਿਰਤਮ ਪੂਜਾ । ਮੜੀ ਮਟ ਮਾਨਨ ਨਹਿ ਦੂਜਾ । ਗੁਰ ਨਮਿੱਤ ਦੇਣਾ ਦਸਵੰਧ । ਸਿਖਿਆ ਧਰਮ ਕੇ ਇਹੈ ਪ੍ਰਬੰਧ ॥ ੨੧ ॥ ਗੁਰ ਭਾਈ ਕਰਨੇ ਸੰਤੁਸ਼ਟ । ਸੰਤ ਸੇਵ ਹਿਤ ਹੋਣਾ ਪੁਸ਼ਟ । ਪੜਨੀ ਗੁਰ ਕੀ ਬਾਨੀ । ਮਿਤ ਅਹਾਰ ਨਿੰਦਰ ਅਰ ਪਾਨੀ ॥ ੨੨ ॥ ਮਨ ਮੇਲੀ ਕਰ ਮਿਲਨਾ ਸਭ ਸੇ । ਭਾਉ ਭਗਤ ਹਿਤ ਕਰਨਾ ਪ੍ਰਭ ਸੇ । ਗੁਰ ਪੁਰਬਾਂ ਦਾ ਅਤਿ ਉਤਸ਼ਾਹ । ਗੁਰ ਸਿਖ ਕਰਦੇ ਸਾਥ ਉਮਾਹ ॥ ੨੩ ॥ ਤਜਣਾ ਪਰ ਦਾਰਾ ਧਨ ਧਰਮ । ਏਹ ਸੁਣਨੀ ਗੁਰ ਸਿਖਾਂ ਦੇ ਨਿਤ ਕਰਮ । ਜੂਆ ਜੂਠ ਝੂਠ ਛਡਵਾਯਾ ਅਸਮਤਿ ਦੇ ਗੁਰ ਦੇਵ ਬਨਾਯਾ ॥ ੨੩ ॥ ਦੋਹਰਾ ॥

ਲਿਖੇ ਕਹਾਂ ਕੋਈ ਕਹਿ ਸਕੇ ਸਤਿਗੁਰ ਕੇ ਉਪਕਾਰ ॥
ਬਲਿ ਬਲਿ ਜਾਈਏ ਗੁਰੂ ਕੇ ਜਿਨ ਤਾਰਯਾ ਸੰਸਾਰ ॥ ੨੫ ॥

ਚੌਪਈ ॥ ਸੀਸ ਮੂੰਡ ਨ ਜਣਾ ਬਨਵਾਈ । ਤਨ ਮੁਖ ਪਰ ਨਾ ਖੇਹ ਮਲਵਾਈ । ਪੰਚ ਅਗਨਿ ਸੇ ਤਨ ਨ ਤਪਾਯਾ ਸੀਤਕਾਲ ਜਲ ਵਿਚ ਨ ਬੈਠਾਇਆ । ਕਾਨ ਫਾਰ ਮੁੰਦਰਾ ਨ ਪਾਵਈ । ਧਨ ਸੰਪਤ ਨਹਿ ਤਯਾਗ ਕਰਾਈ । ਦੇਸ ਬਿਦੇਸਨ ਮੈਂ ਨ ਭਰਮਾਯਾ ਘਰ ਘਰ ਮਾਂਅਨ ਹਿਤ ਨ ਪਠਾਇਆ । ਛੁਧਾ ਤ੍ਰਿਖਾ ਦਾ ਫਲ ਨ ਸੁਨਾਯਾ । ਨਿਜ ਤ੍ਰਿਯ ਦਾ ਤਜਣਾ ਨ ਬਤਾਯਾ । ਪੂਰੇ ਗੁਰੂ ਦੀ ਪੂਰੀ ਜੁਗਤੀ । ਹਉਮੈ ਤਜ ਕਰ ਪਾਵਹੁ ਮੁਕਤੀ ॥ ੨੮ ॥ ਗੁਰ ਬਚ ਇਹ ਔਰਤ ਈਮਾਨ । ਦੌਲਤ ਹੈ ਤਨ ਦਾ

ਗੁਜ਼ਰਾਨ। ਹਿੰਦੂ ਹੁਇ ਯਾ ਮੁਸਲਮਾਨ। ਦਰਗਹ ਵਿਚ ਕਰਨੀ ਪਰਵਾਨ ॥ ੨੯ ॥ ਧਰਮ ਕਿਰਤ ਕਰ ਧਨ ਉਪਜਾਵਹੁ ॥ ਭੋਗਹੁ ਭੋਗ ਹੰਡਾਵਹੁ ਖਾਵਹੁ ॥ ਤ੍ਰਿਯ ਸੁਤਵਿਤ ਸੰਪਤ ਸੁਖ ਸਾਰੇ। ਰਹਿ ਗ੍ਰਿਹਸਤ ਮਹਿ ਭੋਗਹੁ ਪਿਆਰੇ ॥ ੩੦ ॥

ਦੋਹਰਾ ॥

ਗੁਰ ਸਿਖਿਆ ਰਿਦ ਧਾਰ ਕਰ ਗੁਰ ਸਨਮੁਖ ਰਹੁ ਨੀਤ।
ਤਾਰਨਗੇ ਨਿਸਚੇ ਗੁਰੂ ਸਿਖਿਆ ਜੇ ਧਰੈ ਪ੍ਰਤੀਤ ॥ ੩੧ ॥

ਚੌਪਈ ॥ ਸਤਿਗੁਰ ਜਨਮ ਮਰਨ ਮੈਂ ਨਾਹੀਂ। ਦ੍ਰਿਸ਼ਟਾਵਤ ਯਦਿ ਜਨਮ ਮ੍ਰਿਤਾਹੀ। ਗਮਨਾ ਗਮਨ ਘਟਾ ਨਭ ਜੈਸੇ ਜਨਮ ਮਰਨ ਸਤਿਗੁਰ ਮੈ ਤੈਸੇ ॥ ੩੨ ॥ ਯਥਾ ਜੇਲ ਮੈਂ ਦਾਹਿ ਪਰਾਧੀ। ਕੈਦੀ ਬਨ ਸੋ ਸਹਹਿ ਉਪਾਧੀ। ਪਰ ਅਫਸਰ ਅਰ ਜੇਹਲ ਦਰੋਗਾ। ਆਇ ਜਾਇ ਕੈਦੀ ਨਹੀਂ ਹੋਗਾ ॥ ੩੩ ॥ ਜਪ ਸਪਤਮ ਗੁਰ ਢਿਗ ਨਰ ਆਏ। ਅਦਭੁਤ ਕੌਤਕ ਤਿਨਹਿ ਦਿਖਾਏ ਮੁਖ ਪ੍ਰਵਸਹਿ ਗੁਰਦ੍ਵਾਰੇ ਨਿਕਸਹਿ। ਸਤਯਜਾਨ ਪਿਖ ਦੁਖ ਕਰ ਬਿਕਸਹਿ ॥ ੩੪ ॥ ਗੁਰ ਕਰ ਧਰ ਜਿਰ ਕਬਹੁ ਦਿਖਾਯਾ। ਤਬ ਪ੍ਰਗਟੀ ਝਟ ਪਟ ਨਟ ਮਾਯਾ। ਬਰਖਾ ਹਿਤ ਘਨ ਪ੍ਰਗਟਹਿ ਜੈਸੇ। ਜਗ ਉਧਾਰਹਿਤ ਸਤਿਗੁਰੂ ਤੈਸੇ। ਜਨਮ ਮਰਨ ਦੁਹਹੂੰ ਮਹਿ ਨਾਹੀਂ। ਜਨ ਆਏ ਉਪਕਾਰ ਹਿਤਾਈਂ ॥ ੩੫ ॥ ਸ਼ਬਦ ਚੁਰੰਜਾ ਸੂਹੀ ਰਾਗੇ। ਗੁਰ ਅਰਜਨ ਬਚ ਲਖਹਿ ਸੁਭਾਗੇ ॥ ੩੬ ॥ ਪਰ ਸਿਮਰਨ ਹਿਤ ਗੁਰ ਉਪਕਾਰ ਪੁਨ ਕਰਨ ਹਿਤ ਧਰਮ ਪਰਚਾਰ। ਜਾਂਤੇ ਗਤਿ ਪਾਵੇ ਸੰਸਾਰ ਕਰਹੁ ਗੁਰ ਪੁਰਬ ਬਾਰੰਬਾਰ ॥ ੩੭ ॥ ਇਉਂ ਭਾਈ ਗੁਰਦਾਸ ਸੁਨਾਏ। ਵਾਰ ਬਾਹਰਵੀਂ ਵਿਚ ਲਿਖ ਪਾਇ ਭਗਤ ਗੁਰਪੁਰਬ ਕਰੰਦੇ। ਗੁਰ ਬਾਣੀ ਗੁਰ ਸਿਖਾਂ ਸੰਦੇ ॥ ੩੮ ॥

ਦੋਹਰਾ ॥

ਹਰਖ ਹੋਤ ਹੈ ਜਨਮ ਮੈਂ ਮ੍ਰਿਤੀ ਦਿਨ ਮੈਂ ਸੰਤਾਪ। ਗੁਰ ਘਰ ਸਦਾ ਅਨੰਦ ਹੈ ਰਾਗ ਦਵੈਖ ਨਹੀਂ ਤਾਪ।

ਚੌਪਈ ॥ ਬਿਧ ਸੁਨੀਓ ਗੁਰਪੁਰਬ ਕਰਨ ਕੀ। ਪ੍ਰੀਤੀ ਜਿਨ ਮਨ ਗੁਰੂ ਚਰਨ ਕੀ। ਸਿਖ ਸਿਖਣੀ ਰਾਜਾ ਰੰਕ ਹੈ ਅਧਿਕਾਰੀ ਸਭੀ ਨਿਸੰਕ ॥ ੪੦੦ ॥ ਜਨਮ ਸਫਲ ਅਰ ਭਜਨ ਕਰਨ ਕੀ। ਇਛਾ ਜਿਨ ਮਨ ਪਾਪ ਹਰਨ ਕੀ। ਨਿਤ ਸਿਖਨ ਕਾ ਦਰਸਨ ਜੈਸੇ। ਕਰਨ ਉਚਿਤ ਹੈ ਸੋ ਸਭ ਵੈਸੇ। ਗੁਰਸਿਖੀ ਅੰਮ੍ਰਿਤ ਵੇਲੇ ਜਾਗੈ। ਤਜ ਨਿੰਦ੍ਰਾ ਆਲਸ ਮਲ ਤਯਾਗੈ। ਮੁਖ ਮਾਂਜਨ ਕਰ ਕਰੈ ਸ਼ਨਾਨਾ। ਬਾਪੀ ਕੂੜ ਤਯਾਗ ਮਹਾਨਾ ॥ ੫੧ ॥

ਇਨਤੇ ਬਰ ਤੀਰਥ ਸਤਿਗੁਰ ਕੇ । ਪਰਸੇ ਪਾਤਕ ਜਾਵੇ ਉਰਕੇ । ਜਪੈ ਜਾਪ ਆਸਾ ਸਚੁ ਬਸਤ੍ਰ ਬਿਛਾਵੈ । ਮਸਨਦ ਪਰ ਗੁਵ ਪਲੰਗ ਡਸਾਵੈ ਤਾਨ ਵਿਤਾਨ ਸਜਾਵੈ ਧਾਮ । ਅਮ ਪਤਰ ਪੁਹਪਨ ਕੀ ਦਾਨ ॥ ੪੩॥ ਸਬਦ ਪ੍ਰਾਰਥਨਾ ਕੇ ਪਾਠ ਖਾਸ । ਗੁਰੂ ਗ੍ਰੰਥ ਕਾ ਕਰੇ ਪ੍ਰਕਾਸ਼ । ਸੁਮਨ ਛਤ੍ਰ ਸਿਰ ਚਮਰ ਝੁਲਾਵੈ ॥ ਕੇਸਰ ਛਿਰਕੇ ਧੂਪ ਧੁਖਾਵੈ ॥ ੪੪ ॥

ਦੋਹਰਾ ॥ ਅਤਰ ਇਲਾਚੀ ਭੇਤ ਪੁਨ ਸਿੰਚੇ ਆਬ ਗੁਲਾਬ। ਕਰੇ ਕੜਾਹ ਪ੍ਰਸਾਦ ਤਰੈ ਵਥ ਸਮਕੇਰ ਹਿਸਾਬ ॥ ੪੫ ॥ ਵਿਖਮ ਸਵਾ ਢਾਈ ਵਜਨ ਵਾ ਰੋਕੜ ਇਹ ਭਾਂਤ । ਸੁਥਰੀ ਸਚੁ ਸੁੰਦਰ ਸਿਤਾ ਮੈਦਾ ਘ੍ਰਿਤ ਪ੍ਰਖਯਾਤ ॥ ੪੬ ॥

ਚੌਪਈ । ਮਾਰਜਨ ਲੇਪਨ ਕਰ ਧਰ ਸਾਰੇ । ਤਯਗੀ ਤਕ ਜਪ ਪਾਠ ਉਚਾਰੇ । ਮ੍ਰਿਣ ਮਯ ਘਟ ਤੌਲਯਾਇ ਨਵੀਨ । ਧਾਂਤ ਪ੍ਰਾਂਤ ਮਾਂਜੇ ਪ੍ਰਾਚੀਨ ॥ ੪੭ ॥ ਹੋਇ ਤਯਾਰ ਚੌਕੀ ਪਰ ਧਰੇ । ਢਾਪਨ ਸਵੇਤ ਬਸਨ ਸੋ ਕਰੇ । ਆਗੇ ਗੁਰੂ ਗਰੰਥ ਕੈ ਰਾਖੇ । ਚਾਰ ਓਹ ਬਹਿ ਕੀਰਤਨ ਭਾਖੇ ॥ ੪੮ ॥ ਬਿਨੇ ਨਿਮ੍ਰਤਾ ਹਰਿਗੁਨ ਪਰੇਮ । ਭਗਤੀ ਕਰੇ ਪੜੇ ਪ੍ਰਦ ਖੇਮ । ਤਾਲ ਤੰਬੂਰੇ ਤੂਸ਼ ਮ੍ਰਿਦੰਗ । ਢੋਲਕ ਕੈਂਸੀ ਮੁਰਜ ਮੁਚੰਗ ॥ ੪੯ ॥ ਵਾਜੇ ਪੰਚ ਸਬਦ ਕੇ ਸਾਥਾ । ਕੀਰਤਨ ਕਰ ਪੁਨ ਵਾਚੈ ਗਾਥਾ । ਜਿਸ ਗੁਰਕਾ ਗੁਰਪੁਰਬ ਜੋ ਹੋਵੈ ਕਥਾ ਵਾਚ ਸੁਨ ਕਿਲ ਵਿਖ ਖੋਵੈ। ਪਦ ਗੁਰਪੁਰਬ ਕੀ ਇਹ ਭਾਇ। ਪਾਠ ਭੋਗ ਆਰਤੀ ਅਨੰਦ । ਪਾਦਿ ਗਹੇ ਤੁਮਰੇ ਇਹ ਛੰਦ ॥ ੫੧ ॥ ਦੋਹਰਾ ॥ ਤੂੰ ਠਾਕੁਰ ਹੈ ਸਭਸ ਦਾ। ਤਨ ਧਨ ਤੇਰੀ ਰਾਸ। ਕੀਤਾ ਲੋੜੀਐ ਕੰਮ ਜੋ ਸੋ ਕਹੀਐ ਪ੍ਰਭੁ ਪਾਸ ॥ ੫੨ ॥ ਤਿਥੈ ਤੂ ਸਮਰਥ ਹੈ ਜਿਥੈ ਕੋਇ ਨ ਆਸ ॥ ਪਠ ਸਲੋਕ ਇਹ ਪਰੇਮ ਸੇ ਪੁਨ ਕੀਜੇ ਅਰਦਾਸ ॥ ੫੩ ॥

ਚੌਪਈ ॥ ਖਰੇ ਹੋਹਿ ਕਰ ਜੋਰੇ ਸੰਗਤ । ਪ੍ਰਭੂ ਪਦ ਪਰੇਮ ਦਾਨ ਮਨ ਮੰਗਤ । ਗੁਰ ਪਦ ਮੈਂ ਨੈਨਨਕਾ ਧਿਆਨ ॥ ਵਾਹਿਗੁਰੂ ਕਰ ਮੁਖਹੁ ਬਖਾਨ ॥ ੫੪ ॥ ਕਰੇ ਬੰਦਨਾ ਧਰ ਕਰ ਮਾਥਾ । ਬੈਠੇ ਸਭੀ ਅਦਬ ਕੇ ਸਾਥਾ । ਗਾਇਕ ਅਥਵਾ ਸੰਗਤ ਸਾਰੀ । ਮਿਲ ਕਰ ਕਰੈ ਕੀਰਤਨ ਭਾਰੀ ॥ ੫੫ ॥ ਸਵਿਧਿ ਕੜਾਹ ਪ੍ਰਸ਼ਾਦਿ ਬਟਾਵੈ । ਪੌੜੀ ਪਾਠ ਅਰਦਾਸ ਕਰਾਵੈ । ਕ੍ਰਿਪਾਨ ਭੇਟ ਕਰ ਛੰਨੇ ਪਾਵੈ ॥ ਪਯਾਰੇ ਪੰਜਾਂ ਦਾ ਵਰਤਾਵੈ ॥ ੫੬ ॥ ਗਰੰਥੀ ਰਾਗੀ ਸਾਹਿਬਜ਼ਾਦੇ । ਦੇ ਮੁਖੀਅਨ ਰਾਖੈ ਮਿਰਜਾਦੇ । ਇਕ ਜੈਸਾ ਸਭਕੋ ਵਰਤਾਵੈ । ਕਰ ਅਰਦਾਸ ਪੂਰਨਤਾ ਪਾਵੈ । ਰਾਗੀ ਆਦਿ ਜੋ ਹੁਇ

ਅਧਿਕਾਰੀ। ਯਥਾ ਸ਼ਕਤਿ ਤਿਹ ਪੂਜਨਧਾਰੀ । ਸੰਗਤ ਸਿਖ ਬਿਹੰਗਮ ਆਦਿ। ਲੰਗਰ ਕਰੈ ਛਕਾਇ ਪ੍ਰਸਾਦਿ । ਕਰੈ ਦੀਪਮਾਲਾ ਤਿਸ ਰਾਤ। ਹਰਿਗੁਨ ਗਾਵਤ ਚਢੈ ਪ੍ਰਭਾਤ ॥ ੫੭॥ ਜੋ ਕੁਛ ਕਰੈ ਵਿਤ ਅਨੁਸਾਰ। ਜਾਚਣ ਰਿਣ ਕਰ ਹੋਇ ਨ ਖਵਾਰ। ਉਦਯ ਤਿਥਿ ਗੁਰਪੁਰਬ ਮਨਾਵੈ । ਕਰੈ ਆਪ ਅਰ ਪ੍ਰੇਮ ਕਰਾਵੈ । ੫੮। ਦੋਹਰਾ । ਧਰਮਸਾਲ ਗੁਰਦੁਆਰ ਮੈਂ ਅਥਵਾ ਜਿਸ ਘਰ ਹੋਇ। ਗ੍ਰਹ ਦਰਸੇ ਤਹ ਜਾਇਕੈ ਪੁਰਬ ਨਹੀਂ ਸਿਖ ਖੋਇ । ੫੯। ਜਨਮੋਤਸ਼ਵ ਮਧਯਾਨ ਤੇ ਪ੍ਰਥਮੈ ਹੀ ਕਰਨੀਯ। ਆਠੋ ਜਾਮ ਵ ਸਮਯ ਪਰ ਯਥਾ ਪਰੇਮ ਹੁਇ ਜੀਯ ॥ ੬੦॥ ਜੋਤੀ ਜੋਤ ਮਿਲਾਪ ਦਾ ਕਰਹੁ ਦੁਪਹਿਰੋਂ ਬਾਦ । ਜਾਮ ਚਤੁਰਥੇ ਦਿਵਸ ਤੇ ਏਹੀ ਉਚਿਤ ਮ੍ਰਯਾਦ ॥ ੬੧ ॥

ਚੌਪਈ॥ ਜਨਮੋਤਸ਼ਵ ਅਰ ਜੋਤੀ ਜੋਤ । ਬਰਨਹੁ ਇਨ ਮੈਂ ਭੇਦ ਜੁ ਹੋਤ । ਸੁਨਹੁ ਖਾਲਸਾ ਕਰਿ ਲਿਹੁ ਪਰਖਨ । ਪਾਠ ਆਰਤੀ ਕੇਸਰ ਛਿਰਕਨ॥ ੬੨॥ ਫੂਲਨ ਕੀ ਬਰਖਾ ਅਰ ਬਾਜੇ । ਕਦਲੀ ਖੰਘ ਸਿੰਘਾਸਨ ਸਾਜੇ । ਆਤਸ਼ਬਾਜੀ ਦੀਪਕ ਮਾਲਾ । ਨਗਰ ਕੀਰਤਨ ਪੜਹਿ ਬਸਾਲਾ ॥ ੬੩॥ ਏਹ ਸਭ ਜਨਮੋਤਸ਼ਵ ਮੈਂ ਕਰਨੇ। ਪੁਰਬ ਚਲਾਣੇ ਮੈਂ ਨਹੀਂ ਵਰਨੇ। ਕਥਾ ਕੀਰਤਨ ਜਪੁ ਸਬਦਾਦਿ। ਲੰਗਰ ਅਤੇ ਕੜਾਹ ਪ੍ਰਸਾਦਿ ॥ ੬੪॥ ਪਾਠ ਅਨੰਦ ਭੋਗ ਅਰਦਾਸ। ਜੀਵਨ ਚਰਿਤ੍ਰ ਗੁਰੂ ਕੇ ਪਾਸ। ਗੁਰ ਜਸ ਕਰਨੇ ਵਖਯਾਨ ਯਹ ਦੋਨੋਂ ਮੈਂ ਏਕ ਸਮਾਨ । ੬੫। ਜਬ ਗੁਰਪੁਰਬ ਸਮਾਪਤ ਕਰਹੁ ਇਕ ਮਨ ਹੋਏ ਅਰਦਾਸ ਉਚਰਹੁ । ਹੇ ਗੁਰੂ ਹੋਵਹੁ ਸਦਾ ਸਹਾਇ। ਆਧਿ ਬਿਆਧਿ ਉਪਾਧਿ ਮਿਟਾਇ। ੬੬।

[ਇਤੀ]

ਹਰ ਮਹੀਨੇ ਦੀ ਸੰਗ੍ਰਾਂਦ ਦੇ ਦਿਨ ਇਸ ਨਕਸ਼ੇ ਨੂੰ ਦੇਖੋਗੇ ਤਾਂ ਜਾਣ ਲਓਗੇ ਜੋ ਇਸ ਮਹੀਨੇ ਵਿਚ ਇਤਨੇ ਗੁਰਪੁਰਬ ਹਨ।

ਨੰ: ਗੁਰਪੁਰਬ	ਮਹੀਨਾ	ਤਿਥ	ਪਾਤਸ਼ਾਹੀ	ਗੁਰਪੁਰਬ ਅਵਤਾਰ	ਗੁਰਪੁਰਬ ਜੋਤੀ ਜੋਤ ਸਮਾਉਣੇ ਦਾ	ਸੰਮਤ ਬਿਕ੍ਰਮੀ
੧	ਵਿਸਾਖ	ਪੈਹਲੀ ਮਿ:	ਖਾਲਸਾ ਪੰਥ ਸਾਜਿਆ	ਅਵਤਾਰ		੧੭੫੬
੨	,,	ਵਦੀ ੫	ਗੁਰੂ ਤੇਗ ਬਹਾਦਰ ਜੀ	ਅਵਤਾਰ		੧੬੭੮
੩	,,	ਵਦੀ ੭	ਗੁਰੂ ਅਰਜਨ ਸਾਹਿਬ ਜੀ	ਅਵਤਾਰ		੧੬੨੦
੪	,,	ਸੁਦੀ ੧	ਗੁਰੂ ਅੰਗਦ ਸਾਹਿਬ ਜੀ	ਅਵਤਾਰ		੧੫੬੧
੫	,,	ਸੁਦੀ ੧੪	ਗੁਰੂ ਅਮਰਦਾਸ ਜੀ	ਅਵਤਾਰ		੧੫੨੬
੬	ਜੇਠ	ਸੁਦੀ ੪	ਗੁਰੂ ਅਰਜਨ ਸਾਹਿਬ ਜੀ		ਜੋਤੀ ਜੋਤ ਮਿਲੇ	੧੬੬੩
੭	ਹਾੜ	ਵਦੀ ੧	ਗੁਰੂ ਹਰਿਗੋਬਿੰਦ ਸਾਹਿਬ ਜੀ	ਅਵਤਾਰ		੧੬੫੨
੮	ਸਾਵਣ	ਵਦੀ ੯	ਗੁਰੂ ਹਰਿਕ੍ਰਿਸ਼ਨ ਜੀ	ਅਵਤਾਰ		੧੭੧੩

੯	ਭਾਦਰੋਂ	ਸੁਦੀ ੧	ਗੁਰੂ ਗ੍ਰੰਥ ਸਾਹਿਬ ਜੀ	ਅਵਤਾਰ		੧੬੬੧
੧੦	"	ਸੁਦੀ ੩	ਗੁਰੂ ਰਾਮਦਾਸ ਸਾਹਿਬ		ਜੋਤੀ ਜੋਤ ਮਿਲੇ	੧੬੩੮
੧੧	"	ਸੁਦੀ ੧੫	ਗੁਰੂ ਅਮਰਦਾਸ ਸਾਹਿਬ		ਜੋਤੀ ਜੋਤ ਮਿਲੇ	੧੬੩੧
੧੨	ਅੱਸੂ	ਵਦੀ ੧੦	ਗੁਰੂ ਨਾਨਕ ਸਾਹਿਬ ਜੀ		ਜੋਤੀ ਜੋਤ ਮਿਲੇ	੧੫੯੬
੧੩	ਕਤਕ	ਵਦੀ ੨	ਗੁਰੂ ਰਾਮਦਾਸ ਸਾਹਿਬ	ਅਵਤਾਰ		੧੫੯੧
੧੪	"	ਵਦੀ ੯	ਗੁਰੂ ਹਰਿਰਾਇ ਸਾਹਿਬ		ਜੋਤੀ ਜੋਤ ਮਿਲੇ	੧੭੧੮
੧੫	"	ਸੁਦੀ ੫	ਗੁਰੂ ਗੋਬਿੰਦ ਸਿੰਘ ਜੀ		ਜੋਤੀ ਜੋਤ ਮਿਲੇ	੧੭੬੫
੧੬	"	ਸੁਦੀ ੧੫	ਗੁਰੂ ਨਾਨਕ ਸਾਹਿਬ ਜੀ	ਅਵਤਾਰ		੧੫੨੬
੧੭	ਮਘਰ	ਸੁਦੀ ੫	ਗੁਰੂ ਤੇਗ ਬਹਾਦਰ ਸਾਹਿਬ		ਜੋਤੀ ਜੋਤ ਮਿਲੇ	੧੭੩੨
੧੮	ਪੋਹ	ਸੁਦੀ ੭	ਗੁਰੂ ਗੋਬਿੰਦ ਸਿੰਘ ਜੀ	ਅਵਤਾਰ		੧੭੨੩
੧੯	ਮਾਘ	ਸੁਦੀ ੧੩	ਗੁਰੂ ਹਰਿ ਰਾਇ ਸਾਹਿਬ ਜੀ	ਅਵਤਾਰ		੧੬੮੭
੨੦	ਚੇਤਰ	ਸੁਦੀ ੪	ਗੁਰੂ ਅੰਗਦ ਸਾਹਿਬ ਜੀ		ਜੋਤੀ ਜੋਤ ਮਿਲੇ	੧੬੦੯
੨੧	"	ਸੁਦੀ ੫	ਗੁਰੂ ਹਰਿਗੋਬਿੰਦ ਸਾਹਿਬ		ਜੋਤੀ ਜੋਤ ਮਿਲੇ	੧੬੯੫
੨੨	"	ਸੁਦੀ ੪	ਗੁਰੂ ਹਰਿਕ੍ਰਿਸ਼ਨ ਸਾਹਿਬ ਜੀ		ਜੋਤੀ ਜੋਤ ਮਿਲੇ	੧੭੨੧

ਬਾਬਾ ਬੰਦਾ ਸਿੰਘ ਬਹਾਦਰ (ਪ੍ਰਿੰ: ਨਿਹਾਲ ਸਿੰਘ 'ਰਸ')

ਬਾਬਾ ਬੰਦਾ ਸਿੰਘ ਬਹਾਦਰ ਦੀ ਸੂਰਬੀਰਤਾ ਬਾਰੇ ਸਾਰੇ ਜਾਣਦੇ ਹਨ। ਉਨ੍ਹਾਂ ਨੇ ਮੁਗਲ ਹਾਕਮਾਂ ਨੂੰ ਭਾਜੜਾਂ ਪਾ ਦਿੱਤੀਆਂ ਸਨ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲੈ ਕੇ ਛੱਡਿਆ ਸੀ। ਇਹ ਨਾਵਲ ਉਨ੍ਹਾਂ ਦੀ ਜੀਵਨ ਗਾਥਾ ਨੂੰ ਪੇਸ਼ ਕਰਦਾ ਹੈ। 30-00

ਸਚਿੱਤਰ ਸ੍ਰੀ ਗੁਰੂ ਨਾਨਕ ਦੇਵ ਜੀ (ਡਾ: ਅਜੀਤ ਸਿੰਘ ਔਲਖ)

ਇਸ ਸਚਿੱਤਰ ਪੁਸਤਕ ਵਿਚ ਗੁਰੂ ਨਾਨਕ ਸਾਹਿਬ ਦੇ ਸਾਰੇ ਜੀਵਨ ਨੂੰ ਇਕ ਜਿਲਦ ਵਿਚ ਦਿੱਤਾ ਹੈ।

ਡੀਲਕਸ ਜਿਲਦ 100-00

ਸਚਿੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਡਾ: ਅਜੀਤ ਸਿੰਘ ਔਲਖ)

ਇਸ ਸਚਿੱਤਰ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸਾਰੇ ਜੀਵਨ ਨੂੰ ਰੰਗੀਨ ਤਸਵੀਰਾਂ ਰਾਹੀਂ ਪੇਸ਼ ਕੀਤਾ ਗਿਆ ਹੈ।

ਡੀਲਕਸ ਜਿਲਦ 100-00

ਕੁਦਰਤ ਦੀ ਕਲਾ (ਸੰਤਰੇਨ ਗਿ: ਸੁਖਬੀਰ ਸਿੰਘ)

ਸਾਡਾ ਵਿਸ਼ਵ ਕੁਦਰਤ ਦੀ ਕਲਾ ਦਾ ਹੀ ਇਕ ਸੁੰਦਰ ਨਮੂਨਾ ਹੈ। ਇਸ ਸੰਸਾਰ ਵਿਚ ਜੋ ਵਾਪਰਿਆ ਹੈ ਜਾਂ ਵਾਪਰੇਗਾ ਉਹ ਕੁਦਰਤ ਦੇ ਰਹੱਸਮਈ ਸਿਧਾਂਤਾਂ ਅਨੁਸਾਰ ਹੀ ਹੋ ਰਿਹਾ ਹੈ। ਇਸ ਪੁਸਤਕ ਦੇ ਲੇਖਕ ਨੇ ਰੌਚਿਕ ਸਾਖੀਆਂ ਅਤੇ ਪ੍ਰਮਾਣਾਂ ਨਾਲ ਕੁਦਰਤ ਦੀ ਇਸ ਕਲਾ ਨੂੰ ਦੋ ਭਾਗਾਂ ਵਿਚ ਉਜਾਗਰ ਕਰਨ ਦਾ ਯਤਨ ਕੀਤਾ ਹੈ। (ਦੋ ਭਾਗ) 135-00

ਮੇਰਾ ਮੁਝ ਮੈਂ ਕੁਛ ਨਹੀਂ (ਓਸ਼ੋ)

ਅਚਾਰੀਆ ਰਜਨੀਸ਼ ਜਿਹੜੇ ਬਾਅਦ ਵਿਚ ਓਸ਼ੋ ਦੇ ਨਾਂ ਨਾਲ ਪ੍ਰਸਿੱਧ ਹੋਏ, ਅਧਿਆਤਮਿਕ ਗਿਆਨ ਦੇ ਭੰਡਾਰ ਸਨ। ਇਸ ਪੁਸਤਕ ਵਿਚ ਉਨ੍ਹਾਂ ਪ੍ਰਮਾਣ ਦੇ ਕੇ ਸ੍ਰੀ ਕਬੀਰ ਜੀ ਦੇ ਸਲੋਕਾਂ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। 130-00

ਸੌ ਸਾਖੀ ਸਟੀਕ (ਗਿ: ਪਰਤਾਪ ਸਿੰਘ ਮਹਿਤਾ)

ਲੇਖਕ ਨੇ ਬੜੀ ਮਿਹਨਤ ਨਾਲ ਅਸਲੀ ਸੌ ਸਾਖੀ ਨੂੰ ਲੱਭ ਕੇ ਉਸ ਦਾ ਬੜਾ ਆਸਾਨ ਤਰਜਮਾ ਕੀਤਾ ਹੈ। ਕਈ ਸਾਖੀਆਂ ਭਵਿੱਖ ਬਾਣੀ ਕਰਦੀਆਂ ਹਨ ਅਤੇ ਹੁਣ ਤਕ ਸੱਚ ਸਾਬਿਤ ਹੋਈਆਂ ਹਨ।ਪੁਰਾਤਨ ਪੋਥੀਆਂ ਦੀ ਫੋਟੋ ਕਾਪੀ ਹੈ। (ਦੋ ਭਾਗ) 270-00

ਮਿਲਣ ਦਾ ਪਤਾ :

ਭਾ. ਚਤਰ ਸਿੰਘ ਜੀਵਨ ਸਿੰਘ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

ਫੋਨ : 542346, 547974, 557973 ਫੈਕਸ : (0183) 542346

ISBN NO. : 81- 7601- 264- 5